read more on:
www.parwazparkashan.com

ISSN 2321- 4449

# ਕਹਾਣੀ ਧਾਰਾ

46

40/-

## ਸਮਕਾਲੀ ਕਹਾਣੀ ਅੰਕ



ਜੁਲਾਈ-ਸਤੰਬਰ, 2017

Year:12 Issue No.46


'KAHANI DHARA'(PUNJABI QUARTERLY) July-Sep..,2017 R.N.I. Regd No. PUN PUN 2006/19971


**ਪੁਸਤਕਾਂ ਮੰਗਵਾਉਣ ਲਈ Whats App ਨੰਬਰ 94170-64350 ਤੇ ਆਪਣਾ ਡਾਕ ਪਤਾ ਭੇਜੋ**



'ਪਰਵਾਜ਼ ਪ੍ਰਕਾਸ਼ਨ' ਵੱਲੋਂ ਪ੍ਰਕਾਸ਼ਤ ਪੰਜ ਕਿਤਾਬਾਂ ਦਾ ਸੈਟ ਜਿਸ ਦੀ ਅਸਲ ਕੀਮਤ 1250 ਰੁਪਏ ਹੈ। 'ਕਹਾਣੀ ਧਾਰਾ' ਦੇ ਪਾਠਕਾਂ ਨੂੰ ਕੇਵਲ 500 ਰੁਪਏ ਵਿਚ ਦਿੱਤਾ ਜਾਵੇਗਾ। ਡਾਕ ਖਰਚ ਵੱਖਰਾ ਹੋਵੇਗਾ। ਸੁੰਦਰ ਦਿੱਖ, ਉੱਤਮ ਕਾਗਜ਼ ਤੇ ਨਿੱਗਰ ਸਮੱਗਰੀ ਨਾਲ ਭਰਪੂਰ ਹਨ ਇਹ ਪੁਸਤਕਾਂ


1. ਜ਼ਲਾਲਤ (ਸਵੈ ਜੀਵਨੀ) ਪੰਨੇ:96 ਮੁੱਲ:180
2. ਮੈਂ ਸ਼ੈਤਾਨ ਤੇ ਇੰਦੂਮਣੀ (ਕਹਾਣੀ ਸੰਗ੍ਰਹਿ) ਪੰਨੇ :144 ਮੁੱਲ:180 ਰੁਪਏ
3. ਪੰਜਾਬੀ ਦਲਿਤ ਕਹਾਣੀ (ਆਲੋਚਨਾ) ਪੰਨੇ :208 ਮੁੱਲ: 330
4. ਸਰੂਪ ਸਿਆਲਵੀ ਬਿਰਤਾਂਤ ਤੇ ਵਿਚਾਰਧਾਰਾ (ਆਲੋਚਨਾ) ਪੰਨੇ:182 ਮੁੱਲ:200
5. ਦਲਿਤ ਸਮਾਜ (ਲੇਖ ਸੰਗ੍ਰਹਿ) ਪੰਨੇ:288 ਮੁੱਲ:280










'ਪਰਵਾਜ਼ ਪ੍ਰਕਾਸ਼ਨ' ਵੱਲੋਂ ਪ੍ਰਕਾਸ਼ਤ ਕੀਤੀਆਂ ਗਈਆਂ ਚਾਰ ਬਿਲਕੁੱਲ ਨਵੀਆਂ ਪੁਸਤਕਾਂ। ਇਹ ਪੁਸਤਕਾਂ 630 ਰੁਪਏ ਮੁੱਲ ਦੀਆਂ ਹਨ। 'ਕਹਾਣੀ ਧਾਰਾ' ਦੇ ਪਾਠਕਾਂ ਨੂੰ ਚਾਰ ਕਿਤਾਬਾਂ ਦਾ ਸੈਟ ਕੇਵਲ 250 ਰੁਪਏ ਵਿਚ ਦਿੱਤਾ ਜਾਵੇਗਾ। ਡਾਕ ਖਰਚ ਵੱਖਰਾ ਹੋਵੇਗਾ। ਸੁੰਦਰ ਦਿੱਖ, ਉੱਤਮ ਕਾਗਜ਼ ਤੇ ਨਿੱਗਰ ਸਮੱਗਰੀ ਨਾਲ ਭਰਪੂਰ ਹਨ ਇਹ ਪੁਸਤਕਾਂ-

1. ਚਾਰ ਤੱਤ ਦਾ ਪੁਤਲਾ (ਕਹਾਣੀ ਸੰਗ੍ਰਹਿ) ਪੰਨੇ:160 ਮੁੱਲ:200
ਸਰੂਪ ਸਿਆਲਵੀ ਦੀਆਂ ਭਾਰਤੀ ਦਰਸ਼ਨ ਦੀ ਬਾਤ ਪਾਉਂਦੀਆਂ ਕਹਾਣੀਆਂ
2. ਦਿਸ਼ਾ (ਨਾਵਲ) ਪੰਨੇ :96 ਮੁੱਲ:80 ਰੁਪਏ
ਕੇਵਲ ਸਿੰਘ ਪਰਵਾਨਾ ਦਾ ਅੰਤਰਜਾਤੀ ਦੀਆਂ ਪਰਤਾਂ ਖੋਹਲਦਾ ਨਾਵਲ
3. ਦਿਲਦਾਰ ਗੀਤਕਾਰ (ਰੇਖਾ ਚਿੱਤਰ) ਪੰਨੇ :168 ਮੁੱਲ: 200
ਅਵਿਨਾਸ ਜੱਜ ਵੱਲੋਂ ਪੰਜਾਬੀ ਗੀਤਕਾਰਾਂ ਦੇ ਰੇਖਾ ਚਿੱਤਰਾ ਦੀ ਪੁਸਤਕ
4. ਕਿਉਂਕਿ ਮੇਰੀ ਭਰੂਣ ਹੱਤਿਆ ਨਹੀਂ ਹੋਈ (ਲੇਖ) ਪੰਨੇ:160 ਮੁੱਲ:150
ਗੁਣਜੋਤ ਸਿੰਘ ਬੇਦੀ ਵੱਲੋਂ ਸੰਪਾਦਤ ਭਰੂਣ ਹੱਤਿਆ ਸਬੰਧੀ ਵੱਖ ਵੱਖ ਔਰਤਾਂ ਵੱਲੋਂ ਲਿਖੇ ਲੇਖਾਂ ਦਾ ਸੰਗ੍ਰਹਿ

ਪਰਵਾਜ਼ ਪ੍ਰਕਾਸ਼ਨ Parwaz Parkashan

ਪਤਾ: ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-6
ਫੋਨ: 94170-64350

E.mail:
parwazparkashan@gmail.com
Mob. 94170-64350

**ਜੁਲਾਈ-ਸਤੰਬਰ,2017 ਅੰਕ :46**

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

**e-mail:**
kahanidhara@gmail.com
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,**
**(ਕਾਲਜ ਲਾਇਬਰੇਰੀ ਲਈ 500/-)**
**10 ਅੰਕ: ਡਾਲਰ:40, ਤੇ ਪੌਂਡ: 35**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

# ਸਮਕਾਲੀ ਕਹਾਣੀ ਅੰਕ

**ਸੰਪਾਦਕੀ**

*ਨਾਰੀ ਕਹਾਣੀਕਾਰਾਂ ਦੀ ਯਾਤਰਾ/*
*-ਭਗਵੰਤ ਰਸੂਲਪੁਰੀ*

**ਕਹਾਣੀਆਂ-**

*1. ਅਵਾਜ਼ਾਰ / ਸਰੂਪ ਸਿਆਲਵੀ-6*
*2. ਪੰਡੋਰਾ / - ਮੇਜਰ ਮਾਂਗਟ-14*
*3. ਗਊ-ਪੁੱਤਰ ਦੀ ਹੱਤਿਆ /ਰ. ਮਾਧੋਪੁਰੀ-23*
*4. ਔਲ਼ੇ ਦਾ ਬੂਟਾ / ਦਵਿੰਦਰ ਮੰਡ-31*
*5. ਨੀਲਮਾ / ਪਰਮਜੀਤ ਮਾਨ-36*
*6. ਬਦਨਾਮ ਬਸਤੀ / ਦੀਪਤੀ ਬਬੂਟਾ-44*
*7. ਪਛਤਾਵੇ ਦੀ ਅੱਗ / ਨੀਲਮ ਸੈਣੀ -59*
*8. ਅੱਧੇ-ਅਧੂਰੇ / ਪਵਿੱਤਰ ਕੌਰ ਮਾਟੀ-70*
*9. ਖ਼ੂਨ ਦੇ ਰਿਸ਼ਤੇ / ਜਸਵੀਰ ਕੌਰ -82*
*10. ਸਰਪਰਾਈਜ਼ / ਸਿੰਮੀਪ੍ਰੀਤ ਕੌਰ-89*
*11. ਸ.ਫ਼ਰ ਜਾਰੀ ਹੈ... / ਸੰਦੀਪ ਚੀਮਾ-94*

**ਦੋ ਮੁਲਾਕਾਤਾਂ-**

*1. ਕਹਾਣੀਕਾਰ ਮੇਜ਼ਰ ਮਾਂਗਟ -98*
*2. ਕਹਾਣੀਕਾਰ ਕੁਲਜੀਤ ਮਾਨ -106*

**ਕਥਾ ਆਲੋਚਨਾ**

*1. ਕੋਡ ਬਲੂ (ਪਰਵੇਜ਼ ਸੰਧੂ) /*
*- ਡਾ. ਸੰਤੋਖ ਸਿੰਘ-110*
*2. ਬਾਹਰੋਂ ਆਇਆ ਆਦਮੀ*
*(ਅਮਰਜੀਤ ਚਾਹਲ)*
*- ਡਾ. ਪ੍ਰਗਟ ਸਿੰਘ-114*
*3. ਥੈਂਕਸ ਏ ਲੌਟ ਪੁੱਤਰਾ (ਕੇਸਰਾ ਰਾਮ) /*
*- ਪ੍ਰੋ. ਜੇ ਬੀ ਸੇਖੋਂ-120*
*4. ਕੋਈ ਤਾਂ ਹੈ... (ਰਘਬੀਰ ਸਿੰਘ ਮਾਨ/*
*- ਡਾ. ਸੁਖਪਾਲ ਕੌਰ ਸਮਰਾਲਾ-127*

*ਪੰਜਾਬ ਦੀਆਂ ਪ੍ਰਮੁੱਖ ਸੰਪ੍ਰਦਾਵਾਂ ਦਾ ਇਤਿਹਾਸਕ ਪਰਿਪੇਖ/ - ਜਮੀਤ ਕੌਰ-131*

*ਮੇਰਾ ਸਟੱਡੀ ਟੇਬਲ/- ਭਗਵੰਤ ਰਸੂਲਪੁਰੀ-135*

**ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kishanpura, Jalandhar ਤੋਂ ਪ੍ਰਕਾਸ਼ਤ ਕਰਕੇ ਦ.ਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ**
**(ਪ੍ਰਕਾਸ਼ਨ ਮਿਤੀ 10 ਜੁਲਾਈ, 2017)**

**ਸੰਪਾਦਕੀ**

# ਨਾਰੀ ਕਹਾਣੀਕਾਰਾਂ ਦੀ ਯਾਤਰਾ

ਪੰਜਾਬੀ ਕਹਾਣੀ ਵਿਚ ਨਾਰੀ ਕਹਾਣੀਕਾਰਾਂ ਦੀ ਯਾਤਰਾ ਅੰਮ੍ਰਿਤਾ ਪ੍ਰੀਤਮ-ਅਜੀਤ ਕੌਰ ਤੋਂ ਮੰਨੀ ਜਾ ਸਕਦੀ ਹੈ। ਇਨ੍ਹਾਂ ਦੇ ਆਉਣ ਨਾਲ ਪੰਜਾਬੀ ਕਹਾਣੀ ਵਿਚ ਨਾਰੀ ਪਾਤਰ ਵੱਖਰੇ ਵਿਹਾਰ ਨਾਲ ਪੇਸ਼ ਹੋਣੇ ਆਰੰਭ ਹੋਏ। ਇਨ੍ਹਾਂ ਤੋਂ ਪਹਿਲਾਂ ਮਰਦ ਕਹਾਣੀਕਾਰਾਂ ਨੇ ਨਾਰੀ ਨੂੰ ਅਬਲਾ, ਦੱਬੂ, ਹੀਣੀ, ਲਤਾੜੀ ਅਤੇ ਮਰਦ ਵੱਲੋਂ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਨੂੰ ਚਿਤਰਿਆ। ਨਾਰੀ ਤਰਸ ਦੀ ਪਾਤਰ ਰਹੀ। ਅੰਮ੍ਰਿਤਾ ਪ੍ਰੀਤਮ ਆਪਣੀ ਕਹਾਣੀ ਵਿਚ ਹਰ ਉਮਰ ਵਰਗ ਦੀ ਨਾਰੀ ਅਤੇ ਹਰ ਸਮਾਜ ਦੀ ਨਾਰੀ ਲੈ ਕੇ ਆਉਂਦੀ ਹੈ। ਨਾਰੀ ਦੀ ਸਮਾਜ ਵਿਚ ਕਿਸ ਤਰ੍ਹਾਂ ਦੀ ਸਥਿਤੀ ਹੈ, ਉਹਦੀਆਂ ਦੱਬੀਆਂ ਖਹਿਸ਼ਾ ਕਿਸ ਤਰ੍ਹਾਂ ਦੀਆਂ ਹਨ। ਅਤੇ ਮਰਦ ਦੇ ਸਮਾਜਿਕ ਦਾਬੇ ਦੀ ਸ਼ਿਕਾਰ ਹੋ ਕੇ ਕਿਸ ਤਰ੍ਹਾਂ ਦਾ ਦੁਖਾਂਤ ਭੋਗਦੀ ਹੈ। ਉਸ ਸਮੇਂ ਸਮਾਜ ਦੀ ਅਤਿ ਦੀ ਪੀੜਤ ਨਾਰੀ ਅੰਮ੍ਰਿਤਾ ਨੂੰ ਦਿਸਦੀ ਹੈ ਪਰ ਉਹ ਨਾਰੀ ਨੂੰ ਇਕ ਆਜ਼ਾਦ ਹਸਤੀ ਵਜੋਂ ਪੇਸ਼ ਕਰਦੀ ਹੈ। 'ਸ਼ਾਹ ਦੀ ਕੰਜਰੀ', 'ਲਟੀਆਂ ਦੀ ਛੋਕਰੀ, ''ਹੀਰੇ ਦੀ ਕਣੀ' 'ਮੁਰੱਬਿਆਂ ਵਾਲੀ', 'ਤੀਸਰੀ ਔਰਤ', 'ਪੰਜੇ ਕੁਆਰੀਆਂ' ਕਹਾਣੀਆਂ ਵੇਖੀਆਂ ਜਾ ਸਕਦੀਆਂ ਹਨ। ਅੰਮ੍ਰਿਤਾ ਮਰਦ ਦੇ ਸਮਾਨਾਂਤਰ ਨਾਰੀ ਨੂੰ ਵੇਖਦੀ ਹੋਈ ਆਪਣੀਆਂ ਕਹਾਣੀਆਂ ਦਾ ਬਿਰਤਾਂਤ ਸਿਰਜਦੀ ਹੈ। ਉਸੇ ਵੇਲੇ ਹੀ ਅਜੀਤ ਕੌਰ ਕਹਾਣੀ ਦੇ ਖੇਤਰ ਵਿਚ ਪਰਵੇਸ਼ ਕਰਦੀ ਹੈ। ਅਜੀਤ ਕੌਰ ਸ਼ਹਿਰੀ ਮੱਧ ਵਰਗੀ ਪਰਿਵਾਰ ਵਿਚ ਪਿਸਦੀ ਔਰਤ ਨੂੰ ਆਪਣੀਆਂ ਕਹਾਣੀਆਂ ਵਿਚ ਲੈ ਕੇ ਆਉਂਦੀ ਹੈ। ਅੰਮ੍ਰਿਤਾ ਪ੍ਰੀਤਮ ਦੀ ਟੇਕ ਵੀ ਸ਼ਹਿਰੀ ਮੱਧ ਵਰਗੀ ਹੈ। ਉਹ ਮੱਧ ਵਰਗ ਦੀ ਆਜ਼ਾਦ ਖਿਆਲ ਰੱਖਣ ਵਾਲੀ ਔਰਤ ਦੀ ਬਾਗੀ ਸੁਰ ਆਪਣੀਆਂ ਕਹਾਣੀਆਂ ਰਾਹੀਂ ਪੇਸ਼ ਕਰਦੀ ਹੈ। ਅਜੀਤ ਕੌਰ ਨੇ ਪੰਜਾਬ ਸੰਕਟ ਤੋਂ ਉਤਪਨ ਕੰਟਾਡਕਸ਼ਨ ਨੂੰ ਉਪਭਾਵੁਕ ਹੋ ਕੇ ਰੁਦਨ ਵਾਲੀਆਂ ਕਹਾਣੀਆਂ ਵੀ ਲਿਖੀਆਂ ਹਨ। 'ਫਾਲਤੂ ਔਰਤ', 'ਗੁਲਬਾਨੋ', 'ਖੋਪੇ ਦੀ ਠੂਠੀ', 'ਬੁੱਤ ਸ਼ਿਕਨ', 'ਨਾ ਮਾਰੋ' ,'ਨਵੰਬਰ ਚੁਰਾਸੀ' ਬਹੁਤ ਚਰਚਾ ਵਿਚ ਰਹਿਣ ਵਾਲੀਆਂ ਕਹਾਣੀਆਂ ਹਨ। ਵਿਆਹ ਬਾਹਰੇ ਬਣਦੇ ਟੁੱਟਦੇ ਰਿਸ਼ਤਿਆਂ ਨੂੰ ਬੇਬਾਕ ਹੋ ਕੇ ਚਿਤਰਨ ਵਾਲੀਆਂ ਕਹਾਣੀਕਾਰਾਂ ਵਜੋਂ ਵੀ ਦੋਵੇਂ ਸਥਾਪਤ ਹੁੰਦੀਆਂ ਹਨ। ਜਿਨ੍ਹਾਂ ਵਿਚ ਮਰਦ ਔਰਤ ਦਾ ਰੱਜ ਕੇ ਸ਼ੋਸ਼ਣ ਕਰਦਾ ਹੈ। ਮਰਦ ਦੇ ਵਿਹਾਰ ਨੂੰ ਉਹ ਉਲਾਰ ਹੋ ਕੇ ਚਿੱਤਰਦੀ ਹੈ।

ਇਨ੍ਹਾਂ ਦੋ ਕਹਾਣੀਕਾਰਾਂ ਤੋਂ ਬਾਅਦ ਸੁਖਵੰਤ ਕੌਰ ਮਾਨ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਕਰਦੀ ਹੈ। ਸੁਖਵੰਤ ਪੇਂਡੂ ਸਮਾਜ ਵਿਚੋਂ ਪੰਜਾਬੀ ਕਹਾਣੀ ਵਿਚ ਆਉਂਦੀ ਹੈ। ਜਿਸ ਕਾਰਨ ਪੰਜਾਬੀ ਨਾਰੀ ਕਹਾਣੀ ਵਿਚ ਪੰਜਾਬ ਦੇ ਪੇਂਡੂ ਖਿੱਤੇ ਵਿਚ ਵਿਚਰਦੀ ਔਰਤ ਦੀ ਸਥਿਤੀ ਨੂੰ ਉਹ ਬੜੀ ਸਮਰੱਥਾ ਨਾਲ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦੀ ਹੈ। ਜਦੋਂ ਮਾਨ ਕਹਾਣੀ ਲਿਖਣ ਲੱਗਦੀ ਹੈ ਤਾਂ ਉਹ ਸਮਾਂ ਪੂੰਜੀਵਾਦ ਦਾ ਦੌਰ ਮੰਨਿਆ ਗਿਆ ਹੈ। ਉਹ ਦੌਰ ਜਦੋਂ ਖੇਤੀ ਦਾ ਮਸ਼ੀਨੀਕਰਨ ਹੁੰਦਾ ਹੈ ਤੇ ਇਸ ਤੋਂ ਕਿਸਾਨੀ ਵਿਚ ਨਵੇਂ ਸੰਕਟਾਂ ਦਾ ਉਦੇ ਹੁੰਦਾ ਹੈ। ਇਸ ਦੌਰ ਵਿਚ ਨਿਮਨ ਕਿਸਾਨੀ ਕਿਵੇਂ ਟੁੱਟ ਰਹੀ ਹੈ ਅਤੇ ਇਸ ਕਿਸਾਨੀ ਵਿਚ ਔਰਤ ਦੀ ਪੁਜੀਸ਼ਨ ਕਿਸ ਤਰ੍ਹਾਂ ਦੀ ਹੈ ਇਨ੍ਹਾਂ ਮੁੱਦਿਆਂ ਨੂੰ ਮਾਨ ਆਪਣੀਆਂ ਕਹਾਣੀਆਂ ਵਿਚ ਫੜਨ ਦਾ ਯਤਨ ਕਰਦੀ ਹੈ। ਉਹ ਪੇਂਡੂ ਔਰਤ ਦੀ ਅਨੇਕਾਂ ਬਰੀਕ ਪਰਤਾਂ ਨੂੰ ਬੜੀ ਸਮਰੱਥਾ ਨਾਲ ਫੜਦੀ ਹੈ। 'ਚੱਟੂ', 'ਕੀੜੀਆਂ', 'ਚਾਦਰ ਹੇਠਲਾ ਬੰਦਾ', 'ਖੋਭਾ' ਉਸ ਦੀਆਂ ਯਾਦਗਾਰੀ ਕਹਾਣੀਆਂ ਹਨ। ਆਪਣੇ ਸਮਕਾਲੀ ਕਹਾਣੀਕਾਰਾਂ ਨਾਲੋਂ ਉਹ ਬਿਲਕੁੱਲ ਵੱਖਰੀ ਖੜੀ ਦਿਸਦੀ ਹੈ। ਵੱਡੀ ਕਥਾਕਾਰ ਹੋਣ ਦੇ

ਬਾਵਜੂਦ ਮਾਨ ਦਾ ਪੰਜਾਬੀ ਸਾਹਿਤਕ ਹਲਕਿਆਂ ਵਿਚ ਕੋਈ ਖਾਸ ਨੋਟਿਸ ਨਹੀਂ ਲਿਆ ਗਿਆ।

ਇਸ ਦੌਰਾਨ ਬਚਿੰਤ ਕੌਰ, ਚੰਦਨ ਨੇਗੀ ਵੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਆਪਣੀ ਪਛਾਣ ਬਣਾਉਣ ਲੱਗ ਪੈਂਦੀਆਂ ਹਨ। ਇਨ੍ਹਾਂ ਨੇ ਆਪਣੀਆਂ ਕਹਾਣੀਆਂ ਵਿਚ ਔਰਤ ਮਰਦ ਸੰਬੰਧਾਂ ਤੋਂ ਉਪਜੇ ਸੰਕਟ, ਘਰੇਲੂ ਕਲੇਸ਼ ਵਿਚ ਪਿਸਦੀਆਂ ਔਰਤਾਂ ਦੀ ਤ੍ਰਸ਼ਦੀ ਅਤੇ ਮਰਦ ਦੀ ਪਰਿਵਾਰਕ ਸੱਤਾ ਤੋਂ ਉਪਜੇ ਸੰਕਟਾਂ ਨੂੰ ਪੇਸ਼ ਕਰਨ ਵਾਲੀਆਂ ਕਹਾਣੀਆਂ ਦੀ ਸਿਰਜਣਾ ਕੀਤੀ। ਬਚਿੰਤ 'ਮੁਕਲਾਵੇ ਵਾਲੀ ਰਾਤ', 'ਮਾਲਣ ਦੀ ਝੁੱਗੀ', 'ਰਖੇਲ ਵੀ ਨਹੀਂ', 'ਦੋ ਮਿੰਟ ਦੀ ਖੁਸ਼ੀ', 'ਮੁੱਲ ਖਰੀਦੀ ਔਰਤ' ਨਾਲ ਅਤੇ ਚੰਦਨ ਨੇਗੀ 'ਦਲਦਲ', 'ਗੰਧੁ ਕਥੂਰੀ', 'ਰਾਮੋ ਚੰਡੀ', 'ਸਗਲ ਸੰਗਿ', 'ਸਿੱਲ੍ਹ', 'ਮੰਗਲ ਸੂਤਰ' ਕਹਾਣੀਆਂ ਨਾਲ ਆਪਣੀ ਪਛਾਣ ਬਣਾਉਣ ਵਿਚ ਸਫਲ ਹੁੰਦੀਆਂ ਹਨ।

ਇਸ ਤੋਂ ਉਪਰੰਤ ਵੀਨਾ ਵਰਮਾਂ, ਪਰਵੇਜ਼ ਸੰਧੂ, ਨਿਰਮਲ ਜਸਵਾਲ ਆਪਣੀਆਂ ਕਹਾਣੀਆਂ ਨਾਲ ਬਦਲ ਰਹੀ ਨਾਰੀ ਨੂੰ ਕਹਾਣੀਆਂ ਦੇ ਪਾਤਰ ਬਣਾਉਂਦੀਆਂ ਹਨ। ਇਹ ਬਦਲ ਰਹੀ ਨਾਰੀ ਪੜ੍ਹੀ ਲਿਖੀ ਹੈ, ਰੋਜਗਾਰ ਲਈ ਘਰੋਂ ਬਾਹਰ ਨਿਕਲਦੀ ਹੈ। ਉਹ ਮਰਦ ਨੂੰ ਬਿਲਕੁਲ ਹੀ ਰੱਦ ਕਰ ਦਿੰਦੀ ਹੈ। ਵੀਨਾ ਵਰਮਾਂ ਮਰਦ ਨੂੰ ਬਿਲਕੁੱਲ ਨੈਗਟਿਵ ਰੂਪ ਵਿਚ ਪੇਸ਼ ਕਰਦੀ ਹੋਈ ਔਰਤ ਨੂੰ ਵਡਿਆਉਂਦੀ ਹੈ ਤੇ ਮਰਦ ਨੂੰ ਨਿੰਦਦੀ ਹੈ। ਮਰਦ ਨੂੰ ਮਰਿਆ ਚੂਹਾ ਕਹਿੰਦੀ ਹੈ। 'ਮੁੱਲ ਦੀ ਤੀਵੀ' ਨਾਲ ਉਹ ਔਰਤ ਮਰਦ ਸਬੰਧਾਂ ਨੂੰ ਬੋਲਡ ਹੋ ਕੇ ਚਿਤਰਨ ਵਾਲੀ ਕਹਾਣੀਕਾਰ ਦੇ ਤੌਰ ਤੇ ਆਪਣੀ ਪਛਾਣ ਬਣਾਉਂਦੀ ਹੈ ਤੇ 'ਜੋਗੀਆਂ ਦੀ ਧੀ' ਨਾਲ ਉਹਦੀ ਕਹਾਣੀ ਦਾ ਗ੍ਰਾਫ ਡਿੱਗਣ ਲੱਗਦਾ ਹੈ। ਉਹ ਆਪਣੇ ਆਪ ਨੂੰ ਬੁਰੀ ਤਰ੍ਹਾਂ ਦੁਹਰਾਉਣ ਲੱਗ ਪੈਂਦੀ ਹੈ। ਪਰਵੇਜ਼ ਸੰਧੂ ਪਰਵਾਸ ਵਿਚ ਵਿਚਰ ਰਹੀ ਵਿਆਹੀ ਪੰਜਾਬੀ ਔਰਤ ਦੀ ਤ੍ਰਾਸ਼ਦੀ ਤੇ ਸਵੈ ਹੋਂਦ ਨੂੰ ਚਿਤਰਦੀ ਹੈ। ਉਹਦੀ ਔਰਤ ਸਮਾਜ ਵਿਚ ਸੁਤੰਤਰ ਇਕਾਈ ਵਜੋਂ ਵਿਚਰਦੀ ਹੈ। 'ਮੁੱਠੀ ਭਰ ਸੁਪਨੇ' ਕਹਾਣੀ ਸੰਗ੍ਰਹਿ ਨਾਲ ਉਹ ਆਪਣੀ ਪਛਾਣ ਗੂੜ੍ਹੀ ਕਰਦੀ ਹੈ। ਪਰਵਾਸ 'ਚ ਨਾਰੀ ਦੇ ਆਰਥਿਕ ਮਸਲੇ ਤਾਂ ਹੱਲ ਹੋ ਜਾਂਦੇ ਹਨ ਪਰ ਦੈਹਿਕ ਤਣਾਓ ਭੋਗਦੀਆਂ ਔਰਤਾਂ ਉਹਦੀਆਂ ਕਹਾਣੀ ਦਾ ਮੁੱਖ ਅੰਗ ਬਣਦੀਆਂ ਹਨ। ਨਿਰਮਲ ਜਸਵਾਲ ਵਿਆਹ ਬਾਹਰੇ ਔਰਤ ਮਰਦ ਦੇ ਜਿਣਸੀ ਰਿਸ਼ਤਿਆਂ ਨੂੰ ਕਾਫ਼ੀ ਖੁੱਲ੍ਹਾ ਲੈ ਕੇ ਪੇਸ਼ ਕਰਦੀ ਹੋਈ ਆਪਣੀ ਅਲੱਗ ਪਛਾਣ ਬਣਾਉਂਦੀ ਹੈ। ਉਹਦੀ ਜਸ਼ਨ ਦੀ ਕਹਾਣੀ ਹੈ। ਉਹ ਮੌਨ ਕਰ ਦਿੱਤੀਆਂ ਗਈਆਂ ਔਰਤਾਂ ਦੀ ਦੱਬੀਆਂ ਖ਼ਹਿਸ਼ਾ ਨੂੰ ਜ਼ੁਬਾਨ ਦਿੰਦੀ ਹੈ। ਔਰਤਾਂ ਮਰਦਾਂ 'ਤੇ ਸਰੀਰਕ ਦਾਬਾ ਪਾਉਂਦੀਆਂ ਹਨ। ਇਸ ਸਮੇਂ ਵਿਚ ਕੁਲਬੀਰ ਬਡੇਸਰੋਂ, ਸੋਮਾ ਸਬਲੋਕ ਦੀਆਂ ਕਹਾਣੀਆਂ ਵੀ ਸਾਡੇ ਸਾਹਮਣੇ ਆਉਂਦੀਆਂ ਹਨ। ਕੁਲਬੀਰ ਪੇਂਡੂ ਦਲਿਤ ਔਰਤਾਂ ਦੀ ਸਥਿਤੀ ਆਪਣੀਆਂ ਕਹਾਣੀਆਂ ਵਿਚ ਚਿਤਰਦੀ ਹੈ। 'ਵਿਚਾਰੀ', 'ਕਦੋਂ ਆਏਂਗੀ?', 'ਕਰਜ਼', 'ਇਹ ਵੀ ਸੱਚ ਹੈ' ਉਹਦੀਆਂ ਚਰਚਿਤ ਕਹਾਣੀਆਂ ਹਨ। ਬਲਬੀਰ ਕੌਰ ਸੰਘੇੜਾ ਨੇ ਪਰਵਾਸੀ ਨਾਰੀ ਦੀ ਸਥਿਤੀ ਨੂੰ 'ਖੰਡਰ', 'ਚੀਕ', 'ਸਿਉਂਕ' ਕਹਾਣੀਆਂ ਵਿਚ ਚਿਤਰਿਆ ਹੈ।

ਇਸੇ ਦੌਰਾਨ ਪੰਜਾਬੀ ਕਹਾਣੀ ਵਿਚ ਚੌਥੀ ਪੀੜ੍ਹੀ ਆਪਣੀ ਪਛਾਣ ਬਣਾਉਂਦੀ ਹੈ। ਉਸ ਵਿਚ ਨਾਰੀ ਕਹਾਣੀਕਾਰਾਂ ਦੀ ਗਿਣਤੀ ਬਹੁਤ ਥੋੜ੍ਹੀ ਦਿਸਦੀ ਹੈ। ਸੁਰਿੰਦਰ ਨੀਰ ਅਤੇ ਵਿਸ਼ਵ ਜੋਤੀ ਧੀਰ ਹੀ ਆਪਣੀ ਪਛਾਣ ਬਣਾਉਣ ਵਿਚ ਕਾਮਯਾਬ ਹੁੰਦੀਆਂ ਹਨ। ਨੀਰ ਦੀ ਕਥਾ ਮਰਦ ਦੀ ਫਾਲਤੂ ਵਿਰੋਧਤਾ ਨਹੀਂ ਕਰਦੀ। ਉਸ ਨੂੰ ਸਮਾਨਾਂਤਰ ਪੇਸ਼ ਕਰਦੀ ਹੈ। ਨੀਰ ਨਾਰੀ ਗੌਰਵ ਨੂੰ, ਉਸ ਦੀ ਸਮਾਜਿਕ ਹੋਂਦ ਨੂੰ, ਅਤੇ ਪਛਾਣ ਨੂੰ ਮੁੱਖ ਮੁੱਦਾ ਬਣਾਉਂਦੀ ਹੈ। ਪ੍ਰੰਪਰਕ ਨਾਰੀ ਕਥਾ ਬਿਰਤਾਂਤ ਤੋਂ ਉਹ ਵਿੱਥ ਬਣਾ ਕੇ ਕਹਾਣੀ ਲਿਖਦੀ ਹੈ। ਖੁੱਲ੍ਹ ਜਾ ਸਿੰਮ ਸਿੰਮ, ਪਿਸ਼ੌਰਨ, ਵਿਸਥਾਪਨ, ਡਿਪਰੈਸ਼ਨ ਨਾਲ ਉਹ ਆਪਣੀ ਪਛਾਣ ਗੂੜ੍ਹੀ

ਕਰਦੀ ਹੈ। ਵਿਸ਼ਵ ਜੋਤੀ ਧੀਰ ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਆਖ਼ਿਰ ਸਿਕੰਦਰ ਜਿੱਤ ਗਿਆ' ਨਾਲ ਪਾਠਕਾਂ ਦਾ ਧਿਆਨ ਆਪਣੀ ਕਹਾਣੀ ਵੱਲ ਖਿੱਚਦੀ ਹੈ। 'ਕੁੜੱਕੀ', 'ਛਿੰਦਾ ਪੁੱਤ', ਧੀਰ ਦੀਆਂ ਚੰਗੀਆਂ ਕਹਾਣੀਆਂ ਵਿਚ ਗਿਣੀਆਂ ਗਈਆਂ। ਕੁੰਠਿਤ ਅਤੇ ਦੁਬਿਧਾ ਵਿਚ ਘਿਰੀ ਔਰਤ ਨੂੰ ਧੀਰ ਆਪਣੀ ਕਹਾਣੀ ਵਿਚ ਸਪੇਸ ਦਿੰਦੀ ਹੈ। 'ਰਿਲੇਅ ਰੇਸ' ਉਸ ਦੀ ਹੋਰ ਚੰਗੀ ਕਹਾਣੀ ਹੈ। ਇਸ ਸਮੇਂ ਅੰਮ੍ਰਿਤ ਪਾਲ ਕੌਰ, ਤਰਸਪਾਲ ਕੌਰ, ਇੰਦਰਜੀਤ ਪਾਲ ਕੌਰ, ਜਸਮੀਤ ਕੌਰ ਕੁੱਝ ਹੋਰ ਕਹਾਣੀਕਾਰਾਂ ਕਹਾਣੀ ਖੇਤਰ ਵਿਚ ਸਰਗਰਮ ਹੁੰਦੀਆਂ ਹਨ। ਇਨ੍ਹਾਂ ਕਹਾਣੀਕਾਰਾਂ ਕੋਲ ਅਨੁਭਵ ਭਾਵੇਂ ਸੱਜਰੇ ਸਨ ਪਰ ਇਹ ਪਹਿਲੀ ਨਾਰੀ ਕਹਾਣੀਕਾਰਾਂ ਤੋਂ ਅਗਾਂਹ ਦੀ ਗੱਲ ਕਰਨ ਵਿਚ ਸਫ਼ਲ ਨਹੀਂ ਹੁੰਦੀਆਂ। ਰਵਾਇਤੀ ਕਿਸਮ ਦੀ ਨਾਰੀ ਅਤੇ ਮਰਦ ਦਾ ਨਾਰੀ ਦ੍ਰਿਸ਼ਟੀਕੋਣ ਹੀ ਇਨ੍ਹਾਂ ਦੀਆਂ ਕਹਾਣੀਆਂ ਵਿਚ ਪੇਸ਼ ਹੁੰਦਾ ਹੈ। ਇਨ੍ਹਾਂ ਵਿਚ ਜਸਮੀਤ ਕੌਰ ਦੀ ਕਹਾਣੀ ਧਿਆਨ ਦੀ ਮੰਗ ਕਰਦੀ ਹੈ। ਮਿਡਲ ਕਲਾਸ ਦੀ ਔਰਤ ਜਿਹੜੀ ਖਪਤ ਸੱਭਿਆਚਾਰ ਵਿਚ ਵਿਚਰਦੀ ਹੋਈ ਆਪਣੀਆਂ ਖਹਿਸ਼ਾਂ ਨੂੰ ਜਸਟੀਫਾਈ ਕਰਦੀ ਹੋਈ ਮਰਦ ਦੇ ਬਰਾਬਰ ਖੜਦੀ ਹੈ। ਪੇਸ਼ ਹੋਈ ਹੈ। 'ਅੰਨ ਦਾਤਾ', 'ਜੜ੍ਹਾਂ ਵਾਲਾ ਰਿਸ਼ਤਾ', 'ਕਦੋਂ ਤੱਕ', 'ਅਪਰਾਜਿਤ', 'ਅਹਿਸਾਸ' ਕਹਾਣੀਆਂ ਧਿਆਨ ਦੀ ਮੰਗ ਕਰਦੀਆਂ ਹਨ। ਜਸਮੀਤ ਦਾ ਪੰਜਾਬੀ ਕਹਾਣੀ ਵਿਚ ਬਹੁਤਾ ਨੋਟਿਸ ਨਹੀਂ ਲਿਆ ਗਿਆ। ਚੰਗੀ ਰਚਨਾ ਆਪਣੀ ਸ਼ਕਤੀ ਨਾਲ ਬਾਹਰ ਆ ਜਾਂਦੀ ਹੈ।

ਜਦੋਂ ਮੈਂ 'ਕਹਾਣੀ ਧਾਰਾ' ਦਾ 'ਸਮਕਾਲੀ ਕਹਾਣੀ ਅੰਕ' ਤਿਆਰ ਕਰ ਰਿਹਾ ਸੀ ਤਾਂ ਸੋਚਿਆ ਇਸ ਵਾਰ ਸੰਪਾਦਕੀ ਨਾਰੀ ਕਹਾਣੀਕਾਰਾਂ ਤੇ ਫੋਕਸ ਕਰਨੀ ਹੈ। ਸੋ ਮੈਂ ਪੰਜਾਬੀ ਦੇ ਪਰਚਿਆਂ ਵਿਚ ਨਾਰੀ ਕਹਾਣੀਕਾਰਾਂ ਦੀਆਂ ਕਹਾਣੀਆਂ ਪੜ੍ਹਨ ਲੱਗ ਪਿਆ। ਤ੍ਰਿਪਤਾ ਕੇ. ਸਿੰਘ, ਦੀਪਤੀ ਬਬੂਟਾ, ਵਿਸ਼ਵ ਜੋਤੀ ਧੀਰ ਦੀਆਂ ਕੁੱਝ ਨਵੀਆਂ ਕਹਾਣੀਆਂ ਵਿਚ ਪੜ੍ਹਨ ਨੂੰ ਮਿਲੀਆਂ। ਇਸ ਗੱਲ ਦੀ ਤਸੱਲੀ ਹੋਈ ਕਿ ਨਾਰੀ ਕਹਾਣੀਕਾਰ ਬਰਾਬਰ ਗਤੀ ਨਾਲ ਕਹਾਣੀਆਂ ਲਿਖ ਰਹੀਆਂ ਹਨ। ਚਾਹੇ ਉਨ੍ਹਾਂ ਦੀ ਗਿਣਤੀ ਬਹੁਤ ਥੋੜੀ ਹੈ। ਤ੍ਰਿਪਤਾ ਕੇ ਸਿੰਘ ਨੇ ਬਤੌਰ ਕਹਾਣੀਕਾਰ ਦੇ ਤੌਰ ਤੇ 'ਮਰੀਆਂ ਹੋਈਆਂ ਮਛਲੀਆਂ', 'ਜਿੱਤੀ ਹੋਈ ਬਾਜ਼ੀ', 'ਭਲਾ ਆਦਮੀ' ਨਾਲ ਆਪਣੀ ਪਛਾਣ ਬਣਾਈ। ਉਹ ਆਪਣੀ ਕਹਾਣੀ ਵਿਚ ਸੰਜਮੀ ਬਿਰਤਾਂਤ ਸਿਰਜਦੀ ਹੈ। ਉਹਦੀਆਂ ਕਹਾਣੀਆਂ ਵਿਚ ਵੱਖਰੀ ਕਿਸਮ ਦੀ ਬੋਲਡ ਔਰਤ ਆਉਂਦੀ ਹੈ ਜਿਹੜੀ ਨਿਰਮਲ ਜਸਵਾਲ ਦੀ ਔਰਤ ਪਾਤਰ ਤੋਂ ਵੱਖਰੀ ਤਰ੍ਹਾਂ ਮਰਦ ਨਾਲ ਵਿਹਾਰ ਕਰਦੀ ਹੈ। ਦੈਹਿਕ ਖਹਿਸ਼ਾ ਨੂੰ ਤ੍ਰਿਪਤਾ ਬੇਝਿੱਜਕ ਹੋ ਕੇ ਪੇਸ਼ ਕਰਦੀ ਹੈ। ਇਨ੍ਹਾਂ ਦਿਨ੍ਹਾਂ ਵਿਚ ਦੀਪਤੀ ਬਬੂਟਾ ਦੀਆਂ ਕੁਝ ਪਰਚਿਆਂ ਵਿਚ ਛਪੀਆਂ ਕਹਾਣੀਆਂ ਨੇ ਮੇਰਾ ਧਿਆਨ ਇਸ ਲਈ ਖਿੱਚਿਆ ਕਿ ਉਹਦੀ ਕਹਾਣੀ ਵਿਚ ਨਾਰੀ ਕੇਂਦਰ ਵਿਚ ਨਹੀਂ ਹੈ ਸਗੋਂ ਸਮੁੱਚਾ ਸਮਾਜ ਅਤੇ ਅੱਗੇ ਸਮਾਜ ਦੇ ਉਹ ਵਰਗ ਜਿਨ੍ਹਾਂ ਵੱਲ ਨਾਰੀ ਕਹਾਣੀਕਾਰਾਂ ਦਾ ਧਿਆਨ ਹੀ ਨਹੀਂ ਜਾਂਦਾ ਉਸ ਬਿਰਤਾਂਤ ਨੂੰ ਆਪਣੀਆਂ ਕਹਾਣੀਆਂ ਦਾ ਅਧਾਰ ਬਣਾਉਂਦੀ ਹੈ। ਉਹ ਰਵਾਇਤੀ ਨਾਰੀ ਚੇਤਨਾ ਤੋਂ ਹੱਟ ਕੇ ਕਹਾਣੀ ਸਿਰਜਦੀ ਹੈ ਤੇ ਕਹਾਣੀ ਵਿਚ ਸੰਘਣੇ ਬਿਰਤਾਂਤ ਨਾਲ ਕਹਾਣੀ ਨੂੰ ਬਹੁ ਪਰਤੀ ਬਣਾਉਣ ਵਿਚ ਸਫ਼ਲ ਹੁੰਦੀ ਹੈ। ਉਹ ਬੜੀ ਸਮਰੱਥਾ ਨਾ ਸਮੁੱਚੇ ਸਮਾਜ ਦੀਆਂ ਸਮਾਜਿਕ, ਆਰਥਿਕ ਕੰਟਾਡੰਕਸ਼ਨ ਫੜਦੀ ਹੈ। ਕਿਤੇ ਕਿਤੇ ਉਹਦੀ ਕਹਾਣੀ ਸਮਕਾਲੀ ਹਿੰਦੀ ਕਹਾਣੀ ਦੇ ਸਮਾਨਾਂਤਰ ਚੱਲਦੀ ਲੱਗਦੀ ਹੈ। ਦੀਪਤੀ ਤੇਜੀ ਨਾਲ ਨਾਰੀ ਕਹਾਣੀਕਾਰਾਂ ਤੋਂ ਆਪਣੀ ਵੱਖਰੀ ਥਾਂ ਨਿਸਚਤ ਕਰ ਰਹੀ ਹੈ। ਪਿਛਲੇ ਸਮੇਂ ਹੁਣ ਵਿਚ ਛਪੀ ਉਹਦੀ ਕਹਾਣੀ 'ਗੌਤਮੀ ਤੋਂ ਸ਼ਬਨਮ ਵਾਇਆ ਰੁਲੀਆ' ਅਤੇ ਇਸੇ ਅੰਕ ਵਿਚ ਛਪ ਰਹੀ ਕਹਾਣੀ 'ਬਦਨਾਮ ਬਸਤੀ' ਇਸਦੀ ਨਿੱਗਰ ਉਦਾਹਰਣ ਹਨ।

ਜਦੋਂ ਮੈਂ 'ਕਹਾਣੀ ਧਾਰਾ' ਦੇ ਪਿਛਲੇ ਅੰਕ ਫਰੋਲ ਰਿਹਾ ਸੀ ਤਾਂ ਮੈਂ ਕਹਾਣੀਕਾਰ ਨਰਿੰਦਰ ਕੌਰ ਭੱਚੂ ਦੀਆਂ ਕਹਾਣੀਆਂ ਦੁਬਾਰਾ ਪੜ੍ਹੀਆਂ। 'ਤ੍ਰਿਸ਼ਣਾ' ਅਤੇ 'ਗਲੀ ਨੰਬਰ ਤੇਰਾਂ' ਉਹ ਦੀਆਂ ਬਹੁਤ ਗੰਭੀਰ ਕਿਸਮ ਦੀਆਂ ਕਹਾਣੀਆਂ ਹਨ। ਫਿਰ ਇਕਦਮ ਉਹ ਚੁੱਪ ਕਰ ਗਈ। ਜੁਲਾਈ-ਸਤੰਬਰ, 2007 ਵਿਚ ਮੈਂ 'ਕਹਾਣੀ ਧਾਰਾ' ਦਾ ਇਸਤਰੀ ਕਹਾਣੀਕਾਰ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤਾ ਸੀ। ਉਸ ਵਿਚ ਇਕ ਦਰਜਨ ਦੇ ਕਰੀਬ ਨਾਰੀ ਕਹਾਣੀਕਾਰਾਂ ਦੀਆਂ ਕਹਾਣੀਆਂ ਪ੍ਰਕਾਸਤ ਕੀਤੀਆਂ ਸਨ। ਜਿਨ੍ਹਾਂ ਦਾ ਸਾਹਿਤਕ ਹਲਕਿਆਂ ਵਿਚ ਗੰਭੀਰ ਨੋਟਿਸ ਲਿਆ ਗਿਆ ਸੀ। 'ਕਹਾਣੀ ਧਾਰਾ' ਦੇ ਇਸ ਅੰਕ ਵਿਚ ਕੁੱਝ ਨਾਰੀ ਕਹਾਣੀਕਾਰਾਂ ਦੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਪਵਿੱਤਰ ਕੌਰ ਮਾਟੀ ਪਹਿਲੀ ਵਾਰ ਪੰਜਾਬੀ ਕਹਾਣੀ ਵਿਚ 'ਕਹਾਣੀ ਧਾਰਾ' ਰਾਹੀ ਪਰਵੇਸ਼ ਕਰ ਰਹੀ ਹੈ। ਉਸ ਦੀ ਪਹਿਲੀ ਕਹਾਣੀ ਹੀ ਪੰਜਾਬੀ ਨਾਰੀ ਕਹਾਣੀ ਦੇ ਨਵੇਂ ਪ੍ਰਤੀਮਾਨ ਸਿਰਜਦੀ ਹੈ। ਇਸ ਅੰਕ ਦੀ ਕਹਾਣੀ 'ਅੱਧੇ ਅਧੂਰੇ' ਵਿਚ ਉਸ ਨੇ ਵਿਆਹ ਬਾਹਰੇ ਔਰਤ ਮਰਦ ਦੇ ਸਬੰਧਾਂ ਦੀਆਂ ਰਵਾਇਤੀ ਮਿੱਥਾਂ ਨੂੰ ਤੋੜਿਆ ਹੈ। ਮੁਢਲੀਆਂ ਔਰਤ ਕਹਾਣੀਕਾਰਾਂ ਅਤੇ ਉਸ ਤੋਂ ਬਾਅਦ ਦੀਆਂ ਵੀਨਾ ਵਰਮਾਂ ਵਰਗੀਆਂ ਕਹਾਣੀਕਾਰਾਂ ਮਰਦ ਨੂੰ ਸਵਾਰਥੀ ਅਤੇ ਔਰਤ ਦੇ ਜਿਸਮ ਦੇ ਭੋਖੜੇ ਦਾ ਸ਼ਿਕਾਰ ਹੀ ਚਿਤਰਦੀਆਂ ਰਹੀਆਂ ਹਨ ਪਰ ਪਵਿੱਤਰ ਕੌਰ ਇਸ ਕਹਾਣੀ ਵਿਚ ਇਸ ਮਿੱਥ ਨੂੰ ਤੋੜਦੀ ਹੈ। ਕਹਾਣੀ ਪੜ੍ਹਦਿਆਂ ਤੁਹਾਨੂੰ ਕਈ ਵਾਰ ਲੱਗਦਾ ਹੈ ਕਿ ਕਹਾਣੀ ਹੁਣ ਇਹ ਮੋੜ ਲਵੇਗੀ, ਮਰਦ ਪਾਤਰ ਨੂੰ ਲੇਖਿਕਾ ਏਧਰ ਮੋੜ ਦਵੇਗੀ ਪਰ ਵਾਰ ਵਾਰ ਕਹਾਣੀ ਦੂਜੇ ਪਾਸੇ ਮੋੜ ਕੱਟਦੀ ਹੈ। ਕਹਾਣੀ ਵਿਚ ਮਰਦ ਡਾਕਟਰ ਪਾਤਰ ਦੇ ਹਾਲਾਤ ਇਸ ਤਰ੍ਹਾਂ ਦਾ ਬਣ ਜਾਂਦੇ ਹਨ ਕਿ ਉਹ ਔਰਤ ਪਰਾਈ ਔਰਤ ਨਾਲ ਜੁੜਦਾ ਜੁੜਦਾ ਆਪਣੀ ਪਹਿਲੀ ਪਤਨੀ ਵੱਲ ਝੁਕ ਜਾਂਦਾ ਹੈ, ਕਹਾਣੀਕਾਰ ਹਾਲਾਤ ਇਸ ਤਰ੍ਹਾਂ ਸਿਰਜ ਦਿੰਦੀ ਹੈ, ਕਹਾਣੀ ਉਦੋਂ ਦੁਖਾਂਤ ਪਿਆਰ ਕਹਾਣੀ ਵਿਚ ਬਦਲ ਜਾਂਦੀ ਹੈ ਜਦੋਂ ਹਾਲਾਤ ਦੋਹਾਂ ਨੂੰ ਬੇਵੱਸ ਤੇ ਨਿਮਾਣੇ ਬਣਾ ਦਿੰਦੇ ਹਨ। ਫਾਲਤੂ ਭਾਸ਼ਣਬਾਜੀ ਨਾਲੋਂ ਉਹ ਬਿਰਤਾਂਤ ਨਾਲ ਇਕ ਤਰਕ ਸਿਰਜਦੀ ਹੈ। ਭਾਰਤੀ ਔਰਤ ਮਰਦ ਨਾਲ ਜੁੜ ਕੇ ਆਪਣੀ ਪਛਾਣ ਤਲਾਸ਼ ਕਰਦੀ ਹੈ, ਮਾਟੀ ਨੇ ਇਸ ਕਹਾਣੀ ਵਿਚ ਇਸੇ ਭਾਰਤੀ ਔਰਤ ਨੂੰ ਪੇਸ਼ ਕੀਤਾ ਹੈ। ਪਵਿੱਤਰ ਕੌਰ ਮਾਟੀ ਵਿਚ ਇਕ ਸੂਝਵਾਨ ਕਹਾਣੀਕਾਰ ਦੇ ਤੌਰ ਤੇ ਉਭਰਨ ਦੇ ਗੁਣ ਹਨ। ਜਸਵੀਰ ਕੌਰ ਭੱਲਮਾਜਰਾ ਵੀ 'ਕਹਾਣੀ ਧਾਰਾ' ਰਾਹੀਂ ਪੰਜਾਬੀ ਕਹਾਣੀ ਵਿਚ ਪਰਵੇਸ਼ ਕਰਦੀ ਹੈ। ਇਸ ਦੇ ਨਾਲ ਨਾਲ ਕਹਾਣੀਕਾਰ ਨੀਲਮ ਸੈਣੀ, ਸਿੰਮੀਪ੍ਰੀਤ ਕੌਰ ਦੀਆਂ ਕਹਾਣੀਆਂ ਵੀ ਪ੍ਰਕਾਸ਼ਤ ਕੀਤੀਆਂ ਹਨ। ਜੋ ਭਵਿੱਖ ਵਿਚ ਕਹਾਣੀ ਦੇ ਖੇਤਰ ਵਿਚ ਆਪਣੀ ਪਛਾਣ ਬਣਾਉਣਗੀਆਂ।

'ਕਹਾਣੀ ਧਾਰਾ' ਨੇ ਹੁਣ ਤੱਕ ਕਹਾਣੀ ਨਾਲ ਸਬੰਧਤ ਛੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤੇ ਹਨ। ਇਹ ਸਾਡਾ ਸੱਤਵਾਂ ਅੰਕ ਹੈ। ਇਸ ਅੰਕ ਵਿਚ ਸਮਕਾਲੀ ਪੰਜਾਬੀ ਕਹਾਣੀ ਦੀ ਤਸਵੀਰ ਤੁਸੀਂ ਵੇਖ ਸਕਦੇ ਹੋ। 11 ਨਵੀਆਂ ਕਹਾਣੀਆਂ ਦੇ ਵਿਸ਼ੇ ਵੰਨ ਸੁਵੰਨਤਾ ਵਾਲੇ ਹਨ। ਪੰਨਿਆ ਦੀ ਸੀਮਾ ਹੋਣ ਕਰਕੇ ਸਾਰੇ ਸਮਕਾਲੀ ਕਹਾਣੀਕਾਰਾਂ ਦਾ ਜ਼ਿਕਰ ਕਰਨਾ ਬਹੁਤ ਕਠਿਨ ਕਾਰਜ ਹੈ। ਦੋ ਪਰਵਾਸੀ ਕਹਾਣੀਕਾਰਾਂ ਨੂੰ ਇਕੋ ਤਰ੍ਹਾਂ ਦੇ ਸਵਾਲ ਕੀਤੇ ਗਏ ਪਰ ਉਨ੍ਹਾਂ ਦੇ ਵਿਚਾਰ ਵੱਖ ਵੱਖ ਹਨ। ਨਵੇਂ ਕਹਾਣੀ ਸੰਗ੍ਰਹਿ ਤੇ ਵਿਸ਼ੇਸ਼ ਤੌਰ ਤੇ ਲਿਖਵਾਏ ਆਲੋਚਨਾ ਲੇਖ ਪੜ੍ਹ ਕੇ ਪਾਠਕ ਸਮਕਾਲੀ ਕਹਾਣੀ ਤੋਂ ਜਾਣੂ ਹੋ ਸਕਦੇ ਹਨ। ਪਰਚੇ ਦੀ ਸੀਮਾ ਹੋਣ ਕਾਰਨ ਅਸੀਂ ਸਮੁੱਚੀ ਸਮਕਾਲੀ ਕਹਾਣੀ ਬਾਰੇ ਚਰਚਾ ਨਹੀਂ ਕਰ ਸਕਦੇ, ਬਾਕੀ ਚਰਚਾ ਅਗਲੇ ਅੰਕਾਂ ਵਿਚ ਕਰਦੇ ਹੀ ਰਹਾਂਗੇ। ਪਰਚੇ ਦਾ ਇਸ ਸਾਲ ਲਗਾਤਾਰ ਦੂਜਾ ਵਿਸ਼ੇਸ਼ ਅੰਕ ਹੈ। ਤੁਹਾਨੂੰ ਇਹ ਪਹਿਲਾਂ ਵਾਂਗ ਪਸੰਦ ਆਵੇਗਾ।

**- ਭਗਵੰਤ ਰਸੂਲਪੁਰੀ**

## ਕਹਾਣੀ / **ਅਵਾਜ਼ਾਰ** / - ਸਰੂਪ ਸਿਆਲਵੀ

ਇਕ ਦਿਨ, ਪੱਖੇ ਦੀ ਹਵਾ ਨਾਲ ਮੰਮੀ ਦੇ ਕਮਰੇ ਵਿਚ ਟੇਬਲ ਉੱਤੇ ਪਈ ਡਾਇਰੀ ਦੇ ਵਰਕੇ ਉਡ ਰਹੇ ਸਨ। ਅਚਾਨਿਕ ਮੇਰੀ ਕੋਲ ਦੀ ਲੰਘਦੀ ਦੀ ਉਡ ਰਹੇ ਵਰਕੇ ਉੱਤੇ ਨਜ਼ਰ ਪੈ ਗਈ, "ਜੀਹਨੂੰ ਮੈਂ ... ਆਪਣੇ ਮਨ ਵਿਚ ਮਹਾਂਪੁਰਖ ਮਹਾਤਮਾ ਸਮਝਦੀ ਰਹੀ... ਉਹ ਦੇਬੂ ਭੰਗੀ ... ਦੇਬੂ ਮਜ਼ਬੀ ਨਿਕਲਿਆ।' ਮੇਰੇ ਮਨ ਵਿਚ ਕਹਾਣੀ ਉਲਝਦੀ ਚਲੀ ਗਈ ਕਿ ਕਿਤੇ ਇਹ ਡਾਇਰੀ ਵਿਚਲਾ ਦੇਬੂ... ਮੰਮੀ ਦੇ ਪਿੰਡ ਦਾ ਦੇਵਰਾਜ ਮਜ਼ਬੀ ਤਾਂ ਨਹੀਂ ਜੀਹਨੂੰ ਮੰਮੀ ਦੇ ਪਿੰਡ ਦਾ ਦੇਵਰਾਜ ਕਹਿੰਦੇ ਨੇ। ਤੇ ਮੈਨੂੰ ਮੰਮੀ ਦੁਆਰਾ ਏਨੀ ਨਫ਼ਰਤ ਕਰਨ ਦੀਆਂ ਤਾਰਾਂ ਬਹੁਤ ਉਲਝਦੀਆਂ ਚਲੀਆਂ ਗਈਆਂ।

ਪਰ ਪਹਿਲਾਂ ਪਹਿਲ ਮੈਂ ਮੰਮੀ ਦੁਆਰਾ ਏਨੀ ਸਖ਼ਤੀ ਕੀਤੇ ਜਾਣ ਨੂੰ ਬਹੁਤਾ ਗਉਂਲਦੀ ਨਹੀਂ ਸਾਂ। ਮੈਂ ਸੋਚਦੀ ਕਿ ਮੰਮੀ ਹੈ ਈ ਏਨੇ ਸਖਤ ਸੁਭਾ ਦੀ। ਉਹਦੀ ਆਪਣੀ ਜ਼ਿੰਦਗੀ ਵੀ ਤਾਂ ਘਰੋਂ ਦਫ਼ਤਰ ਤੇ ਦਫ਼ਤਰੋਂ ਘਰ ਤੱਕ ਈ ਸੀਮਤ ਏ। ਹੋਰ ਕਿਸੇ ਨਾਲ ਕੋਈ ਸਰੋਕਾਰ ਨਹੀਂ।

ਮੈਂ ਜਦ ਤੋਂ ਸੋਝੀ ਸਭਾਲੀ ਏ, ਮੈਂ ਮੰਮੀ ਦਾ ਮੱਥੇ ਉੱਤੇ ਤਿਊੜੀਆਂ ਵਾਲਾ ਚਿਹਰਾ ਈ ਤੱਕਦੀ ਆ ਰਹੀ ਹਾਂ। ਉਹ ਮੈਨੂੰ ਸਵੇਰੇ ਉਠਾ ਕੇ ਬੋਤਲ ਨਾਲ ਦੁੱਧ ਪਿਲਾ ਕੇ ਸਕੂਲ ਨੂੰ ਤਿਆਰ ਕਰ ਦਿੰਦੀ ਸੀ। ਰਿਕਸ਼ੇ ਵਾਲਾ ਅੰਕਲ ਮੈਨੂੰ ਰਿਕਸ਼ੇ ਉੱਤੇ ਬਿਠਾ ਕੇ ਸਕੂਲ ਛੱਡ ਆਉਂਦਾ ਤੇ ਟਿਊਸ਼ਨ ਪੜ੍ਹਾਉਣ ਵਾਲੀ ਮੈਡਮ ਮੈਨੂੰ ਸਕੂਲ ਤੋਂ ਹੀ ਆਪਦੇ ਘਰ ਲੈ ਜਾਂਦੀ ਸੀ ਤੇ ਦਫਤਰੋਂ ਛੁੱਟੀ ਕਰਕੇ ਆਉਂਦੀ ਹੋਈ, ਮੰਮੀ ਮੈਨੂੰ ਟਿਊਸ਼ਨ ਵਾਲੀ ਮੈਡਮ ਦੇ ਘਰੋਂ ਆਪਣੇ ਨਾਲ ਲੈ ਆਉਂਦੀ ਸੀ। ਤੇ ਰੋਟੀ ਖਿਲ੍ਹਾ ਕੇ ਹੋਮ ਵਰਕ ਕਰਨ ਤੇ ਰਿਵੀਜ਼ਨ ਕਰਨ ਲਈ ਬਿਠਾ ਦਿੰਦੀ ਸੀ। ਮੈਂ ਮਸਾਂ ਆਪ-ਆਪਣੇ ਕੱਪੜੇ ਪਾ ਕੇ ਸਕੂਲ ਨੂੰ ਤਿਆਰ ਹੋ ਕੇ ਜਾਣ ਜੋਗੀ ਹੋਈ ਸਾਂ ਕਿ ਮੰਮੀ ਨੇ ਮੈਨੂੰ ਸੌਣ ਲਈ ਅਲੱਗ ਕਮਰਾ ਦੇ ਦਿੱਤਾ। ਤੇ ਮੈਂ ਮੰਮੀ ਦੇ ਕਹਿਣ ਉੱਤੇ ਆਪਣੇ ਖਾਣ ਪੀਣ ਦੇ ਬਰਤਨ ਸਾਫ਼ ਕਰਕੇ ਆਪਣੇ ਕਮਰੇ ਵਿਚ ਅਲੱਗ ਰੱਖਣ ਲੱਗ ਪਈ ਸਾਂ। ਇਹ ਮੈਨੂੰ ਵੱਡੀ ਹੋ ਕੇ ਪਤਾ ਲੱਗਿਆ ਕਿ ਮੰਮੀ ਮੈਨੂੰ ਆਪਣੇ ਕਮਰੇ ਵਿਚ ਸੁਲਾਉਂਦਿਆਂ ਵੀ ਅਲੱਗ ਬਰਤਨਾ ਵਿਚ ਖਾਣਾ ਖਾਣ ਲਈ ਦਿੰਦੀ ਹੁੰਦੀ ਸੀ।

ਹੁਣ ਮੈਂ ਸੈਕਟਰ ਗਿਆਰਾਂ ਦੇ ਕੁੜੀਆਂ ਦੇ ਕਾਲਿਜ ਵਿਚ ਪੜ੍ਹਨ ਲੱਗ ਪਈ ਸਾਂ। ਕਾਲਿਜ ਤੋਂ ਘਰ ਜਾਂਦਿਆਂ, ਮੰਮੀ ਦਾ ਸੈਕਟਰ 17 ਵਿਚਲਾ ਐਸ. ਆਈ. ਮਾਲ ਦਾ) ਦਫ਼ਤਰ ਰਾਹ ਵਿਚ ਪੈਂਦਾ ਸੀ। ਕਦੇ ਕਦੇ ਮੈਂ ਕਾਲਿਜ ਤੋਂ ਘਰ ਨੂੰ ਜਾਂਦਿਆਂ ਸਕੂਟੀ ਮੰਮੀ ਦੇ ਦਫ਼ਤਰ ਵੱਲ ਮੋੜ ਲੈਂਦੀ ਸੀ। ਮੰਮੀ ਦੀ ਪਿੱਠ ਪਿਛੇ ਉਹਦੀਆਂ ਕੁਲੀਗ ਹੱਸਦੀਆਂ, "ਕਿਹੋ ਜੇ ਰੁੱਖੇ ਸੁਭਾ ਦੀ ਏ ਤੇਰੀ ਮੰਮੀ। ਕਿਸੇ ਨਾਲ ਵੀ ਖੁੱਲ੍ਹ ਕੇ ਗੱਲ ਈ ਨੀ ਕਰਦੀ। ਕਿਸੇ ਨਾਲ ਭਿੱਜਦੀ ਨੀ ਹੈਗੀ। ਬੱਸ ਮਤਲਬ ਦੀ ਓ ਗੱਲ ਕਰਦੀ ਏ। ਲੰਚ ਵੇਲੇ ਸਟਾਫ ਮੈਂਬਰ ਖੁੱਲ੍ਹ ਕੇ ਦਿਲ ਦੀ ਭੜਾਸ ਕੱਢਦੇ ਨੇ। ਹਾਸੇ ਹਾਸੇ ਵਿਚ ਇਕ ਦੂਸਰੇ ਉੱਤੇ ਵਿਅੰਗ ਕਸਦੇ ਨੇ। ਪਰ ਕਿਸੇ ਜੈਂਟਸ ਦੀ ਕੀ ਮਜ਼ਾਲ ਕਿ ਤੇਰੀ ਮੰਮੀ ਦੀਆਂ ਅੱਖਾਂ ਵਿਚ ਅੱਖਾ ਪਾ ਕੇ ਕੋਈ ਹਸਾਉਣਾ ਚੁਟਕਲਾ ਸੁਣਾ ਸਕੇ।" ਮੰਮੀ ਮੈਨੂੰ ਕਿਤਾਬਾਂ ਜਾਂ ਕਪੜੇ ਖਰੀਦਣ ਲਈ ਪੈਸੇ ਦੇ ਕੇ ਦਫਤਰੋਂ ਬਾਹਰ ਆ ਕੇ ਸਮਝਾਉਂਦੀ, "ਤੂੰ ਮੇਰੇ ਦਫ਼ਤਰ ਨਾ ਈ ਆਇਆ ਕਰੇਂ ਤਾਂ ਚੰਗਾ ਏ, ਦਫ਼ਤਰਾਂ ਦਾ ਮਾਹੌਲ ਬਹੁਤਾ ਚੰਗਾ ਨਹੀਂ... ਚੱਕ ਥੱਲ ਕਰਨ ਵਾਲਾ ਹੁੰਦਾ ਏ।"

ਮੈਂ ਤਾਂ ਮੰਮੀ ਦੀ ਦਫ਼ਤਰ ਇਸ ਕਰਕੇ ਚਲੀ ਜਾਂਦੀ ਸੀ ਕਿ ਚਲੋ ਦਫ਼ਤਰ ਵਿਚ ਉਹ ਮੇਰੇ ਨਾਲ ਹੋਰਾਂ

ਸਾਹਮਣੇ ਹੱਸ ਕੇ ਤਾਂ ਬੋਲਦੀ ਸੀ। ਪਰ ਘਰ ਤਾਂ ਉਹ ਮੇਰੇ ਨਾਲ ਤਣਾਓ ਵਿਚ ਹੀ ਰਹਿੰਦੀ ਸੀ। ਪਲੱਸ ਟੂ ਕਰਨ ਤੋਂ ਬਾਅਦ ਉਹ ਮੈਨੂੰ ਉਹਦੇ ਕੁਲੀਗ ਦੇ ਮੁੰਡੇ, ਕੁੜੀਆਂ ਵਾਂਗ ਇੰਜੀਅਨਰਿੰਗ ਦਾ ਕੋਰਸ ਕਰਵਾਉਣਾ ਚਾਹੁੰਦੀ ਸੀ ਪਰ ਮੈਂ ਪਹਿਲੀ ਵਾਰ ਮੰਮੀ ਦੇ ਵਿਰੋਧ ਵਿਚ ਖੜ੍ਹੀ ਹੋ ਗਈ ਸਾਂ। ਤੇ ਮੈਂ ਜ਼ਿੱਦ ਕਰਕੇ ਸੈਕਟਰ ਗਿਆਰਾਂ ਦੇ ਕੁੜੀਆਂ ਦੇ ਕਾਲਿਜ ਵਿਚ ਬੀ ਏ ਭਾਗ ਪਹਿਲਾ ਵਿਚ ਦਾਖਲਾ ਲੈ ਲਿਆ ਸੀ। ਉਦੋਂ ਤੋਂ ਮੰਮੀ ਨੇ ਮੇਰੇ ਨਾਲ ਬੋਲ-ਚਾਲ ਬੰਦ ਕਰ ਦਿੱਤੀ ਸੀ। ਅਣ ਸਰਦੇ ਨੂੰ ਹੀ ਮੈਨੂੰ ਬੁਲਾਉਂਦੀ ਸੀ। ਮੇਰੇ ਬੁਲਾਉਣ ਉੱਤੇ ਵੀ , 'ਹਾਂ-ਹੂੰ' ਕਰ ਛੱਡਦੀ ਸੀ। ਮੈਂ ਮੰਮੀ ਦੁਆਰਾ ਮੇਰੇ ਆਪਣੇ ਨਾਲ ਕੀਤੇ ਜਾਂਦੇ ਰੁੱਖੇ ਵਰਤਾ ਦਾ ਕਾਰਨ ਜਾਣਨਾ ਚਾਹੁੰਦੀ ਸਾਂ। ਪਰ ਪੁੱਛਦੀ ਕਿਸੇ ਤੋਂ? ... ਕਿਉਂਕਿ ਮੰਮੀ ਦਾ ਕੋਈ ਹਮਰਾਜ਼ ਹੀ ਨਹੀਂ ਸੀ। ਉਹਦੀ ਕਿਸੇ ਨਾਲ ਗੁਫਤਗੂ ਹੀ ਨਹੀਂ ਸੀ। ਪਰ ਉਹ ਡਾਇਰੀ ਜ਼ਰੂਰ ਲਿਖਦੀ ਸੀ। ਇਕ ਦਿਨ ਮੰਮੀ ਬਾਥਰੂਮ ਵਿਚ ਨਹਾਉਣ ਲਈ ਵੜੀ ਤਾਂ ਮੈਂ ਉਹਦੀ ਡਾਇਰੀ ਦੇ ਕੁਝ ਪੰਨੇ ਫਰੋਲ ਕੇ ਡਰਦੀ ਡਰਦੀ ਨੇ ਉਡਦੀ ਉਡਦੀ ਨਜ਼ਰ ਮਾਰਦਿਆਂ ਪੜ੍ਹੇ ਸਨ। ਕਿਉਂਕਿ ਇਕ ਅੱਖ ਮੇਰੀ ਮੰਮੀ ਦੇ ਬਾਥਰੂਮ ਦਾ ਦਰਵਾਜ਼ਾ ਖੁੱਲ੍ਹਣ ਵੱਲ ਸੀ।

'ਜਿਹੜੇ ਮਰਦ ਆਪਣੇ ਨਾਵਾਂ ਨਾਲ ਆਪਣੀ ਜਾਤੀ ਦਾ ਨਾਂ ਲਾਉਂਦੇ ਨੇ ਜਿਵੇਂ ਸੈਣੀ, ਕੱਸ਼ਅਪ, ਧੀਮਾਨ, ਗੁੱਜਰ, ਟਾਂਕ ਆਦਿ ਉਹ ਤਾਂ ਠੀਕ ਹੈ... ਪਛਾਣੇ ਜਾਂਦੇ ਨੇ... ਕਿ ਉਹ ਕਿਹੜੀ ਜਾਤੀ ਨਾਲ ਸਬੰਧ ਰੱਖਦੇ ਨੇ। ਪਰ ਜਿਹੜੇ ਮਰਦ ਆਪਣੇ ਨਾਵਾਂ ਨਾਲ ਪਿੰਡ ਜਾਂ ਸ਼ਹਿਰ ਦਾ ਨਾਂ ਲਾਉਂਦੇ ਨੇ ਜਾਂ ਫੇਰ ਅਰਸ਼, ਉਪਾਸ਼ਕ, ਅਰਸ਼ੀ, ਦੀਪਕ, ਪਾਠਕ, ਦਰਦੀ, ਹਮਦਰਦ ਆਦਿ ਤਖੱਲਸ ਲਾਉਂਦੇ ਨੇ ...ਉਹਨਾਂ ਦਾ ਪਤਾ ਹੀ ਨਹੀਂ ਲਗਦਾ... ਕਿ ਉਹ ਕਿਹੜੀ ਜਾਤੀ ਦੇ ਹਨ? ਉਂਝ ਮੈਂ ਮਰਦਾਂ ਦੀ ਪਰਵਾਹ ਨਹੀਂ ਕਰਦੀ। ਕੋਈ ਮਰਦ ਮੇਰੇ ਸਾਹਮਣੇ ਅੱਖ ਚੁੱਕ ਕੇ ਤਾਂ ਦਿਖਾਵੇ? ਖੰਘੂਰਾ ਮਾਰ ਕੇ ਤਾਂ ਦਿਖਾਵੇ? ਕੋਈ ਮਰਦ ਮੇਰਾ ਰਾਹ ਰੋਕ ਨੀ ਸਕਦਾ... ਕੋਈ ਮਰਦ ਮੇਰੀ ਕੋਠੀ ਵਿਚ ਵੜ ਨਹੀਂ ਸਕਦਾ।'

ਮੰਮੀ ਨੇ ਆਪਣੀ ਡਾਇਰੀ ਵਿਚ ਹੋਰ ਵੀ ਆਪਣੀ ਬਹਾਦਰੀ ਦੀਆਂ ਸਿਫਤਾਂ ਕੀਤੀਆਂ ਹੋਈਆਂ ਸਨ। ਕੁਝ ਮਰਦਾਂ ਨੂੰ ਸਬਕ ਸਿਖਾਉਣ ਦੀਆਂ ਹੋਛੀਆਂ ਜਿਹੀਆਂ ਘਟਨਾਵਾਂ ਵੀ ਲਿਖੀਆਂ ਹੋਈਆਂ ਸਨ। ਜਿਹੜੀਆਂ ਕਿ ਉਹਦੀ ਅਸੁਰੱਖਿਆ ਦੀ ਭਾਵਨਾ ਨੂੰ ਹੀ ਪਰਗਟ ਕਰਦੀਆਂ ਸਨ। ਮੈਂ ਪੜ੍ਹਕੇ ਹੈਰਾਨ ਹੁੰਦੀ ਰਹੀ ਕਿ ਉਪਰੋਂ ਉਪਰੋਂ ਏਨੀ ਮਜਬੂਤ ਦਲੇਰ ਤੇ ਬੋਲਡ ਨਜ਼ਰ ਆਉਣ ਵਾਲੀ ਮੰਮੀ... ਅੰਦਰੋਂ ਏਨੀ ਕਮਜ਼ੋਰ ਤੇ ਅਸੁਰੱਖਿਤ ਕਿਉਂ ਹੈ? ਜੇਕਰ ਮਰਦ ਆਪਣੇ ਨਾਵਾਂ ਨਾਲ ਜਾਤੀਆਂ ਜਾਂ ਪਿੰਡਾਂ ਤੇ ਸ਼ਹਿਰਾਂ ਦੇ ਨਾਂ ਲਾਉਂਦੇ ਹਨ ਜਾਂ ਆਪਣੇ ਨਾਵਾਂ ਨਾਲ ਤਖੱਲਸ ਲਾਉਂਦੇ ਹਨ ਫਿਰ ਇਸ ਨਾਲ ਮੰਮੀ ਨੂੰ ਕੀ ਫਰਕ ਪੈਂਦਾ ਹੈ? ਜ਼ਰੂਰ ਹੀ ਮੰਮੀ ਨਾਲ ਕੋਈ ਅਣਹੋਣੀ ਘਟਨਾ ਵਾਪਰੀ ਹੋਵੇਗੀ?"

ਪਰ ਮੈਂ ਮੰਮੀ ਦੇ ਮਨ ਦਾ ਭੇਤ ਕਿਵੇਂ ਪਾ ਸਕਦੀ ਸਾਂ? ਜਦਕਿ ਉਹ ਮੇਰੇ ਨਾਲ ਸਿੱਧੇ ਮੂੰਹ ਗੱਲ ਹੀ ਨਹੀਂ ਸੀ ਕਰਦੀ? ਮੈਂ ਕਾਲਿਜ ਤੋਂ ਪੰਜਾਬੀ ਦੀ ਐਮ. ਏ. ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀਐਚ. ਡੀ. ਕਰਨ ਲੱਗ ਪਈ ਸਾਂ। ਜਦ ਮੈਂ ਮੰਮੀ ਨੂੰ ਦੱਸਿਆ ਕਿ ਮੈਂ ਇਕੀਵੀਂ ਸਦੀ ਦੇ ਪਹਿਲੇ ਡੇਢ ਦਹਾਕੇ ਵਿਚ ਲਿਖੀ ਗਈ ਪੰਜਾਬੀ ਦਲਿਤ ਕਹਾਣੀ ਉੱਤੇ ਖੋਜ ਕਰਨ ਲੱਗ ਪਈ ਹਾਂ, ਤਾਂ ਉਹ ਮੈਨੂੰ ਟੁੱਟ ਕੇ ਪਈ, "ਤੂੰ ਉਹੀ... ਦੀ ਉਹੀ... ਨਿਕਲੀ?" ਮੈਂ ਸੋਚੀਂ ਪੈ ਗਈ, "ਮੈਂ ਉਹੀ ਦੀ ਉਹੀ ਨਿਕਲੀ?' ਇਸ ਦਾ ਕੀ ਮਤਲਬ ਹੋ ਸਕਦਾ ਹੈ? ਮੰਮੀ ਨੂੰ ਤਾਂ ਮੈਂ ਪੁੱਛ ਹੀ ਨਹੀਂ ਸੀ ਸਕਦੀ। ਪਰ ਇਹ ਗੱਲ ਮੇਰੇ ਦਿਲ ਨੂੰ ਚੀਰਦੀ ਨਿਕਲ ਗਈ ਸੀ। ਪਰ ਮੈਂ ਇਹਦੇ ਬਾਰੇ ਜਾਣਨਾ ਜ਼ਰੂਰ ਚਾਹੁੰਦੀ ਸੀ।

ਪਰ ਮੈਂ ਤਾਂ ਮੰਮੀ ਦੇ ਮੱਥੇ ਉੱਤੇ ਪਈ ਤਿਊੜੀ ਕਰਕੇ... ਉਸ ਤੋਂ ਇਹ ਪੁੱਛਣ ਦੀ ਜ਼ੁਰਅਤ ਵੀ ਨਹੀਂ

ਕਰ ਸਕਦੀ ਸਾਂ... ਕਿ , "ਮੰਮੀ ਤੂੰ ਤਾਂ ਮਰਦਾਂ ਨੂੰ ਏਨੀ ਨਫ਼ਰਤ ਕਰਦੀ ਏਂ? ਫਿਰ ਮੇਰੇ ਸਕੂਲ ਦੇ ਰਿਕਾਰਡ ਵਿਚ... ਮੇਰੇ ਪਿਤਾ ਦਾ ਲਿਖਵਾਇਆ ਨਾਂ ਅਸਲੀ ਏ ਜਾਂ ਨਕਲੀ? ਮੈਂ ਮੰਮੀ ਨੂੰ ਪੁੱਛਣਾ ਚਾਹੁੰਦੀ ਕਿ ਜਾਂ ਫਿਰ ਇਹ ਦੱਸ? ਕਿ ਮੇਰੇ ਪਿਤਾ ਜੀ ਕੌਣ ਹਨ। ਜੇ ਹਨ ਤਾਂ ਫਿਰ ਉਹ ਕਿੱਥੇ ਰਹਿੰਦੇ ਹਨ। ਤੇ ਸਾਡੇ ਕੋਲ ਕਿਉਂ ਨਹੀਂ ਰਹਿੰਦੇ? ਮੈਂ ਸੋਚਦੀ ਕਿ ਜੇ ਉਹ ਸਾਡੇ ਕੋਲ ਰਹਿੰਦੇ ਹੁੰਦੇ ਫਿਰ ਜੇ ਮੈਨੂੰ ਮੰਮੀ ਦਾ ਪਿਆਰ ਨਹੀਂ ਮਿਲਿਆ ਤਾਂ ਪਿਤਾ ਜੀ ਦਾ ਪਿਆਰ ਤਾਂ ਮਿਲਦਾ।

ਮੇਰੀਆਂ ਆਪਣੇ ਕਮਰੇ ਵਿਚ ਬੈਠੀ ਦੀਆਂ ਅੱਖਾਂ ਭਰ ਆਉਂਦੀਆਂ ਕਿ ਜੇ ਮੇਰੇ ਪਿਤਾ ਜੀ ਹਨ ਹੀ ਨਹੀਂ, ਫਿਰ ਮੰਮੀ ਮੈਨੂੰ ਸਾਫ਼ ਸਾਫ਼ ਦੱਸ ਦਵੇ ਕਿ ਮੈਂ ਟੈਸਟ ਟਿਊਬ ਬੇਬੀ ਹਾਂ। ਤੇ ਕਿਸੇ ਡਾਕਟਰ ਨੇ ਆਪਣੇ ਕਲੀਨਿਕ ਵਿਚ 'ਸੀਮਨ ਬੈਂਕ' ਤੋਂ ਅਣ ਪਛਾਤੇ ਮਰਦ ਦਾ ਸੀਮਨ ਲੈ ਕੇ ਅਤੇ ਸ਼ੁਕਰਾਣੂ ਮੰਮੀ ਦੀ ਕੁੱਖ ਤੋਂ ਐਗ ਨਾਲ ਟੈਸਟ ਟਿਊਬ ਵਿਚ ਭਰੂਣ ਫਰਟਾਈਲ ਕੀਤਾ ਤੇ ਮੰਮੀ ਨੇ ਉਸ ਭਰੂਣ ਤੋਂ ਆਪਣੀ ਕੁੱਖ ਵਿਚੋਂ ਮੈਨੂੰ ਜਨਮ ਦਿੱਤਾ। ਤੇ ਮੈਂ 'ਟੈਸਟ ਟਿਊਬ ਬੇਬੀ ਹਾਂ। ਮੇਰੇ ਚਿਹਰੇ ਉੱਤੇ ਇਕ ਦੁੱਖ ਭਰੀ ਮੁਸਕਾਨ ਆਈ। ਕਿ ਫਿਰ ਅਜਿਹਾ ਬੱਚਿਆਂ ਦੇ ਪਿਤਾ ਦੇ ਨਾਂ ਦੇ ਖਾਨੇ ਵਿਚ ਮਾਵਾਂ ਨੂੰ ਕਿਸੇ ਫਰਜ਼ੀ ਪਿਓ ਦਾ ਨਾਂ ਲਿਖਵਾਉਣ ਦੀ ਥਾਂ 'ਟੈਸਟ ਟਿਯੂਬ ਬੇਬੀ' ਲਿਖਵਾ ਦੇਣਾ ਚਾਹੀਦਾ ਹੈ। ਤਾਂ ਜੋ 'ਟੈਸਟ ਟਿਊਬ ਬੇਬੀ ਬੱਚੇ ਆਪਣੇ ਪਿਤਾ ਦੀ ਭਾਲ ਤਾਂ ਨਾ ਕਰਨ। ਤੇ ਉਹ ਸਬਰ ਕਰ ਲੈਣ ਕਿ ਉਨ੍ਹਾਂ ਦਾ ਕੋਈ ਪਿਓ ਨਹੀਂ ਤੇ ਉਨ੍ਹਾਂ ਨੂੰ ਪਿਓ ਦੇ ਪਿਆਰ ਤੋਂ ਵਾਂਝੇ ਰਹਿਣਾ ਪੈਣਾ ਹੈ।' ਕੀ ਮੈਨੂੰ ਸਚਮੁੱਚ ਮੰਮੀ ਦੇ ਪਿਆਰ ਤੋਂ ਵਾਂਝੇ ਰਹਿਣ ਦੇ ਨਾਲ ਨਾਲ ਡੈਡੀ ਦੇ ਪਿਆਰ ਤੋਂ ਵੀ ਵਾਂਝਾ ਰਹਿਣਾ ਪਵੇਗਾ? ਇਹ ਪ੍ਰਸ਼ਨ ਮੇਰੇ ਦਿਮਾਗ਼ ਵਿਚ ਚੱਕਰ ਕੱਟਣ ਲੱਗ ਪੈਂਦਾ... ਮੇਰਾ ਸਿਰ ਦੁੱਖਣ ਲੱਗ ਪੈਂਦਾ। ਤੇ ਮੈਂ ਸਿਰ ਫੜ ਕੇ ਬਹਿ ਜਾਂਦੀ।

ਇਕ ਦਿਨ ਮੈਂ ਦੇਖਿਆ ਕਿ ਮੰਮੀ ਦੇ ਕਮਰੇ ਵਿਚ ਉਹਦੀ ਡਾਇਰੀ ਖੁੱਲ੍ਹੀ ਪਈ ਸੀ। ਮੈਂ ਗੇਟ ਤੋਂ ਬਾਹਰ ਨਿਕਲ ਕੇ ਦੇਖਿਆ ਮੰਮੀ ਆਪਣੀ ਸਕੂਟੀ ਉੱਤੇ ਦੂਰ ਨਿਕਲ ਗਈ ਸੀ। ਸ਼ਾਇਦ ਉਹ ਦਫਤਰ ਜਾਣ ਦੀ ਕਾਹਲ ਵਿਚ, ਆਪਣੀ ਡਾਇਰੀ ਨੂੰ ਲੁਕੋ ਕੇ ਰੱਖਣਾ ਭੁੱਲ ਗਈ ਸੀ। ਮੈਂ ਕੰਬਦੇ ਹੱਥਾਂ ਨਾਲ ਡਾਇਰੀ ਖੋਲ੍ਹ ਕੇ ਪੜ੍ਹਨ ਲੱਗੀ। ਮੇਰਾ ਦਿਲ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ, ਕਿ ਡਾਇਰੀ ਵਿੱਚ ਮੇਰੇ ਜਨਮ ਬਾਰੇ ਪਤਾ ਨਹੀਂ ਕੀ ਕੁਝ ਲਿਖਿਆ ਹੋਵੇ।

ਮੈਂ ਡਾਇਰੀ ਨੂੰ ਖੋਲ੍ਹ ਕੇ ਪੜ੍ਹਨ ਲੱਗੀ, "ਇਕ ਰਾਤ ਮੈਂ ਮੰਦਰ ਵਿਚ ਮੱਥਾ ਟੇਕ ਕੇ ਵਾਪਸ ਘਰ ਨੂੰ ਆ ਰਹੀ ਸਾਂ। ਮੇਰੇ ਦੇਖਦੇ ਹੀ ਦੇਖਦੇ ਚਾਰੇ ਪਾਸੇ ਨ੍ਹੇਰ-ਘੁੱਪ ਛਾ ਗਿਆ ਸੀ। ਝੱਖੜ ਤੁਫਾਨੀ ਹਵਾਵਾਂ ਨਾਲ ਬ੍ਰਿਛਾ ਬੂਟਿਆ ਦੇ ਟਾਹਣੇ ਟੁੱਟ ਕੇ ਡਿੱਗ ਰਹੇ ਸਨ। ਰੁੱਖ ਜੜ੍ਹਾਂ ਤੋਂ ਉਖੜ ਕੇ ਡਿੱਗ ਰਹੇ ਸਨ। ਸ਼ਹਿਰ ਦੀ ਬਿਜਲੀ ਦਾ ਗਰਜਣਾ ਤੇ ਬਿਜਲੀ ਦਾ ਲਿਸ਼ਕਣਾ ਭੈ ਭੀਤ ਕਰ ਰਿਹਾ ਸੀ। ਜਿਵੇਂ ਮਹਾਂ ਪ੍ਰਲੋ ਆ ਗਈ ਹੋਵੇ। ਮੈਂ ਤੇਜ਼ ਬਾਰਸ਼ ਵਿਚ ਭਿੱਜਦੀ ਕੰਬਦੀ, ਡਰਦੀ, ਦਹਿਲਦੀ ਇਕ ਦਰਖੱਤ ਨੂੰ ਫੜ ਕੇ ਖੜ੍ਹ ਗਈ ਸਾਂ ਤੇ ਡਰ ਰਹੀ ਸਾਂ ਕਿ ਹਨੇਰੀ ਵਿਚ ਝੂਲਦੇ ਬ੍ਰਿਛ  ਦਾ ਕੋਈ ਟਾਹਣਾ ਟੁੱਟ ਕੇ ਮੇਰੇ ਉੱਤੇ ਨਾ ਡਿੱਗ ਪਵੇ। ਏਨੇ ਨੂੰ ਮੈਨੂੰ ਇਕ ਸੰਤ, ਮਹਾਤਮਾ ਮੰਦਰ ਵੱਲ ਨੂੰ ਆਉਂਦੇ ਨਜ਼ਰ ਪਏ। ਸੰਤ ਜੀ ਬਿਨਾ ਕਿਸੇ ਡਰ ਭੈ ਤੋਂ ਜਿਵੇਂ ਸੁਰਤੀ ਦਸਵੇਂ ਦੁਆਰ ਲੱਗੀ ਹੋਵੇ, ਮਸਤ ਚਾਲ ਤੁਰੇ ਆ ਰਹੇ ਸਨ। ਮੈਂ ਡਰ ਤੇ ਪਾਲੇ ਨਾਲ ਕੰਬਦਿਆਂ ਸੰਤ ਜੀ ਨੂੰ ਦੋਵੇਂ ਹੱਥ ਜੋੜ ਕੇ ਨਮਸਕਾਰ ਕੀਤੀ ਤੇ ਪੁੱਛਿਆ, "ਮਹਾਤਮਾ ਜੀ ! ਚਾਰੇ ਪਾਸੇ ਨ੍ਹੇਰ ਗੁਬਾਰ, ਚੀਕ਼ ਪੁਕਾਰ ਹੈ ਤੇ ਅਕਾਸ਼ੀ ਬਿਜਲੀ ਡਿੱਗਣ ਦੀ ਗਰਜਵੀ ਅਵਾਜ਼ ਮਹਾਂ ਪਰਲੋ ਆਈ ਹੋਈ ਹੈ। ਪਰ ਤੁਸੀਂ ਬੇਫਿਕਰ ਨਿੱਡਰ ਤੇ ਅਡੋਲ ਤੁਰੇ ਜਾ ਰਹੇ ਹੋ?"

"ਹੇ ਦੇਵੀ ਇਸ ਮੇਂ ਡਰਨੇ ਕੀ ਕਿਆ ਬਾਤ ਹੈ। ਜੋ ਕੁਛ ਹੋਣਾ ਹੈ ਵੋ ਤੋਂ ਹੋ ਕੇ ਰਹੇਗਾ। ਫਿਰ ਇਸਮੇਂ

ਦੁਖ ਕਲੇਸ਼ ਕਾਹਦਾ?'' ਮੈਂ ਮਹਾਤਮਾ ਜੀ ਦੇ ਪੈਰੀ ਡਿੱਗ ਪਈ ਤੇ ਗਿੜਗਿੜਾਈ, ''ਸੰਤ ਜੀ ਤੁਸੀਂ ਮੌਤ ਉੱਤੇ ਵਿਜੈ ਪਾ ਲਈ ਐ। ਮਹਾਤਮਾ ਜੀ ! ਮੀਂਹ ਹਨੇਰੀ ਝੱਖੜ, ਬੱਦਲਾਂ ਦੀ ਗੜਗੜਾਹਟ... ਮਹਾਂ ਪਰਲੋ ਮੈਂ ਤਾਂ ਰਸਤੇ ਵਿਚ ਹੀ ਡਿੱਗ ਕੇ ਮਰ ਜਾਵਾਂਗੀ। ਮੇਰਾ ਘਰ ਇਥੋਂ ਥੋੜੀ ਦੂਰ ਤੇ ਹੈ। ਤੁਸੀਂ ਮੇਰੇ ਘਰ ਤੱਕ ਮੇਰੇ ਨਾਲ ਚੱਲੋ... ਮੈਂ ਥੁਆਡਾ ਅਹਿਸਾਨ ਕਦੇ ਨਹੀਂ ਭੁਲਾਂਗੀ।''

''ਚੌਹੀਂ ਪਾਸੀਂ ਨ੍ਹੇਰ-ਗੁਬਾਰ ਹੈ, ਜਲ ਥਲ ਹੋਇਆ ਪਿਆ ਸੀ। ਮੈਂ ਪੈਰ ਤਿਲਕ ਕੇ ਡਿੱਗਣ ਤੋਂ ਡਰਦਿਆਂ ਸੰਤ ਜੀ ਦੀ ਬਾਂਹ ਫੜ੍ਹ ਕੇ ਉਨ੍ਹਾਂ ਦੇ ਨਾਲ ਨਾਲ ਤੁਰਨ ਲੱਗੀ। ਸੰਤ ਜੀ ਬੁੜ੍ਹ ਬੁੜ੍ਹਾਉਂਦੇ ਤੁਰੇ ਜਾ ਰਹੇ ਸਨ। ''ਦੇਵੀ ! ਡਰੋਂ ਮੱਤ, ਪ੍ਰਕਿਰਤੀ ਦਾ ਕਦੇ ਸਰਵ ਨਾਸ਼ ਨਹੀਂ ਹੁੰਦਾ। ਜੇ ਇਕ ਪਾਸੇ ਕੁੱਝ ਟੁੱਟਦਾ ਐ ਤਾਂ ਦੂਸਰੇ ਪਾਸੇ ਕੁੱਝ ਜੁੜਦਾ ਚਲਿਆ ਜਾਂਦਾ ਹੈ। ਪ੍ਰਲੋ ਵਿਚ ਵੀ ਪ੍ਰਕਿਰਤੀ ਦਾ ਉਪਜਾਊਪਣ ਨਸ਼ਟ ਨਹੀਂ ਹੁੰਦਾ। ਪਰਾਸੁਰ ਰਿਸ਼ੀ ਹਸਤਨਾਪੁਰ ਨੇੜੇ ਯਮੁਨਾ ਨਦੀ ਪਾਰ ਕਰਨ ਲਈ ਘਾਟ ਉੱਤੇ ਆਏ। ਮਲਾਹ ਆਪ ਤਾਂ ਬੀਮਾਰ ਸੀ, ਪਰ ਰਿਸ਼ੀਵਰ ਨੂੰ ਨਾਂਹ ਨਾ ਕਰ ਸਕਿਆ। ਤੇ ਉਹਨੇ ਆਪਣੀ ਨੌਜਵਾਨ ਬੇਟੀ ਸਤਿਆਵਤੀ ਨਾਲ, ਪਰਾਸੁਰ ਰਿਸ਼ੀ ਨੂੰ ਕਿਸ਼ਤੀ ਦੁਆਰਾ ਦਰਿਆ ਪਾਰ ਕਰਵਾਉਣ ਲਈ ਭੇਜ ਦਿੱਤਾ ਸੀ ਜਦ ਕਿਸ਼ਤੀ ਯਮੁਨਾ ਦੇ ਅੱਧ ਵਿਚਕਾਰ ਗਈ ਤਾਂ ਹਨੇਰੀ, ਝੱਖੜ, ਤੁਫਾਨ ਮੀਂਹ ਗੜ੍ਹੇ ਔਲੇ... ਮਾਨੋ ਪ੍ਰਲੋ ਆ ਗਈ ਗਈ ਸੀ। ਕਿਸਤੀ ਯਮੁਨਾ ਨਦੀਂ ਦੀਆਂ ਉੱਠਦੀਆਂ ਤੇਜ਼ ਲਹਿਰਾਂ ਵਿਚ ਉਲਝਦੀ ਡਕੋ ਡੋਲੇ ਖਾਂਦੀ ਪਤਾ ਨਹੀਂ ਕਿਧਰ ਦੀ ਕਿਧਰ ਨਿਕਲ ਗਈ ਸੀ। ਪਰਾਸੁਰ ਰਿਸ਼ੀ ਦੇ ਤੇਜ਼ ਪ੍ਰਤਾਪ ਕਰਕੇ ਕਿਸ਼ਤੀ ਡੁੱਬਣ ਤੋਂ ਤਾਂ ਬਚ ਗਈ, ਪਰ ਯਮੁਨਾ ਕਿਨਾਰੇ ਦੇ ਬ੍ਰਿਛ ਦੇ ਝੁੰਡ ਵਿਚ ਫਸ ਗਈ। ਮਲਾਹ ਦੀ ਜਵਾਨ ਬੇਟੀ ਸਤਿਆਵਤੀ ਰੋਂਦੀ ਕੁਰਲਾਂਦੀ ਯਮੁਨਾ ਦੇ ਤੇਜ਼ ਵਹਾਅ ਵਿਚ ਡੁੱਬਣ ਤੋਂ ਡਰਦੀ, ਪਰਾਸੁਰ ਰਿਸ਼ੀ ਦੇ ਨਾਲ ਚਿੰਬੜ ਕੇ ਬੈਠੀ ਰਹੀ। ਸਮਾਂ ਪਾ ਕੇ ਸਤਿਆਵਤੀ ਦੀ ਕੁੱਖ ਤੋਂ ਇਕ ਬਾਲਕ ਨੇ ਜਨਮ ਲਿਆ। ਜਿਹੜਾ ਕਿ ਵੱਡਾ ਹੋ ਕੇ ਰਿਸ਼ੀ ਵੇਦ ਵਿਆਸ ਦੇ ਨਾਂ ਨਾਲ ਪ੍ਰਸਿੱਧ ਹੋਇਆ। ਤੇ ਉਹਨੇ ਸੰਸਾਰ ਪ੍ਰਸਿੱਧ ਮਹਾਂਕਾਵਿ 'ਮਹਾਂਭਾਰਤ' ਦੀ ਰਚਨਾ ਕੀਤੀ।''

ਘਰ ਪਹੁੰਚ ਕੇ ਮੈਂ ਦੇਖਿਆ ਕਿ ਵਿਹੜੇ ਵਿਚ ਗੋਡੇ ਗੋਡੇ ਪਾਣੀ ਖੜਾ ਸੀ। ਘਰ ਵਿਚ ਹਨੇਰਾ ਘੁੱਪ , ਨਾ ਬਿਜਲੀ ਨਾ ਪਾਣੀ। ਮੇਰੇ ਪਹਿਨੇ ਹੋਏ ਕੱਪੜਿਆਂ ਵਿਚੋਂ ਪਾਣੀ ਨੁਚੜ ਰਿਹਾ ਸੀ। ਮੈਂ ਪਾਲੇ ਤੇ ਡਰ ਨਾਲ ਕੰਬਦੀ ਨੇ ਮਹਾਤਮਾ ਜੀ ਅੱਗੇ ਅਰਜੋਈ ਕੀਤੀ, ''ਜਿਵੇਂ ਤੁਸੀਂ ਇਸ ਮਹਾਂ ਪ੍ਰਲੋ ਵਿਚ ਮੈਨੂੰ ਘਰ ਤੱਕ ਲਿਆਏ ਹੋ... ਹੁਣ ਰਾਤ ਨੂੰ ਵੀ ਮੇਰੇ ਗ੍ਰਹਿ ਵਿਚ ਠਹਿਰ ਕੇ ਮੈਨੂੰ ਸਹਾਰਾ ਦਿਓ। ਜਿਵੇਂ ਮਹਾਂ ਭਾਰਤ ਦੇ ਰਚੈਤਾ ਰਿਸ਼ੀ ਵੇਦ ਵਿਆਸ ਦੇ ਜਨਮ ਦੀ ਕਥਾ ਸੁਣਾਈ ਏ... ਅੱਜ ਦੀ ਰਾਤ ਮੇਰੇ ਗ੍ਰਹਿ ਵਿਚ ਰਹਿ ਕੇ ਮੈਨੂੰ ਹੋਰ ਕਥਾ ਕਹਾਣੀਆਂ ਸਾਖੀਆਂ ਸੁਣਾਓ... ਤੇ ਮੇਰੇ ਘਰ ਨੂੰ ਪਵਿੱਤਰ ਕਰੋ।''

ਜਦ ਮੈਨੂੰ ਕੁੱਝ ਸਮਾਂ ਬਾਅਦ ਪਤਾ ਲੱਗਿਆ ਕਿ ਮੈਂ ਗਰਭਵਤੀ ਹਾਂ ਮੇਰੀ ਖੁਸ਼ੀ ਦਾ ਠਿਕਾਣਾ ਨਾ ਰਿਹਾ। ਮੈਨੂੰ ਜਾਪਿਆ ਜਿਵੇਂ ਰਿਸ਼ੀ ਪਰਾਸਰ ਨੇ ਪ੍ਰਲੋ ਵਿਚ ਸਤਿਆਵਤੀ ਦੀ ਕੁੱਖ ਹਰੀ ਕੀਤੀ ਸੀ... ਉਸੇ ਤਰ੍ਹਾਂ ਮਹਾਂ ਪ੍ਰਲੋ ਵਿਚ ਅਰਸ਼ੋ ਉੱਤਰੇ ਸੰਤ, ਮਹਾਤਮਾ ਨੇ ਮੇਰੀ ਝੋਲੀ ਖੁਸ਼ੀਆਂ ਨਾਲ ਭਰ ਦਿੱਤੀ ਹੈ। ਤੇ ਜਿਵੇਂ 'ਮਲਾਹ ਦੀ ਬੇਟੀ' ਦੀ ਕੁਖੋਂ ਰਿਸ਼ੀ ਵੇਦ ਵਿਆਸ ਨੇ ਜਨਮ ਲਿਆ ਸੀ... ਇਸੇ ਤਰ੍ਹਾਂ ਮੇਰੀ 'ਬ੍ਰਾਹਮਣ ਦੀ ਬੇਟੀ' ਦੀ ਕੁੱਖ ਤੋਂ ਵੀ ਕੋਈ ਮਹਾਨ ਪੁਰਖ ਜਨਮ ਲਵੇਗਾ। ਅਜ ਕੱਲ ਬੱਚੇ ਨੂੰ ਛੁਪ ਕੇ ਜਨਮ ਦੇਣਾ ਕੀ ਔਖਾ ਹੈ। ਮੈਂ ਲੰਬੀ ਛੁੱਟੀ ਲੈ ਕੇ ਹਿਮਾਚਲ ਜਾਂ ਉਤਰਾਖੰਡ ਦੇ ਕਿਸੇ ਪਹਾੜੀ ਇਲਾਕੇ ਵਿਚ ਚਲੀ ਜਾਵਾਂਗੀ। ਤੇ ਬੱਚੇ ਦੇ ਜਨਮ ਤੋਂ ਬਾਅਦ ਕਿਸੇ ਗਰੀਬ ਗੁਰਬੇ ਨੂੰ ਪੈਸੇ ਦੇ ਕੇ ਉਸ ਕੋਲੋਂ ਬੱਚਾ ਗੋਦ ਲੈਣ ਦੇ ਕਾਗਜ਼ ਬਣਵਾ ਕੇ ਵਾਪਸ ਘਰ ਆ ਜਾਵਾਂਗੀ।

ਪਰ ਜਦ ਮੈਂ ਚਾਰ ਕੁ ਮਹੀਨੇ ਬਾਅਦ ਆਪਣੇ ਘਰ ਆਪਣੇ ਪਿੰਡ ਪਲ੍ਹਣਪੁਰ ਗਈ ਤਾਂ ਮੈਨੂੰ ਦੇਬੂ ਭੰਗੀ ...ਦੇਬੂ ਦਾ ਪਿਓ ਸਾਡਾ ਸੀਰੀ ਹੁੰਦਾ ਸੀ। ਨਿੱਕੇ ਹੁੰਦਿਆਂ ਦੇਬੂ, ਸਾਫ਼ ਸਫ਼ਾਈ ਕਰਨ ਲਈ ਉਹਦੇ ਨਾਲ ਆ ਜਾਂਦਾ ਸੀ।ਅਸੀਂ ਛੂਤ ਲੱਗਣ ਦੇ ਡਰੋਂ ਰੋਟੀ ਸਬਜੀ ਦੂਰੋਂ ਉਹਨਾਂ ਦੇ ਹੱਥਾਂ ਉੱਤੇ ਸੁਟਦੇ ਹੁੰਦੇ ਸੀ। ਮੈਂ ਦੇਬੂ ਨੂੰ ਪੁੱਛਿਆ, "ਤੂੰ ਸੰਤ ਕਦੋਂ ਦਾ ਬਣ ਗਿਆ?" ਉਹ ਬੋਲਿਆ, "ਬਹੁਤ ਸਮਾਂ ਪਹਿਲਾਂ ਮੈਂ ਘਰੋਂ ਨਿਕਲ ਗਿਆ ਸੀ। ਮੈਂ ਸਾਧਾਂ ਸੰਤਾਂ ਦੇ ਡੇਰਿਆਂ ਵਿਚ ਸੇਵਾ ਕਰਦਾ ਰਿਹਾ, ਗਿਆਨ ਪ੍ਰਾਪਤ ਕਰਦਾ ਰਿਹਾਂ।" ਮੈਂ ਉਹਦੀ ਗੱਲ ਵਿਚੋਂ ਕੱਟਕੇ ਪੁੱਛਿਆ, "ਤੂੰ ਕੁਝ ਸਮਾਂ ਪਹਿਲਾਂ ਜਿਸ ਰਾਤ ਹਨੇਰੀ -ਝੱਖੜ ਮੀਂਹ ਨੇ ਕਹਿਰ ਵਰਤਾਇਆ ਸੀ ਤੂੰ ਚੰਡੀਗੜ੍ਹ ਵੀ ਗਿਆ ਸੀ। " ਉਹਨੇ ਦੱਸਿਆ ਕਿ ਇਕ ਡਰੀ ਸਹਿਮੀ ਘਬਰਾਈ ਹੋਈ ਇਕ ਇਸਤਰੀ ਨੂੰ ਉਹ ਹਨ੍ਹੇਰੀ ਝੱਖੜ ਵਾਲੀ ਰਾਤ ਵੀਹ ਸੈਕਟਰ ਵਿਚ ਉਹਦੇ ਘਰ ਛੱਡਕੇ ਆਇਆ ਸੀ।ਅਚਾਨਿਕ ਮੇਰੇ ਪੇਟ ਵਿਚ ਦਰਦ ਉੱਠਿਆ ਜਿਵੇਂ ਮੇਰੇ ਪੇਟ ਵਿਚ ਕੋਈ ਸੱਪ ਪਲਸੇਟੇ ਮਾਰ ਰਿਹਾ ਹੋਵੇ। ਮੈਂ ਕਿਸੇ ਰਿਸ਼ਤੇਦਾਰ ਨੂੰ ਵੀ ਆਪਣੇ ਨਾਲ ਚਲਣ ਨੂੰ ਕਹਿ ਨਾ ਸਕੀ। ਪਿੰਡੋਂ ਆਟੋ ਫੜਕੇ ਸਿੱਧਾ ਵੀਹ ਸੈਕਟਰ ਦੀ ਮਾਰਕੀਟ ਵਿਚ ਆਪਣੇ ਦੋਸਤ ਡਾਕਟਰ ਦੀਪਕ ਦੇ ਕਲੀਨਿਕ ਵਿਚ ਚਲੀ ਗਈ ਸਾਂ।ਉਹਨੇ ਅਲਟਰਾ ਸਾਊਂਡ ਕਰਕੇ ਦੱਸਿਆ ਕਿ ਮੇਰੇ ਪੇਟ ਵਿਚਲੇ ਨਰ ਭਰੂਣ ਦੇ ਅੰਗ ਪੈਰ ਬਣ ਚੁੱਕੇ ਹਨ। ਇਸ ਸਟੇਜ ਉੱਤੇ ਗਰਭ ਪਾਤ ਕਰਨਾ ਮੁਸ਼ਕਲ ਹੈ। ਮੈਂ ਉਹਨੂੰ ਗੁੱਸੇ ਹੁੰਦਿਆਂ ਕਿਹਾ ਕਿ ਜਾਂ ਤਾਂ ਮੇਰੇ ਪੇਟ ਵਿਚਲੀ ਜ਼ਹਿਰ ਨੂੰ ਬਾਹਰ ਕੱਢ ਦੇ ਜਾਂ ਫਿਰ ਮੈਨੂੰ ਜ਼ਹਿਰ ਦਾ ਟੀਕਾ ਲਾ ਕੇ ਮਾਰ ਦੇ। ਜਿਓ ਜਿਓ ਡਾ. ਦੀਪਕ ਮੇਰੇ ਪੇਟ ਵਿਚੋਂ ਭਰੂਣ ਬਾਹਰ ਕੱਢਦਾ ਚਲਿਆ ਗਿਆ। ਸਕਰੀਨ ਉੱਤੇ ਦੇਖਦਿਆਂ ਮੇਰੇ ਚਿਹਰੇ ਉਤਲੀ ਖੁਸ਼ੀ ਦੂਣ ਸਵਾਈ ਹੁੰਦੀ ਚਲੀ ਗਈ। ਡਾ. ਦੀਪਕ ਨੇ ਭਰੂਣ ਨੂੰ ਸ਼ੀਸ਼ੇ ਦੇ ਜਾਰ ਵਿਚ ਪਾ ਕੇ, ਉਹਦੇ ਵਿਚ ਭਰੂਣ ਖਰਾਬ ਹੋਣ ਤੋਂ ਕੈਮੀਕਲ ਪਾ ਕੇ ਸ਼ੀਸ਼ੇ ਦਾ ਜਾਰ ਮੈਨੂੰ ਫੜਾ ਦਿੱਤਾ। ਤੇ ਮੈਂ ਖੁਸ਼ੀ ਖੁਸ਼ੀ ਸ਼ੀਸ਼ੇ ਦਾ ਜਾਰ ਲਿਆ ਕੇ ਆਪਣੇ ਕਮਰੇ ਵਿਚਲੇ ਉੱਚੀ ਸੈਲਫ ਉੱਤੇ ਰੱਖ ਦਿੱਤਾ। ਜਿਵੇਂ ਮੈਨੂੰ ਮੇਰੇ ਮਨ ਉੱਤੇ ਪਏ ਮਣਾਂ ਮੂੰਹੀ ਭਾਰ ਤੋਂ ਨਿਜ਼ਾਤ ਮਿਲ ਗਈ ਹੋਵੇ।"

"ਹੈਂ ਹੈਂ ਮੰਮੀ ਦੇ ਕਮਰੇ ਵਿਚ ਸ਼ੀਸ਼ੇ ਦੇ ਜਾਰ ਵਿਚ ਪਾ ਕੇ ਰੱਖਿਆ... ਮੇਰੇ ਭਰਾ ਦਾ ਭਰੂਣ ਏ।" ਪੜ੍ਹਦਿਆਂ ਮੰਮੀ ਦੀ ਡਾਇਰੀ ਮੇਰੇ ਹੱਥੋਂ ਛੁੱਟ ਕੇ ਥੱਲੇ ਡਿੱਗ ਪਈ ਏ... ਤੇ ਮੈਂ ਮੰਮੀ ਦੇ ਬੈੱਡ ਉੱਤੇ ਇਕ ਪਾਸੇ ਨੂੰ ਟੇਢੀ ਹੋ ਗਈ ਹਾਂ।ਅਰਧ ਬੇਹੋਸ਼ੀ ਦੀ ਹਾਲਤ ਵਿਚ ਮੈਨੂੰ ਆਲਾ ਦੁਆਲਾ ਧੁੰਦਲਾ ਧੁੰਦਲਾ ਨਜ਼ਰ ਆਉਣ ਲੱਗ ਪਿਆ ਏ। ਮੈਂ ਹੌਲੀ ਹੌਲੀ ਉੱਠਕੇ ਮੰਮੀ ਦੇ ਬੈੱਡ ਰੂਮ ਦੇ ਨਾਲ ਲਗਦੇ ਉਹਦੇ ਦੂਸਰੇ ਕਮਰੇ ਵਿਚ ਜਾਂਦੀ ਹਾਂ।ਸ਼ੀਸ਼ੇ ਦੇ ਜਾਰ ਵਿਚ ਰੱਖੇ ਪਏ ਮੇਰੇ ਵੱਡੇ ਭਰਾ ਦੇ ਭਰੂਣ ਨੂੰ ਦੇਖਕੇ ਮੇਰੀਆਂ ਅੱਖਾਂ ਵਿਚੋਂ ਦੋ ਹੰਝੂ ਵਹਿ ਕੇ ਮੇਰੀਆਂ ਗੋਰੀਆਂ ਗੱਲ੍ਹਾਂ ਉੱਤੇ ਨੂੰ ਵਹਿ ਤੁਰਦੇ ਨੇ। ਮੈਂ ਇਨ੍ਹਾਂ ਹੰਝੂਆਂ ਨੂੰ ਪੂੰਝਦੀ ਨਹੀਂ... ਵਹਿੰਦੇ ਤੁਰੀ ਜਾਣ ਦਿੰਦੀ ਹਾਂ... ਵਹਿੰਦੇ ਤੁਰੀ ਜਾਣ ਦਿੰਦੀ ਹਾਂ... ਮੈਂ ਸੋਚਦੀ ਹਾਂ ਹੋਰ ਤਾਂ ਮੇਰਾ ਇਥੇ ਕੋਈ ਨਹੀਂ... ਹੁਣ ਇਹ ਘਰ ਤੇ ਮੰਮੀ ਵੀ ਮੈਨੂੰ ਮੇਰੇ ਆਪਣੇ ਨਹੀਂ ਲਗਦੇ। ਮੈਂ ਛੇਤੀ ਛੇਤੀ ਤਿਆਰ ਹੋ ਕੇ ਸਕੂਟੀ ਚੁੱਕਕੇ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲ ਨੂੰ ਚੱਲ ਪੈਂਦੀ ਹਾਂ।

ਮੈਨੂੰ ਜਾਪਦਾ ਏ ਕਿ ਮੇਰੇ ਜਨਮ ਸਬੰਧੀ ਵੀ ਕੋਈ ਅਣਹੋਣੀ ਘਟਨਾ ਹੀ ਵਾਪਰੀ ਹੋਵੇਗੀ। ਇਸੇ ਕਰਕੇ ਮੰਮੀ ਮੇਰੇ ਨਾਲ ਸਿੱਧੇ ਮੂੰਹ ਨਾਲ ਗੱਲ ਨਹੀਂ ਕਰਦੀ। ਤੇ ਹੁਣ ਮੈਂ ਮੰਮੀ ਦੀ ਡਾਇਰੀ ਪੜ੍ਹਨ ਤੋਂ ਤ੍ਰਹਿਣ ਲੱਗ ਪਈ ਹਾਂ ਕਿ ਮੇਰੇ ਬਾਰੇ ਪਤਾ ਨਹੀਂ ਇਸ ਡਾਇਰੀ ਵਿਚ ਕੀ ਲਿਖਿਆ ਹੋਵੇਗਾ? ਤੇ ਉਹਨੂੰ ਪੜ੍ਹ ਕੇ ਪਤਾ ਨਹੀਂ ਮੇਰੀ ਕੀ ਅਵਸਥਾ ਹੋਵੇਗੀ?

ਮੈਂ ਜਦ ਵੀ ਆਪਣੇ ਵੱਡੇ ਵੀਰੇ ਦੇ ਸ਼ੀਸ਼ੇ ਦੇ ਜਾਰ ਵਿਚ ਪਾ ਕੇ ਰੱਖੇ ਭਰੂਣ ਵਾਲੇ ਕਮਰੇ ਵਿਚ ਜਾਂਦੀ

ਹਾਂ ਤਾਂ ਸੋਚੀ ਪੈ ਜਾਂਦੀ ਹਾਂ ਕਿ ਮੰਮੀ ਦੇ ਪਿੰਡ ਜਾ ਕੇ ਦੇਖਾਂ ਤਾਂ ਸਹੀ ਕਿ ਮੇਰੇ ਭਰਾ, ਇਸ ਭਰੂਣ ਦਾ ਪਿਤਾ... ਜੀਹਨੂੰ ਮੰਮੀ ਡਾਇਰੀ ਵਿਚ ਏਨੀ ਨਫ਼ਰਤ ਦੀ ਨਜ਼ਰ ਨਾਲ ਦੇਖਦੀ ਏ... ਉਹ ਕੌਣ ਹੈ? ਜਿਸਦੇ ਬੀਜ਼ ਨੂੰ ਮੰਮੀ ਆਪਣੇ ਪੇਟ ਵਿਚ ਰੱਖਕੇ ਪਾਲ ਨਹੀਂ ਸਕੀ... ਤੇ ਗਰਭਪਾਤ ਕਰਵਾ ਕੇ ਉਹਨੂੰ ਭਰੂਣ ਨੂੰ ਮੰਮੀ ਦੇ ਪੇਟ ਵਿਚ ਆਉਣ ਦੀ ਸਜ਼ਾ ਵਜੋਂ ਉਹਦਾ ਮਜ਼ਾਕ ਉਡਾਉਣ ਲਈ ਸ਼ੀਸ਼ੇ ਦੇ ਜਾਰ ਵਿਚ ਪਾ ਕੇ ਰੱਖ ਦਿੱਤਾ ਹੈ।

ਮੈਂ ਮੰਮੀ ਨਾਲ ਉਹਦੇ ਪਿੰਡ ਕਈ ਵਾਰ ਗਈ ਹਾਂ। ਮੰਮੀ ਨੇ ਮੇਰੇ ਨਾਲ ਆਪਣਾ-ਪਣ ਰੱਖਿਆ ਹੀ ਨਹੀਂ ਇਸ ਲਈ ਉਹਦੇ ਪਿੰਡ ਨੂੰ ਨਾਨਕਾ ਪਿੰਡ ਕਹਿਣ ਨੂੰ ਦਿਲ ਨਹੀਂ ਕਰਦਾ। ਰਾਹ ਤਾਂ ਮੈਨੂੰ ਈ ਏ। ਯੂਨੀਵਰਸਿਟੀ ਤੋਂ ਸਿੱਧਾ ਨਿਓ ਚੰਡੀਗੜ੍ਹ ਵਿਚ ਨੂੰ ਲੰਘ ਕੇ ਅੱਗੇ ਦਸ ਕੁ ਕਿਲੋਮੀਟਰ ਉੱਤੇ ਮਾਜਰਾ ਟੀ ਪੁਆਇੰਟ ਆਉਂਦਾ ਹੈ। ਉਥੋਂ ਸੱਜੇ ਹੱਥ ਬੱਦੀ ਨੂੰ ਤੇ ਖੱਬੇ ਹੱਥ ਕੁਰਾਲੀ ਵੱਲ ਨੂੰ ਸੜਕ ਚਲੀ ਜਾਂਦੀ ਹੈ। ਕਿਧਰੇ ਨੂੰ ਮੁੜਨਾ ਨਹੀਂ ਤੇ ਸਿਧੇ ਲਿੰਕ ਰੋਡ ਉੱਤੇ ਜਾ ਕੇ ਤਿੰਨ ਕੁ ਕਿਲੋ ਮੀਟਰ ਉੱਤੇ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਵਸਿਆ ਮੰਮੀ ਦਾ ਪਿੰਡ ਪਲ੍ਹਣ ਪੁਰ ਹੈ। ਇਸ ਛੋਟੇ ਜਿਹੇ ਪਿੰਡ ਵਿਚ ਮਜ੍ਹਬੀਆਂ, ਗੁਸਾਈ ਬਾਬਿਆਂ, ਗੁੱਜਰਾਂ ਤੇ ਬ੍ਰਾਹਮਣਾਂ ਆਦਿ ਦੇ ਦਸ ਦਸ ਵੀਹ ਵੀਹ ਘਰ ਹਨ। ਪਿੰਡ ਵਿਚ ਕਦੇ ਵੋਟਾਂ ਨਹੀਂ ਪਈਆ। ਸਰਵ ਸੰਮਤੀ ਨਾਲ ਪੰਚੈਤ ਬਣਾ ਲਈ ਜਾਂਦੀ ਹੈ।

ਪਿੰਡ ਦੇ ਵਿਚਕਾਰ ਖੁੱਲ੍ਹਾਂ ਮੈਦਾਨ ਹੈ। ਇਕ ਪਾਸੇ ਪੁਰਾਤਨ ਮੰਦਰ ਹੈ। ਮੈਨੂੰ ਦੱਸਿਆ ਗਿਆ ਕਿ ਜਦ ਵਾਲਮੀਕੀਆਂ ਨੇ ਵਾਲਮੀਕ ਰਿਸ਼ੀ ਦਾ ਮੰਦਰ ਬਣਾਉਣ ਲਈ ਥਾਂ ਮੰਗੀ ਤਾਂ ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਪੁਰਾਤਨ ਮੰਦਰ ਦੇ ਨਾਲ ਲਗਦੀ ਵਾਲਮੀਕ ਮੰਦਰ ਬਣਾਉਣ ਲਈ ਥਾਂ ਦੇ ਦਿੱਤੀ। ਹੁਣ ਜਦ ਮੰਦਰ ਦਾ ਪੁਜਾਰੀ ਬਾਹਰ ਗਿਆ ਹੋਵੇ ਤਾਂ ਸੰਤ ਦੇਵਰਾਜ (ਉਰਫ ਦੇਬੂ ਭੰਗੀ) ਮੰਦਰ ਵਿਚ ਕਥਾ ਕਰ ਦਿੰਦਾ ਹੈ। ਉਹ ਸੰਸਕ੍ਰਿਤ ਦੇ ਸ਼ਲੋਕ ਵੀ ਪੜ੍ਹ ਲੈਂਦਾ ਹੈ। ਲਓ ਅੱਜ ਦੇਸੀ ਮਹੀਨੇ ਦੀ ਦਸਮੀਂ ਹੈ ਤੇ ਦੇਵ ਰਾਜ ਇਕ ਕਥਾ ਸੁਣਾ ਰਿਹਾ ਹੈ, "ਪਾਂਡਵਾਂ ਨੇ ਮਹਾਂਭਾਰਤ ਦੇ ਯੁੱਧ ਜਿੱਤਣ ਤੋਂ ਬਾਅਦ ਅਸ੍ਵਮੇਧ ਯੱਗ ਕੀਤਾ ਸੀ, ਕ੍ਰਿਸ਼ਨ (ਭਗਵਾਨ) ਨੇ ਯੱਗ ਸ਼ਾਲਾ ਵਿਚ ਇਕ ਬਾਂਸ ਗੱਡ ਕੇ ਉਪਰ ਇਕ ਸੰਖ ਬੰਨ੍ਹ ਦਿੱਤਾ ਤੇ ਦੱਸਿਆ ਕਿ ਜਦ ਜੱਗ ਸੰਪੂਰਨ ਹੋ ਜਾਵੇਗਾ ਤਾਂ ਸੰਖ ਆਪਣੇ ਆਪ ਵੱਜੇਗਾ। ਸਾਰਿਆਂ ਨੂੰ ਭੋਜਨ ਛਕਾ ਦਿੱਤਾ ਗਿਆ ਪਰ ਸੰਖ ਵੱਜਿਆ ਨਾ। ਕ੍ਰਿਸ਼ਨ ਨੇ ਸੰਖ ਨੂੰ ਇਸਦਾ ਕਾਰਨ ਪੁੱਛਿਆ ਤਾਂ ਸੰਖ ਨੇ ਕਿਹਾ ਕਿ ਰਿਸ਼ੀ ਵਾਲਮੀਕ ਜਿਹੜੇ ਕਿ ਪਹੁੰਚੇ ਹੋਏ ਰਿਸ਼ੀ ਹਨ ਉਨ੍ਹਾਂ ਨੂੰ ਝਾੜੂ ਲਾਉਣ ਦਾ ਕੰਮ ਕਰਨ ਕਰਕੇ ਭੰਗੀ ਸਮਝ ਯੱਗ ਸ਼ਾਲਾ ਵਿਚ ਬੁਲਾ ਕੇ ਭੋਜਨ ਨਹੀਂ ਛਕਾਇਆ ਗਿਆ ਫਿਰ ਯੱਗ ਸੰਪੂਰਨ ਕਿਵੇਂ ਹੋ ਸਕਦਾ ਹੈ? ਜਦੋਂ ਮਹਾਂਰਾਣੀ ਦਰੋਪਤੀ ਰਿਸ਼ੀ ਵਾਲਮੀਕ ਨੂੰ ਉਹਨਾਂ ਦੇ ਘਰੋਂ ਆਪ ਜਾ ਕੇ ਬੁਲਾ ਕੇ ਲਿਆਈ ਤੇ ਆਪਣੇ ਹੱਥਾਂ ਨਾਲ ਰਿਸ਼ੀ ਵਾਲਮੀਕ ਜੀ ਨੂੰ ਭੋਜਨ ਛਕਾਇਆ। ਫਿਰ ਸੰਖ ਪੂਰੇ ਜ਼ੋਰ ਨਾਲ ਵੱਜਿਆ ਕਹਿੰਦੇ ਹਨ ਕਿ ਸੰਖ ਅਕਾਸ਼, ਪਤਾਲ ਤੇ ਧਰਤੀ (ਮਾਤ ਲੋਕ) ਤਿੰਨ ਲੋਕਾਂ ਵਿਚ ਸੁਣਿਆ ਗਿਆ।" ਸੰਤ ਦੇਵ ਰਾਜ ਨੇ ਮੁੜ ਗਲਾ ਸਾਫ਼ ਕਰਕੇ ਕਿਹਾ, "ਸੋ ਭਾਈਓ! ਮੈਂ ਸਵੇਰੇ ਉੱਠ ਕੇ ਪੁਰਾਤਨ ਮੰਦਰ ਤੇ ਵਾਲਮੀਕ ਮੰਦਰ ਵਿਚ ਝਾੜੂ ਜ਼ਰੂਰ ਲਾਉਂਦਾ ਹਾਂ, ਆਪਣਾ ਫਰਜ ਪੂਰਾ ਕਰਦਾ ਹਾਂ... ਕੋਈ ਮੈਨੂੰ ਮੰਦਰ ਵਿਚ ਕਥਾ ਕਰਨ ਦਵੇ ਜਾਂ ਨਾ।" ਮੈਨੂੰ ਦੱਸਿਆ ਗਿਆ ਕਿ ਸੰਤ ਦੇਵਰਾਜ ਨੂੰ ਮੰਦਰ ਵਿਚ ਕਥਾ ਕਰਨ ਤੋਂ ਤਾਂ ਕੋਈ ਨਹੀਂ ਰੋਕਦਾ... ਪਰ ਕੁਝ ਬਜ਼ੁਰਗ ਬ੍ਰਾਹਮਣ ਔਰਤਾਂ ਦੇ ਮੰਦਰ ਵਿਚ ਆਉਣ ਕਰਕੇ ਕੋਈ ਬ੍ਰਾਹਮਣ ਹੀ ਭੋਗ ਮੰਦਰ ਵਿਚ ਆਉਣ ਵਾਲੀ ਸੰਗਤ ਨੂੰ ਵੰਡਦਾ ਹੈ।

ਘਰ ਨੂੰ ਜਾਂਦਿਆਂ ਮੈਨੂੰ ਪੂਰੀ ਉਮੀਦ ਸੀ ਕਿ ਅੱਜ ਮੰਮੀ ਜ਼ਰੂਰ ਖੁਸ਼ ਹੋ ਕੇ ਮਿਲੇਗੀ। ਕਿਉਂਕਿ ਤੀਵੀਂ

ਨੂੰ ਸਭ ਤੋਂ ਵੱਧ ਮੋਹ ਪਿਆਰ ਆਪਣੇ ਮਾਪਿਆਂ ਨਾਲ ਹੀ ਹੁੰਦਾ ਹੈ। ਤੇ ਮੈਂ ਮੰਮੀ ਦੇ ਭੈਣਾਂ-ਭਰਾਵਾਂ, ਭਤੀਜੇ, ਭਤੀਜੀਆਂ ਨੂੰ ਮਿਲ ਕੇ ਆਈ ਸੀ ਪਰ ਮੈਂ ਘਰ ਜਾ ਕੇ ਦੇਖਿਆ , ਮੰਮੀ ਤਾਂ ਸੜੀ ਬੁਝੀ ਬੈਠੀ ਸੀ ਉਹ ਮੇਰੇ ਨਾਲ ਲੜਨ ਲੱਗ ਪਈ, "ਨਾ ਤੂੰ ਮੇਰੇ ਪਿੰਡ ਕੀ ਲੈਣ ਗਈ ਤੀ। ਜਦ ਮੈਂ ਨ੍ਹੀ ਪਿੰਡ ਜਾਂਦੀ... ਫੇਰ ਤੂੰ ਮੇਰੇ ਪਿੰਡ ਕਿਉਂ ਗਈ।? ਕੀ ਤੂੰ ਮੇਰੇ ਭੇਤ ਲੈਣ ਗਈ ਤੀ?" ਉਸਨੇ ਰੋਣਹਾਕੀ ਹੁੰਦਿਆਂ ਕਿਹਾ, "ਐਹੋ ਜੀ ਕਲਿਹਣੀ ਧੀ ਨੂੰ ਤਾਂ ਜੰਮਦੀ ਨੂੰ ਗਲ ਗੂਠਾ ਦੇ ਕੇ ਮਾਰ ਦਿੰਦੀ... ਤਾਂ ਚੰਗਾ ਤਾਂ।"

ਹਾਏ ਰੱਬਾ! ਮੈਂ ਕਿੰਨੀ ਦੁਖੀ ਹਾਂ। ਮੇਰੇ ਤੇ ਮੰਮੀ ਵਿਚਕਾਰ ਨੇੜਤਾ ਲਿਆਉਣ ਵਾਲੀਆਂ ਘਟਨਾਵਾਂ ਪਤਾ ਨਹੀਂ ਰੁਸ ਕੇ ਕਿਧਰੇ ਤੁਰ ਗਈਆਂ ਨੇ। ਜਿਹੜੀ ਵੀ ਘਟਨਾ ਵਾਪਰਦੀ ਏ, ਸਾਡੇ ਵਿਚਕਾਰ ਦੂਰੀ ਲਿਆਉਣ ਵਾਲੀ ਹੀ ਵਾਪਰਦੀ ਏ। ਬੱਸ ਇਕੋ ਗੱਲ ਵਧੀਆ ਹੋਈ, ਮੈਂ ਆਪਣੇ ਗਾਈਡ ਪ੍ਰੋ. ਪ੍ਰਮੋਦ ਕੁਮਾਰ ਦੀ ਕਿੰਨੀ ਰਿਣੀ ਹਾਂ, ਜਿਨ੍ਹਾਂ ਨੇ ਮੈਨੂੰ ਦਲਿਤ ਕਹਾਣੀਆਂ ਉੱਤੇ ਥੀਸਿਜ਼ ਲਿਖਣ ਦੀ ਪ੍ਰੇਰਨਾ ਦਿੱਤੀ। ਕਿਉਂਕਿ ਇਹ ਕਹਾਣੀਆਂ ਪੜ੍ਹਦਿਆਂ ਮੈਨੂੰ ਆਪਣੇ ਦੇਸ਼ ਵਿਚਲੀ ਲਗਭਗ ਤਿੰਨ ਹਜ਼ਾਰ ਸਾਲਾਂ ਤੋਂ ਚੱਲੀ ਆ ਰਹੀ ਸਮਾਜਿਕ ਵਿਵਸਥਾ ਦੀ ਸਮਝ ਲਗਦੀ ਜਾ ਰਹੀ ਹੈ।


ਲੈ ਮੰਮੀ ਅੱਜ ਦਫਤਰੋਂ ਫਿਰ ਲੇਟ ਹੋ ਗਈ ਏ। ਉਹ ਕਿਸੇ ਦੇ ਘਰ ਤਾਂ ਜਾਂਦੀ ਨਹੀਂ, ਵੀਹ ਸੈਕਟਰ ਦੀ ਰੇੜ੍ਹੀ ਮਾਰਕੀਟ ਵਿਚੋਂ ਘਰੇਲੂ ਸਮਾਨ ਖਰੀਦਣ ਲੱਗ ਪਈ ਹੋਣੀ ਏ। ...ਖਾਣਾ ਤਾਂ ਹਮੇਸ਼ਾ ਮੰਮੀ ਬਣਾਉਂਦੀ ਏ। ਮੈਨੂੰ ਤਾਂ ਕਹਿੰਦੀ ਏ, "ਤੂੰ ਬਹਿ ਕੇ ਪੜ੍ਹ" ਤੇ ਉਹ ਮੈਨੂੰ ਖਾਣਾ ਵੀ ਥਾਲੀ ਵਿਚ ਪਾ ਕੇ ਮੇਰੇ ਕਮਰੇ ਵਿਚ ਹੀ ਦੇ ਜਾਂਦੀ ਏ। ਪਰ ਅੱਜ ਰੋਟੀ ਲੇਟ ਨਾ ਹੋ ਜਾਵੇ। ਇਸ ਲਈ ਮੈਂ ਰਸੋਈ ਵਿਚ ਜਾ ਕੇ ਮਾਹਾਂ ਤੇ ਛੋਲਿਆਂ ਦੀ ਦਾਲ ਕੁੱਕਰ ਵਿਚ ਪਾ ਕੇ ਗੈਸ ਚੁੱਲ੍ਹੇ ਉੱਤੇ ਰੱਖ ਦਿੱਤੀ ਹੈ। ਤੇ ਮੌਜ ਨਾਲ ਕੋਲ ਪਏ ਸਟੂਲ ਉੱਤੇ ਬਹਿ ਕੇ ਪੜ੍ਹਨ ਲੱਗ ਪਈ ਹਾਂ। ਮੰਮੀ ਆਉਂਦਿਆਂ ਹੀ, 'ਚੰਮ' ਸਿਰਲੇਖ ਪੜ੍ਹਕੇ ਅੱਗ ਬਬੂਲਾ ਹੋ ਗਈ ਏ। ਉਹਨੇ ਚੁੰਨੀ ਸਿਰ ਮੂੰਹ ਉੱਤੇ ਲਪੇਟ ਲਈ ਏ ਤੇ ਕੜਕ ਕੇ ਬੋਲੀ, "ਤੂੰ ਤਾਂ ਮੇਰੇ ਨੱਕ ਨੂੰ ਕੱਚੇ ਚੰਮ ਦੀ ਬੂ ਚੜ੍ਹਾ ਦਿੱਤੀ ਏ। ਤੈਂ ਤਾਂ ਮੈਨੂੰ ਉਹ ਦਿਨ ਯਾਦ ਕਰਵਾ ਦਿੱਤੇ ਨੇ। ਜਿਸ ਦਿਨ ਅਸੀਂ ਸਕੂਲ ਜਾਣ ਤੋਂ ਲੇਟ ਹੋ ਜਾਂਦੀਆਂ ਤਾਂ ਸੜਕ ਰਸਤੇ ਜਾਣ ਦੀ ਥਾਂ ਖੇਤਾਂ ਵਿਚ ਨੂੰ ਸਿੱਧੇ ਰਸਤੇ ਨੂੰ ਚਲ ਤਾਂ ਪੈਂਦੀਆਂ ਸਾਂ ਪਰ ਰਾਹ ਨਾਲ ਲਗਦੀਆਂ ਕੱਚਾ ਚੰਮ ਰੰਗਣ ਦੀਆਂ ਕੁੰਨਾਂ ਸਨ। ਸਾਡਾ ਕੱਚੇ ਚੰਮ ਦੀ ਆਉਂਦੀ ਬਦਬੂ ਕਰਕੇ ਕੋਲੋਂ ਲੰਘਣਾ ਮੁਹਾਲ ਹੋ ਜਾਂਦਾ ਸੀ। ਅਸੀਂ ਚੁੰਨੀਆਂ ਨੂੰ ਮੂੰਹ ਸਿਰ ਉੱਤੇ ਘੁੱਟ ਕੇ ਲਪੇਟ ਲੈਂਦੀਆਂ ਸਾਂ। ਪਰ ਬਦਬੂ ਸਾਡੇ ਦਿਮਾਗ਼ ਨੂੰ ਚੜ੍ਹ ਜਾਂਦੀ ਸੀ ਤੇ ਸਾਨੂੰ ਸਾਰਾ ਦਿਨ ਬਦਬੂ ਆਉਣ ਤੋਂ ਨਾ ਹਟਦੀ। ਹੁਣ ਵੀ ਉਹ ਦ੍ਰਿਸ਼ ਜਦ ਮੈਨੂੰ ਯਾਦ ਆ ਜਾਂਦਾ ਏ ਤਾਂ ਕੱਚੇ ਚੰਮ ਦੀ ਬਾਸ ਮੇਰੇ ਦਿਲੋਂ ਦਿਮਾਗ਼ ਨੂੰ ਚੜ੍ਹ ਜਾਂਦੀ ਏ। ਤੇ ਮੈਂ ਪ੍ਰੇਸ਼ਾਨ ਹੋ ਜਾਂਦੀ ਹਾਂ। ਪਰ ਤੂੰ ਕੱਚੇ ਚੰਮ ਦੀ ਬੂ ਮੇਰੀ ਰਸੋਈ ਵਿਚ ਵਾੜ ਦਿੱਤੀ ਏ, ਜਿਹੜੀ ਕਿ ਕਦੇ ਵੀ ਨਿਕਲਣੀ ਨਹੀਂ... ਪਰ ਤੈਨੂੰ ਕੀ ਫਰਕ ਪੈਂਦਾ ਤੂੰ ਤਾਂ ਹੈ ਈ... ਉਹਨਾਂ ਦਾ ਬੀਅ...।" ਮੰਮੀ ਨੇ ਮੇਰੇ ਵੱਲ ਬਾਂਹ ਉਲਾਰ ਕੇ ਘਿਰਣਾ ਭਰੇ ਸ਼ਬਦਾਂ ਵਿਚ ਕਿਹਾ।

ਤੇ ਗੁੱਸੇ ਵਿਚ ਲਾਲ ਪੀਲੀ ਹੋਈ... ਕੱਪੜਿਆਂ ਤੋਂ ਬਾਹਰ ਹੋਈ ਮੰਮੀ ਮੈਨੂੰ ਦੱਸਣ ਲੱਗੀ, "ਜਦ ਡਾ. ਦੀਪਕ ਨੇ ਮੇਰਾ ਗਰਭ ਗਿਰਾਇਆ... ਤਾਂ ਮੈਂ ਅੰਦਰੋਂ ਟੁੱਟ ਗਈ ਸਾਂ। ਡਾ. ਦੀਪਕ ਤੋਂ ਆਪਣਾ ਇਲਾਜ਼ ਕਰਵਾਉਂਦੇ, ਮੈਂ ਉਹਦੇ ਬਹੁਤ ਨਜ਼ਦੀਕ ਚਲੀ ਗਈ ਸਾਂ। ਮੈਂ ਤੇ ਡਾ. ਦੀਪਕ ਕੁਝ ਸਮੇਂ ਲਈ ਲਿਵ ਇਨ ਰਿਲੇਸ਼ਨਸ਼ਿਪ' ਵਿਚ ਰਹੇ ਸਾਂ। ਮੈਂ ਡਾ. ਦੀਪਕ ਤੋਂ ਗਰਭਵਤੀ ਹੋ ਗਈ ਸਾਂ। ਪਰ ਜਦ ਮੈਨੂੰ ਇਹ ਪਤਾ ਲੱਗਿਆ ਕਿ ਡਾ ਦੀਪਕ ਵੀ ਮੇਰੇ ਪਿੰਡ ਦੇ ਦੇਬੂ ਭੰਗੀ ਦੀ ਕੁਲ ਵਿਚੋਂ ਹੈ... ਉਹਦੀ ਰਿਸ਼ਤੇਦਾਰੀ ਵਿਚੋਂ ਹੈ ਤੇ ਭੰਗੀ ਜਾਤ ਨਾਲ ਸਬੰਧ ਰੱਖਦਾ ਹੈ। ਉਦੋਂ ਤੱਕ ਮੇਰੀ ਕੁੱਖ ਵਿਚਲਾ ਭਰੂਣ ਏਨਾ ਵਿਕਸਿਤ ਹੋ

ਚੁੱਕਿਆ ਸੀ ਕਿ ਗਰਭਪਾਤ ਨਹੀਂ ਕਰਵਾਇਆ ਜਾ ਸਕਦਾ ਸੀ। ਮੈਂ ਡਾ. ਦੀਪਕ ਦੇ ਕਲੀਨਿਕ ਵਿਚ ਜਾ ਕੇ ਉਹਦੇ ਨਾਲ ਲੜੀ ਕਿ ਉਹਨੇ ਮੈਨੂੰ ਭੰਗੀ ਜਾਤੀ ਨਾਲ ਸਬੰਧਤ ਹੋਣ ਬਾਰੇ ਕਿਉਂ ਨਹੀਂ ਦੱਸਿਆ? ਤੇ ਮੈਂ ਉਹਦੇ ਨਾਲੋਂ ਆਪਣੇ ਸਬੰਧ ਤੋੜ ਲਏ ਸਨ।" ਮੰਮੀ ਨੇ ਅਤਿਅੰਤ ਨਫ਼ਰਤ ਭਰੀਆਂ ਨਜ਼ਰਾਂ ਮੇਰੇ ਉੱਤੇ ਸੁੱਟੀਆਂ ਤੇ ਗੁੱਸੇ ਵਿਚ ਪੈਰ ਪਟਕਦੀ ਬੋਲੀ, "ਹੁਣ ਤੂੰ ਸਮਝ ਈ ਗਈ ਹੋਣੀ ਏ... ਕਿ ਉਸ ਦੀਪਕ ਭੰਗੀ ਦਾ ਮੇਰੇ ਪੇਟ ਵਿਚ ਪਲਿਆ ਬੀਜ਼ ਹੋਰ ਕੋਈ ਨਹੀਂ ਉਹ ਤੂੰ ਈ ਏਂ...।" ਤੇ ਉਹ ਗੁੱਸੇ ਵਿਚ ਦੰਦ ਕਰੀਚਦਿਆਂ ਬੋਲੀ, "ਤੂੰ ਕੱਚੇ ਚੰਮ ਦੀ ਬਦਬੂ ਨਾਲ ਮੇਰੀ ਰਸੋਈ ਤਾਂ ਭ੍ਰਿਸ਼ਟ ਕਰ ਹੀ ਦਿੱਤੀ ਪਰ ਮੈਂ ਆਪਣਾ ਸਾਰਾ ਘਰ ਇਕ ਭੰਗੀ ਦੀ ਔਲਾਦ ਤੋਂ ਕੱਚੇ ਚੰਮ ਦੀ ਬਦਬੂ ਨਾਲ ਭ੍ਰਿਸ਼ਟ ਨਹੀਂ ਕਰਵਾਉਣਾ। ਹੁਣ ਜਦ ਮੈਥੋਂ ਤੈਨੂੰ ਦੱਸ ਈ ਹੋ ਗਿਆ ਕਿ ਤੂੰ ਇਕ ਬ੍ਰਾਹਮਣੀ ਦੇ ਪੇਟ ਵਿਚ ਪਲਿਆ ਸ਼ੂਦਰ ਦਾ ਬੀਅ ਏ ਤਾਂ ਮੈਂ ਤੈਨੂੰ ਇਹ ਵੀ ਦੱਸ ਦੇਣਾ ਚਾਹੁੰਦੀ ਹਾਂ ਕਿ ਮਨੂੰ ਸਿਮਰਤੀ ਵਿਚ ਲਿਖਿਆ ਏ ਕਿ ਇਕ ਸ਼ੂਦਰ ਮਰਦ ਦੁਆਰਾ ਬ੍ਰਾਹਮਣ ਇਸਤਰੀ ਨਾਲ ਸਹਿਵਾਸ ਤੋਂ ਪੈਦਾ ਹੋਈ ਔਲਾਦ 'ਚੰਡਾਲ' ਅਖਵਾਉਂਦੀ ਐ। ਤੇ ਮੈਂ ਹੁਣ ਇਕ ਚੰਡਾਲਣੀ ਨੂੰ ਆਪਣੇ ਘਰ ਵਿਚ ਇਕ ਪਲ ਵੀ ਨਹੀਂ ਰਹਿਣ ਦੇਣਾ।"

ਤੇ ਮੰਮੀ ਦੇ ਸਿਰ ਉੱਤੇ ਪਤਾ ਨਹੀਂ ਕੀ ਪਾਗਲਪਣ ਸਵਾਰ ਹੋਇਆ... ਕਿ ਉਹ ਮੈਨੂੰ 'ਚੰਡਾਲਣੀ-ਚੰਡਾਲਣੀ' ਆਖਦਿਆਂ ਮੇਰਾ ਸਮਾਨ ਘਰ ਤੋਂ ਚੁੱਕ ਕੇ ਬਾਹਰ ਸੁਟਣ ਲੱਗ ਪਈ। ਮੈਂ ਮੰਮੀ ਦੇ ਕਮਰੇ ਵਿਚ ਗਈ ਤੇ ਸ਼ੀਸ਼ੇ ਦੇ ਜਾਰ ਵਿਚ ਬੈਠੇ ਆਪਣੇ ਵੱਡੇ ਭਰਾ ਦੇ ਭਰੂਣ ਨੂੰ ਕਾਲਜੇ ਨਾਲ ਲਾ ਕੇ ਦੋਵੇਂ ਬਾਹਾਂ ਵਿਚ ਘੁੱਟਦਿਆਂ ਰੋਂਦੀ ਕੁਰਲਾਉਂਦੀ ਹੋਈ ਆਪਣੀ ਮੰਮੀ ਦੇ ਘਰ ਤੋਂ ਬਾਹਰ ਨਿਕਲ ਆਈ। ਮੈਂ ਹੰਝੂ ਵਹਾਉਂਦੀਆਂ ਅੱਖਾਂ ਨਾਲ ਸ਼ੀਸ਼ੇ ਦੇ ਜਾਰ ਵਿਚ ਬੈਠੇ ਭਰਾ ਨੂੰ ਕਿਹਾ, "ਤੂੰ ਤਾਂ ਸ਼ੀਸ਼ੇ ਦੇ ਜਾਰ ਵਿਚ ਬੈਠਾ ... ਬੋਲਣ ਚੱਲਣ ... ਤੁਰਨ ਫਿਰਨ ਤੋਂ 'ਅਵਾਜ਼ਾਰ ਏਂ। ਪਰ ਮੈਂ ਤਾਂ (ਸ਼ੀਸ਼ੇ ਦੇ ਜਾਰ ਵਿਚ ਬੰਦ) 'ਅਵਾਜ਼ਾਰ ਨਹੀਂ। ਮੈਂ ਤਾਂ ਤੁਰ ਫਿਰ ਸਕਦੀ ਹਾਂ। ਬੋਲ ਸਕਦੀ ਹਾਂ। ਆਪਣੀ ਗੱਲ ਕਹਿ ਸਕਦੀ ਆ। ਤੇ ਮੈਂ ਤੇਰੀ ਸ਼ੀਸ਼ੇ ਦੇ ਜਾਰ ਵਿਚ ਬੰਦ ਹੋ ਕੇ 'ਅਵਾਜ਼ਾਰ' ਹੋਣ ਦੀ ਕਹਾਣੀ ਲੋਕਾਈ ਨੂੰ ਸੁਣਾਉਂਦੀ ਰਹਾਂਗੀ... ਸੁਣਾਉਂਦੀ ਰਹਾਂਗੀ...ਸੁਣਾਉਂਦੀ....।"

**ਪਿੰਡ ਮਾਜਰੀ, ਡਾ ਸਿਆਲਬਾ, ਜ਼ਿਲ੍ਹਾ ਮੋਹਾਲੀ, ਮੋਬਾਇਲ 98881-29977**



## ਕਹਾਣੀ / **ਪੰਡੋਰਾ / - ਮੇਜਰ ਮਾਂਗਟ**

ਸਤਿਵੀਰ ਨੂੰ ਨੀਂਦ ਨਹੀਂ ਆ ਰਹੀ। ਦਿਨ ਵਾਲੇ ਦ੍ਰਿਸ਼ ਅੱਖਾਂ ਅੱਗੇ ਸਾਕਾਰ ਹੁੰਦੇ ਨੇ। ਨੀਂਦ ਦੀਆਂ ਗੋਲੀਆਂ ਵੱਲ ਜਾਂਦਾ ਜਾਂਦਾ ਹੱਥ ਫੇਰ ਰੁਕ ਜਾਂਦਾ ਏ। ਪਤੀ ਦੇ ਘੁਰਾੜੇ ਲਗਾਤਾਰ ਜ਼ਾਰੀ ਨੇ। ਅਕਸਰ ਹੀ ਸ਼ਰਾਬ ਦੇ ਨਸ਼ੇ ਵਿੱਚ ਉਹ ਅਜੀਬ ਜਿਹੀਆਂ ਆਵਾਜ਼ਾਂ ਵਾਲੇ ਘੁਰਾੜੇ ਮਾਰਦਾ ਏਂ।

"ਪਰ ਤੀਵੀਂ ਕਿਹੜੇ ਖੂਹ ਵਿੱਚ ਪਏ" ਸਤਿਵੀਰ ਸੋਚਦੀ ਹੈ।

"ਇਹ ਤਾਂ ਪੈ ਗਿਆ ਡੱਫ ਕੇ ਇਉਂ ਭਲਾ ਮਸਲੇ ਹੱਲ ਹੋ ਜਾਣਗੇ? ਕੁੜੀ ਪਤਾ ਨਹੀਂ ਕਿੱਥੇ ਆ ? ਰਾਤ ਨੂੰ ਘਰ ਆਊ ਵੀ ਜਾਂ ਨਹੀਂ? ਇਸ ਰੱਬ ਦੇ ਬੰਦੇ ਨੂੰ ਭਲਾਂ ਹੈ ਕੋਈ ਫਿਕਰ... ? ਕਬੂਤਰ ਦੇ ਅੱਖਾਂ ਮੀਟਣ ਨਾਲ ਖਤਰਾ ਟਲ਼ ਤਾਂ ਨੀ ਜਾਣਾ। ਇਉਂ ਭਗੌੜੇ ਹੋ ਕੇ ਭਲਾਂ ਕਿਵੇਂ ਸਰ ਜੂ।" ਉਹ ਸੋਚੀਂ ਜਾ ਰਹੀ ਸੀ।

ਪਰਸ ਵਿੱਚ ਪਈ ਡੱਬੀ ਨੂੰ ਉਸ ਨੇ ਕਈ ਵਾਰ ਛੋਹਿਆ। ਕਿੰਨਾ ਚਾਅ ਸੀ, ਧੀ ਨੂੰ ਬਰਥ ਡੇਅ ਗਿਫਟ ਦੇਣ ਦਾ। ਉਹ ਕੰਮ ਤੋਂ ਮੁੜਦੀ ਇਸੇ ਕਰਕੇ ਸੁਕੇਅਰ ਵੱਨ ਮਾਲ ਖੜਕੇ ਆਈ ਸੀ। ਪਰ ...।

ਉਸਨੇ ਫੋਨ ਚੈੱਕ ਕੀਤਾ, ਕੋਈ ਟੈਕਸਟ ਮੈਸਿਜ਼ ਨਹੀਂ ਸੀ। ਫੋਨ ਦੀ ਰਿੰਗ ਉਡੀਕਦੀ ਰਹੀ, ਪਰ ਫੋਨ ਨਾ ਵੱਜਿਆ। ਰਾਤ ਦੇ ਗਿਆਰਾਂ ਵੱਜਣ ਵਾਲੇ ਸਨ। ਬੀਬੀ ਦੇ ਖੰਘੂਰੇ ਦੱਸਦੇ ਸਨ ਕਿ ਉਹ ਅਜੇ ਵੀ ਨਹੀਂ ਸੁੱਤੀ। ਉਸਦਾ ਜੀ ਕਰਦਾ ਸੀ, ਘਰ ਛੱਡ ਜੇ ਦੌੜ ਜਾਵੇ। ਪਰ ਕਿੱਥੇ ਜਾਵੇ? ਦ੍ਰਿਸ਼ ਹੋਰ ਗੂੜੇ ਹੋਣ ਲੱਗੇ।

"ਮੈਂ ਆਪਣੇ ਜਨਮ ਦਿਨ ਤੇ ਫਰੈਂਡਜ਼ ਨਾਲ ਬਾਹਰ ਜਾਣਾ ਮੰਗਦੀ ਆਂ।"

"ਆਪਣੇ ਡੈਡ ਨੂੰ ਪੁੱਛ ਲੈ।"

"ਤੁਸੀਂ ਮੇਰੇ ਤੇ ਯਕੀਨ ਕਿਉਂ ਨੀ ਕਰਦੇ? ਵਾਈ...? ਆਈ ਐਮ ਐਡਲਟ ਨਾਓ... ਨਾਈਨਟੀਨ ਈਅਰਜ਼ ਓਲਡ।" ਮੈਗੀ ਪੂਰੇ ਗੁੱਸੇ ਵਿੱਚ ਬੋਲਦੀ ਰਹੀ ਸੀ।

ਉਸ ਨੇ ਫਰੈਂਡਜ਼ ਦੇ ਕਹਿਣ ਤੇ ਕਿਸੇ ਨਾਈਟ ਕਲੱਬ ਵਿੱਚ ਆਪਣੀ ਪਾਰਟੀ ਰੱਖੀ ਸੀ। ਇਸ ਤੋਂ ਬਾਅਦ ਉਸਦੀ ਟੀਨ ਏਜ਼ ਸਮਾਪਤ ਹੋ ਜਾਣੀ ਸੀ। ਇਹ ਸਪੈਸ਼ਲ ਸੈਲੀਬਰੇਸ਼ਨ ਸੀ। ਜਿਸਦਾ ਖਰਚਾ ਵੀ ਉਸ ਨੇ ਆਪ ਦੀ ਕਮਾਈ ਨਾਲ ਕਰਨਾ ਸੀ। ਫੇਰ ਘਰਦਿਆਂ ਨੂੰ ਕੀ ਤਕਲੀਫ ਸੀ? ਉਸ ਨੂੰ ਸਮਝ ਨਹੀਂ ਸੀ ਪੈ ਰਿਹਾ।

ਦਾਦੀ ਮਾਂ ਦੀ ਇੱਕੋ ਰੱਟ ਸੀ ਕਿ ,

'ਜੇ ਬਹੁਤਾ ਕਰਦੀ ਆ ਤਾਂ ਗੁਰਦੁਵਾਰੇ ਜਾ ਕੇ, ਉਵੇਂ ਅਰਦਾਸ ਕਰਵਾ ਕੇ ਜਨਮ ਦਿਨ ਮਨਾ ਲੋ, ਜਿਵੇਂ ਇਸਦਾ ਸਵੀਟ ਸਿਕਸਟੀਨ ਮੰਨਾਇਆ ਸੀ।'

ਵੈਸੇ ਵੀ ਉਹਦੀ ਸੱਸ ਅਜਿਹੀਆਂ ਗੱਲਾਂ ਦੇ ਹੱਕ ਵਿੱਚ ਨਹੀਂ ਸੀ ਤੇ ਇਨ੍ਹਾਂ ਨੂੰ ਪੁੱਠੇ ਰਿਵਾਜ਼ ਕਹਿ ਕੇ ਕੋਸਦੀ ਰਹਿੰਦੀ ਸੀ।

ਉਸਦੇ ਪਤੀ ਬਲਬੀਰ ਦਾ ਹਾਲ ਤਾਂ ਇਹ ਚਾਰ ਜੀ ਚਾਰ ਚਾਰਮ ਨੇ ਜੋ ਪਰਿਵਾਰਕ ਕੰਗਣ ਨਾਲ ਬੰਨੇ ਹੀ ਹੋਏ ਤੇ ਆਪਸ ਵਿੱਚ ਭਿੜਦੇ ਖੜਕਦੇ ਵੀ ਰਹਿੰਦੇ ਨੇ। ਮੈਗੀ ਦਾ ਇੱਕ ਆਪਣਾ ਹੀ ਸੰਸਾਰ ਹੈ। ਲਉ ਉਸ ਨੂੰ ਜਾਨਣ, ਹੈ ਹੀ ਥਾਲ਼ੀ ਦੇ ਲੱਡੂ ਵਰਗਾ ਸੀ, ਕਦੇ ਉਹ ਮਾਂ ਦੀ ਸੁਣਦਾ ਤੇ ਕਦੇ ਘਰ ਵਾਲੀ ਦੀ। ਪਰ ਅੰਤ ਨੂੰ ਮਾਂ ਦਾ ਫੈਸਲਾ ਭਾਰੂ ਪੈ ਜਾਂਦਾ। ਸਤਿਵੀਰ ਅਨੁਸਾਰ ਤਾਂ, ਉਸਦਾ ਸਟੈਂਡ ਹੀ ਕੋਈ ਨਹੀਂ ਸੀ।

ਜਦੋਂ ਬਲਬੀਰ ਨੇ ਮਾਂ ਦੇ ਇਹ ਕਹਿਣ ਤੇ ਮੈਗੀ ਨੂੰ ਵਰਜਿਆ ਸੀ, ਕਿ "ਕੁੜੀਆਂ ਦਾ ਬਾਹਰ ਕੀ ਕੰਮ" ਤਾਂ ਮੈਗੀ ਦੀ ਸੁਰ ਵੀ ਬਹੁਤ ਉੱਚੀ ਹੋ ਗਈ ਸੀ,

"ਮੈਂ ਹੁਣ ਉਨ੍ਹਾਂ ਨੂੰ ਕੀ ਜਵਾਬ ਦੇਵਾਂਗੀ?"

ਉਸ ਦਾ ਕਸੂਰ ਸਿਰਫ ਏਨਾਂ ਸੀ, ਕਿ ਉਸ ਨੇ ਘਰ ਆ ਕੇ ਸੱਚੋ ਸੱਚ ਦੱਸ ਦਿੱਤਾ ਸੀ, ਕਿ ਇਸ ਵਾਰ ਉਹ ਆਪਣਾ ਜਨਮ ਦਿਨ ਫਰੈਂਡਜ਼ ਨਾਲ ਮਿਲਕੇ ਮਨਾਉਣਾ ਚਾਹੁੰਦੀ ਹੈ। ਇਹ ਕਿਆਸ ਅਰਾਈਆਂ ਤਾਂ ਬਲਬੀਰ ਨੇ ਆਪ ਹੀ ਲਗਾ ਲਈਆਂ ਸਨ, ਕਿ ਉਹ ਕਿਸੇ ਨਾਈਟ ਕਲੱਬ ਜਾਣਗੇ। ਡਰਿੰਕ ਤੇ ਡਾਂਸ ਕਰਨਗੇ। ਨਾਲ ਮੁੰਡੇ ਵੀ ਹੋਣਗੇ। ਹੋ ਸਕਦਾ ਹੈ ਨਸ਼ਾ ਤੇ ਗਲਤ ਕੰਮ ਵੀ ਹੋਵੇ। ਉਸ ਦੀ ਸੋਚ, ਅਜੇ ਉਨ੍ਹਾਂ ਪਿਛਾਂਹ ਖਿਚੂ ਮਰਦਾਂ ਵਾਲੀ ਹੀ ਸੀ, ਜੋ ਖੁਦ ਹੀ ਕਲਪਨਾਵਾਂ ਕਰਕੇ, ਕੋਈ ਮਾਨਸਿਕ ਰੋਗ ਸਹੇੜ ਲੈਂਦੇ ਨੇ ਤੇ ਜਾਂ ਫੇਰ ਦਾਰੂ ਪੀਣ ਲੱਗ ਪੈਂਦੇ ਨੇ। ਸਤਿਵੀਰ ਦੀ ਬੇਚੈਨੀ ਹੋਰ ਵਧਣ ਲੱਗੀ।

ਦਿਨ ਦਾ ਇੱਕ ਹੋਰ ਦ੍ਰਿਸ਼ ਉਭਰਿਆ,

ਦਾਦੀ ਦੇ ਕੰਨ ਮੈਗੀ ਦੀਆਂ ਗੱਲਾਂ ਵਲ ਹੀ ਸਨ। ਉਸ ਨੂੰ ਮੈਗੀ ਦਾ ਪਿਆਰ ਵੀ ਆਉਂਦਾ ਤੇ ਤਕੜਾ ਵਿਰੋਧ ਵੀ ਉਪਜਦਾ। ਪਤਾ ਨਹੀਂ ਇਹ ਉਮਰਾਂ ਦਾ ਪਾੜਾ ਸੀ, ਜੋ ਕੋਈ ਅੰਦਰੂਨੀ ਸਾੜਾ। ਉਨ੍ਹਾਂ ਦਾ ਸ਼ਬਦੀ ਇੱਟ ਖੜੱਕਾ ਜ਼ਾਰੀ ਹੀ ਰਹਿੰਦਾ। ਮੈਗੀ ਦੇ ਪਾਏ ਕੱਪੜੇ ਉਸ ਨੂੰ ਫੁੱਟੀ ਅੱਖ ਨਾ ਭਾਉਂਦੇ। ਮੈਗੀ ਦੇ ਪਾਏ ਹੋਏ ਕੱਪੜੇ ਦੇਖ ਉਸ ਨੇ ਇਹ ਵੀ ਕਹਿ ਦਿੱਤਾ ਸੀ,

'ਅਖੇ ਚੱਜ ਨਾ ਸਹੂਰ, ਮੈਂ ਬਸਰੇ ਦੀ ਹੂਰ'

ਅੱਗੋਂ ਮੈਗੀ ਵੀ ਹਰਖ ਗਈ, ਕਹਿੰਦੀ

"ਮਿਸਜ਼ ਬੈਲਵੰਟ ਮਾਈਂਡ ਯੂਅਰ ਓਵਨ ਬਿਜਨਸ।"

ਤੇ ਦਾਦੀ ਬਲਵੰਤ ਦਾ ਪਾਰਾ ਇਹ ਸੁਣਦਿਆਂ ਹੀ ਆਕਾਸ਼ ਜਾ ਚੜ੍ਹਿਆ ਸੀ।

"ਮੁੰਡਿਆ ਜੇ ਤੇਰੀ ਘਰ ਵਾਲੀ ਮੱਤ ਨੀ ਦਿੰਦੀ ਤੈਨੂੰ ਤਾਂ ਦੀਂਹਦੈ ਏਕਣ ਨਿੱਕਰਾਂ ਤੇ ਝੱਗੀਆਂ ਜਿਹੀਆਂ ਪਾਈ ਫਿਰਦੀ ਆ ਭਲਾਂ ਚੰਗਾ ਲੱਗਦੈ ਸਾਨੂੰ ਕਿਤੇ ਗਰਮੀ ਨੀ ਲੱਗਦੀ।"

ਬਲਬੀਰ ਪੈਰ ਜਿਹੇ ਮਲਦਾ ਪਰੇ ਨੂੰ ਤੁਰ ਗਿਆ ਸੀ। ਉਸ ਨੂੰ ਮੈਗੀ ਦਾ ਦਾਦੀ ਨੂੰ ਇਉ ਨਾਂ ਲੈ ਕੇ ਰੁੱਖੇ ਅੰਦਾਜ਼ ਵਿੱਚ ਬੋਲਣਾ ਚੰਗਾ ਨਹੀਂ ਸੀ ਲੱਗਿਆ।

ਜਦੋਂ ਬਲਵੰਤ ਕੌਰ ਮੈਗੀ ਨੂੰ ਘੋਟ ਕੇ ਮਨਜਿੰਦਰ ਕੁਰ ਕਹਿੰਦੀ ਤਾਂ ਉਹ ਮਿਸਜ ਬੰਤੋ ਕਹਿ ਕੇ ਖੁਝਾਉਂਦੀ। ਕਦੇ ਕਦੇ ਮੈਗੀ ਨੂੰ ਲੱਗਦਾ ਕਿ ਦਾਦੀ ਆਪਣੀ ਉਮਰ ਲੰਘਾ ਚੁੱਕੀ ਹੈ ਤੇ ਹੁਣ ਉਸ ਨਾਲ ਜੈਲਸ ਹੋ ਕੇ, ਉਸ ਦੇ ਰਾਹਾਂ 'ਚ ਰੋੜੇ ਅਟਕਾ ਰਹੀ ਹੈ।

ਹਰ ਕਿਸੇ ਨੂੰ ਨਾਂ ਲੈ ਕੇ ਬੁਲਾਉਣਾ ਉਸ ਨੂੰ ਸਕੂਲ ਵਿੱਚ ਸਿਖਾਇਆ ਗਿਆ ਸੀ। ਉਹ ਤਾਂ ਆਪਣੇ ਟੀਚਰਾਂ ਦਾ ਵੀ ਨਾਂ ਲੈ ਕੇ ਬੁਲਾਉਂਦੀ ਸੀ। ਜਦ ਕਿ ਬਲਵੰਤ ਨੇ ਤਾਂ ਸਾਰੀ ਜ਼ਿੰਦਗੀ ਕਦੇ ਆਪਣੇ ਪਤੀ ਦਾ ਨਾਂ ਨਹੀਂ ਸੀ ਲਿਆ। ਉਸ ਲਈ ਉਹ ਹੁਣ ਤੱਕ ਬਲਬੀਰ ਦਾ ਬਾਪੂ ਹੀ ਸੀ। ਪਰ ਏਥੇ ਹੁਣ, ਉਹ ਆਪਣਾ ਬੀਤਿਆ ਵੇਲਾ ਠੋਸਣ ਤੇ ਤੁਲੀ ਹੋਈ ਸੀ। ਪਰ ਸਤਿਵੀਰ ਨੂੰ ਲੱਗਦਾ ਸੀ, ਕਿ ਵਕਤ ਦਾ ਪਹੀਆ ਕਦੇ ਪਿੱਛੇ ਨੀ ਮੁੜਦਾ। ਪਰ ਉਸਦੀ ਸੁਣਦਾ ਕੌਣ ਸੀ?

"ਤੁਸੀਂ ਨਿਆਣੇ ਸਿਰ ਚੜ੍ਹਾਏ ਹੋਏ ਨੇ।" ਦਾਦੀ ਨੇ ਖੂੰਡੀ ਨਾਲ ਫਰਸ਼ ਵੀ ਠਕੋਰਿਆ ਸੀ।

ਬਲਬੀਰ ਬਰਗਰ ਵਿੱਚ ਫਸੀ ਪੈਟੀ ਵਾਂਗ ਮਹਿਸੂਸ ਕਰਦਾ ਫੇਰ ਕਿਚਨ ਵਿੱਚ ਜਾ ਖੜ੍ਹਿਆ ਸੀ। ਤੇ ਸਤਿਵੀਰ ਬੈੱਡਰੂਮ ਵਿੱਚ ਕੱਪੜੇ ਪ੍ਰੈਸ ਕਰਦੀ ਰਹੀ ਸੀ। ਜਦੋਂ ਬਲਬੀਰ ਵੀ ਉਸੇ ਕਮਰੇ ਵਿੱਚ ਆ ਵੜਿਆ ਤਾਂ ਸਤਿਵੀਰ ਤੋਂ ਕਹਿ ਹੋ ਗਿਆ,

"ਬੀਬੀ ਨਿਆਣਿਆਂ ਦੀ ਲਾਈਫ ਵਿੱਚ ਬੇਲੋੜੀ ਦਖਲ ਅੰਦਾਜ਼ੀ ਨੀ ਕਰਦੀ? ਨਾ ਚੁੱਪ ਬਹਿ ਕੇ ਏਹਤੋਂ ਰੋਟੀ ਵੀ ਨੀ ਖਾਅ ਹੁੰਦੀ।"

ਬੱਸ ਏਨੀ ਗੱਲ ਤੋਂ ਹੀ ਬਲਬੀਰ ਦਾ ਪਾਰਾ ਚੜ੍ਹ ਗਿਆ, ਅਖੇ "ਉਹ ਮੇਰੀ ਮਾਂ ਹੈ ਤੂੰ ਬੋਲਦੀ ਕਿਵੇਂ

ਆਂ"

"ਨਾਂ ਅਸੀ ਕੁੱਝ ਨਹੀ ਤੇਰੇ?"

ਸਤਿਵੀਰ ਨੂੰ ਲੱਗਦਾ ਬਲਬੀਰ ਸੰਸਕਾਰਾਂ ਦੀਆਂ ਬੇਲੋੜੀਆਂ ਪੰਡਾਂ ਚੁੱਕੀ ਫਿਰਦਾ ਏ। ਹਰ ਮਸਲੇ ਵਿੱਚ ਬੀਬੀ ਦੀ ਗੱਲ ਨੂੰ ਅੱਖਾਂ ਮੀਟ ਕੇ ਮੰਨ ਲੈਣਾ ਵੀ ਇਸੇ ਕਰਕੇ ਹੀ ਸੀ।

"ਬੰਦਾ ਐਨਾ ਕੰਨਾਂ ਦਾ ਕੱਚਾ ਵੀ ਨਹੀਂ ਚਾਹੀਦਾ।" ਉਹ ਬੈਠੀ ਖਿਝਦੀ ਰਹੀ ਸੀ।

"ਜੂਨ ਖਰਾਬ ਤਾਂ ਸਾਡੀ ਆ। ਮੇਰੇ ਨਾਲ ਵੀ ਤਾਂ ਨਵਾਂ ਨਵਾਂ ਆਇਆ ਇਹ ਹੀ ਕੁੱਝ ਕਰਦਾ ਸੀ। ਕਦੇ ਲੋਅ ਕੱਟ ਨੀ ਪਾਉਣੇ, ਕਦੇ ਸਲੀਵ ਲੈੱਸ ਨੀ ਪਹਿਨਣੇ। ਜ਼ਮਾਨਾ ਬਦਲ ਗਿਆ, ਪਰ ਇਹ ਨੀ ਬਦਲੇ। ਹੁਣ ਅਖੇ ਸ਼ੋਰਟਸ ਨੀ ਪਹਿਣੀਆਂ। ਬਾਹਰ ਨੀ ਜਾਣਾ। ਸਾਨੂੰ ਬੁਰਕੇ ਪੁਆ ਕੇ ਅੰਦਰ ਬਿਠਾ ਦੋ। ਕੰਮ ਤੇ ਵੀ ਭੇਜਣ ਦੀ ਲੋੜ ਆ? ਮੈਂ ਬੱਚਿਆਂ ਨੂੰ ਮੈਂ ਕੀ ਕੀ ਸਮਝਾਵਾਂ। ਸਾਰੇ ਬਿਮਾਰ ਕੀਤੇ ਪਏ ਨੇ ਇਹਨਾਂ ਮਾਂ ਪੁੱਤਾਂ ਨੇ' ਸਤਿਬੀਰ ਦਾ ਫੇਰ ਰੋਣ ਨਿੱਕਲ ਗਿਆ।

ਪਹਿਲਾਂ ਤਾਂ ਦਾਦੀ ਵੀ ਕਹਿੰਦੀ ਸੀ, ਕਿ ਮੈਂ ਮੈਗੀ ਨੂੰ ਬਰਥ ਡੇਅ ਤੇ, ਆਪਣਾ ਸੋਨੇ ਦਾ ਕੰਗਣ ਦੇ ਦੇਣਾ, ਜੋ ਮਰਜੀ ਬਣਵਾ ਲਏ। ਪਰ ਮੈਗੀ ਦਾ ਕਹਿਣਾ ਸੀ ਕਿ, ਉਹ ਸੋਨੇ ਦੀ ਜਿਊਲਰੀ ਨਹੀਂ ਪਹਿਨਦੀ। ਜੇ ਲੈਣਾ ਹੀ ਏ ਤਾਂ ਪੰਡੋਰਾ ਲੈ ਦੇਵੋ। ਭਲਾਂ ਇਹ ਕਿਧਰਲੀ ਬਗਾਵਤ ਹੋ ਗਈ?

ਜੇ ਬੀਬੀ ਨੂੰ ਪਡੋਰੇ ਦਾ ਪਤਾ ਨਹੀਂ, ਤਾਂ ਇਸਦਾ ਇਹ ਮਤਲਬ ਤਾਂ ਨਹੀਂ ਕਿ ਇਹ ਫਜੂਲ ਖਰਚੀ ਆ। ਕਿਵੇਂ ਦੋਨੋਂ ਉਸ ਵਿਚਾਰੀ ਦੇ ਮਗਰ ਪੈ ਗਏ ਸਨ।

ਏਸੇ ਕਰਕੇ ਸਤਿਵੀਰ ਸਕੇਅਰ ਵੱਨ ਮਾਲ ਤੋਂ ਪੰਡੋਰਾ ਲੈ ਆਈ ਸੀ। ਜਦੋਂ ਧੀ ਨੂੰ ਦੇਣ ਦਾ ਵਕਤ ਆਇਆ, ਤਾਂ ਉਹ ਘਰੋਂ ਗੁੱਸੇ ਹੋ ਕੇ ਤੁਰ ਗਈ। ਫੋਨ ਤੇ ਅਜੇ ਤੱਕ ਵੀ ਕੋਈ ਮੈਸਿਜ ਨਹੀਂ ਸੀ ਆਇਆ। ਤੇ ਉਸਦੀ ਬੇਚੈਨੀ ਦੇ ਨਾਲ ਨਾਲ ਬਲੱਡ ਪ੍ਰੈਸ਼ਰ ਵਧਦਾ ਜਾ ਰਿਹਾ ਸੀ। ਬੀ ਪੀ ਦੀ ਗੋਲੀ ਚੁੱਕ ਕੇ ਲੈ ਲੈਣ ਦੀ ਵੀ ਹਿੰਮਤ ਉਸ ਵਿੱਚ ਨਹੀਂ ਸੀ। ਨੀਂਦ ਦੀਆਂ ਗੋਲੀ ਲੈਣ ਬਾਰੇ ਵੀ ਉਹ ਅਜੇ ਦੋਚਿੱਤੀ ਵਿੱਚ ਹੀ ਸੀ।

ਮੈਗੀ ਦਾ ਅਸਲ ਨਾਂ ਮਨਜਿੰਦਰ ਕੌਰ ਮਾਨ ਹੈ। ਪਰ ਉਹ ਆਪਣੇ ਆਪ ਨੂੰ ਮੈਗੀ ਮਾਨ ਕਹਾ ਕੇ ਖੁਸ਼ ਹੁੰਦੀ ਹੈ। ਇਹ ਨਾਂ ਉਸ ਨੇ ਸਕੂਲ ਵਿੱਚ ਅਧਿਆਪਕਾਂ ਤੇ ਫਰੈਂਡਾਂ ਦੀ ਸੌਖ ਲਈ ਰੱਖ ਲਿਆ ਸੀ, ਜਿਨ੍ਹਾਂ ਨੂੰ ਮੈਨਜਿੰਦਰ ਕਹਿਣਾ ਔਖਾ ਲੱਗਦਾ ਸੀ। ਹੁਣ ਉਹ ਹਰ ਕਿਸੇ ਲਈ ਮੈਗੀ ਹੀ ਸੀ ਪਰ ਦਾਦੀ ਲਈ ਅਜੇ ਵੀ ਮਨਜਿੰਦਰ ਸੀ।

ਦਾਦੀ ਨੂੰ ਮੈਗੀ ਨਾਂ ਬਿਲਕੁੱਲ ਚੰਗਾ ਨਹੀਂ ਸੀ ਲੱਗਦਾ। ਉਹ ਤਾਂ ਅੱਧਾ ਨਾਂ ਲੈਣ ਦੇ ਵੀ ਖਿਲਾਫ਼ ਸੀ। ਏਸੇ ਕਰਕੇ ਤਾਂ ਮੈਗੀ ਵੀ ਮਿਸ ਬੰਤੋ ਕਹਿ ਕੇ ਉਸ ਨੂੰ ਖਿਝਾਉਂਦੀ ਰਹਿੰਦੀ। ਬਲਵੰਤ ਕੌਰ ਸਾਰੇ ਦੋਸ਼ਾਂ ਦਾ ਤੋੜਾ ਮੈਗੀ ਦੀ ਮਾਂ ਤੇ ਝਾੜਦੀ ਕਿ ਮਾਂ ਨੇ ਬੋਲਣ ਦੀ ਅਕਲ ਨੀ ਦਿੱਤੀ।

"ਨਿਆਣਿਆਂ ਤੇ ਪਿਉ ਦਾ ਕੋਈ ਹੱਕ ਨਹੀਂ? ਫੇਰ ਬੀਬੀ ਆਪਣੇ ਮੁੰਡੇ ਨੂੰ ਕਦੇ ਦੋਸ਼ ਨੀ ਦਿੰਦੀ।"

ਸਤਿਵੀਰ ਨੂੰ ਸਾਰੇ ਪਿੰਡੇ ਵਿੱਚ ਸੂਲ਼ਾਂ ਚੁਭਦੀਆਂ ਮਹਿਸੂਸ ਹੋਈਆਂ।

ਇਹ ਨਹੀਂ ਸੀ ਕਿ ਸਤਵਿੰਦਰ ਮੈਗੀ ਨੂੰ ਸਮਝਾਉਂਦੀ ਨਹੀਂ ਸੀ, ਪਰ ਉਸ ਦਾ ਪਰਤਵਾਂ ਜਵਾਬ ਹੁੰਦਾ

"ਯੂ ਗਾਈਜ਼ ਨੈਵਰ ਲਿਸਨ ਮੀ।"

ਪੰਜਾਬੀ ਪਰਿਵਾਰਾਂ ਵਿੱਚ ਨਿਆਣਿਆਂ ਦੀ ਸੁਣੀ ਹੀ ਕਿੱਥੇ ਜਾਂਦੀ ਸੀ। ਬਲਕਿ ਉਨ੍ਹਾਂ ਨੂੰ ਸੁਣਾਈ ਜਾਂਦੀ ਸੀ, ਹੁਕਮ ਦਿੱਤਾ ਜਾਂਦਾ ਸੀ ਤੇ ਈਨ ਮਨਵਾਈ ਜਾਂਦੀ ਸੀ। ਮੈਗੀ ਕੈਨੇਡੀਅਨ ਬੌਰਨ ਉਨ੍ਹਾਂ ਬੱਚਿਆਂ ਚੋਂ ਇੱਕ ਸੀ ਜੋ ਆਪੋ ਆਪਣੀ ਹੋਂਦ ਦੀ ਲੜਾਈ ਲੜ੍ਹਦੇ, ਬਗਾਵਤ ਤੇ ਉੱਤਰ ਆਉਂਦੇ ਨੇ।

ਮੈਗੀ ਉਹੀ ਕੱਪੜੇ ਪਹਿਨਦੀ ਜੋ ਉਸ ਨੂੰ ਪਸੰਦ ਸਨ। ਤੇ ਉਹ ਓਹੀ ਖਾਣਾ ਖਾਂਦੀ, ਜਿਸ ਲਈ

ਉਸਦਾ ਦਿਲ ਕਰਦਾ।

ਅਜੇ ਵੀ ਬਹੁਤ ਸਾਰੇ ਬੱਚੇ, ਮਾਪਿਆਂ ਦੀ ਧੱਕੇਸ਼ਾਹੀ ਦਾ ਸ਼ਿਕਾਰ ਸਨ। ਜਿਨਾਂ ਨੂੰ, ਖਾਲਸਾ ਸਕੂਲਾਂ, ਜਾਂ ਇਸਲਾਮਿਕ ਸੈਂਟਰਾਂ ਵਿੱਚ ਉਹਨਾਂ ਦੀ ਮਰਜ਼ੀ ਦੇ ਖਿਲਾਫ ਭੇਜਿਆ ਜਾ ਰਿਹਾ ਸੀ। ਰਿਵਾਇਤੀ ਪਹਿਰਾਵੇਂ ਪਾਉਣ ਤੇ ਮਜ਼ਬੂਰ ਕੀਤਾ ਜਾਂਦਾ ਸੀ। ਤੇ ਕਈ ਤਰ੍ਹਾਂ ਤੇ ਖਾਣ ਪੀਣ ਤੇ ਪਾਬੰਦੀ ਸੀ।

ਅਜਿਹੇ ਬੱਚੇ ਸਾਥੀਆਂ ਕੋਲ ਆਪਣੇ ਇਸ ਗ਼ੁਲਾਮੀ ਭਰੇ ਜੀਵਨ ਦਾ ਦੁੱਖ ਰੋਂਦੇ। ਕਈ ਮਾਨਸਿਕ ਰੋਗੀ ਹੋ ਕੇ ਨਸ਼ਿਆਂ ਵਲ ਵੀ ਝੁਕ ਜਾਂਦੇ ਤੇ ਕਈ ਡੀਪਰੈਸ਼ਨ ਵਿੱਚ ਚਲੇ ਜਾਂਦੇ। ਪਰ ਮੈਗੀ ਆਪਣੇ ਹੱਕ ਲੈਣਾ ਜਾਣਦੀ ਸੀ। ਉਸ ਦੀ ਫਰੈਂਡਸ਼ਿੱਪ ਲਿਸਟ ਚੋਂ ਕਈਆਂ ਨੇ ਘਰੋਂ ਬਗਾਵਤ ਕੀਤੀ ਸੀ। ਤੇ ਹੁਣ ਉਹ ਆਪ ਇਸ ਬਗਾਵਤ ਤੇ ਉਤਾਰੂ ਸੀ। ਤੇ ਆਪਣੀ ਆਜ਼ਾਦ ਹੋਂਦ ਲਈ ਲੜਾਈ ਲੜ ਰਹੀ ਸੀ।

ਅਚਾਨਕ ਟੈਕਸਟ ਮੈਸਿਜ ਵਾਲੀ ਰਿੰਗ ਦੀ ਟੂੰ ਟੂੰ ਹੋਈ। ਸਤਿਵੀਰ ਨੇ ਕਾਹਲੀ ਨਾਲ ਫੋਨ ਚੁੱਕਿਆ। ਇਹ ਮੈਗੀ ਦਾ ਹੀ ਟੈਕਸਟ ਸੀ,

'ਮੌਮ ਆਈ ਐਮ ਓ ਕੇ, ਮੈਂ ਫਰੈਂਡਜ਼ ਨਾਲ ਹਾਂ। ਰਾਤ ਨੂੰ ਫਰੈਂਡਜ਼ ਨਾਲ ਹੀ ਰਹਾਂਗੀ। ਪਹਿਲਾਂ ਅਸੀਂ ਮੂਵੀ ਦੇਖ ਕੇ ਆਏ ਸੀ ਤੇ ਹੁਣ ਮੈਨੂੰ ਉਹ ਪਾਰਟੀ ਕਰਦੇ ਹਾਂ। ਰਾਤ ਨੂੰ ਅਸੀਂ ਸਾਰੇ ਹੋਟਲ ਵਿੱਚ ਹੀ ਠਹਿਰਾਂਗੇ। ਮੈਂ ਕੱਲ ਸਵੇਰੇ ਆਵਾਂਗੀ। ਜੇ ਮੇਰਾ ਕੇਕ ਕੱਟਣਾ ਹੋਇਆ ਤਾਂ ਕੱਲ ਹੀ ਕੱਟ ਲੈਣਾ। ਤੁਸੀਂ ਮੇਰਾ ਕੋਈ ਫਿਕਰ ਨਾ ਕਰਨਾ। ਤੇ ਗੁੱਡ ਨਾਈਟ।"

ਸਤਿਵੀਰ ਅੰਦਰੋਂ ਬਹੁਤ ਖੁਸ਼ ਸੀ ਕਿ ਚੱਲੋ ਧੀ ਠੀਕ ਠਾਕ ਤਾਂ ਹੈ।

ਦੂਸਰੇ ਕਮਰੇ ਵਿੱਚ ਇੱਕ ਹੋਰ ਯੁੱਗ ਚੱਲ ਰਿਹਾ ਸੀ। ਇਸ ਘਰ ਦੇ ਚਾਰ ਕਮਰੇ ਨੇ ਤੇ ਏਥੇ ਚਾਰ ਯੁੱਗ ਵਸਦੇ ਨੇ। ਮੈਂ ਵਕਤ ਰੂਪੀ ਸੂਤਰਧਾਰ ਤੁਹਾਨੂੰ ਸਤਿਵੀਰ ਦਾ ਸੌਣ ਕਮਰਾ ਤਾਂ ਦਿਖਾ ਚੁੱਕਾ ਹਾਂ। ਜਿੱਥੇ ਕੰਮ ਦੀ ਥਕਾਵਟ ਹੈ। ਬੱਚਿਆਂ ਦੀ ਚਿੰਤਾ ਹੈ, ਜਾਂ ਨੀਂਦ ਦੀਆਂ ਗੋਲੀਆਂ ਨੇ। ਬਲਬੀਰ ਸ਼ਰਾਬ ਦੇ ਨਸ਼ੇ ਵਿੱਚ ਸੁੱਤਾ ਪਿਆ ਘੁਰਾੜੇ ਮਾਰ ਰਿਹਾ ਹੈ, ਇਸ ਨਾਲ ਗੱਲ ਤਾਂ ਸਵੇਰੇ ਕਰਾਂਗੇ। ਪਰ ਪਹਿਲਾਂ ਆਪਾਂ ਬਲਵੰਤ ਕੌਰ ਦੇ ਕਮਰੇ ਵਿੱਚ ਚੱਲਦੇ ਹਾਂ।

ਇਹ ਘਰ ਦਾ ਸਭ ਤੋਂ ਛੋਟਾ ਬੈੱਡਰੂਮ ਹੈ। ਕੰਧ ਤੇ ਬਾਬੇ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੀਆਂ ਤਸਵੀਰਾਂ ਨੇ। ਸਾਈਡ ਟੇਬਲ ਤੇ ਚੌਵੀ ਘੰਟੇ ਚੱਲਣ ਵਾਲੇ ਰੇਡੀਉ ਤੇ ਕੋਈ ਕਥਾ ਚੱਲ ਰਹੀ ਹੈ। ਇੱਕ ਮਾਲਾ ਪਈ ਹੈ ਤੇ ਨਿੱਤਨੇਮ ਵਾਲਾ ਗੁਟਕਾ ਵੀ ਪਿਆ ਹੈ। ਹਰ ਪਾਸੇ ਧੂਫ ਦੀ ਸੁਗੰਧ ਹੈ।

ਦੂਸਰੇ ਟੇਬਲ ਤੇ ਪਾਣੀ ਦੀ ਬੋਤਲ ਹੈ ਤੇ ਬਹੁਤ ਸਾਰੀਆਂ ਦਵਾਈਆਂ ਹਨ। ਬਲਵੰਤ ਦਾ ਭਰੋਸੇਯੋਗ ਸਾਥ ਸਿਰਫ ਹੁਣ ਉਸਦੀ ਖੂੰਡੀ ਹੈ, ਜਿਸ ਦਾ ਉਹ ਕਦੇ ਵਿਸਾਹ ਨਹੀਂ ਕਰਦੀ। ਇਸਦੇ ਆਸਰੇ ਹੀ ਬਾਥਰੂਮ ਤੱਕ ਜਾਂਦੀ ਹੈ। ਅੱਜ ਇਸਦਾ ਮਨ ਬਹੁਤ ਉਦਾਸ ਹੈ। ਬਲਵੰਤ ਨੂੰ ਲੱਗਦਾ ਹੈ ਕਿ ਉਹ ਵਾਧੂ ਸਮਾਨ ਵਾਂਗ ਹੈ, ਜਿਸ ਦੀ ਹੁਣ ਕੋਈ ਪੁੱਛ ਨਹੀਂ ਰਹੀ। ਵੈਸੇ ਉਹ ਆਪਣੇ ਕਮਰੇ ਵਿੱਚ ਬੈਠੀ ਹਰ ਗੱਲ ਦੀ ਜਾਣਕਾਰੀ ਰੱਖਦੀ। ਖੁੱਲਦੇ ਬੰਦ ਹੁੰਦੇ ਬੂਹੇ, ਪਾਣੀ ਦੀ ਆਵਾਜ਼, ਪੈੜ ਚਾਲ, ਬੋਲ ਬਰਾਲ਼ਾ ਉਸ ਨੂੰ ਸਭ ਕਾਸੇ ਦੀ ਪਰਖ ਤੇ ਪਹਿਚਾਣ ਹੈ। ਅਜੇ ਤੱਕ ਉਸ ਨੂੰ ਬੰਦ ਹੋਏ ਦਰਵਾਜ਼ੇ ਦੀ ਆਵਾਜ਼ ਤੇ ਉਹ ਪੈੜ ਚਾਲ ਸੁਣਾਈ ਨਹੀਂ ਦਿੱਤੀ ਜਿਸ ਨਾਲ ਯਕੀਨ ਹੋ ਜਾਵੇ ਕਿ ਮਨਜਿੰਦਰ ਘਰ ਆ ਗਈ ਹੈ। ਇਸੇ ਕਰਕੇ ਉਸ ਦਾ ਪਾਠ ਕਰਨ 'ਚ ਵੀ ਮਨ ਨਹੀਂ ਲੱਗਿਆ। ਤੇ ਮਾਲ਼ਾ ਫੇਰਦੀ ਦਾ ਮਨ ਹੋਰ ਹੀ ਪਾਸੇ ਤੁਰ ਜਾਂਦਾ ਰਿਹਾ। ਤੇ ਹੁਣ ਉਹ ਮਾਲ਼ਾ ਮੇਜ ਤੇ ਪਈ ਹੈ।

"ਅਸੀਂ ਕਿਤੇ ਕਦੇ ਕੁੜੀਆਂ ਨਹੀਂ ਸੀ? ਕਿੰਨੀ ਝਮਲਾਈ ਆ। ਕਿਵੇਂ ਪਿਉ ਦੇ ਮੂਹਰੇ ਬੋਲਦੀ ਸੀ' ਸਾਡੇ ਮੂੰਹ 'ਚ ਤਾਂ ਜ਼ੁਬਾਨ ਨੀ ਤੀ ਹੁੰਦੀ ਜਾਂ ਫੇਰ ਉਹ ਵੇਲੇ ਈ ਚੰਗੇ ਤੇ। ਹੁਣ ਤਾਂ ਜੈ ਖਾਣਾ ਕਲਯੁੱਗ ਆ।" ਉਹ ਆਪਣੇ ਆਪ ਨਾਲ ਗੱਲਾਂ ਕਰ ਰਹੀ ਹੈ।

ਦਿਨ ਵਾਲੇ ਦ੍ਰਿਸ਼ ਤਾਂ ਬਲਵੰਤ ਨੂੰ ਵੀ ਸੌਣ ਨਹੀਂ ਸੀ ਦੇ ਰਹੇ।

ਦਿਨੇ ਕਿਸੇ ਮੁੰਡੇ ਦਾ ਫੋਨ ਆਇਆ ਸੀ, ਅਖੇ ਮੈਗੀ ਨਾਲ ਗੱਲ ਕਰਨੀ ਆ। 'ਭਲਾਂ ਕਿਸੇ ਮੁੰਡੇ ਦਾ ਕੀ ਕੰਮ ਕਿ ਕਿਸੇ ਕੁਆਰੀ ਕੁੜੀ ਨੂੰ ਉਹਦੇ ਘਰ ਫੋਨ ਕਰੇ। ਨਾ ਉਹਦਾ ਮਤਲਬ ਕੀ ਹੋਇਆ?'

ਫੇਰ ਕਿਵੇਂ ਫੋਨ ਲੈ ਕੇ ਅੰਦਰ ਨੂੰ ਭੱਜੀ ਗਈ ਸੀ। ਲੱਗਦਾ ਤਾਂ ਇਹ ਵੀ ਸੀ, ਕਿ ਮੇਰਾ ਵਿੱਚੋਂ ਫੂਨ ਚੱਕਣਾ ਵੀ ਉਹਨੂੰ ਚੰਗਾ ਨੀ ਤੀ ਲੱਗਿਆ। ਕਿਵੇਂ ਮੋਢੇ ਜਿਹੇ ਚੜ੍ਹਾਉਂਦੀ ਫਿਰਦੀ ਤੀ। ਜੇ ਮਾਂ ਪਿਉ ਦਾ ਕੋਈ ਤਾਂ ਕੰਟਰੋਲ ਹੋਵੇ, ਤਾਂ ਹੈ ਨਾਂ। ਅਖੇ ਨਿਆਣੇ ਏਧਰ ਦੇ ਜੰਮੇ ਪਲ਼ੇ ਨੇ ਕੀ ਅੱਗ ਲੌਣੀ ਆ ਏਹੋ ਜਿਹੇ ਮੁਲਕ ਨੂੰ? ਜਿੱਥੇ ਕੋਈ ਸ਼ਰਮ ਹਿਯਾ ਹੀ ਨਹੀਂ। ਪਿਉ ਵੀ ਨੀ ਕੁੱਝ ਕਹਿੰਦਾ ਹੁਣ ਅੱਧੀ ਰਾਤ ਹੋਣ ਵਾਲੀ ਆ ਤੇ ਅਜੇ ਤੱਕ ਘਰ ਨੀ ਮੁੜੀ। ਮਾਂ ਨੂੰ ਦੀਂਹਦਾ ਨੀ ਕਿਤੇ?"

ਬਲਵੰਤ ਕੌਰ ਨੇ ਸਟੀਲ ਦੇ ਗਿਲਾਸ ਵਿੱਚ ਬੋਤਲ ਚੋਂ ਪਾ ਕੇ ਪਾਣੀ ਪੀਤਾ ਤੇ ਇੱਕ ਗੋਲੀ ਦਿਲ ਘਬਰਾਉਣ ਤੋਂ ਹਟਾਉਣ ਵਾਲੀ ਵੀ ਲੈ ਲਈ, ਪਰ ਚੈਨ ਫੇਰ ਵੀ ਨਾ ਆਇਆ।

"ਚੱਲੋ ਮੈਨੂੰ ਕੀ ਆਪੇ ਅੱਖਾਂ 'ਚ ਘਸੁੰਨ ਦੇ ਦੇ ਰੋਣਗੇ, ਜਦੋਂ ਕੋਈ ਨਵਾਂ ਚੰਦ ਚੜ੍ਹਾ ਤਾ। ਜੇ ਕਿਸੇ ਕਾਲੇ ਗੋਰੇ ਨਾਲ ਤੁਰ ਗੀ, ਤਾਂ ਚੱਟ ਲੈਣ ਕੈਨੇਡੇ ਨੂੰ... ਕੀ ਇੱਜਤ ਰਹਿ ਜੂ ਦੱਸ।'

ਉਸਦੀ ਬੇਚੈਨੀ ਵੀ ਲਗਾਤਾਰ ਵਧਦੀ ਜਾ ਰਹੀ ਸੀ।

ਚਲੋ ਹੁਣ ਮੈਂ ਵਕਤ ਰੂਪੀ ਸੂਤਰਧਾਰ, ਤੁਹਾਨੂੰ ਮੈਗੀ ਕੋਲੋਂ ਵੀ ਲੈ ਚੱਲਦਾ ਹਾਂ। ਉਸਦਾ ਪੱਖ ਵੀ ਸੁਣਦੇ ਹਾਂ ਕਿ ਉਹ ਕੀ ਸੋਚਦੀ ਹੈ ਤੇ ਮਹਿਸੂਸ ਕਰਦੀ ਆ। ਫੈਸਲਾ ਤੁਸੀਂ ਕਰ ਲੈਣਾ ਕਿ ਕੌਣ ਠੀਕ ਹੈ ਤੇ ਕੌਣ ਗਲਤ ਹੈ। ਵੈਸੇ ਤਾਂ ਘਰ ਦੇ ਚਾਰ ਕਮਰਿਆਂ ਵਿੱਚ ਚਾਰ ਯੁੱਗ ਜਾਂ ਕਲਚਰ ਨਿਵਾਸ ਕਰਦੇ ਨੇ। ਪਰ ਇਹ ਚਾਰੇ ਇੱਕ ਪਰਿਵਾਰਕ, ਕੰਗਣ ਨਾਲ ਜੁੜੇ ਹੋਏ ਨੇ। ਭਲਾਂ ਕੀ ਕਹਿੰਦੇ ਨੇ ਉਸ ਡੈਨਿਸ਼ ਗਹਿਣੇ ਨੂੰ ਪੰਡੋਰਾ। ਬਿੱਲਕੁੱਲ ਉਹਦੇ ਵਾਂਗ।

ਰੌਸ਼ਨੀਆਂ ਵਿੱਚ ਡੁੱਬਿਆ ਹੋਇਆ ਇੱਕ ਨਾਈਟ ਕਲੱਬ। ਜਿਸਦਾ ਦਰਵਾਜ਼ਾ ਖੋਹਲਦਿਆਂ ਹੀ ਧਮਾਕੇਦਾਰ ਸੰਗੀਤ ਕੰਨਾਂ ਨੂੰ ਸੁਣਾਈ ਦਿੰਦਾ ਹੈ। ਕਾਊਂਟਰ ਤੇ ਤਿੰਨ ਚਾਰ ਨੌਜਵਾਨ ਲੜਕੀਆਂ ਜਿਨਾਂ ਨੇ, ਲੋਅ ਕੱਟ, ਕਾਲੇ ਟੌਪ ਤੇ ਮਿੰਨੀ ਸਕਰਟਾਂ ਪਹਿਨੀਆਂ ਹੋਈਆਂ ਨੇ। ਉਹ ਗਾਹਕਾਂ ਦਾ ਸੁਆਗਤ ਕਰ ਰਹੀਆਂ ਨੇ। ਤੇ ਟੇਬਲਾਂ ਦੀ ਉਪਲੱਭਦੀ ਅਨੁਸਾਰ ਅੰਦਰ ਲਿਜਾ ਕੇ ਬਿਠਾ ਰਹੀਆਂ ਨੇ।

ਇਹੋ ਜਿਹੀਆਂ ਹੋਰ ਕੁੜੀਆਂ ਵੀ ਨੇ, ਜਿਨ੍ਹਾਂ ਦਾ ਘੱਟ ਕੱਪੜਿਆਂ ਵਿੱਚ ਅੰਗ ਅੰਗ ਝਾਕ ਰਿਹਾ ਹੈ, ਟੇਬਲਾਂ ਤੇ ਖਾਣ ਤੇ ਪੀਣ ਦੀ ਸਰਵਿਸ ਦੇਣ ਲਈ, ਟਰੇਆਂ ਚੁੱਕੀ ਫਿਰ ਰਹੀਆਂ ਹਨ। ਸੱਜੇ ਪਾਸੇ ਬਾਰ ਹੈ। ਏਥੇ ਨੌਜਵਾਨ ਮੁੰਡੇ ਕੁੜੀਆਂ ਦਾ ਕਾਫੀ ਇਕੱਠ ਹੈ। ਕਈ ਬਾਰ ਚੇਅਰਾਂ ਤੇ ਬੈਠੇ ਅਤੇ ਕਈ ਖੜ੍ਹੇ ਸ਼ਰਾਬ ਪੀ ਰਹੇ ਨੇ। ਸਿਗਰਟ ਪੀਣ ਦੀ ਭਾਵੇਂ ਮਨਾਹੀ ਹੈ, ਪਰ ਬਾਹਰੋਂ ਸਿਗਰਟ ਪੀ ਕੇ ਆਏ ਲੋਕਾਂ ਨਾਲ ਦੁਰਗੰਧ ਅੰਦਰ ਜ਼ਰੂਰ ਆ ਗਈ ਹੈ। ਹੋ ਸਕਦਾ ਏ ਕਿਸੇ ਨੇ ਮੈਰੁਆਨਾ ਵੀ ਪੀਤਾ ਹੋਵੇ।

ਲੋਕ ਨਸ਼ੇ ਵਿੱਚ ਨੇ, ਤੇ ਨੱਚ ਵੀ ਰਹੇ ਨੇ। ਇੱਕ ਟੇਬਲ ਤੇ ਪੰਜ ਛੇ ਕੁੜੀਆਂ ਤੇ ਕੁੱਝ ਮੁੰਡੇ ਬੈਠੇ ਨੇ। ਮੈਗੀ ਬਰਥ ਡੇਅ ਗਰਲ ਹੈ। ਤੇ ਸਭ ਲਈ ਕੇਂਦਰ ਬਿੰਦੂ ਬਣੀ ਹੋਈ ਹੈ। ਹੁਣੇ ਜੋ ਸਰਵਿਸ ਗਰਲ ਜਗਦੀ ਫੁੱਲਝੜੀ ਵਾਲਾ ਕੇਕ ਰੱਖ ਕੇ ਗਈ ਸੀ, ਤੇ ਮੈਗੀ ਲਈ ਗੀਤ ਵੀ ਗਾਅ ਕੇ ਗਈ ਸੀ, ਉਹ ਕੱਟਿਆ ਜਾ ਚੁੱਕਾ ਹੈ। ਹੁਣ ਸਿਰਫ ਦਿਲ ਦੀਆਂ ਗੱਲਾਂ ਹੋ ਰਹੀਆਂ ਨੇ। ਮੈਗੀ ਸ਼ੈਂਪੇਨ ਦੀ ਘੁੱਟ ਭਰਦੀ ਕਹਿ ਰਹੀ ਹੈ,

"ਨਵੀ ਜਦ ਪਹਿਲੇ ਸਾਲ ਯੂਨੀਵਰਸਿਟੀ ਗਿਆ, ਤਾਂ ਮੱਮ ਡੈਡ ਨੇ ਝੱਟ ਕਾਰ ਲੈ ਦਿੱਤੀ। ਮੇਰਾ ਹੁਣ ਦੂਜਾ ਸਾਲ ਹੈ, ਮੈਂ ਕਹਿ ਕਹਿ ਕੇ ਹੰਭ ਗਈ, ਕਿ ਜੇ ਮੈਨੂੰ ਨਵੀਂ ਨੀ ਲੈਣੀ ਤਾਂ ਨਵੀਂ ਵਾਲੀ ਪੁਰਾਣੀ ਕਾਰ ਹੀ ਦੇ ਦੇਣ, ਪਰ ਮੇਰੀ ਕੋਈ ਨੀ ਸੁਣਦਾ। ਬੀਕਾਜ਼ ਮੈਂ ਕੁੜੀ ਆਂ। ਇੰਡੀਅਨ ਲੋਕ ਸਿਰਫ ਮੁੰਡਿਆਂ ਦੀ ਗੱਲ ਸੁਣਦੇ ਨੇ। ਆਈ ਹੇਟ ਦਿਸ ਬੁੱਲਸ਼ਿਟ ਕਲਚਰ ਦਿਸ ਇਜ਼ ਜ਼ੈਂਡਰ ਡਿਸਕਰਿਮੀਨੇਸ਼ਨ।" ਉਸ ਨੇ ਅਗਲੀ

ਘੁੱਟ ਭਰੀ।

ਵਿਕਾਸ ਨੇ ਪੁੱਛਿਆ "ਹੁਣ ਕਿੱਥੇ ਹੈ ਤੇਰਾ ਬ੍ਰਦਰ।"

"ਇੰਗਲੈਂਡ ਆਸਟਨ ਯੂਨੀਵਰਸਿਟੀ। ਦੋ ਸਮੈਸਟਰ ਉਥੇ ਕਰਨ ਗਿਆ ਹੈ। ਦਿਸਜ਼ ਦਾ ਪਾਰਟ ਆਫ ਹਿਜ਼ ਕੋਰਸ।"

"ਏਥੇ ਕਿੱਥੇ ਪੜ੍ਹਦਾ ਸੀ?"

"ਵਾਟਰ ਲੂ ਯੂਨੀਵਰਸਿਟੀ ਤੇ ਉਥੇ ਹੀ ਉਹ ਰੈਜ਼ੀਡੈਂਸ ਤੇ ਰਹਿੰਦਾ ਸੀ। ਮੈਂ ਮਿਨਤਾਂ ਕੀਤੀਆਂ ਕੇ ਮੈ ਵੀ ਰੈਜੀਡੈਂਸ ਤੇ ਰਹਿ ਕੇ ਲਾਈਫ ਦਾ ਐਕਪੀਰੀਐਸ ਕਰਨਾ ਹੈ, ਤਾਂ ਗਰਡੈਂਮਾ ਡੈਡ ਨੂੰ ਕਹਿੰਦੀ ਕੁੜੀ ਕਿਵੇਂ ਬਾਹਰ ਰਹਿ ਸਕਦੀ ਆ? ਵੱਟ ਏ ਹੈੱਲ ਆਈ ਐਮ ਸੋ ਸਰਪ੍ਰਾਈਜ਼ਡ ਕਿੰਨੀ ਘਟੀਆ ਸੋਚ ਆ । ਮੈਂ ਇਹ ਡਰਾਮਾ ਬਿਲਕੁੱਲ ਲਾਈਕ ਨੀ ਕਰਦੀ। ਇਸੇ ਕਰਕੇ ਅੱਜ ਸਭ ਦੀ ਮਰਜੀ ਦੇ ਖਿਲਾਫ ਆਈ ਆਂ..."

---

ਸਾਇਰਾ ਬੋਲੀ "ਜੇ ਰੈਜ਼ੀਡੈਂਸ ਤੇ ਰਹਿਣਾ ਸੀ ਤਾਂ ਕਿਤੇ ਦੂਰ ਦੀ ਯੂਨੀਵਰਸਿਟੀ ਵਿੱਚ ਐਡਮਿਸ਼ਨ ਲੈਂਦੀ। ਅਪਲਾਈ ਨੀ ਸੀ ਕੀਤਾ ਹੋਰ ਕਿਤੇ?"

"ਮੈਂ ਔਟਵਾ, ਮਿਸ਼ੀਗੱਨ, ਸੇਂਟਕੈਥਰੀਨ, ਕਲੀਵਲੈਂਡ ਸਭ ਜਗਾ ਅਪਲਾਈ ਕੀਤਾ ਸੀ ਤੇ ਪ੍ਰਮਿਸ਼ਨ ਵੀ ਆ ਗਈ ਸੀ। ਪਰ ਡੈਡ ਅੜ ਗਏ ਕਿ ਕੁੜੀ ਬਾਹਰ ਨੀ ਭੇਜਣੀ। ਅਖੇ ਯੋਰਕ ਜਾਹ ਤੇ ਰੋਜ਼ ਘਰ ਆਇਆ ਕਰੀਂ। ਹੁਣ ਮੈਂ ਰੋਜ਼ ਬੱਸਾਂ ਵਿੱਚ ਧੱਕੇ ਖਾਂਦੀ ਆ। ਕਲਾਸਾਂ ਵਿੱਚ ਟਾਈਮ ਸਿਰ ਨੀ ਪਹੁੰਚ ਹੁੰਦਾ। ਮੇਰਾ ਕਰੀਅਰ ਤੇ ਸਾਰੀ ਲਾਈਫ ਖਰਾਬ ਕਰ ਕੇ ਰੱਖ ਦਿੱਤੀ ਇਸ ਸਟੂਪਿਡ ਸੋਚ ਨੇ।"

"ਤੇਰਾ ਭਰਾ ਤੇਰੇ ਬਾਰੇ ਕਿਵੇਂ ਸੋਚਦਾ ਏ?" ਕਿਸੇ ਹੋਰ ਨੇ ਪੁੱਛਿਆ।

"ਹੀ ਇਜ਼ ਆਲ ਰਾਈਟ ਉਸ ਨੂੰ ਪਤਾ ਹੈ ਕਿ ਮੇਰੇ ਨਾਲ ਡਿਸਕ੍ਰੀਮੀਨੇਸ਼ਨ ਹੁੰਦੀ ਆ। ਪਰ ਉਹ ਥੋੜਾ ਗ੍ਰੀਡੀ ਆ ਸਟੈਂਡ ਨੀ ਲੈਂਦਾ ਕਿ ਕਿਤੇ ਡੈਡ ਨਾ ਗੁੱਸੇ ਹੋ ਜਾਣ ਤੇ ਉਸਦਾ ਖਰਚਾ ਨਾ ਬੰਦ ਹੋ ਜਾਵੇ। ਏਧਰ ਮੈਨੂੰ ਦੇਖੋ ਮੈਂ ਪਾਰਟ ਟਾਈਮ ਜੌਬ ਕਰ ਕੇ ਖਰਚੇ ਪੂਰੇ ਕਰਦੀ ਆਂ। ਕੁੱਝ ਵੀ ਮੰਗਾਂ ਦਾਦੀ ਪਹਿਲਾਂ ਹੀ ਕਹਿ ਦਿੰਦੀ ਆਂ ਕਿ ਤੂੰ ਕੀ ਕਰਨੈ। ਤੇ ਡੈਡ ਨੂੰ ਰੋਕ ਦਿੰਦੀ ਆ ਕਿ ਐਵੇਂ ਨਾ ਕੁੜੀ ਨੂੰ ਸਿਰ ਚੜ੍ਹਾ ਮੇਰਾ ਹੁਣ ਉਸ ਘਰ ਵਿੱਚ ਦਮ ਘੁੱਟਦਾ ਏ। ਮੈਨੂੰ ਸਿਰਫ ਮੇਰੀ ਮਾਂ ਅੰਡਰਸਟੈਂਡ ਕਰਦੀ ਆਂ।" ਤੇ ਮੈਗੀ ਦਾ ਰੋਣ ਨਿੱਕਲ ਗਿਆ।

ਉਸਦੇ ਮਿੱਤਰ ਮੁੰਡੇ ਮਾਈਕਲ ਨੇ ਉਸ ਨੂੰ ਥੱਪਥਪਾ ਕੇ ਦਿਲਾਸਾ ਦਿੱਤਾ। ਤਾਂ ਮੈਗੀ ਬੋਲੀ ਅੱਜ ਰਾਤ ਉਹ ਟਰੇਸੀ ਕੋਲ ਰਹੇਗੀ ਤੇ ਘਰ ਨਹੀਂ ਜਾਵੇਗੀ। ਉਹ ਹੁਣ ਬਾਲਗ ਹੈ ਤੇ ਆਪਣੇ ਫੈਸਲੇ ਆਪ ਕਰੇਗੀ। ਆਪਣਾ ਜਨਮ ਦਿਨ ਆਪਣੇ ਤਰੀਕੇ ਨਾਲ ਮਨਾਉਣ ਦਾ ਇਹ ਉਸਦਾ ਪਹਿਲਾ ਫੈਸਲਾ ਸੀ।

"ਫੇਰ ਤਾਂ ਤੇਰਾ ਵਿਆਹ ਵੀ ਉਨ੍ਹਾਂ ਤੇਰੀ ਮਰਜੀ ਨਾਲ ਨਹੀਂ ਹੋਣ ਦੇਣਾ।"

"ਹਾਂ ਦਾਦੀ ਨੂੰ ਤੇ ਡੈਡ ਨੂੰ ਸਿਰਫ ਜੱਟ ਸਿੱਖ ਮੁੰਡਾ ਹੀ ਮਨਜ਼ੂਰ ਐ।"

"ਮੈਂ ਤਾਂ ਸਿੱਖ ਰਿਲਿਜ਼ਨ ਤੇ ਸਟੱਡੀ ਕੀਤੀ ਸੀ ਕਿ ਇਹ ਕਾਸਟ ਸਿਸਟਮ ਨੂੰ ਨਹੀਂ ਮੰਨਦੇ, ਤੇ ਸਭ ਇਨਸਾਨਾਂ ਨੂੰ ਬਰਾਬਰ ਸਮਝਦੇ ਨੇ।" ਸੈਂਡਰਾ ਨੇ ਪੁੱਛਿਆ।

"ਸਿਰਫ ਕਹਿਣ ਦੀਆਂ ਗੱਲਾਂ ਨੇ।"

"ਤੇ ਤੇਰਾ ਬ੍ਰਦਰ।"

"ਉਹਦੀ ਗਰਲ ਫਰੈਂਡ ਵੀ ਵਾਈਟ ਮਲ਼ੀਸਾ ਏ ਜੋ ਅਜੇ ਸਿਰਫ ਮੈਨੂੰ ਪਤਾ ਏ। ਪੰਗਾ ਤਾਂ ਉਹਦਾ ਵੀ ਪਊ। ਜੇ ਉਸਨੇ ਘਰ ਛੱਡਣ ਦਾ ਕਹਿ ਤਾ, ਫੇਰ ਸ਼ਾਇਦ ਮੰਨ ਵੀ ਜਾਣ ਕਿਉਂਕਿ ਉਹ ਮੁੰਡਾ ਏ। ਮੁੰਡਿਆਂ ਲਈ ਤਾਂ ਸੋਚ ਵੀ ਹੋਰ ਆ।"

ਉਸਦੇ ਮਿੱਤਰ ਮੁੰਡੇ ਕੁੜੀਆਂ ਸਭ ਉਸ ਦੀਆਂ ਗੱਲਾਂ ਸੁਣ ਸੁਣ ਹੈਰਾਨ ਹੋ ਰਹੇ ਸਨ। ਅਜੇ ਹੋਰ ਹੋਰ ਗਲਾਂ ਮਾਰਨ ਲਈ ਉਨ੍ਹਾਂ ਸਾਰਿਆਂ ਨੇ ਇੱਕ ਹੋਟਲ ਵਿੱਚ ਚੱਲਣਾ ਸੀ। ਮੈਗੀ ਨੇ ਵੀ ਆਪਣੀ ਮਾਂ ਨੂੰ ਟੈਕਸਟ ਮੈਸਿਜ਼ ਕਰਕੇ, ਇਸ ਬਾਰੇ ਦੱਸ ਵੀ ਦਿੱਤਾ ਸੀ।

ਨਵਜੋਤ ਮੈਗੀ ਤੋਂ ਦੋ ਸਾਲ ਵੱਡਾ ਹੈ। ਦੋਨਾਂ ਦਾ ਬਚਪਨ ਇਕੱਠਿਆਂ ਬੀਤਿਆ ਸੀ। ਪਰ ਪਾਲਣ ਪੋਸ਼ਣ ਵਿੱਚ ਬਹੁਤ ਫਰਕ ਰਿਹਾ ਸੀ। ਦੋਹਾਂ ਬੱਚਿਆਂ ਨੂੰ ਆਪਣੇ ਦਾਦਾ ਕਰਤਾਰ ਸਿੰਘ ਦੀ ਮਾੜੀ ਮਾੜੀ ਯਾਦ ਹੈ। ਫੇਰ ਇੱਕ ਵਾਰ ਉਹ ਇੰਡੀਆ ਗਿਆ ਕਦੇ ਵਾਪਿਸ ਨਹੀਂ ਸੀ ਆਇਆ। ਨਿੱਕੇ ਹੁੰਦਿਆਂ ਨੂੰ ਦਾਦੀ ਨੇ ਹੀ ਪਾਲਿਆ ਸੀ। ਦਾਦੀ ਜਿਸ ਮਾਹੌਲ ਵਿੱਚ ਆਪ ਪਲ਼ੀ ਸੀ ਉਹ ਹੀ ਉਨ੍ਹਾਂ ਤੇ ਲਾਗੂ ਕਰਦੀ ਰਹੀ ਸੀ।

ਦਾਦੀ ਦੇ ਸਮੇਂ ਕੁੜੀਆਂ ਦੀ ਕੋਈ ਅਹਿਮੀਅਤ ਨਹੀਂ ਸੀ। ਪਤਾ ਨਹੀਂ ਉਹ ਆਪਣੇ ਨਾਲ ਹੋਏ ਧੱਕਿਆਂ ਨੂੰ, ਹੁਣ ਕਿਉਂ ਦੁਹਰਾ ਰਹੀ ਸੀ। ਉਸ ਨੂੰ ਮੈਗੀ ਕਿਸੇ ਗੱਲ ਵਿੱਚ ਵੀ ਚੰਗੀ ਨਹੀਂ ਸੀ ਲੱਗਦੀ।

ਦਾਦੀ ਦੀ ਇਸ ਬੇਲੋੜੀ ਦਖਲਅੰਦਾਜ਼ੀ ਕਾਰਨ ਹੀ ਮੈਗੀ ਨੇ ਇਹ ਬਰਥ ਡੇਅ ਪਾਰਟੀ ਘਰੋਂ ਬਾਹਰ ਰੱਖ ਲਈ ਸੀ, ਸਭ ਦੀ ਮਰਜ਼ੀ ਦੇ ਖਿਲਾਫ਼। ਪਰ ਨਵੀਂ ਉਸ ਨਾਲ ਸਹਿਮਤ ਸੀ। ਉਸ ਨੂੰ ਪਤਾ ਸੀ ਕਿ ਮੈਗੀ ਨੇ ਹੁਣ ਤੱਕ ਕਿੰਨਾ ਵਿਤਕਰਾ ਝੱਲਿਆ ਹੈ। ਅਜੇ ਹੁਣੇ ਉਹ ਮੈਗੀ ਨੂੰ ਫੋਨ ਕਰਕੇ ਹਟਿਆ ਹੀ ਸੀ, ਤੇ ਹੁਣ ਵੀ ਆਪਣੇ ਕਮਰੇ ਵਿੱਚ ਬੈਠਾ ਉਸ ਬਾਰੇ ਹੀ ਸੋਚ ਰਿਹਾ ਸੀ।

ਮੈਗੀ ਨੇ ਕੋਈ ਵੀ ਖੇਡ ਮੰਗਣੀ ਤਾਂ ਦਾਦੀ ਮਾਂ ਨੇ ਖੋਹ ਕੇ ਕਹਿਣਾ "ਵੀਰ ਨੂੰ ਦੇ ਦੇ।" ਉਸ ਨੇ ਦੁੱਧ ਪੀਣ ਨੂੰ ਕਹਿਣਾ ਤਾਂ ਆਖਣਾ "ਕੁੜੀਆਂ ਨੀ ਪੀਂਦੀਆ ਹੁੰਦੀਆਂ।" ਪੈਂਟ ਪਾ ਲੈਣੀ ਤਾਂ ਕਹਿਣਾ "ਕਿਉਂ ਪਾਈ ਆ।"

ਪਰ ਸਲਵਾਰ ਕਮੀਜ਼ ਪਹਿਨਣੇ ਮੈਗੀ ਨੂੰ ਚੰਗੇ ਨਹੀਂ ਸੀ ਲੱਗਦੇ। ਜੇ ਮੈਗੀ ਨਾਲ ਕਿਸੇ ਗੋਰੀ ਕਾਲੀ ਕੁੜੀ ਨੇ ਖੇਡਣ ਆ ਜਾਣਾ, ਤਾਂ ਵੀ ਮਨਾ ਕਰ ਦੇਣਾ ਕਿ ਗੋਰੇ ਕਾਲੇ ਚੰਗੇ ਨੀ ਹੁੰਦੇ।

ਗਰੈਂਡ ਮਾਂ ਨੇ ਉਸਦੇ ਡੈਡ ਨੂੰ ਹਰ ਵੇਲੇ ਕੁੱਝ ਨਾ ਕੁੱਝ ਕਹਿੰਦੇ ਹੀ ਰਹਿਣਾ। ਨਵੀ ਨੂੰ ਤਾਂ ਇਹ ਵੀ ਪਤਾ ਸੀ ਕਿ ਜੇ ਮੈਗੀ ਨੇ ਪੰਜਾਬੀ ਮੁੰਡੇ ਤੋਂ ਬਗੈਰ ਕਿਸੇ ਹੋਰ ਨੂੰ ਵਿਆਹ ਲਈ ਚੁਣ ਲਿਆ ਤਾਂ ਮਾਂ ਪੁੱਤ ਕਦੇ ਵੀ ਬ੍ਰਦਾਸ਼ਤ ਨਹੀਂ ਕਰਨਗੇ। ਮੈਗੀ ਜ਼ੋਰ ਲਾ ਕੇ ਬਹਿ ਗਈ ਸੀ, ਪਰ ਡੈਡ ਨੇ ਉਸ ਨੂੰ ਫਿਰ ਵੀ ਕਾਰ ਨਾ ਲੈ ਕੇ ਦਿੱਤੀ। ਉਹ ਰੈਜੀਡੈਂਸ ਤੇ ਰਹਿ ਕੇ ਪੜ੍ਹਨਾ ਚਾਹੁੰਦੀ ਸੀ ਵਿਚਾਰੀ ਨੂੰ ਉਹ ਵੀ ਨਾ ਰਹਿਣ ਦਿੱਤਾ। ਕੱਪੜੇ ਪਹਿਨਣ ਤੇ ਅੱਡ ਪਾਬੰਦੀ ਸੀ ਅਖੇ ਤੂੰ ਕੁੜੀ ਆਂ। ਉਹ ਹੁਣ ਤੱਕ ਧੱਕੇਸ਼ਾਹੀ ਹੀ ਬ੍ਰਦਾਸ਼ਤ ਕਰਦੀ ਆਈ ਸੀ।

ਨਵਜੋਤ ਦਿਲੋਂ ਤਾਂ ਮੈਗੀ ਦੇ ਨਾਲ ਸੀ, ਪਰ ਘਰਦਿਆਂ ਨੂੰ ਜ਼ਾਹਰ ਨਹੀਂ ਸੀ ਹੋਣ ਦੇਣਾ ਚਾਹੁੰਦਾ। ਆਪਣੀ ਮਾਂ ਕੋਲ ਇਸ ਸਬੰਧੀ ਰੋਸ ਜ਼ਰੂਰ ਕਰਦਾ ਸੀ। ਮਾਂ ਤਾਂ ਵਿਚਾਰੀ ਆਪ ਬੇਵੱਸ ਸੀ। ਜੋ ਨੀਂਦ ਦੀਆਂ ਗੋਲ਼ੀਆਂ ਖਾਅ ਕੇ ਸੌਣ ਦਾ ਯਤਨ ਕਰਦੀ ਰਹਿੰਦੀ।

ਦੂਸਰਾ ਦਿਨ ਚੜ੍ਹਿਆ। ਐਤਵਾਰ ਹੋਣ ਕਾਰਨ ਬਲਬੀਰ ਤੇ ਸਤਿਵੀਰ ਘਰ ਹੀ ਸਨ। ਮੈਗੀ ਬਿਨਾਂ ਘਰ ਸੁੰਨਾ ਸੀ। ਪੁੱਤ ਤਾਂ ਪਹਿਲਾਂ ਹੀ ਇੰਗਲੈਂਡ ਸੀ। ਮੈਗੀ ਦਾ ਖੁੱਲਾ ਕਮਰਾ ਭਾਂਅ ਭਾਂਅ ਕਰ ਰਿਹਾ ਸੀ। ਬਲਬੀਰ ਨਸ਼ੇ ਦੀ ਤੋਟ ਕਾਰਨ ਫਰਿੱਜ ਚੋਂ ਜੂਸ ਲੱਭਦਾ ਫਿਰ ਰਿਹਾ ਸੀ। ਮੈਗੀ ਹੁੰਦੀ ਤਾਂ ਕਦੋਂ ਦਾ ਹਾਕਾਂ ਮਾਰ ਰਿਹਾ ਹੁੰਦਾ। ਬਲਵੰਤ ਕੌਰ ਅਜੇ ਕਮਰੇ ਚੋਂ ਥੱਲੇ ਨਹੀਂ ਸੀ ਉੱਤਰੀ। ਸਾਰੇ ਹੀ ਆਪਣੇ ਮਨ ਤੇ ਕੋਈ ਬੋਝ ਚੁੱਕੀਂ ਤੁਰੇ ਫਿਰ ਰਹੇ ਸਨ। ਘਰ ਵਿੱਚ ਬਣੀ ਤਿਕੋਨ ਹੀ ਇਸ ਬੇਚੈਨੀ ਦਾ ਕਾਰਨ ਸੀ

---

ਸਤਿਵੀਰ ਬੈਕਯਾਰਡ ਵਿੱਚ ਚਿੜੀਆਂ ਨੂੰ ਦਾਣੇ ਪਾ ਰਹੀ ਸੀ। ਕਾਟੋਆਂ ਏਧਰ ਉਧਰ ਭੱਜੀਆਂ ਫਿਰ ਰਹੀਆਂ ਸਨ। ਬੈਕਯਾਰਡ ਵਿੱਚ ਰੌਣਕ ਸੀ। ਕੁੱਝ ਜਾਨਵਰ ਭੁੱਖੇ ਜਾਪਦੇ ਸਨ ਤੇ ਖਾਣ ਲਈ ਬਹੁਤ

ਉਤਾਵਲੇ ਸਨ। ਕਈ ਅਜੇ ਵੀ ਫੈਂਸ ਦੇ ਏਧਰ ਉਧਰ ਟਪੂਸੀਆਂ ਮਾਰ ਰਹੇ ਸਨ। ਚੈਰੀ ਟਰੀ ਨਾਲ ਲਟਕਦਾ ਆਲਣਾ ਖਾਲੀ ਪਿਆ ਸੀ। ਕਦੇ ਇਸ ਵਿੱਚ ਨਿੱਕੇ ਨਿੱਕੇ ਬੋਟ ਹੋਇਆ ਕਰਦੇ ਸਨ, ਜੋ ਖੰਭ ਨਿੱਕਲਦਿਆਂ ਸਾਰ ਹੀ ਉਡਾਰੀ ਮਾਰ ਗਏ ਸਨ।

---

ਸਤਿਵੀਰ ਸੋਚੀਂ ਪੈ ਗਈ।

'ਕੀ ਕਾਇਦੇ ਕਾਨੂੰਨ ਤੇ ਬੰਦਿਸ਼ਾਂ ਸਿਰਫ ਇਨਸਾਨਾ ਲਈ ਹੀ ਹੁੰਦੇ ਨੇ?

ਪੰਛੀਆਂ ਦੇ ਬੋਟਾਂ ਦੇ ਜਦੋਂ ਖੰਭ ਨਿੱਕਲਣ ਤਾਂ ਉਹ ਵੀ ਤਾਂ ਉਡ ਜਾਂਦੇ ਨੇ...। ਮੈਂ ਕਿਉਂ ਉਦਾਸ ਹਾਂ। ਤੇ ਮੈਗੀ ਨੂੰ ਕਿਉਂ ਕੈਦ ਕਰਕੇ ਰੱਖਣਾ ਚਾਹੁੰਦੀ ਹਾਂ? ਇਹ ਤਾਂ ਕੁਦਰਤ ਦਾ ਨਿਯਮ ਹੈ।"

ਫੇਰ ਉਸ ਦੇ ਮਨ ਤੋਂ ਸਾਰਾ ਹੀ ਬੋਝ ਲਹਿ ਗਿਆ।

ਉਹ ਹੌਸਲੇ ਨਾਲ ਅੰਦਰ ਗਈ। ਸਾਰੇ ਘਰ ਦਾ ਜਾਇਜ਼ਾ ਲਿਆ। ਸਾਰਾ ਕੁੱਝ ਪਹਿਲਾਂ ਵਰਗਾ ਹੀ ਸੀ ਪਰ ਹੁਣ ਉਹ ਪਹਿਲਾਂ ਵਾਲੀ ਨਹੀਂ ਸੀ। ਉਹ ਸਿੱਧੀ ਬੈੱਡਰੂਮ ਵਿੱਚ ਨਿਮੋਝੂਣੇ ਜਿਹੇ ਹੋਏ ਪਤੀ ਕੋਲ ਗਈ ਤੇ ਬੋਲੀ,

"ਇਉਂ ਬੈਠ ਕੇ ਤਾਂ ਸਰਨਾ ਨੀ? ਬੱਚੇ ਹੁਣ ਬਾਲਗ ਹੋ ਗਏ ਨੇ, ਕਿੰਨਾ ਕੁ ਚਿਰ ਪਿੰਜਰੇ 'ਚ ਪਾ ਕੇ ਰੱਖਾਗੇ? ਹੁਣ ਬੱਚਿਆਂ ਨੂੰ ਨਹੀਂ, ਆਪਾਂ ਨੂੰ ਬਦਲਣਾ ਚਾਹੀਦਾ ਹੈ। ਉਨ੍ਹਾਂ ਨੂੰ ਸੁਣਾਉਣਾ ਨਹੀਂ ਸਗੋਂ ਸੁਣਨਾ ਚਾਹੀਦਾ ਹੈ। ਜੇ ਉਹ ਘਰੋਂ ਭੱਜ ਕੇ ਆਪਣੀ ਮਨ ਮਰਜੀ ਦਾ ਜੀਣਾ ਚਾਹੁਣ ਤਾਂ ਫੇਰ ਵੀ ਆਪਾਂ ਕੀ ਕਰ ਲਵਾਂਗੇ? ਅਜੇ ਤਾਂ ਕੁੜੀ ਇੱਕ ਰਾਤ ਹੀ ਘਰੋਂ ਬਾਹਰ ਰਹੀ ਆ, ਜੇ ਸਦਾ ਲਈ ਘਰ ਛੱਡ ਗਈ ਤਾਂ ਕੀ ਕਰਨੀਆਂ ਨੇ ਇਹ ਕਮਾਈਆਂ? ਕੀ ਅਸੀਂ ਬੱਚਿਆਂ ਲਈ ਏਹਨਾਂ ਮੁਲਕਾਂ 'ਚ ਨਹੀਂ ਸੀ ਆਏ? ਕੀ ਅਸੀਂ ਸਿਰਫ ਡੀਪ੍ਰੈਸ਼ਨ ਨਾਲ ਮਰਨ ਆਏ ਹਾਂ?"

"ਉੱਠੋ ਨਹਾਉ ਧੋਵੋ ਤੇ ਜ਼ਿੰਦਗੀ ਨੂੰ ਫੇਸ ਕਰੋ। ਬੱਚਿਆਂ ਨੂੰ ਏਥੋਂ ਅਨੁਸਾਰ ਜੀਣ ਦਿਉ ਤੇ ਲੋਕਾਂ ਦੀ ਪ੍ਰਵਾਹ ਕਰਨੀ ਛੱਡੋ, ਨਹੀਂ ਤਾਂ ਆਪਣਾ ਟੱਬਰ ਵੀ ਗੁਆ ਬੈਠੋਂਗੇ।"

ਸਤਿਵੀਰ ਨੇ ਬਲਬੀਰ ਨੂੰ ਬੈੱਡ ਤੋਂ ਉਠਾਉਣ ਲਈ ਆਪਣਾ ਹੱਥ ਅੱਗੇ ਕੀਤਾ ਤੇ ਉਸ ਨੇ ਵੀ ਹੱਥ ਫੜ ਲਿਆ।

ਬਲਬੀਰ ਨੂੰ ਸਮਝ ਆ ਚੁੱਕਾ ਸੀ ਕਿ ਹੁਣ ਉਹ ਕੁੱਝ ਨਹੀਂ ਕਰ ਸਕਦਾ। ਇੱਕ ਪਾਸੇ ਸਮਝੌਤਾ ਸੀ, ਤੇ ਦੂਸਰੇ ਪਾਸੇ ਖਿੰਡਾਅ। ਉਹ ਇਹ ਵੀ ਨਹੀਂ ਸੀ ਚਾਹੁੰਦਾ ਕਿ ਪਰਿਵਾਰ ਬਿਖਰ ਜਾਵੇ। ਉਸ ਨੇ ਇਸ ਫੈਸਲੇ ਨੂੰ ਚੁੱਪ ਦਾ ਜਾਮਾ ਪਹਿਨਾ ਕੇ ਪ੍ਰਵਾਨ ਕਰ ਲਿਆ। ਸਤਿਬੀਰ ਅਜੇ ਵੀ ਬੋਲ ਰਹੀ ਸੀ,

"ਜਦੋਂ ਮੈਗੀ ਘਰ ਆਈ ਉਨ ਨੂੰ ਕੁੱਝ ਨਾ ਕਿਹੋ। ਮੈਂ ਕੇਕ ਆਰਡਰ ਕਰ ਦਿੰਦੀ ਆਂ ਤੇ ਅੱਜ ਆਪਾਂ ਉਸ ਦੇ ਜਨਮ ਦਿਨ ਦਾ ਕੇਕ ਕੱਟ ਲੈਂਦੇ ਹਾਂ। ਮੈਂ ਉਸ ਨੂੰ ਗਿਫਟ ਵੀ ਦੇਣਾ ਏ।" ਉਸ ਨੇ ਪਰਸ ਚੋਂ ਕੱਢ ਕੇ ਲਿਆਂਦਾ 'ਪੰਡੋਰਾ' ਬਲਬੀਰ ਅੱਗੇ ਕਰ ਦਿੱਤਾ।

ਬਲਬੀਰ ਨੇ ਇਸ ਨਿਵੇਕਲੇ ਜਿਹੇ ਕੰਗਣ ਨੂੰ ਦੇਖਿਆ। ਕਈ ਲੜੀਆਂ ਲਮਕ ਰਹੀਆਂ ਸਨ। ਕਈ ਲੜੀਆਂ ਤੇ ਦਿਲ ਦੀ ਸ਼ਕਲ ਵਾਲੇ ਚਾਰਮ ਸਨ, ਜਿਨ੍ਹਾਂ ਚੋਂ ਇੱਕ ਤੇ ਲਵ ਯੂ ਡੈਡ ਲਿਖਿਆ ਹੋਇਆ ਸੀ। ਇਹ ਸਾਰੇ ਚਾਰਮ ਮੈਗੀ ਦੀ ਪਸੰਦ ਦੇ ਸਨ, ਜੋ ਉਸ ਨੇ ਆਪ ਚੁਣੇ ਸਨ। ਇਸਦੀ ਸਾਰੀ ਕੀਮਤ ਸਤਿਬੀਰ ਨੇ ਆਪਣੀ ਓਵਰ ਟਾਈਮ ਮਨੀ ਚੋਂ ਪੇਅ ਕੀਤੀ ਸੀ। ਬਲਬੀਰ ਇਸ ਕੰਗਣ ਨੂੰ ਧਿਆਨ ਨਾਲ ਦੇਖਦਾ ਰਿਹਾ।

ਦੁਪਹਿਰ ਵਕਤ ਮੈਗੀ ਖੁਦ ਹੀ ਘਰ ਆ ਗਈ। ਉਦੋਂ ਤੱਕ ਸਭ ਨੇ, ਆਪਣੇ ਆਪ ਨੂੰ ਸਥਿਤੀ ਅਨੁਸਾਰ ਢਾਲ ਲਿਆ ਸੀ। ਕਿਸੇ ਨੇ ਉਸ ਨੂੰ ਕੁੱਝ ਨਾ ਕਿਹਾ, ਤੇ ਨਾਂ ਹੀ ਬਾਹਰ ਰਾਤ ਰਹਿਣ ਬਾਰੇ ਕੋਈ ਸਵਾਲ ਕੀਤੇ। ਬਲਬੀਰ ਬੀਬੀ ਦੇ ਗੋਡੇ ਮੁੱਢ ਬੈਠ ਕੇ ਸਮਝਾਉਂਦਾ ਰਿਹਾ ਸੀ ਕਿ

"ਬੱਚਿਆਂ ਦੀ ਆਪਣੀ ਜ਼ਿੰਦਗੀ ਹੈ ਤੇ ਹੁਣ ਉਹ ਬਾਲਗ ਹੋ ਚੁੱਕੇ ਨੇ।"

ਉਸ ਨੇ ਇਹ ਵੀ ਕਿਹਾ ਸੀ ਕਿ ਜਦੋਂ ਆਪਾਂ ਕੁੱਝ ਕਰ ਹੀ ਨਹੀਂ ਸਕਦੇ, ਫੇਰ ਤੜਫਣਾ ਵੀ ਕਾਹਦੇ ਲਈ ਹੈ। ਜੇ ਆਪਾਂ ਧੱਕਾ ਕਰਾਂਗੇ ਤਾਂ ਉਹ ਘਰ ਛੱਡ ਕੇ ਦੌੜ ਜਾਣਗੇ। ਆਪਾਂ ਕਿਹੜਾ ਏਥੇ ਸਦਾ ਲਈ ਬੈਠੇ ਰਹਿਣੈ ਮਰਜ਼ੀ ਤਾਂ ਉਨ੍ਹਾਂ ਫੇਰ ਵੀ ਆਪਣੀ ਹੀ ਕਰਨੀ ਆ। ਹੁਣ ਕਾਹਨੂੰ ਐਵੇਂ ਕਲੇਸ਼ ਪਾਉਣੈ। ਤੂੰ ਵੀ ਕੁੱਝ ਨਾ ਕਹੀਂ।"

"ਭਾਈ ਤਿੰਨ ਕਰੋ, ਤੇਰਾਂ ਕਰੋ ਮੈਨੂੰ ਕੀ? ਮੈਂ ਕੀ ਲੈਣਾ?"

ਬਲਵੰਤ ਕੌਰ ਮਾਲਾ ਪਾਸੇ ਰੱਖ ਕੇ ਚੁੱਪ ਕਰ ਗਈ। ਜਿਵੇਂ ਉਸ ਨੇ ਹਾਰ ਮੰਨ ਲਈ ਹੋਵੇ, ਤੇ ਮਨ ਸਮਝਾ ਲਿਆ ਹੋਵੇ ਕਿ ਇਹ ਪੁੱਤ ਦਾ ਟੱਬਰ ਹੈ, ਹੁਣ ਉਹ ਜੋ ਮਰਜੀ ਕਰਨ।

ਫੇਰ ਘਰ ਅੰਦਰ ਉੱਠਿਆ ਜਵਾਰਭਾਟਾ ਸ਼ਾਂਤ ਹੋ ਗਿਆ। ਅਜਿਹੀ ਸੁਨਾਮੀ ਸ਼ਾਇਦ ਹਰ ਪੰਜਾਬੀ ਦੇ ਘਰ ਵਿੱਚ ਹੀ ਆਉਂਦੀ ਹੋਵੇਗੀ। ਕਿਚਨ ਵਿੱਚ ਖੜੀ ਸਤਿਬੀਰ ਇਹ ਸਭ ਸੋਚ ਰਹੀ ਸੀ।

ਸ਼ਾਮ ਤੱਕ ਬਲਬੀਰ ਆਪ ਜਾ ਕੇ ਬਾਸਕਨ ਰੌਬਨ ਤੋਂ ਮੈਗੀ ਦੀ ਮਨਪਸੰਦ ਦਾ ਆਈਸ ਕਰੀਮ ਕੁੱਕੀ ਮੈਂਗੋ ਫਲੇਵਰ ਵਾਲਾ ਕੇਕ ਚੁੱਕ ਲਿਆਇਆ। ਘਰ ਵਿੱਚ ਭੁਕਾਨੇ ਤੇ ਰਿਬਨ ਬੰਨ ਦਿੱਤੇ ਗਏ। ਮੈਗੀ ਨੂੰ ਕਿਹਾ ਗਿਆ ਕਿ ਜਿਸ ਨੂੰ ਵੀ ਉਸ ਨੇ ਬੁਲਾਉਣਾ ਹੈ ਬੁਲਾ ਲਵੇ, ਉਨ੍ਹਾਂ ਨੂੰ ਕੋਈ ਇਤਰਾਜ ਨਹੀਂ। ਮੈਗੀ ਦਾਦੀ ਮਾਂ ਨੂੰ ਜੱਫੀ ਪਾ ਕੇ ਮਿਲ ਵੀ ਲਈ ਸੀ ਤੇ ਹੁਣ ਉਸ ਦਾ ਵੀ ਗੁੱਸਾ ਲਹਿ ਗਿਆ ਸੀ।

ਬਲਵੰਤ ਕੌਰ ਚਾਂਦੀ ਦੇ ਝਬੂੰਲੀਆਂ ਵਾਲੇ ਕੰਗਣ ਨੂੰ ਨੀਝ ਨਾਲ ਵੇਖ ਰਹੀ ਸੀ, ਤੇ ਬੋਲੀ

"ਕੋਈ ਸੋਨੇ ਦੀ ਚੀਜ ਬਣਾ ਦਿੰਦੇ ਮੈਂ ਵੀ ਆਪਣੀ ਪਿਲਸਣ ਚੋਂ ਕੋਈ ਹਿੱਸਾ ਪਾ ਦਿੰਦੀ।"

ਜਦੋਂ ਬਲਵੰਤ ਕੌਰ ਖੁਸ਼ ਹੁੰਦੀ ਤਾਂ ਨਿਆਣਿਆਂ ਨੂੰ ਪੈਨਸ਼ਨ ਚੋਂ ਪੈਸੇ ਵੀ ਦੇ ਦਿੰਦੀ ਤੇ ਕੋਈ ਚੀਜ ਵੀ ਲੈ ਦਿੰਦੀ। ਹੁਣ ਵੀ ਉਹ ਮੈਗੀ ਨੂੰ ਦੇਣ ਲਈ ਸੌ ਡਾਲਰ ਕੱਢੀਂ ਬੈਠੀ ਸੀ।

"ਬੀਬੀ ਸੋਨਾ ਏਥੋਂ ਆਲ਼ੇ ਜੁਆਕ ਕਿੱਥੇ ਪਹਿਨਦੇ ਨੇ।" ਬਲਬੀਰ ਨੇ ਕਿਹਾ

ਪਰ ਅੱਗੋਂ ਬਲਵੰਤ ਕੌਰ ਕੁੱਝ ਨਾ ਬੋਲੀ। ਸ਼ਾਇਦ ਉਸ ਨੇ ਆਪਣਾ ਮਨ ਸਮਝਾ ਲਿਆ ਸੀ।

ਹੁਣ ਬਲਬੀਰ ਇਸ 'ਪੰਡੋਰੇ' ਨੂੰ ਫੜੀਂ ਵੇਖ ਰਿਹਾ ਸੀ। ਉਸ ਨੂੰ ਆਪਣੇ ਦੋਨੋ ਬੱਚੇ ਪਰਿਵਾਰਕ ਕੰਗਣ ਨਾਲ ਜੁੜੇ ਲੱਕੀ ਚਾਰਮਾਂ ਵਰਗੇ ਲੱਗੇ। ਉਸ ਨੇ ਸੋਚਿਆ

'ਏਦੋਂ ਵੱਡਾ ਗਹਿਣਾ ਭਲਾਂ ਹੋਰ ਕੀ ਹੋਊ?'

ਬਲਵੀਰ ਤੇ ਸਤਿਵੀਰ ਨੇ ਮੈਗੀ ਨੂੰ ਬੁੱਕਲ 'ਚ ਲੈ ਕੇ ਹੈਪੀ ਬਰਥ ਡੇਅ ਕਿਹਾ ਤੇ ਉਸ ਨੇ ਵੀ ਝੱਟ ਸੈਲਫੀ ਖਿੱਚ ਕੇ ਨਵੀ ਨੂੰ ਭੇਜ ਦਿੱਤੀ। ਦੇਖਣ ਸਾਰ ਹੀ ਉਸਦਾ ਫੋਨ ਵੀ ਆ ਗਿਆ। ਤੇ ਹੁਣ ਸਾਰਾ ਟੱਬਰ ਪੂਰਾ ਖੁਸ਼ ਸੀ।

ਕੇਕ ਕੱਟਿਆ ਗਿਆ। ਮੈਗੀ ਨੇ ਆਪਣੇ ਵੀਹਵੇਂ ਜਨਮ ਦਿਨ ਦੀਆਂ ਮੋਮਬੱਤੀਆਂ ਨੂੰ ਫੂਕ ਮਾਰੀ। ਉਸ ਦੀਆਂ ਸਹੇਲੀਆਂ ਨੇ ਗੀਤ ਗਾਇਆ। ਦਾਦੀ ਨੇ ਹੀ ਸਭ ਤੋਂ ਪਹਿਲਾਂ ਸ਼ਗਨ ਦੇ ਕੇ ਕੇਕ ਪਾਇਆ। ਫੇਰ ਸਤਿਬੀਰ ਤੇ ਬਲਵੀਰ ਨੇ ਮੈਗੀ ਨੂੰ ਉਹ 'ਪੰਡੋਰਾ' ਪਹਿਨਾ ਦਿੱਤਾ।

ਸਤਿਬੀਰ ਨੇ ਬੈਕ ਯਾਰਡ ਵੱਲ ਖੁੱਲਦੇ ਸਲਾਈਡਿੰਗ ਡੋਰ ਦੇ ਸ਼ੀਸ਼ਿਆਂ ਰਾਹੀਂ ਬਾਹਰ ਤੱਕਿਆ। ਪੰਛੀਆਂ ਦੀ ਡਾਰਾਂ ਖੁੱਲੇ ਅਸਮਾਨ ਵਿੱਚ ਉਡ ਰਹੀਆਂ ਸਨ। ਦੂਰ ਕਿਤੇ ਧਰਤ ਆਕਾਸ਼ ਆਪਸ ਵਿੱਚ ਮਿਲ ਰਹੇ ਸਨ। ਚੈਰੀ ਦੇ ਦਰਖਤ ਨਾਲ ਲਟਕਦਾ ਖਾਲੀ ਆਲਣਾ ਹਵਾ ਨਾਲ ਝੂਮ ਰਿਹਾ ਸੀ। ਬਲਵੀਰ ਸ਼ਾਇਦ ਅਜੇ ਵੀ ਕੰਗਣ ਬਾਰੇ ਸੋਚ ਰਿਹਾ ਸੀ। ਮੈਗੀ ਨੂੰ ਹੁਣ ਕਿਸੇ ਨਾਲ ਕੋਈ ਸ਼ਿਕਵਾ ਨਹੀਂ ਸੀ।

**ਸੰਪਰਕ**-905-796-9797,416-727-2071

## ਕਹਾਣੀ/ ਗਊ-ਪੁੱਤਰ ਦੀ ਹੱਤਿਆ / - ਰਣਜੀਤ ਮਾਧੋਪੁਰੀ

ਦਾਣਾ ਮੰਡੀ ਦੀ ਸੈੱਡ ਗਊ-ਸ਼ਾਲਾ ਦੇ ਕਰਮਚਾਰੀਆਂ ਤੇ ਗਊ ਰਕਸ਼ਕਾਂ ਨਾਲ ਖਚਾਖਚ ਭਰੀ ਪਈ ਸੀ। ਵਿਚਕਾਰ ਪਈ ਗਊ-ਪੁੱਤਰ ਦੀ ਲਾਸ਼ ਸੜਿਆਂਦ ਮਾਰ ਰਹੀ ਸੀ ਜਿਸ ਕਰਕੇ ਗਊਮਾਤਾ ਦੇ ਬਹੁਤੇ ਭਗਤਾਂ ਨੇ ਨੱਕ-ਮੂੰਹ ਭਗਵੇਂ ਪਟਕਿਆਂ ਨਾਲ ਬੰਨੇ ਹੋਏ ਸਨ। ਸਾਰੇ ਇਸ ਗੱਲ ਲਈ ਪਰੇਸ਼ਾਨ ਹੋ ਰਹੇ ਸਨ ਕਿ ਹਾਲੇ ਤਕ ਗਊ-ਰੱਖਿਆ ਸੰਮਤੀ ਦੇ ਪ੍ਰਧਾਨ ਪਧਾਰੇ ਕਿਉਂ ਨਹੀਂ, ਮੋਬਾਇਲ ਚੀਕ ਰਹੇ ਸਨ, ਲਾਊਡ ਸਪੀਕਰ ਅਲੱਗ ਖੌਰੂ ਪਾ ਰਹੇ ਸਨ। ਕਾਨਾਫੂਸੀ ਹੋ ਰਹੀ ਸੀ।

'ਕਲ੍ਹ ਤਕ ਲਾਸ਼ ਪਾਟ ਕੇ ਖਿਲਰ ਜਾਏਗੀ।'

'ਕੀੜੇ ਤਾਂ ਨਿਕਲਣੇ ਸ਼ੁਰੂ ਹੋ ਗਏ'

'ਸੜਿਆਂਦ ਨਾਲ ਮੇਰਾ ਤਾਂ ਸਿਰ ਦੁਖਣ ਲਗ ਪਿਆ'

'ਹੁਣ ਤਾਂ ਧੂਫ਼ ਬੱਤੀ ਵੀ ਕੁਝ ਨਹੀਂ ਕਰ ਰਹੀ'

'ਲਾਸ਼ ਉੱਤੇ ਮਿੱਟੀ ਜਾਂ ਤਰਪਾਲ ਪਾ ਦੇਣਾ ਚਾਹੀਦਾ'

'ਇਹ ਨਹੀਂ ਹੋ ਸਕਦਾ, ਤੁਹਾਨੂੰ ਪਤਾ ਸ਼ਹਿਰ ਦੀ ਕੇਬਲ ਤੋਂ ਲਾਈਵ ਪ੍ਰੋਗਰਾਮ ਜਾ ਰਿਹਾ, ਲਾਸ਼ ਢੱਕ ਦਿੱਤੀ ਤਾਂ ਲੋਕਾਂ ਨੂੰ ਗਊ-ਪੁੱਤਰ ਦੀ ਵੱਡ-ਟੁੱਕ ਦਾ ਕਿਵੇਂ ਪਤਾ ਲਗੂਗਾ।"

'ਯਾਰ ਇਹ ਸਿੱਖ ਪੰਗਾ ਲੈਣ ਤੋਂ ਨਹੀਂ ਡਰਦੇ, ਕੀ ਲੋੜ ਸੀ ਸਾਨ੍ਹ ਨੂੰ ਏਦਾਂ ਮਾਰਨ ਦੀ, ਜੇ ਖੌਰੂ ਪਾਉਂਦਾ ਸੀ, ਪੁਲਿਸ ਨੂੰ ਖ਼ਬਰ ਕਰਦੇ, ਗਊ-ਰੱਖਿਆ ਸੰਮਤੀ ਦੇ ਕਰਮਚਾਰੀ ਆਉਂਦੇ ਸਾਨ੍ਹ ਫੜ ਲਿਆਉਂਦੇ, ਇੰਜ ਤਲਵਾਰਾਂ ਨਾਲ ਇੱਕ ਗਊ ਦੇ ਜਾਏ ਨੂੰ ਵੱਢਣਾ-ਟੁੱਕਣਾ ਕਿਥੋਂ ਦੀ ਬਹਾਦਰੀ ਆ।'

'ਲੇਕਿਨ ਯਾਰ ਇਹ ਸਾਨ੍ਹ ਪਿੰਡ ਵਲ ਗਿਆ ਕਿਵੇਂ?'

'ਗੱਲ ਇਹ ਸੀ ਕਿ ਐਥੇ ਗਊ-ਸ਼ਾਲਾ 'ਚ ਕੁਝ ਜਿੰਮੀਦਾਰ ਵੱਛੀਆਂ ਲੁਆਉਣ ਆਏ ਸੀ, ਨਵੇਂ ਦੁੱਧ ਕਰਾਉਣ, ਇਹ ਸਾਨ੍ਹ ਚੰਗੀ ਨਕਲ ਦਾ ਹੋਣ ਕਰਕੇ, ਦੋ ਵੱਛੀਆਂ ਤਾਂ ਨਵੇਂ ਦੁੱਧ ਹੋ ਗਈਆਂ, ਤੀਜੀ ਡਰ ਕੇ ਭਜ ਗਈ, ਇਹ ਵੀ ਮਗਰੇ ਹੀ ਛੂਟ ਵੱਟ ਗਿਆ, ਇਹ ਉਹਦਾ ਪਿਸ਼ਾਬ ਸੁੰਘਦਾ ਜਾ ਵੜਿਆ ਪਿੰਡ 'ਚ ਸੁੰਘਦਾ।"

'ਤੇ ਗਊ-ਸ਼ਾਲਾ ਵਾਲੇ ਸੁੱਤੇ ਪਏ ਸੀ।'

'ਉਏ ਸਭ ਇਥੇ ਮਾਤਾ ਦਾ ਮਾਲ ਭਰਤੀ ਕੀਤਾ ਹੋਇਆ, ਤੂੰ ਦੇਖਦਾ ਨਹੀਂ ਸ਼ਹਿਰ 'ਚ ਸਾਨ੍ਹ ਕਿਵੇਂ ਹੜੱਭੜ ਮਚਾ ਰਹੇ ਨੇ, ਥਾਂ ਥਾਂ ਸ਼ਰੇਆਮ ਘੁੰਮ ਰਹੇ ਨੇ, ਕਦੇ ਕਿਸੇ ਗਰੀਬ ਦਾ ਰਿਕਸ਼ਾ ਉਲਟਾ ਦਿੱਤਾ, ਕਿਤੇ ਟਰੈਫਕ ਜਾਮ ਕਰਤੀ, ਹੋਰ ਤਾਂ ਹੋਰ ਇਹ ਤਾਂ ਕਈਆਂ ਦੇ ਸਿੰਗ ਠੋਕ ਦੇਂਦੇ ਆ।'

"ਆਵਾ ਈ ਊਤਿਆ ਹੋਇਆ, ਪੁੱਛਣ ਵਾਲਾ ਕੋਈ ਨਹੀਂ।"

"ਉਹ ਕਰਨ ਕੀ ਭਰਾਵਾ ਸਭ ਨੂੰ ਆਪਣੇ ਆਪਣੇ ਢਿੱਡ ਦੀ ਪਈ ਹੋਈਆ ਗਊ-ਸ਼ਾਲਾ 'ਚ ਮਸਾਂ ਸੌ ਡੇਢ ਸੌ ਜਾਨਵਰਾਂ ਲਈ ਥਾਂ ਆ, ਜਾਨਵਰ ਨੇ ਤਿੰਨ ਸੌ ਦੇ ਕਰੀਬ ਰਖਣ ਵੀ ਕਿਥੇ?"

"ਭਾਈ ਸਾਹਿਬ, ਤੁਹਾਨੂੰ ਪਤਾ ਹੋਣਾ ਚਾਹੀਦਾ ਰੋਜ਼ਾਨਾ ਚਾਰਾ ਚਾਰ ਸੌ ਡੰਗਰਾਂ ਦਾ ਖਰੀਦਿਆ ਜਾਂਦਾ, ਉਹ ਕਿਥੇ ਜਾਂਦਾ?"

ਆਉਂਦਾ ਹੋਵੇ ਤਾਂ ਜਾਵੇ, ਇਹ ਸਭ ਕਾਗਜਾਂ 'ਚ ਐ, ਤੁਸੀਂ ਦੇਖਦੇ ਨਹੀਂ ਕਿੰਨੇ ਸਾਰੇ ਜਾਨਵਰ

ਸ਼ਹਿਰ 'ਚ ਗੰਦ ਮੰਦ ਈ ਖਾਂਦੇ ਨੇ ਮਿਉਂਸਿਪਲ ਕਮੇਟੀ ਜਿਥੇ ਕੂੜਾ ਸੁਟਾਉਂਦੀ ਆ ਉਥੇ ਗਊਆਂ ਸਾਨ੍ਹਾ ਦੇ ਵੱਗ ਫਿਰਦੇ ਨੇ, ਮੈਰਿਜ ਪੈਲਸਾਂ ਚੋਂ ਆਏ ਮੁਸ਼ਕ ਮਾਰਦੇ ਚੌਲ ਸਬਜੀਆਂ, ਸਬਜੀ ਮੰਡੀ ਦੀ ਰਹਿੰਦ ਖੂਹੰਦ, ਘਰਾਂ ਦੀਆਂ ਬੁਸਕੀਆਂ ਹੋਈਆਂ ਦਾਲਾਂ ਰੋਟੀਆਂ ਦੇ ਲਫ਼ਾਫ਼ੇ ਇਹ ਸਭ ਕੁਝ ਗਊਜਾਦੇ ਹੀ ਖਾਂਦੇ ਨੇ ਕਰਨ ਕੀ ਵਿਚਾਰੇ ਇਨ੍ਹਾਂ ਦਾ ਚਾਰਾ ਤਾਂ ਬੰਦੇ ਖਾਈ ਜਾਂਦੇ ਨੇ।"

"ਆਹੋ ਲਾਲੂ ਵੀ ਤਾਂ ਕਹਿੰਦੇ ਚਾਰ ਸੌ ਕਰੋੜ ਦਾ ਖਾ ਗਿਐ।"

"ਮੈਨੂੰ ਲਗਦਾ ਵੱਛੀ ਦੀ ਗੱਲ ਤਾਂ ਐਵੇਂ ਈਆ, ਇਹ ਵਿਚਾਰਾ ਕਈ ਦਿਨਾਂ ਦਾ ਭੁੱਖਾ ਹੋਣੈ, ਜਾ ਵੜਿਆ ਜ਼ਿੰਮੀਦਾਰਾਂ ਦੇ ਖੇਤਾਂ 'ਚ, ਅਗਲਿਆਂ ਨੇ ਵੱਢ ਸੁੱਟਿਆ।"

"ਉਹ ਨਹੀਂ ਯਾਰ ਅੱਜ ਤਕ ਇਹ ਗੱਲ ਨਹੀਂ ਹੋਈ, ਸਿੱਖ ਵੀ ਤਾਂ ਗਊ ਨੂੰ ਪਵਿੱਤਰ ਮੰਨਦੇ ਨੇ, ਗਊ-ਮਾਸ ਨਹੀਂ ਖਾਂਦੇ, ਕਦੇ ਸੁਣਿਆ ਅੱਜ ਤਕ ਗਊ ਵੱਢਦਾ?"

"ਨਹੀਂ ਪਰ ਖੱਲ ਦੇ ਲਾਲਚ ਨਾਲ ਕਸਾਈ ਇਹ ਕੰਮ ਕਰਦੈ।" ਗੱਲਬਾਤ ਅਜੇ ਜਾਰੀ ਸੀ ਕਿ ਰੌਲਾ ਪੈ ਗਿਆ। ਗਊ ਰੱਖਿਆ ਸੰਮਤੀ ਦਾ ਜਿਲ੍ਹਾ ਪ੍ਰਧਾਨ ਸ੍ਰੀ ਗਵਰਧਨ ਜੀ ਆਪਣੀ ਵੱਡੀ ਸਾਰੀ ਕਾਰ 'ਚ ਮੰਡੀ ਪਹੁੰਚ ਗਏ ਸਨ। ਹਜ਼ਾਰਾਂ ਗਊ-ਭਗਤਾਂ ਦੇ ਅੱਗੇ ਹੱਥ ਜੋੜਨ ਦਾ ਨਾਟਕ ਕਰਦੇ ਉਹ ਤੇਜ ਤੇਜ ਕਦਮਾਂ ਨਾਲ ਗਊ-ਪੁੱਤਰ ਦੀ ਲਾਸ਼ ਵਲ ਵਧ ਰਹੇ ਸਨ। ਛੇਤੀ ਹੀ ਉਨ੍ਹਾਂ ਨੇ ਆਪਣੀ ਲੀਡਰੀ ਵਾਲੀ ਜੈਕਟ ਵਿੱਚੋਂ ਚਿੱਟਾ-ਦੁੱਧ ਰੁਮਾਲ ਕੱਢਿਆ ਤੇ ਕਚੀਚੀ ਜਿਹੀ ਵਟਦਿਆਂ ਨੱਕ ਉਤੇ ਨੱਪ ਲਿਆ। ਇਸ ਦਾ ਫਿਕਰ ਕਰਦਿਆਂ ਛੇਤੀ ਸਥਾਨਕ ਪ੍ਰਧਾਨ ਨੇ ਉਨ੍ਹਾਂ ਦੇ ਗਲ ਵਿਚ ਭਗਵਾਂ ਪਟਕਾ ਲਟਕਾ ਦਿੱਤਾ। ਜਿਸ ਕਾਰਨ ਲਾਸ਼ ਵਿਚੋਂ ਆ ਰਹੀ ਸੜਿਆਂਦ ਨਾਲ ਨਜਿਠਣ ਲਈ ਉਨ੍ਹਾਂ ਦਾ ਹੌਂਸਲਾ ਵਧਿਆ।

ਗਊ-ਪੁੱਤਰ ਦੀ ਲਾਸ਼ ਤੋਂ ਦਸ ਕਦਮ ਪਿਛਿਓਂ ਹੀ ਉਨ੍ਹਾਂ ਨੇ ਫੁੱਲਾਂ ਦਾ ਹਾਰ ਵਗਾਹ ਕੇ ਲਾਸ਼ ਤੇ ਸੁੱਟਿਆ ਤੇ ਬੜੀ ਹੀ ਧਾਰਮਿਕ ਅਦਾ ਨਾਲ ਲਾਸ਼ ਨੂੰ ਨਮਸਕਾਰ ਕੀਤਾ ਤੇ ਪਿਤਾ ਦੇ ਸਵਰਗਵਾਸ ਹੋਣ ਤੋਂ ਬਾਅਦ ਜਿਵੇਂ ਜੇਠੇ ਪੁੱਤਰ ਦੀ ਘਗਿਆਈ ਹੋਈ ਰੋਣਹਾਕੀ ਅਵਾਜ਼ ਨਿਕਲਦੀ ਹੈ ਇਵੇਂ ਹੀ ਉਹ ਵਿਰਲਾਪ ਕਰਨ ਲੱਗੇ...

'ਘੋਰ ਅਨਰਥ, ਇਕ ਬੇਜ਼ਬਾਨ ਪਵਿੱਤਰ ਜਾਨਵਰ ਉੱਤੇ ਏਨਾ ਜ਼ੁਲਮ ਸਰਾਸਰ ਹਿੰਦੂ ਧਰਮ ਦਾ ਨਿਰਾਦਰ, ਹੇ ਕ੍ਰਿਸ਼ਨ ਦੇ ਭਰਾਤਾ ਬਲਰਾਮ ਤੂੰ ਇਸੇ ਗਊ-ਪੁੱਤਰ ਨਾਲ ਆਪਣਾ ਹਲ ਜੋਤਿਆ, ਗਊ-ਮਾਤਾ ਦੇ ਪੁੱਤਰਾਂ ਨਾਲ ਧਰਤੀ ਮਾਤਾ ਦੀ ਕੁੱਖ ਚੋਂ ਅੰਨ ਪੈਦਾ ਕੀਤਾ, ਜੁੱਗ ਬੀਤ ਗਏ ਗਊ ਮਾਤਾ ਦੀ ਪੂਜਾ ਕਰਦਿਆਂ, ਹੇ ਸ਼ਿਵ ਤੂੰ ਗਊ-ਪੁੱਤਰ ਦੀ ਪਾਵਨ ਸਵਾਰੀ ਦਾ ਅਨੰਦ ਮਾਣਿਆ, ਨੰਦੀ ਨੂੰ ਆਪਣਾ ਪੁੱਤਰ ਧਾਰਿਆ, ਹੇ ਨੰਦਨ ਹੇ ਕ੍ਰਿਸ਼ਨ ਤੂੰ ਸੰਸਾਰ ਦਾ ਕਰਤਾ ਹੋ ਕੇ ਗਵਾਲਾ ਕਹਾਇਆ, ਗਊ-ਮਾਤਾ ਦੀ ਸੇਵਾ 'ਚ ਜੀਵਨ ਵਾਰ ਦਿੱਤਾ ਗਊ ਨੂੰ ਮਾਤਾ ਕਰਕੇ ਜਾਣਿਆ ਤੇ ਅੱਜ!'

ਇਸਦੇ ਨਾਲ ਹੀ ਗਊ-ਰਖਿਆ ਸੰਮਤੀ ਦੇ ਪ੍ਰਧਾਨ ਦੀ ਕਰੁਣਾਮਈ ਅਵਾਜ਼ 'ਚ ਅਚਾਨਕ ਗਰਜ ਪੈਦਾ ਹੋ ਗਈ ਉਹ ਪੂਰੇ ਜੋਸ਼ ਵਿਚ ਬੋਲ ਉਠੇ,

"ਤੇ ਅੱਜ, ਅੱਜ ਗਊ-ਪੁੱਤਰ ਦੀ ਸ਼ਰੇਆਮ ਹੱਤਿਆ ਹੋਈ ਐ ਘੋਰ ਅਨਰਥ, ਭਗਤ ਜਨੋ ਇਹ ਗਊ ਪੁੱਤਰ ਦੀ ਹੱਤਿਆ ਨਹੀਂ ਸਗੋਂ ਸਨਾਤਨ ਧਰਮ ਦੀ ਆਤਮਾ ਦਾ ਕਤਲ ਹੋਇਆ ਹੈ, ਜਿਸ ਨੂੰ ਕਦੇ ਵੀ, ਕਿਸੇ ਵੀ ਹਾਲਤ 'ਚ ਮਾਫ਼ ਨਹੀਂ ਕੀਤਾ ਜਾ ਸਕਦਾ, ਹੁਣ ਅਸੀਂ ਇਸ ਗਊ-ਪੁੱਤਰ ਦੀ ਲਾਸ਼ ਨੂੰ ਲੈ ਕੇ ਸਾਰੇ ਸ਼ਹਿਰ ਵਿਚ ਜਲੂਸ ਕੱਢਾਂਗੇ, ਸਭ ਗਊ-ਭਗਤਾਂ ਨੂੰ ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਉਹ ਇਸ ਜਲੂਸ ਵਿਚ ਵਧ ਚੜ੍ਹ ਕੇ ਹਿੱਸਾ ਲੈਣ, ਤਾਂ ਕਿ ਇਸ ਵਿਸ਼ਾਲ ਸੋਗ-ਯਾਤਰਾ ਨਾਲ ਅਸੀਂ ਹਰੇਕ ਹਿੰਦੂ ਦੇ

ਮਨ ਵਿਚ ਗਊ-ਮਾਤਾ ਦੀ ਰਖਿਆ ਲਈ ਪ੍ਰੇਰਨਾ ਪੈਦਾ ਕਰ ਸਕੀਏ।"

ਕਈ ਕੈਮਰਿਆ ਨੇ ਕਲਿਕ ਕੀਤਾ ਤੇ ਪ੍ਰਧਾਨ ਦੀ ਸੁਰਮਈ ਅਵਾਜ਼ ਨੂੰ ਵੀਡੀਓ ਵਿਚ ਕੈਦ ਕਰਕੇ ਸਥਾਨਕ ਕੇਬਲ ਰਾਹੀਂ ਸਾਰੇ ਸ਼ਹਿਰ ਵਿਚ ਫੈਲਾਅ ਦਿੱਤਾ। ਹੋਰ ਨੇਤਾਵਾਂ ਨੇ ਵੀ ਵੱਖ ਵੱਖ ਪੋਜ਼ਾਂ ਨਾਲ ਗਊ-ਪੁੱਤਰ ਦੀ ਲਾਸ਼ ਨਾਲ ਫੋਟੋਆਂ ਖਿਚਵਾਈਆਂ। ਫੋਟੋ ਖਿਚਣ ਸਮੇਂ ਇਹ ਖਾਸ ਹਦਾਇਤ ਦਿੱਤੀ ਗਈ ਕਿ ਉਨ੍ਹਾਂ ਦੀ ਫੋਟੋ ਨਾਲ ਗਊ-ਪੁੱਤਰ ਦੀ ਲਾਸ਼ ਜ਼ਰੂਰ ਦਿਖਾਈ ਦੇਣੀ ਚਾਹੀਦੀ ਹੈ।

ਜਲੂਸ ਦਾ ਪ੍ਰਬੰਧ ਅਗਲੇ ਦਿਨ ਕੀਤਾ ਗਿਆ ਜਿਸ ਵਿਚ ਵੱਖ ਵੱਖ ਜਿਲ੍ਹਿਆਂ ਦੀਆਂ ਗਊ ਰਕਸ਼ਕ ਸੰਮਤੀਆਂ ਦੇ ਪ੍ਰਧਾਨ, ਬਲਾਕ ਪ੍ਰਧਾਨ ਤੇ ਚੌਖੀ ਮਾਤਰਾ ਵਿਚ ਗਊ ਭਗਤ, ਤੇ ਹੋਰ ਹਿੰਦੂ ਸੰਸਥਾਵਾਂ ਦੇ ਲੋਕ ਸ਼ਾਮਲ ਹੋਏ। ਸਾਰੇ ਸ਼ਹਿਰ ਦੇ ਪ੍ਰਬੰਧਕੀ ਅਮਲੇ ਵਿਚ ਹਫੜਾ ਦਫੜੀ ਮਚ ਗਈ। ਪੁਲਿਸ ਮਹਿਕਮੇ ਉਪਰ ਤਾਂ ਜਿਵੇਂ ਕੋਈ ਆਫ਼ਤ ਆ ਪਈ ਹੋਵੇ ਉਹ ਸਾਰੇ ਜ਼ਰੂਰੀ ਕੰਮ ਛੱਡ ਕੇ ਟਰੈਫਿਕ ਕੰਟਰੋਲ ਕਰਨ ਵਿਚ ਜੁਟ ਗਏ, ਪਰ ਫਿਰ ਵੀ ਕੁਝ ਸ਼ਰਾਰਤੀ ਅਫ਼ਸਰਾਂ ਦੋ ਤਿੰਨ ਥਾਂਵਾਂ ਤੇ ਸਿੱਖਾਂ ਦੀਆਂ ਕਾਰਾਂ ਦੇ ਸ਼ੀਸ਼ੇ ਤੋੜ ਦਿੱਤੇ । ਗਊ ਭਗਤਾਂ ਦੇ ਪਾਣੀ ਧਾਣੀ ਦਾ ਪ੍ਰਬੰਧ ਕੀਤਾ ਗਿਆ ਕਈ ਥਾਂਵਾਂ ਤੇ ਲੰਗਰ ਲਾਏ ਗਏ।

... ਗਊ ਪੁੱਤਰ ਦੀ ਸੜਿਆਂਦ ਮਾਰਦੀ ਲਾਸ਼ ਨਾਲ ਸਾਰੇ ਸ਼ਹਿਰ ਵਿਚ ਬਦਬੂ ਫੈਲ ਗਈ। ਕੁਝ ਇਕ ਸਨਾਤਨੀ ਸਕੂਲਾਂ ਦੇ ਬੱਚਿਆਂ ਨੂੰ ਭਗਵੇਂ ਵਸਤਰ ਪਹਿਨਾ ਕੇ ਜਬਰਦਸਤੀ ਜਲੂਸ ਵਿਚ ਸ਼ਾਮਲ ਕੀਤਾ ਗਿਆ ਸੀ। ਉਨ੍ਹਾਂ ਨੂੰ ਉਲਟੀਆਂ ਆਉਣ ਲੱਗੀਆਂ ਸੜਿਆਂਦ ਕਾਰਨ ਹਸਪਤਾਲਾਂ ਦੇ ਮਰੀਜਾਂ ਦੀਆਂ ਮਰਜਾਂ ਹੋਰ ਵੀ ਵਧ ਗਈਆਂ।

ਗਊ-ਪੁੱਤਰ ਦੀ ਲਾਸ਼ ਟਿਕਾਣੇ ਲਾਉਣ ਲਈ ਸਰਕਾਰੀ ਪ੍ਰਬੰਧਕਾਂ ਦੇ ਲੱਖ ਯਤਰਨਾਂ ਕਾਰਨ ਵੀ ਗਊ ਰੱਖਿਆ ਸੰਮਤੀ ਦੇ ਅਹੁਦੇਦਾਰ ਟੱਸ ਤੋਂ ਮਸ ਨਾ ਹੋਏ। ਸਗੋਂ ਮੀਡੀਆ ਦੀ ਹੱਲਾ ਸ਼ੇਰੀ ਨਾਲ ਉਨ੍ਹਾਂ ਦੇ ਹੌਂਸਲੇ ਹੋਰ ਵੀ ਬੁਲੰਦ ਹੋ ਗਏ। ਅਖਬਾਰਾਂ ਵਿਚ ਟੀ ਵੀ ਦੇ ਚੈਨਲਾਂ ਤੇ ਉਨ੍ਹਾਂ ਦੀ ਕਵਰਿਜ ਹੋਰ ਵੀ ਵਧ ਗਈ।

ਏਨੀ ਚੜ੍ਹਤ ਵੇਖ ਕੇ ਗਊ-ਰਖਿਆ ਸੰਮਤੀ ਦੇ ਕਈ ਪ੍ਰਧਾਨਾਂ ਨੇ ਅਗਲੀ ਵਾਰ ਮਿਉਂਸਿਪਲ ਕਾਰਪੋਰੇਸ਼ਨ ਦੀ ਚੋਣ ਲੜ੍ਹਨ ਦਾ ਮਨ ਵੀ ਬਣਾ ਲਿਆ।

ਚਿੜ੍ਹੀ ਦੇ ਪੌਂਹਚੇ ਜੇਡੇ ਨਿੱਕੇ ਜਿਹੇ ਪਿੰਡ 'ਚ ਗਊ-ਪੁੱਤਰ ਦੀ ਹੱਤਿਆ ਦਾ ਅਜਿਹਾ ਧੂੰਆਂ ਉੱਠਿਆ ਕਿ ਸ਼ਹਿਰ ਵਿਚ ਭਾਂਬੜ ਬਣ ਕੇ ਮੱਚਣ ਲੱਗਾ।

ਕਈ ਤਰ੍ਹਾਂ ਦੀਆਂ ਅਫਵਾਹਾਂ ਨੇ ਹਿੰਦੂ ਸਿੱਖਾਂ ਵਿਚਕਾਰ ਫਿਰਕੂ ਤਣਾਓ ਪੈਦਾ ਕਰ ਦਿੱਤਾ। ਹਰ ਇਕ ਹਿੰਦੂ ਦੀ ਜ਼ੁਬਾਨ ਤੇ ਇਹੀ ਸੀ ਕਿ ਸਿੱਖਾਂ ਨੇ ਗਊ-ਪੁੱਤਰ ਦੀ ਹੱਤਿਆ ਇਸ ਕਰਕੇ ਕਰ ਦਿੱਤੀ ਕਿਉਂਕਿ ਉਹ ਉਨ੍ਹਾਂ ਦੀਆਂ ਕਈ ਦਿਨਾਂ ਤੋਂ ਫਸਲਾਂ ਉਜਾੜ ਰਿਹਾ ਸੀ। ਉਧਰ ਮੀਡੀਏ ਨੇ ਇਸ ਗੱਲ ਨੂੰ ਹੋਰ ਵੀ ਹਵਾ ਦਿੱਤੀ ਤੇ ਇਸ ਨੂੰ ਇਕ ਗੰਭੀਰ ਤੇ ਧਾਰਮਿਕ ਮਸਲਾ ਬਣਾ ਕੇ ਪ੍ਰਚਾਰਿਆ।

ਹੁਣ ਉਸ ਨਿੱਕੇ ਜਿਹੇ ਪਿੰਡ ਦਾ ਹਰ ਸਿੱਖ ਬਿਨਾ ਵਜ੍ਹਾ ਤੋਂ ਹੀ ਇਕ 'ਹਤਿਆਰੇ' ਵਾਂਗ ਸਹਿਮ ਗਿਆ ਸੀ।

ਜਦੋਂ ਵੀ ਕੋਈ ਸ਼ਹਿਰ ਤੋਂ ਪੱਤਰਕਾਰ, ਸੀ. ਆਈ. ਡੀ. ਜਾਂ ਕੋਈ ਹੋਰ ਅਫਸਰ ਗਊ-ਪੁੱਤਰ ਦੀ ਹੱਤਿਆ ਬਾਰੇ ਜਾਣਕਾਰੀ ਪ੍ਰਾਪਤ ਕਰਨ ਪਿੰਡ ਆਉਂਦਾ ਤਾਂ ਪਿੰਡੋਂ ਬਾਹਰਲੀ ਸੜਕ ਤੇ ਗਊ ਰਖਿਆ ਸੰਮਤੀ ਵਾਲੀਆਂ ਵਲੋਂ ਲਾਏ ਕੈਂਪਾਂ ਵਿਚ ਹੀ ਉਨ੍ਹਾਂ ਨੂੰ ਦਬੋਚ ਲਿਆ ਜਾਂਦਾ ਤੇ ਉਹ ਰਟੀਆਂ ਰਟਾਈਆਂ ਗੱਲਾਂ ਦੁਹਰਾ ਦੇਂਦੇ, ਜਿਹੜੀਆਂ ਹਿੰਦੂ-ਸਿੱਖਾਂ ਵਿਚਾਲੇ ਇਕ ਡੂੰਘੀ ਲਕੀਰ ਖਿਚ ਦਿੰਦੀਆਂ, ਪੱਤਰਕਾਰ ਉਸੇ ਤਰ੍ਹਾਂ ਛਾਪ ਦੇਂਦੇ, ਕਿਸੇ ਨੇ ਵੀ ਪਿੰਡ ਦੇ ਅੰਦਰ ਜਾ ਕੇ ਛਾਣ-ਬੀਣ ਕਰਨ ਦੀ ਕੋਸ਼ਿਸ਼ ਨਹੀਂ ਕੀਤੀ

ਸਗੋਂ ਉਨ੍ਹਾਂ ਨੂੰ ਇਹ ਕਿਹਾ ਜਾਂਦਾ ਕਿ ਪਿੰਡ ਅੰਦਰ ਜਾਣ ਦਾ ਖਤਰਾ ਹੈ ਕਿਉਂ ਕਿ ਪਿੰਡ ਦੇ ਬੰਦਿਆਂ ਤੋਂ ਇਲਾਵਾ ਦੂਸਰੇ ਪਿੰਡਾਂ ਦੇ ਸਿੱਖ ਹਥਿਆਰਬੰਦ ਹੋ ਕੇ ਪਿੰਡ ਅੰਦਰ ਲੁਕੇ ਹੋਏ ਸਨ। ਉਹ ਪਿੰਡ ਵੜਦਿਆਂ ਹੀ ਤੁਹਾਡੇ ਤੇ ਹਮਲਾ ਕਰ ਦੇਣਗੇ।

ਜਦੋਂ ਕੋਈ ਅਫਸਰ ਗਊ ਰਖਿਆ ਸੰਮਤੀ ਦੇ ਕਾਰਕੁੰਨਾ ਤੋਂ ਇਹ ਪੁੱਛਦਾ ਕਿ ਤੁਹਾਡੇ ਵਿਚੋਂ ਇਸ ਪਿੰਡ 'ਚ ਰਹਿਣ ਵਾਲਾ ਕੌਣ ਹੈ ਤਾਂ ਇਹ ਪਿੰਡ ਦੇ ਕੁਝ ਖਾਣ-ਪੀਣ ਵਾਲੇ ਅਮਲੀ ਜਿਹੇ ਲਟੌਰ ਬੰਦੇ ਪੇਸ਼ ਕਰ ਦੇਂਦੇ, ਉਹ ਅਫਸਰਾਂ ਨੂੰ ਰਟੇ ਰਟਾਏ ਬਿਆਨ ਦੇ ਦੇਂਦੇ। ਜਿਨ੍ਹਾਂ ਨੂੰ ਅਖਬਾਰਾਂ ਤੇ ਟੀ ਵੀ ਚੈਨਲਾਂ ਵਾਲੇ ਵੱਡੀਆਂ ਵੱਡੀਆਂ ਸੁਰਖੀਆਂ ਵਿਚ ਛਾਪ ਕੇ ਆਪਣਾ ਫੁਲਕਾ ਤੋਰੀ ਗਰਮ ਰਖੀ ਜਾ ਰਹੇ ਸਨ।

ਸ਼ਹਿਰ ਦੇ ਸਿੱਖ ਹਲਕਿਆਂ ਵਿਚ ਇਹ ਗੱਲ ਬੜੀ ਸ਼ਰਮ ਨਾਲ ਮਹਿਸੂਸ ਕੀਤੀ ਜਾ ਰਹੀ ਸੀ ਕਿ ਸਿੱਖਾਂ ਹੱਥੋਂ ਗਊ-ਪੁੱਤਰ ਦੀ ਹੱਤਿਆ ਹੋਈ ਹੈ ਆਖਰ ਕਿਉਂ? ਕੀ ਸਿਰਫ਼ ਇਸ ਕਰਕੇ ਇਕ ਗਊ-ਜਾਏ ਨੇ ਆਪਣੀ ਭੁੱਖ ਮਿਟਾਉਣ ਲਈ ਉਨ੍ਹਾਂ ਦੇ ਖੇਤਾਂ ਵਿਚੋਂ ਇਕ ਪੰਡ ਚਾਰਾ ਚਰ ਲਿਆ? ਜਾਂ ਕੋਈ ਹੋਰ ਵਜ੍ਹਾ ਹੈ? ਉਨ੍ਹਾਂ ਦੇ ਹਲਕ ਵਿਚ ਇਹ ਗੱਲ ਉੱਤਰ ਨਹੀਂ ਸੀ ਰਹੀ ਕਿ ਕੋਈ ਸਿੱਖ ਅਜਿਹਾ ਕਾਰਾ ਕਰ ਸਕਦਾ ਹੈ? ਸ਼ਹਿਰ ਵਿਚ ਕੁਝ ਅਜਿਹੇ ਸਿੱਖ ਵੀ ਸਨ ਜੋ ਸ਼ਹਿਰ ਦੀ ਚਾਰਾ ਮੰਡੀ ਵਿੱਚ ਆੜ੍ਹਤ ਕਰਦੇ ਸਨ। ਉਨ੍ਹਾਂ ਨੇ ਖੁਦ ਦੇਖਿਆ ਸੀ ਕਿ ਪਿੰਡਾਂ ਚੋਂ ਚਾਰੇ ਦੀਆਂ ਟਰਾਲੀਆਂ ਲੈ ਕੇ ਆਏ ਜਿੰਮੀਦਾਰ ਸਿੱਖਾਂ ਨੂੰ ਜੇ ਮੰਡੀ ਵਿਚ ਚਾਰੇ ਦਾ ਰੇਟ ਠੀਕ ਨਹੀਂ ਸੀ ਮਿਲਦਾ ਤਾਂ ਉਹ ਆਪਣੀਆਂ ਟਰਾਲੀਆਂ ਦਾ ਚਾਰਾ ਗਊਸ਼ਾਲਾ ਵਿਚ ਢੇਰੀ ਕਰ ਆਉਂਦੇ ਸਨ, ਬਿਨਾਂ ਕਿਸੇ ਕੀਮਤ ਤੋਂ ਤੇ ਪੁੰਨ ਕਰਕੇ ਇੰਜ ਮਹਿਸੂਸ ਕਰਦੇ ਸਨ ਜਿਵੇਂ ਉਨ੍ਹਾਂ ਨੂੰ ਚਾਰੇ ਦਾ ਪੂਰਾ ਰੇਟ ਮਿਲ ਗਿਆ ਹੋਵੇ। ਕਈ ਵਾਰੀ ਗਊ-ਸ਼ਾਲਾ ਦੇ ਕਰਮਚਾਰੀ ਚਾਰਾ ਮੰਡੀ 'ਚ ਜਿੰਮੀਦਾਰਾਂ ਦੀਆਂ ਟਰਾਲੀਆਂ ਚੋਂ ਭਰੀ ਜਾਂ ਦੋ ਭਰੀਆਂ ਉਂਜ ਹੀ ਗਊ ਸ਼ਾਲਾ ਲਈ ਮੰਗ ਲੈਂਦੇ ਸਨ, ਜਿੰਮੀਦਾਰ ਖੁਸ਼ੀ ਖੁਸ਼ੀ ਦੇ ਦੇਂਦੇ ਸਨ। ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਇਹ ਚਾਰੇ ਦੀ ਪੰਡ ਪਿਛੇ ਇਕ ਸਾਨ੍ਹ ਦੀ ਹੱਤਿਆਂ ਕਰ ਦਿੱਤੀ ਗਈ ਹੋਵੇ? ਇਸ ਤਰ੍ਹਾਂ ਦੇ ਕਈ ਸਵਾਲ ਉਨ੍ਹਾਂ ਦੇ ਮਨ ਵਿਚ ਉਠ ਰਹੇ ਸਨ। ਦੂਜੇ ਪਾਸੇ ਕੁਝ ਹਿੰਦੂ ਪਤਵੰਤਿਆਂ ਦੇ ਖਾਨੇ ਵਿਚ ਵੀ ਇਹ ਗੱਲ ਨਹੀਂ ਪੈ ਰਹੀ ਸੀ।

ਆਖਿਰ ਸ਼ਹਿਰ ਦੇ ਕੁਝ ਸਿੱਖ ਤੇ ਹਿੰਦੂ ਪਤਵੰਤਿਆਂ ਨੇ ਇਕ ਕਮੇਟੀ ਬਣਾ ਕੇ ਪਿੰਡ ਵਿਚ ਜਾ ਕੇ ਪੂਰੀ ਤਰ੍ਹਾਂ ਛਾਣਬੀਣ ਕਰਨ ਦਾ ਫੈਸਲਾ ਕੀਤਾ ਜਿਵੇਂ ਕਿ ਉਸ ਪਿੰਡ ਵਿਚ ਬਹੁਤ ਸਾਰੇ ਹਤਿਆਰੇ ਹੋਣ ਦੀ ਅਫਵਾਹ ਫੈਲ ਚੁੱਕੀ ਸੀ ਉਨ੍ਹਾਂ ਨੇ ਆਪਣੇ ਨਾਲ ਬਹੁਤ ਸਾਰੇ ਸੁਰੱਖਿਆ ਕਰਮਚਾਰੀ ਲੈ ਕੇ ਉਸ ਪਿੰਡ ਵਲ ਕੂਚ ਕਰ ਦਿੱਤਾ।

ਪਿੰਡੋਂ ਬਾਹਰ ਗਊ-ਰੱਖਿਆ ਸੰਮਤੀ ਦੇ ਕਰਮਚਾਰੀਆਂ ਨੇ ਭਾਰੀ ਸੁਰੱਖਿਆ ਸਹਿਤ ਉਨ੍ਹਾਂ ਦਾ ਬੜੀ ਗਰਮਜੋਸ਼ੀ ਨਾਲ ਸਵਾਗਤ ਕੀਤਾ, ਤੇ ਉਨ੍ਹਾਂ ਨੂੰ ਜ਼ਬਰਦਸਤੀ ਕੈਂਪ ਅੰਦਰ ਲੈ ਗਏ ਜਿਥੇ ਸ਼ਰਾਬ ਤੇ ਹੋਰ ਨਸ਼ਿਆਂ 'ਚ ਧੁੱਤ ਪਿੰਡ ਦੇ ਅਮਲੀਆਂ ਨੇ ਉਨ੍ਹਾਂ ਸਾਹਮਣੇ ਰਟੀ ਰਟਾਈ ਕਹਾਣੀ ਦੁਹਰਾ ਦਿੱਤੀ, ਜਿਸ ਨੂੰ ਸੁਣ ਕੇ ਉਨ੍ਹਾਂ ਪਤਵੰਤਿਆਂ ਨੂੰ ਰੱਤੀ ਭਰ ਵੀ ਯਕੀਨ ਨਾ ਹੋਇਆ ਇਸ ਲਈ ਉਨ੍ਹਾਂ ਨੇ ਪਿੰਡ ਵਿਚ ਜਾਣ ਦਾ ਫੈਸਲਾ ਕੀਤਾ। ਭਾਵੇਂ ਸੰਮਤੀ ਵਾਲਿਆਂ ਨੇ ਉਨ੍ਹਾਂ ਨੂੰ ਬਹੁਤ ਡਰਾਇਆ ਤੇ ਅਸਿੱਧੇ ਰੂਪ ਵਿਚ ਧਮਕਾਇਆ ਵੀ ਪਰੰਤੂ ਪਤਵੰਤੇ ਪੂਰੀ ਤਰ੍ਹਾਂ ਦ੍ਰਿੜ੍ਹ ਸਨ ਤੇ ਉਨ੍ਹਾਂ ਨਾਲ ਬਹੁਤ ਸਾਰੇ ਸੁਰੱਖਿਆ ਕਰਮਚਾਰੀ ਵੀ ਸਨ, ਇਸ ਲਈ ਉਹ ਸੰਮਤੀ ਵਾਲਿਆਂ ਦੀ ਪ੍ਰਵਾਹ ਕੀਤੇ ਬਗੈਰ ਸਿੱਧੇ ਪਿੰਡ ਦੇ ਵਿਚਕਾਰ ਸਥਿਤ ਗੁਰਦਵਾਰੇ ਵਿਚ ਚਲੇ ਗਏ।

ਗੁਰਦਵਾਰੇ ਦਾ ਬਜ਼ੁਰਗ ਭਾਈ ਪਹਿਲਾਂ ਤਾਂ ਉਨ੍ਹਾਂ ਨੂੰ ਦੇਖ ਕੇ ਬਹੁਤ ਡਰ ਗਿਆ ਪਰ ਜਦੋਂ ਉਨ੍ਹਾਂ

ਹਿੰਦੂ ਸਿੱਖ ਪਤਵੰਤਿਆਂ ਨੇ ਆਪਣੇ ਆਉਣ ਦਾ ਮਕਸਦ ਦੱਸਿਆ ਤਾਂ ਉਸ ਨੂੰ ਕੁਝ ਧਰਵਾਸ ਮਿਲੀ ਤੇ ਭਾਈ ਨੇ ਲਾਊਡ ਸਪੀਕਰ ਵਿਚ ਗੁਰਦਵਾਰੇ ਵਿਖੇ ਸਭ ਪਿੰਡ ਵਾਸੀਆਂ ਨੂੰ ਇਕੱਠੇ ਹੋਣ ਲਈ ਅਨਾਊਂਸਮੈਂਟ ਕੀਤੀ ਤੇ ਨਾਲ ਉਨ੍ਹਾਂ ਪਤਵੰਤਿਆਂ ਨੂੰ ਦੱਸਿਆ ਕਿ ਬਹੁਤੇ ਸਿੱਖ ਪਰਿਵਾਰਾਂ ਦੇ ਨੌਜਵਾਨ ਮੁੰਡੇ ਪਿੰਡ ਛੱਡ ਕੇ ਆਪਣੇ ਰਿਸ਼ਤੇਦਾਰਾਂ ਕੋਲ ਲੁਕੇ ਹੋਏ ਹਨ ਕਿਉਂਕਿ ਬਾਹਰਲੀ ਸੜਕ ਤੇ ਲਾਏ ਤੰਬੂਆਂ ਵਾਲਿਆਂ ਨੇ ਪਿੰਡ 'ਚ ਏਨੀ ਦਹਿਸ਼ਤ ਫੈਲਾ ਰੱਖੀ ਹੈ ਕਿ ਬਹੁਤੇ ਜਿੰਮੀਦਾਰਾਂ ਦੇ ਖੇਤਾਂ ਦਾ ਕੰਮ ਰੁਕਿਆ ਪਿਆ ਹੈ। ਅਜੇ ਉਹ ਕੱਲ ਹੀ ਧਮਕੀ ਦੇ ਕੇ ਗਏ ਨੇ ਕਿ ਗਊ-ਸ਼ਾਲਾ ਦੀਆਂ ਸੈਂਕੜੇ ਗਊਆਂ ਨੂੰ ਖੇਤਾਂ ਵਿਚ ਖੁੱਲਾ ਛੱਡਿਆ ਜਾਏਗਾ ਤੇ ਸਾਰੀਆਂ ਫਸਲਾਂ ਤਬਾਹ ਕਰ ਦਿੱਤੀਆਂ ਜਾਣਗੀਆਂ। ਜਿੰਮੀਦਾਰਾਂ ਦੀ ਖੇਤਾਂ ਵਿੱਚ ਹਾਜ਼ਰੀ ਘਟ ਜਾਣ ਕਾਰਨ ਚੋਰ ਉਚੱਕੇ ਮੋਟਰਾਂ ਚੋਰੀ ਕਰ ਰਹੇ ਨੇ ਟਰਾਂਸਫਾਰਮ ਖੋਲ ਕੇ ਲਿਜਾ ਰਹੇ ਨੇ। ਕੈਂਪ ਵਿਚ ਸ਼ਰਾਬ ਦਾ ਖੁੱਲਮ ਖੁੱਲ੍ਹਾ ਲੰਗਰ ਚਲ ਰਿਹਾ ਹੈ। ਸ਼ਹਿਰ ਦੀ ਸਾਰੀ ਮੁੰਢੀਰ ਇਕੱਠੀ ਹੋਈ ਪਈ ਹੈ, ਜਿਸ ਕਾਰਨ ਪਿੰਡ ਦੀਆਂ ਨੂੰਹਾਂ ਧੀਆਂ ਦਾ ਪਿੰਡੋਂ ਬਾਹਰ ਨਿਕਲਣਾ ਖਤਰਨਾਕ ਹੋ ਗਿਆ ਹੈ।

ਭਾਈ ਸਭ ਹਾਲਤ ਦਸ ਹੀ ਰਿਹਾ ਸੀ ਗੁਰਦਵਾਰੇ ਵਿਚ ਸਮੇਤ ਪੰਚਾਇਤ ਬਹੁਤ ਸਾਰੇ ਲੋਕ, ਜਿਨ੍ਹਾਂ ਵਿਚ ਚੋਖੀ ਮਾਤਰਾ 'ਚ ਹਿੰਦੂ ਸਨ ਇਕੱਠੇ ਹੋ ਗਏ।

ਉਧਰ ਮੀਡੀਏ ਨੇ ਸ਼ਹਿਰ ਵਿਚ ਇਹ ਖਬਰ ਫੈਲਾ ਦਿੱਤੀ ਸੀ ਕਿ ਪਿੰਡਾਂ ਦੇ ਤਾਂ ਕੀ ਸ਼ਹਿਰਾਂ ਦੇ ਸਿੱਖ ਵੀ ਗਊ-ਪੁੱਤਰ ਦੇ ਹਤਿਆਰਿਆਂ ਨਾਲ ਮਿਲ ਗਏ ਹਨ, ਉਹ ਪਿੰਡ ਜਾ ਕੇ ਹਿੰਦੂਆਂ ਦੇ ਵਿਰੁਧ ਕੋਈ ਗਹਿਰੀ ਸਾਜਿਸ਼ ਲਈ ਯੋਜਨਾ ਬਣਾ ਰਹੇ ਹਨ। ਉਹ ਪਿੰਡ ਪਿੰਡ ਜਾ ਕੇ ਗੁਪਤ ਮੀਟਿੰਗਾ ਕਰ ਰਹੇ ਹਨ। ਸਭ ਤੋਂ ਗੰਭੀਰ ਗੱਲ ਤਾਂ ਇਹ ਸੀ ਕਿ ਸ਼ਹਿਰ ਦੀ ਲੋਕਲ ਕੇਬਲ ਇਕ ਅਜਿਹੇ ਹਿੰਦੂ ਕੋਲ ਸੀ, ਜੋ ਗਊ ਰਕਸ਼ਕ ਸੰਮਤੀ ਦਾ ਕੱਟੜ ਗਊ ਭਗਤ ਸੀ ਤੇ ਉਸ ਨੇ ਇਨ੍ਹਾਂ ਅਫਵਾਹਾਂ ਨੂੰ ਅਗਨਸ਼ਸਤਰ ਦਾ ਰੂਪ ਦੇਣ ਵਿਚ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ। ਛੇਤੀ ਹੀ ਮਿਉਂਸਿਪਲ ਕਾਰਪੋਰੇਸ਼ਨ ਦੀਆਂ ਚੋਣਾ ਹੋਣ ਵਾਲੀਆਂ ਸਨ ਇਸ ਲਈ ਹਰੇਕ ਐਰਾ ਗੈਰਾ ਲੀਡਰੀ ਝਾੜਨ ਦੀ ਰੌਂਅ ਵਿਚ ਸੀ।

ਜਦੋਂ ਪਿੰਡ ਦੇ ਗੁਰਦੁਆਰੇ ਵਿਚ ਇਕੱਠ ਹੋਣ ਦੀ ਸੂਚਨਾ ਮਿਲੀ ਤਾਂ ਸ਼ਹਿਰ ਦੀਆਂ ਕੁਝ ਵੱਡੀਆਂ ਅਖਬਾਰਾਂ ਦੇ ਸੂਝਵਾਨ ਪੱਤਰਕਾਰ ਵੀ ਇਕੱਠ ਵਿਚ ਸ਼ਾਮਲ ਹੋਣ ਲਈ ਆ ਗਏ ਤਾਂ ਭਾਰੀ ਸੁਰੱਖਿਆ ਅਧੀਨ ਪਿੰਡ ਦੇ ਹਿੰਦੂ ਸਰਪੰਚ ਨੇ ਸ੍ਰੀ ਭਗਵਤ ਗੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੌਂਹ ਖਾ ਕੇ ਜੋ ਬਿਆਨ ਦਰਜ ਕਰਵਾਇਆ ਉਸਨੂੰ ਸੁਣ ਕੇ ਸਾਰੇ ਦਾ ਸਾਰਾ ਮੀਡੀਆ, ਪੁਲਸ ਅਫਸਰ , ਪ੍ਰਬੰਧਕੀ ਅਮਲਾ ਤੇ ਸ਼ਹਿਰ ਦੇ ਪਤਵੰਤੇ ਸੁਣ ਕੇ ਸੁੰਨ ਹੋ ਗਏ।

ਸਰਪੰਚ ਨੇ ਕਿਹਾ, "ਪਤਵੰਤੇ ਸੱਜਣੋ ਪਹਿਲਾਂ ਤਾਂ ਮੈਂ ਸਾਰੇ ਪਿੰਡ ਵੱਲੋਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿਉਂਕਿ ਤੁਸੀਂ ਪਹਿਲੇ ਸੱਜਣ ਹੋ, ਪੱਤਰਕਾਰ ਤੇ ਪੁਲਿਸ ਅਫ਼ਸਰ ਹੋ, ਜਿਨ੍ਹਾਂ ਨੇ ਸਾਡੇ ਤਕ ਪਹੁੰਚ ਕੇ ਸਚਾਈ ਜਾਨਣ ਦਾ ਯਤਨ ਕੀਤਾ ਹੈ, ਇਸ ਤੋਂ ਪਹਿਲਾਂ ਜੋ ਵੀ ਆਇਆ ਉਹ ਬਾਹਰ ਕੈਂਪ ਵਾਲਿਆਂ ਤੋਂ ਹੀ ਪੁਛ-ਗਿੱਛ ਕਰਕੇ ਪਤਰਾ ਵਾਚਦਾ ਰਿਹਾ, ਜਿਸ ਕਾਰਨ ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਫੈਲੀਆਂ ਤੇ ਸਾਰੇ ਪਿੰਡ ਦਾ ਜੀਣਾ ਹਰਾਮ ਹੋਇਆ ਪਿਆ ਹੈ।"

ਸਰਪੰਚ ਨੇ ਸੰਬੋਧਨ ਕਰਨ ਤੋਂ ਬਾਅਦ ਸਾਰਿਆਂ ਉਪਰ ਇਕ ਤੈਰਦੀ ਤੈਰਦੀ ਨਜ਼ਰ ਸੁੱਟੀ ਉਸ ਨੂੰ ਯਕੀਨ ਹੋ ਗਿਆ ਕਿ ਉਸ ਦੀ ਗੱਲ ਗੰਭੀਰਤਾ ਅਤੇ ਗੌਰ ਨਾਲ ਸੁਣੀ ਜਾ ਰਹੀ ਹੈ ਉਸ ਦਾ ਹੌਂਸਲਾ ਵਧ ਗਿਆ ਉਸ ਨੇ ਕਿਹਾ,

"ਅਸਲ ਵਿਚ ਪਿੰਡ ਵਿਚ ਕਿਸੇ ਨੇ ਵੀ ਸਾਨ੍ਹ ਨੂੰ ਨਹੀਂ ਮਾਰਿਆ ਅਸੀਂ ਸਾਰੇ ਹਿੰਦੂ ਇਸ ਗੱਲ ਦੀ

ਜਿਥੇ ਚਾਹੋ ਗਵਾਹੀ ਦੇ ਸਕਦੇ ਹਾਂ।"

ਇਕੱਠ ਵਿਚ ਸਾਰੇ ਹਿੰਦੂਆਂ ਨੇ ਇਸ ਗੱਲ ਦੀ ਹਾਮੀ ਭਰੀ। ਉਨ੍ਹਾਂ ਵਿਚੋਂ ਕੋਈ ਬੋਲਿਆ, "ਸਰਪੰਚ ਸਾਹਿਬ ਬਿਲਕੁਲ ਠੀਕ ਕਹਿ ਰਹੇ ਨੇ ਉਸ ਨੂੰ ਕਿਸੇ ਨੇ ਨਹੀਂ ਮਾਰਿਆ ਉਹ ਆਪਣੀ ਮੌਤ ਆਪ ਮਰਿਆ।"

"ਆਪੇ ਕਿੱਦਾਂ ਮਰ ਗਿਆ ਉਹਦੀ ਲਾਸ਼ ਤੇ ਤਾਂ ਤਲਵਾਰਾਂ ਦੇ ਟੱਕ ਲੱਗੇ ਹੋਏ ਨੇ ਇਕ ਕੱਟੜ ਹਿੰਦੂ ਪੱਤਰਕਾਰ ਭੁੜਕਿਆ।

"ਉਹਦੀ ਲਾਸ਼ ਤੇ ਤਲਵਾਰਾਂ ਦੇ ਟੱਕ ਤੁਹਾਡੀਆਂ ਅਖਬਾਰਾਂ ਨੇ ਬਣਾਏ, ਘਟੀਆ ਪੱਤਰਕਾਰੀ ਨੇ ਖੰਭ ਤੋਂ ਡਾਰ ਬਣਾ ਦਿੱਤੀ ਸੂ।" ਸਰਪੰਚ ਵੀ ਤੈਸ਼ ਵਿਚ ਆ ਗਿਆ।

'ਸਰਪੰਚ ਸਾਹਿਬ ਗੱਲ ਅੱਗੇ ਦੱਸੋਂ।" ਡੀ ਐਸ ਪੀ ਨੇ ਕਿਹਾ ਜਿਨ੍ਹਾਂ ਚਿਰ ਗੱਲ ਪੂਰੀ ਨਹੀਂ ਹੋ ਜਾਂਦੀ ਕੋਈ ਵਿਚ ਨਹੀਂ ਬੋਲੇਗਾ।"

ਸਰਪੰਚ ਨੇ ਗੱਲ ਅੱਗੇ ਤੋਰੀ, "ਜੀ ਗੱਲ ਭਾਵੇਂ ਬੜੀ ਸ਼ਰਮਨਾਕ ਐ ਪਰ ਹੁਣ ਭਰੀ ਸਭਾ 'ਚ ਸੱਚ ਤਾਂ ਦੱਸਣਾ ਹੀ ਪਊਗਾ।"

ਇਹ ਸੁਣ ਕੇ ਪਿੰਡ ਦੇ ਲੋਕਾਂ ਦੇ ਮੂੰਹਾਂ ਤੇ ਗੁੱਝੀ ਜਿਹੀ ਮੁਸਕਾਨ ਫੈਲ ਗਈ ਪਰ ਬਾਹਰਲੇ ਬੰਦੇ ਹੋਰ ਵੀ ਹੈਰਾਨ ਹੋ ਗਏ।

ਸਰਪੰਚ ਨੇ ਇਕ ਸਾਹੇ ਗੱਲ ਮੁਕਾਈ, ਜੀ ਗਊ ਦਾ ਪੁੱਤਰ ਕਾਮ ਦੇਵਤਾ ਦੇ ਅਗਨਬਾਣਾਂ ਦਾ ਸ਼ਿਕਾਰ ਹੋ ਗਿਆ।"

"ਉਹ ਕਿਵੇਂ?"

ਜੀ ਮੇਰੇ ਪਿੰਡ ਦੇ ਕੁਝ ਜਿੰਮੀਦਾਰ ਚੰਗੀ ਨਸਲ ਦੇ ਸਾਨ੍ਹਾਂ ਤੋਂ ਸ਼ਹਿਰ ਵੱਛੀਆਂ ਲੁਵਾਉਣ ਗਏ ਸੀ, ਸਾਨ੍ਹ ਇਕ ਵੱਛੀ ਮਗਰ ਦੌੜ੍ਹਦਾ ਸ਼ਹਿਰੋਂ ਪਿੰਡ ਆ ਗਿਆ, ਵੱਛੀ ਪੂਰੀ ਤਰ੍ਹਾਂ ਸਾਹੇ ਨਹੀਂ ਸੀ ਇਸ ਲਈ ਸਾਨ੍ਹ ਤੋਂ ਡਰ ਕੇ ਜੰਜਘਰ ਅੰਦਰ ਆ ਵੜ੍ਹੀ, ਉਸ ਵੇਲੇ ਜੰਜਘਰ ਦੇ ਗੇਟ ਦਾ ਛੋਟਾ ਪੱਲਾ ਖੁੱਲਾ ਸੀ ਤੇ ਦੂਜੇ ਵੱਡੇ ਪੱਲਿਆਂ ਨੂੰ ਜੰਦਰਾ ਲਗਾ ਹੋਇਆ ਸੀ, ਵੱਛੀ ਕਿਉਂਕਿ ਨਿੱਕੀ ਤੇ ਪਤਲੀ ਸੀ, ਇਸ ਲਈ ਉਹ ਤਾਂ ਨਿੱਕੇ ਪੱਲੇ ਵਿਚੋਂ ਅੰਦਰ ਲੰਘ ਗਈ, ਜਦੋਂ ਉਸ ਦੇ ਮਗਰ ਹੀ ਸਾਨ੍ਹ ਅੰਦਰ ਲੰਘਣ ਲੱਗਾ ਤਾਂ ਮੋਟਾ ਹੋਣ ਕਰਕੇ ਉਹ ਨਿੱਕੇ ਪੱਲੇ ਵਿਚ ਫਸ ਗਿਆ, ਉਹਦੀ ਧੌਣ ਤਾਂ ਅੰਦਰ ਲੰਘ ਗਈ ਪਰ ਵਿਚਾਲਿਉਂ ਫਸ ਗਿਆ।"

ਹੁਣ ਬਾਹਰਲੇ ਬੰਦਿਆਂ ਦੇ ਚਿਹਰੇ ਤੇ ਉਤਸੁਕਤਾ ਭਰਪੂਰ ਮੁਸਕਾਨ ਸੀ। ਸਰਪੰਚ ਨੇ ਗੱਲ ਅੱਗੇ ਤੋਰੀ, "ਵੱਛੀ ਜੰਜਘਰ ਅੰਦਰ ਸਹਿਮੀ ਸਹਿਮੀ ਖੜੀ ਸੀ। ਦੇਖਣ ਵਾਲਿਆਂ ਨੂੰ ਦਸਿਆ ਕਿ ਇਕ ਦੋ ਵਾਰ ਉਸ ਨੇ ਸਾਨ੍ਹ ਤੋਂ ਡਰ ਕੇ ਲੇਰ ਜਿਹੀ ਮਾਰੀ। ਉਸਦੇ ਜਵਾਬ ਵਿਚ ਸਾਨ੍ਹ ਦਹਾੜਿਆ ਤੇ ਉਸ ਤਕ ਜਾਣ ਦਾ ਪੂਰਾ ਜੋਰ ਲਾਉਣ ਲੱਗਾ, ਜਿਉਂ ਜਿਉਂ ਉਸ ਨੂੰ ਕਾਮ ਚੜ੍ਹਦਾ ਗਿਆ ਤਿਉਂ ਤਿਉਂ ਅੰਦਰ ਜਾਣ ਨੂੰ ਜੋਰ ਲਾਉਂਦਾ ਗਿਆ ਤੇ ਗੇਟ ਦੀ ਮੋਟੀ ਚੁਗਾਠ ਨਾਲ ਉਸ ਦਾ ਢਿੱਡ ਵੱਢ ਹੁੰਦਾ ਗਿਆ, ਅੰਤ ਉਸਨੇ ਏਡੇ ਜ਼ੋਰ ਦੀ ਧੱਕਾ ਮਾਰਿਆ ਕਿ ਗੇਟ ਹੀ ਉਖਾੜ ਦਿੱਤਾ।"

"ਕਾਮ ਬੜਾ ਤਾਕਤਵਾਰ ਹੁੰਦਾ ਜੀ।" ਵਿਚੋਂ ਈ ਕੋਈ ਬੋਲਿਆ ਤੇ ਸਹਿਮਿਆ ਜਿਹਾ ਹਾਸਾ ਛਣਕ ਪਿਆ।

ਸਰਪੰਚ ਨੇ ਅੱਗੇ ਕਿਹਾ, "ਲਓ ਜੀ ਲੋਕਾਂ ਦਾ ਕੱਠ ਹੋ ਗਿਆ, ਮੈਨੂੰ ਸੁਨੇਹਾ ਘੱਲਿਆ, ਮੈਂ ਆੜ੍ਹਤ ਦੀ ਦੁਕਾਨ ਛਡ ਕੇ ਉਸੇ ਵੇਲੇ ਪਹੁੰਚਿਆ ਮੈਂ ਆਪਣੀਆਂ ਅੱਖਾਂ ਨਾਲ ਉਸ ਵੇਲੇ ਜੋ ਦੇਖਿਆ ਕਦੇ ਸੋਚ

ਵੀ ਸੀ ਸਕਦਾ। ਜੰਜ ਘਰ ਦੇ ਖੁੱਲੇ ਵਿਹੜੇ 'ਚ ਸਾਨ੍ਹ ਗੇਟ ਸਣੇ ਵੱਛੀ ਤਕ ਪਹੁੰਚਣ ਦਾ ਯਤਨ ਕਰ ਰਿਹਾ ਸੀ ਉਹਦੇ ਸਾਰੇ ਸਰੀਰ ਚੋਂ ਲਹੂ ਦੀਆਂ ਧਤੀਰੀਆਂ ਵਗ ਰਹੀਆਂ ਸਨ। ਲਗਪਗ ਉਹ ਪੂਰੀ ਤਰ੍ਹਾਂ ਵੱਢਿਆ ਪਿਆ ਸੀ। ਟਰਾਲੀ ਵਾਲੇ ਰੱਸੇ ਨਾਲ ਲਗਪਗ ਵੀਹ ਬੰਦਿਆਂ ਨੇ ਰਲ ਕੇ ਉਹਨੂੰ ਕਾਬੂ ਕੀਤਾ। ਕੁਝ ਚਿਰ ਸਾਨ੍ਹ ਸ਼ਾਂਤ ਰਿਹਾ। ਅਸੀਂ ਉਹਨੂੰ ਗੇਟ ਵਿਚੋਂ ਕੱਢਣ ਲਈ ਸੋਚਣ ਲੱਗੇ। ਆਖਰ ਮਿਸਤਰੀ ਨੇ ਕਿਹਾ ਕਿ ਗੇਟ ਨੂੰ ਆਰੀ ਬਲੇਡ ਨਾਲ ਵੱਢ ਦਿੱਤਾ ਜਾਵੇ, ਪਰ ਸਾਨ੍ਹ ਦੇ ਨੇੜੇ ਜਾਵੇ ਕਿਹੜਾ, ਉਹ ਤਾਂ ਬੰਦਿਆਂ ਵਲ ਅੱਖਾਂ ਪਾੜ ਵੇਖਦਾ ਸੀ, ਆਖਰ ਜੀ ਡੰਗਰ ਡਾਕਟਰ ਨੂੰ ਫੋਨ ਕੀਤਾ, ਉਨੇ ਆ ਕੇ ਬੇਹੋਸ਼ੀ ਦਾ ਟੀਕਾ ਲਾਇਆ, ਤਾਂ ਜਾ ਕੇ ਸਾਨ੍ਹ ਸ਼ਾਂਤ ਹੋਇਆ ਤੇ ਗੇਟ ਵਿਚ ਫਸਿਆ ਫਸਾਇਆ ਝੂਲ ਗਿਆ।" ਫਿਰ ਜੀ ਜੋ ਤਿੰਨ ਬੰਦਿਆਂ ਨੇ ਆਰੀ ਬਲੇਡਾਂ ਨਾਲ ਜਿਨੀ ਛੇਤੀ ਹੋ ਸਕਿਆ ਉਹਦੇ ਵਾਲੇ ਪਾਸੇ ਦਾ ਗੇਟ ਕਟ ਦਿੱਤਾ, ਤਾਂ ਜਾ ਕੇ ਸਾਨ੍ਹ ਆਜ਼ਾਦ ਹੋਇਆ, ਲੇਕਿਨ ਉਹਦੇ ਜਿਸਮਾਂ ਤੇ ਜ਼ਖ਼ਮਾਂ ਦੇ ਏਨੇ ਡੂੰਘੇ ਨਿਸ਼ਾਨ ਸਨ ਜਿਵੇਂ ਉਹਨੂੰ ਕਿਸੇ ਨੇ ਤਲਵਾਰਾਂ ਨਾਲ ਵਢਿਆ ਹੋਵੇ।"

ਸਰਪੰਚ ਨੇ ਥੋੜ੍ਹਾ ਸਾਹ ਲਿਆ ਤੇ ਗੱਲ ਅੱਗੇ ਤੋਰੀ, "ਕੋਈ ਅੱਧੇ ਕੁ ਘੰਟੇ ਬਾਅਦ ਉਸਨੇ ਅੱਖਾਂ ਪਟੀਆਂ, ਵੱਛੀ ਵਲ ਦੇਖਿਆ, ਉੱਠਣ ਦਾ ਯਤਨ ਕੀਤਾ। ਲੇਕਿਨ ਇਕ ਲੰਮੀ ਦਹਾੜ ਮਾਰ ਕੇ ਸ਼ਾਂਤ ਹੋ ਗਿਆ, ਮੁੜ ਨਹੀਂ ਉੱਠਿਆ ਜੀ।"

ਫਿਰ ਤੁਸੀਂ ਕੀ ਕੀਤਾ। ਇਕ ਹਿੰਦੂ ਪਤਵੰਤੇ ਨੇ ਸਰਪੰਚ ਨੂੰ ਪੁੱਛਿਆ।" ਫਿਰ ਜੀ ਸਾਨੂੰ ਫਿਕਰ ਹੋਇਆ, ਇਹਦੀ ਲਾਸ਼ ਦਾ ਕੀ ਕਰੀਏ। ਉਹ ਤਾਂ ਏਨਾ ਉਧੜ ਚੁੱਕਾ ਸੀ ਕਿ ਉਹਦੀ ਤਾਂ ਖੱਲ੍ਹ ਵੀ ਕੰਮ ਦੀ ਨਹੀਂ ਸੀ ਰਹੀ, ਨਹੀਂ ਤਾਂ ਹੱਡਾ-ਰੋੜੀ ਵਾਲੇ ਲੈ ਜਾਂਦੇ। ਫਿਰ ਜੀ ਪੰਚਾਇਤ ਮੈਂਬਰਾਂ ਤੇ ਪਿੰਡ ਦੇ ਹੋਰ ਸਿਆਣਿਆਂ ਨੇ ਸਲਾਹ ਦਿੱਤੀ ਕਿ ਥਾਣੇ ਖ਼ਬਰ ਕਰੋ। ਮੈਂ ਦੋ ਮੈਂਬਰਾਂ ਨੂੰ ਨਾਲ ਲੈ ਕੇ ਠਾਣੇ ਗਿਆ। ਉਥੋਂ ਜੋ ਜਵਾਬ ਮਿਲਿਆ ਉਹ ਹੁਣ ਅਫਸਰਾਂ ਸਾਹਮਣੇ ਤੁਹਾਨੂੰ ਕੀ ਦਸੀਏ?" ਕਹਿ ਕੇ ਸਰਪੰਚ ਚੁਪ ਕਰ ਗਿਆ।

"ਤੁਸੀਂ ਸਾਰੇ ਗੱਲ ਦੱਸੋ ਅਸੀਂ ਇਹਨੂੰ ਸੁਰਖੀਆਂ ਚ ਪਹਿਲੀ ਖਬਰ ਬਣਾ ਕੇ ਛਾਪਾਂਗੇ।" ਇਕ ਚਲਾਕ ਜਿਹਾ ਪੱਤਰਕਾਰ ਬੋਲਿਆ।

ਸਰਪੰਚ ਨੇ ਉਹਦੇ ਵਲ ਕੌੜਾ ਜਿਹਾ ਦੇਖਿਆ, "ਬਸ ਜੀ ਇਥੋਂ ਤਾਂ ਪੁਆੜਾ ਸ਼ੁਰੂ ਹੁੰਦਾ, ਤੁਹਾਨੂੰ ਤਾਂ ਸੁਰਖੀਆਂ ਚਾਹੀਦੀਆਂ ਨੇ, ਭਾਵੇਂ ਖੂਨ ਨਾਲ ਹੀ ਕਿਉਂ ਨਾ ਭਰੀਆਂ ਹੋਣ।"

ਇਹ ਸੁਣ ਕੇ ਸਾਰੇ ਗੰਭੀਰ ਹੋ ਗਏ।

"ਤੁਸੀਂ ਅੱਗੇ ਦੱਸੋ ਸਰਪੰਚ ਸਾਹਿਬ ਇਨ੍ਹਾਂ ਨੂੰ ਪੱਤਰਕਾਰੀ ਕਰਨ ਦਿਉ।" ਸ਼ਹਿਰੋਂ ਆਏ ਇਕ ਪਤਵੰਤੇ ਨੇ ਕਿਹਾ।

"ਜੀ ਥਾਣੇ ਮੁਣਸ਼ੀ ਨੇ ਰਿਪੋਟਰ ਤਾਂ ਕੋਈ ਨਾ ਲਿਖੀ, ਬਸ ਏਨਾ ਕਿਹਾ ਕਿ ਅਸੀਂ ਉਹਦਾ ਕੀ ਕਰੀਏ, ਉਧਰ ਈ ਦਬ ਦੁੱਬ ਦਿਉ ਕਿਧਰੇ।"

ਪਤਵੰਤਿਆਂ ਨਾਲ ਆਈ ਲੋਕਲ ਥਾਣੇ ਦੀ ਪੁਲਿਸ ਦਾ ਹੌਲਦਾਰ ਵਿਚੋਂ ਹੀ ਬੋਲ ਪਿਆ, "ਮਰੇ ਹੋਏ ਡੰਗਰ ਚੁੱਕਣਾ ਸਾਡਾ ਕੰਮ ਨਹੀਂ ਇਹ ਕੰਮ ਮਿਉਂਸਿਪਲ ਕਮੇਟੀ ਦਾ ਆ, ਤੁਸੀਂ ਉਥੇ ਕਿਉਂ ਨਾ ਗਏ।"

"ਉਥੇ ਵੀ ਗਏ ਸੀ ਜੀ, ਉਨ੍ਹਾਂ ਨੇ ਅੱਗੋਂ ਗਊ-ਸ਼ਾਲਾ ਵਾਲਿਆਂ ਨੂੰ ਇਤਲਾਹ ਕਰ ਦਿੱਤੀ। ਬਸ ਇਥੋਂ ਹੀ ਪੁਆੜਾ ਪੈ ਗਿਆ, ਗਊ ਸ਼ਾਲਾ ਵਾਲੇ ਆਏ, ਉਨ੍ਹਾਂ ਨੇ ਆਉਂਦਿਆਂ ਹੀ ਪਿੰਡ ਵਾਲਿਆਂ ਤੇ ਇਲਜਾਮ ਲਾ ਦਿੱਤਾ ਕਿ ਤੁਸੀਂ ਜਾਣ ਬੁੱਝ ਕੇ ਗਊ ਹੱਤਿਆ ਕੀਤੀ ਹੈ। ਅਸੀਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ, ਬਹੁਤੇ ਬੰਦੇ 'ਕੱਠੇ ਹੁੰਦੇ ਦੇਖ ਕੇ ਉਹ ਇਹ ਕਹਿ ਕੇ ਚਲੇ ਗਏ, ਕਿ ਉਹ ਫੋਰ ਵੀਲਰ ਲੈ ਕੇ ਆਉਂਦੇ ਹਨ ਤੇ

ਲਾਸ਼ ਚੁਕ ਕੇ ਲੈ ਜਾਣਗੇ। ਪਰ ਗੱਲ ਵਿਚੋਂ ਹੋਰ ਈ ਸੀ।''


ਇਹ ਕਹਿ ਕੇ ਸਰਪੰਚ ਕੁਝ ਚਿਰ ਰੁਕਿਆ ਤੇ ਫਿਰ ਥੋੜੀ ਡਰੀ ਜਿਹੀ ਅਵਾਜ਼ 'ਚ ਬੋਲਿਆ, ''ਉਹ ਇਕ ਦੀ ਬਜਾਏ ਚਾਰ ਫੋਰ ਵੀਲਰ ਬੰਦਿਆਂ ਦੇ ਭਰ ਕੇ ਲੈ ਆਏ। ਜਿਨ੍ਹਾਂ ਵਿਚ ਗਊ-ਸੁਰੱਖਿਆ ਸੰਮਤੀ, ਤੇ ਹੋਰ ਗਊ ਭਗਤਾਂ ਵਾਲੇ ਮਾਰੂ ਹਥਿਆਰਾਂ ਨਾਲ ਲੈਸ ਸਨ, ਨਾਲ ਈ ਉਹ ਬਹੁਤ ਹੀ ਨਫ਼ਰਤ ਭਰੇ ਨਾਅਰੇ ਲਾ ਰਹੇ ਸਨ ਗਊ ਹਤਿਆਰੇ ਨਹੀਂ ਬਖਸ਼ਾਂਗੇ, ਗਊ-ਪੁੱਤਰ ਦੀ ਹੱਤਿਆ ਮੁਰਦਾਬਾਦ' ਤੇ ਹੋਰ ਖੇਹ ਸੁਆਹ...।'' ਤੇ ਫਿਰ ਜੀ ਉਹ ਸਾਨ੍ਹ ਦੀ ਲਾਸ਼ ਸ਼ਹਿਰ ਲੈ ਗਏ, ਵਿਚ ਵਿਚਾਲੇ ਕੁਝ ਦਲਾਲਾਂ ਨੇ ਦੇ ਕੇ ਮਾਮਲਾ ਰਫਾ ਦਫਾ ਕਰਨ ਦਾ ਵੀ ਜੁਗਾੜ ਕੀਤਾ ਲੇਕਿਨ ਅਸੀਂ ਜਦ ਕੁਝ ਕੀਤਾ ਈ ਨਹੀਂ ਤਾਂ ਸੌਦਾ ਕਾਹਦਾ ਕਰਦੇ, ਬਾਕੀ ਸ਼ਹਿਰ ਬਾਰੇ ਤਾਂ ਤੁਸੀਂ ਜਾਣਦੇ ਓ, ਇਥੇ ਪਿੰਡ ਵਿਚ ਤਾਂ ਕਈ ਸਿੱਖਾਂ ਦੇ ਘਰ ਕਈ ਦਿਨਾਂ ਤੋਂ ਰੋਟੀ ਵੀ ਨਹੀਂ ਪੱਕੀ, ਅਸੀਂ ਹਿੰਦੂ ਭਾਈਚਾਰਾ ਈ ਉਨ੍ਹਾਂ ਦੀ ਰੱਖਿਆ ਕਰ ਰਹੇ ਹਾਂ, ਬਾਕੀ ਤੁਸੀਂ ਸਿਆਣੇ ਓ ਮਾਮਲਾ ਖਤਮ ਹੋ ਜਾਏ ਤਾਂ ਚੰਗਾ, ਨਹੀਂ ਤਾਂ ਖੂਨ ਖਰਾਬਾ ਹੋਣ ਦਾ ਡਰ ਐ ਜੀ, ਅੱਤਵਾਦ ਵੇਲੇ ਇਹ ਸਿੱਖ ਹੀ ਸਾਡੀ ਰੱਖਿਆ ਕਰਦੇ ਰਹੇ ਆ ਜੀ, ਹੁਣ ਅਸੀਂ ਇਨ੍ਹਾਂ ਤੇ ਝੂਠਾ ਇਲਜ਼ਾਮ ਕਿਵੇਂ ਲਾ ਦਈਏ।

ਸਾਰੇ ਬਾਹਰਲੇ ਬੰਦੇ ਪਿੰਡ ਚੋਂ ਚੁੱਪ ਚਪੀਤੇ ਚਲੇ ਗਏ।

ਅਗਲੇ ਦਿਨ ਅਖਬਾਰਾਂ ਦੇ ਪਹਿਲੇ ਪੰਨਿਆਂ ਤੇ ਬੋਲਡ ਟਾਈਪ ਚ ਸਾਰੀ ਅਸਲ ਕਹਾਣੀ ਛਪੀ। ਟੀ ਵੀ ਚੈਨਲਾਂ ਵਾਲੇ ਸੜੇ ਹੋਏ ਸਾਨ੍ਹ ਦੀ ਲਾਸ਼ ਨੂੰ ਹਾਲੇ ਵੀ ਚਟਕਾਰੇ ਲੈ ਕੇ ਦਿਖਾ ਰਹੇ ਸਨ। ਫਰਕ ਸਿਰਫ ਏਨਾ ਸੀ ਕਿ ਉਹ ਹੁਣ 'ਗਊ ਪੁੱਤਰ ਦੀ ਹੱਤਿਆ' ਕਹਿਣ ਦੀ ਥਾਂ 'ਕਾਮ ਦੇਵਤਾ ਦੀ ਬਲੀ' ਕਹਿ ਰਹੇ ਸਨ।

ਗਊ ਰਕਸ਼ਾ ਸੰਮਤੀਆਂ ਦਾ ਜੋਸ਼ ਵੀ ਠੰਡਾ ਹੋ ਗਿਆ ਅਗਲੇ ਦਿਨ ਉਨ੍ਹਾਂ ਨੇ ਸਾਨ੍ਹ ਦੀ ਲਾਸ਼ ਨੂੰ ਸੰਧੂਰ ਨਾਲ ਲਿਪ ਕੇ ਦਬਾ ਦਿੱਤਾ। ...ਤੇ ਉਸ ਥਾਂ ਤੇ 'ਕਾਮ ਦੇਵਤਾ ਦਾ ਮੰਦਰ' ਉਸਾਰਨ ਲਈ ਚੰਦਾ ਇਕੱਠਾ ਕਰਨ ਲੱਗ ਪਏ।

**ਪਤਾ-ਪਿੰਡ ਤੇ ਡਾਕ-ਮਾਧੋਪੁਰ ਸਿਰਵਾਲ, ਜਿਲ੍ਹਾ ਜਲੰਧਰ , ਮੁਬਾਇਲ 98143-56207**



## ਕਹਾਣੀ/ ਔਲ਼ੇ ਦਾ ਬੂਟਾ / - ਦਵਿੰਦਰ ਮੰਡ

ਇਸ ਵਾਰ ਦੇ ਮਿਲ ਰਹੇ ਸਨਮਾਨ ਨੇ ਮੈਨੂੰ ਮਾਨਸਿਕ ਖੁਸ਼ੀ ਦਿੱਤੀ। ਦਰਅਸਲ ਇਹ ਸਨਮਾਨ ਲੋਕਾਂ ਵੱਲੋਂ ਦਿੱਤਾ ਜਾ ਰਿਹਾ ਸੀ। ਮੈਂ ਨਾ ਤਾਂ ਉਹਨਾਂ ਲੋਕਾਂ ਨੂੰ ਜਾਣਦਾ ਸਾਂ ਤੇ ਨਾ ਹੀ ਮੈਂ ਉਹਨਾਂ ਤੱਕ ਕੋਈ ਪਹੁੰਚ ਕੀਤੀ ਸੀ। ਅਸਲ 'ਚ ਬਹੁਤੇ ਸਨਮਾਨ ਲੈ ਦੇ ਕੇ ਹੀ ਮਿਲਦੇ ਹਨ। ਤੁਸੀਂ 'ਉਹਨਾਂ' ਦੀਆਂ ਤਲ਼ੀਆਂ ਚੱਟੀ ਜਾਓ... ਜੀ ਹਜ਼ੂਰੀ ਕਰੀ ਜਾਓ ਜਾਂ ਕੋਲੋਂ ਧਨ ਦੇ ਕੇ ਉਹਨਾਂ ਦੀ ਸੇਵਾ ਕਰ ਦਿਓ ਬਸ ਫਿਰ ਸਨਮਾਨ ਦੀ ਲੋਈ ਤੁਹਾਡੇ ਗਲ ਪੈ ਹੀ ਜਾਂਦੀ ਹੈ। ਤੁਸੀਂ ਆਪਣੇ ਖੇਤਰ 'ਚ ਕੰਮ ਕੀਤਾ ਜਾਂ ਬਹੁਤ ਘੱਟ ਕੀਤਾ ਇਹਦਾ ਹਿਸਾਬ ਕਿਤਾਬ ਬਹੁਤ ਪਿਛੇ ਚਲੇ ਜਾਂਦਾ ਹੈ। ਫਿਰ ਸਨਮਾਨਤ ਰਾਸ਼ੀ ਨਾਲ ਤੁਸੀਂ ਆਪਣੀ ਦੋਸਤ ਮੰਡਲੀ ਨੂੰ ਖੁਸ਼ ਕਰਦੇ ਰਹੋ। ਇਹੀ ਅੱਜ ਦੀ ਮਨੁੱਖੀ ਫ਼ਿਤਰਤ ਹੈ। ਮੈਂ ਦੁਬਾਰਾ ਦੋ ਦਿਨ ਪਹਿਲਾਂ ਮੋਬਾਇਲ 'ਤੇ ਆਇਆ ਰੰਗੀਨ ਸੱਦਾ ਪੱਤਰ ਦੇਖਿਆ। ਨਾਲਦੇ ਪਿੰਡ ਦੇ ਡੇਰੇ ਦੀ ਗਾਇਤਰੀ ਦੇਵੀ ਸੰਚਾਲਿਕਾ ਇਸ ਸਾਹਿਤਕ ਸਮਾਗਮ ਦੀ ਪ੍ਰਧਾਨਗੀ ਕਰ ਰਹੀ ਸੀ। ਬੇਸ਼ਕ ਮੈਂ ਵਿਗਿਆਨਕ ਸੋਚ ਵਾਲਾ ਅਗਾਂਹਵਧੂ ਲੇਖਕ ਸਾਂ ਪਰ ਮੈਂ ਕੁਝ ਸਮਾਂ ਸ਼ਾਂਤ ਹੋ ਗਿਆ ਕਿਉਂਕਿ ਆਰਥਿਕ ਤੌਰ 'ਤੇ ਮਾੜੀ ਹਾਲਤ 'ਚ ਪਹੁੰਚੀ ਹਰ ਪੰਜਾਬੀ ਸਾਹਿਤ ਸਭਾ ਪੈਸੇ ਪੱਖੋਂ ਤਰੱਕੀ ਕਰਨ ਲਈ ਹਰ ਤਰ੍ਹਾਂ ਦਾ ਤਰੱਦਦ ਕਰਦੀ ਹੈ।

'ਚਲੋ ਜੇ ਡੇਰੇ ਦੀ ਸੰਚਾਲਿਕਾ ਪੈਸੇ ਧੇਲੇ ਵਲੋਂ ਸੰਸਥਾ ਦੀ ਮਦਦ ਕਰ ਰਹੀ ਹੈ ਤਾਂ ਕੀ ਵਿਗੜਦਾ ਹੈ... ਉਂਝ ਵੀ ਇਹਨਾਂ ਵਰਗੀਆਂ ਡੇਰਾ ਮੁਖੀਆਂ ਨੇ ਪੈਸਾ ਅਜਾਂਈ ਖ਼ਰਚ ਕੇ ਖ਼ਤਮ ਕਰਨਾ ਹੀ ਹੁੰਦਾ ਹੈ।" ਮੈਂ ਇਹ ਵਿਚਾਰ ਸੋਚਦਾ ਕੋਈ ਵਿਰੋਧ ਨਹੀਂ ਕਰਦਾ ਪਰ ਮੇਰੇ ਅੰਦਰਲੀ ਚੇਤਨਾ ਮੈਨੂੰ ਝੰਜੋੜਦੀ ਜ਼ਰੂਰ ਹੈ। ਮੈਂ ਸੱਦਾ ਪੱਤਰ ਪੜ੍ਹ ਕੇ ਆਪਣੇ ਬਚਪਨ ਦੇ ਮਿੱਤਰ ਮੁਲਖ ਰਾਜ ਨੂੰ ਫ਼ੋਨ ਕੀਤਾ। ਉਹਨੂੰ ਵੀ ਮੇਰੇ ਫ਼ੋਨ ਦੀ ਉਡੀਕ ਰਹਿੰਦੀ ਹੈ। ਅਸਲ 'ਚ ਮੇਰਾ ਸਾਰਾ ਬਚਪਨ ਉਹਦੇ ਨਾਲ ਗੁਜਰਿਆ ਹੈ। ਉਹਨੂੰ ਵੀ ਮੇਰੇ ਪਿੰਡ ਆਉਣ ਦਾ ਚਾਅ ਰਹਿੰਦਾ ਹੈ ਉਹ ਮੇਰੇ ਕੋਲੋਂ ਪੈੱਗ ਬਗੈਰਾ ਪੀ ਕੇ ਖੁਸ਼ੀ ਮਹਿਸੂਸ ਦਰਦਾ ਹੈ। ਉਹਨੂੰ ਮੈਂ ਅਗਲੇ ਐਤਵਾਰ ਨੂੰ ਮਿਲ ਰਹੇ ਸਨਮਾਨ ਦੀ ਗੱਲ ਦੱਸ ਦਿੱਤੀ। ਮੈਨੂੰ ਪਤਾ ਸੀ ਵਿਹਲਾ ਹੋਣ ਕਰਕੇ ਉਹਨੇ ਮੇਰੇ ਨਾਲ ਹੀ ਚਲਣਾ ਸੀ। ਉਹੀ ਗੱਲ ਹੋਈ ਉਹਨੇ ਐਤਵਾਰ ਮੇਰੇ ਨਾਲ ਜਾਣ ਦੀ ਹਾਮੀ ਭਰ ਦਿੱਤੀ। ਫਿਰ ਮੈਂ ਵਟਸਐੱਪ ਤੇ ਮਿਲਿਆ ਸੱਦਾ ਪੱਤਰ ਉਹਨੂੰ ਅਗਾਂਹ ਭੇਜ ਦਿੱਤਾ। ਮੇਰਾ ਸੱਦਾ ਪੱਤਰ ਦੇਖਣ ਤੋਂ ਬਾਅਦ ਉਹਦਾ ਉਸੇ ਵੇਲੇ ਫ਼ੋਨ ਆ ਗਿਆ।

"ਤੂੰ ਜਾਣਦੈ ਗਾਇਤਰੀ ਦੇਵੀ ਨੂੰ...?"

"ਨਾ ਭਾਈ ਮੈਨੀ ਜਾਣਦੈਂ।" ਮੈਂ ਸਪੱਸ਼ਟ ਕਹਿ ਦਿੱਤਾ।

"ਲਗਜੂ ਪਤਾ?" ਇਹ ਸ਼ਬਦ ਉਹਨਾਂ ਵਿਅੰਗ 'ਚ ਕਹੇ। ਮੈਨੂੰ ਅੰਦਰੋਂ ਥੋੜੀ ਹੈਰਾਨੀ ਹੋਈ। ਮੈਂ ਨਾਲ ਹੀ ਪੁੱਛਿਆ, "ਤੂੰ ਜਾਣਦੈ?"

"ਲੈਅ ਦੱਸ ਮੈਂ ਤਾਂ ਪਿੰਡ ਰਹਿੰਦੈ... ਮੈਨੂੰ ਨਿੱਕੀ ਨਿੱਕੀ ਖ਼ਬਰ ਹੁੰਦੀ...।"

"ਚੱਲ ਆਪਾਂ ਕੀ ਲੈਣੇ ਇਕ ਡੇਰੇ ਦੀ ਸੰਚਾਲਿਕਾ ਕੋਲੋਂ... ਤੁਹਾਨੂੰ ਕੀ ਸੇਧ ਦੇਦੂ... ਤੁਸੀਂ ਖ਼ੁਦ ਪੀ ਐੱਚ. ਡੀ...।" ਇਹ ਸ਼ਬਦ ਮੈਂ ਦਿਲ ਵਿਚ ਹੀ ਸੋਚੇ।

"ਮੈਂ ਤੈਨੂੰ ਜਾਂਦਾ ਹੋਇਆ ਪਿੰਡੋਂ ਲੈਲੂ.... ਤਿਆਰ ਰਹੀਂ?" ਇਹ ਕਹਿ ਮੈਂ ਮੁਲਖ ਰਾਜ ਨੂੰ ਤਿਆਰ ਬਰ ਤਿਆਰ ਰਹਿਣ ਦਾ ਸੱਦਾ ਦੇ ਦਿੱਤਾ। ਹੁਣ ਮੈਨੂੰ ਪਿੰਡ ਛੱਡਿਆਂ ਪੰਦਰਾਂ ਸਾਲ ਹੋ ਗਏ ਸਨ।

ਮੈਂ ਆਪਣੀ ਆਦਤ ਮੁਤਾਬਕ ਦੂਸਰੇ ਵਲੋਂ ਮਿਲੇ ਮਾਣ ਸਤਿਕਾਰ ਕਰਕੇ ਗੰਭੀਰ ਹੋ ਜਾਂਦਾ ਹਾਂ। ਮੈਂ ਇਸ ਸੰਬੰਧੀ ਕਈ ਕੁਝ ਸੋਚਦਾ ਰਹਿੰਦਾ ਹਾਂ।

"ਕੀ ਮੈਂ ਇਸ ਸਨਮਾਨ ਦੇ ਕਾਬਲ ਵੀ ਸਾਂ...।"

"ਕੀ ਮੇਰੇ ਮੋਢਿਆਂ ਤੇ ਹੋਰ ਭਾਰ ਤਾਂ ਹਨੀ ਪੈ ਗਿਐ।"

"ਕਿਤੇ ਮੈਂ ਸਨਮਾਨ ਲੈ ਆਪਣੇ ਕਰਮ ਪ੍ਰਤੀ ਖੋਟ ਤਾਂ ਨਾ ਦਿਖਾਉਣ ਲੱਗ ਪਊਂ....।" ਕੁਝ ਇਹੋ ਜਿਹੇ ਵਿਚਾਰ ਮੇਰੇ ਮਨ ਅੰਦਰ ਚਲਦੇ ਰਹੇ। ਜਿਸ ਸਖ਼ਸ਼ੀਅਤ ਦੇ ਨਾਂ ਦਾ ਮੈਨੂੰ ਇਹ ਸਨਮਾਨ ਮਿਲ ਰਿਹਾ ਸੀ ਮੈਂ ਉਸ ਬਾਰੇ ਵੀ ਕਈ ਘੰਟੇ ਸੋਚਦਾ ਰਿਹਾ। ਮੇਰੀ ਉਸ ਲੇਖਕ ਨਾਲ ਚੰਗੀ ਸਾਂਝ ਰਹੀ ਸੀ। ਮਾਸਟਰ ਖੇਮ ਰਾਜ ਗ਼ਜ਼ਬ ਦਾ ਕਹਾਣੀ ਅਤੇ ਨਾਵਲ ਦੇ ਖੇਤਰ ਵਿਚ ਚੰਗਾ ਨਾਮ ਸੀ। ਉਸ ਦੇ ਜਿਉਂਦਿਆਂ ਅਸੀਂ ਤਿੰਨ ਚਾਰ ਲੇਖਕ ਰਾਜਸਥਾਨ ਵਲ੍ਹ ਨੂੰ ਨਿਕਲ ਜਾਂਦੇ ਰਹੇ। ਕਦੀ ਜੈਪੁਰ ਦੀਆਂ ਇਤਿਹਾਸਕ ਸਥਾਨਾਂ ਦੀ ਯਾਤਰਾ ਕਰਦੇ ਕਦੀ ਭਾਰਤ ਵਰਸ਼ ਦੀਆਂ ਏਲੋਰਾ ਅਜੰਤਾ ਦੀਆਂ ਗੁਫ਼ਾਵਾਂ ਦੀ। ਕਦੀ ਬੁੱਧ ਨਾਲ ਜੁੜੇ ਸਥਾਨਾਂ ਤੇ ਘੁੰਮਦੇ ਰਹੇ। ਉਂਝ ਵੀ ਮਾਸਟਰ ਖੇਮ ਰਾਜ ਗ਼ਜ਼ਬ ਨੂੰ ਘੁੰਮਣ ਫਿਰਨ ਦਾ ਬਥੇਰਾ ਸ਼ੌਂਕ ਸੀ। ਅਕਸਰ ਕਹਿੰਦਾ ਸੀ, "ਜਿੰਨਾ ਤੁਹਾਡਾ ਅਨੁਭਵ ਵਿਸ਼ਾਲ ਉਨ੍ਹੇ ਹੀ ਤੁਸੀਂ ਬਿਹਤਰ ਲੇਖਕ।" ਬਸ ਤੁਹਾਨੂੰ ਆਪਣੀ ਸਿਰਜਣ ਪ੍ਰਕਿਰਿਆ ਰਾਹੀਂ ਪਲਾ ਨੂੰ ਫੜਨ ਦਾ ਸਲੀਕਾ ਹੋਣੇ ਚਾਹੀਦੇ ਹੈ।"

ਮਾਸਟਰ ਖੇਮ ਰਾਜ ਗ਼ਜ਼ਬ ਦੀਆਂ ਕੁਝ ਕਹਾਣੀਆਂ ਸਲੇਬਸ ਵਿਚ ਵੀ ਲੱਗੀਆਂ ਰਹੀਆਂ। ਪੰਜਾਬੀ ਭਾਸ਼ਾ ਪ੍ਰਤੀ ਉਹਦਾ ਜਨੂੰਨ ਦੇਖਣਯੋਗ ਹੁੰਦਾ ਸੀ। ਉਹਨੂੰ ਤਾਂ ਕਵੀ ਦਰਬਾਰ, ਜਾਂ ਕਹਾਣੀ ਸਮਾਗਮਾਂ ਲਈ ਚਾਅ ਚੜ੍ਹ ਜਾਂਦਾ ਸੀ। ਅਜਿਹੇ ਸਮਾਗਮਾਂ 'ਚ ਸ਼ਾਮਲ ਹੋ ਉਹਦੇ ਚਿਹਰੇ 'ਤੇ ਲਾਲੀ ਆ ਜਾਂਦੀ ਸੀ। ਛੋਟੇ ਤੋਂ ਛੋਟਾ ਕੰਮ ਵੀ ਆਪ ਨੱਠ ਨੱਠ ਕਰਦਾ ਸੀ। ਫਿਰ ਅਖਬਾਰਾਂ ਨੂੰ ਰਿਪੋਰਟਾਂ ਭੇਜਣੀਆਂ ਉਹ ਪਹਿਲ ਦੇ ਅਧਾਰ ਤੇ ਕਰਦਾ ਰਿਹਾ। ਉਹਦਾ ਮੁੰਡਾ ਤੇ ਕੁੜੀ ਕੈਨੇਡਾ ਵਿੱਚ ਸੈੱਟ ਹੋ ਗਏ। ਬੜਾ ਚਾਅ ਸੀ ਉਹਨੂੰ ਕੈਨੇਡਾ ਜਾਣ ਦਾ ਪਰ ਕੁਦਰਤ ਨੂੰ ਮਨਜ਼ੂਰ ਨਾ ਸੀ ਬੜੀ ਛੇਤੀ ਜਹਾਨ ਤੋਂ ਕੂਚ ਕਰ ਗਿਆ। ਹੁਣ ਉਹਦੇ ਮੁੰਡੇ ਨੇ ਇਹ ਪਹਿਲਾ 'ਮਾਸਟਰ ਖੇਮ ਰਾਜ ਗ਼ਜ਼ਬ' ਪੁਰਸਕਾਰ ਦੇਣ ਦੀ ਪਿਰਤ ਪਾਈ ਸੀ। ਪਤਾ ਨਹੀਂ ਕਿਉਂ ਦੋ ਚਾਰ ਪਿੰਡਾਂ ਦੇ ਸਾਹਿਤਕ ਲੋਕ, ਕਵੀਆਂ ਜਾਂ ਕਹਾਣੀਕਾਰਾਂ ਨੇ ਰਲ ਮਿਲ ਇਹ ਸਨਮਾਨ ਮੈਨੂੰ ਦੇਣ ਦਾ ਨਿਸ਼ਚਾ ਕਰ ਲਿਆ। ਮੈਨੂੰ ਡੇਰੇ ਦੀ ਸੰਚਾਲਿਕਾ ਸੱਦਣ ਕਾਰਣ ਪ੍ਰੇਸ਼ਾਨੀ ਜ਼ਰੂਰ ਸੀ ਜਿਸ ਕਰਕੇ ਮੈਂ ਆਪਣੇ ਇਕ ਜਿਗਰੀ ਮਿੱਤਰ ਨੂੰ ਜੋ ਸਨਮਾਨ ਮੰਡਲੀ ਦਾ ਹਿੱਸਾ ਸੀ ਨੂੰ ਫ਼ੋਨ ਕਰ ਦਿੱਤਾ, "ਯਾਰ ਡੇਰੇ ਡੂਰੇ ਦੇ ਸਾਧ ਸੂਧ ਕਾਹਨੂੰ ਪ੍ਰਧਾਨਗੀ ਮੰਡਲ 'ਚ ਬਿਠਾਉਂਦੈ...।"

"ਓ ਭਰਾਬਾ ਤੈਨੂੰ ਨੀ ਪਤਾ ਇਸ ਬੀਬੀ ਦਾ ਨਾਂ ਸਾਡੇ ਪਿੰਡ ਵਲ੍ਹ ਬਾਹਲੈ ਚਲਦੈ... ਇਹ ਤਾਂ ਰੁਖ, ਖ਼ੂਨਦਾਨ, ਪਾਣੀ ਨੂੰ ਸੰਭਾਲਣ, ਵੇਂਈ ਨੂੰ ਸਾਫ਼ ਸੁਥਰਾ ਕਰਨ ਲਈ ਤਨਦੇਹੀ ਨਾਲ ਲੱਗੀ ਪਈ।"

ਮੈਂ ਮੂਹਰਿਉਂ ਚੁਪ ਹੀ ਰਿਹਾ। ਫਿਰ ਕੁਝ ਦੇਰ ਬਾਅਦ ਉਹ ਫਿਰ ਕਹਿਣ ਲੱਗਾ, "ਤੈਨੂੰ ਕੀ ਦੱਸਾਂ ਉਹ ਤਾਂ ਸਾਹਿਤਕ ਕਿਤਾਬਾਂ ਦੀ ਬਾਹਲੀ ਕਦਰਦਾਨ ਆ... ਸਾਡੀ ਸੰਸਥਾ ਦਾ ਉਹ ਬਾਹਲੈ ਫ਼ੈਦਾ ਕਰਦੀ... ਬਥੇਰਾ ਧਨ ਦੇ ਚੁੱਕੀ ਉਹ... ਆਪਾਂ ਉਹਦੇ ਤੋਂ ਹੀ ਪ੍ਰਧਾਨਗੀ ਕਰਾਉਣੀ...।" ਮੈਂ ਮੂਹਰਿਉ ਬੋਲਣ ਹੀ ਲੱਗਾ ਸਾਂ ਕਿ ਉਹ ਫਿਰ ਬੋਲ ਪਿਆ...।" ਭਰਾਵਾਂ ਤੇਰੇ ਨਾਂ ਤੋਂ ਉਹ ਬਾਹਲੀ ਵਾਕਫ ਆ... ਕਹਿੰਦੀ ਜੇ ਇਹ ਸਨਮਾਨ ਉਸ ਲੇਖਕ ਨੂੰ ਦੇ ਰਹੇ ਤਾਂ ਮੈਂ ਹਰ ਕੰਮ ਛੱਡ ਕੇ ਪਹੁੰਚੂ ਸਮਾਗਮਾ 'ਚ ...।" ਇਹਨਾਂ ਸਾਰੀਆਂ ਗੱਲਾਂ ਨੂੰ ਮੇਰੇ ਨਿੱਜੀ ਮਿੱਤਰ ਨੇ ਦਿਲ ਦੀਆਂ ਗਹਿਰਾਈਆਂ ਤੋਂ ਕੀਤਾ।

ਮਿੱਤਰਾਂ ਅਸੀਂ ਤਾਂ ਵਿਗਿਆਨਕ ਸੋਚ ਵਾਲੇ ਆ.... ਪਰ ਜੇ ਕੋਈ ਡੇਰੇ ਵਾਲਾ ਸਮਾਜ ਲਈ ਚੰਗੇ ਕੰਮ ਕਰ ਰਿਹਾ... ਉਹਦਾ ਮਾਣ ਸਤਿਕਾਰ ਕਰਨਾ ਇਹਨਾਂ ਸਮਾਜਕ ਲੋਕਾਂ ਦਾ ਪਹਿਲਾ ਕੰਮ ਹੋਣੈ ਚਾਹੀਦੈ... ਨਹੀਂ ਤਾਂ ਉਹਨਾਂ ਨੂੰ ਕੀ ਉਹਨਾਂ ਦਾ ਤਾਂ ਧੰਦਾ ਚਲਿਆ ਈ ਚਲਿਆ... ਜੇ ਆਪਾਂ ਲੋਕ ਨਾ ਤੀਜਾ ਨੇਤਰ ਖੋਲ੍ਹਿਆ ਫਿਰ ਕੌਣ ਖੋਲੂ ...।" ਮੈਂ ਗੱਲ ਖ਼ਤਮ ਕਰਨ ਲਈ , 'ਚੰਗਾ ਫੇ।' ਕਹਿ ਫ਼ੋਨ ਬੰਦ ਕਰ ਦਿੱਤਾ।

ਸ਼ਨੀਵਾਰ ਮੁਲਖ ਰਾਜ ਨੂੰ ਮੈਂ ਫਿਰ ਅਗਲੇ ਦਿਨ ਸਨਮਾਨ ਦਾ ਚੇਤੇ ਕਰਾ ਦਿੱਤਾ।

"ਦਸ ਵਜੇ ਤਿਆਰ ਰਹੀ।"

"ਓ ਕੇ. ਹੀ ਹੀ ਹੀ... ਨਾਲ ਹੀ ਮੁਲਖ ਰਾਜ ਹੱਸ ਪਿਆ। ਉਹਦਾ ਅਜਿਹਾ ਵਿਅੰਗਾਤਮਕ ਹਾਸਾ ਸੁਣ ਮੈਂ ਥੋੜ੍ਹਾ ਪ੍ਰੇਸ਼ਾਨ ਹੋ ਗਿਆ।

"ਕੀ ਗੱਲ... ਕਾਹਤੋਂ ਹੱਸੀ ਜਾਂਦੈ...?"

"ਲੱਗਜੂ ਪਤੈ... ਕਾਹਲੂੰ ਗੱਲ ਕਰਾਂਗੇ... ਮੈਂ ਪਿੰਡੋਂ ਸਾਰਾ ਕੁਝ ਪਤਾ ਕਰ ਲਿਆ...।" ਮੁਲਖ ਰਾਜ ਦੀ ਗੱਲ ਸੁਣ ਕੇ ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਅਗਲੇ ਦਿਨ ਮੇਰਾ ਅਪਮਾਨ ਹੋਣਾ ਹੋਵੇ। ਉਸ ਰਾਤ ਮੈਨੂੰ ਨੀਂਦ ਤਾਂ ਆ ਗਈ ਪਰ ਜਦੋਂ ਨੀਂਦ ਖੁਲ੍ਹ ਜਾਂਦੀ ਰਹੀ ਮੈਨੂੰ ਮੁਲਖ ਰਾਜ ਦਾ ਖਿਸਿਆਨਾ ਹਾਸਾ ਖੁਭਦਾ ਰਿਹਾ। ਸੰਵੇਦਨਸ਼ੀਲ ਹੋਣ ਕਰਕੇ, ਨਾਲ ਦੀ ਨਾਲ ਦੂਜੇ ਪਾਸੇ ਇਕ ਘੱਟ ਪੜ੍ਹਿਆ ਲਿਖਿਆ, ਖਰਾਦੀਆਂ ਤੁਹਾਡੇ ਵਰਗੇ ਪੀ. ਐੱਚ ਡੀ ਪ੍ਰੋਫੈਸਰ ਤੇ ਵਿਅੰਗ ਕਰੇ। ਇਹ ਗੱਲ ਉਂਝ ਵੀ ਤਰੀਫ਼ ਦੇ ਕਾਬਲ ਨਹੀਂ ਸੀ। ਉਂਝ ਵੀ ਹੁਣ ਮੈਂ ਸ਼ਹਿਰੀ ਬੰਦਾ ਸਾਂ।

ਐਤਵਾਰ ਮੈਂ ਸਵੇਰੇ ਤਿਆਰ ਬਰ ਤਿਆਰ ਹੋ ਇਕ ਵਾਰ ਫਿਰ ਮੁਲਖ ਰਾਜ ਨੂੰ ਫੋਨ ਕਰ ਦਿੱਤਾ ਮੈਂ ਆ ਰਿਹੈ...।"

ਜਦੋਂ ਮੈਂ ਪਿੰਡ ਪਹੁੰਚਿਆ ਤਾਂ ਮੁਲਖ ਰਾਜ ਤਿਆਰ-ਬਰ ਤਿਆਰ ਸਾਹਮਣੇ ਰੋਡ ਤੇ ਖੜ੍ਹਾ ਸੀ। ਮੈਂ ਕਾਰ ਉਹਦੇ ਨੇੜੇ ਜਾ ਖੜ੍ਹੀ ਕੀਤੀ।

"ਚਾਹ ਨੀ ਪੀਣੀ?" ਮੈਨੂੰ ਪਤਾ ਸੀ ਮੁਲਖ ਰਾਜ ਸਿਰਫ਼ ਫਾਰਮੈਲਿਟੀ ਕਰਕੇ ਮੈਨੂੰ ਇਹ ਸ਼ਬਦ ਕਹਿ ਰਿਹਾ ਸੀ।

"ਕੋਈ ਨਾ ਆ ਕੇ ਸਹੀ... ਉਦੋਂ ਕਿਹੜਾ ਵੇਲਾ ਚਾਹ ਦਾ ਹੋਣੈ...। ਮੈਂ ਆਪੇ ਇਹ ਦੋ, ਇਕ ਦੂਜੇ ਦੇ ਵਿਰੋਧੀ ਸ਼ਬਦ ਕਹਿ ਦਿੱਤੇ। ਮੁਲਖ ਰਾਜ ਮੇਰੇ ਨਾਲ ਕਾਰ ਦੀ ਅਗਲੀ ਸੀਟ 'ਤੇ ਬਹਿ ਗਿਆ।

"ਤੂੰ ਇਹਨਾਂ ਗਾਣਿਆਂ ਵਿਚੋਂ ਕੋਈ ਸੀ. ਡੀ. ਲਾ ਲੈ... ਤੇ ਨਾਲ ਹੀ ਮੈਂ ਰਾਤ ਉਸ ਦੇ ਵਿਅੰਗਾਤਮਕ ਹਾਸੇ ਬਾਰੇ ਉਹਦੇ ਨਾਲ ਗੱਲ ਕਰ ਦਿੱਤੀ।"

"ਮੇਰਾ ਤਾਂ ਆਹੀ ਗਾਇਕ ਮੰਨ ਪਸੰਦ।" ਮੁਲਖ ਰਾਜ ਨੇ ਚਮਕੀਲੇ ਦੀ ਸੀ ਡੀ ਸਾਹਮਣੇ ਡੀ ਵੀ ਡੀ ਪਲੇਅਰ 'ਚ ਫਸਾ ਦਿੱਤੀ।

"ਲੈਅ ਦੱਸ ਤੂੰ ਨਹੀਂ ਜਾਣਦੈ ਗਾਇਤਰੀ ਦੇਵੀ ਨੂੰ... ਇਹ ਆਪਣੇ ਪਿੰਡ ਦੀ ਨੂੰਹ ਆ... ਪਾਲ ਕੌਰ... ਸੁੱਚੇ ਦੇ ਘਰੋਂ...।"

"ਕੀ...ਅ?" ਮੈਂ ਇਕ ਦਮ ਹੈਰਾਨ ਰਹਿ ਗਿਆ ਤੇ ਮੇਰੀ ਕਾਰ ਇਕ ਪਾਸੇ ਜਾ ਰੁਕ ਗਈ। ਮੁਲਖ ਰਾਜ ਦੀ ਇਸ ਗੱਲ ਤੋਂ ਬਾਅਦ ਮੈਨੂੰ ਹੋਰ ਕੋਈ ਗੱਲ ਪੁੱਛਣ ਦਾ ਚੇਤਾ ਵੀ ਨਾ ਰਿਹਾ। ਮੈਂ ਬਹੁਤ ਪਿਛੇ ਚਲਾ ਗਿਆ। ਤੀਹ ਚਾਲੀ ਸਾਲ ਪਹਿਲਾਂ। ਮੈਂ ਪਾਲ ਕੌਰ ਬਾਰੇ ਸੋਚਣ ਲੱਗ ਪਿਆ। ਨਵੀਂ ਨਵੀਂ ਜਦੋਂ ਸੁੱਚੇ ਦੀ ਬਹੂ ਬਣ ਪਿੰਡ ਆਈ ਸੀ ਤਾਂ ਇਹਦਾ ਹੁਸਨ ਦੇਖਣ ਦੇ ਕਾਬਲ ਸੀ। ਗੱਲ੍ਹਾਂ 'ਚ ਪੈਂਦੇ ਡੂੰਘ ਇਹਦੇ ਚਿਹਰੇ ਨੂੰ ਚਾਰ ਚੰਨ ਲਾਉਂਦੇ ਰਹੇ। ਮੈਂ ਵੀ ਸਕੂਲੀ ਵਿਦਿਆਰਥੀ ਬਾਕੀ ਮਿੱਤਰ ਮੰਡਲੀ ਨਾਲ ਪਾਲ ਕੌਰ ਨੂੰ ਦੇਖ ਦੇਖ ਖੁਸ਼ ਹੁੰਦਾ ਰਿਹਾ। ਇਸ ਮੁਲਖੇ ਅਤੇ ਮੇਰੀਆਂ ਗੱਲਾਂ ਜ਼ਿਆਦਾਤਰ ਪਾਲ ਕੌਰ ਦੇ ਸੁਹੱਪਣ ਨਾਲ ਜੁੜੀਆਂ ਹੁੰਦੀਆਂ ਸਨ। ਫਿਰ ਪਤਾ ਨਹੀਂ ਜਿਵੇਂ ਇਹਦੇ ਘਰ ਨੂੰ ਨਜ਼ਰ ਲੱਗ ਗਈ ਹੋਵੇ। ਸੁੱਚਾ ਨਸ਼ਿਆ ਦੇ ਚੱਕਰਾਂ 'ਚ ਪੈ ਗਿਆ। ਘਰ ਦੇਸੀ ਦਾਰੂ ਕੱਢ ਵੇਚਣ ਲੱਗਾ। ਲੋਕ ਖਰੀਦਣ ਪੀਣ ਤੁਰੇ ਰਹਿੰਦੇ। ਸੁੱਚਾ ਕਈ ਵਾਰ ਬਲੈਡਰ ਭਰ ਕਬਰਾਂ 'ਚ ਪੰਜ ਪੰਜ ਰੁਪਏ ਦਾ ਗਿਲਾਸ ਪਿਲਾਉਂਦਾ ਰਹਿੰਦਾ ਤੇ ਇਕ ਦਿਨ ਆਪ ਤੱਤੀ ਦਾਰੂ ਪੀ ਸੁੱਤਾ ਹੀ ਰਹਿ ਗਿਆ। ਪਾਲ ਕੌਰ ਦੁਹਥੜਾ ਮਾਰ ਰੋਈ। ਤਿੰਨੇ ਨਿਆਣੇ ਦੋ ਮੁੰਡੇ ਤੇ ਇਕ ਕੁੜੀ ਹੁਣ ਪਾਲ ਕੌਰ ਦੇ ਸਹਾਰੇ ਹੀ ਰਹਿ ਗਏ। ਜ਼ਮੀਨ ਵੀ ਤਾਂ ਇਕ ਅੱਧਾ ਕੀਲਾ ਹੀ ਸੀ। ਵਿਚਾਰੀ ਪਾਲ ਕੌਰ ਪਸ਼ੂਆਂ ਦਾ ਦੁੱਧ ਵੇਚ ਗੁਜ਼ਾਰਾ ਕਰਨ ਲੱਗੀ ਪਰ ਜਦੋਂ ਦੇਖਿਆ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾ ਹੋ ਰਿਹੈ ਤਾਂ ਫਿਰ ਉਹ ਵੀ ਸ਼ਰਾਬ ਕੱਢ ਵੇਚਣ ਲੱਗੀ। ਸਮਾਂ ਆਪਣੀ ਤੋਰੇ ਤੁਰਦਾ ਰਿਹਾ। ਮੁਲਖ ਰਾਜ ਦੀ

ਦਸਵੀਂ ਵਿਚੋਂ ਰੀ-ਅਪੀਅਰ ਆ ਗਈ। ਉਹ ਸ਼ਰਾਦ ਦਾ ਕੰਮ ਸਿੱਖਣ ਲੱਗ ਪਿਆ। ਮੈਂ ਕਾਲਜ ਵਿਚ ਦਾਖਲਾ ਲੈ ਲਿਆ। ਮੈਂ ਤੇ ਮੁਲਖ ਰਾਜ ਰਾਤ ਨੂੰ ਇਕੱਠੇ ਘੁੰਮਣ ਫਿਰਨ ਚਲੇ ਜਾਂਦੇ। ਇਕ ਦਿਨ ਮੁਲਖ ਰਾਜ ਕਹਿਣ ਲੱਗਾ, "ਹੁਣ ਤਾਂ ਪਾਲ ਕੌਰ ਘਰ ਬਾਹਲੀ ਗਿਰਾਵਟ ਆ ਗਈ... ਪਿਛੇ ਜਿਹੇ ਪੁਲਸ ਨੇ ਛਾਪਾ ਮਾਰ ਲਿਆ... ਸ਼ਰਾਬ ਕੱਢਣ ਵਾਲਾ ਸਾਰਾ ਸਮਾਨ ਚੁੱਕ ਕੇ ਲੈ ਗਈ... ਪਤਾ ਲੱਗਾ ਹੁਣ ਤਾਂ ਦੂਆ ਧੰਦਾ ਕਰਨ ਲੱਗੀ। ਦੂਰੋਂ ਦੂਰੋਂ ਬੰਦੇ ਆਉਂਦੇ ਇਹਦੇ ਘਰ... ਠਾਣੇ ਵਾਲੇ ਤਾਂ ਆਮ ਤੁਰੇ ਰਹਿੰਦੇ।" ਫਿਰ ਰੋਜ ਮੈਨੂੰ ਮੁਲਖ ਰਾਜ ਇਹੋ ਜਿਹੀਆਂ ਗੱਲਾਂ ਸੁਣਾਉਣ ਲੱਗਾ। ਇਕ ਦਿਨ ਪਤਾ ਲੱਗਾ ਪਾਲ ਕੌਰ ਦਾ ਵੱਡਾ ਮੁੰਡਾ ਜਿਹੜਾ ਦਸਵੀਂ 'ਚ ਪੜ੍ਹਦਾ ਸੀ ਸਲਫਾਸ਼ ਖਾ ਕੇ ਮੁੱਕ ਗਿਆ। ਮੁਲਖ ਰਾਜ ਕਹਿਣ ਲੱਗਾ, "ਪਤਾ ਲੱਗਾ ਘਰ ਆਉਂਦੇ ਰੋਜ ਬੰਦੇ ਉਹਤੋਂ ਜਰੇ ਨਾ ਗਏ... ਮਾਂ ਪੁੱਤ ਬਚਕਾਰ ਝਗੜਾ ਚਲਦਾ ਰਹਿੰਦਾ ਸੀ। ਬਸ ਫੇ ਮੁੰਡਾ...।"

ਮੁੰਡੇ ਦੀ ਮੌਤ ਤੋਂ ਬਾਅਦ ਪਾਲ ਕੌਰ ਨੇ ਆਪਣਾ ਧੰਦਾ ਬਿਲਕੁਲ ਨਾ ਛੱਡਿਆ। ਇਕ ਐਤਵਾਰ ਮੁਲਖ ਰਾਜ ਨੇ ਮੇਰੇ ਨਾਲ਼ ਖੁਲ੍ਹ ਕੇ ਗੱਲਾਂ ਕੀਤੀਆਂ। ਉਹਦੀਆਂ ਗੱਲਾਂ ਦਾ ਸਾਰਾ ਵਿਸ਼ਾ ਪਾਲ ਕੌਰ ਦੇ ਸੁਹੱਪਣ ਅਤੇ ਸਰੀਰ ਨਾਲ ਜੁੜਿਆ ਹੋਇਆ ਸੀ।

"ਹੁਣ ਤਾਂ ਆਪਣੇ ਮੁਹੱਲੇ ਦੇ ਵੀ ਜਾਣ ਲਾ ਪਏ... ਰਵਿਦਾਸੀਏ... ਪੰਜ ਪੰਜ ਦਸ ਦਸ ਰੁਪਏ 'ਕੱਠੇ ਕਰਦੀ... ਮੈਂ ਮੀ ਜਾ ਆਇਆ...।" ਮੁਲਖ ਰਾਜ ਨੇ ਇਹ ਗੱਲ ਬੜੀ ਖੁਸ਼ੀ ਨਾਲ ਦੱਸੀ।

"ਕਿੰਨੇ ਦਿੱਤੇ ਤੂੰ...?"

"ਦਸ ਰੁਪਏ! ਤੂੰ ਜਾਣੈ...?"

ਕਾਲਜ ਦਾ ਇਕ ਅਲੜ੍ਹ ਵਿਦਿਆਰਥੀ ਹੋਣ ਕਰਕੇ ਮੈਂ ਵੀ ਮੁਲਖ ਰਾਜ ਦੀਆਂ ਗੱਲਾਂ ਵਿਚ ਆ ਗਿਆ। ਉਹਨੇ ਪਾਲ ਕੌਰ ਦੇ ਪੂਰੇ ਸਰੀਰ ਦੀ ਸਿਫ਼ਤ ਹੱਦੋਂ ਵੱਧ ਕੇ ਕੀਤੀ। ਇਸ ਖ਼ੂਬਸੂਰਤੀ ਦੇ ਪਲਾਂ ਦੀ ਗੱਲ ਬਾਤ ਨੇ ਮੇਰੀ ਕਾਮੁਕ ਭੁੱਖ ਵੀ ਜਗਾ ਦਿੱਤੀ।

"ਕਾਹਲੂ ਚਲੀ ਮੇਰੇ ਨਾਲ... ਪਹਿਲਾਂ ਪੈੱਗ ਪਲਾਉਂਦੀ ਉਹ .... ਫੇ... ਬਸ ... ਸ਼ਰਗ ਦਾ ਝੂਟਾ।" ਮੁਲਖ ਰਾਜ ਨੇ ਮੈਨੂੰ ਪੂਰੀ ਤਰ੍ਹਾਂ ਤਿਆਰ ਕਰ ਲਿਆ। ਇਸ ਸੋਚ ਤੋਂ ਬਾਅਦ ਮੈਂ ਕਾਰ ਦੀ ਮੂਹਰਲੀ ਸੀਟ ਤੇ ਬੈਠੇ ਮੁਲਖ ਰਾਜ ਦੇ ਚਿਹਰੇ ਵੱਲ ਦੇਖਿਆ। ਉਹ ਮੂੰਹ 'ਚ ਹੱਸ ਪਿਆ।

"ਮੈਨੂੰ ਪਤਾ ਤੂੰ ਕਿਥੇ ਘੁੰਮਦੈ?" ਮੁਲਖ ਰਾਜ ਨੇ ਆਪੇ ਮੈਨੂੰ ਪ੍ਰਸ਼ਨ ਕਰ ਦਿੱਤਾ।

"ਸੱਚ ਦੱਸ ਤੈਨੂੰ ਅੰਦਰ ਜਾ ਕੇ ਪਾਲੋ ਕੀ ਕਹਿੰਦੀ ਸੀ...?"

ਮੁਲਖ ਰਾਜ ਨੂੰ ਉਂਝ ਸਭ ਕੁਝ ਪਤਾ ਸੀ ਕਿਉਂਕਿ ਉਹ ਅਕਸਰ ਪਾਲ ਕੌਰ ਕੋਲ ਜਾਂਦਾ ਰਿਹਾ ਸੀ। ਉਹਨੇ ਪੱਕਾ ਮੇਰੇ ਬਾਰੇ ਮੁਲਖ ਰਾਜ ਨਾਲ ਗੱਲ ਕੀਤੀ ਹੋਵੇਗੀ ਪਰ ਮੈਂ ਉਸ ਉਮਰ 'ਚ ਆਪਣੀ ਮਰਦਾਨਗੀ ਸਾਬਤ ਕਰਨ ਲਈ ਗਲਪ ਦਾ ਸਹਾਰਾ ਲੈ 'ਬੱਲੇ ਬੱਲੇ ਕਰਾਤੀ' ਵਰਗੇ ਸ਼ਬਦ ਬਾਹਰ ਆ ਕੇ ਉਚਾਰਦਾ ਰਿਹਾ।

"ਬੱਲੇ ਬੱਲੇ ਤਾਂਹਨੀ ਹੋਈ ਸੀ ਨਾਂ... ਮੈਨੂੰ ਪਤੈ?" ਮੁਲਖ ਰਾਜ ਹੱਸ ਪਿਆ।

"ਭਰਾਵਾ ਕੀ ਦੱਸਾਂ? ਜਦੋਂ ਮੈਂ ਅੰਦਰ ਗਿਆ ਤਾਂ ਉਹਨੇ ਮੇਰੀ ਸੱਜੀ ਗੱਲ੍ਹ ਪੁਟਦਿਆਂ ਕਿਹਾ, "ਹੇਹਾ ਮਰਜ਼ਾ ਮੈਂ ... ਤੂੰਮੀ... ਕਿੰਨੇ ਪੈਹੇ ਤੇਰੀ ਮੁੱਠੀ 'ਚ ... ।"

ਜਦੋਂ ਮੈਂ ਉਹਨੂੰ ਪੰਜ ਰੁਪਏ ਫੜਾਏ ਤਾਂ ਧਰਮ ਨਾਲ ਉਹਨੇ ਨੇੜਿਓਂ ਅਲਮਾਰੀ ਖੋਹਲ ਪੰਜ ਰੁਪਏ ਹੋਰ ਚੁੱਕੇ ਤੇ ਦਸ ਰੁਪਏ ਕਰ ਮੈਨੂੰ ਫੜਾਉਂਦੀ ਬੋਲੀ, "ਨਾ ਨਾਂ ਪੁੱਤ... ਤੂੰ ਪੜ੍ਹਨ ਲਿਖਣ ਆਲਾ... ਆਹ ਫੜ ਪਿਆਰ.... ਇਧਰ ਨਾ ਆਈ ਮੁੜ ਕੇ... ਵੱਡਾ ਬਣਜਾ... ਤੇਰੇ ਪੇ ਦਾ ਬੜਾ ਨਾਂ ਆ...।"

ਫਿਰ ਉਹਨੇ ਮੈਨੂੰ ਚੁੰਮ ਚੱਟ ਕੇ ਦਸ ਰੁਪਏ ਫੜਾ ਘਰ ਨੂੰ ਭੇਜ ਦਿੱਤਾ।

............

ਹੁਣ ਗੱਲਾਂ ਗੱਲਾਂ 'ਚ ਅਸੀਂ ਸਿਧਵਾਂ ਦੋਨਾਂ ਪਿੰਡ ਦੇ ਨੇੜੇ ਪਹੁੰਚ ਗਏ ਸਾਂ।

"ਤੈਨੂੰ ਪਤੈ... ਪਾਲ ਕੌਰ ਦਾ ਜੀਵਨ ਬੜੇ ਵੱਡੇ ਹਾਦਸਿਆਂ ਵਾਲਾ ... ਕੁੜੀ ਤਾਂ ਵਿਆਹ 'ਤੀ ਪਿੰਡ ਵਾਲਿਆਂ ਰਲ੍ਹ ਮਿਲ, ਛੋਟਾ ਮੁੰਡਾ ਵੀ ਨਸ਼ਿਆਂ ਵਿਚ ਪੈ ਗਿਆ... ਘਰ ਛੱਡ ਗਿਆ। ਆਪ ਇਹਨੇ ਪਿੰਡ ਦੇ ਨਾਲ ਵਾਲੇ ਪਿੰਡ ਦੇ ਚੈਨ ਸੁੰਹ ਨਾਲ ਘਰ ਵਸਾ ਲਿਆ... ਤੇ ਫਿਰ ਪਿੰਡ ਨੂੰ ਛੱਡ ਦਿੱਤਾ... ਪਤਾ ਨਹੀਂ ਕਿਵੇਂ ਇਹ ਡੇਰਾ ਸਾਂਭ ਲਿਆ... ਸੱਚੀ ਸੇਵਿਕਾ ਨਿਕਲੀ... ਹੁਣ ਵੀਹ ਪੰਝੀ ਸਾਲ ਤੋਂ ਡੇਰੇ ਦੀ ਸੰਚਾਲਿਕਾ ਬੜਾ ਨਾ ਇਹਦਾ ਇਹਨਾਂ ਪਿੰਡਾਂ 'ਚ... ਸਮਾਜਕ ਕਾਰਜਾਂ 'ਚ ਵੱਧ ਚੜ੍ਹ ਕੇ ਹਿੱਸਾ ਪਾਉਂਦੀ... ਚੈਨ ਸਿੰਹੁ ਵੀ ਪੂਰੇ ਡੇਰੇ ਦੀ ਦੇਖ ਭਾਲ ਕਰਦੈ... ਆਲੇ ਦੁਆਲੇ ਪਿੰਡਾਂ ਦੀਆਂ ਕਈ ਗਰੀਬ ਕੁੜੀਆਂ ਇਹਨੇ ਵਿਆਹ ਛੱਡੀਆਂ...।

ਗੱਲ ਕਰਦਿਆਂ ਹੀ ਅਸੀਂ ਪਿੰਡ ਸਿੱਧਵਾਂ ਦੋਨਾਂ ਪਹੁੰਚ ਗਏ। ਪੁਛਦੇ ਪੁਛਾਉਂਦੇ ਸਰਕਾਰੀ ਸਕੂਲ 'ਚ ਜਾ ਪਹੁੰਚੇ। ਪਤਾ ਲੱਗਿਆ ਪ੍ਰੋਗਰਾਮ ਸ਼ੁਰੂ ਹੋਇਆਂ ਅਜੇ ਪੰਜ ਕੁ ਮਿੰਟ ਹੀ ਹੋਏ ਹਨ। ਭਗਵਿਆਂ ਕਪੜਿਆਂ 'ਚ ਸੁਹਣੇ ਸੁਨੱਖੇ ਚਿਹਰੇ ਵਾਲੀ ਗਾਇਤਰੀ ਦੇਵੀ ਉਰਫ਼ ਪਾਲ ਕੌਰ ਪ੍ਰਧਾਨਗੀ ਮੰਡਲ 'ਚ ਬੈਠੀ ਸੀ। ਮੈਨੂੰ ਅੰਦਰ ਵੜਦਿਆਂ ਦੇਖ ਉਹ ਵੀ ਖੜੀ ਹੋ ਗਈ। ਮੈਂ ਉਹਦੇ ਪੈਰੀਂ ਹੱਥ ਲਾ ਨਾਲ ਵਾਲੀ ਕੁਰਸੀ ਤੇ ਬੈਠ ਗਿਆ। ਉਹਦੀਆਂ ਗੱਲ੍ਹਾਂ 'ਚ ਅਜੇ ਵੀ ਡੂੰਘ ਪੈ ਰਹੇ ਸਨ। ਉਹਦੀਆਂ ਅੱਖਾਂ ਵਿਚ ਇਕ ਖਾਸ਼ ਕਿਸਮ ਦੀ ਚਮਕ ਸੀ। ਸਟੇਜ ਸਕੱਤਰ ਵਾਰ ਵਾਰ ਗਾਇਤਰੀ ਦੇਵੀ ਦੇ ਸਮਾਜਕ ਕਰਜਾਂ ਬਾਰੇ ਗਾਥਾ ਛੇੜ ਰਿਹਾ ਸੀ। ਫਿਰ ਮੇਰੀਆਂ ਕਹਾਣੀਆਂ ਬਾਰੇ ਵਿਦਵਾਨ ਸਿਕੰਦਰ ਨਾਥ ਨੇ ਪਰਚਾ ਪੜ੍ਹਿਆ। ਹੋਰ ਵੀ ਕਈ ਸਾਹਿਤਕ ਮਿੱਤਰ ਮਾਸਟਰ ਖੇਮ ਰਾਜ ਗ਼ਜ਼ਬ ਅਤੇ ਮੇਰੀਆਂ ਕਹਾਣੀਆਂ ਬਾਰੇ ਖੁੱਲ੍ਹ ਕੇ ਗੱਲਾਂ ਕਰਦੇ ਰਹੇ। ਜਦੋਂ ਮੈਨੂੰ ਸਨਮਾਨ ਦੇਣ ਦੀ ਵਾਰੀ ਆਈ ਤਾਂ ਪ੍ਰਧਾਨਗੀ ਮੰਡਲ ਵਿਚ ਬੈਠੇ ਸਾਰੇ ਸੱਜਣ ਸਮੇਤ ਗਾਇਤਰੀ ਦੇਵੀ। ਉੱਠ ਖੜੇ ਹੋਏ। ਮੈਨੂੰ ਇਕ ਲੋਈ... ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਕੁਝ ਮਿੰਟ ਚੁਪ ਰਹਿਣ ਤੋਂ ਬਾਅਦ ਗਾਇਤਰੀ ਦੇਵੀ ਨੇ ਆਪਣੇ ਇਕ ਚੇਲੇ ਨੂੰ ਇਸ਼ਾਰਾ ਕੀਤਾ ਉਹ ਨੱਠ ਕੇ ਬਾਹਰ ਵੱਡੀ ਗੱਡੀ ਵਿਚੋਂ ਇਕ ਬੂਟਾ ਚੁੱਕ ਲਿਆਇਆ। ਬੂਟੇ ਦੇ ਹੇਠਲਾ ਪਾਸਾ ਮਿੱਟੀ ਨਾਲ ਢਕਿਆ ਲਿਫ਼ਾਫੇ ਵਿਚ ਕੈਦ ਸੀ। ਉਹ ਬੂਟਾ ਅਤੇ ਰਾਸ਼ੀ ਵਾਲਾ ਲਿਫ਼ਾਫ਼ਾ ਮੈਨੂੰ ਪਕੜਾਉਂਦਿਆਂ ਗਾਇਤਰੀ ਦੇਵੀ ਕਹਿਣ ਲੱਗੀ, "ਇਹ ਔਲ੍ਹੇ ਦਾ ਬੂਟਾ...।" ਫਿਰ ਤੁਰੰਤ ਉਹਨੂੰ ਸਟੇਜ ਤੇ ਬੁਲਾਇਆ ਗਿਆ। ਉਹਨਾਂ ਮਾਸਟਰ ਖੇਮ ਰਾਜ ਗ਼ਜ਼ਬ ਦੀ ਸਿਫ਼ਤ ਤਾਂ ਕਰਨੀ ਹੀ ਸੀ ਨਾਲ ਹੀ ਮੇਰੀਆਂ ਕਹਾਣੀਆਂ ਬਾਰੇ ਬੋਲਦਿਆਂ ਕਹਿਣ ਲੱਗੀ, "ਇਹਨਾਂ ਦੀਆਂ ਕਹਾਣੀਆਂ ਮੇਰੇ ਜਜ਼ਬਾਤਾਂ, ਇਲਾਕੇ, ਮਿੱਟੀ ਅਤੇ ਨਾਲਦੇ ਲੋਕਾਂ ਦੀਆਂ ਖ਼ਾਹਿਸ਼ਾਂ ਦੀ ਤਰਜਮਾਨੀ ਕਰਦੀਆਂ ਹਨ... ਇਹ ਮਨ ਨਾਲ ਲੋਕਾਂ ਦੀ ਸੇਵਾ ਕਰ ਰਹੇ ਹਨ... ਮੈਨੂੰ ਆਸ ਹੈ ਮੇਰੇ ਵੱਲੋਂ ਦਿੱਤਾ ਇਹ ਬੂਟਾ ਇਹ ਘਰ ਵਿਚ ਹੀ ਨਹੀਂ ਆਲੇ ਦੁਆਲੇ ਲਾਉਣ ਲਈ ਸੱਦਾ ਵੀ ਦੇਣਗੇ...।" ਫਿਰ ਗਾਇਤਰੀ ਦੇਵੀ ਨਾਲ ਦੀ ਕੁਰਸੀ ਤੇ ਆ ਬੈਠੀ।

ਮੈਨੂੰ ਕੁਰਸੀ 'ਤੇ ਬੈਠਿਆਂ ਬਹੁਤ ਕੁਝ ਯਾਦ ਆਇਆ। ਨਾ ਚਾਹੁੰਦਿਆਂ ਵੀ ਮੇਰੀਆਂ ਅੱਖਾਂ ਵਿਚੋਂ ਅੱਥਰੂ ਆਪ ਮੁਹਾਰੇ ਵਹਿ ਤੁਰੇ। ਮੈਂ ਫਿਰ ਇਕ ਵਾਰ ਸਾਹਮਣੇ ਮੇਜ਼ ਤੇ ਪਏ ਔਲੇ ਦੇ ਬੂਟੇ ਵਲ੍ਹ ਦੇਖਿਆ। ਫਿਰ ਮੈਂ ਮੂੰਹ ਮੋੜ ਗਾਇਤਰੀ ਦੇਵੀ ਦੇ ਚਿਹਰੇ ਵਲ੍ਹ ਵੇਖਿਆ। ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਹ ਕਹਿ ਰਹੀ ਹੋਵੇ, "ਲੱਖਾਂ ਕਰੋੜਾਂ ਰੁਪਏ ਵੀ ਆਹ ਕੰਮਾਂ ਨਾਲੋਂ ਤੁਛ ਨੇ...

ਅਚਾਨਕ ਮੇਰੀ ਨਜ਼ਰ ਸਾਹਮਣੇ ਮੁਲਖ ਰਾਜ ਦੇ ਚਿਹਰੇ 'ਤੇ ਚਲੀ ਗਈ ਉਹ ਵਿਅੰਗਮਈ ਹਾਸਾ ਹੱਸ ਰਿਹਾ ਸੀ। ਮੈਂ ਉਹਨੂੰ ਉਹ ਬੂਟਾ ਚੁੱਕ ਗੱਡੀ 'ਚ ਰੱਖਣ ਲਈ ਕਹਿ ਦਿੱਤਾ 'ਤੇ ਫਿਰ ਇਕ ਵਾਰ ਗਾਇਤਰੀ ਦੇਵੀ ਵਲ ਦੇਖਿਆ। ਉਹ ਜਿਵੇਂ ਸਿਰ ਹਿਲਾ ਰਹੀ ਹੋਵੇ ਤੇ ਮੈਨੂੰ ਪੰਜ ਦੇ ਨਾਲ ਪੰਜ ਰੁਪਏ ਹੋਰ ਪਾ ਕੇ ਦਸ ਕਰਕੇ ਮੋੜਦੀ ਕਈ ਕੁਝ ਸਮਝਾ ਰਹੀ ਹੋਵੇ।

**ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਡੀ. ਏ. ਵੀ. ਕਾਲਜ, ਜਲੰਧਰ, ਸੰਪਰਕ 99145-65255**

## ਕਹਾਣੀ / ਨੀਲਮਾ / - ਪਰਮਜੀਤ ਮਾਨ

"ਵੀਰ ਜੀ ਸੱਤ ਸ੍ਰੀ ਅਕਾਲ।"

" ...ਜੀਅ...ਅ ! ..ਸੱ..ਤ... ਸ੍ਰੀ ਅਕਾਲ।"

ਬਲਵੰਤ ਆਪਣੇ ਹੀ ਖਿਆਲਾ 'ਚ ਗੁਆਚਿਆ ਤੁਰਿਆ ਆ ਰਿਹਾ ਸੀ, ਕਿ ਸਾਹਮਣੇ ਤੋਂ ਆ ਰਹੀ ਇੱਕ ਔਰਤ ਨੇ ਪਾਸ ਆ ਕੇ ਉਸ ਨੂੰ ਸੱਤ ਸ੍ਰੀ ਅਕਾਲ ਕਹੀ, ਤੇ ਫਿਰ ਉਸਦੇ ਸਾਹਮਣੇ ਹੋ ਕੇ ਖੜ੍ਹੀ ਹੋ ਗਈ । ਇਹ ਸਭ ਅਚਾਨਕ ਹੋਇਓ।ਔਰਤ ਦਾ ਇਸ ਤਰਾਂ ਉਸ ਦੇ ਸਾਹਮਣੇ ਆ ਕੇ ਖੜੇ ਹੋ ਜਾਣ ਨਾਲ, ਤੇ ਅਚਾਨਕ ਵਾਪਰੇ ਇਸ ਵਰਤਾਰੇ ਨਾਲ ਉਸਨੂੰ ਹੈਰਾਨੀ ਹੋਈ।

ਜਵਾਬ ਵਜੋਂ "ਸੱਤ—ਸ੍ਰੀ...ਅਕਾਲ... ਜੀ।" ਦੇ ਸ਼ਬਦ ਭਾਵੇਂ ਉਸਦੇ ਮੂੰਹ ਵਿਚੋਂ ਤਿਲਕ ਚੁੱਕੇ ਸਨ, ਤੇ ਅਚਾਨਕ ਹੀ ਉਸ ਦੇ ਹੱਥ ਵੀ ਜੁੜ ਗਏ ਸਨ, ਪਰ ਉਹ ਅਜੇ ਵੀ ਹੈਰਾਨ ਸੀ, ਕੀ ਇਸ ਔਰਤ ਨੇ ਸੱਚਮੁੱਚ ਹੀ ਉਸੇ ਨੂੰ ਸੰਬੋਧਨ ਕੀਤਾ ਹੈ।

ਉਸ ਨੇ ਸੋਚਿਆ ਹੋਰ ਤਾਂ ਨਜਦੀਕ ਕੋਈ ਹੈ ਵੀ ਨਹੀਂ, ਫਿਰ...। ਫਿਰ ਵੀ ਉਸਨੇ ਤਸੱਲੀ ਕਰਨ ਲਈ ਆਲੇ-ਦੁਆਲੇ ਵੇਖਿਆ । ਉਥੇ ਕੋਈ ਵੀ ਨਹੀਂ ਸੀ । ਉਸਨੇ ਵੇਖਿਆ ਕਿ ਉਹ ਔਰਤ ਉਸਦੇ ਹੀ ਚੇਹਰੇ ਵੱਲ ਵੇਖ ਰਹੀ ਸੀ ।

ਬਲਵੰਤ ਹੈਰਾਨ ਪ੍ਰੇਸ਼ਾਨ ਸੀ, ਕਿ ਆਖਰ ਇਹ ਹੈ ਕੌਣ । ਮੈਂ ਤਾਂ ਜਾਣਦਾ ਨਹੀਂ । ਉਸ ਦੇ ਸਿਰ ਦੇ ਵਾਲ ਕੁਝ ਕੁ ਪੱਕੇ ਹੋਏ ਸਨ । ਉਮਰ ਵਿੱਚ ਉਹ ਚਾਲੀ ਕੁ ਸਾਲ ਦੇ ਕਰੀਬ ਲੱਗਦੀ ਸੀ ।

ਬਲਵੰਤ ਉਸ ਕੋਲੋਂ ਕੁੱਝ ਪੁੱਛਣ ਹੀ ਵਾਲਾ ਸੀ ਕਿ, ਬਲਵੰਤ ਦੀ ਪ੍ਰੇਸ਼ਾਨੀ ਨੂੰ ਸਮਝਿਆਂ ਉਹ ਆਪ ਹੀ ਬੋਲ ਪਈ, "ਤੁਸੀਂ ਸ਼ਾਇਦ ਮੈਨੂੰ ਪਹਿਚਾਨਿਆ ਨਹੀਂ । ਪਰ ਮੈਂ ਤੁਹਾਨੂੰ ਪਹਿਚਾਣ ਲਿਆ ਹੈ।"

ਬਲਵੰਤ ਨੂੰ ਉਸਦੀ ਆਵਾਜ਼ ਕੁਝ ਜਾਣੀ ਪਹਿਚਾਣੀ ਲੱਗੀ । ਪਰ ਯਾਦ ਅਜੇ ਵੀ ਸਾਥ ਨਹੀਂ ਸੀ ਦੇ ਰਹੀ । ਉਸ ਨੇ ਉਸ ਦੀਆਂ ਅੱਖਾਂ ਨੂੰ ਗਹੁ ਨਾਲ ਵੇਖਿਆ । ਲੱਗਦਾ ਸੀ ਏਹਨਾਂ ਦੀ ਗਹਿਰਾਈ ਵਿੱਚ ਕੋਈ ਪੁਰਾਣੀ ਯਾਦ ਅਟਕੀ ਪਈ ਹੈ । ਪਰ ਬਲਵੰਤ ਨੂੰ ਆਪਣੀਆਂ ਯਾਦਾਂ ਕੋਈ ਰਾਹ ਨਹੀਂ ਸੀ ਦੇ ਰਹੀਆਂ । ਅਖੀਰ ਉਸਨੂੰ ਕਹਿਣਾ ਪਿਆ । "ਜੀ ਮੁਆਫ ਕਰਨਾ । ਆਪ ਦੀ ਆਵਾਜ਼ ਬੜੀ ਜਾਣੀ ਪਹਿਚਾਣੀ ਲੱਗ ਰਹੀ ਹੈ । ਪਰ ਮੈਨੂੰ ਠੀਕ-ਠੀਕ ਕੁਝ ਵੀ ਯਾਦ ਨਹੀਂ ਆ ਰਿਹਾ।"

"ਅੱਛਾ ! ਜਰਾ ਵੀਹ ਕੁ ਸਾਲ ਪਿੱਛੇ ਜਾਓ ! ਤੇ ਆਪਣੀ ਸੋਚ ਨੂੰ ਕਾਲਜ ਦਾ ਇੱਕ ਚੱਕਰ ਲਗਵਾਓ।" ਉਸ ਔਰਤ ਨੇ ਬੜੇ ਹੀ ਸਹਿਜ ਭਾਵ ਨਾਲ ਗੱਲ ਕਹੀ ।

ਕਾਲਜ ਦਾ ਨਾਮ ਸੁਣਦੇ ਹੀ ਬਲਵੰਤ ਨੂੰ ਇਕ ਦਮ ਸਭ ਕੁੱਝ ਯਾਦ ਆ ਗਿਆ । ਉਹ ਚੌਂਕ ਉਠਿਆ-"ਓ ਮਾਈ ਗਾਡ ! ਨੀਲਮਾ ! ਭਾਬੀ ਜੀ ਤੁਸੀਂ ! ਏਥੇ ! ਐਨੇ ਚਿਰਾ ਬਾਦ, ਇਸ ਤਰ੍ਹਾਂ ਅਚਾਨਕ ਕੋਈ ਕਾਲਜ ਦਾ ਸਾਥੀ ਮਿਲ ਪਵੇਗਾ, ਮੈਂ ਤਾਂ ਕਦੀ ਸੋਚ ਵੀ ਨਹੀਂ ਸੀ ਸਕਦਾ।" ਬਲਵੰਤ ਇੱਕਦਮ ਚਹਿਕ ਉਠਿਆ।ਹੁਣ ਉਸਦੇ ਚਿਹਰੇ ਤੇ ਖੁਸ਼ੀ ਸੀ।

"ਹਾਂ ! ਨੀਲਮਾ । ਉਹੀ ਨੀਲਮਾ । ਅਚਾਨਕ ਤੁਹਾਨੂੰ ਸਾਹਮਣੇ ਤੋਂ ਆਉਂਦੇ ਵੇਖ ਕੇ ਪਹਿਲਾਂ ਮੈਂ ਵੀ ਹੈਰਾਨ ਹੋ ਗਈ ਸੀ । ਦੂਰ ਤੋਂ ਹੀ ਤੁਹਾਨੂੰ ਏਧਰ ਨੂੰ ਤੁਰੇ ਆਉਦਿਆਂ ਨੂੰ ਵੇਖ ਰਹੀ ਸੀ । ਮਨ ਵਿੱਚ ਆ ਰਿਹਾ ਸੀ ਇਹ ਤਾਂ ਕੋਈ ਬਲਵੰਤ ਵਰਗਾ ਲੱਗਦਾ ਹੈ, ਤੇ ਨੇੜੇ ਆਉਂਦੇ ਹੀ ਝੱਟ ਮੈਂ ਪਹਿਚਾਣ ਲਿਆ । ਤੁਹਾਨੂੰ ਵੇਖਦੇ ਹੀ ਜ਼ਿੰਦਗੀ ਦੇ ਪਿਛਲੇ ਵੀਹ ਸਾਲ ਇਕ ਫਿਲਮ ਦੀ ਤਰ੍ਹਾਂ ਅੱਖਾਂ ਦੇ ਸਾਹਮਣੇ ਦੀ ਘੁੰਮ

ਗਏ ।ਕਾਲਜ ਦੇ ਉਹ ਦਿਨ... ਉਹਨਾਂ (ਤੁਹਾਡੇ ਦੋਸਤ) ਦੀਆਂ ਪਿਆਰ ਭਰੀਆਂ ਯਾਦਾਂ... ਸਾਡੀ ਸ਼ਾਦੀ... ਖੁਸ਼ੀਆਂ ਭਰੇ ਉਹ ਦਿਨ... ਪਿਆਰੇ ਪਿਆਰੇ ਬੱਚੇ ... ਤੇ ਫਿਰ ਵੀਰਾਨ ਜ਼ਿੰਦਗੀ ਦੇ ਇਹ ਸਾਲ ।ਇਕ ਤੋਂ ਬਾਅਦ ਇਕ, ਪਲਾਂ ਵਿੱਚ ਹੀ ਇੱਕ ਫਿਲਮੀ ਰੀਲ ਦੀ ਤਰਾਂ ਸਭ ਕੁੱਝ ਅੱਖਾਂ ਸਾਹਮਣੇ ਘੁੰਮ ਗਿਆ।"

"ਭਾਬੀ ਜੀ ਕੀ ਮਤਲਬ ।ਦੋਸਤ ਦੀਆਂ ਯਾਦਾਂ, ਵੀਰਾਨ ਜ਼ਿੰਦਗੀ ।ਇਹ ਸਭ ਕੀ ਹੈ ।ਕੀ ਅਮਰੀਕ ਨੇ ਤੁਹਾਨੂੰ ਛੱਡ ...?" ਉਹ ਗੱਲ ਨੂੰ ਪੂਰੀ ਨਾ ਕਰ ਸਕਿਆ ।

"ਨਹੀਂ ਨਹੀਂ।ਐਸੀ ਕੋਈ ਗੱਲ ਨਹੀਂ ।ਤੁਹਾਨੂੰ ਤੇ ਪਤਾ ਹੈ ਉਹ ਮੈਨੂੰ ਕਿੰਨਾ ਪਿਆਰ ਕਰਦੇ ਸਨ ।ਬਸ ਵਕਤ ਤੇ ਹਾਲਾਤ ਨੇ ਉਹਨਾਂ ਨੂੰ ਮੇਰੇ ਕੋਲੋਂ ਖੋਹ ਲਿਆ ।ਉਹਨਾਂ ਨੇ ਤਾਂ ਆਖਰੀ ਸਾਹ ਲੈਣ ਵੇਲੇ ਵੀ ਮੇਰਾ ਹੱਥ ਘੁੱਟ ਕੇ ਫੜ੍ਹਿਆ ਹੋਇਆ ਸੀ ।ਉਹਨਾਂ ਦਾ ਸਿਰ ਮੇਰੀ ਗੋਦ ਵਿੱਚ ਸੀ ।ਮੈਂ ਆਪਣੀਆਂ ਬਾਹਾਂ ਵਿੱਚ ਘੁੱਟ ਕੇ ਸੀਨੇ ਨਾਲ ਲਾਇਆ ਹੋਇਆ ਸੀ ।ਪਰ ਮੌਤ ਦੀ ਹੋਣੀ ਨੇ ਫਿਰ ਵੀ ਉਹਨਾਂ ਨੂੰ ਮੈਥੋਂ ਖੋਹ ਲਿਆ ।ਮੈਂ ਕੁਝ ਵੀ ਨਾ ਕਰ ਸਕੀ।" ... ਐਨਾਂ ਕਹਿੰਦੇ ਕਹਿੰਦੇ ਨੀਲਮਾ ਦੀਆਂ ਅੱਖਾਂ ਭਰ ਆਈਆਂ ।

........................

ਬਲਵੰਤ ਤੇ ਅਮਰੀਕ ਇਕੋ ਕਾਲਜ 'ਚ ਪੜ੍ਹਦੇ ਸਨ, ਤੇ ਇੱਕੋ ਹੀ ਕਲਾਸ 'ਚ ਸਨ ।ਦੋਵੇਂ ਪੱਕੇ ਮਿੱਤਰ ਸਨ ।ਅਮਰੀਕ ਫੁਟਬਾਲ ਦਾ ਬੜਾ ਵਧੀਆ ਖਿਡਾਰੀ ਸੀ ।ਉਹ ਕਾਲਜ ਦੀ ਫੁਟਬਾਲ ਟੀਮ ਦਾ ਕਪਤਾਨ ਸੀ ।ਪੜ੍ਹਾਈ ਵਿੱਚ ਵੀ ਬਹੁਤ ਹੁਸ਼ਿਆਰ ਤਾਂ ਨਹੀਂ, ਪਰ ਠੀਕ ਸੀ ।ਪਰ ਫੁਟਬਾਲ ਦਾ ਚੋਟੀ ਦਾ ਖਿਡਾਰੀ ਸੀ ।ਟੀਮ ਦਾ ਕਪਤਾਨ ਹੋਣ ਕਰਕੇ ਸਾਰਾ ਕਾਲਜ ਉਸਨੂੰ ਜਾਣਦਾ ਸੀ ।ਕਾਲਜ ਦੀ ਫੁਟਬਾਲ ਟੀਮ ਦਾ ਇਲਾਕੇ ਵਿੱਚ ਬੜ੍ਹਾ ਨਾਮ ਸੀ ।ਜਿੱਥੇ ਵੀ ਇਹ ਟੀਮ ਖੇਡਣ ਜਾਂਦੀ, ਜਿੱਤ ਕੇ ਹੀ ਆਉਂਦੀ ।ਅਮਰੀਕ ਸੁਭਾਅ ਦਾ ਵੀ ਬਹੁਤ ਹੀ ਨਿੱਘਾ ਤੇ ਮਿਲਾਪੜਾ ਸੀ ।ਯਾਰਾਂ ਦਾ ਯਾਰ ਤੇ ਹਰ ਇੱਕ ਦੇ ਕੰਮ ਆਉਣ ਵਾਲਾ ।ਸਾਰੇ ਕਾਲਜ ਦਾ ਹੀਰੋ ਸੀ ਉਹ ।ਕਦੀ ਕਦੀ ਇਸ ਗੱਲ ਦੀ ਬਲਵੰਤ ਨੂੰ ਈਰਖਾ ਵੀ ਹੁੰਦੀ ।ਪਰ ਦੋਸਤੀ ਸਦਾ ਈਰਖਾ ਤੇ ਭਾਰੂ ਪੈ ਜਾਂਦੀ ।ਸਾਰਾ ਸਟਾਫ ਵੀ ਉਸਨੂੰ ਬੜ੍ਹਾ ਪਿਆਰ ਕਰਦਾ ਸੀ, ਤੇ ਪਸੰਦ ਕਰਦਾ ਸੀ ।

ਇਕ ਵਾਰ ਕਾਲਜ 'ਚ ਫੁਟਬਾਲ ਦਾ ਮੈਚ ਸੀ ।ਲਾਗਲੇ ਸ਼ਹਿਰ 'ਚੋ ਉਸ ਕਾਲਜ ਦੀ ਫੁਟਬਾਲ ਟੀਮ ਨੇ ਮੈਚ ਖੇਡਣ ਆਉਣਾ ਸੀ ।ਟੀਮ ਉਹ ਵੀ ਤਕੜੀ ਸੀ ।ਪੂਰੇ ਕਾਲਜ ਤੇ ਸ਼ਹਿਰ ਵਿੱਚ ਦੋਵਾਂ ਟੀਮਾਂ ਵਿਚਕਾਰ ਹੋਣ ਵਾਲੇ ਇਸ ਮੈਚ ਦੀ ਪੂਰੀ ਚਰਚਾ ਸੀ ।ਮੈਚ ਵਾਲੇ ਦਿਨ ਸਾਰਾ ਹੀ ਕਾਲਜ ਤੇ ਸ਼ਹਿਰ ਦੇ ਹੋਰ ਲੋਕ, ਦਰਸ਼ਕ ਦੇ ਤੌਰ 'ਤੇ ਮੈਦਾਨ ਦੇ ਚਾਰ-ਚੁਫੇਰੇ ਘੇਰਾ ਘੱਤੀ ਬੈਠੇ ਸਨ ਜਾਂ ਖੜ੍ਹੇ ਸਨ ।

ਦੋਵੇਂ ਟੀਮਾਂ ਆਹਮੋ-ਸਾਹਮਣੇ ਗੋਲ ਵਾਲਿਆ ਪਾਸਿਆ ਤੋਂ ਮੈਦਾਨ ਵਿੱਚ ਉਤਰੀਆਂ ।ਚਾਰ ਚੁਫੇਰੇ ਤਾੜੀਆਂ ਹੀ ਤਾੜੀਆਂ ।ਕੁਝ ਚਿਰ ਬਾਅਦ ਹੀ ਮੈਚ ਸ਼ੁਰੂ ਹੋ ਗਿਆ ।ਦੋਵੇਂ ਟੀਮਾਂ ਮੈਦਾਨ ਵਿੱਚ ਡਟੀਆਂ ਹੋਈਆਂ ਸਨ ।ਦੂਸਰੇ ਕਾਲਜ ਵਾਲੇ ਵੀ ਪੂਰੀ ਤਿਆਰੀ ਨਾਲ ਇੱਕ ਤਕੜੀ ਟੀਮ ਲੈ ਕੇ ਆਏ ਸਨ ।ਇਕ ਦੂਸਰੇ ਗੋਲ ਉਪਰ ਪੂਰੇ ਜ਼ੋਰ-ਸ਼ੋਰ ਨਾਲ ਹਮਲੇ ਹੋ ਰਹੇ ਸਨ ।ਮੈਚ ਦਾ ਅੱਧਾ-ਟਾਇਮ ਲੰਘ ਚੁੱਕਾ ਸੀ ।ਪਰ ਕਿਸੇ ਪਾਸੇ ਵੀ ਗੋਲ ਨਹੀਂ ਸੀ ਹੋਇਆ ।

ਮੈਚ ਦੁਬਾਰਾ ਸ਼ੁਰੂ ਹੋ ਚੁੱਕਾ ਸੀ।ਸਾਰਾ ਕਾਲਜ ਸੰਘ ਪਾੜ-ਪਾੜ ਕੇ ਚਿਲਾ ਰਿਹਾ ਸੀ ।ਮੀਕਿਆ ਮੀਕਿਆ...ਦੀਆਂ ਆਵਾਜ਼ਾਂ ਆ ਰਹੀਆ ਸਨ ।ਕੋਈ ਕਹਿ ਰਿਹਾ ਸੀ ਮੀਕਿਆ ਚੱਕ ਦੇ ਫੱਟੇ ।ਕੋਈ ਚਿਲਾ ਰਿਹਾ ਸੀ - ਮੀਕਿਆ ਕੰਜ਼ਰਾਂ ਮਰ ਜਾ ਪੂਛ ਤੜਾ ਕੇ ਕੋਈ ਹੋਰ ਚਿਲਾ ਰਿਹਾ ਸੀ - ਓਏ ਗੱਡ ਦੇ

ਇੱਕ ਤਾਂ ਕਿਤੇ ਘਰੇ ਆ ਕੇ ਨਾ ਨੱਕ ਵੱਡ ਜਾਣ ।ਕੋਈ ਕੁਝ ਤੇ ਕੋਈ ਕੁਝ ।

ਜਿਉਂ ਜਿਉਂ ਮੈਚ ਦਾ ਟਾਇਮ ਨਜਦੀਕ ਆ ਰਿਹਾ ਸੀ, ਸ਼ੋਰ ਵਧ ਰਿਹਾ ਸੀ ।ਸਭ ਦੀ ਜ਼ੁਬਾਨ 'ਤੇ ਅਮਰੀਕ ਦਾ ਹੀ ਨਾਮ ਸੀ ।ਜਿਵੇਂ ਕਿ ਗੋਲ ਕਰਨਾ ਹੈ ਤਾਂ ਬੱਸ ਸਿਰਫ ਅਮਰੀਕ ਨੇ ਹੀ ਕਰਨਾ ਹੈ ।ਬਾਕੀ ਤਾਂ ਜਿਵੇਂ ਸਾਰੇ ਗੋਲ ਕਰਨ ਨਹੀਂ, ਸਿਰਫ ਖਾਨਾ ਪੂਰਤੀ ਲਈ ਆਏ ਹੋਣ ।ਗਰਾਉਂਡ ਦੇ ਚਾਰੇ ਪਾਸੇ ਰੌਲਾ ਰੱਪਾ, ਸੀਟੀਆਂ ਤੇ ਲਲਕਾਰੇ ਵੱਜ ਰਹੇ ਸਨ ।

ਮੈਚ ਖਤਮ ਹੋਣ ਦੇ ਨੇੜੇ ਆ ਰਿਹਾ ਸੀ ।ਖਿਡਾਰੀ ਵੀ ਤੇ ਦਰਸ਼ਕ ਵੀ, ਦੋਵੇਂ ਹੀ ਪੂਰੇ ਭਖੇ ਪਏ ਸਨ ।ਦੋਵੇਂ ਰੈਫਰੀ ਵੀ ਬੜੇ ਚੁਕੰਨੇ ।ਦੋਵਾਂ ਦਾ ਬੁਰੀ ਤਰ੍ਹਾਂ ਸਾਹ ਚੜ੍ਹਿਆ ਹੋਇਆ ਸੀ ।ਲਗਭਗ ਇਕ ਡੇਢ ਮਿੰਟ ਰਹਿੰਦਾ ਹੋਏਗਾ ਜਦੋਂ ਬਾਲ ਇਕ ਵਾਰ ਫਿਰ ਅਮਰੀਕ ਦੇ ਕਬਜ਼ੇ ਵਿੱਚ ਆਈ ।ਸਾਰਾ ਕਾਲਜ ਇੱਕੋ ਵਾਰ ਚਿਲਾ ਉੱਠਿਆ ।ਅਮਰੀਕ ਨੇ ਬੜੀ ਹੀ ਚੁਸਤੀ ਨਾਲ 25 ਗਜ ਦੀ ਲਾਈਨ ਅੰਦਰ ਦੋ ਵਿਰੋਧੀ ਖਿਡਾਰੀਆਂ ਨੂੰ ਕੱਟ ਕੀਤਾ, ਤੇ ਫਿਰ ਐਸੀ ਜ਼ੋਰ ਦੀ ਹਿੱਟ ਜਮਾਈ ਕਿ ਬਾਲ ਸਿੱਧੀ ਵਿਰੋਧੀ ਗੋਲ ਦੇ ਅੰਦਰ।

ਬੱਸ ਫੇਰ ਕੀ ਸੀ ।ਓਧਰ ਵਿਰੋਧੀ ਟੀਮ ਦਾ ਗੋਲਕੀਪਰ ਦੋਵਾਂ ਹੱਥਾਂ ਵਿੱਚ ਆਪਣਾ ਸਿਰ ਫੜੀ ਬੈਠਾ ਸੀ ।ਏਧਰ ਸਾਰਾ ਕਾਲਜ ਭੰਗੜਾ ਪਾ ਰਿਹਾ ਸੀ ।ਸੀਟੀਆਂ ਵੱਜ ਰਹੀਆਂ ਸਨ ਤੇ ਬੱਕਰੇ ਬੁਲਾਏ ਜਾ ਰਹੇ ਸਨ ।ਭਾਵੇਂ ਗੋਲ ਤੋਂ ਬਾਅਦ ਮੈਚ ਦੁਬਾਰਾ ਸ਼ੁਰੂ ਹੋ ਚੁੱਕਾ ਸੀ, ਪਰ ਹੁਣ ਮੈਚ ਵੱਲ ਕਿਸੇ ਦਾ ਧਿਆਨ ਘੱਟ ਹੀ ਸੀ ।ਮਿੰਟ ਕੁ ਬਾਦ ਹੀ ਲੰਬੀ ਸੀਟੀ ਵੱਜ ਗਈ ਤੇ ਮੈਚ ਖਤਮ ।ਅਮਰੀਕ ਪਹਿਲਾਂ ਦੀ ਤਰ੍ਹਾਂ ਅੱਜ ਵੀ, ਮੈਚ ਦਾ ਤੇ ਕਾਲਜ ਦਾ ਹੀਰੋ ਸੀ ਤੇ ਮੁੰਡਿਆ ਨੇ ਉਸ ਨੂੰ ਮੋਢਿਆਂ ਤੇ ਚੁੱਕ ਲਿਆ ਸੀ ।ਕਾਲਜ ਲਈ ਤਾਂ ਇਹ ਜਿੱਤਾਂ ਦੀ ਲੰਬੀ ਲੜੀ 'ਚ ਜੁੜੀ, ਇੱਕ ਹੋਰ ਜਿੱਤ ਸੀ ।ਪਰ ਅੱਜ ਕੁਝ ਹੋਰ ਵੀ ਹੋ ਚੁੱਕਾ ਸੀ, ਜੋ ਨੀਲਮਾ ਤੋਂ ਬਿਨਾ ਹੋਰ ਕਿਸੇ ਨੂੰ ਵੀ ਨਹੀਂ ਸੀ ਪਤਾ ।

ਨੀਲਮਾ ਵੀ ਉਸੇ ਕਾਲਜ 'ਚ ਅਮਰੀਕ ਤੋਂ ਇੱਕ ਕਲਾਸ ਪਿੱਛੇ ਪੜ੍ਹਦੀ ਸੀ ।ਮੈਚ ਦੇ ਆਖਰੀ ਮਿੰਟਾਂ ਵਿੱਚ ਅਮਰੀਕ ਨੇ ਜਦ ਹਿੱਟ ਮਾਰ ਕੇ ਬਾਲ, ਵਿਰੋਧੀ ਗੋਲ ਅੰਦਰ ਪਹੁੰਚਾ ਦਿੱਤੀ ਸੀ, ਤਾਂ ਉਸੇ ਸਮੇਂ ਕੁਝ ਹੋਰ ਵਾਪਰ ਚੁੱਕਾ ਸੀ ।ਓਧਰ ਬਾਲ ਵਿਰੋਧੀ ਗੋਲ ਅੰਦਰ ਦਾਖਲ ਹੋਈ, ਤੇ ਏਧਰ ਨੀਲਮਾ ਦੇ ਦਿਲ ਅੰਦਰ ਦਾਖਲ ਹੋ ਗਿਆ ਅਮਰੀਕ ।ਅਮਰੀਕ ਨੂੰ ਖੁਦ ਇਸ ਦਾਖਲੇ ਦਾ ਨਹੀਂ ਸੀ ਪਤਾ ।ਪਰ ਜਲਦੀ ਹੀ ਨੀਲਮਾ ਨੇ ਇਸ ਦਾਖਲੇ ਦੀ ਖਬਰ ਅਮਰੀਕ ਨੂੰ ਜ਼ਾਹਰ ਕਰ ਦਿੱਤੀ ।ਬੱਸ ਫੇਰ ਕੀ ਸੀ ।ਦੋਵੇਂ ਇੱਕ ਦੂਜੇ ਉੂਪਰ ਲੱਟੂ ਹੋਣ ਲੱਗ ਪਏ ।

ਇੱਕ ਦੋ ਦਿਨ ਵਿੱਚ ਮੈਚ ਦੀ ਚਰਚਾ ਤਾਂ ਮੱਠੀ ਪੈ ਗਈ, ਪਰ ਸਾਰੇ ਕਾਲਜ ਵਿੱਚ ਇੱਕ ਨਵੀਂ ਚਰਚਾ ਜ਼ੋਰ ਫੜ੍ਹਨ ਲੱਗੀ ।ਜਿਉਂ ਜਿਉਂ ਦੋਵਾਂ ਦਾ ਇਸ਼ਕ ਬਲਵਾਨ ਹੁੰਦਾ ਗਿਆ, ਤਿਉਂ ਤਿਉਂ ਇਸ਼ਕ ਦੀ ਚਰਚਾ ਵੀ ਬਲਵਾਨ ਹੁੰਦੀ ਗਈ ।ਤੇ ਫਿਰ ਹੋਲੀ ਹੋਲੀ ਇਹ ਚਰਚਾ ਕਾਲਜ ਦੀਆਂ ਦੀਵਾਰਾਂ ਵੀ ਟੱਪ ਗਈ ।

ਇਸ਼ਕ ਦੇ ਇਸ ਕਿੱਸੇ ਬਾਰੇ ਇਕ ਦਿਲਚਸਪ ਗੱਲ ਹੋਰ ਵੀ ਸੀ, ਜੋ ਇਸ ਨੂੰ ਜ਼ਿਆਦਾ ਚਰਚਤ ਕਰ ਰਹੀ ਸੀ ।ਉਹ ਇਹ ਸੀ, ਕਿ ਅਮਰੀਕ ਝਿਉਰਾ ਦਾ ਮੁੰਡਾ ਸੀ ।ਨੀਲਮਾ ਬਾਣੀਆਂ ਦੀ ਕੁੜੀ ਸੀ ।ਪਰ ਐਵੇਂ ਥੋੜਾ ਕਹਿੰਦੇ ਨੇ ਕਿ ਇਸ਼ਕ ਅੰਨਾ ਹੁੰਦਾ ਹੈ ।ਅਮਰੀਕ ਤੇ ਨੀਲਮਾ ਦਾ ਪਿਆਰ ਜਾਤਾਂ ਧਰਮਾਂ ਦੇ ਬੰਧਨਾਂ ਨੂੰ ਕੋਹਾਂ ਪਿੱਛੇ ਛੱਡ ਚੁੱਕਾ ਸੀ।

ਅਗਾਹਵਧੂ ਵਿਚਾਰਾਂ ਦੇ ਧਾਰਨੀ, ਪ੍ਰੋਫੈਸਰ ਰਾਜ ਕੁਮਾਰ ਨੇ ਇਸ ਪਿਆਰ ਨੂੰ ਅੱਗੇ ਤੋਰਨ ਵਿੱਚ ਦੋਵਾਂ ਦੀ ਬੜੀ ਮੱਦਦ ਕੀਤੀ ਸੀ ।ਰਾਜ ਕੁਮਾਰ ਇੱਕ ਚੰਗਾ ਪ੍ਰੋਫੈਸਰ ਹੋਣ ਦੇ ਨਾਲ ਨਾਲ ਇੱਕ ਵਧੀਆ

ਇਨਸਾਨ, ਚੰਗੀ ਤੇ ਖੁੱਲੀ ਸੋਚ ਦਾ ਮਾਲਕ, ਤੇ ਚੰਗਾ ਸਮਾਜ ਸੇਵੀ ਵੀ ਸੀ ।ਉਹ ਹਮੇਸ਼ਾਂ ਏਹੋ ਕਿਹਾ ਕਰਦਾ ਕਿ ਅਗਰ ਪੜ੍ਹ ਲਿਖ ਕੇ ਵੀ ਅਸੀਂ ਜਾਤਾਂ ਧਰਮਾਂ ਦੇ ਬੰਧਨਾਂ ਤੋਂ ਬਾਹਰ ਨਾ ਨਿਕਲੇ, ਤਾਂ ਫਿਰ ਬਾਕੀ ਸਮਾਜ ਤੋਂ ਕੀ ਆਸ ਕਰ ਸਕਦੇ ਹਾਂ ।ਸਾਨੂੰ ਖੁਦ ਆਦਰਸ਼ ਬਣਨਾ ਚਾਹੀਦਾ ਹੈ ।ਫੇਰ ਹੀ ਅਸੀਂ ਸਮਾਜ ਦਾ ਮਾਰਗ ਦਰਸ਼ਨ ਕਰ ਸਕਦੇ ਹਾਂ ।ਅਸੀਂ ਹੀ ਏਹਨਾਂ ਬੰਧਨਾਂ ਤੋਂ ਮੁਕਤ ਨਾ ਹੋਏ, ਤਾਂ ਸਮਾਜ ਨੂੰ ਕੀ ਸਵਾਹ ਬਦਲਾਂਗੇ ।

ਏਹਨਾਂ ਗੱਲਾਂ ਨੇ ਨੀਲਮਾ ਦੇ ਮਨ ਉਪਰ ਬੜਾ ਅਸਰ ਕੀਤਾ ਸੀ ਤੇ ਉਸ ਨੂੰ ਹਿੰਮਤ ਬਖਸ਼ੀ ਸੀ । ਪ੍ਰੋਫੈਸਰ ਰਾਜ ਕੁਮਾਰ ਨੇ ਦੋਵਾਂ ਨੂੰ ਹੀ ਕਿਹਾ ਸੀ, ਕਿ ਅਗਰ ਉਹ ਸੱਚੇ ਦਿਲੋਂ ਇੱਕ ਦੂਜੇ ਨੂੰ ਚਾਹੁੰਦੇ ਹਨ ਤੇ ਪਿਆਰ ਕਰਦੇ ਹਨ, ਤਾਂ ਫਿਰ ਜਾਤਾਂ ਧਰਮਾਂ ਦੇ ਚੱਕਰ ਵਿੱਚ ਪੈਣ ਦੀ ਲੋੜ ਨਹੀਂ ।ਇਨਸਾਨ ਨੂੰ ਸਿਰਫ ਇਨਸਾਨ ਦੇ ਰੂਪ ਵਿੱਚ ਦੇਖੋ ।ਆਪਣੇ ਮਾਤਾ-ਪਿਤਾ ਨੂੰ ਦਿਲ ਦੀ ਗੱਲ ਖੁੱਲ ਦੇ ਦੱਸੋ।

ਉਸ ਟਾਇਮ ਦੋਵਾਂ ਨੇ ਸ਼ਾਦੀ ਤਾਂ ਕਰ ਲਈ, ਪਰ ਦੋਵਾਂ ਦੇ ਹੀ ਮਾਪੇ ਇਸ ਸ਼ਾਦੀ ਤੋਂ ਖਫਾ ਸਨ । ਅਮਰੀਕ ਦਾ ਬਾਪ ਪੁੱਤ ਨੂੰ ਆਪਣੀ ਬਰਾਦਰੀ ਵਿੱਚ ਵਿਹਾਉਣਾ ਚਾਹੁੰਦਾ ਸੀ ।ਨੀਲਮਾ ਦੇ ਮਾਪੇ ਇਸ ਤੋਂ ਵੀ ਕਿਤੇ ਵੱਧ ਔਖੇ ਸਨ ।ਉਹ ਕਦੇ ਵੀ ਇਹ ਬਰਦਾਸ਼ਤ ਨਹੀਂ ਸੀ ਕਰ ਸਕਦੇ, ਕਿ ਉਹਨਾਂ ਦਾ ਜਵਾਈ ਕੋਈ ਝਿਉਰਾਂ ਦਾ ਮੁੰਡਾ ਹੋਵੇ, ਭਾਵੇਂ ਉਹ ਕਿੱਡਾ ਹੀ ਸੋਹਣਾ ਤੇ ਜੁਆਨ ਕਿਉਂ ਨਾ ਹੋਵੇ । ਸ਼ਾਦੀ ਭਾਵੇਂ ਹੋ ਗਈ, ਪਰ ਵਕਤ ਨੇ, ਜਾਂ ਕਹਿ ਲਓ ਏਸ ਸਮਾਜ ਨੇ, ਅਮਰੀਕ ਤੇ ਨੀਲਮਾ ਨੂੰ ਮਾਂ ਬਾਪ ਦੇ ਪਿਆਰ, ਅਸ਼ੀਰਵਾਦ ਤੇ ਸਹਾਰੇ ਤੋਂ ਵਾਂਝਾ ਕਰ ਦਿੱਤਾ ।

..........................

ਐਨੇ ਸਾਲਾ ਬਾਦ ਅੱਜ ਨੀਲਮਾ ਦੀਆਂ ਭਰੀਆਂ ਅੱਖਾਂ ਦੇਖ ਕੇ, ਤੇ ਆਪਣੇ ਦੋਸਤ ਦੀ ਬੇਵਕਤ ਮੌਤ ਦੀ ਖਬਰ ਸੁਣ ਕੇ ਬਲਵੰਤ ਦਾ ਵੀ ਦਿਲ ਭਰ ਆਇਆ।ਉਹ ਪੁੱਛਣ ਲੱਗਾ - "ਪਰ ਭਾਬੀ ਜੀ ਤੁਸੀਂ ਏਥੇ ਕਿਸ ਤਰ੍ਹਾਂ।"

ਨੀਲਮਾ ਨੇ ਵੀ ਆਪਣੇ ਆਪ ਤੇ ਕਾਬੂ ਪਾਉਦੇ ਹੋਏ ਦੱਸਿਆ ਕਿ ਉਹ ਏਥੇ ਅਕੈਡਮੀ ਵਿੱਚ ਟੀਚਰ ਹੈ।ਮੇਰੇ ਦੋਵੇਂ ਬੱਚੇ ਵੀ ਏਥੇ ਹੀ ਪੜ੍ਹਦੇ ਹਨ ।ਮੈਨੂੰ ਅੰਦਰ ਹੀ ਰਿਹਾਇਸ਼ ਵੀ ਮਿਲੀ ਹੋਈ ਹੈ, ਆਓ - ਕਵਾਟਰ ਵਿੱਚ ਚਲਦੇ ਹਾਂ।ਸਬੱਬ ਨਾਲ ਬੜੇ ਚਿਰ ਬਾਦ ਮਿਲੇ ਹਾਂ, ਆਰਾਮ ਨਾਲ ਗੱਲਾਂ ਕਰਾਂਗੇ ।

ਬਲਵੰਤ ਵੀ ਚਾਹੁੰਦਾ ਸੀ ਕੁਝ ਪਲ ਆਰਾਮ ਨਾਲ ਗੱਲਾਂ ਕਰ ਸਕੇ ।ਉਹ ਨੀਲਮਾ ਦੇ ਨਾਲ ਨਾਲ ਹੋ ਤੁਰਿਆ ।ਜਲਦੀ ਹੀ ਦੋਵੇਂ ਨੀਲਮਾ ਦੇ ਕਵਾਟਰ ਵਿੱਚ ਪਹੁੰਚ ਗਏ।

"ਵੀਰ ਜੀ ਤੁਸੀਂ ਬੈਠੋ ਮੈਂ ਪਾਣੀ ਲੈ ਕੇ ਆਈ।" ਕਮਰੇ ਅੰਦਰ ਦਾਖਲ ਹੁੰਦਿਆ ਹੀ ਨੀਲਮਾ ਬੋਲੀ ।ਬਲਵੰਤ ਕਮਰੇ ਵਿੱਚ ਪਏ ਸੋਫੇ ਦੇ ਇੱਕ ਪਾਸੇ ਵੱਲ ਲੱਗਕੇ ਬੈਠ ਗਿਆ ।ਨੀਲਮਾ ਰਸੋਈ ਵਿੱਚ ਗਈ ਤੇ ਟਰੇਅ ਵਿੱਚ ਪਾਣੀ ਦਾ ਗਿਲਾਸ ਰੱਖ ਵਾਪਸ ਮੁੜ ਆਈ ।

"ਤੁਸੀਂ ਅੱਜ ਏਧਰ ਕਿਸ ਤਰ੍ਹਾਂ ਭੁੱਲ ਗਏ," ਪਾਣੀ ਦੇ ਗਿਲਾਸ ਵਾਲੀ ਟਰੇਅ ਬਲਵੰਤ ਦੇ ਅੱਗੇ ਕਰਦਿਆ ਨੀਲਮਾ ਬੋਲੀ।ਬਲਵੰਤ ਨੇ ਗਲਾਸ ਚੁੱਕਿਆ, ਪਾਣੀ ਪੀਤਾ, ਤੇ ਫੇਰ ਖਾਲੀ ਗਿਲਾਸ ਵਾਪਸ ਟਰੇਅ ਵਿੱਚ ਰੱਖ ਕੇ ਬੋਲਿਆ, "ਤੁਹਾਨੂੰ ਪਤਾ ਹੀ ਹੈ ਕਾਲਜ ਤੋਂ ਬਾਦ ਮੈਨੂੰ ਨੇਵੀ ਵਿੱਚ ਨੌਕਰੀ ਮਿਲ ਗਈ ਸੀ, ਤੇ ਮੈਂ ਬੰਬਈ ਚਲਾ ਗਿਆ ਸੀ ।ਕੈਰੀਅਰ ਸੈਟ ਕਰਦੇ-ਕਰਦੇ ਸ਼ਾਦੀ ਵੀ ਬਹੁਤ ਲੇਟ ਕੀਤੀ । ਬੱਸ ਉਸ ਤੋਂ ਬਾਦ ਜਹਾਜ਼ੀ ਜਿੰਦਗੀ ਤੇ ਘਰੇਲੂ ਜ਼ਿੰਦਗੀ ਦੇ ਰੁਝੇਵਿਆਂ ਵਿੱਚ ਹੀ ਉਲਝਿਆ ਰਿਹਾ ।ਮੈਂ ਅਜੇ ਵੀ ਬੰਬਈ ਹੀ ਰਹਿ ਰਿਹਾ ਹਾਂ।"

ਹੁਣ ਭਾਬੀ ਜੀ ਗੱਲ ਇਹ ਹੈ ਕਿ ਅਸੀਂ ਤਾਂ ਬੜੇ ਸਾਲਾਂ ਤੋਂ ਪੰਜਾਬ ਨਾਲੋਂ ਪੂਰੀ ਤਰ੍ਹਾਂ ਕੱਟੇ ਬੈਠੇ ਸੀ।

ਕੰਮ ਦੇ ਰੁਝੇਵਿਆਂ ਤੇ ਘੱਟ ਛੁੱਟੀ ਕਾਰਨ ਕਦੀ ਗੇੜਾ ਹੀ ਨਹੀਂ ਸੀ ਲੱਗਦਾ।ਹੁਣ ਅਸੀਂ ਸੋਚਿਆ ਇੱਕ ਬੱਚੇ ਨੂੰ ਏਧਰ ਪੜ੍ਹਨ ਲਾਈਏ। ਬੱਚੇ ਦੇ ਮਿਲਣ ਦੇ ਬਹਾਨੇ ਹੀ ਸਹੀ, ਏਧਰ ਪੰਜਾਬ ਵੱਲ ਗੇੜਾ ਤਾਂ ਵੱਜਦਾ ਰਹੇਗਾ।ਆਪਣੇ ਇਲਾਕੇ ਨਾਲ ਜੁੜੇ ਰਹਾਂਗੇ ਤੇ ਸਾਂਝ ਬਣੀ ਰਹੇਗੀ।ਹਾਲਾਤ ਦਾ ਕੋਈ ਪਤਾ ਨਹੀਂ ਹੁੰਦਾ, ਕਦੋਂ ਕੀ ਕਰਵਟ ਲੈ ਲਵੇ।

ਨੇਵੀ ਛੱਡ ਮੈਂ ਬੰਬਈ ਵਿੱਚ ਹੀ ਇੱਕ ਚੰਗੀ ਕੰਪਨੀ ਵਿੱਚ ਨੌਕਰੀ ਕਰ ਲਈ ਸੀ। ਅਸੀਂ ਉਥੇ ਵਧੀਆ ਸੈਟ ਵੀ ਹਾਂ। ਪਰ ਜਦੋਂ ਵੀ ਪੰਜਾਬ ਅੰਦਰ ਕੋਈ ਗੜਬੜ ਸੁਣਦੇ ਹਾਂ, ਮਨ ਅੰਦਰ ਇੱਕ ਡਰ ਜਿਹਾ ਪੈਦਾ ਹੋ ਜਾਂਦਾ ਹੈ।ਫਿਰ ਕੀ ਪਤਾ ਹੁੰਦੈ ਕਦੇ ਏਧਰ ਮੁੜਨਾ ਹੀ ਪੈ ਜਾਵੇ।ਇਸ ਲਈ ਅਸੀਂ ਦੋਵਾਂ ਨੇ ਫੈਸਲਾ ਕੀਤਾ, ਕਿ ਇੱਕ ਬੱਚੇ ਨੂੰ ਏਧਰ ਪੜ੍ਹਾਇਆ ਜਾਵੇ।

ਇਸ ਅਕੈਡਮੀ ਦਾ ਬੜਾ ਨਾਮ ਸੁਣਿਆ ਸੀ।ਏਸੇ ਲਈ ਮੈਂ ਆਪਣੇ ਛੋਟੇ ਬੇਟੇ ਨੂੰ ਇਸ ਅਕੈਡਮੀ ਵਿੱਚ ਦਾਖਲ ਕਰਵਾਉਣ ਦੇ ਸੰਬੰਧ 'ਚ ਆਇਆ ਸੀ।ਅਚਾਨਕ ਆਹ ਤੁਹਾਡੇ ਨਾਲ ਮੁਲਾਕਾਤ ਹੋ ਗਈ।

ਇਹ ਤਾਂ ਤੁਸੀਂ ਬਹੁਤ ਹੀ ਚੰਗਾ ਕੀਤਾ।ਇਸ ਅਕੈਡਮੀ ਦੀ ਪੜ੍ਹਾਈ ਬਹੁਤ ਹੀ ਵਧੀਆ ਹੈ। ਨਾਲੇ ਬੱਚਾ ਏਧਰ ਪੜ੍ਹੇਗਾ, ਤਾਂ ਆਪਣੀ ਬੋਲੀ ਤੇ ਸੱਭਿਆਚਾਰ ਨਾਲ ਵੀ ਜੁੜਿਆ ਰਹੇਗਾ।ਤੁਸੀਂ ਜਾਣਦੇ ਹੀ ਹੋ ਕਿ ਵੱਡੇ ਸ਼ਹਿਰਾਂ ਦੀ ਜ਼ਿੰਦਗੀ, ਤਾਂ ਬੱਸ ਮਸ਼ੀਨੀ ਜ਼ਿੰਦਗੀ ਹੈ।ਫਿਰ ਮੈਂ ਵੀ ਏਥੇ ਇਸਦਾ ਪੂਰਾ ਖਿਆਲ ਰੱਖਾਂਗੀ।ਏਥੇ ਹਰ ਇੱਕ ਗੱਲ ਦਾ ਬਹੁਤ ਵਧੀਆ ਪ੍ਰਬੰਧ ਹੈ।ਤੁਸੀਂ ਕੋਈ ਫਿਕਰ ਨਾ ਕਰਨਾ।ਨਾਲੇ ਚਲੋ ਏਸ ਬਹਾਨੇ ਹੀ ਸਹੀ, ਹੁਣ ਤੁਹਾਡੇ ਨਾਲ ਮੁਲਾਕਾਤ ਹੁੰਦੀ ਰਹੇਗੀ।ਹੋਰ ਤਾਂ ਕੋਈ ਸਾਨੂੰ ਏਥੇ ਮਿਲਣ ਆਉਂਦਾ ਨਹੀਂ।ਤੁਹਾਨੂੰ ਪਤਾ ਹੀ ਹੈ ਕਿ ਸਾਡੀ ਸ਼ਾਦੀ ਤੇ ਸਾਰੇ ਹੀ ਨਾਰਾਜ਼ ਸਨ। ਸ਼ਾਦੀ ਤੋਂ ਬਾਦ ਅਸੀਂ ਦੋਵਾਂ ਨੇ ਸਭ ਨੂੰ ਮਨਾਉਣ ਦੀ ਬੜੀ ਕੋਸ਼ਿਸ ਕੀਤੀ।ਪਰ ਕਿਸੇ ਨੇ ਵੀ ਕੋਈ ਹੁੰਗਾਰਾ ਨਾ ਦਿੱਤਾ।ਅਸੀਂ ਬਿਲਕੁਲ ਇਕੱਲੇ ਰਹਿ ਗਏ।

ਫੇਰ ਨੀਲਮਾ ਉੱਠੀ ਤੇ ਬੋਲੀ, "ਮੈਂ ਇੱਕ ਇੱਕ ਕੱਪ ਚਾਹ ਬਣਾ ਕੇ ਲਿਆਉਂਦੀ ਹਾਂ।ਫੇਰ ਗੱਲਾਂ ਕਰਾਂਗੇ।ਤੁਸੀਂ ਥੋੜ੍ਹਾ ਅਰਾਮ ਕਰ ਲਓ।"

ਨੀਲਮਾ ਦੇ ਜਾਣ ਤੋਂ ਬਾਦ ਬਲਵੰਤ ਸੋਚਾਂ ਵਿੱਚ ਪੈ ਗਿਆ।ਨੀਲਮਾ ਦੇ ਕਹੇ ਇਹ ਸ਼ਬਦ, "ਏਧਰ ਪੜ੍ਹੇਗਾ ਤਾਂ ਆਪਣੀ ਬੋਲੀ ਤੇ ਸੱਭਿਆਚਾਰ ਨਾਲ ਵੀ ਜੁੜਿਆ ਰਹੇਗਾ।" ਬਲਵੰਤ ਦੇ ਦਿਮਾਗ ਵਿੱਚ ਘੰਟੀ ਦੀ ਤਰ੍ਹਾਂ ਵੱਜਣ ਲੱਗੇ।ਉਸਨੂੰ ਏਨੇ ਸਾਲਾਂ ਵਿੱਚ ਅੱਜ ਪਹਿਲੀ ਵਾਰ ਮਹਿਸੂਸ ਹੋਇਆਂ ਕਿਸ ਤਰ੍ਹਾਂ ਉਹ ਆਪਣੀ ਬੋਲੀ ਤੇ ਸੱਭਿਆਚਾਰਕ ਵਿਰਸੇ ਦੇ ਅਮੀਰ ਰੁੱਖ ਨਾਲੋਂ ਟੁੱਟ ਕੇ ਬੰਬਈ ਦੀ ਮਸ਼ੀਨੀ ਜ਼ਿੰਦਗੀ ਦੀ ਮਸ਼ੀਨ ਦਾ ਇੱਕ ਪੁਰਜਾ ਬਣ ਕੇ ਰਹਿ ਗਿਆ ਸੀ।ਇੱਕੋ ਬਿਲਡਿੰਗ ਵਿੱਚ ਰਹਿਣ ਵਾਲੇ ਪਰਿਵਾਰ ਕਿਵੇਂ ਅਜਨਬੀਆਂ ਦੀ ਤਰ੍ਹਾਂ ਰਹਿੰਦੇ ਹਨ।ਫਲੈਟ ਦਾ ਦਰਵਾਜ਼ਾ ਸਿਰਫ ਅੰਦਰ ਜਾਂ ਬਾਹਰ ਆਉਣ ਵੇਲੇ ਖੁੱਲਦਾ ਹੈ।ਕਈ ਵਾਰ ਤਾਂ ਇਹ ਵੀ ਨਹੀਂ ਪਤਾ ਹੁੰਦਾ, ਕਿ ਸਾਹਮਣੇ ਫਲੈਟ ਵਿੱਚ ਜਾਂ ਨਾਲ ਵਾਲੇ ਫਲੈਟ ਵਿੱਚ ਕੌਣ ਰਹਿੰਦਾ ਹੈ।

ਉਹ ਸੋਚ ਰਿਹਾ ਸੀ, ਅਗਰ ਨੀਲਮਾ ਉਸਨੂੰ ਬੰਬਈ ਵਿੱਚ ਅਚਾਨਕ ਕਿਸੇ ਬੱਸ ਸਟਾਪ ਜਾਂ ਰੇਲਵੇ ਸਟੇਸ਼ਨ ਤੇ ਮਿਲ ਪੈਂਦੀ, ਸ਼ਾਇਦ ਉਹ ਹੈਲੋ ਕਹਿਕੇ ਹੀ, ਭੱਜ ਕੇ ਗੱਡੀ ਜਾਂ ਬੱਸ ਦੀ ਭੀੜ ਵਿੱਚ ਧੱਕਾ ਮੁੱਕੀ ਹੁੰਦਾ-ਹੁੰਦਾ, ਦਫਤਰ ਪਹੁੰਚਣ ਤੱਕ ਇਹ ਵੀ ਭੁੱਲ ਜਾਂਦਾ, ਕਿ ਉਸਨੂੰ ਕੋਈ ਜਾਣਨ ਵਾਲਾ ਮਿਲਿਆ ਸੀ।

ਸਵੇਰੇ ਜਲਦੀ ਤਿਆਰ ਹੋ ਕੇ ਘਰੋਂ ਨਿਕਲਣਾ, ਤੇ ਫੇਰ ਦੇਰ ਰਾਤ ਘਰ ਮੁੜਨ ਤੱਕ, ਕਿਸ ਤਰ੍ਹਾਂ

ਜ਼ਿੰਦਗੀ ਟਾਇਮ ਦੇ ਸ਼ਕੰਜੇ ਵਿੱਚ ਕਸੀ ਰਹਿੰਦੀ ਹੈ । ਤੇ ਕਿੱਥੇ ਏਥੇ ਨੀਲਮਾ, ਜੋ ਉਸ ਨੂੰ ਵੇਖਦੇ ਹੀ ਘਰ ਲੈ ਆਈ । ਨੀਲਮਾ ਮਹਾਨ ਸੀ, ਕਿ ਉਸਨੇ ਹਰ ਤਰਾਂ ਦੇ ਸਮਾਜਿਕ ਵਿਰੋਧ ਦਾ ਸਾਹਮਣਾ ਕੀਤਾ, ਤੇ ਨੀਲਮਾ ਅੱਜ ਵੀ ਮਹਾਨ ਹੈ। ਨੀਲਮਾ ਵਰਗੇ ਇਨਸਾਨ ਸਾਡੇ ਸੱਭਿਆਚਾਰਕ ਵਿਰਸੇ ਦੇ ਮਜ਼ਬੂਤ ਥੰਮਾਂ ਦੀ ਤਰ੍ਹਾਂ ਹਨ ।

"ਕਿਹੜੀਆਂ ਸੋਚਾਂ ਵਿੱਚ ਪੈ ਗਏ," - ਚਾਹ ਵਾਲੀ ਟਰੇਅ ਟੇਬਲ ਤੇ ਰੱਖਦਿਆਂ ਨੀਲਮਾ ਬੋਲੀ ।

"ਕੁਝ ਵੀ ਨਹੀਂ - ਬੱਸ ਐਵੇਂ ਹੀ ਏਧਰ-ਓਧਰ ਦੇ ਖਿਆਲ ਮਨ 'ਚ ਚੱਕਰ ਕੱਟ ਰਹੇ ਸਨ । ਅੱਛਾ ਇਹ ਤਾਂ ਦੱਸੋ ਕਿ ਇਹ ਸਭ ਹੋਇਆ ਕਿਸ ਤਰ੍ਹਾਂ । ਅਮਰੀਕ ਬਿਮਾਰ ਹੋਇਆ ਜਾਂ ਕੀ ਵਜ੍ਹਾ ਹੋਈ।" ਥੋੜ੍ਹਾ ਠੀਕ ਹੋ ਕੇ ਬੈਠਦਿਆਂ ਬਲਵੰਤ ਨੇ ਪੁੱਛਿਆ ।

ਵੀਰ ਜੀ ਕੀ ਦੱਸਾਂ । ਵਕਤ ਦੀ ਹੋਣੀ ਨੇ ਉਹਨਾਂ ਨੂੰ ਮੈਥੋਂ ਖੋਹ ਲਿਆ । ਸਾਡੇ ਤਾਂ ਕੁੱਝ ਚਿੱਤ ਚੇਤੇ ਵੀ ਨਹੀਂ ਸੀ ਕਿ ਸਾਰੀਆਂ ਖੁਸ਼ੀਆਂ ਅਚਾਨਕ ਖੰਭ ਲਾ ਕੇ ਉੱਡ ਗਈਆਂ । ਘਰ ਵਿੱਚ ਤੇ ਜ਼ਿੰਦਗੀ ਵਿੱਚ ਘੁੱਪ ਹਨ੍ਹੇਰਾ ਛਾ ਗਿਆ ।

ਹੋਇਆ ਇਸ ਤਰ੍ਹਾਂ ਕਿ ਇੱਕ ਦਿਨ ਕੁਝ ਬੰਦੂਕ-ਧਾਰੀਆਂ ਨੇ, ਸਾਡੇ ਬਜ਼ਾਰ ਵਿੱਚ ਅੰਨੇਵਾਹ ਗੋਲੀਆਂ ਚਲਾ ਦਿੱਤੀਆਂ । ਕੁਝ ਆਦਮੀ ਤਾਂ ਥਾਂ ਤੇ ਹੀ ਮਰ ਗਏ, ਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ । ਬਜ਼ਾਰ ਵਿੱਚ ਭਗਦੜ ਮੱਚ ਗਈ, ਜੰਗਲ ਦੀ ਅੱਗ ਵਾਗੂੰ ਮਿੰਟਾਂ ਵਿੱਚ ਹੀ ਖਬਰ ਸਾਰੇ ਸ਼ਹਿਰ ਵਿੱਚ ਫੈਲ ਗਈ ।

ਰੱਬ ਜਾਣੇ ਗੋਲੀ ਚਲਾਉਣ ਵਾਲੇ ਕੌਣ ਸਨ । ਉਹ ਜਾ ਚੁੱਕੇ ਸਨ । ਬਜ਼ਾਰ ਵਿੱਚ ਭੀੜ ਜਮ੍ਹਾਂ ਹੋਣੀ ਸ਼ੁਰੂ ਹੋ ਗਈ । ਲੋਕ ਗ਼ਮ ਵਿੱਚ ਸਨ ਤੇ ਸੋਗ ਵਿੱਚ ਵੀ । ਕੁਝ ਮੌਕਾ ਪ੍ਰਸਤਾਂ ਨੇ ਝੱਟ ਮੌਕੇ ਦਾ ਫਾਇਦਾ ਉਠਾਇਆ ਤੇ ਲੱਗੇ ਆਪਣੀ ਲੀਡਰੀ ਚਮਕਾਉਣ । ਇੱਕ ਫਿਰਕੇ ਵਿਰੁੱਧ ਜ਼ਹਿਰ ਉਗਲਣ ਲੱਗੇ । ਨਾਅਰੇਬਾਜ਼ੀ ਕਰਨ ਲੱਗੇ । ਪੁਲਿਸ ਆਈ ਤਾਂ ਪੁਲਿਸ ਤੇ ਪਥਰਾ ਕਰ ਦਿੱਤਾ ।

ਉਹਨਾਂ ਨੂੰ ਜ਼ਖ਼ਮੀਆਂ ਦੀ ਕੋਈ ਫਿਕਰ ਨਹੀਂ ਸੀ । ਜ਼ਖ਼ਮੀਆਂ ਦੀ ਤਾਂ ਕੋਈ ਸਾਰ ਵੀ ਨਾ ਲਈ ਕਿ ਕੌਣ ਕਿੱਥੇ ਤੜਫ ਰਿਹਾ ਹੈ । ਬੱਸ ਇੱਕ ਫਿਰਕੇ ਦੀਆਂ ਦੁਕਾਨਾਂ ਦੀ ਭੰਨ ਤੋੜ ਸ਼ੁਰੂ ਕਰਵਾ ਦਿੱਤੀ । ਲੁਟੇਰੇ ਤੇ ਹੋਰ ਸਮਾਜ ਵਿਰੋਧੀ ਅਨਸਰ ਵੀ ਨਾਲ ਜਾ ਰਲੇ ਤੇ ਆਪਣੇ-ਆਪਣੇ ਹੱਥ ਰੰਗਣ ਲੱਗੇ ।

ਇਹ ਉਸ ਦਿਨ ਘਰ ਹੀ ਸਨ । ਨਹਾ ਕੇ ਵਾਲ ਸੁਕਾ ਰਹੇ ਸਨ । ਜਿਉਂ ਹੀ ਏਹਨਾਂ ਨੂੰ ਘਟਨਾ ਦਾ ਪਤਾ ਲੱਗਾ, ਤਾਂ ਝੱਟ ਵਾਲ ਕੱਠੇ ਕਰਕੇ ਉਪਰ ਪੱਗ ਵਲੇਟ ਲਈ । ਸਾਈਕਲ ਚੁੱਕ ਲਿਆ ਤੇ ਮੈਨੂੰ ਕਹਿਣ ਲੱਗੇ ਕਿ ਮੈਂ ਹਸਪਤਾਲ ਜਾ ਰਿਹਾ ਹਾਂ । ਐਸੇ ਮੌਕੇ ਖ਼ੂਨ ਦੀ ਬੜ੍ਹੀ ਜ਼ਰੂਰਤ ਪੈਂਦੀ ਹੈ । ਖ਼ੂਨ ਦੇ ਕੇ ਕਿਸੇ ਨਿਰਦੋਸ਼ ਦੀ ਜਾਨ ਹੀ ਬਚਾਈ ਜਾ ਸਕਦੀ ਹੈ । ਮੈਂ ਜਲਦੀ ਨਾ ਵੀ ਮੁੜਿਆ ਤਾਂ ਫਿਕਰ ਨਾ ਕਰਨਾ ।

ਮੈਂ ਉਹਨਾਂ ਨੂੰ ਅੱਗੇ ਹੋ ਕੇ ਰੋਕਿਆ । ਤੁਸੀਂ ਜਲਦਬਾਜ਼ੀ ਨਾ ਕਰੋ । ਅਜੇ ਘਰੋਂ ਬਾਹਰ ਨਾ ਜਾਓ । ਗਵਾਂਢਣ ਨੇ ਮੈਨੂੰ ਦੱਸਿਆ ਹੈ ਕਿ ਮਾਹੌਲ ਠੀਕ ਨਹੀਂ । ਹਜੂਮ ਗੁੱਸੇ ਤੇ ਭੜਕਾਹਟ ਵਿੱਚ ਹੈ । ਪੁਲਿਸ ਤੇ ਪੱਥਰਾ ਹੋਇਆ ਹੈ । ਪਤਾ ਲੱਗਾ ਹੈ ਕੁਝ ਦੁਕਾਨਾਂ ਦੀ ਭੰਨ ਤੋੜ ਤੇ ਲੁੱਟਮਾਰ ਵੀ ਹੋਈ ਹੈ । ਫੇਰ ਤੁਹਾਡੇ ਸਿਰ 'ਤੇ ਪੱਗ ਬੰਨੀ ਹੋਈ ਹੈ । ਹਸਪਤਾਲ ਜਾਣ ਲਈ ਬਜ਼ਾਰ ਵਿੱਚੋਂ ਦੀ ਜਾਣਾ ਪਏਗਾ, ਤੁਸੀਂ ਅਜੇ ਥੋੜ੍ਹੀ ਦੇਰ ਘਰ ਰੁੱਕ ਜਾਓ । ਮੈਂ ਪੂਰੀ ਖਬਰ ਲੈ ਕੇ ਆਉਦੀ ਹਾਂ ।

ਪਰ ਕਿੱਥੇ ! ਮੇਰੀ ਬਾਂਹ ਫੜ੍ਹਕੇ ਮੈਨੂੰ ਇੱਕ ਪਾਸੇ ਕਰ ਦਿੱਤਾ । ਨਾਲ ਹੀ ਕਹਿਣ ਲੱਗੇ ਕਿ ਤੂੰ ਐਵੇਂ ਬਾਣੀਆ ਵਾਲੀਆਂ ਗੱਲਾਂ ਅਜੇ ਤੱਕ ਨੀ ਛੱਡਦੀ । ਪੱਗ ਕੀ ਕਹਿੰਦੀ ਹੈ । ਪੱਗ ਤਾਂ ਸਗੋਂ ਜ਼ੁੰਮੇਵਾਰੀ ਦਾ

ਅਹਿਸਾਸ ਦਿਵਾਉਂਦੀ ਹੈ, ਕਿ ਮੁਸੀਬਤ ਵਿੱਚ ਲੋਕਾਂ ਦੇ ਕੰਮ ਆਓ ।ਮੇਰੇ ਰੋਕਦੀ ਰੋਕਦੀ ਤੋਂ ਸਾਈਕਲ ਘਰੋਂ ਬਾਹਰ ਕੱਢ ਲਿਆ, ਤੇ ਹਸਪਤਾਲ ਨੂੰ ਤੁਰ ਗਏ ।ਬੱਚਿਆਂ ਨੂੰ ਛੱਡ ਕੇ ਨਾ ਮਗਰ ਜਾਣ ਜੋਗੀ, ਤੇ ਨਾ ਦੋਵਾਂ ਨੂੰ ਨਾਲ ਲੈ ਕੇ ਤੁਰਨ ਜੋਗੀ ।ਬੱਸ ਨਾ ਘਰ ਵਿੱਚ ਜੀਅ ਲੱਗੇ ਨੇ ਬਾਹਰ ।ਗਵਾਂਢਣ ਨੂੰ ਆਵਾਜ਼ ਮਾਰ ਕੇ ਉਸਨੂੰ ਸਾਰੀ ਗੱਲ ਦੱਸੀ ।ਨਾਲ ਹੀ ਆਪਣੇ ਦਿਲ ਦਾ ਡਰ ਵੀ ਦੱਸਿਆ ।ਸਾਰੇ 10 ਕੁ ਮਿੰਟ ਮਸਾ ਹੋਏ ਸੀ ਉਹਨਾਂ ਨੂੰ ਘਰੋਂ ਗਿਆ ਨੂੰ ।ਏਨੇ ਨੂੰ ਕੀ ਦੇਖਦੇ ਹਾਂ ਕਿ 9-10 ਬੰਦੇ ਉਹਨਾਂ ਨੂੰ ਚੁੱਕੀ ਆਉਣ ।

ਉਹਨਾਂ ਨੂੰ ਲਹੂ ਲੁਹਾਣ ਦੇਖ ਕੇ ਮੈਨੂੰ ਖੜ੍ਹੀ ਨੂੰ ਹੀ ਚੱਕਰ ਆ ਗਿਆ ।ਵਿੱਚੋਂ ਹੀ ਕਿਸੇ ਨੇ ਮੈਨੂੰ ਸੰਭਾਲਿਆ ।ਸਾਡੇ ਗੁਆਂਢੀ ਕੋਲ ਗੱਡੀ ਸੀ, ਆਪਣੀ ਟੈਕਸੀ ।ਉਹ ਘਰ ਹੀ ਸੀ ।ਵਿਚਾਰਾ ਫੱਟ ਸਟਾਰਟ ਕਰ ਲਿਆਇਆ ।ਉਹਨਾਂ ਨੂੰ ਗੱਡੀ 'ਚ ਪਾ ਲਿਆ ।ਮੈਂ ਵੀ ਰੋਂਦੀ ਰੋਂਦੀ ਨਾਲ ਹੀ ਬੈਠ ਗਈ। ਮੈਂ ਭੁਬਾ ਮਾਰੀ ਜਾ ਰਹੀ ਸੀ ।ਪਿਛਲੀ ਸੀਟ ਤੇ ਉਹਨਾਂ ਦਾ ਸਿਰ ਮੇਰੀ ਬੁੱਕਲ ਸੀ ।ਛੋਟੇ ਬੱਚੇ ਵਾਂਗੂੰ ਬਾਹਾਂ ਵਿੱਚ ਫੜ੍ਹੀ ਬੈਠੀ ਸਾਂ, ਤੇ ਰੋਈ ਜਾਂਦੀ ਸਾਂ ।ਖ਼ੂਨ ਵੱਗਦਾ ਦੇਖ ਦੇਖ ਹੌਲ ਪੈ ਰਹੇ ਸਨ ।ਉਹਨਾਂ ਨੇ ਆਪਣੇ ਇੱਕ ਹੱਥ ਨਾਲ ਮੇਰਾ ਹੱਥ ਫੜ੍ਹਿਆ ਹੋਇਆ ਸੀ ।ਹੋਲੀ ਹੋਲੀ ਕੁਝ ਬੋਲ ਵੀ ਰਹੇ ਸਨ ।ਪਰ ਮੈਨੂੰ ਕੁਝ ਸਮਝ ਨਾ ਆਇਆ ।ਤੇ ਨਾਲੇ ਮੈਨੂੰ ਸੁਣਨ ਸਮਝਣ ਦੀ ਸੁਰਤ ਹੀ ਕਿੱਥੇ ਸੀ ।ਹਸਪਤਾਲ ਦੇ ਕੋਲ ਪਹੁੰਚੇ ਹੀ ਸੀ, ਕਿ ਉਹਨਾਂ ਦੇ ਹੱਥ ਦਾ ਕਸ ਵੱਧਣ ਲੱਗਾ ।ਰੋਂਦੀ ਰੋਂਦੀ ਨੇ ਹੀ ਉਹਨਾਂ ਦੇ ਮੂੰਹ ਵੱਲ ਵੇਖਿਆ ਤੇ ਸਿਰ ਨੂੰ ਹੋਰ ਘੁੱਟਕੇ ਹਿੱਕ ਨਾਲ ਲਾ ਲਿਆ ।ਮੇਰਾ ਹੱਥ ਉਹਨਾਂ ਨੇ ਪੂਰੀ ਜ਼ੋਰ ਦੀ ਘੁੱਟ ਲਿਆ ।ਉਹਨਾਂ ਦੀਆਂ ਅੱਖਾਂ ਟੱਡੀਆਂ ਗਈਆਂ ਤੇ ਬੱਸ ਵੇਖਦੇ ਹੀ ਵੇਖਦੇ ਮੇਰੀ ਗੋਦ ਵਿੱਚ ਹੀ ਉਹਨਾਂ ਆਖਰੀ ਸਾਹ ਲਿਆ ਤੇ ਦਮ ਤਿਆਗ ਦਿੱਤੇ ।ਗੱਡੀ ਵਿੱਚ ਹੀ ਮੈਂ ਵੀ ਬੇਹੋਸ਼ ਹੋ ਗਈ ।

ਬੱਸ ਵੀਰ ਜੀ ਹੁਣ ਮੈਂ ਇੱਕ ਵਿਧਵਾ ਸਾਂ ਤੇ ਬੱਚੇ ਅਨਾਥ ।ਐਨੀਆਂ ਗੱਲਾਂ ਕਰਦੀ ਕਰਦੀ, ਨੀਲਮਾ ਦਾ ਫਿਰ ਮਨ ਭਰ ਆਇਆ ਤੇ ਅੱਖਾਂ 'ਚੋਂ ਆਸੂ ਵਹਿ ਤੁਰੇ ।ਇਹ ਦਰਦ ਕਹਾਣੀ ਸੁਣ ਕੇ ਬਲਵੰਤ ਦਾ ਵੀ ਮਨ ਭਰ ਆਇਆ ਸੀ।

ਕੁਝ ਦੇਰ ਚੁੱਪ ਛਾਈ ਰਹੀ। ਫਿਰ ਬਲਵੰਤ ਕਹਿਣ ਲੱਗਾ, "ਭਾਬੀ ਜੀ ਅਮਰੀਕ ਮੁੱਢ ਤੋਂ ਹੀ ਯਾਰਾਂ ਦਾ ਯਾਰ ਤੇ ਸਭ ਦੇ ਕੰਮ ਆਉਣ ਵਾਲਾ ਸੀ ।ਕਿੰਨੀ ਅਜੀਬ ਗੱਲ ਹੈ ਕਿ ਜੋ ਇਨਸਾਨ ਹਮੇਸ਼ਾਂ ਲੋਕਾਂ ਲਈ ਸੋਚਦਾ ਰਿਹਾ ਤੇ ਓਹਨਾਂ ਦੇ ਕੰਮ ਆਉਦਾ ਰਿਹਾ, ਇਹੀ ਲੋਕ ਪੱਖੀ ਸੋਚ ਉਸਦੀ ਮੌਤ ਦਾ ਕਾਰਨ ਬਣ ਗਈ।"

ਮੈਂ ਤਾਂ ਵੀਰ ਜੀ ਉਹਨਾਂ ਦੇ ਨਾਲ ਹੀ ਮਰ ਜਾਂਦੀ, ਅਗਰ ਇਹ ਬੱਚਿਆ ਦਾ ਬੋਝ ਮੇਰੇ ਸਿਰ ਤੇ ਨਾ ਛੱਡ ਗਏ ਹੁੰਦੇ ।ਮੈਂ ਉਹਨਾਂ ਨੂੰ ਹਮੇਸ਼ਾਂ ਕਿਹਾ ਕਰਦੀ ਸੀ, ਕਿ ਮੈਂ ਤੁਹਾਡੀ ਗੋਦ ਵਿੱਚ ਆਪਣਾ ਆਖਰੀ ਸਾਹ ਲੈਣਾ ਚਾਹੁੰਦੀ ਹਾਂ ।ਪਰ ਏਥੇ ਉਹ ਮੇਰੇ ਨਾਲ ਧੋਖਾ ਕਰ ਗਏ ।ਨੀਲਮਾ ਤੋਂ ਹੰਝੂ ਸੰਭਾਲੇ ਨਹੀਂ ਸੀ ਜਾ ਰਹੇ। ਬਲਵੰਤ ਵੀ ਮਨ ਹੀ ਮਨ ਸੋਚ ਰਿਹਾ ਸੀ, ਕੀ ਪਤਾ ਕਿੰਨੇ ਚਿਰਾਂ ਤੋਂ ਇਹ ਰੋਕੇ ਹੋਏ ਸਨ। ਏਥੇ ਕਿਸ ਕੋਲ ਇਹ ਆਪਣਾ ਮਨ ਹੌਲਾ ਕਰ ਸਕਦੀ ਹੈ। ਉਸਨੇ ਨੀਲਮਾ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਉਸਨੂੰ ਆਪਣਾ ਮਨ ਹੌਲਾ ਕਰਨ ਦਿੱਤਾ।

ਕੁੱਝ ਸੰਭਲ ਕੇ ਨੀਲਮਾ ਫਿਰ ਦੱਸਣ ਲੱਗੀ ਕਿ ਇਹ ਤਾਂ ਭਲਾ ਹੋਵੇ ਪ੍ਰੋਫੈਸਰ ਰਾਜ ਕੁਮਾਰ ਜੀ ਦਾ, ਜਿੰਨਾ ਇਸ ਹਾਲਤ ਵਿੱਚ ਸਾਡੀ ਸਾਰ ਲਈ ।ਉਹਨਾਂ ਦੀਆਂ ਕੋਸ਼ਿਸ਼ਾਂ ਤੇ ਯਤਨਾਂ ਸਦਕਾ ਹੀ ਮੇਰੇ ਅੰਦਰਲੀ ਚਿੰਗਾਰੀ ਧੁੱਖਦੀ ਰਹੀ, ਜੋ ਸ਼ਾਇਦ ਉਹਨਾਂ ਦੇ ਸਹਿਯੋਗ ਬਿਨਾਂ ਬੁਝ ਜਾਣੀ ਸੀ ।ਹੋਲੀ-ਹੋਲੀ ਅਹਿਸਾਸ ਹੋਣ ਲੱਗਾ, ਕਿ ਨੀਲਮਾ ਤੈਨੂੰ ਜੀਣਾ ਪੈਣਾ ਹੈ ।ਆਪਣੇ ਅਮਰੀਕ ਦੀ ਖਾਤਰ ਜੀਣਾ ਪੈਣਾ

ਹੈ ।ਉਸ ਦੀਆਂ ਦਿੱਤੀਆਂ ਹੋਈਆਂ ਇਹ ਦੋ ਪਿਆਰ ਨਿਸ਼ਾਨੀਆਂ ਦੀ ਖਾਤਰ ਜੀਣਾ ਪੈਣਾ ਹੈ ।ਮੈਂ ਏਹਨਾਂ ਤੋਂ ਕਿਵੇਂ ਮੂੰਹ ਮੋੜ ਸਕਦੀ ਹਾਂ ।ਉਹ ਮੈਨੂੰ ਕੀ ਕਹਿਣਗੇ ।

ਰਾਜ ਕੁਮਾਰ ਜੀ ਨੇ ਹੀ ਮੈਨੂੰ ਇੱਥੇ ਅਕੈਡਮੀ ਵਿੱਚ ਨੌਕਰੀ ਦਿਵਾਈ ।ਹੁਣ ਦੋਵੇਂ ਬੱਚੇ ਵੀ ਏਥੇ ਹੀ ਪੜ੍ਹਦੇ ਹਨ ।ਰਹਿਣ ਦਾ ਪ੍ਰਬੰਧ ਵੀ ਹੋ ਗਿਆ ।

ਵੀਰ ਜੀ ਮੈਨੂੰ ਹੁਣ ਕਿਸੇ ਨਾਲ ਕੋਈ ਗਿਲਾ ਨਹੀਂ ।ਸਮਾਜ ਨਾਲ ਵੀ ਨਹੀਂ।ਪਰ ਮੇਰੀ ਦੁਖਿਆਰੀ ਦੀ ਪ੍ਰਮਾਤਮਾ ਨੂੰ ਜ਼ਰੂਰ ਇੱਕ ਬੇਨਤੀ ਹੈ, ਤੇ ਉਸ ਨਾਲ ਗਿਲਾ ਵੀ ਹੈ। ਕਿ ਹੇ ਪ੍ਰਮਾਤਮਾ ਜਦ ਸਾਰੇ ਲੋਕ ਤੁਹਾਨੂੰ ਮੰਨਦੇ ਹਨ, ਤੁਹਾਨੂੰ ਮੱਥੇ ਟੇਕਦੇ ਹਨ, ਫਿਰ ਤੁਸੀਂ ਏਹਨਾਂ ਨੂੰ ਐਨੀ ਮੱਤ ਕਿਉਂ ਨਹੀਂ ਦਿੰਦੇ ਕਿ ਭਾਈ ਕਿਉਂ ਇੱਕ ਦੂਜੇ ਨੂੰ ਮਾਰਦੇ ਹੋ, ਕਿਉਂ ਈਰਖਾ ਕਰਦੇ ਹੋ। ਤੁਸੀਂ ਸਭ ਤਾਂ ਮੇਰੀ, ਇੱਕ ਪ੍ਰਮਾਤਮਾ, ਦੀ ਔਲਾਦ ਹੋ।

ਬਾਕੀ ਵੀਰ ਜੀ ਏਥੇ ਬੱਚਿਆਂ ਨੂੰ ਪੜ੍ਹਾ ਕੇ ਬੜਾ ਸਕੂਨ ਮਿਲਦਾ ਹੈ। ਏਥੇ ਸਭ ਧਰਮਾਂ, ਜਾਤਾਂ, ਗੋਤਾਂ ਦੇ ਬੱਚੇ ਪੜਦੇ ਨੇ। ਮੈਂ ਚਾਹੁੰਦੀ ਹਾਂ ਪੜ ਲਿਖ ਕੇ, ਵੱਡੇ ਹੋ ਕੇ ਵੀ, ਇਹ ਇੱਕ ਦੂਜੇ ਨੂੰ ਪਿਆਰ ਕਰਨ ਤੇ ਚੰਗੇ ਸਮਾਜ ਦੀ ਸਿਰਜਨਾ ਕਰਨ।

ਮੈਨੂੰ ਜ਼ਿੰਦਗੀ ਦਾ ਮਕਸਦ ਮਿਲ ਗਿਆ ਹੈ। ਮੈਂ ਜੀਵਾਂਗੀ ਤੇ ਇਹ ਦੋਵੇਂ ਪਿਆਰ ਨਿਸ਼ਾਨੀਆਂ ਨੂੰ ਪਾਲ ਕੇ ਬੜਾ ਕਰਾਂਗੀ, ਤਾਂ ਕਿ ਇਹ ਅੱਗੇ ਜਾ ਕੇ ਆਪਣੇ ਡੈਡੀ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰ ਸਕਣ ।

ਵਾਪਸੀ ਤੇ, ਬੰਬਈ ਤੱਕ ਰੇਲ-ਗੱਡੀ ਵਿੱਚ ਬੈਠਾ ਬਲਵੰਤ, ਸਾਰੇ ਰਸਤੇ ਏਹੋ ਗੱਲਾਂ ਸੋਚਦਾ ਰਿਹਾ, ਕਿ ਸਮਾਜ ਨੂੰ ਹੋਰ ਚੰਗੇਰਾ ਬਣਾਉਣ ਲਈ, ਪਤਾ ਨਹੀਂ ਕਿੰਨੇ ਹੋਰ ਅਮਰੀਕ ਵਰਗਿਆਂ ਨੂੰ ਕੁਰਬਾਨ ਹੋਣਾ ਪਵੇਗਾ। ਕਿੰਨੀਆ ਹੋਰ ਨੀਲਮਾਂ ਨੂੰ ਜਨਮ ਲੈਣਾ ਪਵੇਗਾ ਤੇ ਅਜਿਹੇ ਕਠਨ ਇਮਤਿਹਾਨਾ 'ਚੋਂ ਗੁਜਰਨਾ ਪਵੇਗਾ। ਸਮਾਜ ਨੂੰ ਕਿੰਨੇ ਹੀ ਹੋਰ ਪ੍ਰੋਫੈਸਰ ਰਾਜ ਕੁਮਾਰ ਪੈਦਾ ਕਰਨੇ ਪੈਣਗੇ। ਤੇ ਪਤਾ ਨਹੀਂ ਹੋਰ ਕਿੰਨੀਆਂ ਕੁ ਬੱਚੀਆਂ ਤੇ ਬੱਚੇ ਨਫਰਤ ਦੀ ਅੱਗ ਵਿੱਚ ਝੁਲਸਣਗੇ। ਕੱਟੜਵਾਦ ਦੀ ਚੱਕੀ ਕਦ ਤੱਕ ਗਿੜਦੀ ਰਹੇਗੀ ਤੇ ਕਦ ਤੱਕ ਮਨੁੱਖੀ ਜਿਸਮ ਇਸ ਵਿੱਚ ਪਿਸਦੇ ਰਹਿਣਗੇ।

ਸੋਚਾਂ 'ਚ ਬੈਠੇ-ਬੈਠੇ ਬਲਵੰਤ ਦਾ ਸਿਰ ਥੋੜਾ ਅੱਗੇ ਨੂੰ ਝੁੱਕਿਆ ਤੇ ਉਸਨੇ ਮਨ ਹੀ ਮਨ ਨੀਲਮਾ ਦੇ ਸਿਦਕ, ਸਿਰੜ ਤੇ ਸੋਚ ਨੂੰ ਸਲਾਮ ਕੀਤੀ। ਉਸਦਾ ਮਨ ਹੁਣ ਸ਼ਾਤ ਸੀ ।ਉਸਨੂੰ ਤਸੱਲੀ ਸੀ ਕਿ ਉਹ ਆਪਣੇ ਬੱਚੇ ਨੂੰ ਉਸ ਜਗਾ ਛੱਡ ਕੇ ਆਇਆ ਹੈ ਜਿੱਥੇ ਨੀਲਮਾ ਹੈ।

**ਸੰਪਰਕ-98761-22170**

*ਸੁੰਦਰ ਦਿੱਖ, ਮਿਆਰੀ ਮੈਟਰ, ਲਾਗਤ ਕੀਮਤ*
ਇੰਦਰਜੀਤ ਪੁਰੇਵਾਲ ਦੀ ਮੁੱਖ ਸੰਪਾਦਨਾ ਅਤੇ
ਅਜਮੇਰ ਸਿੱਧੂ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਮੈਗਜ਼ੀਨ
**'ਰਾਗ'** ਮੁੱਲ 100/-
ਨੂੰ ਪੜ੍ਹਨ ਲਈ ਆਪਣੇ ਨੇੜੇ ਦੇ ਸਟਾਲ ਨਾਲ ਸੰਪਰਕ
ਕਰੋ ਜਾਂ ਹੇਠ ਲਿਖੇ ਸੰਪਰਕ ਫੋਨ ਤੇ ਸੰਪਰਕ ਕਰੋ
ਧਰਵਿੰਦਰ ਸਿੰਘ ਔਲਖ (98152-82283)
ਪ੍ਰਬੰਧਕੀ ਸੰਪਾਦਕ
ਅਜੇ ਤਨਵੀਰ (ਸਹਾਇਕ ਸੰਪਾਦਕ)



# ਕਹਾਣੀ / ਬਦਨਾਮ ਬਸਤੀ / - ਦੀਪਤੀ ਬਬੂਟਾ

ਸੱਜੇ ਵੇਖੀਏ ਤਾਂ ਥੋੜੀ ਦੂਰੀ ’ਤੇ ਰੇਲਵੇ ਸਟੇਸ਼ਨ ਹੈ। ਖੱਬੇ ਨਜ਼ਰ ਮਾਰੀਏ ਤਾਂ ਥੋੜੀ ਜਿੰਨੀ ਦੂਰੀ ’ਤੇ ਹੀ ਫਾਟਕ ਤੇ ਨਾਲ ਹੀ ਬਗਲਾ ਡੁੱਬਕੀਆਂ ਮਾਰਦਾ ਸਿਗਨਲ। ਮੁਸਾਫ਼ਰਾਂ ਨੂੰ ਮੰਜ਼ਿਲ ’ਤੇ ਪਹੁੰਚਾਉਣ ਲਈ ਦਿਨ-ਰਾਤ ਗੱਡੀਆਂ ਦੀ ਚੱਲ ਸੋ ਚੱਲ, ਪਰ ਮੇਰੀ ਬਸਤੀ ਦੇ ਹਿੱਸੇ ਕੋਈ ਠਹਿਰ ਨਹੀਂ। ਗੱਡੀਆਂ ਰੇਲਵੇ ਸਟੇਸ਼ਨਾਂ ’ਤੇ ਹੀ ਰੁਕਦੀਆਂ ਨੇ, ਤੇ ਜਾਂ ਫਿਰ ਆਪਣੇ ਲਈ ਲਾਈਨ ਮਿਲਣ ਤੱਕ ਸਿਗਨਲ ਤੋਂ ਪਿਛਾਂਹ ਰੁਕ ਕੇ ਇੰਤਜ਼ਾਰ ਕਰਦੀਆਂ ਹਨ। ਰਾਹ ਵਿੱਚ ਪੈਂਦੀਆਂ ਬਸਤੀਆਂ ’ਚ ਰੁਕਣਾ ਗੱਡੀਆਂ ਦਾ ਨੇਮ ਨਹੀਂ। ਨੰਗ-ਮੁਨੰਗ ਜਿਹੇ ਬਾਲ ਛੁਕ-ਛੁਕ ਕਰਦੀਆਂ ਗੱਡੀਆਂ ਦੇ ਨਾਲ-ਨਾਲ ਭੱਜਦੇ, ਤੇ ਫਿਰ ਹਾਰ ਕੇ ਬਸਤੀ ਵੱਲ ਨੂੰ ਮੁੜ ਪੈਂਦੇ ਨੇ। ਕਦੀ ਮੈਂ ਵੀ ਭੱਜਿਆ ਕਰਦੀ ਸਾਂ ਗੱਡੀ ਦੀ ਸਪੀਡ ਨਾਲ, ਦਿਲ ਕਰਿਆ ਕਰੇ ਕੋਈ ਬਾਂਹ ਫੜ ਕੇ ਗੱਡੀ ਚੜ੍ਹਾ ਲਵੇ, ਜਾਂ ਭੱਜ ਕੇ ਆਪ ਹੀ ਚੜ੍ਹ ਜਾਵਾਂ।

ਰੇਲਵੇ ਲਾਈਨ ਦੇ ਨਾਲ ਲੱਗਦੀ ਜ਼ਮੀਨ ’ਤੇ ਵੱਸੀ, ਇਹ ਬਸਤੀ ਆਮ ਨਹੀਂ, ਬੜੀ ਖ਼ਾਸ ਹੈ। ਇੱਥੇ ਇੱਜ਼ਤਾਂ ਵਾਲੇ ਨਹੀਂ, ਬੇਇੱਜ਼ਤੇ ਲੋਕ ਵੱਸਦੇ ਹਨ। ਹੱਦ ਦਰਜੇ ਦੇ ਨੀਚ ਤੇ ਬਦਨਾਮ। ਇਸ ਬਸਤੀ ਦੇ ਆਸੇ-ਪਾਸੇ ਲੱਗਦੀ ਜ਼ਮੀਨ ਦਾ ਕੋਈ ਖ਼ਰੀਦਦਾਰ ਨਹੀਂ। ਬੜਾ ਡਰਦੇ ਨੇ ਇੱਜ਼ਤਾਂ ਵਾਲੇ, ਮਤਾਂ ਕਿਧਰੇ ਬਸਤੀ ਦਾ ਪਰਛਾਵਾਂ ਇੱਜ਼ਤਾਂ ਦੇ ਲਿਹਾਫ਼ ਨੂੰ ਦਾਗ਼ਦਾਰ ਨਾ ਕਰ ਦੇਵੇ।

ਪਰ, ਇੱਕ ਗੱਲ ਸੋਲਾਂ ਆਨੇ ਖਰੀ ਏ ! ਮੇਰੀ ਬਸਤੀ ਇੱਜ਼ਤਾਂ ਮਾਰੀ ਸ਼ਰਾਫ਼ਤ ਦੀ ਤਹਿ ਹੇਠ ਦੱਬੀ ਰੰਗੀਨਮਿਜ਼ਾਜੀ ਦੇ ਰਹਿਮੋ-ਕਰਮ ’ਤੇ ਹੀ ਦਿਨ ਦੁਗਣੀ ਰਾਤ ਚੌਗਣੀ ਤਰੱਕੀ ’ਤੇ ਹੈ। ਸੁਖ ਨਾਲ ਨਾ ਮਾਲ ਦੀ ਘਾਟ ਏ, ਤੇ ਨਾ ਗਾਹਕਾਂ ਦੀ। ਇੱਥੇ ਚਰਿੱਤਰ ਦੀ ਚਰਿੱਤਰਹੀਣਤਾ ਨਾਲ ਅਨੋਖੀ ਖੇਡ ਚੱਲਦੀ ਹੈ। ਨੰਗੀਆਂ ਜ਼ੁਬਾਨਾਂ ਰਸ ਘੋਲਦੀਆਂ ਨੇ, ਤੇ ਨੰਗੇ ਜਿਸਮ ‘ਪੁਰਜੇ’ ਤੇ ‘ਮਾਲ’ ਬਣ ਕੇ ਬੋਲੀ ਦਾ ਸਾਮਾਨ...!

ਹਾਹਾ-ਹਾਹਾ...। ਪਹਿਲਾਂ-ਪਹਿਲ ਬੜਾ ਸੋਚਿਆ ਕਰਾਂ, ਭਲਾ ਇਹ ‘ਪੁਰਜੇ’ ਤੇ ‘ਮਾਲ’ ਕਿਉਂ ਆਖਦੇ ਨੇ ਸਾਨੂੰ, ਪਰ ਹੁਣ ਸਾਰੇ ਸੰਸੇ ਮਿਟ ਚੁੱਕੇ ਹਨ।

ਅਸੀਂ ਨਵੇਂ-ਨਵੇਂ ਆਏ ਸਾਂ ਬਸਤੀ ’ਚ। ਰੇਲਵੇ ਲਾਈਨ ਦੇ ਦੂਜੇ ਪਾਸੇ ਮਜ਼ਾਰ ’ਤੇ ਸਾਲਾਨਾ ਮੇਲਾ ਲੱਗਿਆ। ਮਾਸੀ ਨਸੀਬੋ ਮੈਨੂੰ ਤੇ ਬਸਤੀ ਦੀਆਂ ਹੋਰ ਕੁੜੀਆਂ ਨੂੰ ਨਾਲ ਲੈ ਕੇ ਮੇਲੇ ਜਾ ਪਹੁੰਚੀ। ਜਲੇਬੀਆਂ, ਗੋਲ-ਗੱਪੇ, ਚਾਟ ਕੋਈ ਕਸਰ ਨਾ ਛੱਡੀ। ਧਰਮ ਨਾਲ, ਖਾਣ-ਪੀਣ ਵਾਲੀ ਰੇਲ ਬਣਾ ’ਤੀ। ਮੇਲੇ ’ਚ ਸਜੀਆਂ ਦੁਕਾਨਾਂ ਦੀ ਹਰ ਸ਼ੈਅ ਦਿਲ ਨੂੰ ਖਿੱਚ ਪਾਵੇ। ਇੱਕ ਦੁਕਾਨ ’ਤੇ ਵਿਕਦੀ ਘਰ-ਘਰ ਦੀ ਖੇਡ ਵਾਲਾ ਸੈੱਟ ਲੈਣ ਨੂੰ ਅੱਖਾਂ ਜ਼ਿੱਦ ਕਰਨ, ਲਾੜਾ-ਲਾੜੀ ਬਣੇ ਗੁੱਡਾ-ਗੁੱਡੀ ਵੇਖ ਕੇ ਦਿਲ ਤਾੜੀਆਂ ਮਾਰੇ, ਪਰ ਮਾਸੀ ਛੋਹਲੇ ਪੈਰੀਂ ਸਾਨੂੰ ਮਨਿਆਰੀ ਵਾਲੀ ਦੁਕਾਨ ਵੱਲ ਲੈ ਗਈ। ਵੰਗਾਂ, ਝਾਂਜਰਾਂ, ਕਾਂਟੇ, ਬਿਛੂਏ, ਛਾਪਾਂ-ਛੱਲੇ ਜੋ ਮੰਗੀਏ ਸਭ ਹਾਜ਼ਰ ਹੁੰਦਾ ਜਾਵੇ। ਤੁਰਦਿਆਂ-ਤੁਰਦਿਆਂ ਪਤਾ ਨਹੀਂ ਮਨ ’ਚ ਕੀ ਆਇਆ, ਮਲੋਕੜੇ ਜਿਹੇ ਮੈਂ ਮਾਸੀ ਨਸੀਬੋ ਦੀ ਉਂਗਲ ਫੜੀ, ਤੇ ਉਸ ਦੀ ਵੱਖੀ ’ਚ ਸਿਰ ਦੇ ਲਿਆ। ਮੇਲੇ ਦਾ ਗੇੜਾ ਕੱਢਦੀਆਂ, ਅਸੀਂ ਮਜ਼ਾਰ ’ਤੇ ਜਾ ਸੀਸ ਨਿਵਾਇਆ। ਜਿਵੇਂ ਹੀ ਮੱਥਾ ਟੇਕਣ ਲੱਗੀਆਂ, ਸੇਵਾਦਾਰ ਦੇ ਬੋਲ ਮੇਰੇ ਕੰਨੀਂ ਵੱਜੇ, “ਬੜਾ ਤਗੜਾ ਮਾਲ ਚੁੱਕੀ ਫਿਰਨੀ ਏਂ ਨਸੀਬੋ ਰਾਣੀਏਂ, ਕਿੱਥੋਂ ਲਿਆਈਂ ਏਂ ਤੇ ਕਿੱਧਰ ਲੈ ਚੱਲੀ ਏਂ ਆਹ ਪੁਰਜੇ।”

ਮਾਸੀ ਨੇ ਦੇਗ ਲੈਣ ਲਈ ਫੈਲਾਇਆ ਬੁੱਕ ਪਿਛਾਂਹ ਖਿੱਚਿਆ ਤੇ ਸੇਵਾਦਾਰ ਦੇ ਚਰਨੀਂ ਬਹਿ ਕੇ

ਗੋਡੇ ਘੁੱਟਣ ਲੱਗੀ। ਫਿਰ ਪੂਰਾ ਜ਼ੋਰ ਲਾ ਕੇ ਬੋਲੀ, "ਲੈ ਚੱਲੀ ਆਂ, ਸੰਦ ਰਵਾਂ ਕਰਨ। ਤੂੰ ਦੱਸ...! ਕਰਵਾਉਣੈ...? ਚੱਲ ਦੱਸ, ਇੱਥੇ ਕਰਵਾਉਣੈ ਕਿ ਮੇਰੇ ਡੇਰੇ ਚੱਲਣੈ। ਉਂਝ ਤੇਰੇ ਤੇ ਮੇਰੇ ਡੇਰੇ 'ਚ ਫ਼ਰਕ ਵੀ ਕਿਹੜੈ? ਚੱਲ ਅੱਜ ਰੇਲਵੇ ਲਾਈਨ 'ਤੇ ਗੱਡੀਆਂ ਦਾ ਕਰਾਸ ਕਰਵਾ ਲੈਨੇ ਆਂ। ਆਜਾ ਲੈਨਾਂ 'ਤੇ ਲਾਈਏ ਚੌਂਕੀ। ਭਰੇ ਭੰਡਾਰੇ, ਖੁੱਲ੍ਹੇ ਦਰਸ਼ਨ...।"

ਇੱਕ ਵਾਰੀ ਛਿੜੀ ਮਾਸੀ ਚੁੱਪ ਕਰਨ 'ਚ ਨਾ ਆਵੇ। ਸੇਵਾਦਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਰੰਗ ਬੱਗਾ ਫੜੱਕ। ਤ੍ਰੇਲੀਓ-ਤ੍ਰੇਲੀ ਹੋਇਆ, ਅੱਖਾਂ ਬੰਦ ਕਰਕੇ ਅੰਤਰ-ਧਿਆਨ ਹੋ ਗਿਆ। ਮਾਸੀ ਐਨਾ ਉੱਚਾ ਬੋਲੀ, ਕਿ ਡੇਰੇ 'ਚ ਹਾਜ਼ਰ ਸਾਧ-ਸੰਗਤ ਠਹਾਕੇ ਮਾਰਦੀ ਕੰਨ-ਰਸ ਘੋਲਣ ਲੱਗੀ, "ਗੰਦੀਆਂ ਜਨਾਨੀਆਂ ਨੂੰ ਛੇੜੋਗੇ, ਤਾਂ ਗੰਦ ਹੀ ਘੋਲਣਗੀਆਂ। ਸਾਲਾ ਚਿੱਕੜ ਕਿਤੋਂ ਦਾ। ਭਲਾ ਸੇਵਾਦਾਰ ਨੂੰ ਕੀ ਲੋੜ ਸੀ ਢੱਕਣ ਚੁੱਕਣ ਦੀ, ਕੱਜੀ ਰਿੱਝਦੀ 'ਚ ਕੜਛੀ ਚਲਾਈ ਜਾਵੇ, ਹੁਣ ਮੋਨੀ ਸਾਧ ਬਣਿਆ ਬੈਠੈ। ਊਂ ਨਵਾਂ ਮਾਲ ਹੈ ਕੋਕਾ...।"

'ਗੰਦੀਆਂ ਜਨਾਨੀਆਂ...!' ਹੈਰਾਨੀ ਹੁੰਦੀ ਹੈ ਸੋਚ ਕੇ। ਭਲਾ ਕੋਈ ਇੱਕ ਧਿਰ ਗੰਦੀ ਕਿਵੇਂ ਹੋ ਸਕਦੀ ਹੈ...! ਤਾੜੀ ਤਾਂ ਦੋਹੀਂ ਹੱਥੀਂ ਵੱਜਦੀ ਏ। ਜੇ ਅਸੀਂ ਗੰਦੀਆਂ ਜਨਾਨੀਆਂ ਤਾਂ ਇਹ ਸ਼ਰੀਫ਼ਜ਼ਾਦੇ ਨਾ ਆਉਣ ਸਾਡੇ ਦਰ 'ਤੇ ਗੰਦ ਵਿੱਚ ਲਿਬੜਣ। ਅਸੀਂ ਕਿਹੜਾ ਸੱਦਾ ਦੇਣ ਜਾਨੀਆਂ। ਆਪ ਈ ਮੂੰਹ ਚੁੱਕ ਕੇ ਤੁਰੇ ਆਉਂਦੇ ਨੇ ਲਾਰਾਂ ਟਪਕਾਉਂਦੇ। ਜਿਹੜਾ ਆਵੇਗਾ ਸਭ ਦਾ ਤਕੀਆ ਕਲਾਮ, "ਬੜੇ ਤੰਗ ਆਏ ਪਏ ਆਂ ਜ਼ਿੰਦਗੀ ਤੋਂ, ਤੇਰੇ ਕੋਲ ਆ ਕੇ ਦੋ ਘੜੀਆਂ ਜੀਉਂਦਿਆਂ 'ਚ ਹੋ ਜਾਈਦੈ।"

ਪੁਰਜੇ ਕੀ...! ਤੇ ਮਾਲ ਕੀ...!! ਜਦੋਂ ਤੱਕ ਸਮਝ ਆਈ, ਰੂਹ ਪੁਰਜ਼ਾ ਤੇ ਸਰੀਰ ਮਾਲ ਬਣ ਕੇ ਹੀ ਤਾਂ ਰਹਿ ਗਿਆ ਸੀ। ਇਸ ਬਸਤੀ 'ਚ ਹੌਲੇ ਤੋਂ ਹੌਲੇ ਤੇ ਚੰਗੇ ਤੋਂ ਚੰਗੇ ਮਾਲ ਦੀ ਕੋਈ ਘਾਟ ਨਹੀਂ, ਤੇ ਉਸ ਮੁਤਾਬਿਕ ਗਾਹਕ ਵੀ ਬਥੇਰੇ।

ਦੱਲੇ ਤੇ ਭੜਵੇ ਲੋਕ ਜਿਸਮਾਂ ਦੀ ਮੰਡੀ ਸਜਾਉਂਦੇ ਹਨ। ਖੁੱਲ੍ਹੀ ਬੋਲੀ ਲੱਗਦੀ ਹੈ। ਜੇਬ ਜਿਸਮਾਂ ਦਾ ਮੁੱਲ ਤਾਰਦੀ ਹੈ, ਤੇ ਬੇਰੰਗ, ਬਦਬੂ ਮਾਰੀ ਜ਼ਿੰਦਗੀ ਰੰਗੀਨੀਆਂ ਮਾਣਦੀ ਸੁਗੰਧੀਆਂ ਨਾਲ ਮਹਿਕ ਉੱਠਦੀ ਹੈ। ਇੱਕਦਮ ਖਰਾ ਤੇ ਸੁੱਚਾ ਸੌਦਾ। ਪੈਸਾ ਤਾਰੋ, ਖ਼ੁਸ਼ੀਆਂ 'ਚ ਤਾਰੀਆਂ ਲਾਓ। ਭਲਾ ਖ਼ੁਸ਼ੀਆਂ ਤੋਂ ਵੱਡਾ ਖ਼ਜ਼ਾਨਾ ਹੋਰ ਹੋ ਵੀ ਕੀ ਸਕਦਾ ਹੈ। ਜੇ ਪੈਸਾ ਤਾਰ ਕੇ ਮਿਲੇ, ਤਾਂ ਲੁੱਟਣ 'ਚ ਦੇਰੀ ਕਿਉਂ, ਤੇ ਝਾਕਾ ਕਾਹਦਾ।

ਇਹ ਬਸਤੀ ਕੁੰਡੀਆਂ, ਤੇ ਜੁਗਾੜ ਬਗੈਰ ਨਹੀਂ ਚੱਲਦੀ। ਬਿਜਲੀ, ਪਾਣੀ ਦੇ ਕੁਨੈਕਸ਼ਨ ਮੀਟਰ 'ਤੇ ਨਹੀਂ, ਕੁੰਡੀਆਂ ਨਾਲ ਚੱਲਦੇ ਹਨ। ਕਿਸੇ ਔਰਤ-ਮਰਦ ਦਾ ਨਾਂ ਰਾਸ਼ਨ ਕਾਰਡ ਦੀ ਮੋਹਰ ਲੱਗ ਕੇ ਇੱਕ-ਦੂਜੇ ਨਾਲ ਰਿਸ਼ਤੇ ਦੀ ਪਛਾਣ ਦਾ ਸਬੂਤ ਨਹੀਂ ਬਣਿਆ, ਪਰ ਬਸਤੀ ਦੀਆਂ ਵੋਟਾਂ ਕੇਵਲ ਬਸਤੀ ਦੀ ਪ੍ਰਧਾਨ ਮਾਸੀ ਪਿਆਰੀ ਦੇ ਇਸ਼ਾਰੇ 'ਤੇ ਹੀ ਪੈਂਦੀਆਂ ਹਨ। ਇੱਕ ਗੱਲ ਪੱਥਰ 'ਤੇ ਲਕੀਰ ਹੈ, ਜਿਹੜਾ ਉਮੀਦਵਾਰ ਬਸਤੀ ਦੀਆਂ ਵੋਟਾਂ ਲੈਣ 'ਚ ਕਾਮਯਾਬ ਹੋ ਗਿਆ, ਫਿਰ ਭਾਵੇਂ ਉਸ ਦੇ ਘਰ ਦੇ ਵੀ ਉਸ ਨੂੰ ਵੋਟ ਨਾ ਪਾਉਣ, ਜਿੱਤ ਯਕੀਨੀ ਹੈ। ਸੁਖ ਨਾਲ ਬਸਤੀ ਦੀਆਂ ਵੋਟਾਂ ਹੀ ਬਥੇਰੀਆਂ। ਰਾਜਨੀਤੀ ਤੇ ਮੇਰੀ ਬਸਤੀ ਦਾ ਰਿਸ਼ਤਾ ਇੰਝ ਹੈ, ਜਿਵੇਂ ਪਜਾਮੇ ਨਾਲ ਨਾਲੇ ਦਾ, ਨਹੁੰ ਨਾਲ ਮਾਸ ਜਿਹਾ। ਜੇ ਨਹੀਂ ਸਮਝ ਆਇਆ ਤਾਂ ਸੌਖੇ ਤਰੀਕੇ ਨਾਲ ਸਮਝ ਲਵੋ, ਧਰਮ ਤੇ ਰਾਜਨੀਤੀ ਵਾਲਾ। ਧਰਮ ਦੇ ਠੇਕੇਦਾਰਾਂ ਵਾਂਗ ਇਹ ਮੰਤਰੀ ਸਾਡੇ ਵੀ ਪਾਣੀਹਾਰ ਹਨ, ਜਾਂ ਫਿਰ ਅਸੀਂ ਇਨ੍ਹਾਂ ਦੇ ਹੱਥਾਂ ਦੀਆਂ ਕਠਪੁਤਲੀਆਂ। ਮਾਮਲਾ ਆਪਸੀ ਨਿਰਭਰਤਾ ਦਾ ਹੀ ਹੈ। ਦੁਨੀਆਂ ਨੂੰ ਖ਼ੁਸ਼ੀਆਂ ਦੇ ਖਜ਼ਾਨੇ ਵੰਡਣ ਵਾਲੇ ਡੇਰੇ ਤੇ ਮੇਰੀਆਂ ਬਸਤੀਆਂ, ਵੋਟਾਂ ਦੇ ਇੱਕ ਦਿਨ ਪਿੱਛੋਂ ਪੰਜ ਸਾਲ ਮੰਤਰੀਆਂ ਦੇ ਰਹਿਮੋ-ਕਰਮ 'ਤੇ ਹੋ ਜਾਂਦੇ ਹਨ। ਘਾਗ

ਖਿਡਾਰੀਆਂ ਨਾਲ ਨਿਪਟਣ ਲਈ, ਕਈ ਦਾਅ-ਪੇਚ ਖੇਡਣੇ ਪੈਂਦੇ ਨੇ। ਬਿਨਾਂ ਮੁਹਾਰਤ ਕਿਸੇ ਦੀ ਕੋਈ ਪੁੱਛ ਨਹੀਂ।

ਮੇਰੇ ਧੰਦੇ ਵਿੱਚ ਵੀ ਵੱਖ-ਵੱਖ ਵਿਭਾਗਾਂ ਦੇ ਮਾਹਿਰ ਹਨ, ਦੜਾ ਸੱਟਾ ਲਵਾਉਣ ਤੋਂ ਲੈ ਕੇ ਚਿੱਟੇ-ਕਾਲੇ ਸਾਰੇ ਕਾਰੋਬਾਰਾਂ ਦੀ ਤਾਣੀ ਭਾਵੇਂ ਉਲਝੀ ਹੋਵੇ, ਪਰ ਇਨ੍ਹਾਂ ਵਿਭਾਗਾਂ ਦੇ ਪੱਕੇ ਇੰਚਾਰਜ ਕਿਸੇ ਪਛਾਣ ਦੇ ਮੁਥਾਜ ਨਹੀਂ। ਕੱਚੇ ਗਰਭ ਸਫ਼ਾਈ ਕਰਨ 'ਚ ਮਾਸੀ ਤਾਰੀ ਦੇ ਨਾਂ ਦਾ ਡੰਕਾ ਵੱਜਦੈ। ਮੰਤਰੀ ਹੋਵੇ ਜਾਂ ਸੰਤਰੀ ਤੇ ਫਿਰ ਭਾਵੇਂ ਕੋਈ ਧੰਨਾ ਸੇਠ, ਜਿਸ ਕਿਸੇ ਨੂੰ ਸੈਕਸ ਰੈਕੇਟ ਦਾ ਸਰਗਣਾ ਸਿੱਧ ਕਰਨਾ ਹੋਵੇ, ਤਾਈ ਵਜੀਰਾਂ ਦੇ ਹੱਥ ਦੀ ਸਫ਼ਾਈ ਦਾ ਲੋਹਾ ਮੰਨਦੇ ਆ ਸਾਰੇ।

ਕਿਸ ਮੰਤਰੀ ਦੀ ਵੀਡੀਓ ਕਿਵੇਂ ਬਣਾਉਣੀ, ਫੋਟੋ ਕਿਸ ਪਾਸਿਓਂ ਲੈਣੀ, ਇਸ ਜ਼ਿੰਮੇਵਾਰੀ ਭਰੇ ਕੰਮ ਲਈ ਤਾਈ ਵਜੀਰਾਂ ਹੀ ਭਰੋਸੇਯੋਗ ਹੈ। ਪਿਉ ਦੀ ਵੀਡੀਓ ਦਾ ਪੁੱਤ ਨੂੰ ਤੇ ਪੁੱਤ ਦੀ ਬਣਾਈ ਵੀਡੀਓ ਦਾ ਪਿਓ ਨੂੰ ਉੱਕਾ ਈ ਪਤਾ ਨਹੀਂ ਲੱਗਣ ਦਿੰਦੀ। ਜਿਵੇਂ ਆਖਦੇ ਨੇ, ਸੱਜੇ ਨੂੰ ਖੱਬੇ ਦੀ ਭਿਣਕ ਨਹੀਂ। ਚੋਣਾਂ ਵੇਲੇ ਕਿਸੇ ਮੰਤਰੀ ਦਾ ਵੀਡੀਓ ਮਾਮਲਾ ਲੋਕਾਂ ਦੀਆਂ ਅੱਖਾਂ ਦਾ ਸੇਕ ਨਾ ਬਣੇ, ਸਵਾਲ ਹੀ ਪੈਦਾ ਨਹੀਂ ਹੁੰਦਾ। ਬਣਦੀ ਸਭ ਦੀ ਹੈ, ਪਰ ਲੋੜ ਮੁਤਾਬਿਕ ਮੌਕਾ ਵੇਖ ਕੇ ਜਨਤਕ ਕਿਸੇ-ਕਿਸੇ ਦੀ ਹੁੰਦੀ ਹੈ, ਜਿਸ ਵਿੱਚ ਇੱਕ ਚਿੱਟੀ ਚਾਦਰ ਦੀ ਮੈਲ਼ ਰੱਜ ਕੇ ਖੰਗਾਲੀ ਜਾਂਦੀ ਹੈ। ਸਾਊ ਦਿੱਖ ਵਾਲਾ ਮੰਤਰੀ ਅਸਲ 'ਚ ਹੱਦ ਦਰਜੇ ਦਾ ਚਗਲ ਹੈ, ਸਿੱਧ ਕਰਨ 'ਚ ਕੋਈ ਕਸਰ ਨਹੀਂ ਛੱਡੀ ਜਾਂਦੀ। ਚਰਿੱਤਰ ਦਾ ਮਾਡਲ ਹੀ ਬਦਲ ਜਾਂਦਾ ਹੈ। ਹੁਣ ਮੇਰਾ ਗੰਦ ਕਿਸੇ ਨੂੰ ਨਹੀਂ ਦਿਸਦਾ, ਮੇਰਾ ਚਰਿੱਤਰ ਮੌਨ ਹੈ, ਪਰ ਪਲਾਂ-ਛਿਣਾਂ 'ਚ ਦੇਵਤਾ ਸਰੂਪ ਮੰਤਰੀ ਬੰਦਾ ਹੋ ਕੇ ਵੀ ਗੰਦਾ ਹੋ ਜਾਂਦੈ-ਚਰਿੱਤਰਹੀਣ। ਭਾਈ ਇਹੀ ਦੁਨੀਆਂ ਦਾ ਦਸਤੂਰ ਹੈ, ਚਰਿੱਤਰ ਦੀ ਚਰਿੱਤਰਹੀਣਤਾ ਨਾਲ ਲੁੱਕਣਮੀਟੀ, ਜਗਤ ਤਮਾਸ਼ਾ।

...ਮੇਰੀ ਵੀਡੀਓ ਵੀ ਬਣੀ ਸੀ। ਇੱਕ ਨਾਲ ਨਹੀਂ, ਕਈਆਂ ਨਾਲ।

ਸੱਚੀਂ...! ਹਾਸੇ ਵਾਲੀ ਗੱਲ ਥੋੜ੍ਹੈ, ਪਰ ਮੁੱਲ ਉਸੇ ਇੱਕ ਵੀਡੀਓ ਦਾ ਪਿਆ, ਜਿਹੜੀ ਚੋਣਾਂ ਵੇਲੇ ਇੱਕ ਪਾਰਟੀ ਦੇ ਕੰਮ ਦੀ ਚੀਜ਼ ਸਿੱਧ ਹੋਈ, ਤੇ ਮੈਂ ਵੀ ਬਲੂ ਫਿਲਮਾਂ ਦੀ ਹੀਰੋਇਨ ਵਾਂਗ ਟੱਡੀਆਂ ਅੱਖਾਂ ਦਾ ਚਸਕਾ ਬਣੀ। ਲੌ, ਵੇਖੋ ਵੀਡੀਓ ਤੇ ਨਾਲੇ ਜਾਣਕਾਰੀ ਹਾਸਲ ਕਰੋ, ਵੀਡੀਓ ਮਾਮਲੇ ਦੀ...

ਤਾਈ ਵਜੀਰਾਂ ਨੇ ਸਾਰਾ ਜੁਗਾੜ ਫਿੱਟ ਕੀਤਾ ਹੋਇਆ ਸੀ। ਇਸ ਵੀਡੀਓ ਦਾ ਹੀਰੋ। ਉਸ ਵੇਲੇ ਮੰਤਰੀ ਨਹੀਂ ਸੀ ਬਣਿਆ, ਮੰਤਰੀਆਂ ਦਾ ਭਰੋਸੇਮੰਦ ਸੇਵਕ ਹੁੰਦਾ ਸੀ ਤੇ ਉਨ੍ਹਾਂ ਲਈ ਮਾਲ ਸਪਲਾਈ ਦਾ ਜੁਗਾੜ ਕਰਦਾ ਸੀ। ਟਾਊਟ ਆਖ ਸਕਦੇ ਹੋ। ਧੰਦੇ ਮੁਤਾਬਿਕ ਆਖੀਏ ਤਾਂ ਪੱਕਾ ਦਲਾਲ। ਮੇਰੇ ਕੋਲ ਕਿੰਨਾ ਕੁ ਆਉਣਾ-ਜਾਣਾ ਸੀ...! ਹੂੰਅ...! ਸਿਆਣੇ-ਬਿਆਣੇ ਹੋ, ਅੰਦਾਜ਼ਾ ਤੁਸੀਂ ਆਪ ਹੀ ਲਗਾਉ।

ਕਮਰੇ 'ਚ ਵੜਦਿਆਂ ਕਮੀਜ਼ ਲਾਹ ਕੇ ਦਰਵਾਜ਼ੇ ਨਾਲ ਲੱਗੀ ਸੱਜੀ ਕਿੱਲੀ 'ਤੇ ਟੰਗਣਾਂ ਉਹਦਾ ਹੱਥ ਗਿੱਝਿਆ ਹੋਇਆ ਸੀ। ਪੈਂਟ ਲਾਹ ਕੇ ਬੈੱਡ ਦੀ ਢੋਅ 'ਤੇ ਹੀ ਰੱਖਦਾ। ਫਿਰ ਮੈਨੂੰ ਜੱਫੀ 'ਚ ਲੈ ਕੇ ਪਹਿਲਾ ਪੈੱਗ ਨੀਟ ਲਾਉਂਦਾ ਤੇ ਅੱਗੋਂ ਤੁਸੀਂ ਆਪ ਵੇਖ ਲੌ...।

ਮੈਂ ਤੁਹਾਨੂੰ ਉਨੀ ਦੇਰ ਇੱਕ ਹਾਸੇ ਵਾਲਾ ਕਿੱਸਾ ਸੁਣਾ ਦਿੰਦੀ ਹਾਂ, ਇਸ ਮੰਝੇ ਹੋਏ ਕਲਾਕਾਰ ਦਾ। ਉਦੋਂ ਇਹ ਦੂਜੀ ਪਤਾ ਨਹੀਂ ਤੀਜੀ ਵਾਰੀ ਆਇਆ ਸੀ ਮੇਰੇ ਕੋਲ। ਨਵਾਂ-ਨਵਾਂ ਸ਼ਿਕਾਰੀ ਸੀ ਵਿਚਾਰਾ। ਜਿਵੇਂ ਦਾ ਸੀਨ ਤੁਸੀਂ ਵੇਖ ਰਹੇ ਹੋ, ਠੀਕ ਅਜਿਹੇ ਸੀਨ 'ਚ ਲਵ ਯੂ, ਲਵ ਯੂ ਕਰਦਾ ਮੈਨੂੰ ਚਿੰਬੜਿਆ ਹੋਇਆ, ਕਿ ਬਾਹਰ ਰੌਲਾ ਪੈ ਗਿਆ, 'ਰੇਡ ਪੈਗੀ, ਰੇਡ ਪੈਗੀ।' ਚੁਕੰਨੇ ਕਰਨ ਲਈ ਜਿਵੇਂ ਹੀ ਸਾਡੇ ਸੇਵਕ ਨੇ ਦਰਵਾਜ਼ੇ 'ਤੇ ਠਕ-ਠਕ ਕੀਤੀ, ਉਸ ਨੇ ਬਾਂਦਰ ਟਪੂਸੀ ਮਾਰੀ, ਤੇ ਜਿਸ ਹਾਲਤ ਵਿੱਚ ਸੀ, ਉਵੇਂ ਹੀ ਪਿਛਲੇ ਦਰਵਾਜ਼ੇ ਥਾਣੀ ਭੱਜ ਨਿਕਲਿਆ। ਵਿਚਾਰਾ...। ਹੈ ਤਾਂ ਅੰਦਰ ਦੀ ਗੱਲ, ਪਰ ਜਦੋਂ

ਗੱਲ ਖੁੱਲ੍ਹ ਹੀ ਗਈ ਏ ਤਾਂ ਲੁਕਾਅ ਕਾਹਦਾ। ਭੱਜਦਿਆਂ ਮੂਤ ...। ਚੱਲੋ ਛੱਡੋ, ਉਹ ਕੀ ਕਹਿੰਦੇ ਨੇ ਐਨੀ ਮਾੜੀ ਵੀ ਚੰਗੀ ਨਹੀਂ ਹੁੰਦੀ। ਇਹਨੇ ਭਲੇ ਮਾਣਸ ਨੇ ਤਾਂ ਇਹ ਵੀ ਨਾ ਸੋਚਿਆ, ਬਈ ਪੁਲਿਸ ਵੀ ਤਾਂ ਇਸੇ ਤਿਕੜਮਬਾਜ਼ੀ ਦਾ ਮੋਹਰਾ ਏ...! ਮੋਹਰਾ ਆਖਾਂ ਜਾਂ ਸਰਗਣਾ !! ਤਾਣੀ ਫਿਰ ਉਲਝ ਗਈ ਹੈ, ਪਰ ਇੱਕ ਗੱਲ ਸਾਫ਼ ਹੈ, ਕਿ ਪੁਲਿਸ ਬੜੀ ਤਰ੍ਹਾਂ ਦਾ ਰੋਲ ਨਿਭਾਉਂਦੀ ਏ ਮੇਰੀ ਬਸਤੀ ਦੇ ਧੰਦੇ 'ਚ। ਕਦੀ ਰੇਡ ਕਰਨੀ, ਕਦੀ ਹਿੱਸਾ ਲੈਣਾ, ਤੇ ਫਿਰ ਸਭ ਤੋਂ ਵੱਧ ਵਗਾਰਾਂ ਵੀ ਇਨ੍ਹਾਂ ਦੀਆਂ ਕੱਢੋ। ਡੰਡੇ ਦਾ ਬੜੀ ਤਰ੍ਹਾਂ ਇਸਤੇਮਾਲ ਕਰਦੇ ਨੇ। ਚਲੋ ਭਾਈ, ਇਹ ਉਨ੍ਹਾਂ ਦਾ ਵਿਭਾਗ ਉਨ੍ਹਾਂ ਦਾ ਨਸੀਬ। ਫ਼ਿਲਹਾਲ ਮੰਤਰੀ ਦੇ ਮਾਮਲੇ ਵੱਲ ਮੁੜਦੇ ਹਾਂ...

ਸੱਚੀਂ, ਮਜ਼ਾ ਆ ਜਾਂਦਾ ਜੇ ਉਹ ਵੀਡੀਓ ਬਣੀ ਹੁੰਦੀ। ਜਿਹੜੀ ਵੀਡੀਓ ਤੁਸੀਂ ਵੇਖ ਰਹੇ ਹੋ, ਇਹ ਵੀ ਅੱਜ ਦੀ ਨਹੀਂ ਬਣੀ, ਬੜੇ ਸਾਲ ਪਹਿਲਾਂ ਦੀ ਹੈ। ਹੁਣ ਤਾਂ ਮੰਤਰੀ ਬਣ ਗਿਐ, ਬਸਤੀ 'ਚ ਆਉਣਾ ਇਹਦਾ ਸਟੈਂਡਰਡ ਨਹੀਂ। ਬਸਤੀ ਖ਼ੁਦ ਖੰਭ ਲਾ ਕੇ ਇਹ ਜਿੱਥੇ ਚਾਹੇ ਅੱਖ ਦੇ ਫੋਰ 'ਚ ਉੱਥੇ ਹਾਜ਼ਰ ਹੋ ਜਾਂਦੀ ਹੈ। ਜਿਵੇਂ ਤੁਹਾਨੂੰ ਦੱਸਿਐ, ਅਜਿਹੇ ਮਾਲ ਦਾ ਸਟਾਕ ਪਹਿਲਾਂ ਹੀ ਪਾਰਟੀਆਂ ਵਾਲੇ ਆਪਣੇ ਕੋਲ ਜਮ੍ਹਾ ਕਰਵਾ ਲੈਂਦੇ ਨੇ, ਤੇ ਫਿਰ ਲੋੜ ਪੈਣ 'ਤੇ ਮੌਕੇ ਮੁਤਾਬਿਕ ਵਰਤ ਲੈਂਦੇ ਨੇ। ਬਿਨਾਂ ਪੁਲਿਸ ਦੀ ਛਤਰ-ਛਾਇਆ ਸਾਡੀ ਬਸਤੀ ਦੇ ਚਕਲੇ 'ਤੇ ਭਲਾ ਵੇਲਣਾ ਕਿਵੇਂ ਘੁੰਮ ਸਕਦੈ। ਜੇ ਮੰਤਰੀਆਂ ਦੀ ਵੀਡੀਓ ਬਣ ਸਕਦੀ ਹੈ, ਤਾਂ ਪੁਲਸੀਏ ਕਿਵੇਂ ਬਚ ਸਕਦੇ ਨੇ। ਬੜੀ ਤਰ੍ਹਾਂ ਦਾ ਸਟਾਕ ਜਮ੍ਹਾ ਏ ਮੇਰੀ ਬਸਤੀ ਕੋਲ।

ਡੇਰੇ ਮਜ਼ਾਰਾਂ ਦਾ ਏਰੀਆ ਮਾਸੀ ਨਸੀਬੋ ਨੇ, ਮੰਤਰੀ-ਸ਼ੰਤਰੀ ਮਾਸੀ ਪਿਆਰੀ ਤੇ ਤਾਈ ਵਜੀਰਾਂ ਨੇ, ਤੇ ਪੁਲਿਸ ਮਹਿਕਮਾ ਬੀਬੀ ਦਾਨੀ ਨੇ ਸੰਭਾਲਿਆ ਹੋਇਐ। ਪੱਕੀ ਮੁਖ਼ਬਰ ਏ। ਕਿਸੇ 'ਤੇ ਪਰਚਾ ਦਰਜ ਕਰਵਾਉਣਾ ਹੋਵੇ, ਰੇਡ ਪੁਆਉਣੀ ਹੋਵੇ, ਸਿੱਧਾ ਹੱਥ ਪੈਂਦਾ ਏ ਦਾਨੀ ਦਾ। ਪੁਲਸੀਏ 'ਪ੍ਰਧਾਨ ਜੀ' 'ਪ੍ਰਧਾਨ ਜੀ' ਕਰਦੇ ਗੇੜੀਆਂ ਦਿੰਦੇ ਆ ਦਾਨੀ ਦੇ ਆਲੇ-ਦੁਆਲੇ।

ਇੱਕ-ਦੂਜੇ ਦੀ ਮਦਦ ਬਿਨਾਂ ਕਿੱਥੇ ਚੱਲਦੇ ਨੇ ਥਾਣੇ ਤੇ ਚਕਲੇ। ਇੱਕ ਦੇ ਵਿੱਚੋਂ ਇੱਕ ਕੰਮ ਨਿਕਲ ਆਉਂਦੈ। ਅੱਜਕੱਲ੍ਹ ਤਾਂ ਉਂ ਵੀ ਜ਼ਮਾਨਾ ਤਰੱਕੀਆਂ 'ਤੇ ਏ। ਤੇ ਮੇਰੀ ਬਸਤੀ ਵੀ ਪਹਿਲਾਂ ਵਾਂਗ ਇੱਕੋ ਥਾਂ 'ਤੇ ਸਥਿਰ ਨਹੀਂ ਰਹੀ। ਖ਼ੂਬ ਚੱਲਣ ਲੱਗੀ ਏ। ਮੁਬਾਈਲ ਸਰਵਿਸ ਆਖਦੇ ਨੇ ਇਸ ਨੂੰ। ਤਜਰਬੇ 'ਚੋਂ ਨਿਕਲਦਿਆਂ, ਹਰ ਸ਼ੈਅ ਦੀ ਜਾਣਕਾਰੀ ਹਾਸਿਲ ਹੋ ਜਾਂਦੀ ਹੈ। ਜ਼ਰੂਰੀ ਨਹੀਂ ਕਿਤਾਬਾਂ ਪੜ੍ਹ ਕੇ ਗਿਆਨ ਮਿਲੇ, ਅਸਲ ਗਿਆਨ ਤਾਂ ਤਜਰਬੇ 'ਚੋਂ ਹੀ ਨਿਕਲਦੈ। ਹਾਈਟੈੱਕ ਯੁੱਗ 'ਚ ਮੇਰੀ ਬਸਤੀ ਵੀ ਹਾਈਟੈੱਕ ਹੋ ਗਈ ਹੈ। ਉਂਝ ਵੀ ਅੱਜਕੱਲ੍ਹ ਕੀ ਆਖਦੇ ਨੇ ਸੋਸ਼ਲ ਮੀਡੀਆ, ਇਹ ਮਿੰਟ ਲਾਉਂਦੈ ਗੱਲ ਦੇ ਫੱਟੇ ਚੁੱਕਣ ਨੂੰ, ਅੱਗੇ ਤੋਂ ਅੱਗੇ ਫਾਰਵਰਡ, ਸ਼ੇਅਰ ਹੁੰਦੀ ਚੀਜ਼ ਮਿੰਟੋ-ਮਿੰਟੀ ਕਿਤੇ ਦੀ ਕਿਤੇ ਅੱਪੜ ਜਾਂਦੀ ਏ। ਧੂੰਆਂ ਉੱਠਿਆ ਨਹੀਂ ਤੇ ਜੰਗਲ ਮੱਚਿਆ ਨਹੀਂ। ਨਿੱਕੇ-ਵੱਡੇ, ਪੜ੍ਹੇ-ਅਨਪੜ੍ਹੇ ਸਾਰੇ ਮਾਸਟਰ ਨੇ ਇਸ ਯੰਤਰ ਦੇ। ਕਿਹੜਾ ਯੰਤਰ ਕਿਵੇਂ ਚੱਲਦੈ, ਇਹ ਵੀ ਬੜੀ ਨਜ਼ਾਰੇਦਾਰ ਗੱਲ ਏ, ਪਰ ਪਹਿਲਾਂ ਆਹ ਮੰਤਰੀ ਵਾਲੇ ਕਿੱਸੇ ਨੂੰ ਨਿਪਟਾ ਲਈਏ।

ਲਓ ਹੋ'ਗੀ ਵੀਡੀਓ ਖ਼ਤਮ। ਕਿਵੇਂ ਸਵਾਦ ਲੈਂਦੇ ਨੇ ! ਫਿਰ ਚਲਾਈ ਖੜ੍ਹੇ ਨੇ, ਜਿਵੇਂ ਆਪ ਤਾਂ ਕਦੀ ਆਵਦੀਆਂ ਜਨਾਨੀਆਂ ਬਗੈਰ ਕਿਸੇ ਹੋਰ ਨੂੰ ਅੱਖ ਚੁੱਕ ਕੇ ਵੀ ਨਾ ਵੇਖਿਆ ਹੋਵੇ। ਅਸਲ 'ਚ ਆਹ ਚੀਜ਼ ਹੈ ਹੀ ਬੜੀ ਨਜ਼ਾਰੇਦਾਰ, ਪਰਦੇ ਨਾਲ ਵੇਖੀ ਜਾਣਗੇ, ਤੇ ਸੜੀ ਵੀ ਜਾਣਗੇ... ਮੰਤਰੀ ਲੈ ਗਿਆ ਨਜ਼ਾਰੇ, ਕਿੱਡਾ ਬੀਬਾ ਮੂੰਹ ਬਣਾ ਕੇ ਸਾਊ ਬਣਦਾ ਸੀ, ਗਰੀਬ ਕੁੜੀਆਂ ਦੇ ਵਿਆਹਾਂ 'ਚ ਅਸ਼ੀਰਵਾਦ ਦਿੰਦਾ, ਵਿਆਂਹਦੜਾਂ ਦੀ ਕੰਡ 'ਤੇ ਫਿਰਦਾ ਹੱਥ, ਮਜਾਲ ਏ ਥੱਕਦਾ ਹੋਵੇ। ਸ਼ੱਕ ਤਾਂ ਉਦੋਂ ਵੀ ਪਿਆ ਸੀ, ਸਿਰ ਪਲੋਸਦੀਆਂ ਖੱਚਰੀਆਂ ਅੱਖਾਂ ਕੁਝ ਹੋਰ ਹੀ ਭਾਲਦੀਆਂ ਜਾਪਦੀਆਂ ਸਨ। ਚਲੋ

ਮੈਨੂੰ ਕੀ ਲੋੜ, ਕਿਸੇ ਦੀ ਸ਼ਰਾਫ਼ਤ 'ਤੇ ਉਂਗਲ ਚੁੱਕਣ ਦੀ...। ਆਪਾਂ ਵੀਡੀਓ ਮਾਮਲਾ ਛੇੜਿਆ ਹੋਇਐ, ਉਸੇ 'ਤੇ ਵਾਪਸ ਮੁੜਦੇ ਹਾਂ...।

ਇਹ ਕਿੱਸਾ ਦੋ-ਚਾਰ ਦਿਨ, ਹੱਦ ਚੋਣਾਂ ਤੱਕ ਹੀ ਗਰਮ ਰਹਿਣੈ। ਰੌਲੇ-ਗੌਲੇ 'ਚ ਚੋਣਾਂ ਨਿਕਲ ਜਾਣਗੀਆਂ। ਮੰਤਰੀ ਦਾ ਬਿਆਨ -'ਵੀਡੀਓ 'ਚ ਮੈਂ ਹੈ ਹੀ ਨਹੀਂ। ਇਹ ਸਾਰੀ ਵਿਰੋਧੀ ਧਿਰ ਦੀ ਸਾਜ਼ਿਸ਼ ਏ।' ਜਾਂ ਫਿਰ 'ਇਹ ਮੇਰੀ ਨਿੱਜੀ ਜ਼ਿੰਦਗੀ ਹੈ, ਮੈਂ ਕੁੜੀ ਨਾਲ ਧੱਕਾ ਨਹੀਂ ਕੀਤਾ, ਪਿਆਰ ਕਰਦੇ ਹਾਂ ਅਸੀਂ, ਤੇ ਲਿਵ ਇਨ ਰਿਲੇਸ਼ਨਸ਼ਿਪ 'ਚ ਹਾਂ।' ਬੜੇ ਰਾਹ ਨੇ ਸਾਡੇ ਕਾਨੂੰਨ 'ਚ, ਫਸਾਉਣ ਨਾਲੋਂ ਜ਼ਿਆਦਾ ਬਚਾਉਣ ਦੇ, ਤੇ ਬਚਾਉਣ ਨਾਲੋਂ ਵੱਧ ਕਿਸੇ ਨੂੰ ਫਸਾਉਣ ਦੇ। ਇੰਨੇ ਸਾਲਾਂ 'ਚ ਅੱਧੀ ਨਾਲੋਂ ਜ਼ਿਆਦਾ ਕਾਨੂੰਨ ਦੀ ਕਿਤਾਬ ਤਾਂ ਬਿਨਾਂ ਪੜ੍ਹਿਆਂ ਮੈਨੂੰ ਰਟੀ ਪਈ ਏ। ਫ਼ਿਕਰ ਨਾ ਕਰੋ ਮੰਤਰੀ ਛੇਤੀ ਹੀ ਬਾਇੱਜ਼ਤ ਬਰੀ ਹੋ ਜਾਵੇਗਾ, ਤੇ ਅਗਲੀਆਂ ਚੋਣਾਂ 'ਚ ਫਿਰ ਦੁੱਧ ਧੋਤਾ ਜਨਤਾ ਦੀ ਕਚਹਿਰੀ 'ਚ ਹੱਥ ਜੋੜਦਾ ਆਪਣੇ ਹੱਕ 'ਚ ਵੋਟਾਂ ਮੰਗੇਗਾ। ਪਾਰਟੀ ਬਦਲ ਸਕਦੀ ਹੈ, ਪਰ ਨੇਤਾ ਨਹੀਂ, ਉਹ ਤਾਂ ਹੈ ਹੀ ਜਨਤਾ ਦਾ ਸੇਵਕ।

ਕਿੱਧਰੋਂ ਇਹ ਮੰਤਰੀ ਦੀ ਵੀਡੀਓ ਦਾ ਸਿਆਪਾ ਵਿੱਚ ਆ ਵੜਿਐ, ਤੇ ਮੰਤਰੀ ਮੰਡਲ ਉਧੜਨ ਲੱਗਿਐ...! ਅਸਲ ਮੁੱਦਾ ਤਾਂ ਮੈਂ ਤੇ ਮੇਰੀ ਬਸਤੀ ਹਾਂ। ਕਿੱਥੇ ਪਾਕਿ-ਪਵਿੱਤਰ ਸੇਵਾ ਦਾ ਕੰਮ ਰਾਜਨੀਤੀ, ਤੇ ਕਿੱਥੇ ਮੈਂ ਤੇ ਮੇਰੀ ਬਸਤੀ, ਨਿਰਾ ਚਿੱਕੜ। ਕੁੰਡੀਆਂ ਤੇ ਜੁਗਾੜ ਤੋਂ ਛਿੜੀ ਗੱਲ ਕਿੱਧਰ ਦੀ ਕਿੱਧਰ ਜਾ ਪਹੁੰਚੀ। ਆਉ, ਵਾਪਸ ਮੇਰੀ ਬਸਤੀ ਵੱਲ ਪਰਤੀਏ...।

ਕੱਚੀ ਬਸਤੀ ਲੰਘ ਕੇ ਪੱਕੀਆਂ ਕਾਲੋਨੀਆਂ ਨੂੰ ਜਾਂਦੇ ਰਾਹ ਰੌਸ਼ਨ ਕਰਨ ਲਈ ਲੱਗੀਆਂ ਸਟ੍ਰੀਟ ਲਾਈਟਾਂ ਜਗਾਉਣ ਤੋਂ ਲੈ ਕੇ ਰਿਸ਼ਤਿਆਂ ਦੀਆਂ ਗੰਢਾਂ 'ਚ ਬੱਝੇ ਪੱਕੀਆਂ ਰਜਿਟਸਰੀਆਂ ਵਾਲੇ ਘਰ ਰੁਸ਼ਨਾਉਣ ਲਈ ਰੇਲਵੇ ਲਾਈਨ ਦੇ ਲਾਗਿਓਂ ਲੰਘਦੀ ਹਾਈ-ਵੋਲਟੇਜ ਤਾਰ ਨੂੰ ਕੁੰਡੀਆਂ ਪਾ ਕੇ ਬਸਤੀ ਦੇ ਘਰਾਂ ਦੀਆਂ ਇਨ੍ਹਾਂ ਛੱਤਾਂ ਹੇਠ ਲਾਟੂ ਜਗਦੇ ਹਨ। ਵਾਟਰ ਸਪਲਾਈ ਮੇਨ ਪਾਈਪ ਲਾਈਨ 'ਚ ਪਾਈਪ ਜੋੜ ਕੇ ਬਸਤੀ ਦੀ ਨੁੱਕਰ 'ਤੇ ਲੱਗੀ ਟੂਟੀ ਬੇਮੁਹਾਰਾ ਚੱਲਦੀ, ਬਸਤੀ ਵਾਸੀਆਂ ਦੀ ਤ੍ਰੇਹ ਮਿਟਾਉਣ ਦੇ ਨਾਲ-ਨਾਲ ਧੰਦੇ ਦੀ ਨਿਸ਼ਾਨਦੇਹੀ ਬਣ ਕੇ ਪੈਦਾ ਹੋਏ ਬਾਲਾਂ ਦੇ ਪਾਣੀ ਨਾਲ ਚੱਲਦੇ ਨੰਗ-ਧੜੰਗ ਛੜੱਪਿਆਂ 'ਚੋਂ ਜ਼ਿੰਦਗੀ ਦੀ ਸੁਰਤਾਲ ਛੇੜਦੀ ਹੈ।

ਅਸਲ 'ਚ ਇੱਧਰ ਬਾਲਾਂ ਦੇ ਛੜੱਪੇ ਹੀ ਨੰਗੇ ਨਹੀਂ, ਬਾਲ ਤਾਂ ਹੁੰਦੇ ਹੀ ਰੱਬ ਦਾ ਰੂਪ ਨੇ, ਕੋਰੇ ਕਾਗਜ਼। ਅਸਲ ਵਿੱਚ ਨੰਗੇ ਲੋਕ ਰਹਿੰਦੇ ਹਨ। ਜਿਸਮ ਨੰਗੇ, ਭਾਸ਼ਾ ਨੰਗੀ, ਦਿਲ ਵੀ ਨੰਗੇ, ਪਛਾਣ ਵੀ ਨੰਗੀ। ਇੱਥੇ ਕਿਸੇ ਦੇ ਨਾਂ ਦੀ ਤਖ਼ਤੀ ਦਰਵਾਜ਼ਿਆਂ ਦੇ ਬਾਹਰ ਨਹੀਂ ਲੱਗੀ, ਪਰ ਸਭ ਜਾਣਦੇ ਹਨ, ਮਾਸੀ ਰਾਣੋ ਦਾ ਅੱਡਾ, ਭੂਆ ਸਾਹਿਬਾਂ ਦਾ ਡੇਰਾ, ਬੀਬੀ ਤਾਰੀ ਦਾ ਵਿਹੜਾ, ਮੀਤੀ, ਬਿਸ਼ਨੀ, ਰੱਜੀ, ਜਗੀਰੋ, ਸੀਤੀ, ਬਸ਼ੀਰਾਂ...। ਆਪੋ-ਆਪਣੇ ਸ਼ੌਕ ਦਾ ਉਬਾਲ ਕਿਸ ਦੀ ਬੁੱਕਲ 'ਚ ਕਿਵੇਂ ਠੰਡਾ ਹੋਣੈ, ਕਦੋਂ ਭੁੱਲਦੇ ਨੇ ਪੁਰਾਣੇ ਤੇ ਪੱਕੇ ਗਾਹਕ। ਪੁਰਾਣਿਆਂ ਨਾਲ ਤਾਰ ਜੁੜਦਿਆਂ ਨਵਿਆਂ ਦਾ ਆਉਣਾ ਜਾਣਾ ਲੱਗਿਆ ਰਹਿੰਦੈ, ਤੇ ਜੇਕਰ ਕੋਈ ਧੰਦੇ ਦਾ ਗੁਰ ਪਾ ਲਵੇ ਤਾਂ ਨਵੀਂ ਬਸਤੀ ਦੀ ਨੀਂਹ ਬੱਝਦਿਆਂ ਦੇਰ ਨਹੀਂ ਲੱਗਦੀ।

ਉਂਝ ਵੀ ਹਰ ਚੌਥੇ-ਪੰਜਵੇਂ ਸਾਲ ਸਰਕਾਰਾਂ ਬਦਲਣ ਵਾਂਗ ਮੇਰੀ ਬਸਤੀ ਦਾ ਸਿੰਘਾਸਨ ਵੀ ਡੋਲਦਾ ਰਹਿੰਦਾ ਹੈ। ਜਨਤਾ ਦੀ ਮੰਗ 'ਤੇ ਮੇਰੀ ਬਸਤੀ ਨੂੰ ਉਜਾੜਨ ਦੇ ਹੁਕਮ ਸੁਣਾਏ ਜਾਂਦੇ ਹਨ। ਕਿਧਰੇ ਸ਼ਰੀਫ਼ਾਂ ਦਾ ਵੋਟ ਬੈਂਕ ਹੀ ਨਾ ਡਾਵਾਂਡੋਲ ਹੋ ਜਾਵੇ, ਮੰਤਰੀ ਜੀ ਦੇ ਹੁਕਮ 'ਤੇ ਮੇਰੀ ਬਸਤੀ ਉਜਾੜਨ ਲਈ ਅਫ਼ਸਰਸ਼ਾਹੀ ਪੱਬਾਂ ਭਾਰ ਹੋ ਜਾਂਦੀ ਹੈ। ਕੋਈ ਬਦਨਾਮ ਬਸਤੀ ਗਾਂਧੀ ਨਗਰ, ਜਵਾਹਰ ਨਗਰ, ਭਗਤ ਸਿੰਘ ਨਗਰ ਬਣ ਕੇ ਮੇਰੀ ਹਿੱਕ 'ਤੇ ਨਵੀਂ ਹੋਂਦ ਸਥਾਪਿਤ ਕਰ ਲੈਂਦੀ ਹੈ, ਤੇ ਮੈਂ ਅਤੇ ਮੇਰੀ ਬਸਤੀ ਤੁਰ

ਪੈਂਦੇ ਹਾਂ ਨਵੇਂ ਟਿਕਾਣੇ ਵੱਲ।

ਫਿਰ ਕੋਈ ਵੀਰਾਨ, ਜੰਗਲ ਬੀਆਬਾਨ ਥਾਂ 'ਚ ਇੱਕ-ਇੱਕ ਇੱਟ ਲੱਗਣ ਲੱਗਦੀ ਹੈ। ਸੁੰਘਦੇ-ਸੁੰਘਦੇ ਮਗਰੇ-ਮਗਰ ਪੂਛ ਹਿਲਾਉਂਦੇ ਵਹੀਰਾਂ ਘੱਤ ਲੈਂਦੇ ਨੇ ਮੇਰੀ ਬਸਤੀ ਦੇ ਦੀਵਾਨੇ, ਤੇ ਛੇਤੀ ਹੀ ਧੜਕਣ ਲੱਗਦੀ ਹੈ ਮੇਰੀ ਬਸਤੀ 'ਚ ਜ਼ਿੰਦਗੀ। ਸੋਚਣ ਵਾਲੀ ਗੱਲ ਏ...! ਭਲਾ ਜੇ ਮੈਨੂੰ ਤੇ ਮੇਰੀ ਬਸਤੀ ਨੂੰ ਗੰਦਗੀ ਦਾ ਕੋਹੜ ਚਿੰਬੜਿਐ, ਤਾਂ ਉਜਾੜਨ ਦੀ ਥਾਂ ਸਾਨੂੰ ਇੱਕੋ ਥਾਂਵੇਂ ਵੱਸਣ ਕਿਉਂ ਨਹੀਂ ਦਿੰਦੇ? ਵੱਸਣ, ਉਜੜਨ ਦੀ ਰਾਜਨੀਤੀ 'ਚ ਹੀ ਮੇਰਾ ਖੇਤਰਫ਼ਲ ਫੈਲਦਾ ਹੋਇਆ ਕਿੱਥੋਂ ਦਾ ਕਿੱਥੇ ਜਾ ਪਹੁੰਚਿਐ।

ਹੱਦ ਦਰਜੇ ਦੀ ਨੀਵੇਂ ਪੱਧਰ ਦੀ ਇਸ ਬਸਤੀ ਵੱਲ ਇੱਜ਼ਤਦਾਰਾਂ ਦਾ ਝਾਕਣਾ ਸਖਤ ਮਨ੍ਹਾ ਹੈ। ਪਰ ਇੱਕ ਗੱਲ ਸੋਲ੍ਹਾਂ ਆਨੇ ਖਰੀ ਏ, ਇਨ੍ਹਾਂ ਇੱਜ਼ਤਦਾਰਾਂ ਦੇ ਝੁਕਾਅ ਸਿਰ ਹੀ ਮੇਰੀ ਬਸਤੀ ਸਲਾਮਤ ਹੈ, ਤੇ ਨਿੱਤ ਨਵੀਂਆਂ ਫੁਟਦੀਆਂ ਕਰੂੰਬਲਾਂ ਨਾਲ ਬਸਤੀ ਦੀ ਵੇਲ ਦਿਨ-ਦੁਗਣੀ ਰਾਤ ਚੌਗਣੀ ਵਾਧੇ ਪਈ ਹੋਈ ਹੈ। ਰੱਬ ਸੁਖ ਰੱਖੇ...! ਇਨ੍ਹਾਂ ਇੱਜ਼ਤਦਾਰਾਂ ਦੀ ਵੇਲ ਵਧਾਵੇ। ਦੱਸੋ ਭਲਾ ਜੇ ਇਹ ਰੱਜੇ-ਪੁੱਜੇ ਇੱਜ਼ਤਦਾਰ ਮੇਰੀ ਬਸਤੀ ਵੱਲ ਨਾ ਝਾਕਣ, ਤਾਂ ਸਾਡੇ ਵਰਗੇ ਮਾਤ੍ਹੜਾਂ ਦਾ ਕੀ ਬਣੇ। ਇਨ੍ਹਾਂ ਦੀ ਸਲਾਮਤੀ 'ਚ ਹੀ ਮੇਰੀ ਬਸਤੀ ਸਲਾਮਤ ਹੈ ਹਜ਼ੂਰ। ਬੜੇ ਨਿਰਾਸ਼ ਨੇ ਵਿਚਾਰੇ ਚਕਾਚੌਂਧ ਭਰੀ ਜ਼ਿੰਦਗੀ ਦੇ ਆਲਮ 'ਤੋਂ। ਕੀ ਕਰਨ...! ਗ਼ਮ ਦਾ ਇਲਾਜ ਕਰਵਾਉਣ ਕਿੱਧਰ ਜਾਣ। ਜ਼ਿੰਦਗੀ ਤੋਂ ਥੱਕੇ ਹਾਰੇ ਕਿੱਥੇ ਜਾ ਕੇ ਹੱਡ ਨਿੱਸਲ ਕਰਨ। ਬਸਤੀ ਦੇ ਕਮਰਿਆਂ ਦੀ ਮੱਧਮ ਰੌਸ਼ਨੀ 'ਚੋਂ ਮਿਲੀ ਜੰਨਤ ਜਿਹੀ ਸੌਗਾਤ ਸਿਰਾਂ 'ਤੇ ਸਰੂਰ ਬਣ ਸਵਾਰ ਹੋ ਜਾਂਦੀ ਹੈ, ਤੇ ਫਿਰ ਹਰ ਗ਼ਮ ਦਾ ਇਲਾਜ ਭਾਲਦੇ, ਭੁੱਲ ਜਾਂਦੇ ਹਨ ਦੀਨ-ਦੁਨੀਆਂ ਨੂੰ, ਤੇ ਕਿਸੇ ਚਰਿੱਤਰਹੀਣ ਦੇ ਸਾਹਾਂ 'ਚੋਂ ਇਹ ਚਰਿੱਤਰਵਾਨ ਭਰਨ ਲੱਗਦੇ ਹਨ ਮਰ ਰਹੀ ਜ਼ਿੰਦਗੀ 'ਚ ਆਕਸੀਜਨ।

ਭਲਾ ਸੌਖੈ ਇੱਜ਼ਤਾਂ ਵਾਲੇ ਰਾਹ ਲੰਘ ਕੇ ਹਨੇਰੇ ਚੀਰਨੇ, ਤੇ ਸਾਹਾਂ ਵਿੱਚ ਮੱਧਮ ਰੌਸ਼ਨੀਆਂ ਦੇ ਲਾਟੂ ਜਗਾਉਣੇ। ਮੈਨੂੰ ਪੁੱਛੋ, ਜਿਸ ਦੇ ਨਾਂ ਦੀ ਅੱਜ ਇੱਥੇ ਤੂਤੀ ਬੋਲਦੀ ਹੈ...। ਕਦੀ ਵਾਗਾਂ ਤੁੜਾ ਕੇ ਨੱਸ ਜਾਣਾ ਚਾਹੁੰਦੀ ਸਾਂ, ਇਸ ਬਸਤੀ ਦੇ ਪਰਛਾਵੇਂ ਤੋਂ ਵੀ ਦੂਰ...ਤੇ ਜੀਉਣਾ ਚਾਹੁੰਦੀ ਸਾਂ, ਹੱਸਣਾ ਚਾਹੁੰਦੀ ਸਾਂ, ਕਿਸੇ ਦੇ ਚੌਂਕੇ-ਚੁੱਲ੍ਹੇ ਦੀ ਪਟਰਾਣੀ ਬਣ ਵੱਸਣ ਦਾ ਵੇਖਿਆ ਕਰਦੀ ਸਾਂ ਖ਼ੁੱਲ੍ਹੇ ਨੈਣੀਂ ਰੰਗਲਾ ਖ਼ੁਆਬ। ਪਰ ਹੁਣ ਨਹੀਂ...। ਰੰਗਲੇ ਖ਼ੁਆਬਾਂ ਦਾ ਹਨੇਰਾ ਜੁ ਦਿਖਣ ਲੱਗਿਐ...।

ਪੱਪੋ, ਹਾਂ ਪੱਪੋ। ਭਲਾ ਕੌਣ ਭੁਲਿਐ ਮੇਰਾ ਇਹ ਨਾਂ। ਉਂਝ ਮੇਰੀ ਮਾਂ ਨੇ ਬੜੇ ਲਾਡਾਂ ਨਾਲ ਮੇਰਾ ਨਾਂ ਪੁਸ਼ਪਿੰਦਰ ਕੌਰ ਰੱਖਿਆ ਸੀ, ਪਰ ਹੁਣ ਤਾਂ ਮੈਨੂੰ ਵੀ ਆਪਣਾ ਇਹ ਨਾਂ ਚੇਤੇ ਕਰਦਿਆਂ ਭੁਲੇਖਾ ਪੈਂਦੈ। ਇਹ ਮੇਰਾ ਹੀ ਹੈ ਜਾਂ ਕਿਸੇ ਹੋਰ ਦਾ।

ਪਿਉ ਮੇਰਾ ਲੱਕੜ ਦਾ ਮਿਸਤਰੀ। ਕਦੀ ਮਾਂ ਨਾਲ ਉੱਚਾ ਨੀਵਾਂ ਬੋਲਦਾ ਨਹੀਂ ਸੀ ਸੁਣਿਆ। ਮਾਂ ਸਾਰਾ ਦਿਨ ਉਸ ਦਾ ਰਾਹ ਉਡੀਕਦੀ, ਆਥਣ ਵੇਲੇ ਅੰਦਰ-ਬਾਹਰ ਹੁੰਦੀ ਆਪ ਰਾਹ ਬਣ ਜਾਂਦੀ। ਘਰ ਦੀ ਦਹਿਲੀਜ਼ ਤੋਂ ਅੰਦਰ ਬਾਹਰ ਹੁੰਦੀ, ਇੱਕ ਨਹੀਂ ਕਈ ਗਲੀਆਂ ਕੱਛ ਮਾਰਦੀ। ਚੌਂਕੇ ਤੋਂ ਦਹਿਲੀਜ਼ ਤੇ ਦਹਿਲੀਜ਼ ਤੋਂ ਚੌਂਕੇ ਤੱਕ ਕਈ ਕਿਲੋਮੀਟਰ ਦਾ ਪੈਂਡਾ ਤੈਅ ਕਰਦਿਆਂ ਇੱਕੋ ਬੋਲ ਉਸ ਦੀ ਜਾਨ ਦਾ ਖੌਅ ਬਣਿਆ ਰਹਿੰਦਾ, "ਖਾ ਗਈ ਚੰਦਰੀ, ਮੇਰਾ ਘਰ। ਮੇਰੀ ਜਾਨ ਲੈ ਕੇ ਹੀ ਛੱਡੇਗੀ ਪਿੱਛਾ।" ਮੇਰੇ ਮੂੰਹ 'ਚ ਗਰਾਹੀਆਂ ਪਾਉਂਦਿਆਂ, ਕਦੀ ਵਾਲਾਂ ਦੀਆਂ ਮੀਢੀਆਂ ਗੁੰਦਦਿਆਂ ਮਾਂ ਅਕਸਰ ਬੋਲਦੀ, ਤੇਰੇ ਵੀਰ ਚਾਨਣ ਤੋਂ ਮਗਰੋਂ ਤਿੰਨ ਬਾਲ ਕੁੱਖ 'ਚ ਹੀ ਪੂਰੇ ਗਏ, ਤੇ ਫਿਰ ਮਸਾਂ ਕਿਧਰੇ ਅੱਠ ਵਰ੍ਹਿਆਂ ਬਾਦ ਮੈਂ ਵੀਰ ਦੇ ਮਗਰ ਲੱਗੀ। ਕਾਸ਼ ! ਜਿਸ ਕੁੱਖ 'ਚ ਤਿੰਨ ਪੂਰੇ ਗਏ ਸਨ, ਉਹ ਮੈਨੂੰ ਚੌਥੀ ਨੂੰ ਵੀ ਥਾਂ ਦੇ ਦਿੰਦੀ।

ਖ਼ੈਰ...! ਮੇਰੇ ਨਸੀਬ।

ਮੇਰੇ ਜਨਮ ਵੇਲੇ ਮਾਂ ਨੂੰ ਸ਼ਿਲੇ ਦੀ 'ਵਾ ਲੱਗ ਗਈ ਤੇ ਵੱਧਦਾ-ਵੱਧਦਾ ਜੋੜਾਂ ਦਾ ਦਰਦ ਗਠੀਆ ਰੋਗ ਬਣ ਗਿਆ। ਪਰ, ਇੰਝ ਜਾਪਦੈ, ਜਿਵੇਂ ਉਸ ਦੇ ਸਰੀਰ ਨੂੰ ਘੱਟ, ਤੇ ਦਿਲ ਨੂੰ ਵਧੇਰੇ ਗੰਢਾਂ ਪੈ ਗਈਆਂ ਸਨ। ਸਾਰਾ ਦਿਨ ਬੋਲਣ ਵਾਲੀ ਮਾਂ ਨੇ ਅਚਾਨਕ ਇੱਕ ਦਿਨ ਅਜਿਹੀ ਚੁੱਪ ਵੱਟੀ, ਤੇ ਬੋਲਣਾ ਉੱਕਾ ਬੰਦ ਕਰ 'ਤਾ। ਫਿਰ ਖਾਣਾ-ਪੀਣਾ...ਤੇ...! ਤੇ...!! ਫਿਰ ਇੱਕ ਦਿਨ, ਮਾਂ ਪੂਰੀ ਹੋ ਗਈ। ਯਾਰਾਂ-ਬਾਰਾਂ ਵਰ੍ਹਿਆਂ ਦੀ ਸਾਂ ਮੈਂ ਉਸ ਵੇਲੇ, ਤੇ ਛੇਵੀਂ ਜਮਾਤ 'ਚ ਪੜ੍ਹਦੀ ਸਾਂ। ਵੀਰ ਚਾਨਣ ਤਾਂ ਅੱਠਵੀਂ ਜਮਾਤ 'ਚ ਹੀ ਪੜ੍ਹਾਈ ਛੱਡ ਗਿਆ ਸੀ। ਹੁਣ ਤਾਂ ਸੁਖ ਨਾਲ ਜਵਾਨੀ ਦੀ ਦਹਿਲੀਜ਼ ਚੜ੍ਹ ਗਿਆ ਸੀ। ਭਾਪੇ ਨਾਲ ਲੱਕੜਾਂ ਚੀਰਦਾ ਉਹ ਆਰੀ ਘਸਾਉਂਦਾ ਸਿਰ ਸੁੱਟੀ ਰੱਖਦਾ। ਮਾਂ ਦਾ ਸਿਵਾ ਠੰਡਾ ਵੀ ਨਹੀਂ ਸੀ ਪਿਆ ਤੇ ਪਿਉ ਮੈਨੂੰ ਤੇ ਵੀਰ ਨੂੰ ਲੈ ਕੇ ਕਰਮੋਂ ਦੇ ਵਿਹੜੇ ਆ ਗਿਆ। ਅਖੇ, "ਬਾਲਾਂ ਨੂੰ ਮਾਂ ਮਿਲ ਜਾਵੇਗੀ।"

ਕਰਮੋਂ ਦਾ ਵਿਹੜਾ...! ਮੈਂ ਹੈਰਾਨ ਹੋਵਾਂ ਇੱਕ ਨਿੱਕੇ ਜਿਹੇ ਕਮਰੇ ਨੂੰ ਕੋਈ ਵਿਹੜਾ ਕਿਵੇਂ ਆਖ ਸਕਦੈ। ਪਿਉ ਮੇਰਾ ਕੰਮ ਛੱਡ ਕੇ ਸਾਰੀ ਦਿਹਾੜੀ ਆਵਦੇ ਨਾਲੋਂ ਅੱਧੀ ਉਮਰ ਦੀ ਕਰਮੋਂ ਨਾਲ ਬਿਸਤਰੇ 'ਚ ਵੜਿਆ ਰਵ੍ਹੇ, ਤੇ ਭਰਾ ਮੇਰਾ...! ਉਹਨੂੰ ਪਤਾ ਨਹੀਂ ਚੰਗੇ-ਭਲੇ ਕੰਮ ਕਰਦੇ ਨੂੰ ਕਿਹੜੀ ਫਿਟਕ ਵੱਜੀ। ਪਹਿਲਾਂ ਕੰਮ 'ਤੇ ਜਾਣਾ ਘੱਟ ਕੀਤਾ ਤੇ ਫਿਰ ਕਰਮੋਂ ਦੇ ਆਲੇ-ਦੁਆਲੇ ਗੇੜੀਆਂ ਦਿੰਦਾ ਕੰਮ ਜਾਣੋਂ ਉੱਕਾ ਹਟ ਗਿਆ। ਘਰ 'ਚ ਕੰਮ ਤਾਂ ਕੋਈ ਜੀਅ ਕਰਦਾ ਨਹੀਂ ਸੀ, ਫਿਰ ਵੰਨ-ਸੁਵੰਨੇ ਖਾਣੇ-ਬਾਣੇ ਕਿੱਥੋਂ ਆਉਂਦੇ ਸਨ। ਮੈਨੂੰ ਕੁਝ ਜਾਣਨ ਵਿੱਚ ਜ਼ਿਆਦਾ ਦੇਰ ਨਾ ਲੱਗੀ ਤੇ ਕਰਮੋਂ ਦੇ ਵਿਹੜੇ ਦਾ ਭੇਤ ਖੁੱਲ੍ਹਣ ਲੱਗਿਆ।

ਮੈਨੂੰ ਸਮਝ ਆਉਣ ਲੱਗੀ, ਕਿ ਮਾਂ ਕਿਉਂ ਤੇ ਕਿਹੜੀ ਚੰਦਰੀ ਨੂੰ ਜਾਨ ਦਾ ਖੌਅ ਆਖ ਕੇ ਛਾਤੀ ਪਿੱਟਿਆ ਕਰਦੀ ਸੀ। ਪਿਉ ਨੂੰ ਭਾਵੇਂ ਮੈਂ ਕਦੀ ਆਪਣੀ ਮਾਂ ਨੂੰ ਉੱਚੀ ਆਵਾਜ਼ 'ਚ ਬੋਲਦਾ ਨਹੀਂ ਸੀ ਸੁਣਿਆ, ਪਰ ਇੱਥੇ ਆ ਕੇ ਤਾਂ ਉਹ ਅਸਲੋਂ ਘੁੱਗੂ ਹੀ ਬਣ ਗਿਆ ਸੀ।

ਕੀ ਵੇਖਿਆ ਸੀ, ਕਰਮੋਂ 'ਚ ਪਿਉ ਮੇਰੇ ਨੇ। ਮੇਰੀ ਮਾਂ ਦੇ ਤਾਂ ਪੈਰ ਦੇ ਅੰਗੂਠੇ ਦੀ ਮੈਲ ਬਰਾਬਰ ਵੀ ਨਹੀਂ ਸੀ। ਕਾਲੀ ਕੁੱਢਣ, ਉੱਚੇ ਦੰਦ। ਬੋਲਦੀ ਤਾਂ ਲੱਗਦਾ ਸਾਰੇ ਜਹਾਨ ਦਾ ਗੰਦ ਉਸ ਦੀ ਜ਼ੁਬਾਨ 'ਤੇ ਧਰਿਆ ਹੋਵੇ। ਕਰਮੋਂ ਹੀ ਕੀ, ਬਸਤੀ ਦੀਆਂ ਔਰਤਾਂ ਆਪਸ 'ਚ ਗੱਲ ਕਰਦੀਆਂ, ਤਾਂ ਸਮਝ ਨਾ ਆਉਂਦੀ ਇੱਕ-ਦੂਸਰੇ ਨੂੰ ਗਾਲ੍ਹਾਂ ਕੱਢਦੀਆਂ ਝਾਟਮ-ਝਾਟੀ ਹੋਣ ਵਾਲੀਆਂ ਹਨ, ਕਿ ਗਾਲ੍ਹਾਂ ਦਾ ਮੁਕਾਬਲਾ ਕਰਕੇ ਦੂਜੀ ਨੂੰ ਹਰਾ ਕੇ ਫਤਿਹ ਹਾਸਲ ਕਰਨਾ ਚਾਹੁੰਦੀਆਂ ਹਨ। ਉੱਚੀ ਬੋਲਦੀਆਂ, ਹਿੜ-ਹਿੜ ਕਰਦੀਆਂ। ਅੱਜ ਕਿੰਨੇ 'ਚ...? ਤੂੰ ਦੱਸ ਕਿੰਨੇ 'ਚ?

ਇੱਕ ਦਿਨ ਮੈਂ ਪਿਉ ਨੂੰ ਪੁੱਛ ਬੈਠੀ, "ਭਾਪਾ, ਮਾਸੀ ਕਰਮੋਂ ਕਿੰਨੇ 'ਚ ਕੀ ਵੇਚਦੀ ਏ?" ਉਸ ਦਿਨ ਪਿਉ ਦੀਆਂ ਅੱਖਾਂ 'ਚ ਰੱਤ ਉਤਰੀ ਵੇਖੀ ਸੀ। ਪਹਿਲੀ ਵਾਰ ਮੈਂ ਪਿਉ ਨੂੰ ਕਰਮੋਂ ਨਾਲ ਉੱਚੀ ਬੋਲਦਾ ਸੁਣਿਆ, "ਹਰਾਮ ਦੀਏ ਛੱਡ ਦੇ ਆਹ ਪੁੱਠੇ ਕਾਰੇ। ਮੈਂ ਕਮਾ ਕੇ ਖੁਆ ਲਾਂਗਾ ਤੈਨੂੰ। ਇੱਜ਼ਤ ਦੀਆਂ ਰੁੱਖੀਆਂ ਵੀ ਮਿਲਣ ਤਾਂ ਚੂਰੀ ਨਾਲੋਂ ਵੱਧ ਸੁਖ ਦਿੰਦੀਆਂ ਨੇ।" ਪਿਉ ਦਾ ਹੱਥ ਕਰਮੋਂ 'ਤੇ ਉਲਰਿਆ, ਤੇ ਵੀਰ ਅੱਗੇ ਹੋ ਗਿਆ। ਕੀ ਹੋ ਰਿਹਾ ਸੀ, ਪਤਾ ਨਹੀਂ, ਪਰ ਜੋ ਹੋਇਆ ਚੰਗਾ ਕੁਝ ਵੀ ਨਹੀਂ ਸੀ। ਪਿਉ ਦੇ ਅੱਗੇ ਚੂੰ ਤੱਕ ਨਾ ਕਰਨ ਵਾਲਾ ਵੀਰ ਭਾਪੇ ਨੂੰ ਡੇਲੇ ਕੱਢ-ਕੱਢ ਗਾਲ੍ਹਾਂ ਕੱਢਦਾ ਧੱਫੇ ਮਾਰਨ ਲੱਗਿਆ, ਜ਼ਮੀਨ 'ਤੇ ਸੁੱਟਿਆ ਤੇ ਠੁੱਡੇ ਮਾਰਦਾ ਇੰਝ ਬੋਲੇ ਜਿਵੇਂ ਉਸ ਅੰਦਰ ਕੋਈ ਜਿੰਨ-ਭੂਤ ਉਤਰ ਆਇਆ ਹੋਵੇ। ਕਰਮੋਂ ਨੇ ਵੀਰ ਨੂੰ ਜੱਫੀ ਪਾ ਲਈ, ਤੇ ਛਾਤੀ ਨਾਲ ਲੱਗ ਕੇ ਡੁਸਕਣ ਲੱਗੀ।

"ਹਾੜਾ ਈ ਓਏ ਰੱਬਾ ਮੇਰਿਆ! ਕਿਹੜੇ ਵੇਲੇ ਇਸ ਚੰਦਰੀ ਨਾਲ ਮੇਲ ਕਰਾਇਆ ਈ। ਨਾ ਉਸ

ਸਾਊ ਨੂੰ ਭੈੜੇ ਰੋਗ ਲੱਗਦੇ, ਨਾ ਮੇਰੀ ਲੋੜ ਮੈਨੂੰ ਇਸ ਬਸਤੀ 'ਚ ਖਿੱਚ ਕੇ ਲਿਆਉਂਦੀ। ਚੱਲ ਮੇਰਾ ਪੁੱਤਰ, ਭੈਣ ਨੂੰ ਲੈ ਨਾਲ ਤੇ ਨਿਕਲ ਚੱਲੀਏ ਇਸ ਬਸਤੀ 'ਚੋਂ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਓਂ ਵਿਗੜਿਆ। ਚੱਲ ਮੇਰਾ ਪੁੱਤ।" ਪਰ ਕਿੱਥੇ, ਵੀਰ ਦੇ ਦਿਮਾਗ 'ਤੇ ਤਾਂ ਕਰਮੋਂ ਚੜ੍ਹੀ ਹੋਈ ਸੀ। ਪਿਉ ਨੂੰ ਲੱਤੋਂ ਫੜ ਕੇ ਘਸੀਟਦਾ ਬੀਹੀ 'ਚੋਂ ਬਾਹਰ ਲੈ ਗਿਆ। ਮੈਂ ਪਿਓ ਵੱਲ ਭੱਜੀ ਤਾਂ ਕਰਮੋਂ ਨੇ ਮੈਨੂੰ ਬਾਹੋਂ ਖਿੱਚ ਲਿਆ। ਲੱਤਾਂ ਘਸੀਟਦਾ ਪਿਉ ਮੇਰਾ ਬੀਹੀ 'ਚੋਂ ਬਾਹਰ ਨਿਕਲ ਗਿਆ। ਕਿੱਧਰ ਗਿਆ ਕੁਝ ਪਤਾ ਨਹੀਂ।

ਮੈਂ ਰੋਵਾਂ, ਕੁਰਲਾਵਾਂ, ਰੋਜ਼ ਪਿਉ ਨੂੰ ਉਡੀਕਾਂ ! ਪਰ ਉਹ ਨਹੀਂ ਮੁੜਿਆ। ਕਿੱਧਰ ਗਿਆ, ਜੀਉਂਦੈ ਕਿ ਮਰ-ਖਪ ਗਿਆ ਰੱਬ ਜਾਣੇ, ਪਰ ਮੈਂ ਵੀਰ ਤੇ ਕਰਮੋਂ ਦੇ ਰਹਿਮੋ-ਕਰਮ 'ਤੇ ਰਹਿ ਗਈ ਸਾਂ, ਇਹ ਨਾ ਕਦੀ ਭੁੱਲਿਆ, ਨਾ ਭੁੱਲੇਗਾ।

ਵੀਰ ਤੇ ਕਰਮੋਂ ਬੜਾ ਖ਼ੁਸ਼ ਰਹਿੰਦੇ। ਹਿੜ-ਹਿੜ ਕਰਦੇ, ਅੱਜ ਪੰਜ ਸੌ 'ਚ, ਅੱਜ ਚਾਰ ਸੌ ਈ ਮੁੱਕਿਐ, ਲੈ ਅੱਜ ਪੌਂ ਬਾਰਾਂ, ਹਜ਼ਾਰ ਦਾ ਨੋਟ ਖਰਾ। ਬੋਲ ਮੇਰੇ ਕੰਨਾਂ 'ਚੋਂ ਹੋ ਕੇ ਦਿਮਾਗ 'ਚ ਚੱਕਰ ਕੱਟਦੇ, ਕਿ ਆਖਰ ਕਿਹੜਾ ਸੌਦਾ ਚਾਰ ਸੌ-ਪੰਜ ਸੌ 'ਚ ਮੁੱਕਦੈ। ਕਿਸ ਨੇ ਹਜ਼ਾਰ ਵਿੱਚ ਕੀ ਵੇਚਿਐ?

ਫਿਰ ਇੱਕ ਦਿਨ ਪਤਾ ਲੱਗਿਆ, ਕਰਮੋਂ ਨੂੰ ਦਿਨ ਚੜ੍ਹ ਗਏ ਸਨ। ਵੀਰ ਨੂੰ ਚਾਅ ਚੜ੍ਹਿਆ ਫਿਰੇ। ਕੁਝ ਮਹੀਨੇ ਪਏ ਤੇ ਕਰਮੋਂ ਨੇ ਵੀਰ ਨੂੰ ਆਖ ਸੁਣਾਇਆ, "ਇਸ ਹਾਲਤ 'ਚ ਮੈਂ ਕੰਮ 'ਤੇ ਨਹੀਂ ਜਾ ਸਕਦੀ, ਆਹ ਭੈਣ ਆਵਦੀ ਨੂੰ ਲਾ ਕੰਮ 'ਤੇ। ਖਾ-ਖਾ ਵਛੇਰੀ ਹੁੰਦੀ ਜਾਂਦੀ ਏ। ਊਂ ਵੀ ਮੂੰਹ ਮੱਥੇ ਲੱਗਦੀ ਏ, 12-13 'ਚ ਹੀ ਪੂਰੀ ਮੁਟਿਆਰ ਲੱਗਣ ਲੱਗੀ ਏ। ਕੋਈ ਹੋਰ ਗਰਾਹੀਂ ਤੋੜ ਖਾਵੇ, ਉਸ ਤੋਂ ਪਹਿਲਾਂ ਸੁੱਚੇ ਟੁੱਕਰ ਦਾ ਜੋ ਵੱਟਿਆ ਜਾਂਦੈ, ਵੱਟ ਕੇ ਪਰ੍ਹਾਂ ਕਰ।"

ਉਸ ਦਿਨ ਵੀਰ ਨੇ ਸਿੱਧਾ ਕਰਮੋਂ ਦੀ ਧੌਣ ਨੂੰ ਹੱਥ ਪਾਇਆ ਸੀ। ਵੀਰ ਦੀ ਵੀਣੀ ਫੜ ਕੇ ਕਰਮੋਂ ਨੇ ਡੇਲੇ ਕੱਢੇ ਤੇ ਜਿਵੇਂ ਹੀ ਜ਼ੋਰ ਨਾਲ ਹੱਸੀ, ਵੀਰ ਦਾ ਹੱਥ ਹੀ ਨਹੀਂ ਇੰਝ ਸਾਰਾ ਜਿਸਮ ਢਿੱਲਾ ਪੈ ਗਿਆ, ਜਿਵੇਂ ਨਬਜ਼ ਰੁਕ ਗਈ ਹੋਵੇ। ਕਰਮੋਂ ਦਾ ਆਖਿਆ ਸੱਤ ਬਚਨ ਹੋ ਗਿਆ। ਕੁਝ ਦਿਨ ਚੁੱਪ-ਚਾਂ ਜਿਹੀ ਰਹੀ। ਝੱਖੜ ਝੁੱਲਣ ਤੋਂ ਪਹਿਲਾਂ ਹੋਏ ਗੁੰਮ ਵਰਗੀ ਹੁੰਮਸ।

ਤੇ ਫਿਰ ਉਸ ਦਿਨ ! ਨਾ ਕੋਈ ਮੇਲਾ ਨਾ ਤਿਓਹਾਰ, ਪਰ ਕਰਮੋਂ ਦੀ ਖ਼ੁਸ਼ੀ ਅੰਬਰਾਂ 'ਚ ਤਾੜੀਆਂ ਮਾਰੇ ਪਈ।

"ਹੈਂਅ, ਮਖਿਆ ਸੱਚੀਂ ਪੱਚੀ ਹਜ਼ਾਰ?"

"ਨਾ ਮੈਂ ਤੈਨੂੰ ਝੂਠ ਬੋਲਿਆ ਕਦੀ, ਗਿਣ ਲੈ। ਆਹ ਅਡਵਾਂਸ ਦਾ ਪੰਦਰਾਂ ਹਜ਼ਾਰ, ਤੇ ਬਾਕੀ ਟਿਕਾਣੇ ਅੱਪੜਦਿਆਂ ਪਹਿਲਾਂ ਪੈਸੇ ਲੈ ਕੇ ਫਿਰ ਮਾਲ ਦੇਣੈਂ।" ਕਰਮੋਂ ਦੀ ਝੋਲੀ ਨੋਟਾਂ ਨਾਲ ਭਰ ਕੇ ਵੀਰ ਮੈਨੂੰ ਲੈ ਕੇ ਤੁਰ ਪਿਆ। ਕਿਸ ਰਾਹ...! ਨਹੀਂ ਸਾਂ ਜਾਣਦੀ। ਤਦੇ ਹੀ ਤਾਂ ਵੀਰ ਸਾਰੇ ਰਾਹ ਸਮਝਾਉਂਦਾ ਗਿਆ ਮੈਨੂੰ ਕੰਮ ਦੀ ਅਕਲ।

"ਵੇਖ ਪੱਪੀਏ, ਹੁਣ ਨਿਆਣੀਂ ਨਹੀਂ ਰਹੀ ਤੂੰ। ਅੱਜ ਤੋਂ ਕਮਾਉਣ ਵਾਲੀ ਬਣ ਜਾਣੈ। ਸੁਖ ਨਾਲ ਪੈਸੇ ਦੀ ਤੋਟ ਨਹੀਂ ਰਹਿਣੀ। ਜਿਵੇਂ ਸੇਠ ਜੀ ਆਖਣ ਸਾਰਾ ਕਹਿਣਾ ਮੰਨੀ।"

'ਠੀਕ ਏ ਵੀਰੇ,' 'ਠੀਕ ਏ ਵੀਰੇ' ਆਖਦੀ ਮੈਂ ਉਹਦੇ ਪੈਰਾਂ ਦੇ ਨਿਸ਼ਾਨ ਨੱਪਦੀ ਗਈ। ਇੱਕ ਦੁਕਾਨ ਦੇ ਬਾਹਰ ਪਹੁੰਚ ਕੇ ਵੀਰ ਨੇ ਬੰਦ ਸ਼ਟਰ 'ਤੇ ਤਿੰਨ ਵਾਰੀ ਚਾਬੀ ਠਕੋਰ ਕੇ ਖੰਗੂਰਾ ਮਾਰਿਆ। ਅੱਧਾ ਸ਼ਟਰ ਖੁੱਲ੍ਹਿਆ। ਮੈਨੂੰ ਖਲ੍ਹਾਰ ਕੇ ਵੀਰ ਅੰਦਰ ਗਿਆ। ਦੋ ਮਿੰਟਾਂ ਬਾਦ ਉਹ ਪੰਜ-ਪੰਜ ਸੌ ਦੇ ਨੋਟ ਗਿਣਦਾ ਬਾਹਰ ਨਿਕਲਿਆ। ਮੇਰੇ ਸਿਰ 'ਤੇ ਹੱਥ ਫੇਰਿਆ, ਤਾਂ ਉਹਦੀਆਂ ਅੱਖਾਂ 'ਚੋਂ ਗਲੇਡੂ ਡਲ੍ਹਕ ਪਏ, ਕਿਉਂ? ਪਤਾ ਨਹੀਂ। ਮੈਨੂੰ ਅੰਦਰ ਜਾਣ ਦਾ ਇਸ਼ਾਰਾ ਕੀਤਾ, ਤੇ ਅੱਖਾਂ ਪੂੰਝਦਾ ਦੁਕਾਨ ਤੋਂ ਗਲੀ ਵੱਲ ਨੂੰ ਹੋ ਗਿਆ।

ਡੌਰ-ਭੌਰੀ ਹੋਈ ਮੈਂ ਝੁਕੀ ਤੇ ਸ਼ਟਰ ਦੇ ਅੰਦਰ ਪੈਰ ਧਰ ਕੇ ਸਿਰ ਸਿੱਧਾ ਵੀ ਨਹੀਂ ਸੀ ਕੀਤਾ, ਕਿ ਚਰਰਰ.. ਕਰਦਾ ਸ਼ਟਰ ਬੰਦ ਹੋ ਗਿਆ।

ਬੜਾ ਅਜੀਬ ਦ੍ਰਿਸ਼ ਸੀ। ਦੁਕਾਨ ਹੁੰਦੀ, ਤਾਂ ਵੇਚਣ ਲਈ ਕੋਈ ਸਾਮਾਨ ਰੱਖਿਆ ਹੁੰਦਾ, ਪਰ ਇੱਥੇ ਤਾਂ ਬੜਾ ਵੱਡਾ ਬੈੱਡ ਲੱਗਿਆ ਸੀ। ਨਾਲ ਸੋਫਾ ਸੈੱਟ ਤੇ ਕੁਰਸੀਆਂ। ਇੱਕ ਮੋਟਾ ਸੇਠ ਹੱਥ 'ਚ ਸ਼ਰਾਬ ਦਾ ਗਿਲਾਸ ਫੜੀ ਬੈਠਾ। ਮੈਨੂੰ ਵੇਖ ਕੇ ਹੱਸਿਆ ਤੇ ਫਿਰ ਸੇਵਾ 'ਚ ਲੱਗੇ ਨੌਕਰ ਨੂੰ ਜਾਣ ਲਈ ਹੱਥ ਦਾ ਇਸ਼ਾਰਾ ਕੀਤਾ। ਸੇਠ ਦੇ ਲਾਲ ਡੇਲੇ ਵੇਖ ਕੇ ਡਰ ਨਾਲ ਮੇਰਾ ਹਲਕ ਸੁੱਕ ਗਿਆ। ਉਹ ਫਿਰ ਹੱਸਿਆ ਤੇ ਬੋਲਿਆ, "ਕਮਾਲ ਦਾ ਮਾਲ ! ਇਹ ਕਰਮੋਂ ਵੀ ਨਾ ਚੁਣ-ਚੁਣ ਕੇ ਪੁਰਜੇ ਭਾਲਦੀ ਏ।"

'ਮਾਲ', 'ਪੁਰਜੇ'...! ਸੁਣਦਿਆਂ, ਮੇਰੇ ਦਿਮਾਗ 'ਚ ਡੇਰੇ ਦਾ ਸੇਵਾਦਾਰ ਤੇ ਮਾਸੀ ਨਸੀਬੋ ਘੁੰਮਣ ਲੱਗੇ। ਪਤਾ ਨਹੀਂ ਕੀ ਹੋਇਆ, ਮੈਂ ਕਾਹਲੀ ਨਾਲ ਸ਼ਟਰ ਵੱਲ ਭੱਜੀ। ਠਾਹ ਕਰਦਾ ਮੇਰਾ ਮੱਥਾ ਸ਼ਟਰ ਨਾਲ ਜਾ ਵੱਜਿਆ। ਮੇਰੀ ਚੀਕ ਨਿਕਲ ਗਈ।

ਸੇਠ ਤੇਜ਼ੀ ਨਾਲ ਸੋਫੇ ਤੋਂ ਉੱਠਿਆ ਤੇ ਮੈਨੂੰ ਜੱਫੀ 'ਚ ਲੈਂਦਾ ਬੋਲਿਆ, "ਓ ਹੋ, ਜ਼ਿਆਦਾ ਤਾਂ ਨਹੀਂ ਲੱਗੀ।" ਮੇਰਾ ਮੱਥਾ ਵੇਖਣ ਦੀ ਬਜਾਏ ਬਾਹਾਂ 'ਚ ਘੁੱਟਿਆ ਤੇ ਫਿਰ ਸ਼ਰਾਬ ਦੀ ਹਵਾੜ ਮੇਰੇ ਮੂੰਹ 'ਚ ਛੱਡ ਦਿੱਤੀ। ਮੇਰੇ ਬੁੱਲ੍ਹਾਂ 'ਤੇ ਦੰਦੀਆਂ ਮਾਰੀਆਂ। ਗੁਰਦੁਆਰੇ ਵਾਲਾ ਭਾਈ ਮੇਰੇ ਚੇਤਿਆਂ 'ਚ ਡੰਗ ਮਾਰਨ ਲੱਗਿਆ। ਉਦੋਂ ਜਦੋਂ ਅਸੀਂ ਮਾਂ ਨਾਲ ਸ਼ਰੀਫ਼ਾਂ ਦੇ ਮੁਹੱਲੇ ਵਿੱਚ ਕਿਰਾਏ ਦੇ ਮਕਾਨ 'ਚ ਰਿਹਾ ਕਰਦੇ ਸਾਂ। ਮੁਹੱਲੇ ਦੇ ਇੱਕ ਮਕਾਨ 'ਚ ਗੁਰਦੁਆਰਾ ਸੀ, ਤੇ ਚਿੱਟੀ ਦਾੜ੍ਹੀ ਵਾਲਾ ਗ੍ਰੰਥੀ ਉੱਥੇ ਪਾਠ ਕਰਿਆ ਕਰੇ। ਲੋਕ ਉਸ ਨੂੰ ਜਤੀ ਸਤੀ ਆਖਦੇ। ਧੌਲ-ਦਾੜ੍ਹੀਏ ਗ੍ਰੰਥੀ ਨੇ ਵਿਆਹ ਨਹੀਂ ਸੀ ਕਰਵਾਇਆ। ਮੁਹੱਲੇ ਵਾਲੇ ਉਸ 'ਤੇ ਐਨਾ ਭਰੋਸਾ ਕਰਦੇ ਕਿ ਬਾਲਾਂ ਨੂੰ ਗੁਰਦੁਆਰੇ 'ਚ ਖੇਡਣ ਭੇਜ ਦਿੰਦੇ। ਭਾਈ ਜੀ ਮੁੰਡਿਆਂ ਨੂੰ ਤਾਂ ਫੁੱਲੀਆਂ ਦਾ ਪ੍ਰਸ਼ਾਦ ਦਿੰਦਾ, ਪਰ ਬਾਲੜੀਆਂ ਦੀਆਂ ਝੋਲੀਆਂ ਚੜ੍ਹਾਵੇ 'ਚ ਆਏ ਸੇਬ, ਕੇਲਿਆਂ ਨਾਲ ਭਰ ਦਿੰਦਾ। ਫਿਰ ਚਿੱਟੀ ਚਾਦਰ ਵਿਛੇ ਦੀਵਾਨ 'ਤੇ ਲੈ ਜਾਂਦਾ, ਆਖਦਾ...!ਆਜੋ ਝੂਟੇ-ਮਾਈਆਂ ਖੇਡੀਏ, ਤੇ ਫਿਰ, ਫਿਰ...! ਹਾਏ...! ਹਾਏ...! ਮੈਨੂੰ ਸਾਹ ਲੈਣਾ ਔਖਾ ਹੋ ਗਿਆ, ਤੇ ਮਿੰਟ ਨਹੀਂ ਲਾਇਆ ਸੇਠ ਨੰਗਾ ਹੋ ਗਿਆ।

ਸ਼ਰੀਫ਼ਾਂ ਦੇ ਮੁਹੱਲੇ ਦੀ ਭੀੜੀ ਗਲੀ ਮੇਰਾ ਸਾਹ ਘੁੱਟਣ ਲੱਗੀ। ਕੁੜੀਆਂ ਨੂੰ ਵੇਖ ਕੇ ਚਾਦਰ ਖੋਲ੍ਹ ਕੇ ਨੰਗਾ ਹੋ ਜਾਂਦਾ ਇੱਕ ਬੰਦਾ...! ਦੈਂਤ ਬਣ ਕੇ ਮੇਰੇ ਚੇਤਿਆਂ 'ਚ ਸਵਾਰ ਹੋ ਗਿਆ। ਕਿਸੇ ਕੁੜੀ ਦੀ ਛਾਤੀ ਮਸਲ ਸੁੱਟਦਾ ਤੇ ਕਿਸੇ ਦੀ ਗੱਲ੍ਹ 'ਤੇ ਚੱਕ ਵੱਢ ਕੇ ਹਵਾ ਹੋ ਜਾਂਦਾ। ਕਾਸ਼...! ਇਹ ਸੇਠ ਵੀ ਕਿਸੇ ਪਾਸੇ ਹਵਾ ਹੋ ਜਾਂਦਾ, ਪਰ ਇਹ ਦੋਵੇਂ ਪਾਸਿਓਂ ਖੁੱਲ੍ਹੀ ਭੀੜੀ ਗਲੀ ਨਹੀਂ, ਸੇਠ ਦੀ ਆਪਣੀ ਦੁਕਾਨ ਸੀ, ਜੋ ਸਾਰੇ ਪਾਸਿਓਂ ਬੰਦ ਸੀ। ਨਿਕਲਣ ਦਾ ਕੋਈ ਰਾਹ ਨਹੀਂ। ਚਾਦਰ ਵਾਲਾ ਭਾਈ ਤਾਂ ਆਪ ਹੀ ਨੰਗਾ ਹੁੰਦਾ ਸੀ, ਪਰ ਸੇਠ ਨੇ ਤਾਂ...! ਇੱਕ-ਇੱਕ ਕਰਕੇ ਮੇਰੇ ਕੱਪੜੇ ਲਾਹ ਸੁੱਟੇ। ਮੈਂ ਛੱਡ ਦੇਣ ਲਈ ਹਾੜ੍ਹੇ ਪਾਵਾਂ, ਪਰ ਉਹ ਹੱਟਾ-ਕੱਟਾ ਮੈਨੂੰ ਇੰਝ ਨੋਚੇ ਜਿਵੇਂ ਭੁੱਖਾਂ ਮਾਰੇ ਬਘਿਆੜ ਦੇ ਚੱਕ ਹੇਠ ਮਸਾਂ ਕੋਈ ਅਲੂੰਆਂ ਜਿਹਾ ਖ਼ਰਗੋਸ਼ ਆਇਆ ਹੋਵੇ। ਉਸ ਦੇ ਜਬਾੜਿਆਂ 'ਚੋਂ ਬਚਣ ਲਈ ਜਿੰਨਾ ਜ਼ੋਰ ਸੀ ਲਾਇਆ, ਪਰ ਫਿਰ ਜ਼ੋਰ ਮੁੱਕ ਗਿਆ ਤੇ ਮੇਰਾ ਸਰੀਰ ਬੈੱਡ 'ਤੇ ਨਿਢਾਲ ਹੋ ਗਿਆ। ਲਹੂ-ਲੁਹਾਨ ਹੋਈ ਮੈਂ ਪੀੜਾਂ ਨਾਲ ਕੁਰਲਾ ਉੱਠੀ। ਬੰਦ ਕੰਧਾਂ ਨਾਲ ਮੇਰੀਆਂ ਚੀਕਾਂ ਟੱਕਰਾਂ ਮਾਰਨ, ਪਰ ਸੁਣਨ ਵਾਲੇ ਕੰਨਾਂ 'ਚ ਤਾਂ ਪੱਚੀ ਹਜ਼ਾਰ ਬੱਤੀਆਂ ਪੈ ਚੁੱਕੀਆਂ ਸਨ।

ਜੀਅ ਭਰ ਕੇ ਖਾਧਾ ਸੇਠ ਨੇ ਮੈਨੂੰ ਬੋਟੀ ਬੋਟੀ, ਤੇ ਫਿਰ ਜਦੋਂ ਢਿੱਡ ਭਰ ਗਿਆ, ਮੇਰੇ ਕੱਪੜੇ ਮੇਰੀ ਨੰਗੀ ਦੇਹ 'ਤੇ ਸੁੱਟ ਕੇ ਛੇਤੀ ਪਾ ਕੇ ਚੱਲਦੀ ਬਣਨ ਦਾ ਆਡਰ ਸੁਣਾ ਦਿੱਤਾ। ਅਖੇ, "ਚੱਲ ਗੁੱਡੀ, ਹੋ

ਗਿਆ ਤੇਰਾ ਕੰਮ।"

ਮੈਥੋਂ ਹਿੱਲਿਆ ਵੀ ਨਾ ਜਾਵੇ, ਪਰ ਹੁਣ ਉਹ ਮੈਨੂੰ ਛੇਤੀ ਤੋਂ ਛੇਤੀ ਬਾਹਰ ਕੱਢਣ ਲਈ ਕਾਹਲਾ ਸੀ। ਆਪ ਈ ਉਸ ਨੇ ਸਿੱਧੇ-ਪੁੱਠੇ ਮੇਰੇ ਕੱਪੜੇ ਚੜ੍ਹਾ ਕੇ ਬਾਹੋਂ ਫੜਿਆ ਤੇ ਦੁਕਾਨ 'ਚੋਂ ਬਾਹਰ ਧੱਕ ਕੇ ਛਟੱਕ ਦੇਣੀ ਸ਼ਟਰ ਸੁੱਟ ਲਿਆ।

ਵੀਰ...ਵੀਰ ਨਹੀਂ! ਮੇਰਾ ਦਲਾਲ...!! ਬਾਹਰ ਹੀ ਖੜ੍ਹਾ ਸੀ। ਵਾਹੋ-ਦਾਹ ਮੈਨੂੰ ਬਾਹੋਂ ਫੜਿਆ, ਤੇ ਕਾਹਲੇ ਪੈਰੀਂ ਬਸਤੀ ਵੱਲ ਲੈ ਤੁਰਿਆ। ਮੇਰੇ ਹਟਕੋਰੇ ਨਾ ਰੁਕਣ। ਰੁਕਦੇ ਵੀ ਕਿਵੇਂ? ਹਾਲੇ ਹੁਣੇ ਹੀ ਤਾਂ ਮੇਰਾ ਵੀਰ ਮੋਇਆ ਸੀ। ਉਹ ਵੀਰ ਜਿਹੜਾ ਕੁੱਛੜ ਚੁੱਕ ਕੇ ਖਿਡਾਇਆ ਕਰਦਾ ਸੀ, ਆਵਦੇ ਮੂੰਹੋਂ ਕੱਢ ਕੇ ਮੇਰੇ ਮੂੰਹ 'ਚ ਗਰਾਹੀਆਂ ਪਾਇਆ ਕਰਦਾ ਸੀ। ਮੇਰੀਆਂ ਨਿੱਕੀਆਂ-ਨਿੱਕੀਆਂ ਜ਼ਿੱਦਾਂ ਪੁਗਾਉਣ ਲਈ ਆਵਦੀ ਗੋਲਕ ਭੰਨ ਸੁੱਟਦਾ ਸੀ। ਅੱਜ ਇੱਕੋ ਵਾਰੀ 'ਚ ਸਾਰਾ ਮੂਲ ਸਮੇਤ ਵਿਆਜ ਵਸੂਲ ਕੇ ਬੜਾ ਖ਼ੁਸ਼ ਸੀ। ਨਹੀਂ...! ਇਹ ਮੇਰਾ ਵੀਰ ਹੈ ਹੀ ਨਹੀਂ ਸੀ। ਉਹ ਤਾਂ ਉਸੇ ਦਿਨ ਮਰ ਗਿਆ ਸੀ, ਜਿਸ ਦਿਨ ਕਰਮੋਂ ਦੇ ਅੱਗੇ ਹੋ ਕੇ ਪਿਓ ਦੇ ਗਲਮੇ ਤੱਕ ਅੱਪੜਿਆ ਸੀ। ਮੈਂ ਹੀ ਅਣਭੋਲ ਸਾਂ, ਬਾਲੜੀ ਰਹੀ, ਭੁਲੇਖੇ 'ਚ ਬੈਠੀ ਰਹੀ ਪੱਥਰ ਦੀ ਓਟ ਲੈ ਕੇ।

ਬਸਤੀ ਤੱਕ ਪਹੁੰਚਦਿਆਂ ਹਟਕੋਰੇ ਹਿਚਕੀਆਂ 'ਚ ਬਦਲ ਗਏ। ਰੋ-ਰੋ ਕੇ ਜੀਭ ਤਾਲੂ ਨਾਲ ਲੱਗ ਗਈ। ਦਹਿਲੀਜ਼ 'ਚ ਖੜ੍ਹੀ ਰਾਹ ਉਡੀਕਦੀ ਕਰਮੋਂ ਦੀਆਂ ਸਾਨੂੰ ਵੇਖਦਿਆਂ ਵਾਛਾਂ ਖਿੜ ਗਈਆਂ। ਵੀਰ ਨੇ ਜੇਬ 'ਚੋਂ ਕੱਢ ਕੇ ਨੋਟਾਂ ਦੀ ਗੱਠੀ ਕਰਮੋਂ ਦੀ ਤਲੀ 'ਤੇ ਧਰ ਦਿੱਤੀ। ਪੈਸੇ ਫੜਨ ਦੀ ਬਜਾਏ ਉਹ ਬਾਹਾਂ ਖਿਲਾਰਦੀ ਮੇਰੇ ਅੱਗੋਂ ਦੀ ਹੋ ਗਈ, ਤੇ ਘੁੱਟ ਕੇ ਛਾਤੀ ਨਾਲ ਲਾਉਂਦਿਆਂ ਬੋਲੀ, "ਅੱਜ ਬਣੀ ਏਂ ਤੂੰ ਮੇਰੀ ਅਸਲ 'ਚ ਧਰਮ ਦੀ ਧੀ। ਹੁਣ ਆਪਣਾ ਇੱਕੋ ਧਰਮ, ਇੱਕੋ ਜਾਤ ਤੇ ਇੱਕੋ ਸਾਂਝੀ ਪਛਾਣ। ਅਜਿਹੀਆਂ ਨੋਟਾਂ ਦੀਆਂ ਗੱਠੀਆਂ ਤਾਂ ਮੈਂ ਆਪਣੀ ਧੀ ਤੋਂ ਵਾਰ-ਵਾਰ ਸੁੱਟਾਂ।" ਤੇ ਸੱਚਮੁੱਚ ਹੀ ਵੀਰ ਦੇ ਹੱਥੋਂ ਪੰਜ-ਪੰਜ ਸੌ ਦੇ ਨੋਟਾਂ ਦੀ ਗੱਠੀ ਧੂਹ ਕੇ ਮੇਰੇ ਸਿਰ ਤੋਂ ਵਾਰ ਦਿੱਤੀ। ਵੀਰ ਨੇ ਕਰਮੋਂ ਵੱਲ ਵੇਖਿਆ, ਜ਼ਮੀਨ 'ਤੇ ਥੁੱਕਿਆ ਤੇ ਡੱਬ 'ਚੋਂ ਕੱਢ ਕੇ ਸ਼ਰਾਬ ਦਾ ਪਊਆ ਮੂੰਹ ਨੂੰ ਲਾ ਲਿਆ। ਗਟ-ਗਟ ਕਰਦੀ ਸੁੱਕੀ ਸ਼ਰਾਬ ਗਲਿਓਂ ਲੰਘਾ ਕੇ ਉਹ ਫੁੱਟ-ਫੁੱਟ ਰੋਣ ਲੱਗਿਆ। ਕਿਉਂ ਰੋ ਰਿਹਾ ਸੀ ! ਮੈਨੂੰ ਕੁਝ ਸਮਝ ਨਹੀਂ ਸੀ ਆ ਰਹੀ, ਤੇ ਨਾ ਸਮਝਣ ਦੀ ਕੋਈ ਇੱਛਾ ਸੀ।

ਫਿਰ ਰੋਜ਼ ਮੇਰਾ ਸੌਦਾ ਹੋਣ ਲੱਗਿਆ। ਮੇਰੀ ਬੋਲੀ ਲੱਗਦੀ, ਤੇ ਵੱਧ ਬੋਲੀ ਦੇਣ ਵਾਲਾ ਮੈਨੂੰ ਨੋਚ ਖਾਂਦਾ। ਕਈ ਥਾਲੀਆਂ ਦਾ ਭੋਜਨ ਬਣਨ ਦੇ ਬਾਵਜੂਦ ਮੈਨੂੰ ਇੱਕੋ ਸੰਸਾ ਵੱਢ-ਵੱਢ ਖਾਇਆ ਕਰੇ। ਆਖਰ ਵਿਕਦਾ ਕੀ ਸੀ? ਵੀਰ ਮੈਨੂੰ ਨਿੱਤ ਨਵੇਂ ਕਿਸੇ ਬੰਦੇ ਕੋਲ ਲੈ ਜਾਂਦਾ। ਉਹ ਦੂਜਿਆਂ ਵਾਂਗ ਹੀ ਮੇਰੇ ਨਾਲ ਕਰਦਾ ਤੇ ਫਿਰ ਲੱਤਾਂ ਘੜੀਸਦੀ ਨੂੰ ਬਸਤੀ 'ਚ ਵਾਪਸ ਲੈ ਆਇਆ ਕਰੇ। ਮੈਂ ਕਦੀ ਕੋਈ ਚੀਜ਼ ਤਾਂ ਲੈ ਕੇ ਨਹੀਂ ਸਾਂ ਜਾਂਦੀ, ਨਾ ਵੀਰ ਕੋਲ ਕੋਈ ਸਾਮਾਨ ਹੁੰਦਾ ਸੀ। ਤਾਂ ਫਿਰ ਸੌਦਾ ਕਾਹਦਾ ਹੁੰਦਾ ਸੀ। ਫਿਰ ਇੱਕ ਦਿਨ ਭੇਤ ਖੁੱਲ੍ਹ ਹੀ ਗਿਆ...।

ਕਰਮੋ ਦੇ ਵਿਹੜੇ ਤੋਂ ਦੋ-ਚਾਰ ਘਰ ਛੱਡ ਕੇ ਭੂਆ ਜਿੰਦਰੀ ਦਾ ਅੱਡਾ ਸੀ। ਰੂੰ ਦੇ ਫੰਬੇ ਵਰਗੀ ਗੋਰੀ ਚਿੱਟੀ, ਬਾਂਸ ਵਾਂਗ ਲੰਬੀ-ਉੱਚੀ, ਨੀਲੀਆਂ ਅੱਖਾਂ, ਭਰਵਾਂ ਸਰੀਰ। ਜਦੋਂ ਨੱਕ ਚੜ੍ਹਾ ਕੇ ਗੱਲ ਕਰਦੀ ਤਾਂ ਵੇਖਣ ਵਾਲਾ ਥਾਂਵੇਂ ਨਜ਼ਰਾਂ ਗੱਡ ਲੈਂਦਾ। ਆਪ ਮੁਹਾਰੇ 'ਨੀਲੀਆਂ ਨਸ਼ੀਲੀਆਂ ਬਿਲੌਰੀ ਅੱਖਾਂ ਤੇਰੀਆਂ' ਗਾਉਂਦਾ ਬੰਦਾ ਉਸ ਦੇ ਹੁਸਨ ਦੇ ਜਾਦੂ ਦਾ ਕੀਲਿਆ ਹੱਸਦਿਆਂ ਆਪਾ ਲੁਟਾ ਦਿੰਦਾ। ਉਹ ਉਮਰ ਦੀਆਂ ਪੰਜਾਹ ਪਤਝੜ ਬਹਾਰਾਂ ਹੰਢਾ ਚੁੱਕੀ ਸੀ, ਪਰ ਹੁਣ ਵੀ ਪੱਚੀਆਂ-ਛੱਬੀਆਂ ਤੋਂ ਵੱਧ ਨਹੀਂ ਸੀ ਲੱਗਦੀ। ਸਾਰੇ ਜਾਣਦੇ ਹਨ, ਇੱਕ ਡਾਕਟਰ ਭੂਆ ਜਿੰਦਰੀ ਦੇ ਹੁਸਨ ਦਾ ਡੰਗਿਆ ਇਸੇ ਦਾ ਮੁਰੀਦ ਹੋ ਕੇ ਰਹਿ

ਗਿਆ। ਉਹ ਇੱਕ ਪਲ ਵੀ ਜਿੰਦਰੀ ਨੂੰ ਅੱਖੋਂ ਉਹਲੇ ਹੁੰਦਾ ਬਰਦਾਸ਼ਤ ਨਾ ਕਰਦਾ। ਤੇ ਆਖਰ ਉਸ ਨੇ ਜਿੰਦਰੀ ਨੂੰ ਹਮੇਸ਼ਾਂ ਅੱਖਾਂ 'ਚ ਕੈਦ ਕਰਨ ਦਾ ਢੰਗ ਲੱਭ ਲਿਆ। ਜਿੰਦਰੀ ਡਾਕਟਰ ਦੇ ਕਲੀਨਿਕ 'ਤੇ ਨਰਸ ਬਣਨ ਦਾ ਕੋਰਸ ਕਰਨ ਲੱਗੀ। ਡਾਕਟਰ ਡਾਕਟਰੀ ਛੱਡ ਕੇ ਭੂਆ ਨੂੰ ਖ਼ੁਸ਼ ਕਰਨ ਦੇ ਆਹਰੇ ਲੱਗ ਗਿਆ। ਉਸ ਦੀ ਡਾਕਟਰਨੀ ਘਰਵਾਲੀ ਜਿੰਦਰੀ ਦੇ ਮੋਹ-ਜਾਲ 'ਚੋਂ ਡਾਕਟਰ ਨੂੰ ਛੁਡਾਉਣ ਲਈ ਪਾਗਲਾਂ ਵਾਂਗ ਬਸਤੀ ਦੇ ਚੱਕਰ ਮਾਰਿਆ ਕਰੇ। ਹੋਰ ਤਾਂ ਹੋਰ, ਕਦੇ ਬਸਤੀ ਦੀ ਸ਼ਾਨ ਰਹੀ ਬੀਬੀ ਦੀਸ਼ਾਂ, ਹੁਣ ਬੁੱਢੇ ਵਾਰੇ ਦਾਲ-ਫੁਲਕਾ ਤੋਰਨ ਲਈ ਵਿਹੜੇ 'ਚ ਤ੍ਰਿਸ਼ੂਲ ਗੱਡ ਕੇ ਲਾਲ ਚੋਗਾ ਪਾ ਕੇ ਬਣੀ ਮਾਂ ਜਗਦੀਸ਼ਾਂ ਕੋਲ ਚੌਂਕੀਆਂ ਭਰ ਕੇ, ਆਪਣੇ ਨਿੱਕੇ-ਨਿੱਕੇ ਬਾਲਾਂ ਦਾ ਵਾਸਤਾ ਪਾਵੇ, ਪਰ ਡਾਕਟਰ ਨੇ ਮਰਦੇ ਦਮ ਤੱਕ ਜਿੰਦਰੀ ਦੀ ਬੁੱਕਲ ਨਾ ਛੱਡੀ। ਮਰਿਆ ਵੀ ਇਸੇ ਦੀ ਝੋਲੀ 'ਚ। ਡਾਕਟਰਨੀ ਤੇ ਉਸ ਦੇ ਬਾਲਾਂ ਦਾ ਕੀ ਬਣਿਆ ਰੱਬ ਜਾਣੇ, ਪਰ ਭੂਆ ਜਿੰਦਰੀ ਜ਼ਰੂਰ ਨਰਸ ਬਣ ਗਈ। ਉਸ ਕੋਲ ਹੁਣ ਵੀ ਡਾਕਟਰਾਂ ਦਾ ਘਾਟਾ ਨਹੀਂ, ਪਰ ਸਮਝ ਨਹੀਂ ਆਉਂਦੀ ਕਿ ਇਲਾਜ ਕਰਨ ਵਾਲੇ ਡਾਕਟਰ ਭੂਆ ਦੇ ਮਰੀਜ਼ ਕਿਉਂ ਅਖਵਾਉਂਦੇ ਹਨ?

ਦੋ-ਤਿੰਨ ਦਿਨਾਂ ਤੋਂ ਮੇਰੀ ਤਬੀਅਤ ਠੀਕ ਨਹੀਂ ਸੀ। ਸੋਚਿਆ ਕਿਉਂ ਨਾ ਭੂਆ ਕੋਲੋਂ ਦਵਾਈ ਲੈ ਆਵਾਂ। ਨਬਜ਼ ਵੇਖਦੀ ਆਦਤ ਮੁਤਾਬਿਕ ਉਹ ਬੋਲਣ ਲੱਗੀ, "ਛੋਕਰੀ ਯਾਵ੍ਹਿਆਂ ਦੀ ਕਰਮੋ, ਤੇਰੀ ਸਾਰੀ ਕਮਾਈ ਡਕਾਰੀ ਜਾਂਦੀ ਏ। ਕੁਝ ਚੱਜ ਦਾ ਖਾਇਆ ਪੀਆ ਕਰ। ਹੱਡਾਂ 'ਚ ਜਾਨ ਹੋਵੇਗੀ, ਤਾਂ ਕੁੜੇ ਗਾਹਕ ਬਥੇਰੇ। ਇੱਥੇ ਹੀਰਿਆਂ ਦੇ ਮੁੱਲੋਂ ਕੌਡੀਆਂ ਦੇ ਭਾਅ ਡਿੱਗਦਿਆਂ ਦੇਰ ਨਹੀਂ ਲੱਗਦੀ। ਹੀਰਿਆਂ ਦੇ ਗਾਹਕ ਬਥੇਰੇ, ਕੌਡੀਆਂ ਨੂੰ ਕੌਣ ਪੁੱਛਦੈ।"

ਚਾਨਚੱਕ ਹੀ ਮੇਰੇ ਮੂੰਹੋਂ ਨਿਕਲ ਗਿਆ, "ਭੂਆ ਆਪਾਂ ਕੀ ਵੇਚੀਦੈ, ਮੈਨੂੰ ਤਾਂ ਸਮਝ ਨਹੀਂ ਆਉਂਦਾ।"

ਉਹ ਐਨਾ ਉੱਚੀ ਹੱਸੀ ਕਿ ਮੇਰਾ ਤ੍ਰਾਹ ਨਿਕਲ ਗਿਆ। ਹੱਸਦਿਆਂ ਦੋਹਰੀ-ਚੌਹਰੀ ਹੁੰਦੀ ਨੇ ਮੇਰੇ ਸਿਰ 'ਤੇ ਹੱਥ ਰੱਖਿਆ। ਆਖਦੀ, "ਸਾਰਾ ਕੁੱਝ।" ਤੇ ਫਿਰ ਉਸ ਦਾ ਹੱਥ ਮੇਰੇ ਬੁੱਲ੍ਹਾਂ, ਗੱਲ੍ਹਾਂ, ਛਾਤੀਆਂ ਤੋਂ ਹੇਠਾਂ ਆ ਕੇ ਆਸਨ 'ਤੇ ਰੁਕ ਗਿਆ।

ਮੇਰੀ ਜ਼ੁਬਾਨ ਸਿਉਂਤੀ ਗਈ। ਸਰੀਰ ਬਰਫ਼ ਦੀ ਸਿੱਲ ਬਣ ਗਿਆ।

"ਭਲਾ ਆਹ ਵੀ ਕੋਈ ਸਾਮਾਨ ਹੁੰਦੈ ਜਿਹੜਾ ਵੇਚਿਆ, ਖ਼ਰੀਦਿਆ ਜਾਂਦੈ।" ਸੋਚ ਦਿਮਾਗ ਦਾ ਭਾਰ ਬਣ ਗਈ। ਵਾਕਿਆ ਹੀ ਮੈਂ ਤਗੜਾ ਮਾਲ ਸਾਂ। ਮਜ਼ਾਰ ਦੇ ਸੇਵਾਦਾਰ ਦੀ ਗੱਲ ਮੈਨੂੰ ਸੱਚ ਜਾਪਣ ਲੱਗੀ, ਕਿਉਂਕਿ ਮੇਰਾ ਸਾਮਾਨ ਦਿਨ 'ਚ ਕਈ ਵਾਰ ਵਿਕਣ ਲੱਗਿਆ ਸੀ। ਵੀਰ...! ਨਹੀਂ ਸੱਚੀਂ, ਮੇਰਾ ਦਲਾਲ ਹੁਣ ਮੇਰੇ ਨਾਲ ਅੱਖ ਨਾ ਮਿਲਾਉਂਦਾ, ਤੇ ਖੁੱਲ੍ਹ ਕੇ ਸੌਦੇਬਾਜ਼ੀ ਕਰਨ ਲੱਗਿਆ ਸੀ। ਪਿਉ ਬਣਨ ਵਾਲਾ ਸੀ। ਛੇਤੀ ਤੋਂ ਛੇਤੀ ਵੱਧ ਤੋਂ ਵੱਧ ਪੈਸੇ ਇਕੱਠੇ ਕਰਨ ਦਾ ਆਰਡਰ ਜੁ ਸੀ। ਕਰਮੋਂ ਦੇ ਹੁਕਮ ਨੇ ਮੇਰੇ ਦਲਾਲ ਦੀ ਪੂਛ ਚੁਕਾਈ ਹੋਈ ਸੀ, ਤੇ ਮੇਰੀ ਸੁਰਤ ਭੁਆਈ ਪਈ ਸੀ।

ਕਰਮੋਂ ਨੇ ਜੌੜੀਆਂ ਧੀਆਂ ਨੂੰ ਜਨਮ ਦਿੱਤਾ, ਪਰ ਕੇਸ ਵਿਗੜ ਗਿਆ। ਜਣੇਪੇ, ਸਫ਼ਾਈਆਂ ਦੀ ਮਾਹਿਰ ਭੂਆ ਜਿੰਦਰੀ ਨੇ ਹੱਥ ਖੜ੍ਹੇ ਕਰ ਦਿੱਤੇ। ਦੋ ਦਿਨ ਵੱਡੇ ਹਸਪਤਾਲ 'ਚ ਵੀਰ ਉਹਨੂੰ ਬਚਾਉਣ ਲਈ ਇੱਕ ਲੱਤ 'ਤੇ ਖੜ੍ਹਾ ਰਿਹਾ, ਪਰ ਤੀਜੇ ਦਿਨ ਕਰਮੋਂ ਨੇ ਦੇਹ ਤਿਆਗ ਦਿੱਤੀ।

ਵੀਰ ਦੀ ਹਾਲਤ ਸਮਝ ਤੋਂ ਬਾਹਰ। ਉਹ ਉੱਚੀ-ਉੱਚੀ ਹੱਸਦਾ ਕਰਮੋਂ ਦਾ ਸਾਮਾਨ ਫਰੋਲੇ। ਫਿਰ ਸਿਰ ਪਿੱਟਣ ਲੱਗ ਪਵੇ। ਇੱਕ-ਇੱਕ ਚੀਜ਼ ਫਰੋਲ ਮਾਰੀ, ਤੇ ਫਿਰ ਕਰਮੋਂ ਦਾ ਸਿਰਹਾਣਾ ਖੋਲ੍ਹ ਕੇ ਰੂੰ ਉਡਾਉਣ ਲੱਗਿਆ। ਸਿਰਹਾਣੇ 'ਚੋਂ ਨਿਕਲੀ ਸੀਡੀ ਨੂੰ ਹੱਥਾਂ 'ਚ ਘੁੱਟ ਕੇ ਕਦੀ ਉੱਚੀ-ਉੱਚੀ ਹੱਸੇ ਤੇ ਕਦੀ ਡਾਡਾਂ ਮਾਰੇ, ਤੇ ਫਿਰ ਸੀ.ਡੀ. ਦੂਰ ਵਗਾਹ ਮਾਰੀ। ਕਮਲਾ ਹੋਇਆ ਵੀਰ ਕਰਮੋਂ ਦੇ ਬਲਦੇ ਸਿਵੇ 'ਚ ਛਾਲ

ਮਾਰਨ ਤੱਕ ਜਾਵੇ।

ਦਿਮਾਗ 'ਚ ਆਇਆ ਸੀ.ਡੀ. ਚਲਾ ਕੇ ਵੇਖਾਂ। ਸੀ.ਡੀ. ਲੈ ਕੇ ਮੈਂ ਬਸਤੀ ਦੀ ਨੁੱਕਰ 'ਤੇ ਸੀਡੀਆਂ ਵਾਲੀ ਦੁਕਾਨ 'ਤੇ ਜਾ ਪਹੁੰਚੀ। ਚੌਗੁਣੇ ਪੈਸੇ ਲੈ ਕੇ ਉਹ ਮੈਨੂੰ ਇਕੱਲੀ ਨੂੰ ਸੀ.ਡੀ. ਵੇਖਣ ਦੇਣ ਨੂੰ ਰਾਜ਼ੀ ਹੋ ਗਿਆ। ਮੇਰੇ ਤਾਂ ਦਿਮਾਗ ਦੀਆਂ ਫਿਰਕੀਆਂ ਘੁੰਮ ਗਈਆਂ। ਨੀਂਦ ਵਿੱਚ ਜਾਂ ਬੇਹੋਸ਼ੀ ਦੀ ਹਾਲਤ 'ਚ ਮੈਂ ਅਲਫ਼ ਨੰਗੀ ਤੇ ਨਸ਼ੇ 'ਚ ਟੱਲੀ ਹੋਇਆ ਮੇਰਾ ਵੀਰ । ਮੇਰੀ ਚੀਕ ਗਲੇ 'ਚ ਦੱਬੀ ਰਹਿ ਗਈ। ਸੀ.ਡੀ. ਹੱਥ 'ਚ ਲੈ ਕੇ ਮੈਂ ਵਾਪਸ ਆਪਣੇ ਅੱਡੇ ਵੱਲ ਪੈਰ ਘਸੀਟ ਲਏ। ਹੁਣ ਵੀਰ ਦੀ ਹਾਲਤ ਮੇਰੀ ਸਮਝ 'ਚ ਆਉਣ ਲੱਗੀ ਸੀ, ਪਰ ਕੀ ਫ਼ਾਇਦਾ। ਇੱਥੇ ਕਿਸੇ ਦੀ ਵੀ ਵੀਡਿਓ ਬਣਾਈ ਜਾ ਸਕਦੀ ਸੀ, ਤੇ ਲੋੜ ਮੁਤਾਬਿਕ ਵਰਤੋਂ 'ਚ ਲਿਆਂਦੀ ਜਾ ਸਕਦੀ ਸੀ।

ਵਾਹ ਵੇ ਮੇਰਿਆ ਵੀਰਨਾ, ਰੋਜ਼-ਰੋਜ਼ ਮਰਨ ਨਾਲੋਂ ਤਾਂ ਇੱਕੋ ਵਾਰੀ ਸੰਘੀ ਘੁੱਟ ਦਿੰਦਾ। ਧੀਆਂ ਨੂੰ ਸੰਭਾਲਣ ਦਾ ਵੇਲਾ ਆਇਆ, ਤਾਂ ਬਜਾਏ ਉਨ੍ਹਾਂ ਨੂੰ ਬੁੱਕਲ 'ਚ ਲੈਣ ਦੇ, ਗਲੀਆਂ 'ਚ ਭੱਜਦਾ ਕਰਮੋਂ ਨੂੰ 'ਵਾਜਾਂ ਮਾਰਨ ਲੱਗਿਆ। ਹੁਣ ਵੀ ਕਿਸੇ ਨਾ ਕਿਸੇ ਗਲੀ ਚੌਰਾਹੇ 'ਚ ਦਿਸ ਪਵੇਗਾ। ਹਰਾ ਚੋਗਾ, ਕੰਨਾਂ 'ਚ ਮੁੰਦਰਾਂ, ਗਲ 'ਚ ਵੰਨ-ਸੁਵੰਨੀਆਂ ਮਾਲਾਵਾਂ ਪਾਈ, 'ਰਾਂਝਾ ਜੋਗੀ ਹੋ ਗਿਆ ਨੀ ਗਲ ਮੁੰਦਰਾਂ ਪਾਈਆਂ' ਗਾਉਂਦਾ। ਪਤਾ ਨਹੀਂ ਕਿੰਨਿਆਂ ਘਰਾਂ ਦੇ ਚਾਨਣ, ਮਾਪਿਆਂ ਦੇ ਸਹਾਰੇ, ਬਾਲਾਂ ਦੇ ਪਿਓ ਇਸ ਬਸਤੀ ਨੇ ਰਾਂਝੇ ਬਣਾ ਕੇ ਗਲੀਆਂ ਦੇ ਕੱਖ ਚੁੱਗਣ ਲਾਏ ਨੇ।

ਸਮਾਜ ਦੇ ਤਕਰੀਬਨ ਹਰ ਹਿੱਸੇ ਦਾ ਮੇਰੇ ਨਾਲ ਕਿਸੇ ਨਾ ਕਿਸੇ ਤਰ੍ਹਾਂ ਸਬੰਧ ਜੁੜਿਆ ਹੋਇਐ। ਸਿਹਤ ਵਿਭਾਗ ਨੂੰ ਮੇਰੀ ਬਸਤੀ ਦੀ ਸਿਹਤ ਦਾ ਬੜਾ ਫ਼ਿਕਰ ਰਹਿੰਦੈ। ਅਕਸਰ ਕੈਂਪ ਲਗਾ ਕੇ ਸਾਨੂੰ ਐਚ.ਆਈ.ਵੀ. ਏਡਜ਼ ਫੈਲਾਉਣ ਤੋਂ ਰੋਕਣ 'ਚ ਸਹਾਇਕ ਹੋਣ ਲਈ ਨਸੀਹਤ ਕੀਤੀ ਜਾਂਦੀ ਹੈ। ਮੁਫ਼ਤ 'ਚ ਕੰਡੋਮ ਵੰਡ ਜਾਂਦੇ ਨੇ। ਹਾਹਾ-ਹਾਹਾ...! ਗੱਲ ਤਾਂ ਇਹ ਵੀ ਹਾਸੋਹੀਣੀ ਏ। ਸੁਰੱਖਿਆ ਕਵਚ ਤਾਂ ਉਨ੍ਹਾਂ ਨੂੰ ਵੰਡੇ ਜਾਣੇ ਚਾਹੀਦੇ ਨੇ ਜਿਹੜੇ ਜੰਨਤ ਦੇ ਨਜ਼ਾਰੇ ਲੁੱਟਣ ਆਉਂਦੇ ਨੇ। ਅਸੀਂ ਤਾਂ ਉਨ੍ਹਾਂ ਵੱਲੋਂ ਦਿੱਤੀ ਸੌਗਾਤ ਹੀ ਮੋੜੀਦੀ ਏ। ਉਹ ਕੀ ਕਹਿੰਦੇ ਨੇ, ਮੋੜਵੀਂ ਭਾਜੀ।

ਇੱਕ ਆਹ ਸਮਾਜ ਸੇਵੀ ਸੰਸਥਾਵਾਂ ਵਾਲਿਆਂ ਨੂੰ ਬੜਾ ਹੇਜ ਜਾਗਦੈ ਮੇਰੇ ਲਈ। ਦਿਨੇ ਕੈਂਪ ਲਗਾ ਕੇ ਭਾਸ਼ਣ ਦਿੰਦੇ ਆ, "ਇਹ ਸਮਾਜ ਵਿਰੋਧੀ ਧੰਦਾ ਛੱਡ ਕੇ ਮੁੱਖ ਧਾਰਾ 'ਚ ਸ਼ਾਮਿਲ ਹੋ ਜਾਉ। ਅਸੀਂ ਤੁਹਾਡੀ ਮਦਦ ਕਰਾਂਗੇ।" ਫੋਟੋਆਂ ਖਿੱਚਦੇ ਨੇ। ਅਖ਼ਬਾਰਾਂ, ਚੈਨਲਾਂ ਵਾਲੇ ਵੀ ਸੰਸਥਾਵਾਂ ਦੀ ਬੱਲੇ-ਬੱਲੇ ਕਰਵਾ ਦਿੰਦੇ ਨੇ। ਦਿਨ ਢਲਦੇ ਹੀ ਸਮਾਜ ਸੇਵਕ ਆ ਜਾਂਦੇ ਨੇ ਅਸਲੀ ਸੇਵਾ 'ਚ ਹਾਜ਼ਰੀ ਭਰਨ, ਤੇ ਫਿਰ ਮਰਦਾਂ ਦੀ ਜਾਤ ਦਾ ਵਖਰੇਵਾਂ ਕਰਨਾ ਹੀ ਔਖਾ ਹੋ ਜਾਂਦੈ।

ਅਸਲ ਵਿੱਚ ਇਸ ਧੰਦੇ ਦੇ ਅਸੂਲ ਹੀ ਜੱਗੋਂ ਨਿਆਰੇ ਨੇ। ਸਾਰੇ ਝਮੇਲਿਆਂ ਤੋਂ ਦੂਰ। ਇੱਕ ਧਰਮ – ਪੈਸਾ, ਤੇ ਯੁੱਗਾਂ-ਯੁਗਾਂਤਰਾਂ ਤੋਂ ਜਾਤ ਵੀ ਬਾਬਾ ਆਦਮ ਤੇ ਮਾਈ ਹਵਾ ਦੇ ਰਿਸ਼ਤੇ ਤੋਂ ਗੱਲ ਅੱਗੇ ਨਹੀਂ ਵਧੀ। ਇੱਥੇ ਆਉਣ ਵਾਲੇ ਬਿਨਾਂ ਜਾਤ, ਧਰਮ ਦੀ ਪਰਵਾਹ ਕੀਤੇ ਇੱਕੋ ਸਰੋਵਰ 'ਚ ਡੁਬਕੀਆਂ ਲਗਾਉਂਦੇ ਹਨ। ਜਾਤ, ਭਾਸ਼ਾ, ਧਰਮ, ਪੜ੍ਹਾਈਆਂ-ਲਿਖਾਈਆਂ ਇੱਥੇ ਆ ਕੇ ਇੱਕੋ ਭੁੱਖ 'ਚ ਬਦਲ ਜਾਂਦੇ ਹਨ। ਗੱਲ ਸੋਚਣ ਵਾਲੀ ਏ, ਜੇ ਇਹ ਰੱਜੀ-ਪੁੱਜੀ ਆਦਮਜ਼ਾਤ ਇੰਨੀ ਭੁੱਖੀ ਹੈ, ਤਾਂ ਇਨ੍ਹਾਂ ਦੀਆਂ ਤ੍ਰੀਮਤਾਂ ਕਿੰਨੀਆਂ ਭੁੱਖੀਆਂ ਹੋਣਗੀਆਂ...! ਬੜਾ ਖ਼ੌਫ਼ਨਾਕ ਜਾਪਦੈ ਰੌਸ਼ਨੀਆਂ ਨਹਾਤੇ ਬੰਗਲਿਆਂ ਅੰਦਰ ਦਮ ਘੁੱਟੀ ਬੈਠਾ ਹਨੇਰਾ। ਘੱਟੋ-ਘੱਟ ਮੇਰੀ ਬਸਤੀ ਹੈ ਤਾਂ ਉਜਲੀ।

ਵੇਖਿਆ ਜਾਵੇ ਤਾਂ ਲੋੜ ਮੇਰੀ ਬਸਤੀ ਦੇ ਸੁਧਾਰ ਦੀ ਨਹੀਂ, ਸਗੋਂ ਮੁੱਖ ਧਾਰਾ ਦੇ ਮੁਖੀਆਂ ਨੂੰ ਸੁਧਾਰਨ ਦੀ ਏ। ਜੇ ਉਹ ਸੁਧਰ ਗਏ, ਤਾਂ ਅਸੀਂ ਕਿਹੜੇ ਬਾਗ ਦੀ ਮੂਲੀ ਹਾਂ। ਸਾਡੀ ਆਪਣੀ ਕੋਈ ਹੋਂਦ ਨਹੀਂ, ਮੁੱਖ

ਧਾਰਾ ਦੀ ਜੜ੍ਹ ਹੇਠ ਹੀ ਤਾਂ ਸਾਡਾ ਬੀਜ ਹੈ।

ਹੋਰ ਤਾਂ ਹੋਰ, ਹੁਣ ਤਾਂ ਪੜ੍ਹਾਈ ਲਿਖਾਈ ਦਾ ਹਿੱਸਾ ਵੀ ਬਣ ਗਈ ਹਾਂ ਮੈਂ। ਵੱਡੀਆਂ ਖੋਜਾਂ ਹੋਣ ਲੱਗੀਆਂ ਨੇ ਮੇਰੀ ਬਸਤੀ 'ਤੇ। ਇੱਕ ਓਪਰੇ ਜਿਹੇ ਮੁਹਾਂਦਰੇ ਦਾ ਬੰਦਾ ਕਈ ਦਿਨਾਂ ਤੋਂ ਬਸਤੀ ਦਾ ਗੇੜਾ ਦਿੰਦਾ, ਆਖਰ ਮੇਰੇ ਦਰ 'ਤੇ ਆ ਪਹੁੰਚਿਆ।

ਅਖੇ, "ਮੈਂ ਪੀਐਚ.ਡੀ. ਕਰ ਰਿਹਾਂ 'ਬਦਨਾਮ ਬਸਤੀਆਂ' ਦੇ ਵਿਸ਼ੇ 'ਤੇ ਖੋਜ ਪੱਤਰ ਲਿਖਣਾ ਹੈ। ਮੈਨੂੰ ਤੁਹਾਡੀ ਮਦਦ ਚਾਹੀਦੀ ਹੈ।"

ਮੈਂ ਆਖਿਆ, "ਖੋਜ ਤਾਂ ਉਹਦੀ ਹੁੰਦੀ ਏ ਜੋ ਲੁਕਿਆ ਹੋਵੇ, ਇੱਥੇ ਤਾਂ ਸਭ ਕੁੱਝ ਨੰਗੈ, ਨੰਗ ਨੂੰ ਕੀ ਖੋਜਣਾ। ਅਸਲ ਖੋਜ ਕਰਨੀ ਏਂ ਤਾਂ ਮਹੱਲਾਂ ਦੇ ਖੰਡਰ ਫਰੋਲ, ਬਥੇਰਾ ਕੁਝ ਲੱਭ ਜੂ ਲਿਖਣ-ਪੜ੍ਹਨ ਨੂੰ। ਬੜਾ ਬੋਲਦੇ ਨੇ ਇਹ ਚੁੱਪ ਸਾਧੀ ਲਿਸ਼ਕਾਂ ਮਾਰਦੇ ਮੁਨਾਰੇ।" ਨਹੀਂ ਮੰਨਿਆ, ਤੇ ਭੁੱਬਲ ਹੇਠ ਦਫ਼ਨ ਮੁਰਦੇ ਫਰੋਲਣ ਲੱਗਿਆ...!

ਸਵਾਲ-ਜਵਾਬ ਦਾ ਸਿਲਸਿਲਾ ਚੱਲ ਤੁਰਿਆ।

ਮੈਨੂੰ ਪੁੱਛਦਾ, "ਤੁਸੀਂ ਵੇਖਣ ਨੂੰ ਸੋਹਣੇ ਦਿਖਦੇ ਹੋ, ਗੱਲਾਂ ਵੀ ਸਿਆਣੀਆਂ ਕਰਦੇ ਹੋ। ਕਦੀ ਕਿਸੇ ਨਾਲ ਪਿਆਰ ਨਹੀਂ ਹੋਇਆ, ਜਾਂ ਕਦੀ ਕੋਈ ਅਜਿਹਾ ਨਹੀਂ ਮਿਲਿਆ ਜਿਸ ਨਾਲ ਦਿਲ 'ਚ ਹਿਲੋਰਾ ਮਾਰ ਕੇ ਇਸ ਚਿੱਕੜ ਤੋਂ ਦੂਰ ਆਮ ਜ਼ਿੰਦਗੀ ਜੀਉਣ ਦੀ ਉਮੰਗ ਜਾਗੀ ਹੋਵੇ? ਦਿਨ ਢਲੇ ਅੱਡੀਆਂ ਚੁੱਕ-ਚੁੱਕ ਰਾਹ ਉਡੀਕਦਾ ਮਨ ਝਾਂਜਰ ਬਣ ਛਣਕਣ ਲਈ ਕਾਹਲਾ ਪਿਆ ਹੋਵੇ?"

ਉਸ ਦਾ ਸਵਾਲ ਸੁਣ ਕੇ ਉੱਚੀ-ਉੱਚੀ ਹੱਸਾਂ, ਜਾਂ ਫਿਰ ਜ਼ੋਰ-ਜ਼ੋਰ ਨਾਲ ਚੀਕਾਂ, ਕੀ ਕਰਾਂ? ਤੇ ਮੇਰਾ ਬਸ ਹਉਕਾ ਨਿਕਲ ਗਿਆ।

ਮੈਂ ਨਿਰਾ ਹੱਡ-ਮਾਸ ਦਾ ਲੋਥੜਾ ਨਹੀਂ...! ਮੇਰੇ ਕਲਬੂਤ ਵਿੱਚ ਵੀ ਜ਼ਿੰਦਗੀ ਧੜਕਦੀ ਹੈ। ਇਸ ਦਾ ਅਹਿਸਾਸ ਮੇਰੇ ਅੰਦਰ ਵੀ ਝੁਣਝੁਣੀ ਬਣ ਛਿੜਿਆ ਸੀ, ਪਰ ਗਰਮ ਹੋਇਆ ਖ਼ੂਨ ਛੇਤੀ ਹੀ ਠੰਡਾ ਹੋ ਕੇ ਰਗਾਂ 'ਚ ਜੰਮ ਗਿਆ।

ਉਹ ਮੈਨੂੰ ਚੰਗਾ ਲੱਗਦਾ, ਅੱਖਾਂ ਤਰਸਦੀਆਂ ਉਸ ਨੂੰ ਵੇਖਣ ਲਈ। ਮੈਂ ਉਸ ਨਾਲ ਵਿਆਹ ਕਰਵਾ ਕੇ ਘਰ-ਸੰਸਾਰ ਵਸਾਉਣ ਦੇ ਸੁਪਨੇ ਸਜਾਉਣ ਲੱਗੀ। ਮੇਲੇ ਵਿੱਚ ਵਿਕਦੇ ਲਾੜਾ-ਲਾੜੀ ਬਣੇ ਗੁੱਡਾ-ਗੁੱਡੀ ਸੁੱਤੇ-ਜਾਗਦੇ ਮੇਰੇ ਖ਼ਿਆਲਾਂ 'ਚ ਪਹਿਰਾ ਲਾਈ ਰੱਖਦੇ। ਮੈਂ ਘਰ-ਘਰ ਦੀ ਖੇਡ ਤੇ ਲਾੜੀ-ਲਾੜੀ ਬਣੇ ਗੁੱਡਾ-ਗੁੱਡੀ ਖਰੀਦ ਲਿਆਈ। ਦਿਲ 'ਚੋਂ ਛਿੜਦੀ ਝੁਣਝੁਣੀ ਚਿਹਰੇ 'ਚ ਲਾਲੀ ਭਰਨ ਲੱਗੀ, ਪਰ ਛੇਤੀ ਹੀ ਸਾਰੇ ਭਰਮ-ਭੁਲੇਖੇ ਟੁੱਟ ਗਏ, ਤੇ ਸਮਝ ਆ ਗਈ। ਕੁਝ ਨਹੀਂ ਹੁੰਦਾ ਪਿਆਰ-ਪਿਊਰ।

ਉਹ ਪਿਆਰ ਦਾ ਦਾਅਵਾ ਕਰਦਾ, ਫਿਰ ਉਹ ਵੀ ਆਮ ਗਾਹਕਾਂ ਵਾਲੀਆਂ ਹਰਕਤਾਂ 'ਤੇ ਉਤਰ ਆਇਆ, ਤੇ ਝੂਠ ਦਾ ਸੰਸਾਰ ਨਿਖ਼ਰ ਕੇ ਮੇਰੇ ਅੱਗੇ ਆਉਣ ਲੱਗਿਆ।

ਮੈਂ ਆਖਿਆ, ਜਿਸਮਾਂ ਦੀ ਖੇਡ ਪਿਆਰ ਨਹੀਂ ਹੁੰਦਾ। ਜਿਸਮਾਂ ਦਾ ਤਾਂ ਬਲਾਤਕਾਰ ਹੁੰਦੈ ਜਾਂ ਫਿਰ ਸੌਦਾ। ਜਿੱਥੇ ਜਿਸਮਾਂ ਦੀ ਖੇਡ ਖ਼ਤਮ ਹੁੰਦੀ ਹੈ, ਪਿਆਰ ਤਾਂ ਉੱਥੋਂ ਸ਼ੁਰੂ ਹੁੰਦੈ। ਜਿਸਮ ਮਨਫ਼ੀ ਹੋ ਜਾਂਦੇ ਨੇ ਤੇ ਰੂਹਾਂ ਇੱਕ ਹੋ ਜਾਂਦੀਆਂ ਨੇ।

ਆਖਦਾ, "ਇਸ ਚੰਮ ਤੋਂ ਜਿੰਨਾ ਕੰਮ ਲੈ ਲਵੇਂਗੀ ਓਨਾ ਚੰਗਾ। ਆਖਰ ਤਾਂ ਸੜ ਕੇ ਸਵਾਹ ਹੀ ਹੋ ਜਾਣੈ।" ਤੇ ਫਿਰ ਉਹ ਮੁਫ਼ਤ ਦੀ ਵਗਾਰ ਬਣ ਮੇਰੇ ਜਿਸਮ 'ਤੇ ਟੁੱਟ ਪਿਆ।

ਮੈਂ ਪੁੱਛਿਆ, "ਤੂੰ ਮੈਨੂੰ ਪਿਆਰ ਕਰਦੈਂ?"

ਕਹਿੰਦਾ, "ਕਰਨ ਵੀ ਦੇ ਹੁਣ ਕਿ ਗੱਲਾਂ ਨਾਲ ਡੰਗ ਸਾਰੀ ਜਾਵੇਂਗੀ।"

ਮੈਂ ਆਖਿਆ, "ਜੇ ਮੈਂ ਤੇਰੇ ਨਾਲ ਆਹ ਸਾਰਾ ਕੁਝ ਨਾ ਕਰਾਂ ਤਾਂ...?"

ਕਹਿੰਦਾ, "ਤੇ ਫਿਰ ਪਿਆਰ ਕਾਹਦਾ ਹੋਇਆ।" ਮੈਨੂੰ ਧੱਕਾ ਮਾਰਿਆ, ਤੇ ਚੱਲਦਾ ਬਣਿਆ। ਮੈਂ ਹਾਕਾਂ ਮਾਰੀਆਂ। ਬੜਾ ਚਿਰ ਉਸ ਦਾ ਰਾਹ ਉਡੀਕਿਆ, ਪਰ ਉਹ ਕਦੀ ਮੁੜ ਕੇ ਨਹੀਂ ਆਇਆ। ਲਾਈਨਾਂ ਤੋਂ ਗੱਡੀ ਲੰਘਦੀ ਤਾਂ ਮੈਂ ਨਾਲ-ਨਾਲ ਭੱਜਣ ਲੱਗਦੀ, ਪਰ ਬਾਂਹ ਫੜਨ ਲਈ ਕੋਈ ਹੱਥ ਅੱਗੇ ਨਾ ਵਧਿਆ। ਮੇਰੀ ਬਸਤੀ ਕੋਈ ਸਟੇਸ਼ਨ ਨਹੀਂ, ਕਿ ਗੱਡੀ ਰੁਕ ਕੇ ਜਾਂਦੀ। ਮੇਰੀ ਬਸਤੀ ਗੱਡੀ ਦੀ ਚੀਕ ਹੈ, ਜੋ ਸਟੇਸ਼ਨ ਆਉਣ ਤੋਂ ਪਹਿਲਾਂ ਸਵਾਰੀਆਂ ਨੂੰ ਭਾਜੜ ਪਾ ਦਿੰਦੀ ਹੈ। ਹਾਹਾ-ਹਾਹਾ...! ਛੱਡੋ, ਇਹ ਪਿਆਰ ਮੁਹੱਬਤ ਦਾ ਕਿੱਸਾ। ਬੜਾ ਉਕਾਊ ਜਿਹਾ ਸਵਾਲ ਹੈ ਜ਼ਿੰਦਗੀ ਦੀ ਕਿਤਾਬ ਦਾ। ਕੋਈ ਹੋਰ ਗੱਲ ਕਰੋ।

ਖ਼ੈਰ...! ਕਈ ਦਿਨ ਚੱਲਦਾ ਰਿਹਾ ਉਸ ਦਾ ਗੂੜ੍ਹ ਗਿਆਨ। ਇੱਕ ਦਿਨ ਉਹ ਆਪਣਾ ਖੋਜ ਦਾ ਰਥ ਭਜਾਉਂਦਾ, ਮੇਰਾ ਅੰਦਰ ਖੁਰਚਣ 'ਚ ਰੁੱਝਿਆ ਹੋਇਆ ਸੀ, ਕਿ ਪਲਕ ਤੇ ਪਾਇਲ ਮੋਢਿਆਂ 'ਤੇ ਕਿਤਾਬਾਂ ਵਾਲਾ ਬੈਗ ਚੁੱਕੀ ਦਹਿਲੀਜ਼ ਤੋਂ ਭੱਜਦੀਆਂ ਅੰਦਰ ਆਈਆਂ ਤੇ ਮੇਰੀ ਗੱਲ੍ਹ 'ਤੇ ਪਿਆਰ ਕਰਕੇ ਅੰਦਰ ਚਲੀਆਂ ਗਈਆਂ।

ਉਸ ਨੇ ਸਵਾਲ ਦਾਗਣੇ ਸ਼ੁਰੂ ਕਰ ਦਿੱਤੇ, "ਵਿਆਹੇ ਹੋਏ ਓ ਤੁਸੀਂ? ਦੋ ਧੀਆਂ ਵੀ ਨੇ ਤੁਹਾਡੀਆਂ? ਇੱਕ ਗੱਲ ਚੰਗੀ ਲੱਗੀ, ਬੱਚੀਆਂ ਦੀ ਸਕੂਲ ਡਰੈੱਸ ਤੋਂ ਲੱਗਦਾ ਹੈ ਕਿ ਕਿਸੇ ਚੰਗੇ ਸਕੂਲ ਪੜ੍ਹਦੀਆਂ ਹੋਣਗੀਆਂ। ਕੀ ਕਰਦੇ ਨੇ ਇਨ੍ਹਾਂ ਦੇ ਪਿਤਾ ਜੀ?

ਸਮਝ ਨਾ ਆਵੇ ਕੀ ਜਵਾਬ ਦੇਵਾਂ। ਇਹ ਧੀਆਂ ਨੇ ਮੇਰੀਆਂ, ਭੈਣਾਂ ਜਾਂ ਭਤੀਜੀਆਂ। ਕੁੜੀਆਂ ਜੰਮ ਕੇ ਕਰਮੋਂ ਤਾਂ ਪਰਲੋਕ ਸਿਧਾਰ ਗਈ, ਜਨਮਦਾਤਾ ਰਾਂਝਾ ਬਣ ਗਿਆ, ਤੇ ਮੈਂ ਬਣ ਗਈ ਇਨ੍ਹਾਂ ਦੀ ਪਾਲਣਹਾਰ। ਸੋਚ ਕੇ ਦਿਲ ਦਹਿਲ ਜਾਂਦੈ ਅਕਸਰ ਮੇਰਾ, ਪਤਾ ਨਹੀਂ ਚਾਨਣ ਦੇ ਮਨ 'ਚ ਕੀ ਚੱਲਦੈ, ਕਿੰਨੀ ਵਾਰੀ ਕੁੜੀਆਂ ਖੋਹਣ ਆਇਆ ਮੇਰੇ ਕੋਲੋਂ। ਇੱਕ ਵਾਰੀ ਤਾਂ ਹੱਦ ਹੀ ਕਰ'ਤੀ। ਅਖੇ, ਕਰਮੋਂ ਵੀ ਕੀ ਯਾਦ ਕਰੇਗੀ, ਜਦੋਂ ਉਹਦੀਆਂ ਧੀਆਂ ਦਾ ਮੁੱਲ ਪੁਆ ਕੇ ਭਾਜੀ ਨਾ ਮੋੜੀ । ਸੁੰਨ ਰਹਿ ਗਈ ਸਾਂ ਮੈਂ, ਫਿਰ ਸ਼ੇਰਨੀ ਬਣ ਕੇ ਤਣ ਗਈ ਉਸ ਅੱਗੇ। ਕੋਈ ਹੱਥ ਤਾਂ ਲਾ ਕੇ ਦਿਖਾਏ ਮੇਰੀਆਂ ਧੀਆਂ ਨੂੰ, ਖਾਖਾਂ ਨਾ ਚੀਰ ਕੇ ਰੱਖ ਦਿਆਂਗੀ।

ਪਹਿਲਾਂ ਪਹਿਲ ਬਸਤੀ ਦੇ ਰਿਵਾਜ ਮੁਤਾਬਿਕ ਕਦੀ ਭੂਆ ਆਖ ਦਿਆ ਕਰਨ, ਕਦੀ ਮਾਸੀ, ਕਦੀ ਤਾਈ, ਤੇ...ਫਿਰ, ਮੈਂ ਇਨ੍ਹਾਂ ਨੂੰ ਮੰਮੀ ਆਖਣ ਦੀ ਆਦਤ ਪਾ ਦਿੱਤੀ। ਸੁਖ ਨਾਲ ਛੇ ਵਰ੍ਹਿਆਂ ਦੀਆਂ ਹੋ'ਗੀਆਂ ਨੇ, ਤੇ ਹੁਣ ਨਹੀਂ ਜ਼ੁਬਾਨੋਂ ਥਿੜਕਦੀਆਂ ਮੇਰੀਆਂ ਧੀਆਂ। ਸੋਚਾਂ ਵਿੱਚ ਪਈ ਨੂੰ ਮੈਨੂੰ ਜਵਾਬ ਨਹੀਂ ਸੀ ਸੁਝ ਰਿਹਾ, ਤੇ ਉਸ ਨੇ ਨਸੀਹਤਾਂ ਦੀ ਪਟਾਰੀ ਖੋਲ੍ਹ ਲਈ...।

"ਕੀ ਤੁਹਾਨੂੰ ਨਹੀਂ ਲੱਗਦਾ, ਕਿ ਜੇ ਇਹ ਬੱਚੀਆਂ ਕੁਝ ਸਮਾਂ ਹੋਰ ਇਸ ਬਦਨਾਮ ਬਸਤੀ ਦੇ ਚਿੱਕੜ 'ਚ ਰਹਿਣਗੀਆਂ, ਤਾਂ ਇਹ ਵੀ ਇਸੇ ਦਲਦਲ ਦਾ ਹਿੱਸਾ ਬਣ ਜਾਣਗੀਆਂ? ਤੁਸੀਂ ਇਨ੍ਹਾਂ ਦੇ ਬਿਹਤਰ ਭਵਿੱਖ ਲਈ ਇਹ ਬਸਤੀ ਛੱਡ ਕੇ ਕਿਸੇ ਚੰਗੀ ਥਾਂ 'ਤੇ ਕਿਉਂ ਨਹੀਂ ਚਲੇ ਜਾਂਦੇ? ਕੋਈ ਹੋਰ ਕੰਮ-ਧੰਦਾ ਕਿਉਂ ਨਹੀਂ ਕਰ ਲੈਂਦੇ...?"

ਉਸ ਦਾ ਭਾਸ਼ਣ ਜਾਰੀ ਸੀ, ਤੇ ਮੇਰੇ ਦਿਮਾਗ ਦਾ ਘੋੜਾ ਕਿੰਨੀਆਂ ਸੋਚਾਂ ਦੇ ਹੱਦਾਂ-ਬੰਨੇ ਟੱਪਦਾ, ਸ਼ਰਾਫ਼ਤ ਦੀ ਦਹਿਲੀਜ਼ ਲੰਘ ਗਿਆ। ਕਿਵੇਂ ਭੁੱਲ ਸਕਦੀ ਹਾਂ, ਜਦੋਂ ਮੇਰੇ ਸਿਰ 'ਤੇ ਬਸਤੀ ਛੱਡਣ ਦਾ ਭੂਤ ਸਵਾਰ ਹੋਇਆ ਸੀ। ਮੈਂ ਇੱਕ ਸ਼ਰੀਫ਼ ਅੰਕਲ ਦੇ ਘਰ ਬੱਚੇ ਖਿਡਾਉਣ ਤੇ ਭਾਂਡੇ ਮਾਂਜਣ ਦਾ ਕੰਮ ਫੜ ਲਿਆ।

ਅੰਕਲ ਘਰੋਂ ਜਾਂਦਾ, ਤਾਂ ਇੱਕ ਹੋਰ ਅੰਕਲ ਆਂਟੀ ਨੂੰ ਮਿਲਣ ਆ ਜਾਂਦਾ। ਆਂਟੀ ਉਹਨੂੰ ਵੇਖਦੇ ਹੀ ਖਿੜ ਕੇ ਗੁਲਾਬ ਹੋ ਜਾਂਦੀ। ਫਿਰ ਕਈ-ਕਈ ਘੰਟੇ ਅੰਦਰ ਕਮਰੇ 'ਚ ਬੰਦ ਰਹਿੰਦੇ। ਮੇਰਾ ਵੇਖਣ ਨੂੰ ਜੀਅ

ਕੀਤਾ। ਦਰਵਾਜ਼ੇ ਦੀ ਝੀਤ ਤਾਂ ਕੋਈ ਹੈ ਨਹੀਂ ਸੀ, ਦਰਵਾਜ਼ੇ ਦੇ ਤਾਲੇ ਵਿਚਲੀ ਮੋਰੀ 'ਚ ਹੀ ਨਜ਼ਰ ਗੱਡ ਦਿੱਤੀ। ਮੇਰੀ ਰੂਹ ਕੰਬ ਗਈ। ਕਮਰੇ ਦੇ ਅੰਦਰ ਮੇਰੀ ਬਸਤੀ...! ਤ੍ਰਾਹ ਨਿਕਲ ਗਿਆ ਮੇਰਾ, ਤੇ ਮੈਂ ਕੁੱਛੜ ਚੁੱਕੀ ਆਂਟੀ ਦੀ ਵਰ੍ਹੇ ਕੁ ਦੀ ਕੁੜੀ ਨੂੰ ਛਾਤੀ ਨਾਲ ਘੁੱਟ ਲਿਆ।

ਕਈ ਵਾਰੀ ਦਿਲ 'ਚ ਆਇਆ ਆਂਟੀ ਦੀ ਕਰਤੂਤ ਅੰਕਲ ਨੂੰ ਦੱਸ ਦੇਵਾਂ, ਪਰ ਬੰਦਾ ਨਿੰਦੇ ਕੀ ਤੇ ਸਲ੍ਹਾਵੇ ਕੀ। ਹੁਣ ਚੇਤੇ ਕਰਕੇ ਹਾਸਾ ਆਉਂਦੈ, ਤੇ ਉਦੋਂ ਮੇਰੀ ਜਾਨ ਛਿੱਕੇ ਟੰਗੀ ਗਈ ਸੀ, ਜਦੋਂ ਆਂਟੀ ਕਿਧਰੇ ਬਾਹਰ ਗਈ ਹੋਈ ਸੀ, ਤੇ ਮੌਕਾ ਲੱਗਦੇ ਹੀ ਸ਼ਰੀਫ਼ ਅੰਕਲ ਦੇ ਅੰਦਰ ਦਾ ਰਾਕਸ਼ਸ ਜਾਗ ਪਿਆ। ਮੈਂ ਉਨ੍ਹਾਂ ਦੀ ਕੁੜੀ ਨੂੰ ਖਿਡਾਉਣ ਲੱਗੀ ਹੋਈ, ਤੇ ਅਚਾਨਕ ਅੰਕਲ ਮੇਰੇ ਨਾਲ ਡੱਕਣ-ਭੱਜੀ ਖੇਡਣ ਲਈ ਮੇਰੇ ਮਗਰ ਪੈ ਗਿਆ। ਮੈਂ ਰੌਲਾ ਪਾਇਆ, ਤਾਂ ਉਸ ਦੀ ਸ਼ਰਾਫ਼ਤ ਦੇ ਘਰਦਿਆਂ ਮੂਹਰੇ ਲੰਗਾਰ ਲਹਿ ਗਏ। ਮੋਏ ਨੇ ਆਵਦੇ ਮਨ ਦਾ ਚੋਰ ਬਚਾਉਣ ਲਈ ਮੇਰੇ ਉੱਤੇ ਚੋਰੀ ਦਾ ਇਲਜ਼ਾਮ ਲਾ ਦਿੱਤਾ। ਆਪ ਸਚਿਆਰਾ ਬਣਿਆ ਰਿਹਾ, ਤੇ ਮੈਨੂੰ ਪੁਲਿਸ ਹਵਾਲੇ ਕਰ ਦਿੱਤਾ। ਇੱਜ਼ਤਾਂ ਦਾ ਘੁੰਡ ਕੱਢੀ ਬਦਨਾਮ ਦਹਿਲੀਜ਼ ਨਾਲੋਂ ਮੇਰੀ ਇਹ ਬਦਨਾਮ ਬਸਤੀ ਹਜ਼ਾਰਾਂ ਦਰਜੇ ਚੰਗੀ। ਇੱਥੇ ਕੋਈ ਦਿਲਾਂ ਨਾਲ ਨਹੀਂ ਖੇਡਦਾ। ਬਸ...! ਪੈਸੇ ਦੀ ਚਾਦਰ 'ਤੇ ਜਿਸਮਾਂ ਦੀ ਖੇਡ ਹੈ।

ਮੇਰੀ ਜ਼ੁਬਾਨ 'ਚੋਂ ਅਵਾਕ ਹੀ ਨਿਕਲ ਗਿਆ, "ਛੱਡ ਦਿੰਦੀ ਹਾਂ ਇਹ ਬਦਨਾਮ ਬਸਤੀ, ਤੂੰ ਕੋਈ ਉਹ ਬਸਤੀ ਦੱਸ, ਜਿੱਥੇ ਇਹ ਖੇਡ ਨਹੀਂ ਹੁੰਦੀ। ਇਸ ਦੇ ਘੇਰੇ ਵਿੱਚ ਇਸ ਦਾ ਫੈਲਾਅ, ਤੇ ਫੈਲਾਅ ਇੱਕ ਬਿੰਦੂ ਵਿੱਚ ਸਿਮਟਿਆ ਪਿਐ। ਮੈਂ ਤਾਂ ਸੋਚਾਂ ਨੂੰ ਜਿੰਦਰਾ ਮਾਰ ਕੇ ਪੱਕੀ ਗੰਢ ਪੱਲੇ ਬੰਨ੍ਹ ਲਈ ਏ, ਜੋ ਵਿਕਦੈ ਉਹੀ ਖ਼ਰੀਦਿਆ ਜਾਂਦੈ। ਮੰਗ ਮੁਤਾਬਿਕ ਸਪਲਾਈ ਹੀ ਤਾਂ ਧੰਦੇ ਦਾ ਨੇਮ ਹੈ। ਆਈ ਸਮਝ? ਨਹੀਂ ਆਈ ਤਾਂ ਦੌੜਾਓ ਸੋਚਾਂ ਦੇ ਰਥ ਦਾ ਪਹੀਆ, ਜਿੱਥੋਂ ਤੱਕ ਭਜਾ ਸਕਦੇ ਹੋ। ਤੁਹਾਡੀਆਂ ਸੋਚਾਂ 'ਤੇ ਕੋਈ ਪਹਿਰਾ ਨਹੀਂ। ਹੋਵੇ ਵੀ ਕਿਉਂ...! ਇਹ ਤਾਂ ਹੋਣੀਆਂ ਹੀ ਬੇਲਗਾਮ ਚਾਹੀਦੀਆਂ ਹਨ। ਜਿਸਮਫ਼ਰੋਸ਼ੀ ਕੋਈ ਨਿੱਕਾ-ਮੋਟਾ ਬਾਜ਼ਾਰ ਨਹੀਂ, ਵੱਡੀ ਮੰਡੀ ਏ। ਤਨ, ਮਨ ਤੇ ਢਿੱਡ ਦੀ ਭੁੱਖ ਨਾਲ ਦੋ ਚਾਰ ਹੁੰਦੇ ਲੋਕ ਇਸ ਧੰਦੇ ਨਾਲ ਜੁੜੇ ਹੋਏ ਨੇ, ਤੇ ਤਿੰਨਾਂ ਭੁੱਖਾਂ ਦਾ ਇੱਕੋ-ਇੱਕ ਇਲਾਜ ਹੈ ਪੈਸਾ। ਸਮਝ ਨਹੀਂ ਆਉਂਦੀ...! ਅਸੀਂ ਰੱਜਿਆਂ-ਪੁੱਜਿਆਂ ਦੇ ਤਨ ਦੀ ਭੁੱਖ ਦਾ ਜ਼ਰੀਆ ਹਾਂ, ਜਾਂ ਇਹ ਰੱਜੇ-ਪੁੱਜੇ ਸਾਡੇ ਢਿੱਡ ਦੀ ਭੁੱਖ ਦਾ ਸਾਧਨ। ਉਂ ਵੇਖੀਏ ਤਾਂ ਜ਼ਿੰਦਗੀ ਸਾਲੀ ਹੈ ਹੀ ਭੁੱਖ ਲਈ ਭੱਜ-ਦੌੜ।

ਸ਼ੁਕਰ ਹੈ ਮੇਰੀ ਬਸਤੀ 'ਚ ਇੱਜ਼ਤਦਾਰ ਨਹੀਂ ਬਦਨਾਮ ਲੋਕ ਰਹਿੰਦੇ ਨੇ। ਬੜੇ ਅਡੰਬਰ ਕਰਦੇ ਨੇ ਇਹ ਇੱਜ਼ਤਾਂ, ਜਾਤਾਂ, ਧਰਮਾਂ ਵਾਲੇ, ਜਿਨ੍ਹਾਂ ਦੀ ਮੇਰੇ ਜਾਂ ਮੇਰੀ ਬਸਤੀ 'ਚ ਰੱਤੀ ਭਰ ਕੀਮਤ ਨਹੀਂ। ਇਹ ਬਦਨਾਮ ਬਸਤੀ ਹੈ, ਚਰਿੱਤਰਵਾਨ ਨਹੀਂ ਚਰਿੱਤਰਹੀਣ, ਦੱਲੇ ਤੇ ਭੜੂਏ ਲੋਕਾਂ ਦੀ ਬਸਤੀ...। ਇੱਥੇ ਜਿਸਮਾਂ ਦਾ ਸੌਦਾ ਚੱਲਦੈ, ਕਿਸੇ ਦੇ ਦਿਲਾਂ ਨਾਲ ਖੇਡਣ ਵਾਲੀ ਕੋਈ ਚਾਲ ਇੱਥੇ ਨਹੀਂ ਚੱਲਦੀ। ਢਕੀਆਂ ਅੱਖਾਂ ਨਾਲ ਨੰਗੀ ਖੇਡ ਖੇਡਣ ਦੀ ਬਜਾਏ, ਖੁੱਲ੍ਹੇ ਨੈਣੀਂ ਨੰਗੇ-ਚਿੱਟੇ ਹੋ ਕੇ ਪੂਰੀ ਇਮਾਨਦਾਰੀ ਨਾਲ 'ਮਾਲ' ਦੀ ਖ਼ਰੀਦੋ-ਫ਼ਰੋਖ਼ਤ ਕੀਤੀ ਜਾਂਦੀ ਹੈ। ਸ਼ਰਾਫ਼ਤ ਦੀਆਂ ਵਲਗਣਾਂ 'ਚ ਉੱਸਰੇ ਮਹੱਲਾਂ ਨਾਲੋਂ ਮੇਰੀ ਇਹ ਨੰਗੀ ਬਸਤੀ ਹਜ਼ਾਰ ਦਰਜੇ ਚੰਗੀ। ਸ਼ਰੀਫ਼ਾਂ ਦੀਆਂ ਇੱਜ਼ਤਾਂ ਲਪੇਟੀਆਂ ਚਾਦਰਾਂ ਕਿੰਨੀਆਂ ਬੋਦੀਆਂ ਨੇ, ਇਸ ਦੀ ਗਵਾਹੀ ਮੇਰੀ ਬਸਤੀ 'ਚ ਲੱਗੀ ਇੱਜ਼ਤਦਾਰਾਂ ਦੀ ਭੀੜ ਭਰਦੀ ਹੈ। ਖੁੰਭਾਂ ਵਾਂਗ ਉੱਗਦੀ ਮੇਰੀ ਬਸਤੀ ਨਿੱਕੇ ਵੱਡੇ ਆਕਾਰ ਲੈ ਕੇ ਪੂਰੀ ਧਰਤੀ 'ਤੇ ਆਪਣੇ ਪੈਰ ਪਸਾਰੀ ਬੈਠੀ ਹੈ। ਘਰ-ਘਰ ਦੀ ਖੇਡ ਖੇਡਦੀਆਂ ਪਲਕ ਤੇ ਪਾਇਲ ਲੜ ਪੈਂਦੀਆਂ ਨੇ, ਪਰ ਕੌਣ ਸਮਝਾਵੇ 'ਘਰ ਕੋਈ ਖੇਡ ਨਹੀਂ ਹੁੰਦੀ'। ਗਹੁ ਨਾਲ ਵੇਖੋ, ਨੀਝ ਲਾ ਕੇ ਨਿਹਾਰੋ...। ਇਉਂ ਲੱਗਦੈ ਜਿਵੇਂ ਦੁਨੀਆਂ ਹੈ ਹੀ ਸਾਲੀ ਬਦਨਾਮ ਬਸਤੀ। (**ਸੰਪਰਕ -98146-70707**)

# ਕਹਾਣੀ / ਪਛਤਾਵੇ ਦੀ ਅੱਗ / - ਨੀਲਮ ਸੈਣੀ

ਪਿਛਲੇ ਮਹੀਨੇ ਤੋਂ ਮੇਰੇ ਪੈਰ ਧਰਤੀ 'ਤੇ ਨਹੀਂ ਲੱਗ ਰਹੇ। ਇਸ ਤਰ੍ਹਾਂ ਲੱਗਦੈ ਜਿਵੇਂ ਹਵਾ ਵਿਚ ਉੱਡ ਰਿਹਾ ਹੋਵਾਂ। ਨਵੀਂ ਇਲੈਕਟ੍ਰਾਨਿਕ ਸਪਲਾਈ ਦੀ ਕੰਪਨੀ ਖੋਲ੍ਹੀ ਹੈ। ਜੁਲਾਈ ਦੇ ਪਹਿਲੇ ਹਫ਼ਤੇ ਲੋਨ ਅਪਰੂਵ ਹੋ ਗਿਆ। ਵੇਅਰ ਹਾਊਸ ਦੀ ਲੀਜ਼ ਵੀ ਅਸਾਨੀ ਨਾਲ 28 ਜੁਲਾਈ ਨੂੰ ਮਿਲ ਗਈ। ਸਨਫ਼ਰਾਂਸਿਸਕੋ ਵਿਚ ਕੁਦਰਤ ਦੀ ਗੋਦ ਵਿਚ ਸਮੁੰਦਰ ਦੇ ਕਿਨਾਰੇ ਦਰਖ਼ਤਾਂ ਵਿਚ ਘਿਰਿਆ 9 ਬੈੱਡ ਰੂਮ ਦਾ ਘਰ, ਸ਼ਾਨਦਾਰ ਕਾਰਾਂ ਅਤੇ ਹੁਣ ਕੰਪਨੀ ਹੋਰ ਭਲਾ ਕੀ ਚਾਹੀਦੈ?

ਮੈਂ ਆਪਣੀ ਪਤਨੀ ਪ੍ਰੀਤ ਨਾਲ ਲਾਸ ਏਂਜਲਸ ਕੰਪਨੀ ਦੇ ਸਿਲਸਿਲੇ ਵਿਚ ਆਇਆ ਹੋਇਆ ਹਾਂ। ਸ਼ਾਮ ਦੇ 5 ਵਜੇ ਹਨ। ਮੈਂ ਮੀਟਿੰਗ ਖ਼ਤਮ ਕਰਕੇ ਹੋਟਲ ਵਿਚ ਆ ਗਿਆ ਹਾਂ। ਪ੍ਰੀਤ ਪਹਿਲਾਂ ਹੀ ਤਿਆਰ ਹੋਈ ਬੈਠੀ ਹੈ। ਹਲਕੇ ਬਦਾਮੀ ਟਾਪ ਦੇ ਨਾਲ ਮੈਚ ਕਰਦਾ ਸਕਾਰਫ਼ ਉਸ ਦੇ ਸਾਂਵਲੇ ਰੰਗ 'ਤੇ ਪੂਰਾ ਜਚ ਰਿਹੈ ।

"ਤੁਸੀਂ ਜਲਦੀ ਫ਼ਰੈਸ਼ ਹੋ ਕੇ ਆ ਜਾਓ! ਮੈਂ ਕਦੋਂ ਦੀ ਉਡੀਕ ਰਹੀ ਆਂ।"

" ਜੋ ਹੁਕਮ!" ਮੈਂ ਹੱਸਦਾ ਹੋਇਆ ਉਸ ਦੇ ਹੁਕਮ ਦੀ ਪਾਲਣਾ ਕਰਨ ਬਾਥਰੂਮ ਵੱਲ ਤੁਰ ਪਿਆ ਹਾਂ।

ਅਸੀਂ ਦੋਵੇਂ ਇਕ ਦੂਜੇ ਦਾ ਹੱਥ ਫੜ੍ਹੀ ਟਹਿਲਦੇ ਹੋਏ 'ਬੀਅਰ ਬਾਰ 'ਤੇ ਆ ਗਏ ਹਾਂ। ਮੈਂ ਆਪਣੇ ਲਈ ਵਿਸਕੀ ਅਤੇ ਪ੍ਰੀਤ ਲਈ ਵਾਈਨ ਮੰਗਵਾ ਲਈ ਹੈ। ਮੈਂ ਹੱਥ ਵਿਚ ਵਿਸਕੀ ਦਾ ਗਿਲਾਸ ਫੜ੍ਹੀ ਪ੍ਰੀਤ ਨੂੰ ਨਿਹਾਰਦਾ ਹਾਂ।

"ਕੀ ਗੱਲ ਅੱਜ ਬੜੇ ਗਹੁ ਨਾਲ ਦੇਖ ਰਹੇ ਹੋ?"

ਮੈਂ ਉਸ ਦਾ ਹੱਥ ਫੜ੍ਹਦੇ ਉਸ ਨੂੰ ਮੋਹ ਨਾਲ ਤੱਕਦੇ ਕਿਹੈ:

"ਇਸ ਤਰਫ਼ ਚਿਤਰੇਂਗੀ ਤੂੰ ਰੰਗਾਂ ਦੀ ਪੀਂਘ,
ਉਸ ਤਰਫ਼ ਰੰਗਾਂ 'ਚ ਖੁਰ ਜਾਵਾਂਗਾ ਮੈਂ।"*

ਵਾਹ! ਇਹ ਸ਼ੇਅਰ ਤਾਂ ਹੁਣੇ ਹੀ ਲਿਖਿਆ ਲੱਗਦੈ ਧੰਨਵਾਦ!

"ਹਾਂ ਤੂੰ ਹੀ ਲਿਖਵਾ ਦਿੱਤਾ।" ਮੈਂ ਜੇਬ ਵਿਚੋਂ ਪੈੱਨ ਕੱਢ ਕੇ ਨੈਪਕਿਨ ਉੱਪਰ ਸ਼ੇਅਰ ਲਿਖਣਾ ਸ਼ੁਰੂ ਕੀਤੈ। ਅਕਸਰ ਡਾਇਰੀ ਮੇਰੇ ਕੋਲ ਹੁੰਦੀ ਹੈ ਪਰ ਅੱਜ ਹੋਟਲ ਵਿਚ ਹੀ ਭੁੱਲ ਆਇਆ ਹਾਂ।

"ਚਲੋ! ਇਸ ਸ਼ੇਅਰ ਦੇ ਨਾਂ ਤੇ ਡਾਂਸ ਕਰੀਏ!" ਉਸ ਖੁਸ਼ ਹੁੰਦੇ ਕਿਹੈ।

ਮੈਨੂੰ ਨੱਚਣਾ-ਟੱਪਣਾ ਬਹੁਤਾ ਪਸੰਦ ਨਹੀਂ ਪਰ ਅੱਜ ਇੰਨਾਂ ਖ਼ੁਸ਼ ਹਾਂ ਕਿ ਉਸਦੇ ਗਲ਼ ਵਿਚ ਬਾਂਹਾਂ ਪਾ ਕੇ ਡਾਂਸ ਸ਼ੁਰੂ ਕਰ ਦਿੱਤੈ।

ਰੱਜ ਕੇ ਡਾਂਸ ਕਰਨ ਤੋਂ ਬਾਅਦ ਡਿਨਰ ਕਰਕੇ ਅਸੀਂ ਹੋਟਲ ਵੱਲ ਤੁਰ ਪਏ ਹਾਂ। ਪ੍ਰੀਤ ਨੇ ਮੇਰਾ ਹੱਥ ਫੜ੍ਹਿਆ ਹੋਇਐ।

"ਅੱਜ ਡਿਨਰ ਬਹੁਤ ਵਧੀਆ ਸੀ।" ਪ੍ਰੀਤ ਨੇ ਮੇਰੇ ਵੱਲ ਦੇਖਦੇ ਕਿਹਾ।

"ਡਿਨਰ ਤਾਂ ਠੀਕ-ਠਾਕ ਈ ਸੀ, ਤੈਨੂੰ ਈ ਭੁੱਖ ਸ਼ਾਇਦ ਜ਼ਿਆਦਾ ਲੱਗੀ ਹੋਈ ਸੀ।" ਮੈਂ ਬੇ ਧਿਆਨੇ ਜਵਾਬ ਦਿੱਤੈ।

" ਕੀ ਗੱਲ ਵਿੰਦਰ! ਤੁਹਾਨੂੰ ਖਾਣਾ ਸਵਾਦ ਨਹੀਂ ਲੱਗਿਆ।" ਪ੍ਰੀਤ ਹੈਰਾਨ ਹੋ ਰਹੀ ਹੈ।

"ਨਹੀਂ ਇਹ ਗੱਲ ਨਹੀਂ ! ਸੱਚ ਪੁੱਛੋਂ ਤਾਂ ਮੈਨੂੰ ਅੱਜ ਬੀਬੀ ਦੇ ਹੱਥ ਦਾ ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ ਅਤੇ ਭਾਪਾ ਜੀ ਦੀ ਉਹ ਘਰ ਦੀ ਕੱਢੀ ਹੋਈ ਸ਼ਰਾਬ ਯਾਦ ਆ ਰਹੀ ਸੀ।"

"ਅੱਛਾ! ਤਾਂ ਪਿੰਡ ਯਾਦ ਆ ਰਿਹਾ ਸੀ ਤੇ ਲੈ ਆਹ ਮੈਨੂੰ ਤੁਸੀਂ ਗੁਰਦਾਸ ਮਾਨ ਦਾ ਗਾਇਆ ਗੀਤ ਯਾਦ ਕਰਵਾ ਦਿੱਤਾ ਅਖੇ 'ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ।"

ਅਸੀਂ ਹੋਟਲ ਪਹੁੰਚ ਗਏ ਹਾਂ। ਮੈਂ ਨਾਈਟ ਸੂਟ ਪਾ ਕੇ ਬੈੱਡ 'ਤੇ ਪਏ ਸਿਰਾਹਣੇ ਤੇ ਸਿਰ ਰੱਖ ਕੇ ਅੱਖਾਂ ਬੰਦ ਕਰ ਲਈਆਂ ਹਨ। ਪ੍ਰੀਤ ਨੇ ਆ ਕੇ ਮੇਰੀਆਂ ਲੱਤਾਂ ਘੁੱਟਣੀਆਂ ਸ਼ੁਰੂ ਕਰ ਦਿੱਤੀਆਂ ਨੇ।

"ਪ੍ਰੀਤ ਆਹ ਕੀ! ਮੇਰੀਆਂ ਲੱਤਾਂ ਕੋਈ ਦੁਖਦੀਆਂ ਆਂ?"

ਪ੍ਰੀਤ ਹੱਸਦੀ ਹੈ, "ਮੈਂ ਤਾਂ ਪਿਆਰ ਦੀ ਕਿਤਾਬ ਖੋਲ੍ਹਣ ਲਈ, ਗੁਰਦਾਸ ਮਾਨ ਵਾਲਾ ਗੀਤ ਪੂਰਾ ਕਰ ਰਹੀ ਹਾਂ। ਬਈ ਅੱਧ ਸੁੱਤੇ ਦੀਆਂ ਲੱਤਾਂ ਚੂੜੇ ਵਾਲੀ ਨੱਪੀ ਜਾਵੇ।"

"ਚੱਲ ਨੱਪੀ ਚੱਲ ਫਿਰ ਤਾਂ ਕਹਿੰਦੇ ਹੀ ਮੈਂ ਉਸ ਦੀ ਬਾਂਹ ਫੜ੍ਹ ਕੇ ਇਸ ਤਰ੍ਹਾਂ ਖਿੱਚਿਆ ਕਿ ਉਸ ਨੇ ਸ਼ਰਮਾ ਕੇ ਆਪਣਾ ਸਿਰ ਮੇਰੀ ਛਾਤੀ 'ਤੇ ਰੱਖ ਦਿੱਤੈ।

ਮੈਂ ਨਸ਼ੇ ਦੀ ਲੋਰ ਵਿਚ ਉਸ ਦੇ ਵਾਲਾਂ ਵਿਚ ਆਪਣੇ ਹੱਥਾਂ ਦੀ ਕੰਘੀ ਕਰਦੇ ਕਿਹੈ, " ਪ੍ਰੀਤ ਅੱਜ ਪਿਆਰ ਦੀ ਕਿਤਾਬ ਪੰਜਾਬ ਚੱਲ ਕੇ ਈ ਖੋਲ੍ਹਦੇ ਆਂ।" ਮੇਰੀਆਂ ਅੱਖਾਂ ਬੰਦ ਹੋ ਰਹੀਆਂ ਨੇ।

ਮੈਨੂੰ ਸੱਚਮੁਚ ਸੁਪਨਾ ਆ ਰਿਹੈ। ਭਾਪਾ ਜੀ ਘਰ ਦੇ ਵਿਹੜੇ ਵਿਚ ਚਿੱਟਾ ਕੁੜਤਾ-ਪਜਾਮਾ ਪਾਈ ਕੁਰਸੀ ਤੇ ਬੈਠੇ ਹਨ। ਐਨਕ ਦੀ ਡੱਬੀ ਟੇਬਲ 'ਤੇ ਪਈ ਹੈ। ਮੈਂ ਸਾਹਮਣੇ ਪਈ ਕੁਰਸੀ ਤੇ ਬੈਠਾ ਹਾਂ। ਪ੍ਰੀਤ ਵਿਹੜੇ ਵਿਚ ਪੰਜੇਬਾਂ ਛਣਕਾਉਂਦੀ ਫਿਰ ਰਹੀ ਏ। ਬੀਬੀ ਰਸੋਈ ਵਿਚ ਸਾਗ ਘੋਟ ਰਹੀ ਹੈ।

"ਵਿੰਦਰ! ਸਾਗ ਬਣ ਗਿਐ।" ਬੀਬੀ ਮੈਨੂੰ ਅਵਾਜ਼ ਮਾਰਦੀ ਏ।

ਮੈਂ ਰਸੋਈ ਵੱਲ ਜਾਣ ਹੀ ਲੱਗਾ ਹਾਂ ਕਿ ਫ਼ੋਨ ਦੀ ਘੰਟੀ ਵੱਜੀ ਐ। ਮੈਂ ਫ਼ੋਨ ਚੁੱਕਦਾ ਹਾਂ।

ਹੈਂ! ਇਹ ਸੁਪਨਾ ਹੈ ਕਿ ਹਕੀਕਤ? ਮੇਰਾ ਫ਼ੋਨ ਤਾਂ ਸੱਚਮੁਚ ਹੀ ਵੱਜ ਰਿਹੈ।

ਮੈਂ ਅੱਭੜਵਾਹਾ ਉੱਠ ਕੇ ਆਖਦਾ ਹਾਂ, " ਹੈਲੋ!"

"ਹੈਲੋ! ਵਿੰਦਰ!"

"ਹੈਲੋ! ਭਾ ਜੀ! ਕੀ ਹਾਲ ਨੇ!" ਮੈਂ ਆਸੇ-ਪਾਸੇ ਦੇਖ ਰਿਹਾ ਹਾਂ ਕਿ ਮੈਂ ਕਿੱਥੇ ਹਾਂ?

"ਮੈਂ ਤਾਂ ਠੀਕ ਹਾਂ। ਭਾਪਾ ਜੀ ਜ਼ਰਾ ਢਿੱਲੇ ਨੇ।"

"ਕੀ ਗੱਲ ਹੋਈ?" ਪ੍ਰੀਤ ਵੀ ਉੱਠ ਕੇ ਬੈਠ ਗਈ ਏ। ਸੋ ਮੈਂ ਪਹਿਲਾਂ ਸੁਪਨਾ ਦੇਖ ਰਿਹਾ ਸੀ। ਮੈਂ ਮਨ ਹੀ ਮਨ ਸੋਚਦਾ ਹਾਂ।

"ਲੈ ਭਾਪਾ ਜੀ ਨਾਲ ਈ ਗੱਲ ਕਰ। ਹੁਣੇ ਹਸਪਤਾਲ ਤੋਂ ਆਏ ਆਂ। ਬਹੁਤ ਕਾਹਲੇ ਪਏ ਨੇ ਤੇਰੇ ਨਾਲ ਗੱਲ ਕਰਨ ਲਈ।

"ਹੈਲੋ! ਭਾਪਾ ਜੀ! ਕੀ ਗੱਲ ਹੋ ਗਈ।" ਮੈਂ ਚਿੰਤੁਤ ਹੁੰਦੇ ਕਿਹੈ।

"ਗੱਲ ਕੀ ਹੋਣੀ! ਗੁਰਦੇ 'ਚ ਪੱਥਰੀ ਆ। ਦਰਦ ਨਹੀਂ ਝੱਲ ਹੁੰਦਾ। ਕਹਿੰਦੇ ਓਪਰੇਸ਼ਨ ਕਰਨਾ ਪਊ।"

"ਚਲੋ ਕੋਈ ਨਹੀਂ, ਫਿਰ ਤਾਂ ਮਮੂਲੀ ਜਿਹੀ ਗੱਲ ਆ। ਮੈਂ ਭਾ ਜੀ ਨੂੰ ਕਹਿੰਨਾ ਸਭ ਤੋਂ ਚੰਗੇ ਹਸਪਤਾਲ ਲੈ ਕੇ ਜਾਣ, ਪੈਸੇ ਦੀ ਪ੍ਰਵਾਹ ਨਹੀਂ ਕਰਨੀ।"

"ਕਾਕਾ! ਮੈਂ ਚਾਹੁੰਨਾ ਤੂੰ ਇਕ ਵਾਰੀ ਮਿਲ ਜਾਂਦਾ।"

"ਭਾਪਾ ਜੀ! ਮਹੀਨੇ ਕੁ ਤੱਕ ਆਉਣ ਦੀ ਕੋਸ਼ਿਸ ਕਰਦਾਂ। ਮੈਂ ਕੰਪਨੀ ਦੇ ਕੰਮ ਵਿਚ ਬਹੁਤ ਬਿਜ਼ੀ ਆਂ। ਤੁਹਾਨੂੰ ਪਤੈ ਕੰਮ ਅਜੇ ਨਵਾਂ ਆਂ।"

"ਪੁੱਤ ਤੇਰੇ ਤਾਂ ਕੰਮ ਤੁਰੇ ਹੀ ਰਹਿੰਦੇ ਆ ਤੇਰੀ ਬੀਬੀ ਵੀ ਬਹੁਤ ਓਦਰੀ ਹੋਈ ਆ।" ਭਾਪਾ ਜੀ ਦੀ ਅਵਾਜ਼ ਵਿਚ ਤਰਲਾ ਹੈ।

"ਚੱਲੋ ਚੰਗਾ ਭਾਪਾ ਜੀ। ਮੈਂ ਪ੍ਰੀਤ ਨਾਲ ਸਲਾਹ ਕਰ ਕੇ ਦੋ ਕੁ ਹਫ਼ਤੇ ਲਈ ਆ ਜਾਂਦਾ ਹਾਂ।"

"ਤੂੰ ਵੀ ਹੱਦ ਕਰਦਾਂ ਪੁੱਤ! ਕੱਲਾ ਨਾ ਆਵੀਂ ਪ੍ਰੀਤ ਨੂੰ ਲੈ ਕੇ ਆਵੀਂ, ਨਾਲੇ ਸਾਡੀਆਂ ਪੋਤੀਆਂ ਨੂੰ ਵੀ ਦਾਦੀ-ਦਾਦੇ ਨਾਲ ਮਿਲਾ ਜਾ।"

"ਭਾਪਾ ਜੀ! ਉਹ ਤਾਂ ਪੜ੍ਹਦੀਆਂ ਨੇ। ਹੁਣ ਤਾਂ ਮੈਂ ਹੀ ਆ ਸਕਦਾ ਹਾਂ। ਉਹ ਦਸੰਬਰ ਦੀਆਂ ਛੁੱਟੀਆਂ ਵਿਚ ਆ ਜਾਣਗੀਆਂ।"

"ਚੰਗਾ ਪੁੱਤਰ। ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਹੋਊ, ਫਿਰ ਇਸ ਵਾਰੀ ਤੂੰ 'ਕੱਲਾ ਹੀ ਆ ਜਾਹ।" ਭਾਪਾ ਜੀ ਨੇ ਫ਼ੋਨ ਰੱਖ ਦਿੱਤੈ।

ਪ੍ਰੀਤ ਮੇਰੇ ਵੱਲ ਦੇਖ ਰਹੀ ਏ, "ਹਾਂ! ਇਹ ਹੀ ਠੀਕ ਆ, ਤੁਸੀਂ ਮਿਲ ਹੀ ਆਓ! ਭਾਪਾ ਜੀ ਤੇ ਬੀਬੀ ਜੀ ਹਰ ਵਾਰੀ ਮਿਲ ਜਾ ਮਿਲ ਜਾ ਕਹਿੰਦੇ ਨੇ।"

"ਪ੍ਰੀਤ ਤੁਹਾਨੂੰ ਸਭ ਨੂੰ ਛੱਡ ਕੇ ਜਾਣਾ ਵੀ ਹੁਣ ਬਹੁਤ ਔਖਾ ਲੱਗਦੈ।"

"ਓਹੋ! ਉਨ੍ਹਾਂ ਨੂੰ ਦੇਖਣਾ ਵੀ ਤਾਂ ਬਹੁਤ ਜ਼ਰੂਰੀ ਐ। ਸਾਡੀ ਚਿੰਤਾ ਨਾ ਕਰੋ! ਮੈਂ ਸੰਭਾਲ ਲਵਾਂਗੀ। ਮੈਂ ਸਵੇਰੇ ਇੰਟਰਨੈੱਟ 'ਤੇ ਟਿਕਟ ਦੇਖਦੀ ਹਾਂ। ਤੁਸੀਂ ਹੁਣ ਸੌਂ ਜਾਓ! ਸਵੇਰੇ ਮੀਟਿੰਗ 'ਤੇ ਵੀ ਜਾਣੈ।"

ਪ੍ਰੀਤ ਮੁੜ ਸੌਂ ਗਈ ਏ ਪਰ ਮੈਨੂੰ ਨੀਂਦ ਨਹੀਂ ਆ ਰਹੀ। ਮੈਂ ਸਵੇਰ ਹੁੰਦੇ ਹੀ ਬਰੇਕਫਾਸਟ ਕਰਕੇ ਮੀਟਿੰਗ ਲਈ ਤੁਰ ਪਿਆ ਹਾਂ। ਮੈਂ ਮੀਟਿੰਗ ਵਿਚ ਸ਼ਾਂਤ ਬੈਠਾ ਦਿਸ ਰਿਹਾ ਹਾਂ ਪਰ ਮੇਰਾ ਦਿਲ ਬੇਚੈਨ ਹੈ। ਮੈਨੂੰ ਘਬਰਾਹਟ ਹੋ ਰਹੀ ਏ। ਲੱਗਦਾ ਬਲੱਡ ਪ੍ਰੈਸ਼ਰ ਵੱਧ ਰਿਹਾ ਏ। ਮੀਟਿੰਗ ਖਤਮ ਹੋ ਗਈ ਏ। ਮੈਂ ਸ਼ੁਕਰ ਮਨਾਇਐ।

ਮੈਂ ਵਾਪਸ ਹੋਟਲ ਆ ਗਿਆ ਹਾਂ।

ਪ੍ਰੀਤ ਮੇਰੇ ਵੱਲ ਦੇਖਦੇ ਕਹਿੰਦੀ ਏ, " ਵਿੰਦਰ! ਵੀਕੈਂਡ ਦੀ ਟਿਕਟ ਮਿਲ ਗਈ ਏ। ਐਮਰਜੈਂਸੀ 'ਚ ਲਈ ਏ। ਹੈ ਤਾਂ ਥੋੜ੍ਹੀ ਮਹਿੰਗੀ ਪਰ ਚੱਲ ਕੋਈ ਨਹੀਂ।"

"ਪ੍ਰੀਤ! ਮੇਰੀ ਸਿਹਤ ਠੀਕ ਨਹੀਂ। ਜੇ ਤੂੰ ਕੁੱਝ ਖਾਣਾ ਆਂ ਤਾਂ ਰੁਕਦੇ ਹਾਂ ਨਹੀਂ ਤਾਂ ਚੱਲ ਵਾਪਸ ਚੱਲੀਏ।"

"ਵਾਪਸ ਹੀ ਚੱਲਦੇ ਹਾਂ! ਰਾਹ ਵਿਚ ਭੁੱਖ ਲੱਗੀ ਤਾਂ ਕਿਤੇ ਰੁਕ ਲਵਾਂਗੇ।"

ਪ੍ਰੀਤ ਨੇ ਸਮਾਨ ਚੁੱਕ ਕੇ ਬੈਗ ਵਿਚ ਪਾਉਣਾ ਸ਼ੁਰੂ ਕਰ ਦਿੱਤੈ। ਮੇਰਾ ਮਨ ਵੈਰਾਗੀ ਹੋਇਆ ਜਾ ਰਿਹੈ। ਅੱਜ ਪਹਿਲੀ ਵਾਰੀ ਮੈਂ ਆਪਣੇ ਆਪ ਨੂੰ ਬੇਗਾਨੇ ਮੁਲਕ ਵਿਚ ਮਹਿਸੂਸ ਕਰ ਰਿਹਾਂ। ਮੈਂ ਸੱਚਮੁੱਚ ਇਹ ਪਰਦੇਸ ਮੈਨੂੰ ਬਿਗਾਨੇ ਬਿਰਖ ਜਿਹਾ ਲੱਗ ਰਿਹੈ। ਆਪਣੇ ਦੇਸ ਤੋਂ ਸੱਤ ਸਮੁੰਦਰ ਪਾਰ! ਉਫ਼! ਮੇਰੇ ਮਨ ਵਿਚ ਚੀਸਾਂ ਦਾ ਤੂਫ਼ਾਨ ਉੱਠ ਰਿਹੈ। ਮੈਂ ਟੇਬਲ ਤੋਂ ਡਾਇਰੀ ਚੁੱਕ ਕੇ ਪ੍ਰੀਤ ਨੂੰ ਫੜਾਉਣ ਦੀ ਬਜਾਏ ਸ਼ੇਅਰ ਲਿਖਣਾ ਸ਼ੁਰੂ ਕੀਤੈ:

ਬਿਗਾਨੇ ਬਿਰਖ ਦੀ ਛਾਂ ਹੇਠ ਕਮਲਿਆ ਬਹਿ ਕੇ,
ਕਦੇ ਤੂੰ ਸੋਚਿਆ ਵੀ ਹੈ ਕੀ ਹੋਂਦ ਹੈ ਤੇਰੀ?*

ਮੇਰੀ ਜੇਬ ਵਿਚ ਪਿਆ ਫ਼ੋਨ ਵੱਜ ਰਿਹੈ।

ਮੈਂ ਪੈੱਨ ਟੇਬਲ 'ਤੇ ਰੱਖ ਫ਼ੋਨ ਚੁੱਕਿਐ:

"ਹੈਲੋ! ਵਿੰਦਰ!" ਭਾ ਜੀ ਦੀ ਅਵਾਜ਼ ਵਿਚ ਘਬਰਾਹਟ ਹੈ।

"ਹੈਲੋ ਭਾ ਜੀ। ਸਭ ਠੀਕ ਏ।" ਮੈਂ ਵੀ ਹੜਬੜਾ ਕੇ ਕਿਹੈ।

"ਵਿੰਦਰ! ਭਾਪਾ ਜੀ।"

"ਭਾ ਜੀ! ਭਾਪਾ ਜੀ ਕੀ ਹੋਇਆ ਛੇਤੀ ਦੱਸੋ?"

"ਭਾਪਾ ਜੀ ਚ-ਲ-ਲੇ ਗਏ? ਭਾ ਜੀ ਨੇ ਮਸਾਂ ਕਿਹੈ?

"ਨਈਂ ।ਇਹ ਕਿੱਦਾਂ ਹੋ ਸਕਦਾ ?" ਮੈਂ ਇਸ ਤਰ੍ਹਾਂ ਵਿਲਕ ਕੇ ਕਿਹੈ ਕਿ ਫ਼ੋਨ ਮੇਰੇ ਹੱਥੋਂ ਡਿੱਗ ਪਿਐ।

ਪ੍ਰੀਤ ਨੇ ਅਗਾਂਹ ਵੱਧ ਕੇ ਫੋਨ ਚੁੱਕਦੇ ਸਪੀਕਰ ਆਨ ਕਰਦੇ ਘਬਰਾ ਕੇ ਕਿਹਾ, " ਭਾ ਜੀ ! ਕੀ ਹੋਇਐ? ਭਾਪਾ ਜੀ ਏਦਾਂ ਕਿਵੇਂ ਚਲੇ ਗਏ? ਕਲ੍ਹ ਤਾਂ ਚੰਗੀਆਂ-ਭਲੀਆਂ ਗੱਲਾਂ।"

ਪ੍ਰੀਤ ਦੀਆਂ ਅੱਖਾਂ ਵਿਚ ਵੀ ਹੰਝੂਆਂ ਦੀ ਝੜੀ ਲੱਗ ਗਈ ਏ।

"ਪ੍ਰੀਤ ! ਰਾਤੀਂ ਦਰਦ ਵਧ ਗਈ।ਅਸੀਂ ਤਾਂ ਫ਼ਟਾ ਫ਼ਟ ਹਸਪਤਾਲ ਲੈ ਗਏ।ਉਹ ਤਾਂ ਅਜੇ ਬਲੱਡ ਟੈਸਟ ਹੀ ਕਰ ਰਹੇ ਸੀ ਕਿ ਭਾਪਾ ਜੀ ਨੂੰ ਹਾਰਟ ਅਟੈਕ ਹੋ ਗਿਆ।" ਭਾ ਜੀ ਦੀ ਅਵਾਜ਼ ਵੀ ਭਾਰੀ ਹੋ ਰਹੀ ਏ।

ਮੈਨੂੰ ਕੁੱਝ ਅਹੁੜ ਨਹੀਂ ਰਿਹਾ।

"ਹਾਏ ! ਭਾ ਜੀ ! ਮੈਂ ਤਾਂ ਕਲ੍ਹ ਈ ਇਨ੍ਹਾਂ ਦੇ ਜਾਣ ਬਆਦ ਵੀਕੈਂਡ ਦੀ ਟਿਕਟ ਵੀ ਲੈ ਦਿੱਤੀ ਸੀ।" ਪ੍ਰੀਤ ਨੇ ਰੋਂਦੇ ਹੋਏ ਕਿਹਾ।

"ਭਾਪਾ ਜੀ ਦਾ ਕਿਹੜਾ ਜਾਣ ਨੂੰ ਜੀ ਕਰਦਾ ਸੀ? ਆਖਰੀ ਸਮੇਂ ਵੀ ਵਿੰਦਰ ਨੂੰ ਅਵਾਜ਼ ਮਾਰਦੇ।"

"ਭਾਪਾ ਜੀ ਏਡੀ ਕਰੜੀ ਸਜ਼ਾ? ਨਹੀਂ?" ਮੈਂ ਪਾਗ਼ਲ ਹੋ ਰਿਹਾ ਹਾਂ।

" ਪ੍ਰੀ ਤ ਇਹਦਾ ਧਿਆਨ ਰੱਖ, ਮੈਂ ਫਿਰ ਫ਼ੋਨ ਕਰਾਂਗਾਂ।"

" ਭਾ ਜੀ ! ਚੰਗਾ ਮੈਂ ਵੀਕੈਂਡ 'ਤੇ ਇਨ੍ਹਾਂ ਨੂੰ ਜਹਾਜ ਚੜ੍ਹਾ ਦਿੰਦੀ ਹਾਂ। ਤੁਸੀਂ ਆਪਣਾ ਅਤੇ ਬੀਬੀ ਦਾ ਖ਼ਿਆਲ ਰੱਖਿਓ।" ਪ੍ਰੀਤ ਨੇ ਰੋਂਦੇ ਹੋਏ ਫ਼ੋਨ ਬੰਦ ਕਰ ਦਿੱਤੈ।

ਅੱਜ ਤਾਂ ਅਜੇ ਮੰਗਲਵਾਰ ਹੈ ਤੇ ਮੇਰੀ ਫ਼ਲਾਈਟ ਸ਼ੁਕਰਵਾਰ ਦੀ।

ਇਹ ਤਿੰਨ ਦਿਨ ਮੈਨੂੰ ਤਿੰਨ ਸਾਲਾਂ ਵਰਗੇ ਲੱਗ ਰਹੇ ਨੇ।ਮੈਂ ਬੈੱਡ ਤੇ ਨਿਢਾਲ ਪੈ ਗਿਆ ਹਾਂ।ਮੈਨੂੰ ਲੱਗਦੈ ਜਿਵੇਂ ਮੇਰਾ ਬਦਨ "ਨੀਲੀਆਂ ਲਾਟਾਂ ਦੇ ਸੇਕ ਦੇ ਭਾਂਬੜ ਨਾਲ ਝੁਲਸ ਰਿਹੈ। ਮੈਂ ਪਛਤਾਵੇ ਦੀ ਅੱਗ ਦੇ ਵਿਚ ਸੜ ਰਿਹਾਂ।ਮੈਂ ਪਹਿਲਾਂ ਕਿਉਂ ਨਈਂ ਗਿਆ? ਮੇਰੇ ਭਾਪਾ ਜੀ? ਹੁਣ ਮੈਂ ਕੀ ਕਰਾਂ? ਮੇਰਾ ਸਿਰ ਚਕਰਾ ਰਿਹੈ। ਰਿਸ਼ਤੇਦਾਰਾਂ ਅਤੇ ਦੋਸਤਾਂ- ਮਿੱਤਰਾਂ ਦੇ ਫ਼ੋਨ ਆ ਰਹੇ ਨੇ।ਪ੍ਰੀਤ ਕਦੀ ਮੇਰੀ ਸਿਹਤ ਨਾ ਠੀਕ ਹੋਣ ਦਾ ਅਤੇ ਕਦੇ ਮੇਰੇ ਸੁੱਤੇ ਹੋਣ ਦਾ ਬਹਾਨਾ ਲਾ ਕੇ ਖੁਦ ਹੀ ਸਭ ਨਾਲ ਅਫ਼ਸੋਸ ਕਰੀ ਜਾ ਰਹੀ ਏ।

ਅੱਜ ਐਤਵਾਰ ਹੈ।ਮੈਂ ਦੋ ਦਿਨਾਂ ਦਾ ਸਫ਼ਰ ਤੈਅ ਕਰਕੇ ਪੰਜਾਬ ਪਹੁੰਚ ਗਿਆ ਹਾਂ।

ਮੈਂ ਅੰਮ੍ਰਿਤਸਰ ਹਵਾਈ ਅੱਡੇ ਤੋਂ ਸਕਿਓਰਟੀ ਚੈੱਕ ਕਰਵਾ, ਪਛਤਾਵੇ ਦੇ ਅਟੈਚੀ ਚੁੱਕੀ ਟੈਕਸੀ ਸਟੈਂਡ ਤੇ ਆ ਕੇ ਜੰਡਿਆਲੇ ਤੱਕ ਟੈਕਸੀ ਕਰ ਲਈ ਹੈ।ਟੈਕਸੀ ਤੁਰ ਪਈ ਹੈ ਪਰ ਮੇਰੀ ਸੋਚ ਠਹਿਰ ਗਈ ਹੈ।ਮੈਂ ਬਾਹਰ ਵੱਲ ਤੱਕਦਾ ਹਾਂ।ਮੱਠੀ ਮੱਠੀ ਭੂਰ ਪੈ ਰਹੀ ਏ।ਤਾਕੀ ਦਾ ਸ਼ੀਸ਼ਾ ਗਿੱਲਾ ਹੋ ਰਿਹੈ, ਮੈਂ ਟੈਕਸੀ ਦੇ ਸ਼ੀਸ਼ੇ ਤੇ ਲਿਖ ਰਿਹਾ ਹਾਂ:

ਉਹ ਬਲਦੀ ਜੋਤ, ਆਥਣ ਦਾ ਸਮਾਂ, ਮਾਂ ਦੀ ਇਬਾਦਤ,
ਸਫ਼ਰ ਵਿਚ ਯਾਦ ਮੈਨੂੰ ਘਰ ਦੀ ਮੁੜ-ਮੁੜ ਆ ਰਹੀ ਏ।*

ਮੈਂ ਡੌਰ-ਭੌਰ ਆਸੇ -ਪਾਸੇ ਦੇਖ ਰਿਹਾ ਹਾਂ।ਸਭ ਕੁੱਝ ਕਿੰਨਾ ਬਦਲ ਗਿਐ? ਮੈਂ ਆਪਣੀ ਬੀਬੀ ਨੂੰ ਕਿਵੇਂ ਮਿਲਾਂਗਾ? ਮੇਰਾ ਵੱਡਾ ਭਰਾ ਇਹ ਸਭ ਇੱਕਲਾ ਕਿਵੇਂ ਹੰਢਾ ਰਿਹਾ ਹੋਵੇਗਾ? ਭਾਪਾ ਜੀ ਮੈਨੂੰ ਮਿਲਣ ਲਈ ਤਰਸਦੇ ਹੀ ਚਲੇ ਜਾਣਗੇ ਇਹ ਤਾਂ ਮੈਂ ਸੋਚਿਆ ਵੀ ਨਹੀਂ ਸੀ।ਮੈਨੂੰ ਲੱਗਦੈ ਮੈਂ ਪੱਥਰ ਦਾ ਬੁੱਤ ਬਣ ਗਿਆ ਹਾਂ।ਫੋਨ ਤੇ ਆਏ ਟੈਕਸਟ ਮੈਸੇਜ ਨੇ ਮੈਨੂੰ ਝੰਜੋੜਿਐ:

ਮੈਸੇਜ ਪ੍ਰੀਤ ਦਾ ਹੈ; ਕਿੱਥੇ ਕੁ ਪਹੁੰਚੇ ਹੋ?

'ਘਰ ਪਹੁੰਚਣ ਹੀ ਵਾਲਾ ਹਾਂ ਪਰ ਪਤਾ ਨਹੀਂ ਮਾਂ ਮੈਂ ਟੈਕਸਟ ਵਾਪਸ ਕਰ ਰਿਹਾ ਹਾਂ।

ਵਿੰਦਰ ਤੁਸੀਂ ਬੀਬੀ ਜੀ ਨੂੰ ਸੰਭਾਲਣਾ ਹੈ ਅਤੇ ਆਪਣੇ ਬਲੱਡ ਪ੍ਰੈਸ਼ਰ ਦਾ ਵੀ ਧਿਆਨ ਰੱਖਣਾ ਹੈ। ਅਸੀਂ ਤੁਹਾਨੂੰ ਬਹੁਤ ਯਾਦ ਕਰ ਰਹੇ ਹਾਂ।

ਪ੍ਰੀਤ ! ਪੂਰੀ ਕੋਸ਼ਿਸ਼ ਕਰਾਂਗਾ। ਮੈਂ ਪ੍ਰੀਤ ਨੂੰ ਜਵਾਬ ਵਿਚ ਲਿਖਕੇ ਫ਼ੋਨ ਸੀਟ ਤੇ ਰੱਖ ਦਿੱਤੈ।

ਮੈਨੂੰ ਯਾਦ ਆ ਰਿਹੈ ਕਿ ਜਦੋਂ ਮੈਂ ਪਹਿਲੀ ਵਾਰੀ ਅਮਰੀਕਾ ਗਿਆ ਸੀ ਤਾਂ ਭਾਪਾ ਜੀ ਅਤੇ ਬੀਬੀ ਦੋਵੇਂ ਹੀ ਮੈਨੂੰ ਜਹਾਜ ਚੜ੍ਹਾਉਣ ਦਿੱਲੀ ਆਏ ਸਨ। ਮੈਂ ਤਾਂ ਏਅਰ ਪੋਰਟ ਤੇ ਛਾਲਾਂ ਮਾਰਦਾ ਦੌੜਦਾ ਜਾ ਰਿਹਾ ਸੀ। ਬਾਹਰੋਂ ਆਉਣ ਵਾਲੇ ਲੋਕਾਂ ਦੀ ਦਿੱਖ ਹੀ ਵੱਖਰੀ ਸੀ। ਸਭ ਸੋਨੇ ਨਾਲ ਲੱਦੇ ਸਨ। ਗਲੇ ਵਿਚ ਚੇਨਾਂ ਅਤੇ ਹੱਥਾਂ ਵਿਚ ਕੜੇ। ਅੱਖਾਂ ਤੇ ਕਾਲੀਆਂ ਐਨਕਾਂ ਤਾਂ ਮੈਂ ਵੀ ਲਾਈਆਂ ਹੋਈਆਂ ਸਨ। ਮੈਂ ਉਨ੍ਹਾਂ ਨੂੰ ਹੀ ਵਾਰ-ਵਾਰ ਅਗਾਂਹ -ਪਿਛਾਂਹ ਕਰ ਰਿਹਾ ਸੀ। ਚਿੱਟੀ ਸ਼ਰਟ ਉੱਤੇ ਲਗਾਈ ਹੋਈ ਨੈੱਕ ਟਾਈ ਮੈਨੂੰ ਪੂਰੀ ਫ਼ੱਬ ਰਹੀ ਸੀ। ਸਿਰ ਤੇ ਕਾਲੇ ਸੰਘਣੇ ਵਾਲਾਂ ਦਾ ਸਟਾਈਲ। ਇਕ ਦਿਨ ਮੈਂ ਵੀ ਇਸ ਤਰ੍ਹਾਂ ਹੀ ਸੋਨੇ ਨਾਲ ਲੱਦਿਆਂ ਆਵਾਂਗਾ। ਮੇਰਾ ਚਾਅ ਉਛਾਲੇ ਖਾ ਰਿਹਾ ਸੀ। ਸਾਫ਼-ਸੁਥਰੇ ਮੁਲਕ ਵਿਚ ਜਾ ਕੇ ਵਾਰਨਾ ਮੇਰੇ ਹਿੱਸੇ ਆ ਗਿਆ ਸੀ। ਮੈਨੂੰ ਜਹਾਜ ਚੜ੍ਹਨ ਦੀ ਅਤੇ ਪ੍ਰੀਤ ਨੂੰ ਮਿਲਣ ਦੀ ਬਹੁਤ ਕਾਹਲੀ ਸੀ। ਆਖ਼ਿਰ ! ਮੈਂ ਅੰਦਰ ਜਾਣ ਲੱਗੇ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਬੀਬੀ ਇਕ ਥੰਮ ਦੇ ਪਿੱਛੇ ਲੁਕ ਕੇ ਰੋ ਰਹੀ ਸੀ।

"ਭਾਪਾ ਜੀ ਬੀਬੀ ਰੋਂਦੀ ਕਿਉਂ ਆ? ਮੈਂ ਪਿੱਛੇ ਮੁੜ ਕੇ ਭਾਪਾ ਜੀ ਨੂੰ ਆਖਿਆ ਸੀ।

" ਨਾ ਤੂੰ ਖੁਸ਼ ਹੋ ! ਤੇਰਾ ਪੁੱਤ ਜਹਾਜੇ ਚੜ੍ਹ ਰਿਹਾ। ਐਵੇਂ ਕਿਉਂ ਡੁਸਕਣ ਲੱਗ ਪਈ ਏਂ।" ਭਾਪਾ ਜੀ ਨੇ ਬੀਬੀ ਨੂੰ ਮਿੱਠੀ ਜਿਹੀ ਝਿੜਕ ਮਾਰਦੇ ਕਿਹਾ ਸੀ, "ਵਿੰਦਰ ! ਚੱਲ ਪੁੱਤ ! ਤੂੰ ਚੜ੍ਹ ਜਹਾਜ ਤੇ ! ਤੇਰੀ ਮਾਂ ਤੇ ਐਵੇਂ ਹੀ ਕਮਲ਼ੀ ਹੋਈ ਆ ਮਾਂ ਜੋ ਹੋਈ।

"ਮੈਂ ਖ਼ੁਸ਼ ਤਾਂ ਬਹੁਤ ਹਾਂ ਪਰ ਮਾਂ ਹਾਂ।" ਬੀਬੀ ਨੇ ਆਪਣੇ ਹੰਝੂ ਪੂੰਝਦੇ ਇਕ ਵਾਰੀ ਫਿਰ ਮੈਨੂੰ ਗਲ਼ ਨਾਲ ਲਾਇਆ ਸੀ।

"ਉਹ ! ਦੇਖੀਂ ਬੀਬੀ ਕਿਤੇ ਮੇਰਾ ਜਹਾਜ ਹੀ ਨਾ ਲੰਘਾ ਦੇਈਂ।" ਮੈਂ ਜਲਦੀ ਨਾਲ ਕਹਿ ਕੇ ਤੁਰ ਪਿਆ ਸੀ।

'ਤੇ ਸੱਚਮੁਚ ਮੈਨੂੰ ਬੀਬੀ ਦੇ ਰੋਣ ਦੀ ਸਮਝ ਉਸ ਦਿਨ ਆਈ ਜਦੋਂ ਮੈਂ ਆਪਣੀ ਬੇਟੀ ਨੂੰ ਪਹਿਲੀ ਵਾਰੀ ਯੂਨੀਵਰਸਿਟੀ ਛੱਡ ਕੇ ਵਾਪਸ ਮੁੜਿਆ ਸਾਂ। ਮੇਰੀਆਂ ਅੱਖਾਂ ਵੀ ਉਸੇ ਤਰ੍ਹਾਂ ਹੀ ਨਮ ਹੋਈਆਂ ਸਨ। ਬੱਸ ਉਸੇ ਦਿਨ ਤੋਂ ਹੀ ਮੇਰੇ ਮਨ ਵਿਚ ਭਾਪਾ ਜੀ ਅਤੇ ਬੀਬੀ ਲਈ ਮੋਹ ਜਾਗਿਆ ਸੀ।

ਪਹਿਲਾਂ ਤਾਂ ਆ ਕੇ ਅਮਰੀਕਾ ਦੀ ਚਮਕ -ਦਮਕ ਨਾਲ ਚੁੰਧਿਆ ਜਿਹਾ ਗਿਆ ਸੀ। ਸਨਫ਼ਰਾਂਸਿਸਕੋ ਯੂਨੀਵਰਸਿਟੀ ਤੋਂ ਇੰਜਨੀਅਰਿੰਗ ਦੀ ਡਿਗਰੀ ਲਈ। ਫਿਰ ਕੰਮ ਦਾ ਚਾਅ ਨਹੀਂ ਸੀ ਚੁੱਕ ਹੁੰਦਾ। ਪ੍ਰੀਤ ਨਰਸ ਅਤੇ ਮੈਂ ਇੰਜਨੀਅਰ। ਮੈਂ 4-5 ਸਾਲਾਂ ਵਿਚ ਹੀ ਭਾਪਾ ਜੀ ਨੂੰ ਡਾਲਰਾਂ ਨਾਲ ਮਾਲੋ-ਮਾਲ ਕਰ ਦਿੱਤਾ ਸੀ। ਪਿੰਡ ਨਵੀਂ ਕੋਠੀ ਵੀ ਬਣਾ ਦਿੱਤੀ ਸੀ। ਟੈਂਕੀ ਦੇ ਉੱਪਰ ਜਹਾਜ ਵੀ ਸਭ ਤੋਂ ਪਹਿਲਾਂ ਸਾਡੀ ਕੋਠੀ 'ਤੇ ਹੀ ਲੱਗਿਆ ਸੀ। ਮੈਂ ਆਪ ਤਾਂ ਪਿਛਲੇ 20 ਸਾਲਾਂ ਵਿਚ ਮਸਾਂ ਦੋ ਵਾਰੀ ਹੀ ਪੰਜਾਬ ਆਇਆ ਸੀ। ਉਹ ਵੀ ਭਾਪਾ ਜੀ ਅਤੇ ਬੀਬੀ ਦੋਵਾਂ ਨੇ ਪਹਿਲੀ ਵਾਰੀ ਦਾਦੀ ਦੇ ਤੁਰ ਜਾਣ 'ਤੇ ਅਤੇ ਦੂਜੀ ਵਾਰੀ ਭਤੀਜੇ ਦੀ ਲੋਹੜੀ ਕਰਕੇ ਮਜਬੂਰ ਕੀਤਾ ਸੀ। ਤੀਜੀ ਵਾਰੀ ਆਹ ਜਦੋਂ ਮਾਪਿਆਂ ਪ੍ਰਤੀ ਮੋਹ ਜਾਗਿਆ ਸੀ। ਮੈਂ ਆਪ ਸਾਰਾ ਪਰਿਵਾਰ ਲੈ ਕੇ ਗਿਆ ਸੀ।

ਇਸ ਤੋਂ ਬਾਅਦ ਮੈਂ ਭਾਪਾ ਜੀ ਅਤੇ ਬੀਬੀ ਨੂੰ ਅਮਰੀਕਾ ਬੁਲਾ ਲਿਆ ਸੀ ਪਰ ਉਹ ਵੀ ਮੇਰੇ ਕੋਲ ਮਸਾਂ ਤਿੰਨ ਹਫ਼ਤੇ ਹੀ ਰਹੇ ਸਨ। ਉਨ੍ਹਾਂ ਦਾ ਬਿਲਕੁਲ ਦਿਲ ਨਹੀਂ ਸੀ ਲੱਗਿਆ। ਮੇਰੀਆਂ ਅੱਖਾਂ ਵਿਚ ਸੱਚਮੁਚ ਅੱਥਰੂ ਤੈਰ ਰਹੇ ਨੇ। ਮੈਂ ਅੱਖਾਂ ਸਾਫ਼ ਕਰਦਾ ਹਾਂ।

ਮੈਨੂੰ ਬੇਚੈਨੀ ਲੱਗ ਰਹੀ ਏ। ਮੈਂ ਫਿਰ ਸੋਚਾਂ ਦੀ ਪਟੜੀ 'ਤੇ ਤੁਰ ਪਿਆ ਹਾਂ। ਮੈਨੂੰ ਯਾਦ ਆ ਰਿਹੈ ਅਸਲ ਵਿਚ ਬੀਬੀ ਮੇਰੇ ਅਮਰੀਕਾ ਦੇ ਰਿਸ਼ਤੇ ਨੂੰ ਲੈ ਕੇ ਦੁਬਿਧਾ ਵਿਚ ਸੀ। ਜਦੋਂ ਮੇਰੇ ਚਾਚੇ ਦੀ ਧੀ ਭੈਣ ਦੀ ਸਹੇਲੀ ਸ਼ਿੰਦੀ ਨੇ ਪ੍ਰੀਤ ਦੇ ਰਿਸ਼ਤੇ ਦੀ ਗੱਲ ਤੋਰੀ ਤਾਂ ਬੀਬੀ ਪਹਿਲਾਂ ਖ਼ੁਸ਼ ਹੋ ਗਈ ਸੀ ਅਤੇ ਫਿਰ ਬੋਲੀ ਸੀ ਕਿ ਅਸੀਂ ਨਹੀਂ ਵਿੰਦਰ ਨੂੰ ਬਾਹਰ ਭੇਜਣਾ। ਮੇਰਾ ਪੁੱਤ ਤਾਂ ਕਦੇ ਨਾਨਕੇ ਦੋ ਦਿਨ ਤੋਂ ਵੱਧ ਨਹੀਂ ਰਿਹਾ। ਇਹ ਪਰਦੇਸ ਵਿਚ ਕਿਵੇਂ?"

ਮੈਨੂੰ ਬਾਹਰ ਜਾਣ ਦਾ ਬਹੁਤਾ ਚਾਅ ਸੀ। ਮੈਂ ਬੀਬੀ ਨੂੰ ਰਾਜੀ ਕਰ ਲਿਆ ਸੀ। ਮੇਰੀ ਦਲੀਲ ਵਿਚ ਦਮ ਵੀ ਸੀ। ਮੈਂ ਕਿਹਾ ਸੀ ਕਿ ਬੀਬੀ ਆਹ ਨਾਨਕੇ ਤਾਂ ਦੋ ਮੀਲ ਨੇ ਪਤਾ ਹੀ ਹੁੰਦਾ ਬਈ ਫਿਰ ਆ ਜਾਵਾਂਗਾ। ਅਮਰੀਕਾ ਜਾ ਕੇ ਤਾਂ ਰਹਿ ਹੀ ਲਵਾਂਗਾ। ਇੱਥੇ ਸਾਡੇ ਕੋਲ ਹੈ ਵੀ ਕੀ? ਇਕ ਆਹ ਛੋਟਾ ਜਿਹਾ ਕਾਰਖ਼ਾਨਾ ਹੀ ਤਾਂ ਹੈ। ਨੌਕਰੀ ਇਥੇ ਮਿਲਣੀ ਨਹੀਂ। ਆਹ ਚਾਰ ਕੁ ਰੰਬੇ-ਖੁਰਪੇ ਕਿੰਨੀ ਕੁ ਦੇਰ ਹੋਰ ਵਿਕਣੇ ਨੇ ਭਲਾ? ਤਕਨੀਕੀ ਯੁੱਗ ਆ ਰਿਹਾ। ਟਰੈਕਟਰ ਟਰਾਲੀਆਂ ਆ ਰਹੇ ਨੇ। ਫਿਰ ਕਹੀਆਂ ਨਾਲ ਕਿਸ ਨੇ ਟੱਕ ਲਾਉਣੇ ਨੇ? ਮੈਂ ਨਹੀਂ, ਭਾਪਾ ਜੀ ਅਤੇ ਭਾ ਜੀ ਵਾਂਗ ਗੰਦੇ -ਮੰਦੇ ਕੱਪੜੇ ਪਾ ਕੇ ਰਹਿਣਾ।

ਭਾਪਾ ਜੀ ਨੇ ਸਹਿਮਤ ਹੁੰਦੇ ਮਾਂ ਨੂੰ ਕਿਹਾ ਸੀ, "ਦੇਖ ਹੀਰੇ! ਕੁੜੀ ਚੰਗੀ ਆ, ਘਰ ਚੰਗਾ ਆ। ਆਪਣੇ ਘਰ ਦੀ ਜੂਨ ਸੁਧਰ ਜਾਊ। ਇੱਥੇ ਤਾਂ ਦੋਵੇਂ ਭਰਾ, ਆਹ ਛੋਟੇ ਜਿਹੇ ਕਾਰਖ਼ਾਨੇ ਬਦਲੇ ਈ ਸ਼ਰੀਕ ਬਣਦੇ ਫਿਰਨਗੇ? ਆਹ ਤਾਂ ਸ਼ੁਕਰ ਕਰ ਬਈ ਉਨ੍ਹਾਂ ਆਪ ਰਿਸ਼ਤੇ ਦੀ ਗੱਲ ਤੋਰੀ ਆ।"

" ਨਹੀਂ ਜੀ! ਮੈਂ ਨਾਂਹ ਤਾਂ ਨਹੀਂ ਕਰਦੀ। ਪਰ ਦਿਲ ਤਾਂ ਡਰਦਾ ਹੈ ਪੁੱਤ ਨੂੰ ਏਡੀ ਦੂਰ ਭੇਜਕੇ।"

ਬੀਬੀ ਬਹੁਤ ਹੌਲ਼ੀ ਜਿਹੀ ਬੋਲੀ ਸੀ।

"ਨਾ ਹੀਰੇ! ਡਰ ਕਿਹੜੀ ਗੱਲ ਦਾ। ਕੁੜੀ ਚੰਗੀ, ਖ਼ਾਨਦਾਨ ਚੰਗਾ। ਵਿੰਦਰ ਕਿਹੜਾ ਹੁਣ ਨਿਆਣਾ! ਤੂੰ ਐਵੇਂ ਨਾ ਦੁਚਿੱਤੀ ਹੋ।"

ਭਾਪਾ ਜੀ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ। ਬੀਬੀ ਮੰਨ ਗਈ ਸੀ। ਸਾਰੇ ਬਹੁਤ ਖ਼ੁਸ਼ ਸਨ ਪਰ ਬੀਬੀ ਖ਼ੁਸ਼ ਵੀ ਸੀ ਅਤੇ ਉਦਾਸ ਵੀ ਸੀ।

ਡਰਾਈਵਰ ਨੇ ਬਰੇਕ ਮਾਰੀ ਹੈ। ਮੈਂ ਤ੍ਰਬਕ ਕੇ ਦੇਖਿਆ ਹੈ। ਮੈਂ ਘਰ ਪਹੁੰਚ ਵੀ ਗਿਆ ਹਾਂ।

ਮੈਂ ਗੇਟ ਲੰਘ ਕੇ ਅੰਦਰ ਆ ਗਿਆ ਹਾਂ।

ਮੈਂ ਸੱਜੇ ਪਾਸੇ ਦੇਖਦਾ ਹਾਂ। ਵਿਹੜੇ ਵਿਚ ਫੂੜ੍ਹੀ ਵਿਛੀ ਹੋਈ ਹੈ। ਪਿੰਡ ਦੇ ਕੁੱਝ ਲੋਕ ਅਫ਼ਸੋਸ ਕਰਨ ਆਏ ਹੋਏ ਹਨ। ਭਾ ਜੀ ਮੈਨੂੰ ਦੇਖ ਕੇ ਖੜ੍ਹੇ ਹੋ ਗਏ ਹਨ। ਉਨ੍ਹਾਂ ਮੈਨੂੰ ਘੁੱਟ ਕੇ ਜੱਫੀ ਪਾਈ ਆ। ਭਾ ਜੀ ਮੇਰੀ ਧਾਹ ਨਿੱਕਲ ਗਈ ਏ। ਭਾ ਜੀ ਵੀ ਰੋ ਪਏ ਹਨ।

"ਮੇਰਿਓ! ਸ਼ੇਰੋ ਹੌਸਲਾ ਕਰੋ। ਹੋਣੀ ਨੂੰ ਕੌਣ ਟਾਲ ਸਕਿਆ?" ਇਕ ਬਜ਼ੁਰਗ ਨੇ ਉੱਠ ਕੇ ਸਾਨੂੰ ਬਿਠਾਇਆ ਹੈ।

ਮੇਰੇ ਕੋਲ ਕਹਿਣ ਲਈ ਕੁੱਝ ਵੀ ਨਹੀਂ। ਮੇਰੇ ਹੰਝੂ ਮੇਰੀ ਮਨੋ ਅਵਸਥਾ ਨੂੰ ਬਿਆਨ ਰਹੇ ਹਨ। ਮੈਂ ਸਭ ਨੂੰ ਪਛਾਣਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੈਨੂੰ ਬਹੁਤੇ ਚਿਹਰੇ ਅਜਨਬੀ ਲੱਗ ਰਹੇ ਨੇ। ਭਾ ਜੀ ਮੇਰੀ ਸਭ ਨਾਲ ਜਾਣ ਪਛਾਣ ਕਰਵਾ ਰਹੇ ਨੇ। "ਮੈਂ ਜਾ ਕੇ ਬੀਬੀ ਨੂੰ ਮਿਲ ਲਵਾਂ।" ਮੈਂ ਭਾ ਜੀ ਨੂੰ ਹੌਲੀ ਜਿਹੀ ਕਹਿੰਦਾ ਹਾਂ।

ਆਪਣੇ ਕਮਰੇ ਵਿਚ ਨੇ, ਚੱਲ ਮਿਲ ਲਾ ਪਹਿਲਾਂ।

ਮੈਂ ਭਾ ਜੀ ਦੇ ਅੱਗੇ-ਅੱਗੇ ਤੁਰ ਪਿਆ ਹਾਂ। ਬੈਠਕ ਵਿਚ ਦੀਵਾਰ 'ਤੇ ਭਾਪਾ ਜੀ ਅਤੇ ਬੀਬੀ ਦੀ ਸਾਡੇ ਸਾਰਿਆਂ ਨਾਲ ਖਿਚਵਾਈ ਪਰਿਵਾਰਕ ਤਸਵੀਰ ਮੈਨੂੰ ਤਿੜਕੀ ਹੋਈ ਲੱਗੀ ਏ।

" ਬੀਬੀ! ਉੱਠ ਕੇ ਬਹਿ! ਦੇਖ ਕੌਣ ਆਇਆ?" ਭਾ ਜੀ ਨੇ ਮਾਂ ਨੂੰ ਸਹਾਰੇ ਨਾਲ ਬਿਠਾ ਦਿੱਤਾ ਏ।

ਬੀਬੀ ! ਮੇਰੇ ਵੱਲ ਦੇਖਦੀ ਏ। ਵਿੰਦਰ ਪੁੱਤ !

ਮੈਂ ਬੀਬੀ ! ਦੀ ਗੋਦ ਵਿਚ ਸਿਰ ਰੱਖ ਦਿੱਤੈ। ਮੇਰੇ ਹੰਝੂ ਬੀਬੀ ਦੀ ਚੁੰਨੀ ਦੇ ਪੱਲੇ 'ਤੇ ਡਿਗ ਰਹੇ ਨੇ।

ਬੀਬੀ, ਭਾਪਾ ਜੀ ਨੂੰ ਅਵਾਜ਼ਾਂ ਮਾਰਦੀ ਹੈ। "ਤੁਸੀਂ ਕਿੱਥੇ ਗਏ? ਆਹ ਦੇਖੋ ਤੁਹਾਡਾ ਪੁੱਤ ਆ ਗਿਆ? "ਵਿੰਦਰ ! ਬੱਚਿਆ ! ਭਾਪਾ ਜੀ ਕਿਸ ਨੂੰ ਜੇ ਕਹਿਣਾ।" ਉਹ ਵੈਣ ਪਾ ਰਹੀ ਆ।

"ਬੀਬੀ ! ਮੈਨੂੰ ਨਹੀਂ ਸੀ ਪਤਾ ਮੈਂ ਆਪਣੇ ਭਾਪਾ ਜੀ ਦੇ ਅੰਤਿਮ ਦਰਸ਼ਨ ਵੀ ਨਹੀਂ ਕਰ ਸਕਾਂਗਾ। ਬੀਬੀ !ਮੈਂ ਆਪਣੇ ਆਪ ਨੂੰ ਕਦੀ ਮੁਆਫ਼ ਨਹੀਂ ਕਰਾਂਗਾ।" ਮੇਰੇ ਹੰਝੂ ਹਾਉਕਿਆਂ ਵਿਚ ਤਬਦੀਲ ਹੋ ਰਹੇ ਨੇ। ਬੀਬੀ ਨੇ ਆਖ਼ਿਰ ਆਪਣੇ ਆਪ ਨੂੰ ਥੋੜ੍ਹਾ ਸਹਿਜ ਕਰਦੇ ਕਿਹੈ।

"ਵਿੰਦਰ ! ਛੁੱਟੀ ਕਿੰਨੀ ਆਂ ਪੁੱਤ? ਤੇਰਾ ਸਾਨੂੰ ਮਿਲਣ ਨੂੰ ਜੀਅ ਨਹੀਂ ਸੀ ਕਰਦਾ? ਤੈਨੂੰ ਉਡੀਕਦੇ ਹੀ ਚਲੇ ਗਏ।" ਬੀਬੀ ਦੀਆਂ ਚੀਖਾਂ ਫਿਰ ਕੰਧਾਂ ਪਾੜ ਰਹੀਆਂ ਨੇ।

"ਬੀਬੀ ! ਜੇ ਪਤਾ ਹੁੰਦਾ ਤਾਂ ਪਹਿਲਾਂ ਆ ਜਾਂਦਾ। ਵੇਲਾ ਹੱਥ ਨਹੀਂ ਆ ਰਿਹਾ। ਤੂੰ ਜਿੰਨੀ ਦੇਰ ਕਹੇਂਗੀ ਮੈਂ ਤੇਰੇ ਕੋਲ ਹੀ ਰਹਾਂਗਾ। ਮੈਂ ਵਾਪਸੀ ਟਿਕਟ ਲੈ ਕੇ ਨਹੀਂ ਆਇਆ। ਹੁਣ ਤਾਂ ਮੈਂ ਹਰ ਸਾਲ ਹੀ ਆਇਆ ਕਰਾਂਗਾ।" ਮੈਂ ਬੀਬੀ ਵੱਲ ਤੱਕਦਾ ਹਾਂ।

ਬੀਬੀ ਪਿਛਲੇ ਪੰਜ ਸਾਲ ਤੋਂ ਵੀਲ ਚੇਅਰ 'ਤੇ ਹੈ। ਇਕ ਦਿਨ ਅਚਾਨਕ ਬਾਥਰੂਮ ਵਿਚ ਤਿਲਕ ਕੇ ਡਿੱਗ ਪਈ ਸੀ ਕਿ ਚੂਲਾ ਟੁੱਟ ਗਿਆ। ਬੱਸ ਉਸ ਦਿਨ ਤੋਂ ਭਾਪਾ ਜੀ ਹੀ ਉਸ ਦੀ ਦੇਖ-ਭਾਲ ਕਰਦੇ ਸਨ।

"ਵਿੰਦਰ ! ਮੇਰਾ ਹੁਣ ਕੀ ਬਣੂੰ?" ਬੀਬੀ ਵਿਲਕ ਰਹੀ ਏ।

"ਹੱਦ ਹੋ ਗਈ ਬੀਬੀ ! ਅਸੀਂ ਬੈਠੇ ਹਾਂ।" ਭਾ ਜੀ ਨੇ ਬੀਬੀ ! ਨੂੰ ਤਸੱਲੀ ਦਿੰਦੇ ਕਿਹੈ।

"ਡੈਡੀ ! ਬਾਹਰ ਮਾਮਾ ਜੀ ਮਕਾਣ ਲੈ ਕੇ ਆਏ ਨੇ ।" ਮੇਰੇ ਭਤੀਜੇ ਸਨੀ ਨੇ ਕਿਹਾ ਤਾਂ ਭਾ ਜੀ ਨੇ ਬਾਹਰ ਵੱਲ ਕਦਮ ਪੁੱਟਿਐ।

"ਜਗਤਾਰ ! ਮੇਰੇ ਪੁੱਤ ਨੂੰ ਕੁਝ ਖਾਣ-ਪੀਣ ਨੂੰ ਵੀ ਦਿਓ। ਖ਼ਬਰੇ ਵਾਟੇ ਕੁਝ ਖਾਧਾ ਕੁ ਨਹੀਂ।" ਬੀਬੀ ਨੇ ਮੇਰੇ ਵਾਲਾਂ ਵਿਚ ਹੱਥ ਫ਼ੇਰਦੇ ਚੁੰਨੀ ਨਾਲ ਆਪਣੀਆਂ ਅੱਖਾਂ ਪੂੰਝਦੇ ਕਿਹੈ।

"ਵਿੰਦਰ ! ਪਾਣੀ !" ਮੇਰੀ ਭਰਜਾਈ ਪਾਣੀ ਲੈ ਕੇ ਆ ਗਈ ਐ।

ਮੈਂ ਪਾਣੀ ਦੇ ਦੋ ਘੁੱਟ ਭਰ ਕੇ ਬਾਹਰ ਆ ਗਿਆ ਹਾਂ। ਬਾਹਰੋਂ ਮਕਾਣ ਦੇ ਕੀਰਨਿਆਂ ਦੀ ਅਵਾਜ਼ ਸੁਣਾਈ ਦੇ ਰਹੀ ਏ;

"ਹਾਂ ਜੀ ਤੈਨੂੰ ਸੁਰਗ ਪੁਰੀ ਦੇ ਰਾਹ—ਮੇਰਿਆ ਰਾਜਿਆ ਤੂੰ ਅਮੀਰ।"

ਮੈਂ ਭਾ ਜੀ ਕੋਲ ਜਾ ਕੇ ਕਿਹੈ, "ਮਾਮਾ ਜੀ ਨੂੰ ਕਹਿ ਕੇ ਆਹ ਵੈਣਾਂ ਵਾਲਾ ਕੰਮ ਬੰਦ ਕਰੋ। ਬੀਬੀ ਦੀ ਸਿਹਤ 'ਤੇ ਬੁਰਾ ਅਸਰ ਪਵੇਗਾ।"

ਮੈਂ ਕੁਝ ਦੇਰ ਲਈ ਮਕਾਣ ਕੋਲ ਬੈਠ ਕੇ ਆਪਣੇ ਕਮਰੇ ਵਿਚ ਆ ਗਿਆ ਹਾਂ। ਨਹਾਉਣ ਲਈ ਅਟੈਚੀ ਵਿਚੋਂ ਕੱਪੜੇ ਕੱਢਣ ਲੱਗਾਂ ਹਾਂ। ਮੈਨੂੰ ਯਾਦ ਆ ਰਿਹੈ ਪਿਛਲੀ ਵਾਰੀ ਜਦ ਆਇਆ ਸੀ ਤਾਂ ਸਭ ਤੋਂ ਪਹਿਲਾਂ ਅਟੈਚੀ ਵਿਚੋਂ ਬੀਬੀ ! ਨੂੰ ਸ਼ਨੀਲ ਦੇ ਦੋ ਸੂਟ, ਭਾਪਾ ਜੀ ਨੂੰ ਲੈਦਰ ਦੀ ਜੈਕਟ ਅਤੇ ਭਾ ਜੀ ਨੂੰ ਟੇਪ ਰਿਕਾਰਡਰ ਕੱਢ ਕੇ ਦਿੱਤੀ ਸੀ। ਮੈਂ ਅੱਖਾਂ ਪੂੰਝਦੇ, ਕੱਪੜੇ ਚੁੱਕ ਕੇ ਨਹਾ ਕੇ ਬੀਬੀ ਦੇ ਕਮਰੇ ਵਿਚ ਆ ਗਿਆ ਹਾਂ।

ਮੇਰੀਆਂ ਮਾਮੀਆਂ ਬੀਬੀ ਕੋਲ ਬੈਠੀਆਂ 'ਬੁਰੇ ਦੀ ਰਸਮ' ਨਿਭਾ ਰਹੀਆਂ ਨੇ। ਇਕ ਔਰਤ ਬੀਬੀ ਦੇ ਵਾਲ ਖੋਲ੍ਹ ਕੇ ਉਸ ਦੇ ਸਿਰ ਤੇ ਚਿੱਟੀ ਚੁੰਨੀ ਦੇ ਰਹੀ ਏ। ਬੀਬੀ ਰੋ-ਰੋ ਕੇ ਬੇਦਿਲ ਹੋ ਰਹੀ ਏ। ਮਾਮੀ ਵੀ ਰੋ ਰਹੀ ਏ। ਮੇਰਾ ਦਿਲ ਉੱਛਲ ਕੇ ਬਾਹਰ ਆ ਰਿਹੈ। ਮੇਰਾ ਜੀ ਕਰਦੈ ਬੀਬੀ ਨੂੰ ਸਿਮਲੇ, ਡਲਹੌਜੀ ਜਾਂ ਕੁੱਲੂ ਮਨਾਲੀ ਦੀਆਂ ਵਾਦੀਆਂ ਵੱਲ ਲੈ ਜਾਵਾਂ। ਕੁਦਰਤ ਦੀ ਗੋਦ ਵਿਚ ਜਿੱਥੇ ਚਾਰ-ਚੁਫ਼ੇਰੇ ਸ਼ਾਂਤੀ

ਹੋਵੇ।

ਮੈਂ ਚਾਹ ਕੇ ਵੀ ਆਪਣੀ ਮਾਮੀ ਨੂੰ ਰੋਕ ਨਹੀਂ ਰਿਹਾ। ਮਾਮੀ ਨੇ ਆਪਣੀ ਰਸਮ ਖ਼ਤਮ ਕੀਤੀ ਐ। ਮੈਂ ਮੌਕਾ ਸੰਭਾਲਦੇ ਬੀਬੀ ਦੇ ਕੋਲ ਬੈਠਣ ਲਈ ਕੁਰਸੀ ਕਰ ਲਈ ਐ। ਮਕਾਣ ਨੇ ਚਾਹ-ਪਾਣੀ ਪੀ ਲਿਐ ਤਾਂ ਮਾਮਾ ਜੀ ਨੇ ਕਿਹਾ, "ਰਸਮ ਮੁਤਾਬਿਕ ਅਸੀਂ ਆਪਣੀ ਭੈਣ ਨੂੰ ਲੈ ਕੇ ਜਾਣਾ ਹੈ।"

"ਨਹੀਂ ਮਾਮਾ ਜੀ! ਓਥੇ ਬੀਬੀ ਕਿਵੇਂ ਰਹੇਗੀ? ਦਵਾਈ ਦਾਰੂ? ਮੈਂ ਮਸਾਂ ਹੀ ਤਾਂ ਮਿਲਿਆ ਹਾਂ! ਤੁਸੀਂ ਬੀਬੀ ਨੂੰ ਛੱਡ ਜਾਓ।" ਮੈਂ ਵਿਲਕ ਰਿਹਾ ਹਾਂ।

ਬੀਬੀ ਨੇ ਵੀ ਜਾਣ ਤੋਂ ਨਾਂਹ ਕਰ ਦਿੱਤੀ ਏ।

ਮੇਰੀ ਮਾਮੀ ਨੇ ਕਿਹੈ, "ਬਹੁਤੀ ਗੱਲ ਆ ਤਾਂ ਹੀਰ ਨੂੰ 'ਵਸੀਮਾ ਟਪਾ ਕੇ, ਮੁੜ ਕੇ ਘਰ ਛੱਡ ਜਾਓ।"

ਬੀਬੀ ਨੂੰ ਵਸੀਮਾ ਟਪਾ ਕੇ,ਘਰ ਆਏ ਮਾਮਾ ਜੀ ਕੁਝ ਉਦਾਸ ਜਿਹੇ ਹੋ ਕੇ ਬੋਲੇ ਨੇ, "ਚੰਗਾ ਫਿਰ ਭੋਗ ਵਾਲੇ ਦਿਨ ਈਂ ਆਮਾਂਗੇ।"

ਮਕਾਣ ਚਲੀ ਗਈ ਐ।

ਮੈਂ ਬੀਬੀ ਕੋਲ ਬੈਠਾ ਹਾਂ। ਵੀਰ ਜੀ ਮੇਰੇ ਕੋਲ ਹੀ ਆ ਗਏ ਨੇ। "ਵਿੰਦਰ! ਐਤਵਾਰ ਨੂੰ ਭਾਪਾ ਜੀ ਦੀ ਆਤਮਾ ਦੀ ਸ਼ਾਂਤੀ ਲਈ ਰਖਾਏ ਅਖੰਡ ਪਾਠ ਦਾ ਭੋਗ ਪਾਉਣੈ। ਉਹ ਆਪਣੀ ਜ਼ਿੰਦਗੀ ਨੂੰ ਮਾਣ ਕੇ ਗਏ ਨੇ। ਫੁੱਟਬਾਲ ਦੇ ਖਿਡਾਰੀ ਰਹੇ ਹੋਣ ਕਰਕੇ ਹਰ ਸਾਲ ਪਿੰਡ ਵਿਚ ਟੂਰਨਾਮੈਂਟ ਕਰਾਉਣਾ ਕੋਈ ਮਾੜੀ ਮੋਟੀ ਗੱਲ ਨਹੀਂ ਸੀ। ਪਹਿਲਾਂ ਪਿੰਡ ਦੇ ਸਰਪੰਚ ਵੀ ਰਹੇ। ਪਿੰਡ ਵਿਚ ਨਰਸਰੀ ਬਣਾਈ। ਹਰ ਗ਼ਰੀਬ ਦੀ ਧੀ ਦੇ ਵਿਆਹ ਤੇ ਇਕ ਹਜ਼ਾਰ ਇਕ ਰੁਪਿਆ ਸ਼ਗਨ ਪਾਉਂਦੇ ਸੀ। ਅੱਜ ਵੀ ਕੋਈ ਉਨ੍ਹਾਂ ਦੀ ਸਲਾਹ ਪੁੱਛੇ ਬਿਨਾਂ ਨਈਂ ਸੀ ਤੁਰਦਾ। ਸਾਰੇ ਪਿੰਡ ਵਾਸੀ ਉਨ੍ਹਾਂ ਦਾ ਅਥਾਹ ਸਤਿਕਾਰ ਕਰਦੇ ਸਨ। ਉਨ੍ਹਾਂ ਦੇ ਜਾਣ ਦਾ ਵਿਗੋਚਾ ਸਾਰੇ ਪਿੰਡ ਨੂੰ ਆਂ। ਅਸੀਂ ਭੋਗ ਵਾਲੇ ਦਿਨ ਰੋਣਾ ਨਈਂ ਸਗੋਂ ਉਨ੍ਹਾਂ ਦੀਆਂ ਨੇਕੀਆਂ ਦੀ ਗੱਲ ਕਰਨੀ ਆਂ। ਮੈਂ ਬਾਹਰ ਦੇ ਕੰਮ ਸੰਭਾਲ ਲਮਾਂਗਾ 'ਤੇ ਤੂੰ ਓਨੇ ਦਿਨ ਬੀਬੀ ਦਾ ਧਿਆਨ ਰੱਖ।"

"ਜੀ ਭਾ ਜੀ!" ਮੈਨੂੰ ਲੱਗਦੈ ਭਾ ਜੀ ਸਹੀ ਕਹਿ ਰਹੇ ਨੇ।

ਹੁਣ ਮੈਂ ਹਰ ਵਕਤ ਬੀਬੀ ਦੇ ਕੋਲ ਰਹਿੰਦਾ ਹਾਂ, ਦਵਾਈ ਦਿੰਦਾ ਹਾਂ, ਹੱਥੀਂ ਰੋਟੀ ਖਵਾਉਂਦਾ ਹਾਂ ਕਦੀ ਵੀਲ੍ਹ ਚੇਅਰ ਤੇ ਬਿਠਾ ਕੇ ਵਿਹੜੇ ਵਿਚ ਘੁਮਾਉਂਦਾ ਹਾਂ। ਬੀਬੀ ਰੋਣ ਲੱਗਦੀ ਹੈ ਤਾਂ ਚੁੱਪ ਕਰਾਉਂਦਾ ਹਾਂ। ਕਦੀ ਬੀਬੀ ਦੀ ਗੋਦ ਵਿਚ ਸਿਰ ਰੱਖ ਕੇ ਸੋਚਦਾ ਹਾਂ ਕਿਵੇਂ ਛੱਡ ਕੇ ਜਾਵਾਂਗਾ? ਹਰ ਸ਼ਾਮ-ਸਵੇਰ ਪ੍ਰੀਤ ਨੂੰ ਵੀ ਫ਼ੋਨ ਕਰਦਾ ਹਾਂ।

ਅੱਜ ਐਤਵਾਰ ਹੈ

ਸਭ ਨੇ ਗੁਰੂ ਘਰ ਭਾਪਾ ਜੀ ਦੀ ਅੰਤਿਮ ਅਰਦਾਸ ਵਿਚ ਸ਼ਮਿਲ ਹੋਣਾ ਹੈ। ਮੈਂ ਵੀ ਤਿਆਰ ਹੋ ਕੇ ਆ ਗਿਆ ਹਾਂ। ਬੀਬੀ ਬੈੱਡ 'ਤੇ ਪਈ ਹੈ।

ਮੈਂ ਬੀਬੀ ਨੂੰ ਕਿਹੈ, "ਬੀਬੀ! ਚੱਲੋ ਗੁਰਦਵਾਰੇ ਚੱਲੀਏ। ਭਾਪਾ ਜੀ ਦੀ ਅੰਤਿਮ ਅਰਦਾਸ ਹੈ।"

ਬੀਬੀ ਬੋਲੀ ਨਹੀਂ। ਮੈਂ ਬੀਬੀ ਦੀ ਬਾਂਹ ਫੜ੍ਹੀ ਐ।

"ਬੀਬੀ!"

ਬੀਬੀ ਨੇ ਇਕ ਡੂੰਘਾ ਸਾਹ ਕੈ ਕੇ ਅੱਖਾਂ ਬੰਦ ਕਰ ਲਈਆਂ ਨੇ।

ਇਕ ਹੋਰ ਡੂੰਘਾ ਸਾਹ ਲਿਐ ਤੇ ਫਿਰ ਇਕ ਹੋਰ

"ਬੀਬੀ! ਬੀਬੀ!! ਬੀਬੀ!!!" ਮੈਂ ਘਬਰਾ ਗਿਆ ਹਾਂ।

"ਭਾ ਜੀ ਜਲਦੀ ਡਾਕਟਰ ਨੂੰ ਲੈ ਕੇ ਆਓ" ਮੈਂ ਉੱਚੀ ਅਵਾਜ਼ 'ਚ ਕਿਹੈ।

ਬੀਬੀ ਦੇ ਸਾਹ ਹੋਰ ਡੂੰਘੇ ਹੋ ਰਹੇ ਨੇ। ਬੀਬੀ ਨੇ ਇਕ ਹੋਰ ਸਾਹ ਬਹੁਤ ਡੂੰਘਾ ਲਿਐ।

ਡਾਕਟਰ ਨੇ ਆ ਕੇ ਸਟੈਥੋ ਸਕੋਪ ਨਾਲ ਚੈੱਕ ਕੀਤੈ।

"ਬੀਬੀ ਖ਼ਤਮ ਹੋ ਚੁੱਕੀ ਏ?" ਡਾਕਟਰ ਨੇ ਉਦਾਸ ਲਹਿਜੇ ਵਿਚ ਕਿਹੈ।

"ਕੀ? ਡਾਕਟਰ ਸਾਹਿਬ ਮੁੜ ਕੇ ਚੈੱਕ ਕਰੋ ਮੈਨੂੰ ਯਕੀਨ ਨਹੀਂ ਆ ਰਿਹਾ। ਬੀਬੀ ਦੇ ਚਿਹਰੇ 'ਤੇ ਤਾਂ ਮੁਸਕਰਾਹਟ ਹੈ? ਇਕ ਵਾਰ ਫਿਰ ਦੇਖੋ? ਮੇਰੀ ਅਵਾਜ਼ ਤਲਖ਼ ਹੋ ਰਹੀ ਏ।

" ਵਿੰਦਰ! ਬੇਟੇ! ਤੁਸੀਂ ਆਪ ਬੀਬੀ ਦੀ ਨਬਜ਼ ਦੇਖ ਸਕਦੇ ਹੋ! ਬੀਬੀ ਚਲੀ ਗਈ ਹੈ?" ਡਾਕਟਰ ਨੇ ਉਦਾਸ ਸੁਰ ਵਿਚ ਕਿਹੈ।

ਮੈਂ ਬੀਬੀ ਦੀ ਨਬਜ਼ ਚੈੱਕ ਕਰ ਰਿਹਾਂ ਪਰ ਮੈਨੂੰ ਕੁਝ ਸਮਝ ਨਹੀਂ ਆ ਰਿਹਾ।

" ਨਹੀਂ ! ਡਾਕਟਰ ਸਾਹਿਬ ਇਕ ਵਾਰੀ ਫਿਰ ਦੇਖੋ।"

ਡਾਕਟਰ ਨੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਕਿਹੈ, " ਮੁਆਫ਼ ਕਰਨਾ! ਤੁਹਾਡੀ ਬੀਬੀ ਸੱਚਮੁਚ।"

ਭਾ ਜੀ ਵੀ ਆ ਗਏ ਹਨ। ਸਾਡੇ ਘਰ ਵਿਚ ਜਿਵੇਂ ਭੂਚਾਲ ਜਿਹਾ ਆ ਗਿਐ। ਸਾਨੂੰ ਕੁੱਝ ਸਮਝ ਨਹੀਂ ਆ ਰਿਹਾ? ਓਧਰ ਗੁਰਦਵਾਰੇ ਭੋਗ ਦੀ ਤਿਆਰੀ ਹੈ। ਰਿਸ਼ਤੇਦਾਰ ਆ ਚੁੱਕੇ ਨੇ।

"ਵਿੰਦਰ! ਚੱਲ ਏਦਾਂ ਕਰਦੇ ਆਂ ਕਿ ਪਹਿਲਾਂ ਅੰਤਿਮ ਅਰਦਾਸ ਹੋ ਲੈਣ ਦੇਈਏ। ਬਾਅਦ ਵਿਚ ਸਭ ਨੂੰ ਦੱਸ ਦੇਵਾਂਗੇ।

ਗੁਰਦਵਾਰੇ ਤੋਂ ਇਕ ਗਰੰਥੀ ਸਾਹਿਬ ਸਾਨੂੰ ਘਰ ਆ ਗਏ ਹਨ।

"ਕਾਕਾ ਜੀ! ਚਲੋ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਵੋ। ਆਪਣੀ ਬੀਬੀ ਨੂੰ ਵੀ ਲੈ ਕੇ ਆਵੋ।"

"ਸਿੰਘ ਸਾਹਿਬ ਜੀ! ਬੀਬੀ ਦੀ ਰੂਹ ਤਾਂ ਅੰਤਿਮ ਅਰਦਾਸ ਲਈ ਜਾ ਚੁੱਕੀ ਹੈ।" ਭਾ ਜੀ ਰੋ ਪਏ ਨੇ।

"ਹੈਂ? ਇਹ ਕੀ ਕਹਿ ਰਹੇ ਹੋ?"

ਸਿੰਘ ਸਾਹਿਬ ਦੀਆਂ ਅੱਖਾਂ ਵੀ ਨਮ ਹੋ ਗਈਆਂ ਹਨ।

ਉਨ੍ਹਾਂ ਨੇ ਵੀ ਅਰਦਾਸ ਤੱਕ ਚੁੱਪ ਰਹਿਣ ਦੀ ਸਾਡੀ ਸਲਾਹ ਮੰਨ ਲਈ ਹੈ।

ਅਸੀਂ ਅੰਤਿਮ ਅਰਦਾਸ ਵਿਚ ਸ਼ਾਮਿਲ ਹੋ ਗਏ ਹਾਂ। ਸਾਡੇ ਚਿਹਰਿਆਂ ਤੇ ਦੁੱਖ ਦੀ ਪਿਲੱਤਣ ਫਿਰ ਗਈ ਐ।

ਅਰਦਾਸ ਉਪਰੰਤ ਸਿੰਘ ਸਾਹਿਬ ਨੇ ਬੀਬੀ ਦੇ ਸਦੀਵੀ ਵਿਛੋੜੇ ਦੀ ਖ਼ਬਰ ਸੁਣਾਉਂਦੇ ਸਭ ਨੂੰ ਇਸ ਭਾਣੇ ਨੂੰ ਮਿੱਠਾ ਕਰਕੇ ਮੰਨਣ ਲਈ ਅਤੇ ਅੰਤਿਮ ਰਸਮਾਂ ਵਿਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਐ। ਗੁਰੂ ਘਰ ਬੈਠੀ ਸਮੂਹ ਸੰਗਤ ਦੀਆਂ ਅੱਖਾਂ ਨਮ ਹੋ ਗਈਆਂ ਨੇ। ਹਰ ਇਕ ਦੇ ਦਿਲ ਨੂੰ ਧੱਕਾ ਲੱਗਾ ਐ।
"ਰੱਬ ਦੇ ਰੰਗਾਂ ਦਾ ਕੋਈ ਪਤਾ ਨਹੀਂ।"

"ਦੋਵਾਂ ਦਾ ਪਿਆਰ ਵੀ ਤਾਂ ਬਹੁਤ ਸੀ।"

"ਕੁਝ ਵੀ ਕਹੋ ਆਹ ਤਾਂ ਜੱਗੋਂ ਤੇਰਵੀਂ ਹੋਈ ਏ।" ਸਭ ਘੁਸਰ-ਮੁਸਰ ਕਰ ਰਹੇ ਨੇ। ਹਰ ਕੋਈ ਆਪਣੀ ਸੂਝ ਮੁਤਾਬਿਕ ਗੱਲਾਂ ਕਰ ਰਿਹਾ ਰਿਹੈ।

ਅਸੀਂ ਬੀਬੀ ਦੀ ਅਰਥੀ ਚੁੱਕੀ ਤੁਰ ਪਏ ਹਾਂ। ਉਫ਼! ਮੈਥੋਂ ਤੁਰਿਆ ਨਹੀਂ ਜਾ ਰਿਹੈ। ਮੇਰੇ ਮੋਢਿਆਂ 'ਤੇ ਇੰਨਾ ਭਾਰ! ਇਸ ਤਰ੍ਹਾਂ ਲੱਗ ਰਿਹੈ ਜਿਵੇਂ ਮੈਂ ਆਪਣੇ ਮੋਢਿਆਂ 'ਤੇ ਹਿਮਾਲਾ ਪਰਬਤ ਚੁੱਕਿਆ ਹੋਇਐ। ਅਸੀਂ ਪੈਰਾਂ ਨੂੰ ਪੂਰੇ ਜ਼ੋਰ ਨਾਲ ਘੜੀਸਦੇ ਹੋਏ ਪਿੰਡ ਦੇ ਬਾਹਰ ਝਿੜੀ ਕੋਲ ਪਹੁੰਚ ਗਏ ਹਾਂ।

ਮੈਨੂੰ ਯਾਦ ਆ ਰਿਹੈ ਕਿਵੇਂ ਬੀਬੀ ਹਰ ਐਤਵਾਰ ਇਸ ਝਿੜੀ ਵਿਚ ਸ਼ਹੀਦਾਂ ਦੀ ਮੜ੍ਹੀ 'ਤੇ ਦੀਵਾ ਬਾਲ਼ਦੀ ਹੁੰਦੀ ਸੀ। ਮੈਂ ਵੀ ਉਸ ਦੇ ਨਾਲ ਜਾਂਦਾ ਸੀ। ਉਹ ਦੀਵਾ ਬਾਲ਼ਦੀ। ਦੀਵੇ ਦੀ ਲੋਅ ਤੇ ਹੱਥ ਰੱਖ

ਕੇ ਮੇਰਾ ਮੁੱਖ ਚਾਨਣ ਨਾਲ ਧੋਂਦੀ। ਮੈਂ ਬਲਦੇ ਦੀਵੇ ਨੂੰ ਕਿੰਨੀ ਦੇਰ ਤੱਕਦਾ ਰਹਿੰਦਾ। ਇਕ ਐਤਵਾਰ ਦੀ ਸ਼ਾਮ ਨੂੰ ਮੈਂ ਉਸ ਤੋਂ ਵੀ ਪਹਿਲਾਂ ਚਲਾ ਗਿਆ। ਦਰਖ਼ਤਾਂ ਦੀਆਂ ਟਾਹਣੀਆਂ ਧਰਤੀ ਨਾਲ ਟਕਰਾ ਰਹੀਆਂ ਸਨ। ਮੈਂ ਉਨ੍ਹਾਂ ਨਾਲ ਖੇਡਣ ਲੱਗ ਪਿਆ। ਬੀਬੀ ਥਾਲੀ ਵਿਚ ਦੀਵਾ ਲੈ ਕੇ ਆਈ ਤੇ ਬੜੇ ਪਿਆਰ ਨਾਲ ਬੋਲੀ, "ਵਿੰਦਰ ! ਪੁੱਤ ! ਰਾਤ ਵੇਲੇ ਦਰਖ਼ਤ ਵੀ ਸੌਂ ਜਾਂਦੇ ਹਨ। ਇਨ੍ਹਾਂ ਨੂੰ ਜਗਾਈਦਾ ਨਹੀਂ।"

ਦਰਖ਼ਤਾਂ ਨੂੰ ਰਾਤ ਨੂੰ ਜਗਾਉਣ ਵਾਲੀ ਗੱਲ ਦਾ ਵਿਗਿਆਨਕ ਤੱਥ ਸ਼ਾਇਦ ਮੇਰੀ ਅਨਪੜ੍ਹ ਬੀਬੀ ਨੂੰ ਨਹੀਂ ਸੀ ਪਤਾ ਪਰ ਮੈਂ ਸੱਚਮੁਚ ਹੀ ਅੱਜ ਤੱਕ ਰਾਤ ਵੇਲੇ ਕਦੀ ਕਿਸੇ ਦਰਖ਼ਤ ਨੂੰ ਨਹੀਂ ਛੇੜਿਆ। ਮੈਨੂੰ ਦਰਖ਼ਤਾਂ ਨਾਲ ਇੰਨਾ ਮੋਹ ਹੋ ਗਿਐ ਕਿ ਮੇਰੀਆਂ ਨਜ਼ਮਾਂ 'ਤੇ ਗਜ਼ਲਾਂ ਵਿਚ ਅਕਸਰ ਹੀ ਦਰਖ਼ਤਾਂ ਦਾ ਵਰਣਨ ਹੁੰਦੈ ਤੇ ਉਸ ਦੀਵੇ ਦਾ ਵੀ ਜੋ ਮੈਂ ਬੀਬੀ ਨਾਲ ਬਾਲ਼ਦਾ ਹੁੰਦਾ ਸੀ

ਮੈਂ ਨਹੀਂ ਸੂਰਜ ਕਿ ਹਰ ਇਕ ਸ਼ਾਮ ਨੂੰ ਢਲਦਾ ਰਹਾਂਗਾ,
ਮੈਂ ਬੜਾ ਨਿੱਕਾ ਜਿਹਾ ਦੀਵਾ ਹਾਂ ਪਰ ਬਲਦਾ ਰਹਾਂਗਾ।*

ਸੱਚਮੁੱਚ ਹਰ ਮੁਸ਼ਾਇਰੇ 'ਤੇ ਇਹ ਸ਼ੇਅਰ ਮੈਨੂੰ ਭਰਵੀਂ ਦਾਦ ਨਾਲ ਲਬਰੇਜ਼ ਕਰ ਦਿੰਦੈ। ਮੇਰੇ ਸ਼ਾਇਰ ਸਾਥੀ ਕਦੀ ਤਾੜੀਆਂ ਵਜਾਉਂਦੇ ਨੇ ਅਤੇ ਵਾਹ-ਵਾਹ ਇਕ ਵਾਰੀ ਫਿਰ ਆਖਦੇ ਅਸ਼ਅਸ਼ ਕਰ ਉੱਠਦੇ ਨੇ।

ਪਿੰਡ ਦੇ ਚੁਰਸਤੇ ਵਿਚ ਜਾ ਕੇ ਵੀਰ ਜੀ ਨੇ 'ਧਮਾਰਿਕ ਭੰਨਣ ਵਾਸਤੇ ਰੁਕਣ ਲਈ ਕਿਹੈ। ਮੇਰੀ ਯਾਦ ਖਿੰਡ ਗਈ ਹੈ। ਵੀਰ ਜੀ ਨੇ ਧਮਾਰਿਕ ਭੰਨਿਐਂ। ਮੈਨੂੰ ਲੱਗਦੈ ਬੀਬੀ ਉੱਠ ਪਵੇਗੀ ਪਰ ਕਿੱਥੇ?

ਅਰਦਾਸ ਉਪਰੰਤ ਵੀਰ ਜੀ ਨੇ ਚਿਖਾ ਨੂੰ ਅਗਨੀ ਦਿਖਾ ਕੇ ਮੈਨੂੰ ਵੀ ਅਜਿਹਾ ਹੀ ਕਰਨ ਲਈ ਕਿਹੈ ਪਰ ਮੈਂ ਵਿਲਕ ਪਿਆ ਹਾਂ, "ਆਪਣੇ ਹੱਥੀਂ ਬੀਬੀ ਨੂੰ ਲਾਂਬੂ ਕਿਵੇਂ ਲਾਵਾਂ?"

"ਵਿੰਦਰ ! ਸ਼ਾਇਦ ਏਸੇ ਦਿਨ ਲਈ ਤੈਨੂੰ ਉਡੀਕਦੀ ਸੀ।" ਦੂਰੋਂ ਮੇਰੀ ਚਾਚੀ ਨੇ ਚੀਕ਼ ਕੇ ਕਿਹੈ।

ਮੈਂ ਬੀਬੀ ਦੀ ਚਿਖਾ ਨੂੰ ਅਗਨੀ ਦਿਖਾਈ ਐ

ਸਭ ਦੀਆਂ ਚੀਖਾਂ ਅਸਮਾਨ ਦੇ ਪਰਦੇ ਪਾੜ ਰਹੀਆਂ ਨੇ।

ਸਿਵਾ ਬਲ ਰਿਹੈ। ਮੈਨੂੰ ਅੱਗ ਦੀਆਂ ਲਪਟਾਂ ਵਿਚ ਬੀਬੀ ਦੀ ਬਾਂਹ ਫੜ੍ਹੀ ਭਾਪਾ ਜੀ ਦਿਖਾਈ ਦੇ ਰਹੇ ਨੇ। ਮੈਨੂੰ ਲੱਗਦਾ ਮੇਰਾ ਸਰੀਰ ਪਛਤਾਵੇ ਦੀ ਠੰਢ ਨਾਲ ਕੰਬ ਰਿਹੈ।

ਬੀਬੀ-ਭਾਪਾ ਜੀ ! ਬੀਬੀ-ਭਾਪਾ ਜੀ !! ਬੀਬੀ-ਭਾਪਾ ਜੀ !!!

ਮੈਂ ਚਿਖਾ ਵੱਲ ਉਨ੍ਹਾਂ ਨੂੰ ਫੜ੍ਹਨ ਦੋੜਦਾ ਹਾਂ

" ਵਿੰਦਰ ! ਪੁੱਤ ਚਲੀ ਗਈ ਤੇਰੀ ਬੀਬੀ।"

ਮੇਰੇ ਮਾਮਾ ਜੀ ਨੇ ਮੈਨੂੰ ਫੜ੍ਹ ਕੇ ਘੁੱਟ ਕੇ ਗਲੇ ਲਾਇਐ। ਮੈਂ ਬੱਚਿਆਂ ਵਾਂਗ ਉਨ੍ਹਾਂ ਦੇ ਮੋਢੇ 'ਤੇ ਸਿਰ ਸੁੱਟ ਦਿੱਤੈ।

ਮੈਨੂੰ ਯਾਦ ਆ ਰਿਹੈ । ਮੈਂ ਇਕ ਵਾਰੀ ਆਪਣੀ ਦਾਦੀ ਨੂੰ ਪੁੱਛਿਆ ਸੀ ਕਿ ਦਾਦੀ ਜੀ ਸਾਡੀ ਬੀਬੀ ਦਾ ਨਾਂ ਤਾਂ ਗੁਰਬਚਨ ਕੌਰ ਆ ਪਰ ਸਾਰੇ ਇਸ ਨੂੰ ਹੀਰ ਕਿਉਂ ਕਹਿੰਦੇ ਆ? ਮੇਰੇ ਦਾਦੀ ਜੀ ਨੇ ਹੱਸਦੇ ਹੋਏ ਕਿਹਾ ਕਿ ਜਦੋਂ ਤੇਰੀ ਮਾਂ ਵਿਆਹੀ ਆਈ ਤਾਂ ਸਰੂ ਜਿੱਡਾ ਕੱਦ ਸੀ। ਜਦ ਤੇਰੀ ਭੂਆ ਨੇ ਘੁੰਡ ਚੁੱਕ ਕੇ ਦੇਖਿਆ ਤਾਂ ਉੱਛਲ ਕੇ ਬੋਲੀ, " ਮੇਰੀ ਭਾਬੀ ਹੀਰ ਆ ਹੀਰ ! ਹੱਥ ਲਾਇਆਂ ਮੈਲ਼ੀ ਹੋਣ ਵਾਲੀ।"

ਬੱਸ ਉਸੇ ਨੇ ਇਸ ਦਾ ਨਾਂ ਹੀਰ ਰੱਖ ਦਿੱਤਾ ਤੇ ਤੇਰੇ ਭਾਪਾ ਜੀ ਤੋਂ ਛੋਟੇ ਪਿੰਡ ਦੇ ਸਭ ਕੁੜੀਆਂ ਮੁੰਡੇ ਇਹਨੂੰ ਭਾਬੀ ਹੀਰ ਆਖਣ ਲੱਗੇ।

ਮੈਂ ਮਾਮਾ ਜੀ ਦੇ ਮੋਢੇ ਤੋਂ ਸਿਰ ਚੁੱਕ ਕੇ ਬਲਦੇ ਸਿਵੇ ਵੱਲ ਤੱਕਦਾ ਹਾਂ। ਮੇਰੀ ਬੀਬੀ ਸੱਚਮੁੱਚ ਹੀਰ ਸੀ

ਤਾਂ ਹੀ ਤਾਂ ਅੱਜ ਆਪਣੇ ਰਾਂਝੇ ਦੀ ਅੰਤਿਮ ਅਰਦਾਸ ਵਿਚ ਅਰਦਾਸ ਬਣ ਕੇ ਸ਼ਾਮਿਲ ਹੋ ਗਈ।

"ਬੀਬੀ! ਬੀਬੀ!! ਮੈਂ ਤਾਂ ਤੇਰੇ ਕੋਲ ਰਹਿਣ ਲਈ ਆਇਆ ਸੀ।" ਮੇਰੀ ਚੀਖ਼ ਨਿੱਕਲਦੀ ਹੈ।

"ਵਿੰਦਰ! ਸੰਭਾਲ ਆਪਣਾ ਆਪ। ਹੁਣ ਪਛਤਾ ਕੇ ਕੁੱਝ ਨਈਂ ਬਣਨਾ?" ਭਾ ਜੀ ਮੈਨੂੰ ਫੜ੍ਹਦੇ ਹਨ।

"ਭਾ ਜੀ ਇਸ ਪਛਤਾਵੇ ਦੇ ਬੋਝ ਨੂੰ ਮੈਂ ਸਾਰੀ ਉਮਰ ਕਿਵੇਂ ਢੋਵਾਂਗਾ? ਪਛਤਾਵੇ ਦੀ ਅੱਗ ਮੈਨੂੰ ਸਾਰੀ ਉਮਰ ਸਾੜੇਗੀ।" ਮੈਂ ਵਿਲਕਦਾ ਹਾਂ।

ਸਾਡਾ ਘਰ ਜਿਵੇਂ ਖ਼ਾਕ ਹੋ ਗਿਐ।

ਬੀਬੀ ਦੀ ਅੰਤਿਮ ਅਰਦਾਸ ਤੋਂ ਬਾਅਦ ਮੈਂ ਭਾ ਜੀ ਨਾਲ ਦੋਵਾਂ ਦੀਆਂ ਅਸਥੀਆਂ 'ਕੀਰਤਪੁਰ ਸਾਹਿਬ, ਜਲ ਪ੍ਰਵਾਹ ਕਰਕੇ ਆਉਂਦੇ ਹੀ ਵਾਪਸ ਮੁੜਨ ਦਾ ਮਨ ਬਣਾ ਲਿਐ।

ਭਰਾ-ਭਰਜਾਈ ਹੋਰ ਰੁਕਣ ਲਈ ਕਹਿ ਰਹੇ ਨੇ ਪਰ ਮੇਰਾ ਮਨ ਉਚਾਟ ਹੋ ਰਿਹੈ।

"ਭਾ ਜੀ ਇਸ ਵਾਰੀ ਜਾਣ ਦਿਓ। ਮੇਰਾ ਦਿਲ ਬਹੁਤ ਉਦਾਸ ਐ। ਓਧਰ ਪਰਿਵਾਰ ਬੀ ਬਹੁਤ ਓਦਰ ਗਿਆ।" ਮੈਂ ਹਾਉਕਾ ਭਰ ਕੇ ਕਿਹੈ।

" ਚੰਗਾ ਵਿੰਦਰ! ਜਿਵੇਂ ਤੇਰੀ ਮਰਜ਼ੀ।" ਭਾ ਜੀ ਦਾ ਚਿਹਰਾ ਮੁਰਝਾ ਗਿਐ।

ਪ੍ਰੀਤ ਨੇ ਆਨ ਲਾਈਨ ਵਾਪਸੀ ਟਿਕਟ ਖ਼੍ਰੀਦ ਕੇ ਮੈਨੂੰ ਈਮੇਲ ਕਰ ਦਿੱਤੀ ਹੈ।

ਮੈਂ ਤੁਰਨ ਲੱਗਾ ਹਾਂ। ਅੱਜ ਮੇਰੇ ਮਨ ਬੁਝ ਗਿਐ। ਭਾ ਜੀ ਏਅਰਪੋਰਟ ਤੱਕ ਜਾਣ ਲਈ ਤਿਆਰ ਹੋ ਗਏ ਨੇ।

" ਭਾ ਜੀ! ਟੈਕਸੀ ਵਿਚ ਈ ਜਾਣੈਂ। ਮੈਂ ਆਪ ਹੀ ਚਲਾ ਜਾਵਾਂਗਾ। ਡਰਾਈਵਰ ਪਿੰਡ ਦਾ ਈ ਏ। ਘਰ ਵਿਚ ਅਜੇ ਸੌ-ਆਇਆ ਗਿਆ?" । ਮੈਂ ਉਨ੍ਹਾਂ ਨੂੰ ਘਰ ਰਹਿਣ ਲਈ ਮਨਾ ਲਿਐ।

ਮੈਂ ਆਪਣੇ ਹੱਥ ਵਿਚ ਪਏ ਸੋਨੇ ਦੇ ਕੜੇ ਵੱਲ ਦੇਖਦਾ ਹਾਂ।

"ਭਾ ਜੀ! ਆਹ ਲਓ! ਆਹ ਕੜਾ ਤੁਸੀਂ ਰੱਖ ਲਓ!"

"ਪਰ ਵਿੰਦਰ ਕਿਉਂ?" ਭਾ ਜੀ ਕੜਾ ਫੜ੍ਹ ਨਹੀਂ ਰਹੇ।*

ਮੈਂ ਭਾਪਾ ਜੀ ਅਤੇ ਬੀਬੀ ਦੀ ਤਸਵੀਰ ਦੇ ਅੱਗੇ ਕੜਾ ਲਾਹ ਕੇ ਰੱਖ ਦਿੱਤੈ। ਅਟੈਚੀ ਚੁੱਕ ਲਿਐ।

ਏਅਰਪੋਰਟ ਜਾਣ ਤੋਂ ਪਹਿਲਾਂ ਮੈਂ ਟੈਕਸੀ ਸਮਸ਼ਾਨ ਘਾਟ ਰੋਕ ਲਈ ਹੈ। ਮੈਂ ਉਸ ਥਾਂ ਨੂੰ ਹੱਥ ਲਾ ਕੇ ਦੇਖਦਾ ਹਾਂ ਜਿੱਥੇ ਮੇਰੇ ਭਾਪਾ ਜੀ ਅਤੇ ਬੀਬੀ ਸਦਾ ਲਈ ਸੌਂ ਗਏ ਨੇ।

ਮੈਂ ਮੁੜ ਟੈਕਸੀ ਵਿਚ ਬੈਠ ਗਿਆ ਹਾਂ। ਅੱਜ ਮੇਰਾ ਅਮਰੀਕਾ ਜਾਣ ਦਾ ਚਾਅ ਧੁੰਦਲਾ ਜਿਹਾ ਹੋ ਗਿਐ। ਸਾਹਮਣੇ ਇਕ ਭਈਆਂ ਦਾ ਟੋਲਾ ਸੜਕ ਤੇ ਰੋੜੀ ਕੁੱਟ ਰਿਹੈ। ਮੈਂ ਆਪਣੀ ਡਾਇਰੀ ਤੇ ਲਿਖ ਰਿਹਾ ਹਾਂ:

ਬੇਵਸੀ ਵਿਚ ਲੋਕ ਇਹ ਵੀ ਸਹਿ ਰਹੇ ਨੇ,
ਅੱਗ ਦੇ ਪਰਛਾਵਿਆਂ ਵਿਚ ਰਹਿ ਰਹੇ ਨੇ।*

ਟੈਕਸੀ ਤੁਰ ਪਈ ਹੈ ਪਰ ਮੇਰੀ ਸੋਚ ਠਹਿਰ ਗਈ ਹੈ। ਮੈਂ ਸੀਟ ਬੈਲਟ ਲਗਾਉਂਦਾ ਤ੍ਰਬਕ ਗਿਆ ਹਾਂ। ਮੈਨੂੰ ਲੱਗ ਰਿਹੈ ਪਛਤਾਵੇ ਦੀ ਅੱਗ ਦਾ ਪਰਛਾਵਾਂ ਮੇਰੇ ਨਾਲ-ਨਾਲ ਚੱਲ ਰਿਹੈ।

** ਨੀਲੀਆਂ ਲਾਟਾਂ ਦਾ ਸੇਕ -ਕੁਲਵਿੰਦਰ ਦੇ ਗ਼ਜ਼ਲ ਸੰਗ੍ਰਿਹ ਦਾ ਨਾਮ।*

*'ਵਸੀਮਾ- ਜਿੱਥੋਂ ਪਿੰਡ ਦੀ ਹੱਦ ਖ਼ਤਮ ਹੋ ਕੇ, ਦੂਜੇ ਪਿੰਡ ਦੀ ਹੱਦ ਸ਼ੁਰੂ ਹੋਵੇ।*

*'ਧਮਾਰਿਕ ਭੰਨਣਾ-ਘੜਾ ਭੰਨਣਾ।*

*ਨੋਟ: ਇਸ ਕਹਾਣੀ ਵਿਚ ਅੰਕਿਤ ਸਾਰੇ ਸ਼ੇਅਰ ਅਮਰੀਕਾ ਦੇ ਸ਼ਹਿਰ ਮਾਰਟੀਨਜ਼ ਵਿਚ ਵਸਦੇ ਸੁਪ੍ਰਸਿੱਧ ਸ਼ਾਇਰ ਕੁਲਵਿੰਦਰ ਦੇ ਲਿਖੇ ਹੋਏ ਹਨ।* **ਸੰਪਰਕ**-510-502-0551

## ਕਹਾਣੀ / **ਅੱਧੇ-ਅਧੂਰੇ** /- ਪਵਿੱਤਰ ਕੌਰ ਮਾਟੀ

ਉਹ ਦਿਨ ਮੇਰੇ ਚੈੱਕ ਅੱਪ ਤੋਂ ਬਾਅਦ ਸਾਰੀਆਂ ਅਲਾਮਤਾ ਵੇਖ ਇਹੀ ਕਿਹਾ ਸੀ ਕਿ ਥੋਨੂੰ ਕੋਈ ਬਿਮਾਰੀ ਤਾਂ ਖਾਸ ਲੱਗਦੀ ਨਹੀਂ, ਤੁਹਾਡੀ ਤਸੱਲੀ ਲਈ ਕੁਝ ਬਲੱਡ ਟੈਸਟ ਕਰਵਾ ਲੈਨੇ ਆ। ਫਿਰ ਗੱਲੀ ਬਾਤੀਂ ਪੁੱਛ ਲਿਆ ਕਿ, "ਥੋਡੇ ਨਾਲ ਕੌਣ ਆਇਆ?

"ਜੀ ਮੈਂ 'ਕੱਲੀ ਹੀ ਆਈ ਹਾਂ, ਬੇਟਾ ਮੇਰਾ ਛੋਟਾ ਹੈ। ਉਹ ਸਕੂਲ ਗਿਆ।"

"ਤੇ ਤੁਹਾਡੇ ਹਸਬੈਂਡ?"

"ਜੀ ਉਹ।"

ਮੈਥੋਂ ਅੱਗੇ ਕੁਝ ਨਾ ਬੋਲਿਆ ਗਿਆ, ਸ਼ਾਇਦ ਡਾਇਵੋਰਸ ਸ਼ਬਦ ਮੇਰੇ ਗਲੇ 'ਚ ਹੀ ਅਟਕ ਗਿਆ।

"ਸੌਰੀ ਸੌਰੀ ਮੈਡਮ ਪੂਨਮ।"

ਆਖ ਡਾ. ਬਲਰਾਜ ਕੁਝ ਦੇਰ ਖਾਮੋਸ਼ ਰਹੇ, ਫਿਰ ਕੁਝ ਦਵਾਈਆਂ ਸਮਝਾ ਕੇ ਆਖਿਆ,

"ਥੋਡੀ ਇਕੱਲਤਾ ਹੀ ਥੋਡੀ ਮੇਨ ਪਰਾਬਲਮ ਹੈ ਜੀ।"

ਮੈਂ ਨੀਵੀਂ ਪਾਈ ਬਿਨਾ ਕੁਝ ਬੋਲੇ ਕਲੀਨਿਕ 'ਚੋਂ ਬਾਹਰ ਆ ਗਈ। ਅੱਗੇ ਵੀ ਕੋਈ ਥੋੜੀ ਬਹੁਤੀ ਬਿਮਾਰੀ ਹੋਵੇ ਤਾਂ ਡਾ. ਬਲਰਾਜ ਕੋਲ ਹੀ ਅਕਸਰ ਆਉਂਦੀ ਹਾਂ, ਕਿਉਂਕਿ ਇਹੀ ਡਾਕਟਰ ਘਰ ਦੇ ਕੋਲ ਹਨ। ਬਾਕੀ ਨਰਸਿੰਗ ਹੋਮ ਘਰ ਤੋਂ ਕਾਫੀ ਦੂਰ ਪੈ ਜਾਂਦੇ ਹਨ।

ਦੂਜੇ ਦਿਨ ਸ਼ਾਮ ਨੂੰ ਮੇਰੇ ਵਟਸਅੱਪ ਤੇ ਅਨ-ਨੋਨ ਨੰਬਰ ਤੋਂ ਮੈਸਿਜ ਆਏ।

"ਹੈਲੋ ਪੂਨਮ ਕਿਵੇਂ ਹੋ? ਮੈਂ ਡਾਕਟਰ ਬਲਰਾਜ ਹਾਂ। ਥੋਡੀਆਂ ਰਿਪੋਟਸ ਆ ਗਈਆਂ ਹਨ। ਮੈਂ ਸੋਚਿਆਂ ਤੁਹਾਨੂੰ ਦੱਸ ਦੇਵਾਂ ਕਿ ਬਿਲਕੁਲ ਨਾਰਮਲ ਹਨ।"

ਮੈਂ ਜਵਾਬ 'ਚ ਲਿਖਿਆ, "ਥੈਂਕਸ ਡਾਕਟਰ ਸਾਹਿਬ।"

"ਇਕੱਲੇ ਥੈਂਕਸ ਨਾਲ ਗੱਲ ਨੀਂ ਬਣਨੀ, ਚਾਹ ਦਾ ਕੱਪ ਪਿਲਾਉਣਾ ਪੈਣਾ।"

"ਹਾਂ ਜੀ, ਹਾਂ ਜੀ ਡਾਕਟਰ ਸਾਹਿਬ ਕਿਉਂ ਨਹੀਂ ਜਦੋਂ ਕਹੋ।"

"ਮੈਂ ਸ਼ਾਮ ਨੂੰ ਘਰ ਵਾਪਸੀ ਤੇ ਰਿਪੋਟਸ ਥੋਡੇ ਘਰ ਪਹੁੰਚਾ ਜਵਾਂਗਾ, ਆਪਣੇ ਘਰ ਦਾ ਐਡਰੈੱਸ ਸਿੰਡ ਕਰਨਾ।"

ਮੈਥੋਂ ਨਾ ਚਾਹੁੰਦੇ ਹੋਏ ਵੀ ਐਡਰੈੱਸ ਸੈਂਡ ਹੋ ਗਿਆ ਤੇ ਮੈਂ ਅਜੀਬ ਜਿਹੇ ਵਲਵਲਿਆਂ ਵਿੱਚ ਘਿਰ ਗਈ ਕਿ ਉਹ ਰਿਪੋਟਸ ਫੜ੍ਹਾਉਣ ਮੇਰੇ ਘਰ ਕਿਉਂ ਆਉਣਗੇ? ਮੇਰਾ ਨੰਬਰ ਕਿਵੇਂ ਮਿਲਿਆ?

ਇਹ ਗੁੰਝਲਦਾਰ ਸਵਾਲ ਮੇਰੇ ਸਿਰ ਤੇ ਤਲਵਾਰ ਬਣ ਲਟਕਦੇ ਰਹੇ, ਉਦੋਂ ਤੱਕ ਜਦੋਂ ਤੱਕ ਗੇਟ 'ਤੇ ਬੈੱਲ ਨਹੀਂ ਹੋ ਗਈ।

ਦਰਵਾਜਾ ਖੋਲਦੀ ਹਾਂ।

ਸਾਹਮਣੇ ਡਾ. ਬਲਰਾਜ ਖੜ੍ਹੇ ਨੇ।

"ਸਤਿ ਸ਼੍ਰੀ ਅਕਾਲ ਜੀ, ਆਓ ਜੀ ਅੰਦਰ ਲੰਘ ਆਓ।"

"ਹਾਂ ਜੀ ਅੰਦਰ ਤਾਂ ਜ਼ਰੂਰ ਆਵਾਂਗੇ , ਜਦ ਚਾਹ ਦਾ ਕੱਪ ਪੀਣ ਦਾ ਵਾਅਦਾ ਥੋਡੇ ਨਾਲ ਕੀਤਾ ਹੈ। ਹੱਸਦੇ ਹੱਸਦੇ ਉਹ ਅੰਦਰ ਮੇਰੇ ਅਦਬ ਤੇ ਸਤਿਕਾਰ ਭਰੇ ਇਸ਼ਾਰੇ ਨਾਲ ਡਰਾਇੰਗ ਰੂਮ ਦੇ ਸੋਫੇ 'ਤੇ ਆ ਬੈਠਿਆ।

"ਜੀ ਤੁਸੀਂ ਏਨੀ ਖੇਚਲ ਕੀਤੀ ਮੇਰੀ ਰਿਪੋਟ ਘਰੇ ਪਹੁੰਚਾਣ ਦੀ।"

"ਕੋਈ ਖੇਚਲ ਨਹੀਂ ਜੀ, ਇਹ ਤਾਂ ਮੇਰਾ ਸਵਾਰਥ ਤੇ ਬਹਾਨਾ ਸੀ ਤੁਹਾਡੇ ਕੋਲੋਂ ਇੱਕ ਕੱਪ ਚਾਹ ਪੀਣ ਦਾ" , ਆਖ ਉਹ ਜਿਵੇਂ ਖੁੱਲ ਕੇ ਹੱਸਿਆ।

"ਹਾਂ ਜੀ ਹਾਂ ਜੀ, ਜ਼ਰੂਰ, ਪਹਿਲਾਂ ਮੈਂ ਪਾਣੀ ਲਿਆਉਨੀ ਆ ਜੀ।"

ਪਾਣੀ ਪਿਲਾ ਕੇ ਮੈਂ ਫਟਾਫਟ ਵਧੀਆ ਜਿਹੀ ਚਾਹ ਬਣਾ ਕੇ ਟਰੇਅ 'ਚ ਡ੍ਰਾਈਫਰੂਟ ਤੇ ਬਿਸਕੁਟ ਰੱਖ ਇੱਕ ਪਾਸੇ ਦੂਜੇ ਸੋਫੇ 'ਤੇ ਜਾ ਬੈਠੀ। ਚਾਹ ਪੀਂਦਿਆਂ ਹੀ ਉਹਨਾਂ ਨੇ ਗੱਲ ਤੋਰੀ।

"ਪੂਨਮ ਜੀ ਥੋਨੂੰ ਇਸ ਤਰ੍ਹਾਂ ਮੇਰਾ ਤੁਹਾਡੇ ਘਰ ਆਉਣਾ ਅਜੀਬ ਜਿਹਾ ਤਾਂ ਜ਼ਰੂਰ ਲੱਗਿਆ ਹੋਣਾ? ਵਜ੍ਹਾ ਸਿਰਫ਼ ਤੁਹਾਡੇ ਖੂਬਸੂਰਤ ਚਿਹਰੇ ਨੂੰ ਅੰਤਾਂ ਦੀ ਉਦਾਸੀ ਤੋਂ ਨਿਜਾਤ ਦਵਾਉਣਾ ਹੈ।"

"ਜੀ !", ਮੈਂ ਪ੍ਰਸ਼ਨਾਤਮਿਕ ਨਜ਼ਰਾਂ ਨਾਲ ਉਨ੍ਹਾਂ ਦੇ ਚੇਹਰੇ ਵੱਲ ਤੱਕਿਆ।

"ਜੀ ਪੂਨਮ ਜੀ, ਮੈਨੂੰ ਤੁਹਾਡੀ ਸਾਰੀ ਹਿਸਟਰੀ ਦਾ ਪਤਾ ਲੱਗ ਗਿਆ ਹੈ ਜੀ, ਪਲੀਜ਼ ਮਾਈਂਡ ਨਾ ਕਰਨਾ, ਥੋਡਾ ਫੋਨ ਨੰਬਰ ਮੈਂ ਥੋਡੀਆਂ ਰਿਪੋਟਸ ਤੋਂ ਪੜ੍ਹਿਆ ਸੀ। ਮੇਰੀ ਵੀ ਇਹੋ ਹਿਸਟਰੀ ਹੈ ਸੇਮ ਸਿਚੁਏਸ਼ਨ।"

"ਥੋਡਾ ਵੀ ਡਾਈਵੋਰਸ?" ਮੈਂ ਨੀਵੀਂ ਪਾਈ ਹੀ ਪੁੱਛ ਬੈਠੀ।

"ਹਾਂ ਜੀ, ਮੇਰਾ ਵੀ ਡਾਈਵੋਰਸ ਦਾ ਕੇਸ ਚੱਲ ਰਿਹਾ।"

ਥੋੜੀ ਦੇਰ ਪਹਿਲਾਂ ਉਹ ਅਜਨਬੀ ਸ਼ਖਸ਼ ਸੀ ਪਰ ਹੁਣ ਪਤਾ ਨਹੀਂ ਕਿਸ ਆਪਣੇਪਣ ਨਾਲ ਕਿੰਨੇ ਹੀ ਰਾਜ ਸਾਂਝੇ ਕਰ ਰਿਹਾ ਸੀ। ਰੌਬਿਨ ਟੀ.ਵੀ. ਵੇਖਣਾ ਛੱਡ, ਛਾਲ ਮਾਰ ਮੇਰੀ ਗੋਦੀ 'ਚ ਆ ਬੈਠਿਆ।

"ਬੇਟੇ ਰੌਬਿਨ, ਅੰਕਲ ਜੀ ਨੂੰ ਨਮਸਤੇ ਕਹੋ।" ਪਰ ਰੌਬਿਨ ਨੇ ਸ਼ਰਮਾਉਂਦੇ ਆਪਣਾ ਚਿਹਰਾ ਮੇਰੀ ਗੋਦ ਵਿੱਚ ਛੁਪਾ ਲਿਆ।

"ਹੈਲੋ ਬੇਟੇ ਆਓ ਏਧਰ, ਅੰਕਲ ਨਾਲ ਗੱਲ ਨਹੀਂ ਕਰੋਗੇ ਆਪਣਾ ਨਾਮ ਦੱਸੋ?"

ਡਾ. ਬਲਰਾਜ ਰੌਬਿਨ ਨੂੰ ਬੜੇ ਹੀ ਪਿਆਰ ਨਾਲ ਪੁਚਕਾਰਦੇ ਰਹੇ ਪਰ ਸੰਗਦੇ ਹੋਏ ਰੌਬਿਨ ਨੇ ਉਸ ਵੱਲ ਮੂੰਹ ਨਾ ਭੁਆਇਆ। ਉਹ ਚਾਹ ਦਾ ਕੱਪ ਰੱਖ ਖੜ੍ਹਾ ਹੋ ਗਿਆ। ਰੌਬਿਨ ਦਾ ਪਿਆਰ ਨਾਲ ਸਿਰ ਪਲੋਸਣ ਲੱਗਾ।

"ਮੇਰੀ ਵੀ ਇੱਕ ਬੇਟੀ ਹੈ ਇਸ ਤੋਂ ਦੋ ਕੁ ਸਾਲ ਵੱਡੀ ਹੈ।"

"ਅੱਛਾ ਜੀ, ਉਹ ਆਪਣੀ ਮੰਮਾ ਨਾਲ ਹੀ ?"

ਮੇਰੇ ਇਸ ਅਧੂਰੇ ਜਿਹੇ ਸੁਆਲ ਦਾ ਜਵਾਬ ਦਿੱਤੇ ਬਿਨਾ ਹੀ ਉਸ ਆਖਿਆ, "ਠੀਕ ਹੈ ਪੂਨਮ ਜੀ ਮੈਂ ਚਲਦਾ ਹਾਂ, ਟੇਕ ਕੇਅਰ ਪਲੀਜ਼ ਜੇ ਰੱਬ ਨੇ ਚਾਹਿਆ ਤਾਂ ਫਿਰ ਮਿਲਾਂਗੇ।"

"ਹਾਂ ਜੀ ਓ ਕੇ ਜੀ।" ਆਖ ਮੈਂ ਵੀ ਉੱਠ ਉਹਨਾਂ ਨੂੰ ਗੇਟ ਤੱਕ ਛੱਡਣ ਚਲੀ ਗਈ। ਗੱਡੀ ਵਿੱਚ ਬੈਠ ਉਹ "ਬਾਏ ਰੌਬਿਨ ਬੇਟਾ ਬਾਏ ਪੂਨਮ।" ਦੂਰ ਤੱਕ ਹੱਥ ਹਿਲਾਉਂਦੇ ਹੋਏ ਗਲੀ ਦਾ ਮੋੜ ਮੁੜ ਗਏ।

ਮੈਂ ਗੇਟ ਬੰਦ ਕਰ ਕੇ ਅੰਦਰ ਆ ਸੋਫੇ ਤੇ ਜਿਸ ਜਗ੍ਹਾ ਡਾ. ਬਲਰਾਜ ਬੈਠਾ ਸੀ ਉਸੇ ਸੀਟ ਤੇ ਹੀ ਪਤਾ ਨਹੀਂ ਕਿਉਂ ਧੜੱਮ ਦੇਣੇ ਆ ਬੈਠੀ। ਰੌਬਿਨ ਡਰਾਈ ਫਰੂਟ ਕੱਡ ਕੱਡ ਕੇ ਖਾਣ ਲੱਗਾ। ਮੈਨੂੰ ਸਾਰੇ ਕਮਰੇ 'ਚੋਂ ਅਜੀਬ ਜਿਹੀ ਖੁਸ਼ਬੂ ਆ ਰਹੀ ਸੀ, ਮਰਦਾਵੇ ਪ੍ਰਫਿਊਮ ਦੀ ਜਾਂ ਜਿਸਮ ਦੀ। ਮੇਰੀਆਂ ਅੱਖਾਂ ਬੰਦ ਸੀ। ਕੋਈ ਉੱਚਾ ਲੰਬਾ ਸਾਂਵਲੇ ਜਿਹੇ ਰੰਗ ਦਾ ਖੂਬਸੂਰਤ ਨੌਜਵਾਨ ਮੇਰੀਆਂ ਅੱਖਾਂ ਵਿੱਚ ਮੇਰੇ ਜ਼ਹਿਨ ਵਿੱਚ ਇਸ ਕਦਰ ਉਹ ਧੁਰ-ਅੰਦਰ ਤੱਕ ਲਹਿ ਗਿਆ। ਉਸ ਦੇ ਬੋਲੇ ਦੋ ਲਫ਼ਜ਼ਾਂ ਵਿੱਚ ਕਿੰਨੀ ਗਹਿਰਾਈ ਤੇ ਅਪਣਾਪਨ ਸੀ, "ਟੇਕ ਕੇਅਰ ਪਲੀਜ਼।" ਇਸ ਤੋਂ ਪਹਿਲਾਂ ਤਾਂ ਅਜਿਹਾ ਕਦੇ ਮਹਿਸੂਸ ਹੀ ਨਹੀਂ ਸੀ ਹੋਇਆ। ਉਸ ਦੇ ਬੋਲਣ ਦਾ ਲਹਿਜਾ, ਉਸਦਾ ਹਰ ਅੰਦਾਜ਼ ਕਿਉਂ ਐਨਾ ਪਿਆਰਾ ਲੱਗਾ?

ਅੱਖਾਂ ਖੋਲਦੀ ਹਾਂ ਕਲਾੱਕ ਤੇ ਅੱਠ ਵੱਜ ਰਹੇ ਹਨ। ਓਹੋ, ਰੌਬਿਨ ਨੂੰ ਖਾਣਾ ਵੀ ਨਹੀਂ ਖੁਆਇਆ, ਕਿਧਰੇ ਭੁੱਖਾ ਹੀ ਨਾ ਸੌਂ ਜਾਵੇ। ਮੈਂ ਫਟਾ-ਫਟ ਉੱਠ ਕੇ ਕਿਚਨ 'ਚ ਚਲੀ ਗਈ ਤੇ ਟੀ. ਵੀ. ਅੱਗੇ ਬੈਠੇ ਰੌਬਿਨ ਨੂੰ ਆਵਾਜ਼ ਵੀ ਦਿੱਤੀ।

"ਰੌਬਿਨ ਬੇਟੇ ਸੌਣਾ ਨਹੀਂ, ਮੰਮੀ ਹੁਣੇ ਥੋਡੇ ਲਈ ਫੁਲਕਾ ਲੈ ਕੇ ਆਏ।"

ਜਲਦੀ ਜਲਦੀ ਰੌਬਿਨ ਲਈ ਫੁਲਕਾ ਬਣਾ ਕੇ ਮੈਂ ਉਸਨੂੰ ਖੁਆਉਣ ਲੱਗੀ। ਉਹ ਖਾਂਦੇ-ਖਾਂਦੇ ਹੀ ਅੱਖਾਂ ਮੀਚ ਰਿਹਾ ਸੀ ਸ਼ਾਇਦ ਜ਼ਿਆਦਾ ਹੀ ਲੇਟ ਹੋ ਗਈ ਸੀ, ਇਸ ਟਾਇਮ ਤਾਂ ਰੌਬਿਨ ਸੌਂ ਗਿਆ ਹੁੰਦਾ ਹੈ। ਖਾਣਾ ਖੁਆ ਕੇ ਬੈੱਡ 'ਤੇ ਲੈ ਕੇ ਉਸਨੂੰ ਸੁਆਉਣ ਦੀ ਕੋਸ਼ਿਸ਼ ਕਰਨ ਲੱਗੀ। ਬੈੱਡ ਦੇ ਢੋਅ ਤੇ ਪਏ ਮੋਬਾਇਲ ਦੀ ਸਕਰੀਨ ਤੇ ਮੈਸਜ਼ ਲਗਾਤਾਰ ਆ ਰਹੇ ਸਨ। ਮੈਂ ਇੱਕ ਹੱਥ ਨਾਲ ਮੋਬਾਇਲ ਚੁੱਕ ਕੇ ਵੇਖਿਆ, ਸ਼ਾਇਦ ਇਹ ਤਾਂ ਡਾ. ਬਲਰਾਜ ਦਾ ਹੀ ਨੰਬਰ ਹੈ। ਨੋਟੀਫਿਕੇਸ਼ਨ ਚੈੱਕ ਕਰਦੀ ਹਾਂ।

1. ਮੈਨੂੰ ਮੁੱਦਤਾਂ ਤੋਂ ਜਿਸ ਰੂਹ ਦੀ ਤਲਾਸ਼ ਸੀ ਅੱਜ ਉਸ ਦੇ ਦਰਸ਼ਨ ਹੋ ਗਏ। ਪੂਨਮ ਮੈਨੂੰ ਤੇਰੇ ਵਿੱਚੋਂ ਰੱਬ ਦਿਸਿਆ।

2. ਮੈਂ ਤਾਂ ਰੂਹ ਦਾ ਆਸ਼ਿਕ ਹਾਂ ਤੇਰੀ ਹਾਂ ਜਾਂ ਨਾਂਹ ਮੇਰਾ ਫੈਸਲਾ ਨਹੀਂ ਬਦਲ ਸਕਦੀ, ਤੁਹਾਡੀ ਨਾਂਹ ਤੇ ਵੀ ਮੈਂ ਤੁਹਾਨੂੰ ਪਿਆਰ ਹੀ ਕਰਦਾ ਰਹਾਂਗਾ।

3. ਪੂਨਮ ਪਿਆਰ ਤਾਂ ਮੈਂ ਤੈਨੂੰ ਪਿਛਲੇ ਦੋ ਸਾਲਾਂ ਤੋਂ ਕਰਦਾ ਆ ਰਿਹਾ ਜਦੋਂ ਦੇ ਤੁਸੀਂ ਮੇਰੇ ਕਲੀਨਿਕ ਆਉਂਦੇ ਹੋ ਪਰ ਹਿੰਮਤ ਹੀ ਪਹਿਲੀ ਵਾਰ ਕਰ ਸਕਿਆ ਹਾਂ।

4. ਅਗਰ ਮੇਰਾ ਪ੍ਰਪੋਜ ਬੁਰਾ ਲੱਗੇ ਤਾਂ ਕਿਸੇ ਬੁਰੇ ਸੁਪਨੇ ਦੀ ਤਰ੍ਹਾਂ ਭੁੱਲ ਜਾਵੀਂ ਤੇ ਮਾਫ ਕਰ ਦੇਈਂ।

5. ਪਰ ਮੈਂ ਕਦੇ ਨਾ ਭੁੱਲ ਸਕਾਂਗਾ। ਮੈਂ ਤੈਨੂੰ ਹਮੇਸ਼ਾ ਪਿਆਰ ਕਰਦਾ ਰਹਾਂਗਾ। ਪਿਆਰ ਕਰਦਾ ਹਾਂ ਬੱਸ ਕਰਦਾ ਰਹਾਂਗਾ। ਆਈ ਲਵ ਯੂ ਪੂਨਮ ਆਈ ਲਵ ਯੂ ਪੂਨਮ।

ਇੱਕ ਵਾਰੀ, ਦੋ ਵਾਰੀ, ਤਿੰਨ ਵਾਰੀ ਪਤਾ ਨਹੀਂ ਕਿੰਨੀ ਕੁ ਵਾਰੀ ਮੈਂ ਇਹ ਮੈਸਜ ਪੜ੍ਹਦੀ ਗਈ। ਧੜਕਣ ਤੇਜ਼ ਹੋਰ ਤੇਜ਼ ਹੁੰਦੀ ਗਈ। ਲੱਤਾਂ ਵੀ ਕੰਬਣ ਲੱਗੀਆਂ, ਬੈੱਡ 'ਤੇ ਢੋਅ ਲਾ ਕੇ ਬੈਠ ਗਈ। ਰੌਬਿਨ ਕਦੋਂ ਦਾ ਸੌਂ ਗਿਆ। ਪਰ ਅੱਜ ਮੇਰੀ ਨੀਂਦ ਤਾਂ ਖੰਭ ਲਾ ਉੱਡ ਗਈ ਤੇ ਮੈਂ ਵੀ ਕਿਤੇ ਦੂਰ ਅੰਬਰਾਂ 'ਤੇ ਉੱਡਣ ਲੱਗੀ, ਮੇਰੇ ਖੰਭ ਉੱਗ ਆਏ, ਕਿਸੇ ਖ਼ੂਬਸੂਰਤ ਪਰੀ ਵਾਂਗ। ਇਹ ਮੈਨੂੰ ਕੀ ਹੋ ਰਿਹਾ?

ਆਪਣੇ ਆਪ ਤੋਂ ਮਿੱਠੀ-ਮਿੱਠੀ ਖ਼ੁਸ਼ਬੂ ਆਉਣ ਲੱਗ ਪਈ, ਸਾਰਾ ਆਲਾ ਦੁਆਲਾ ਸੁਗੰਧਤ ਹੋ ਗਿਆ। ਸਰਦੀਆਂ ਦੀ ਟਿਕੀ ਰਾਤ ਵਿੱਚ ਜਿੱਥੇ ਸਾਰੀ ਦੁਨੀਆਂ ਸੌਂ ਗਈ, ਪਰ ਮੇਰੇ ਅੰਦਰ ਦੀ ਦੁਨੀਆਂ ਦੀ ਸਵੇਰ ਹੋ ਗਈ ਚਹਿ-ਚਹਾਉਂਦੇ ਪੰਛੀ, ਪੈਲਾਂ ਪਾਉਂਦੇ ਮੋਰ ਗੀਤ ਗਾਉਂਦੀ ਕੋਇਲ ਖ਼ੂਬਸੂਰਤ ਵਾਦੀਆਂ 'ਚ ਮੈਂ ਨੱਚਦੀ, ਗਾਉਂਦੀ ਸ਼ਾਇਦ ਕਿਤੇ ਡਾ. ਬਲਰਾਜ ਦਾ ਹੱਥ ਫੜ੍ਹ ਕੇ।

ਘੜੀ-ਮੁੜੀ ਮੈਂ ਸ਼ੀਸੇ ਸਾਹਮਣੇ ਜਾ ਖੜ੍ਹਾਂ

ਸੱਚੀ ਮੈਂ ਕਿੰਨੀ ਸੋਹਣੀ ਹਾਂ ਸੋਚ ਕੇ ਆਪ ਹੀ ਮੁਸਕਰਾ ਪੈਂਦੀ ਹਾਂ। ਹੀਰੇ ਦੀ ਪਰਖ਼ ਕੋਈ ਜੌਹਰੀ ਹੀ ਕਰਦਾ ਹੈ। ਜੱਸ ਤਾਂ ਐਵੇਂ ਕੱਚ ਦਾ ਵਪਾਰੀ ਸੀ। ਜਿਸ ਨੇ ਕਦੇ ਮੇਰੀ ਮੁਹੱਬਤ ਦੀ ਕਦਰ ਹੀ ਨਹੀਂ ਸੀ ਪਾਈ, 'ਕੀ ਖੱਟਿਆ ਮੈਂ ਤੇਰੀ ਹੀਰ ਬਣਕੇ' ਇਹੀ ਸੋਚਦੀ ਰਹਿੰਦੀ ਸੀ। ਉਹਦੇ ਨਾਲ ਲਾਵਾਂ ਲੈ ਕੇ ਤਾਂ ਇੱਕ ਦਿਨ ਵੀ ਹੱਸ ਕੇ ਨਹੀਂ ਸੀ ਵੇਖਿਆ। ਜੱਸ ਨੂੰ ਯਾਦ ਕਰਕੇ ਤਾਂ ਜਿਵੇਂ ਮੈਂ ਕੁੜੱਤਣ ਨਾਲ ਹੀ ਭਰ ਗਈ।

ਤਰੀਕਾਂ ਬਦਲੀਆਂ, ਮਹੀਨੇ ਬਦਲੇ, ਰੁੱਤਾਂ ਬਦਲੀਆਂ ਸਾਲ ਬਦਲਦੇ ਗਏ। ਪਰ ਮੇਰੀ ਜ਼ਿੰਦਗੀ ਤਾਂ ਖੜ੍ਹੇ ਹੋਏ ਮੁਸਕੇ ਪਾਣੀ ਵਾਂਗ ਹੀ ਰਹੀ, ਕਦੇ ਕੁੱਝ ਵੀ ਨਾ ਬਦਲਦਾ।

ਕਿਵੇਂ ਉਸਨੇ ਮੈਥੋਂ ਤਲਾਕ ਦੇ ਪੇਪਰਾਂ ਤੇ ਦਸਤਖ਼ਤ ਕਰਵਾਏ, ਮੈਂ ਕਿੰਨੇ ਵਾਸਤੇ ਪਾਏ ਸੀ, "ਤੂੰ ਕੈਨੇਡਾ ਬੇਸ਼ੱਕ ਚਲਾ ਜਾ , ਰਾਗਿਨੀ ਕੋਲ, ਕਦੇ ਕਦਾਈਂ ਸਾਡੇ ਕੋਲ ਆ ਜਾਇਆ ਕਰੀਂ। ਪਰ ਮੈਨੂੰ

ਤਲਾਕ ਦੇ, ਮੈਂ ਮਰ ਜਾਊਂਗੀ ਜੱਸ, ਤੇਰੇ ਬਿਨਾਂ ਮੈਥੋਂ ਜੀਅ ਨਹੀਂ ਹੋਣਾ, ਮੈਂ ਤੈਨੂੰ ਬਹੁਤ ਪਿਆਰ ਕਰਦੀ, ਮੈਨੂੰ ਠੋਕਰ ਮਾਰ ਕੇ ਨਾ ਜਾਹ।"

ਮੈਂ ਤਾਂ ਇਹ ਸਮਝੌਤਾ ਕਰਨ ਨੂੰ ਵੀ ਤਿਆਰ ਸੀ ਕਿ, "ਜੱਸ ਮੈਂ ਸੌਂਕਣ ਵੀ ਬਰਦਾਸ਼ਿਤ ਕਰ ਲਵਾਂਗੀ, ਤੇਰੇ ਬਚੇ-ਖੁਚੇ ਪਿਆਰ ਨਾਲ ਹੀ ਜ਼ਿੰਦਗੀ ਕੱਢ ਲਵਾਂਗੀ। ਔਰਤ ਦਾ ਢਿੱਡ ਖੂਹ ਹੁੰਦਾ, ਮੈਂ ਸਾਰਾ ਕੁਝ ਦਫ਼ਨ ਕਰ ਲੂੰ, ਭਾਫ ਨਹੀਂ ਕੱਢਦੀ ਕਿ ਤੁਸੀਂ ਦੂਜਾ ਵਿਆਹ ਕਰਵਾਇਆ ਪਰ ਤੇਰਾ ਵਿਛੋੜਾ ਨੀ ਮੈਥੋਂ ਜ਼ਰਿਆ ਜਾਣਾ।" ਤਰਲੇ ਕੱਢਦੀ ਨੇ ਜੱਸ ਦੇ ਪੈਰ ਫੜ੍ਹ ਲਏ, ਉਹ ਪੱਥਰ ਸਿਲ ਬਣਿਆ ਰਿਹਾ। ਮੈਂ ਆਤਮ-ਸਨਮਾਨ ਛਿੱਕੇ ਟੰਗ ਕੇ ਬੜੇ ਤਰਲੇ ਪਾਏ ਉਸਦੇ, ਹਾੜੇ ਕੱਢੇ,

"ਜੱਸ ਰਾਜੇ ਮਹਾਰਾਜੇ ਤੇ ਪੁਰਾਣੇ ਲੋਕ ਕਿੰਨੇ ਵਿਆਹ ਕਰਵਾ ਲੈਂਦੇ ਸੀ ਤੂੰ ਵੀ ਵਿਆਹ ਕਰਵਾ ਲੈ, ਮੈਥੋਂ ਹਰ ਸਮਝੌਤੇ 'ਤੇ ਦਸਤਖ਼ਤ ਕਰਵਾ ਲੈ ਪਰ ਤਲਾਕ ਦੇ ਪੇਪਰਾਂ 'ਤੇ ਨਹੀਂ ਕਰਨੇ ਮੈਂ ਪਰ ਉਹ ਆਪਣੀ ਸ਼ਰਤ ਮਨਵਾਉਣ ਲਈ ਕਿੰਨਾ ਨਿਰਦਈ ਬਣ ਗਿਆ ਸੀ, ਕਦੇ ਮੈਨੂੰ ਵਾਲਾਂ ਤੋਂ ਫੜ੍ਹਕੇ ਕੰਧ 'ਚ ਮਾਰਦਾ ਤੇ ਕਦੇ ਗਲ਼ ਘੁੱਟਦਾ ਤੇ ਠੁੱਡੇ ਮਾਰ-ਮਾਰ ਉਸਨੇ ਮੈਨੂੰ ਬੇਸੁਰਤ ਕਰ ਦਿੰਦਾ,

"ਦਸਤਖ਼ਤ ਤੂੰ ਕਰੇਂਗੀ ਤੇਰੇ ਵੱਡੇ ਵੀ ਕਰਨਗੇ।"

ਸੱਸ ਸਹੁਰੇ ਦੇ ਪੈਰ ਫੜ੍ਹੇ, "ਭਾਈ ਥੋਡਾ ਦੋਹਾਂ ਜੀਆਂ ਦਾ ਮਾਮਲਾ ਅਸੀਂ ਕੀ ਕਰ ਸਕਦੇ ਹਾਂ।" ਇਹ ਆਖ ਕੇ ਉਹ ਵੀ ਪਾਸਾ ਵੱਟ ਗਏ। ਸੱਸ ਹੋਰ ਜ਼ਖ਼ਮਾਂ ਤੇ ਲੂਣ ਪਾਉਂਦੀ ਰਹੀ। ਉਹ ਤਾਂ ਕਾਲਕਾ ਮਾਈ ਬਣ ਬੈਠੀ,

"ਭਾਈ ਜੀਹਤੋਂ ਆਵਦਾ ਬੰਦਾ ਨੀ ਸੰਭਾਲਿਆ ਗਿਆ ਉਹ ਵੀ ਕੋਈ ਜਨਾਨੀ ਹੁੰਦੀ। ਕਹਿੰਦੇ ਨੇ ਮਰਦ ਤਾਂ ਨਿਰੀ ਬਾਂਦਰ ਜਾਤ ਹੁੰਦੀ ਹੈ ਜਿਵੇਂ ਮਰਜ਼ੀ ਉਂਗਲਾਂ 'ਤੇ ਨਚਾ ਲੋ, ਪਰ ਅਕਲ ਹੋਣੀ ਚਾਹੀਦੀ। ਤੇਰੇ ਅਰਗੀਆਂ ਕੁੱਡਰਾਂ ਨੇ ਕਾਹਦੇ ਰੰਗ ਲਾਉਣੇ ਹੁੰਦੇ।"

ਸੱਸ ਵੀ ਸੱਚੀ ਸੀ, ਉਹ ਤਾਂ ਦੋ-ਦੋ ਸਾਂਭੀ ਬੈਠੀ ਸੀ, ਇੱਕ ਛੜਾ ਤਾਇਆ ਜੀਹਨੇ ਵਿਆਹ ਹੀ ਨਹੀਂ ਸੀ ਕਰਾਇਆ, ਆਖਦੀ,

"ਲੈ ਜੇ ਇਹਦੇ ਹੱਥ ਮੂੰਹ ਨਾ ਰੱਖਾਂ ਤਾਂ ਕੋਈ ਹੋਰ ਸ਼ਰੀਕ ਅੱਧੀ ਵੱਢ ਕੇ ਲੈ ਜੂ ਕੀ ਮੇਹਣਾ, ਆਵਦੇ ਸਹੁਰੇ ਦਾ ਪੁੱਤ ਆ, ਕਿਹੜਾ ਕੋਈ ਬੇਗਾਨਾ।"

ਬਥੇਰਾ ਸੋਚਦੀ ਆ ਕਿ ਕੀ ਕਮੀ ਆ ਮੇਰੇ ਵਿੱਚ, ਐਨਾ ਸੁਹੱਪਣ, ਐਨੀ ਨਿਮਰਤਾ, ਐਨਾ ਪਿਆਰ ਕਰਦੀ ਆ ਤੇਰੇ ਪੁੱਤ ਨੂੰ, ਹੋਰ ਦੱਸ ਕੀ ਕਰਾਂ? ਇਸ ਤੋਂ ਵੱਧ ਕੋਈ ਔਰਤ ਕਰ ਵੀ ਕੀ ਸਕਦੀ ਆ? ਕਿਵੇਂ ਬਚਾਉਂਦੀ ਇਸ ਰਿਸ਼ਤੇ ਨੂੰ ਮੈਂ, ਕੁਝ ਵੀ ਸਮਝ ਨਾ ਆਉਂਦਾ।

ਹੁਣ ਤਾਂ ਜੱਸ ਡਰਿੰਕ ਵੀ ਬਹੁਤ ਜ਼ਿਆਦਾ ਕਰਨ ਲੱਗ ਪਿਆ ਸੀ। ਜਦੋਂ ਤੀਜੇ ਤੋਂ ਚੌਥੇ ਪੈੱਗ ਤੇ ਪਹੁੰਚ ਜਾਂਦਾ। ਬਹੁਤਾ ਹੀ ਜ਼ਜ਼ਬਾਤੀ ਹੋ ਜਾਂਦਾ। ਬੱਚਿਆਂ ਵਾਂਗ ਰੋਣਾ ਸ਼ੁਰੂ ਕਰ ਦਿੰਦਾ,

"ਪੂਨਮ ਮੇਰੇ ਮਾਂ-ਪਿਓ ਨੇ ਮੇਰੇ ਨਾਲ ਜ਼ਿਆਦਤੀ ਕੀਤੀ ਆ, ਉਹ ਵੀ ਬਾਹਲੀ ਕਿਸੇ ਦੀ ਲਵ-ਮੈਰਿਜ, ਕਿਸੇ ਦੀ ਅਰੇਂਜ਼ ਮੈਰਿਜ, ਯਾਰ ਮੇਰੀ ਤਾਂ ਧੱਕਾ ਮੈਰਿਜ਼ ਹੋਈ ਆ। ਕੁਰਸੀ ਤੇ ਬੈਠਾ-ਬੈਠਾ ਸਿਰ ਜ਼ੋਰ-ਜ਼ੋਰ ਨਾਲ ਕੁਰਸੀ ਦੀ ਢੋਅ ਤੇ ਮਾਰਦਾ,

"ਰਾਗਣੀ ਮੇਰੀ ਜਾਨ ਤੂੰ ਤਾਂ ਕੈਨੇਡਾ ਜਾ ਬੈਠੀ ਮੈਥੋਂ ਤੇਰੀ ਜ਼ੁਦਾਈ ਨੀ ਝੱਲੀ ਜਾਂਦੀ, ਤੇਰੇ ਬਿਨਾਂ ਮੈਂ ਮਰ ਜਾਵਾਂਗਾ ਮਰ ਜਾਵਾਂਗਾ।" ਮੈਂ ਸੁੰਨ ਹੋ ਜਾਂਦੀ। ਢੀਠ ਹੋਈ ਬਿੱਟ-ਬਿੱਟ ਉਹਦੇ ਮੂੰਹ ਵੱਲ ਵੇਖਦੀ ਰਹਿੰਦੀ। ਮੇਰੀਆਂ ਨਜ਼ਰਾਂ 'ਚੋਂ ਜ਼ੁਦਾਈ ਅਤੇ ਡਰ ਦਾ ਕਲੇਸ਼ ਝਲਕਦਾ ਰਹਿੰਦਾ। ਮੇਰਾ ਕਲੇਜਾ ਫਟਦਾ, ਜੀਅ ਕਰਦਾ ਉੱਚੀ-ਉੱਚੀ ਚੀਕਾਂ ਮਾਰ ਕੇ ਰੋਵਾਂ ਤੇ ਪੁੱਛਾਂ ਕਿ ਮੈਂ ਤੇਰੀ ਕੌਣ ਆ ਤੇਰੀ ਪਤਨੀ ਹੋ ਕੇ ਵੀ ਬੇਗਾਨੀ ਆ। ਜਿਸ ਪਤੀ ਦੇ ਪਿਆਰ ਤੇ ਮੇਰਾ ਪੂਰਾ ਹੱਕ ਹੋਣਾ ਚਾਹੀਦਾ ਸੀ। ਮੈਂ ਤਾਂ ਉਸਦੇ ਪਿਆਰ ਨੂੰ

ਤੜਫਦੀ ਰਹਿੰਦੀ ਹਾਂ ਤੇ ਉਹ ਕਿਸੇ ਹੋਰ ਲਈ ਤੜਫਦਾ ਰਹਿੰਦਾ, ਇਹ ਕਿਹੋ ਜਿਹਾ ਇਤਫ਼ਾਕ ਹੈ। ਪਰ ਮੇਰੀ ਜ਼ੁਬਾਨ ਦਾ ਜ਼ਿੰਦਰਾ ਕਦੇ ਨਾ ਖੁੱਲਦਾ। ਹੋਰ ਰੋਜ਼ ਦਾ ਇਹ ਕੰਮ ਹੋ ਗਿਆ ਸੀ। ਡਰਿੰਕ ਕਰਕੇ ਰਾਗਣੀ ਨੂੰ ਯਾਦ ਕਰਕੇ ਰੋਂਦਾ ਰਹਿੰਦਾ ਤੇ ਇਸਦਾ ਇਲਜ਼ਾਮ ਕਦੇ ਮੇਰੇ 'ਤੇ ਕਦੇ ਆਪਣੇ ਮਾਪਿਆਂ ਸਿਰ ਮੜ੍ਹਦਾ। ਜਿੰਨ੍ਹਾਂ ਦੀ ਬਦੌਲਤ ਮੈਂ ਰਾਗਣੀ ਦੀ ਜਗ੍ਹਾ ਉਸਦੀ ਜ਼ਿੰਦਗੀ 'ਚ ਆ ਗਈ।

ਜਦੋਂ ਕਿਤੇ ਦਿਨੇ ਸੋਫੀ ਬੈਠਾ ਹੁੰਦਾ ਤਾਂ ਮੈਂ ਸਮਝਾਉਣ ਦਾ ਯਤਨ ਕਰਦੀ, "ਦੇਖ ਜੱਸ ! ਹੁਣ ਤਾਂ ਰੱਬ ਨੇ ਆਪਣੇ ਬੇਟਾ ਵੀ ਦੇ ਦਿੱਤਾ ਹੈ, ਹੁਣ ਤੂੰ ਏਦਾਂ ਨਾ ਕਰਿਆ ਕਰ, ਮੇਰੇ ਵਿੱਚ ਕੀ ਕਮੀ ਹੈ, ਵੇਖ ਮੈਂ ਤੈਨੂੰ ਕਿੰਨਾ ਪਿਆਰ ਕਰਦੀ ਹਾਂ।"

ਉਹ ਮੈਨੂੰ ਖਿਝ ਕੇ ਪੈ ਜਾਂਦਾ, "ਪੂਨਮ ਤੂੰ ਭਾਵੇਂ ਸੋਨਾ ਬਣਜਾ, ਪਰ ਮੇਰੇ ਦਿਲ ਵਿੱਚ ਜੋ ਥਾਂ ਰਾਗਣੀ ਦੀ ਹੈ ਉਹ ਤੂੰ ਕਦੇ ਨਹੀਂ ਲੈ ਸਕਦੀ ਤੇ ਇਹੋ ਸਚਾਈ ਹੈ ਕਿ ਮੈਂ ਜਲਦੀ ਹੀ ਰਾਗਣੀ ਕੋਲ ਜਾ ਰਿਹਾਂ ਹਾਂ। ਤੂੰ ਚੰਗੀ ਤਰ੍ਹਾਂ ਸਮਝ ਲੈ, ਸਾਰਾ ਪੇਪਰ ਵਰਕ ਕੰਪਲੀਟ ਹੈ। ਮੈਂ ਤੇਰੇ ਅਤੇ ਆਪਣੇ ਬੇਟੇ ਰੌਬਿਨ ਲਈ ਬਹੁਤ ਕੁਝ ਛੱਡ ਕੇ ਜਾ ਰਿਹਾ ਹਾਂ ਜੋ ਮੰਮੀ-ਪਾਪਾ ਤੈਨੂੰ ਦੇ ਦੇਣਗੇ। ਮੈਂ ਤੈਨੂੰ ਕਿਸੇ ਭੁਲੇਖੇ ਜਾਂ ਬੰਧਨ ਵਿੱਚ ਬੰਨ ਕੇ ਨਹੀਂ ਰੱਖਣਾ ਚਾਹੁੰਦਾ, ਤੇਰਾ ਵੀ ਜਿੱਥੇ ਜੀ ਕਰੇ ਮੈਰਿਜ਼ ਕਰਵਾ ਲਈ। ਰਹੀ ਗੱਲ ਰੌਬਿਨ ਦੀ, ਤੇਰਾ ਦਿਲ ਕੀਤਾ ਰੱਖ ਲਈ ਨਹੀਂ ਤਾਂ ਮੌਮ-ਡੈਡ ਸਾਂਭ ਲੈਣਗੇ।"

ਕਿੰਨੀ ਛੇਤੀ ਜ਼ਿੰਦਗੀ ਫੈਸਲੇ ਸੁਣਾ ਕੇ ਜੱਸ ਮੈਨੂੰ ਰੋਂਦੀ ਨੂੰ ਛੱਡ ਕੇ ਕੈਨੇਡਾ ਚਲਾ ਗਿਆ। ਉਹਨੇ ਮੇਰੇ ਨਾਲ ਭਾਵੇਂ ਨਾਮ ਦਾ ਹੀ ਰਿਸ਼ਤਾ ਨਿਭਾਇਆ ਸੀ ਪਰ ਮੈਂ ਤਾਂ ਇਸ ਸਾਹ ਫਰੋਲਦੇ ਰਿਸ਼ਤੇ ਦੇ ਨਾਲ ਹੀ ਜਿਉਣਾ ਸਿੱਖ ਲਿਆ ਸੀ ਤੇ ਉਹ, ਉਹ ਵੀ ਤੋੜ ਕੇ ਚਲਾ ਗਿਆ। ਦੇ ਗਿਆ ਨਾ ਭਰਨ ਵਾਲਾ ਜ਼ਖ਼ਮ, ਕਾਲੀਆਂ ਰਾਤਾਂ, ਇਕੱਲਾਪਨ ਤੇ ਪਿਉ ਬਾਹਰਾ ਬੱਚਾ। ਜਿਸ ਦਾ ਬਚਪਨ ਵੀ ਮੇਰੀ ਜਵਾਨੀ ਵਾਂਗ ਕਿਸੇ ਸਿੱਲ ਪੱਥਰ ਵਾਂਗ ਖਾਮੋਸ਼ ਹੋ ਗਿਆ। ਸੱਸ-ਸਹੁਰਾ ਵੀ ਸਾਨੂੰ ਮਾਂ ਪੁੱਤ ਨੂੰ ਇਸ ਸ਼ਹਿਰ ਵਾਲੇ ਮਕਾਨ ਵਿੱਚ ਛੱਡ ਪਿੰਡ ਚਲੇ ਗਏ ਕਿ ਅਸੀਂ ਤੈਨੂੰ ਆਪਣੇ ਪੋਤੇ ਦੇ ਲਈ ਸ਼ਹਿਰੀ ਪ੍ਰਾਪਟੀ ਦਿੰਦੇ ਹਾਂ। ਜੱਸ ਵੀ ਜਾਣ ਲੱਗਾ ਕੁਝ ਜ਼ਮੀਨ ਤੇ ਦਸ ਲੱਖ ਰੁਪਏ ਰੌਬਿਨ ਤੇ ਮੇਰੇ ਨਾਮ ਕਰਵਾ ਕਿ ਹਮੇਸ਼ਾ ਲਈ ਸਾਥੋਂ ਪਿੱਛਾ ਛੁਡਵਾ ਗਿਆ। ਆਪਣੇ ਵੱਲੋਂ ਉਤਾਰ ਗਿਆ ਉਹ ਸਾਡੇ ਪਿਆਰ ਤੇ ਪਵਿੱਤਰ ਰਿਸ਼ਤਿਆਂ ਦਾ ਕਰਜ਼ ਤੇ ਵਸਾ ਲਈ ਆਪਣੀ ਦੁਨੀਆਂ। ਤੇ ਮੈਂ, ਮੈਂ ਤਾਂ ਘਰੋਂ ਬਾਹਰ ਨਿਕਲਦੀ ਹਾਂ ਤੇ ਲਗਦਾ ਹੈ ਲੋਕ ਅਜੀਬ-ਅਜੀਬ ਨਜ਼ਰਾਂ ਨਾਲ ਘੂਰਦੇ ਨੇ। ਗਲੀ-ਮੁਹੱਲੇ ਦੋ-ਚਾਰ ਜਨਾਨੀਆਂ ਜੁੜੀਆਂ ਬੈਠੀਆਂ ਹੁੰਦੀਆਂ ਤਾਂ ਘੁਸਰ-ਮੁਸਰ ਕਰਦੀਆਂ, ਟਿੱਚ-ਟਿੱਚ ਕਰਦੀਆਂ, "ਓ ਹੋ" ਕਹਿੰਦੀਆਂ " ਵਿਚਾਰੀ ਦਾ ਤਲਾਕ ਹੋ ਗਿਆ। ਘਰ ਆਲੇ ਨੇ ਕਿਸੇ ਕੈਨੇਡਾ ਆਲੀ ਨਾਲ ਵਿਆਹ ਕਰਵਾ ਲਿਆ।"

ਮੇਰਾ ਦਿਲ ਕਾਹਲਾ ਪੈਣ ਲਗਦਾ। ਲੋਕਾਂ ਦੇ ਸੂਲਾਂ ਵਰਗੇ ਬੋਲ ਮੈਥੋਂ ਸਹਿ ਨਾ ਹੁੰਦੇ। ਮੈਂ ਤਾਂ ਜਿਵੇਂ ਘਰੋਂ ਬਾਹਰ ਨਿਕਲਣਾ ਹੀ ਬਦ ਕਰ ਲਿਆ। ਹੁਣ ਤਾਂ ਦੋ ਸਾਲ ਤੋਂ ਰੌਬਿਨ ਵੀ ਸਕੂਲ ਜਾਣ ਲੱਗ ਪਿਆ। ਮੈਂ ਵੀ ਟਾਈਮ ਪਾਸ ਕਰਨ ਲਈ ਨਹੀਂ ਸਗੋ ਰੌਬਿਨ ਦੀਆਂ ਜ਼ਰੂਰਤਾਂ ਤੇ ਪੜ੍ਹਾਈ ਦੇ ਖਰਚੇ ਨੂੰ ਮੱਦੇ-ਨਜ਼ਰ ਰੱਖਦੇ ਹੋਏ ਇੱਕ ਪਰਾਈਵੇਟ ਸਕੂਲ ਵਿੱਚ ਕੰਪਿਊਟਰ ਟੀਚਰ ਦੀ ਜਾਬ ਕਰ ਲਈ। ਇਸ ਨਾਲ ਮੈਨੂੰ ਵਾਧੂ ਦੀਆਂ ਟੈਨਸ਼ਨਾਂ ਤੋਂ ਵੀ ਨਿਜ਼ਾਤ ਮਿਲ ਜਾਂਦੀ ਤੇ ਦਿਨ ਲੰਘਦੇ ਦਾ ਪਤਾ ਵੀ ਨਾ ਲਗਦਾ।

ਟ.. ਰ..ਨ..ਟਰ..ਨ ... ਅੱਧ ਸੁੱਤੇ ਜਿਹੇ ਅੱਖਾਂ ਖੋ੍ਹਲਦੀ ਹਾਂ। ਅਲਾਰਮ ਲਗਾਤਾਰ ਵੱਜ ਰਿਹਾ। ਮੈਂ ਬੁੜਕ ਕੇ ਉੱਠਦੀ ਹਾਂ ਸਾਹਮਣੇ ਕਲਾੱਕ ਵੱਲ ਵੇਖਦੀ ਹਾਂ ਸੱਤ ਵੱਜ ਗਏ। ਅੱਠ ਵਜੇ ਤੱਕ ਤਾਂ ਮੈਂ ਤੇ ਰੌਬਿਨ ਦੋਹਾਂ ਨੇ ਸਕੂਲ ਪਹੁੰਚਣਾ ਓ ਮਾਈ ਗਾਡ ਜਾਗ ਹੀ ਨਹੀਂ ਆਈ। ਅਲਾਰਮ ਪਤਾ ਨਹੀਂ ਐਨੀ ਦੇਰ ਦਾ ਸੁਣਿਆਂ ਹੀ ਨਹੀਂ। ਰੌਬਿਨ ਨੂੰ ਉਠਾਉਂਦੀ ਹਾਂ।

ਸ਼ਾਇਦ ਮੈਂ ਤਾਂ ਸੁੱਤੀ ਹੀ ਕਿਤੇ ਤੜਕਸਾਰ ਹਾਂ ਸਾਰੀ ਰਾਤ ਪਤਾ ਨਹੀਂ ਕੀ ਕੀ ਅਤੀਤ ਦੇ ਪੰਨੇ

ਫਰੋਲਣ ਬਹਿ ਗਈ। ਮੇਰੀਆਂ ਅੱਖਾਂ ਅੱਗੇ ਮੁਸਕਰਾਉਂਦਾ ਹੋਇਆ ਚਿਹਰਾ ਆ ਖਲੋਤਾ ਤੇ ਮੇਰਿਆਂ ਬੁੱਲਾਂ 'ਤੇ ਮੁਸਕਰਾਹਟ ਬਣ ਕੇ ਫੈਲ ਗਿਆ। ਜਿੰਨੇ ਪਿਆਰੇ ਆਪ, ਓਨਾਂ ਹੀ ਪਿਆਰਾ ਨਾਮ ਡਾ. ਬਲਰਾਜ। ਡਾ. ਬਲਰਾਜ ਮੇਰਾ ਤਨ ਮਨ ਕਿਸੇ ਤਾਜ਼ਗੀ ਅਤੇ ਅਸੀਮ ਸ਼ਕਤੀ ਨਾਲ ਭਰ ਗਿਆ। ਸੱਚੀਂ ! ਜਿਹੜਾ ਇਸ ਪਿਆਰ ਦੀ ਭੁੱਖ 'ਚ ਤੜਪਿਆ ਹੋਵੇ ਉਹੀ ਇਸ ਦੀ ਕਦਰ ਤੇ ਅਹਿਮੀਅਤ ਸਮਝ ਸਕਦਾ। ਜਿਵੇਂ ਭੁੱਖੇ ਢਿੱਡ ਅੱਗੇ ਕੱਚੀ-ਪਿੱਲੀ ਰੋਟੀ ਵੀ ਬਹੁਤ ਸੁਆਦ ਲਗਦੀ ਹੈ। ਔਰਤ ਉਹ ਨਦੀ ਹੈ ਜੋ ਸਮੁੰਦਰ 'ਚ ਮਿਲ ਕੇ ਹੀ ਸੰਪੂਰਨ ਹੁੰਦੀ ਹੈ ਨਹੀਂ ਤਾਂ ਜ਼ਿੰਦਗੀ ਭਰ ਭਟਕਦੀ ਹੈ।

ਸ਼ਾਮ ਦਾ ਘੁਸਮੁਸਾ ਫੈਲ ਰਿਹਾ, ਠੰਡ ਦਾ ਹੌਲੀ-ਹੌਲੀ ਜ਼ੋਰ ਪੈ ਰਿਹਾ। ਮੈਂ ਬਾਹਰ ਵਿਹੜੇ ਵਿੱਚ ਬਣੇ ਲਾਅਨ ਵਿੱਚ ਕੁਰਸੀ ਦੀ ਢੋਅ ਲਾਈ ਮਦਮਸਤ ਹੋਈ ਝੂਮ ਰਹੀਂ ਹਾਂ , ਬਲਰਾਜ ਦੀ ਮੁਹੱਬਤ ਦੇ ਨਸ਼ੇ ਵਿੱਚ। ਚੈਟਿੰਗ ਹੋ ਰਹੀ ਹੈ ਬਲਰਾਜ ਨਾਲ ਤਕਰੀਬਨ ਅੱਧੇ ਘੰਟੇ ਤੋਂ।

ਕੰਮ ਕਰਦੀ ਨੌਕਰਾਣੀ ਮੇਰਾ ਧਿਆਨ ਤੋੜਦੀ ਹੈ, "ਬੀਬੀ ਜੀ ਬੀਬੀ ਜੀ ਆਪ ਕੇ ਪਾਉਂ ਸੇ ਖ਼ੂਨ ਨਿਕਲ ਰਹਾ ਹੈ, ਆਪ ਕੋ ਕਿਤਨੇ ਕਾਂਟੇ ਲਗ ਰਹੇ ਹੈਂ ਚੁਭਨ ਨਹੀਂ ਹੋ ਰਿਹਾ?"

"ਕਿਆ ਹੂਆ ਸੀਮਾ।"

ਮੈਂ ਵੇਖਦੀ ਹਾਂ ਥੋਹਰ ਦੇ ਬੂਟੇ ਤੇ ਮੈਂ ਪੈਰ ਪਤਾ ਨਹੀਂ ਕਦੋਂ ਦੀ ਰਗੜ ਰਹੀ ਹਾਂ। ਆਪਣੇ ਆਪ ਤੇ ਹੀ ਹਾਸਾ ਆ ਜਾਂਦਾ ਕਿ ਖ਼ੂਨ ਵਹਿੰਦੇ ਦਾ ਵੀ ਨਹੀਂ ਪਤਾ ਲੱਗਿਆ। ਵਾਹ... ਕਿਹੋ ਜਿਹਾ ਹੈ ਇਹ ਮੁਹੱਬਤ ਦਾ ਨਸ਼ਾ ਵੀ ਸਭ ਨਸ਼ਿਆ 'ਤੇ ਭਾਰੂ। ਬਲਰਾਜ ਦੀਆਂ ਅੱਖਾਂ ਦਾ ਸੇਕ ਹੀ ਅਜਿਹਾ ਕਿ ਮੇਰਾ ਵਜੂਦ ਉਸਦੇ ਕਦਮਾਂ 'ਚ ਪਿਘਲ ਗਿਆ। ਸੀਮਾਂ ਉਸ ਗਮਲੇ ਨੂੰ ਫੜ੍ਹ ਕੇ ਪਰਾਂ ਕਰਦੀ ਆਖਦੀ ਹੈ, "ਬੀਬੀ ਜੀ, ਆਪ ਉਸ ਦਿਨ ਮਾਲੀ ਕੋ ਸਹੀ ਬੋਲਾ ਥਾ ਕਿ ਯੇਹ ਕਾਟੋਂ ਵਾਲੇ ਪੌਦੇ ਘਰ ਮੇਂ ਨਹੀਂ ਲਗਾਤੇ... ਉਸ ਨੇ ਏਕ ਨਾ ਸੁਨੀ ਔਰ ਬੋਲਾ ਥਾਂ ਆਜਕਲ ਲੋਗ ਕੋਠੀਓਂ ਮੇਂ ਭੀ ਇਸੇ ਬਹੁਤ ਲਗਾਤੇ ਹੈ, "ਡੈਕੋਰੇਟ ਕੇ ਲੀਏ ਬਹੁਤ ਪਸੰਦ ਕਰਤੇ ਹੈ। ਲਾਉ ਮੈਂ ਇਸੇ ਉਠਾ ਕਰ ਸਾਈਡ ਮੇਂ ਰਖ ਦੂੰ ਫਿਰ ਮਾਲੀ ਕੋ ਬੋਲਨਾ ਇਸੇ ਉਠਾ ਕਰ ਲੇ ਜਾਏ।"

ਮੈਂ ਹੱਸਦੀ ਹੋਈ ਨੇ ਸੀਮਾ ਨੂੰ ਰੋਕਿਆ, "ਨਹੀਂ ਨਹੀਂ ਸੀਮਾ ਹਲਕੇ ਸੇ ਤੋਂ ਕਾਟੇਂ ਹੈ, ਤੋ ਕਿਆ ਹੂਆ ਦੇਖੋ ਕਿਤਨਾ ਸੁੰਦਰ ਹੈ। ਇਤਨੇ ਕੁ ਜ਼ਖ਼ਮ ਕਾ ਕਿਆ ਹੈ।"

ਸੀਮਾ ਪਤਾ ਨਹੀਂ ਕਿਉਂ ਖੜ੍ਹੀ-ਖੜ੍ਹੀ ਹੀ ਜਿਵੇਂ ਮੇਰੇ ਚਿਹਰੇ ਦੇ ਹਾਵ-ਭਾਵ ਪੜ੍ਹਨ ਲੱਗੀ ਤੇ ਫਿਰ ਉਹ ਵੀ ਮੁਸਕਰਾਈ। ਬਲਰਾਜ ਅਕਸਰ ਹੁਣ ਰਾਤ ਦਾ ਖਾਣਾ ਮੇਰੇ ਕੋਲ ਹੀ ਖਾਂਦਾ। ਮੈਂ ਵੀ ਕਿੰਨੇ ਸ਼ੌਕ ਨਾਲ ਬਦਲ ਬਦਲ ਕੇ ਉਹਦੇ ਲਈ ਖਾਣਾ ਬਣਾਉਂਦੀ। ਉਸ ਦੀ ਹਰ ਪਸੰਦ ਤੇ ਨਾ ਪਸੰਦ ਤੋਂ ਹੁਣ ਮੈਂ ਭਲੀ ਭਾਂਤ ਜਾਣੂ ਸੀ। ਜਿੰਨੀ ਖੁਸ਼ੀ ਤੇ ਰੀਝ ਨਾਲ ਮੈਂ ਖਾਣਾ ਬਣਾਉਂਦੀ, ਬਲਰਾਜ ਉਸ ਤੋਂ ਵੀ ਖੁਸ਼ ਹੁੰਦਾ ਤੇ ਤਰੀਫ਼ਾਂ ਕਰਦਾ ਨਾ ਥੱਕਦਾ। ਪਹਿਲੋਂ ਤਾਂ ਮੈਂ ਸੀਮਾ ਨੂੰ ਕਹਿ ਕੇ ਕੋਈ ਦਾਲ ਸਬਜ਼ੀ ਬਣਵਾ ਲੈਂਦੀ। ਪਰ ਹੁਣ ਇਹ ਸਭ ਮੈਂ ਆਪਣੇ ਹੱਥੀਂ ਬਣਾਉਂਦੀ ਤਾਂ ਸੀਮਾ ਜਿਵੇਂ ਮੌਕੇ ਦੀ ਤਾੜ ਵੇਖ ਕੇ ਕੁਮਿੰਟ ਕਰਦੀ, " ਕਿਆ ਬਾਤ ਹੈ ਬੀਬੀ ਜੀ ਆਜ-ਕੱਲ ਬੜੇ ਟੇਸਟੀ ਟੇਸਟੀ ਖਾਨੇ ਬਨਾਨੇ ਲਗੇ ਹੋ ਤੇ ਹਮੇਸ਼ਾ ਹੀ ਹੈਪੀ-ਹੈਪੀ ਕਿਆ ਬਾਤ ਹੈ ਰੇ? ਕੋਈ ਤੋ ਬਾਤ ਹੈ, ਕਹੀਂ ਯੇ ਮੁਹੱਬਤ ਤੋਂ ਨਹੀਂ?"

"ਚੱਲ ਪਗਲੀ ਕਹੀਂ ਕੀ।" ਆਖ ਕੇ ਉਸ ਤੋਂ ਖਹਿੜਾ ਛੁਡਾਉਂਦੀ ਹਾਂ। ਬਲਰਾਜ ਹਮੇਸ਼ਾ ਉਸਦੀ ਗੈਰ-ਹਾਜ਼ਰੀ ਵਿੱਚ ਹੀ ਆਉਂਦਾ। ਮੈਂ ਵੀ ਉਸਦੇ ਆਉਣ ਤੋਂ ਪਹਿਲਾਂ ਹੀ ਸੀਮਾ ਨੂੰ ਭੇਜ ਦਿੰਦੀ। ਕਹਿੰਦੇ ਨੇ ਕੰਧਾਂ ਦੇ ਵੀ ਕੰਨ ਹੁੰਦੇ ਨੇ।

ਰੌਬਿਨ ਤਾਂ ਮੇਰੇ ਤੋਂ ਵੀ ਜ਼ਿਆਦਾ ਬਲਰਾਜ ਦਾ ਮੋਹ ਕਰਨ ਲੱਗਾ। ਗੱਡੀ ਦਾ ਹਾਰਨ ਸੁਣਦੇ ਹੀ ਭੱਜ ਕੇ ਲੱਤਾਂ ਨੂੰ ਜਾ ਚਿੰਬੜਦਾ। ਬਲਰਾਜ ਉਸਨੂੰ ਘੁੱਟ ਕੇ ਸੀਨੇ ਨਾਲ ਲਾਉਂਦਾ। ਉਸ ਦਾ ਮੂੰਹ ਚੁੰਮਦਾ

ਪੁੱਛਦਾ, "ਅੱਜ ਮੇਰਾ ਬੇਟਾ ਕੀ ਖਾਊਗਾ।" ਤੇ ਫਿਰ ਉਸ ਦੀ ਮਨਪਸੰਦ ਵਾਲੀਆਂ ਚੀਜ਼ਾਂ ਵਾਲਾ ਲਿਫਾਫਾ ਉਸ ਨੂੰ ਫੜ੍ਹਾ ਦਿੰਦਾ। ਰੌਬਿਨ ਖੁਸ਼ੀ 'ਚ ਟਪੂਸੀਆਂ ਮਾਰਦਾ ਫਿਰਦਾ। ਮੇਰੀਆਂ ਅੱਖਾਂ 'ਚ ਕਈ ਵਾਰ ਅੱਥਰੂ ਆ ਜਾਂਦੇ। ਬਲਰਾਜ ਮੇਰਾ ਚਿਹਰਾ ਆਪਣੇ ਦੋਹਾਂ ਹੱਥਾਂ 'ਚ ਲੈ ਲੈਂਦਾ ਤੇ ਕਹਿੰਦਾ, "ਪੂਨਮ ਮੈਂ ਕਦੇ ਇਹਨਾਂ ਅੱਖਾਂ 'ਚ ਅੱਥਰੂ ਨੀ ਦੇਖ ਸਕਦਾ। ਜਿੰਨਾ ਰੋਣਾ ਸੀ ਰੋ ਲਿਆ। ਹੁਣ ਮੈਂ ਤੈਨੂੰ ਹਮੇਸ਼ਾ ਹਸਦੀ ਵੇਖਣਾ ਚਾਹੁੰਨਾ ਹਾਂ।"

"ਨਹੀਂ ਬਲਰਾਜ ਇਹ ਤਾਂ ਖੁਸ਼ੀ ਦੇ ਅੱਥਰੂ ਨੇ, ਸੱਚੀਂ ਬਲਰਾਜ ਹੁਣ ਤਾਂ ਤੂੰ ਇਸ ਪਿੰਜਰ ਵਿੱਚ ਰੂਹ ਪਾ ਦਿੱਤੀ ਹੈ ਮਰ ਚੁੱਕੇ ਅਰਮਾਨਾਂ ਨੂੰ ਫਿਰ ਜੀਵਿਤ ਕਰ ਦਿੱਤਾ ਏ। ਮੈਂ ਤਾਂ ਇੱਕ ਜ਼ਿੰਦਾ ਲਾਸ਼ ਸੀ ਮਰੀਆਂ ਹੋਈਆਂ ਭਾਵਨਾਵਾਂ ਦਾ ਰੁਦਨ ਕਰਨ ਵਾਲੀ।"

"ਮੈਂ ਵੀ ਪੂਨਮ ਇਹਨਾਂ ਹਾਲਾਤਾਂ ਚੋਂ ਹੀ ਗੁਜ਼ਰਿਆਂ ਹਾਂ, ਮੇਰੀ ਜਾਨ, ਮੈਂ ਸਮਝ ਸਕਦਾ ਹਾਂ ਤੇਰੀ ਫੀਲਿੰਗ।" ਫਿਰ ਅਸੀਂ ਦੋ ਜਿਸਮ ਇੱਕ ਜਾਨ ਬਣ ਸਾਰੇ ਜ਼ਮਾਨੇ ਦੇ ਦੁੱਖ ਦਰਦ, ਗਿਲੇ ਸ਼ਿਕਵੇ ਭੁੱਲ ਜਾਂਦੇ। ਪੰਜੀ-ਚੁੰਹੀ ਦਿਨੀਂ ਬਲਰਾਜ ਰਾਤ ਨੂੰ ਵੀ ਮੇਰੇ ਕੋਲ ਹੀ ਰਹਿੰਦਾ। ਸੁਭਾ ਨਹਾ-ਧੋ ਨਾਸ਼ਤਾ ਕਰ ਏਥੋਂ ਹੀ ਸਿੱਧੇ ਕਲੀਨਿਕ ਚਲਾ ਜਾਂਦਾ। ਉਨਾਂ ਦਾ ਲੋੜੀਂਦਾ ਸਮਾਨ ਤੇ ਕੱਪੜੇ ਵੀ ਮੈਂ ਬੜੇ ਸ਼ੌਕ ਤੇ ਚਾਅ ਨਾਲ ਆਪਣੇ ਕੋਲ ਖ੍ਰੀਦ-ਖ੍ਰੀਦ ਕੇ ਰੱਖ ਲੈਂਦੀ। ਮੇਰੀ ਖਰੀਦ ਤੇ ਪਸੰਦ ਦੀ ਬਲਰਾਜ ਦਾਦ ਦਿੰਦਾ।

"ਤੇਰੀ ਚੁਆਇਸ ਪੂਨਮ ਤੇਰੀ ਖੂਬਸੂਰਤੀ ਵਾਂਗ ਕਮਾਲ ਦੀ ਹੈ।" ਫਿਰ ਆਪ ਹੀ ਹੱਸਦਾ ਹੋਇਆ ਆਪਣੀ ਸ਼ਰਟ ਦਾ ਕਾਲਰ ਫੜ੍ਹ ਕੇ ਆਪਣੀ ਵੀ ਤਾਰੀਫ ਕਰਦਾ, "ਆਹ ਜੱਟ ਦੀ ਚੋਣ ਕਰਨ 'ਚ ਚੁਆਇੰਸ 'ਚ ਵੀ ਤੇਰੀ ਸਿਰੇ ਦੀ ਆ... ਹੈਂ ਨਾ?"

"ਜੀ!" ਆਖ ਕੇ ਮੈਂ ਉਸਨੂੰ ਘੁੱਟ ਕੇ ਜੱਫੀ ਪਾ ਲੈਂਦੀ। ਫਿਰ ਥੋੜਾ ਗੰਭੀਰ ਜਿਹੇ ਹੁੰਦੀ ਮੈਂ ਆਖਦੀ, " ਬਲਰਾਜ ਬੱਸ ਇੱਕ ਤੌਖਲਾ ਮੈਨੂੰ ਖਾਂਦਾ ਰਹਿੰਦਾ, ਕਿਤੇ ਸਾਡੇ ਪਿਆਰ ਨੂੰ ਨਜ਼ਰ ਨਾ ਲੱਗ ਜਾਏ।"

"ਝੱਲੀ ਨਾ ਹੋਵੇ ਤਾਂ! ਐਵੇਂ ਨੈਗਟਿਵ ਸੋਚ ਨਾ ਰੱਖਿਆ ਕਰ , ਕੋਈ ਦੁਨੀਆਂ ਦੀ ਹਸਤੀ ਨਹੀਂ ਜੋ ਸਾਨੂੰ ਦੂਰ ਕਰ ਸਕੇ ਸਾਡੀ ਮੁਹੱਬਤ ਏਦਾਂ ਹੀ ਜ਼ਿੰਦਾਬਾਦ ਰਹੂ।"

ਉਸਦੇ ਥੰਮਾਂ ਵਰਗੇ ਬਾਹਾਂ ਦੇ ਆਸਰੇ 'ਚ ਮੈਂ ਹਰ ਅਚਨਚੇਤੀ ਉਠਦੇ ਸੁਆਲਾਂ ਦਾ ਜੁਆਬ ਜਾਣੇ ਬਿਨਾ ਹੀ ਨਿਸਚਿੰਤ ਹੋ ਜਾਂਦੀ।

ਕਈ ਵਾਰ ਉਹ ਆਪਣੇ ਪਰਿਵਾਰ ਕੋਲ ਆਪਣੇ ਪਿੰਡ ਜਾਂਦਾ, ਉਹ ਸਮਾਂ ਮੇਰੇ ਲਈ ਬੜਾ ਬੇਚੈਨੀ ਤੇ ਉਦਾਸੀ ਵਾਲਾ ਹੁੰਦਾ। ਇੱਕ-ਇੱਕ ਦਿਨ ਉਸ ਤੋਂ ਬਿਨਾਂ ਵਰ੍ਹਿਆਂ ਵਾਂਗ ਗੁਜਰਦਾ।

ਮੈਂ ਬਲਰਾਜ ਤੋਂ ਕੋਈ ਵੀ ਆਪਣੀ ਜ਼ਿੰਦਗੀ ਦਾ ਭੇਤ ਨਹੀਂ ਸੀ ਲੁਕਾਇਆ। ਉਹ ਵੀ ਆਪਣੇ ਘਰ ਪਰਿਵਾਰ ਦੀ ਹਰ ਗੱਲ ਮੇਰੇ ਨਾਲ ਹੀ ਸਾਂਝੀ ਕਰਦਾ। ਉਹ ਆਰਥਿਕ ਪੱਖੋਂ ਥੋੜ੍ਹਾ ਡਾਊਨ ਜਾ ਰਿਹਾ ਕਰਕੇ ਜ਼ਿਆਦਾ ਪਰੇਸ਼ਾਨ ਰਹਿੰਦਾ। ਮੈਂ ਹਰ ਤਰ੍ਹਾਂ ਦੀ ਕੋਸ਼ਿਸ਼ ਕਰਕੇ ਉਸਦੀ ਹੈਲਪ ਕਰਦੀ।

ਬਲਰਾਜ ਆਪਣੇ ਦੁੱਖੜੇ ਰੋਂਦਾਂ ਅਕਸਰ ਦੱਸਦਾ ਕਿ ਉਸਦੀ ਪਤਨੀ ਦੇ ਬੇਲੋੜੇ ਖਰਚੇ ਅਤੇ ਕਲੇਸ਼ ਨੇ ਉਸਦੀ ਜ਼ਿੰਦਗੀ ਨਰਕ ਬਣਾ ਦਿੱਤੀ ਹੈ। ਹੁਣ ਉਸਦੀ ਡਾਈਵੋਰਸ ਦੀ ਆਖਰੀ ਡੇਟ ਹੋਵੇਗੀ ਜਦ ਉਹ ਸਾਈਨ ਕਰਕੇ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਮੇਰੇ ਨਾਲ ਕਰੇਗਾ। ਸਾਡੇ ਇਸ ਪਿਆਰ ਭਰੇ ਰਿਸ਼ਤੇ ਤੇ ਸਮਾਜ ਦੀ ਸਟੈਂਪ ਵੀ ਲੱਗ ਜਾਵੇਗੀ।

ਪਰ ਪਰ ਜੇ ਅਜਿਹਾ ਨਾ ਹੋਇਆ, ਰੱਬ ਨਾ ਕਰੇ ਕੋਈ ਹੋਰ ਅਣਹੋਣੀ, ਜੇ ਕੋਈ ਡਰ ਮੈਨੂੰ ਅੰਦਰੋਂ ਟੁੰਬਦਾ ਮੇਰੇ ਤੇ ਕਈ ਵਾਰ ਹਾਵੀ ਹੋ ਜਾਂਦਾ। ਪਰ ਮੈਂ ਅਜਿਹੇ ਅੰਦੇਸ਼ਿਆ ਤੇ ਪੋਚਾ ਮਾਰ ਦਿੰਦੀ ਕਿ ਐਵੇਂ ਹੀ ਮੈਨੂੰ ਤਾਂ ਵਹਿਮ ਭਰਮ ਜਿਹੇ ਖਾਂਦੇ ਰਹਿੰਦੇ ਨੇ। ਸੌ ਵਾਰੀ ਬਲਰਾਜ ਨੇ ਸਮਝਾਇਆ, "ਵਿਸ਼ਵਾਸ ਮੁਹੱਬਤ ਦੀ ਪੌੜੀ ਦਾ ਪਹਿਲਾ ਸਟੈੱਪ ਹੈ। ਐਵੇਂ ਨੀ ਨੈਗਟਿਵ ਸੋਚ ਰੱਖੀਦੀ।"

ਬਲਰਾਜ ਦੇ ਪਿਆਰ ਦੀ ਮੈਨੂੰ ਸਖਤ ਜ਼ਰੂਰਤ ਸੀ ਕੁਝ ਵੀ ਹੋਵੇ। ਮੈਂ ਤਾਂ ਅਸਲੋਂ ਹੀ ਕਮਜ਼ੋਰ ਹੋਈ ਪਈ ਸੀ। ਮੈਨੂੰ ਪਤਾ ਜੇ ਉਸਦਾ ਪਿਆਰ ਵੀ ਮੈਨੂੰ ਨਸੀਬ ਨਾ ਹੁੰਦਾ ਤਾਂ ਮੈਂ ਤਾਂ ਮਾੜੀ ਜਿਹੀ ਸੱਟ ਨਾਲ ਰੇਤ ਦੀ ਕੰਧ ਵਾਂਗ ਬਿਖਰ ਜਾਣਾ ਸੀ। ਬਲਰਾਜ ਦੇ ਸਾਥ ਨਾਲ ਹੀ ਮੈਂ ਜਿਉਣ-ਜੋਗੀ ਹੋਈ ਆਂ। ਅੱਜ ਪੂਰਾ ਹਫਤਾ ਹੋ ਗਿਆ ਹੈ ਬਲਰਾਜ ਦੀ ਨਾ ਕਾਲ ਨਾ ਮੈਸਿਜ। ਪਤਾ ਨਹੀਂ ਕੀ ਉੱਚ ਪੈੜਾ ਜਿਹਾ ਲੱਗਾ ਪਿਆ ਮੈਨੂੰ ਕਿਤੇ ਟੇਕ ਹੀ ਨਹੀਂ ਆਉਂਦੀ। ਕੁਝ ਵੀ ਚੰਗਾ ਨਹੀਂ ਲਗਦਾ, ਘਰ ਵੀ ਵੱਢ ਖਾਣ ਨੂੰ ਆਉਂਦਾ। ਕੀ ਗੱਲ ਹੋਵੇਗੀ?

ਰੌਬਿਨ ਬੁਲਾਉਂਦਾ ਹੈ ਤਾਂ ਖਿਝ ਕੇ ਪੈਂਦੀ ਹਾਂ। ਸੀਮਾਂ ਮੇਰੇ ਕੋਲੋਂ ਫੜ੍ਹ ਰੌਬਿਨ ਨੂੰ ਪਾਸੇ ਲਿਜਾ ਖਿਡਾਉਣ ਲੱਗ ਪੈਂਦੀ ਹੈ। ਮੈਥੋਂ ਆਨੇ-ਬਹਾਨੇ ਪੁੱਛਦੀ ਵੀ ਹੈ, "ਕਿਆ ਬਾਤ ਹੈ ਬੀਬੀ ਜੀ ਆਪ ਪਰੇਸ਼ਾਨ ਸੇ ਰਹਤੇ ਹੋ ਮਨ ਕੀ ਬਾਤ ਕਰਨੇ ਸੇਮ ਮਨ ਹਲਕਾ ਹੋ ਜਾਤਾ।" ਨਹੀਂ ਨਹੀਂ ਸੀਮਾਂ ਐਸੀ ਤੋਂ ਕੋਈ ਬਾਤ ਹੀ ਨਹੀਂ। ਥੋੜੀ ਸੀ ਤਬੀਅਤ ਹੀ ਠੀਕ ਨਹੀਂ।

ਕਹਿ ਕੇ ਉਸ ਨੂੰ ਟਾਲ ਦਿੰਦੀ ਹਾਂ।

ਪਰ ਮੇਰੇ ਮਨ ਦੀ ਹਾਲਤ ਮੇਰੇ ਚਿਹਰੇ ਤੋਂ ਸਾਫ਼ ਨਜ਼ਰ ਆਉਂਦੀ ਹੈ। ਜਿਸਨੂੰ ਛੁਪਾਉਣਾ ਹੁਣ ਨਾ ਮੁਮਕਿਨ ਹੈ। ਰੌਬਿਨ ਤੇ ਸੀਮਾ ਦੋਵੇਂ ਪਾਰਕ ਵਿੱਚ ਖੇਡ ਰਹੇ ਹਨ। ਮੈਂ ਸੀਮਾ ਨੂੰ ਗੇਟ ਬੰਦ ਕਰ ਲੈਣ ਦਾ ਇਸ਼ਾਰਾ ਕਰਕੇ ਆਪਣੀ ਸਕੂਟੀ ਸਟਾਰਟ ਕਰ ਬਾਹਰ ਵੱਲ ਨਿਕਲ ਜਾਂਦੀ ਹਾਂ।

ਸ਼ਾਮ ਦੇ ਪੰਜ ਵੱਜ ਰਹੇ ਹਨ। ਸ਼ਾਇਦ। ਹਫਤੇ ਭਰ ਤੋਂ ਹੀ ਕਲੀਨਿਕ ਬੰਦ ਰਹੀ ਹੋਵੇਗੀ? ਉਹਨਾਂ ਦੀ ਸਿਹਤ ਠੀਕ ਨਾ ਹੋਵੇ ਜਾਂ ਐਸੀ ਕੀ ਪ੍ਰਬਾਲਮ ਆ ਪਈ ਸੁੱਖ ਹੋਵੇ ਫੋਨ ਵੀ ਬੰਦ ਕੀ ਗੱਲ ਹੋਈ ਹੋਵੇਗੀ?

ਅਜੇ ਨੇੜੇ ਹੀ ਗਈ ਸੀ ਕਲੀਨਿਕ ਦੇ ਕਿ ਅਚਾਨਕ ਸਾਹਮਣੇ ਕਾਰ 'ਚ ਬਲਰਾਜ ਨੂੰ ਵੇਖ ਮੇਰੇ ਸਾਹਾਂ 'ਚ ਸਾਹ ਪੈ ਗਏ। ਸ਼ੁਕਰ ਆ ਰੱਬ ਦਾ।

ਮੇਰੇ ਕੋਲ ਲਿਆ ਕਾਰ ਰੋਕੀ ਉਸਨੇ ਤੇ ਹੈਰਾਨ ਹੁੰਦੇ ਪੁੱਛਿਆ "ਪੂਨਮ ਤੂੰ ਐਸ ਟਾਇਮ ਕਿੱਥੇ? ਮੈਂ ਤਾਂ ਤੇਰੇ ਵੱਲ ਆ ਰਿਹਾ ਸੀ।"

"ਹਾਂ ਜੀ ਮੈਂ ਵੀ ਥੋਡੇ ਵੱਲ ਹੀ ਆਈ ਸੀ।"

ਉਹ ਖਿਝਿਆ, "ਤੈਨੂੰ ਕਿੰਨੀ ਵਾਰ ਸਮਝਾਇਆ ਵਿਸ਼ਵਾਸ ਤੇ ਧੀਰਜ ਰੱਖਿਆ ਕਰ ਯਾਰ ਇਉਂ ਕਲੀਨਿਕ ਨਾ ਆਇਆ ਕਰ।"

ਮੇਰੀਆਂ ਅੱਖਾਂ 'ਚ ਹੰਝੂ ਆਪ-ਮੁਹਾਰੇ ਵਹਿ ਤੁਰੇ, "ਥੋਡਾ ਫੋਨ ਵੀ ਸਵਿੱਚ ਆਫ ਸੀ।"

"ਝੱਲੀ ਨਾ ਹੋਵੇ ਤਾਂ ਤੈਨੂੰ ਦੱਸ ਕੇ ਤਾਂ ਗਿਆ ਸੀ ਕਿ ਪਿੰਡ ਕੁਝ ਜ਼ਰੂਰੀ ਕੰਮ ਨੇ ਤੇ ਬਾਬਾ ਫੋਨ ਮੇਰਾ ਖਰਾਬ ਸੀ ਅਜੇ ਬਣਿਆ ਹੀ ਨਹੀਂ, ਅੱਜ ਹੀ ਆਇਆ ਹਾਂ ਤੇ ਅੱਜ ਤੇਰੇ ਕੋਲ ਆ ਗਿਆ।"

ਬਲਰਾਜ ਹੱਥ ਨਾਲ ਮੇਰੀ ਗੱਲ੍ਹ ਥਪ-ਥਪਾਉਦਾ, ਮੈਨੂੰ ਦਿਲਾਸਾ ਦੇਣ ਲੱਗਾ।

ਘਰ ਪਹੁੰਚ ਜਦ ਮੈਂ ਕਾਰ ਅੰਦਰ ਲਿਆਉਣ ਲਈ ਗੇਟ ਖੋਲ ਕੇ ਖੜੀ ਸੀਮਾ ਦੇਖੀ ਤਾਂ, ਇੱਕ ਪਲ ਵਿੱਚ ਹੀ ਸੀਮਾ ਦੀ ਮੁਸਕਰਾਹਟ ਨੇ ਤੇ ਮੇਰੀਆਂ ਨੀਵੀਆਂ ਅੱਖਾਂ 'ਚੋਂ ਜਿਵੇਂ ਸਾਰੀ ਦਾਸਤਾਨ ਪੜ੍ਹ ਲਈ।

"ਸੀਮਾਂ ਅਬ ਤੁਮ ਜਾਓ, ਮੈਂ ਰੌਬਿਨ ਕੋ ਦੇਖ ਲੂੰਗੀ।"

"ਠੀਕ ਹੈ ਬੀਬੀ ਜੀ।" ਉਹ ਖਚਰੀ ਜਿਹੀ ਹਾਸੀ ਹਸਦੀ ਗੇਟੋਂ ਬਾਹਰ ਹੋ ਗਈ ਤੇ ਮੈਂ ਗੇਟ ਬੰਦ ਕਰ ਆਈ।

ਰੌਬਿਨ ਭੱਜ ਕੇ ਬਲਰਾਜ ਦੇ ਗਲੇ ਨੂੰ ਚਿੰਬੜ ਗਿਆ। ਦੋਵੇਂ ਜਿਵੇਂ ਮਸਾਂ ਹੀ ਇੱਕ ਦੂਜੇ ਨੂੰ ਮਿਲੇ ਹੋਣ।

ਫਿਰ ਹੌਂਕੀ ਹੌਂਕੀ ਬਲਰਾਜ ਨੇ ਦੱਸਣਾ ਸ਼ੁਰੂ ਕੀਤਾ ਕਿ "ਮੈਂ ਬਹੁਤ ਵੱਡੀ ਪਰਾਬਲਮ 'ਚ ਫਸ ਗਿਆ ਇਸ ਕਰਕੇ ਹੀ ਏਨੇ ਦਿਨ ਤੋਂ ਮੇਰਾ ਫੋਨ ਵੀ ਬੰਦ ਸੀ। ਮੇਰੀ ਵਾਈਫ ਡਾਈਵੋਰਸ ਪੇਪਰਾਂ ਤੇ ਸਾਈਨ ਕਰਨ

ਦੀ ਰਕਮ ਦਸ ਲੱਖ ਰੁਪੈ ਮੰਗ ਰਹੀ ਹੈ।ਆਨੇ-ਬਹਾਨੇ ਕਰਕੇ ਸ਼ਾਇਦ ਕੇਸ ਨੂੰ ਲਮਕਾ ਰਹੀ ਹੈ।ਪਰ ਤੈਨੂੰ ਪਤਾ ਪੂਨਮ ਮੇਰੀ ਫਾਇਨੈਸ਼ਲੀ ਸਿਚੁਏਸ਼ਨ ਕੀ ਹੈ? ਮੈਂ ਕਿਵੇਂ ਤੇ ਕਿੱਥੋਂ ਐਨੀ ਰਕਮ ਦਾ ਇੰਤਜ਼ਾਮ ਕਰਾਂ ਯਾਰ, ਮੈਂ ਤਾਂ ਅੱਗੇ ਲੋਕਾਂ ਦੇ ਲੈਣੇ ਦੇਣੇ ਕਰਕੇ ਅੱਪਸਿੱਟ ਹੋਇਆ ਰਹਿੰਨਾ ਹੁਣ ਹੋਰ।" ਉਹ ਮੱਥੇ ਤੇ ਹੱਥ ਰੱਖ ਡੂੰਘੀ ਸੋਚ 'ਚ ਨੀਵੀਂ ਪਾ ਬੈਠ ਗਿਆ।

"ਨਹੀਂ ਬਲਰਾਜ ਤੁਸੀਂ ਐਨੀ ਟੈਨਸ਼ਨ ਨਾਂ ਲਵੋ ਪਲੀਜ਼, ਆਪਾਂ ਕੋਈ , ਸਲਿਊਸ਼ਨ ਕੱਢਦੇ ਆ।"

"ਨਹੀਂ ਪੂਨਮ ਕੋਈ ਰਾਹ ਨੀਂ ਦਿਸਦਾ।"

"ਜੱਜ ਨੇ ਡੇਟ ਅੱਗੇ ਪਾ ਦਿੱਤੀ ਆ।ਪੰਦਰਾਂ ਜਨਵਰੀ, ਸ਼ਾਇਦ ਉਦੋਂ ਤੱਕ ਵੀ ਕੋਈ ਇੰਤਜਾਮ ਨੀ ਹੋਣਾ ਮੈਥੋਂ ਐਨੀ ਵੱਡੀ ਰਕਮ ਲਈ ਸਿਰਫ ਦੋ ਦਿਨ ਬਾਕੀ, ਕਿਸ ਅੱਗੇ ਹੱਥ ਫੈਲਾਵਾ ਕਿਸ ਤੋਂ ਮੰਗਾ ਮੇਰੀ ਜ਼ਮੀਰ ਮੈਨੂੰ ਨੀਂ ਦਿੰਦੀ।" ਬਲਰਾਜ ਨਿਰਾਸ਼ ਜਿਹਾ ਹੁੰਦਾ ਬੈੱਡ ਤੇ ਅੱਖਾਂ ਮੀਟ ਲੇਟ ਗਿਆ।

ਮੈਂ ਉਸਦੇ ਪੈਰਾਂ ਕੋਲ ਬੈਠੀ ਬਹੁਤ ਦੇਰ ਉਸਦੀ ਪਰੇਸ਼ਾਨੀ ਤੇ ਨਿਰਾਸ਼ਾ ਨਾ ਝੱਲਦੀ ਹੋਈ ਉਠ ਕੇ ਉਸਦੇ ਸਿਰਹਾਣੇ ਵਾਲੇ ਪਾਸੇ ਬੈਠ ਜਾਂਦੀ ਹਾਂ।ਹੌਲੀ-ਹੌਲੀ ਉਸਦੇ ਵਾਲ ਸਹਿਲਾਉਂਦੀ ਅਹਿਸਾਸ ਕਰਵਾਉਨੀ ਆ ਕਿ, "ਮੈਂ ਤੈਨੂੰ ਕਿਸੇ ਹਾਲਤ ਵਿੱਚ ਉਦਾਸ ਨਹੀਂ ਵੇਖ ਸਕਦੀ ਬਲਰਾਜ, ਨਾ ਮੈਂ ਤੇਰੀ ਜੁਦਾਈ ਝੱਲ ਸਕਦੀ ਹਾਂ, ਆਹ ਹਫ਼ਤਾ ਮੇਰੇ ਲਈ ਕਈ ਹਫ਼ਤਿਆਂ ਵਰਗਾ ਲੰਘਿਆ।ਜੋ ਕੁਝ ਵੀ ਮੇਰਾ ਹੈ ਉਹ ਤੇਰਾ ਵੀ ਹੈ ਤੇ ਮੈਂ ਸੋਚਿਆ ਜੋ ਰੌਬਿਨ ਤੇ ਮੇਰੇ ਲਈ ਜੱਸ ਨੇ ਪੈਸੇ ਦਿੱਤੇ ਸੀ ਉਹ ਮੈਂ ਕਢਵਾ ਕੇ ਥੋਨੂੰ ਦੇ ਦਿਆਂਗੀ। ਮੈਨੂੰ ਬਲਰਾਜ ਬੱਸ ਥੋਡਾ ਸਾਥ ਚਾਹੀਦਾ, ਇਹ ਪੈਸੇ ਪਏ ਮੈਨੂੰ ਕੀ ਸਕੂਨ ਦਿੰਦੇ ਤੇ ਤੁਸੀਂ ਨਬੇੜੋ ਕੰਮ ਤੇ ਆਪਾਂ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰੀਏ, ਜਲਦੀ-ਜਲਦੀ।

ਬਲਰਾਜ ਨੇ ਆਪਣਾ ਸਿਰ ਚੁੱਕ ਕੇ ਮੇਰੀ ਗੋਦੀ ਵਿੱਚ ਰੱਖ ਦਿੱਤਾ, ਮੇਰੇ ਦੋਵੇਂ ਹੱਥ ਆਪਣਿਆਂ ਹੱਥਾਂ ਵਿੱਚ ਘੁੱਟਦਿਆਂ ਬੋਲਿਆ, "ਨਹੀਂ ਨਹੀਂ ਇਹ ਤੇਰੀ ਤੇ ਰੌਬਿਨ ਦੀ ਅਮਾਨਤ ਹਨ।ਅੱਗੇ ਵੀ ਪਤਾ ਨਹੀਂ ਕਿੰਨੀ ਕੁ ਵਾਰੀ ਤੂੰ ਮੇਰੀ ਹੈਲਪ ਕੀਤੀ ਹੈ, ਮੈਂ ਤੇਰਾ ਅਹਿਸਾਨ ਕਿਵੇਂ ਚੁਕਾਵਾਂਗਾ।"

"ਅਹਿਸਾਨ ਵੀ ਚਕਾਉਂਗੇ ਜਦੋਂ ਤੁਸੀਂ ਮੇਰੇ ਪੂਰੀ ਤਰ੍ਹਾਂ ਗ਼ੁਲਾਮ ਬਣ ਜਾਓਗੇ, ਜ਼ੋਰੂ ਦਾ ਗ਼ੁਲਾਮ। ਆਪਣੇ ਤਿੰਨ ਬੱਚੇ ਹੋਣਗੇ, ਰੌਬਿਨ, ਪੱਲਵੀ ਤੇ ਇੱਕ ਹੋਰ ਸਾਡਾ ਦੋਹਾਂ ਦਾ ਬੱਚਾ।ਫਿਰ ਆਪਾਂ ਕਿੰਨੇ ਜੀਅ ਹੋਵਾਂਗੇ, ਕਿੰਨਾ ਕੰਮ-ਕਾਰ ਹੋਏਗਾ ਘਰ ਦਾ, ਤੁਸੀਂ ਸਾਰਾ ਮੇਰੇ ਨਾਲ ਕਰਵਾਇਆ ਕਰੋਂਗੇ।ਫਿਰ ਮੈਂ ਆਹ ਟੀਚਰ ਦੀ ਜਾਬ ਛੱਡ ਦਿਆਂਗੀ, ਸਾਰਾ ਧਿਆਨ ਬੱਚਿਆਂ ਤੇ ਥੋਡੇ ਤੇ ਦਿਆਗੀਂ।ਬਲਰਾਜ ਜੇ ਤੁਸੀਂ ਮੇਰੇ ਆਖੇ ਨਾ ਲੱਗੋਂਗੇ, ਮੈਂ ਅੱਕ ਕੇ ਨਿਆਣੇ ਕੁੱਟੂਗੀਂ, ਭਾਂਡੇ ਭੰਨੂਗੀਂ, ਫਿਰ ਤੁਸੀਂ ਮਨਾਇਆ ਕਰੋਂਗੇ।ਮੈਂ ਹਾਸੇ ਮਜਾਕ ਵੱਲ ਗੱਲ ਦੀ ਦਿਸ਼ਾ ਬਦਲ ਮਹੌਲ ਚੇਂਜ਼ ਕਰਨ ਦੀ ਕੋਸ਼ਿਸ਼ ਕੀਤੀ।''

ਬਲਰਾਜ ਵੀ ਰੋਮਾਂਟਿਕ ਹੋ ਗਿਆ।

"ਫਿਰ ਮੈਂ ਆਪ ਹੀ ਮੰਨ ਜਾਇਆ ਕਰੂੰ।" ਦੋਵੇਂ ਹਸਦੇ ਹਸਦੇ ਅਸੀਂ ਜਿਵੇਂ ਸਾਰੀ ਪਰੇਸ਼ਾਨੀ ਭੁੱਲ ਹੀ ਗਏ।

ਦੂਜੇ ਦਿਨ ਸੁਭਾ ਮੈਂ ਬਲਰਾਜ ਨਾਲ ਬੈਂਕ ਜਾ ਕੇ ਜਿੰਨੇ ਪੈਸੇ ਸੀ ਉਹ ਕਢਵਾ ਕੇ ਦੇ ਦਿੱਤੇ।ਉਹ ਅਗਲੀ ਦੋ ਕੁ ਦਿਨਾਂ ਦੀ ਪਈ ਡੇਟ ਤੇ ਆਪਣੀ ਪਤਨੀ ਨੂੰ ਇਹ ਪੈਸਾ ਦੇ ਕੇ ਹਮੇਸ਼ਾ ਹਮੇਸ਼ਾ ਲਈ ਮੇਰਾ ਹੋਣ ਦਾ ਵਾਅਦਾ ਕਰ ਕੇ ਪਿੰਡ ਚਲਾ ਗਿਆ।

ਪੰਦਰਾਂ ਜਨਵਰੀ ਲੰਘ ਗਈ।ਮੈਂ ਰਾਤ ਤੱਕ ਫੋਨ ਟਰਾਈ ਕਰਦੀ ਰਹੀ, ਬਲਰਾਜ ਦਾ ਫੋਨ ਸਵਿੱਚ ਆਫ ਆਉਂਦਾ ਰਿਹਾ।ਉਹ ਤਾਂ ਕਹਿੰਦਾ ਸੀ ਜਦੋਂ ਹੀ ਨਿਬੇੜਾ ਹੋ ਗਿਆ, ਸਭ ਤੋਂ ਪਹਿਲਾਂ ਕਾਲ ਤੈਨੂੰ ਹੀ ਕਰੂੰ।ਅੱਜ ਅਠਾਰਾਂ ਜਨਵਰੀ ਹੋ ਗਈ ਬਲਰਾਜ ਤਾਂ ਆਇਆ ਹੀ ਨਹੀਂ, ਨਾ ਹੀ ਕੋਈ ਕਾਲ ਕੀਤੀ। ਕੀ ਗੱਲ ਹੋਵੇਗੀ? ਕੀ ਪਰਾਬਲਮ ਆ ਗਈ?

ਅੱਜ ਮੇਰਾ ਸਕੂਲ ਜਾਣ ਨੂੰ ਜੀਅ ਨਾ ਕੀਤਾ, ਰੌਬਿਨ ਨੂੰ ਸਕੂਲ ਛੱਡ ਆ ਮੈਂ ਵਿਹੜੇ ਵਿਚਲੀ ਪਾਰਕ ਵਿੱਚ ਬੇਚੈਨ-ਪ੍ਰੇਸ਼ਾਨ ਕੁਰਸੀ ਤੇ ਸਿਰ ਸੁੱਟ ਬੈਠੀ ਹਾਂ।ਠੰਡ ਐਨੀ ਜ਼ਿਆਦਾ ਹੈ ਕਿ ਮੇਰੇ ਹੱਥ ਪੈਰ ਸੁੰਨ ਹੋਏ ਪਏ ਨੇ। ਸੂਰਜ ਵੀ ਕਈਆਂ ਦਿਨਾਂ ਦਾ ਨਹੀਂ ਨਿਕਲਿਆ। ਦਿਨ ਵੀ ਕਾਲੀ ਰਾਤ ਵਰਗਾ ਖਾਮੋਸ਼ ਨਾਗ ਬਣ ਡੱਸਣ ਲਗਦਾ ਹੈ। ਕੋਈ ਤਰਥੱਲੀ ਮੇਰੇ ਅੰਦਰ ਮੱਚ ਜਾਂਦੀ ਹੈ।ਔਰਤ ਵੀ ਕੀ ਚੀਜ਼ ਹੈ, ਹਮੇਸ਼ਾ ਕਿਸੇ ਦੀ ਹੋ ਕੇ ਰਹਿਣਾ ਚਾਹੁੰਦੀ ਹੈ।ਆਪਣੀ ਹਰ ਖੁਸ਼ੀ ਦਾ ਜਰੀਆ ਹੀ ਆਪਣੇ ਮਾਲਕ ਨੂੰ ਮੰਨਦੀ ਹੈ। ਕਿਉਂ ਜਿਸਮਾਨੀ ਤੇ ਰੂਹਾਨੀ ਤੌਰ ਤੇ ਮਰਦ ਦੀ ਗ਼ੁਲਾਮੀ 'ਚੋਂ ਖੁਸ਼ੀਆਂ ਭਾਲਦੀ ਹੈ? ਕਿਉਂ ਦੋ ਮਿੱਠੇ ਬੋਲਾਂ ਦੀ ਗ਼ੁਲਾਮ ਬਣ ਜਾਂਦੀ ਹੈ?

"ਓ ਹੋ ! ਮੈਂ ਵੀ ਕੀ ਫਾਲਤੂ ਜਿਹੀਆਂ ਗੱਲਾਂ ਸੋਚਣ ਬੈਠ ਜਾਂਦੀ ਹਾਂ, ਕਿੰਨੇ ਵਾਰ ਬਲਰਾਜ ਨੇ ਸਮਝਾਇਆ ਕਿ, "ਨੈਗਟਿਵ ਨਾ ਸੋਚਿਆ ਕਰ" ਪਰ ਮੈਨੂੰ ਪਤਾ ਜ਼ਰੂਰ ਕਰਨਾ ਚਾਹੀਦਾ ਕਲੀਨਿਕ ਜਾ ਕੇ, ਹੋ ਸਕਦਾ ਅੱਜ ਆ ਹੀ ਗਏ ਹੋਣ।ਮੈਂ ਜੱਕਾ-ਤੱਕ ਕਰਦੀ ਤੁਰਦੀ-ਤੁਰਦੀ ਰੁਕਦੀ ਹਾਂ ਪਰ ਫਿਰ ਪਤਾ ਨਹੀਂ ਕਦੋਂ ਸਕੂਟੀ ਕੱਢ ਲੈਂਦੀ ਹਾਂ। ਬਲਰਾਜ ਬੁਰਾ ਨਾ ਮਨਾ ਜਾਵੇ, ਉਹ ਕਹਿੰਦਾ ਹੁੰਦਾ ਕਿ "ਕਦੇ ਕਲੀਨਿਕ ਨਹੀਂ ਆਉਣਾ, ਐਵੇਂ ਸਾਰਾ ਸਟਾਫ ਮੂੰਹ ਆਈਆਂ ਕਰਦਾ ਫਿਰ।" ਪਰ ਮੈਂ ਚਾਹੁੰਦੇ ਹੋਏ ਵੀ ਰੁਕ ਨਾ ਸਕੀ। ਮੇਰੀ ਬੇਚੈਨੀ ਨੇ ਮੇਰੇ ਦਿਲੋਂ ਦਿਮਾਗ ਨੂੰ ਕਾਲੇ ਸਿਆਹ ਬੱਦਲਾਂ ਵਾਂਗ ਘੇਰ ਲਿਆ। ਹੱਡ ਚੀਰਵੀਂ ਠੰਡ, ਬਰਫੀਲੀ ਹਵਾ ਤੇ ਗਾੜੀ ਸਲੇਟੀ ਧੁੰਦ ਜਿਵੇਂ ਮੈਨੂੰ ਅੱਗੇ ਨਹੀਂ ਸੀ ਜਾਣ ਦੇਣਾ ਚਾਹੁੰਦੀ। ਪਰ ਮੇਰੇ ਅੰਦਰ ਵੀ ਤੂਫ਼ਾਨ ਝੁੱਲਿਆ ਹੋਇਆ ਸੀ।

"ਬਲਰਾਜ ਤੂੰ ਕਦੋਂ ਮੇਰਾ ਹੋਵੇਗਾ? ਪੂਰੇ ਦਾ ਪੂਰਾ ਮੇਰਾ।

ਕਦੋਂ ਤੇਰਾ ਨਾਮ ਮੇਰੇ ਨਾਮ ਨਾਲ ਲਿਖਿਆ ਜਾਵੇਗਾ?

ਕਦੋਂ ਮੈਂ ਸਮਾਜ ਵਿੱਚ ਆਪਣੇ ਰਿਸ਼ਤੇ ਦਾ ਫੱਟਾ ਲਾ ਕੇ ਹਿੱਕ ਤਾਣ ਕੇ ਖੜ੍ਹਨ ਜੋਗੀ ਹੋਵਾਂਗੀ?

ਮੁੱਕ ਜਾਏਗੀ ਫਿਰ ਇਹ ਲੁਕਣਮੀਚੀ ਦੀ ਖੇਡ।"

ਕਾਊਂਟਰ ਤੇ ਬੈਠੀ ਨਰਸ ਜੋਤੀ ਨੇ ਮੈਨੂੰ ਪਹਿਚਾਣ ਸਤਿ ਸ਼੍ਰੀ ਅਕਾਲ ਬੁਲਾਈ ਤੇ ਕੋਲ ਪਈ ਕੁਰਸੀ ਤੇ ਬੈਠਣ ਲਈ ਕਿਹਾ।ਮੈਂ ਬੈਠਦਿਆਂ ਹੀ ਉਸਦੇ ਅੱਗੇ ਸੁਆਲਾਂ ਦੀ ਬੁਛਾੜ ਕਰ ਦਿੱਤੀ,

"ਜੋਤੀ ! ਡਾ. ਬਲਰਾਜ ਕਿੱਥੇ ਹਨ?

ਆਏ ਕਿ ਨਹੀਂ?

ਕਿੰਨੇ ਦਿਨਾਂ ਤੋਂ ਕਿਉਂ ਨਹੀਂ ਆਏ, ਕੋਈ ਫੋਨ, ਕੋਈ ਮੈਸਜ ਉਹਨਾਂ ਦਾ?

ਜੋਤੀ ਨੇ ਮੇਰੇ ਅੰਦਰ ਫੋਲਵੀਆਂ ਨਜ਼ਰਾਂ ਚੇਹਰੇ ਤੇ ਗੱਡ ਦਿੱਤੀਆਂ।ਉਹ ਬਿਨਾਂ ਕੋਈ ਜਵਾਬ ਦਿੱਤੇ, ਗੰਭੀਰ ਜਿਹੀ ਹੋ ਗਈ।ਕਲੀਨਿਕ ਦੇ ਪਿਛਲੇ ਹਿੱਸੇ 'ਚ ਬਣੇ ਹਾਲ ਨੁਮਾ ਕਮਰੇ 'ਚੋਂ ਬਲਰਾਜ ਦੇ ਉੱਚੀ ਹੱਸਣ ਦੀ ਆਵਾਜ਼ ਮੇਰੇ ਕੰਨੀਂ ਪਈ।ਅਜੀਬ ਜਿਹਾ ਲੱਗਾ ਇਸ ਤਰ੍ਹਾਂ ਹੱਸਣਾ।ਹੋਰ ਕਈ ਅਵਾਜ਼ਾਂ ਵੀ ਰਲ-ਗੱਡ ਹੋ ਗਈਆਂ, ਉੱਚੀ- ਉੱਚੀ ਹੱਸਣਾ ਤੇ ਬੋਲਣਾ ਸਮਝ ਕੁਝ ਵੀ ਨੀ ਪੈਂਦਾ। ਇੱਕ ਖੁਸ਼ਨੁਮਾ ਮਾਹੌਲ।ਮੈਂ ਹੈਰਾਨੀ 'ਚ ਅੱਖਾਂ ਫੈਲਾਉਂਦੀ ਜੋਤੀ ਵੱਲ ਪ੍ਰਸ਼ਨਾਤਮਕ ਨਜ਼ਰਾਂ ਨਾਲ ਵੇਖਦੀ ਹਾਂ।

ਫਿਰ ਉਹ ਆਪ ਹੀ ਦੱਸਣ ਲੱਗੀ।

"ਸਰ ਆਪਣੇ ਦੋਸਤਾਂ 'ਚ ਬੈਠੇ ਨੇ, ਪਾਰਟੀ ਚੱਲ ਰਹੀ ਹੈ।"

"ਪਾਰਟੀ?"

"ਹੂੰ ਥੋਨੂੰ ਕੀ ਦੱਸਿਆ ਸਰ ਨੇ?"

"ਕੀ ਜੋਤੀ?" ਮੈਂ ਕਾਹਲੀ ਤੇ ਉਤਾਵਲੀ ਸੀ ਸਭ ਕੁਝ ਜਾਨਣ ਤੇ ਸੁਣਨ ਲਈ।

"ਉਹਨਾਂ ਦਾ ਆਪਣੀ ਵਾਈਫ ਨਾਲ ਰਾਜੀਨਾਮਾ ਹੋ ਗਿਆ, ਆਪਣੀ ਪਤਨੀ ਤੇ ਬੇਟੀ ਦੀ ਖੁਸ਼ੀ

ਦੇ ਆਉਣ 'ਚ ਪਾਰਟੀ ਕਰ ਰਹੇ ਨੇ ਆਪਣੇ ਇੱਥੋਂ ਦੇ ਖਾਸ ਦੋਸਤਾਂ ਨੂੰ।"

ਮੈਂ ਭਮੱਤਰਿਆਂ ਵਾਂਗੂੰ ਜੋਤੀ ਦੇ ਮੂੰਹ ਵੱਲ ਦੇਖੀ ਜਾ ਰਹੀ ਸੀ।ਉਹ ਅਜੇ ਵੀ ਬੋਲੀ ਜਾ ਰਹੀ ਸੀ। ਪਤਾ ਨੀ ਕੀ ਕੁਝ ਕਹਿ ਕੇ ਮੈਨੂੰ, ਅੰਦਰ ਵੱਲ ਚਲੀ ਗਈ, ਜਿੱਥੇ ਪਾਰਟੀ ਚੱਲ ਰਹੀ ਸੀ।

ਮੈਂ ਗੁੰਮ-ਸੁੰਮ ਗੂੰਗੀ-ਬੋਲ਼ੀ ਬਣ ਉੱਥੇ ਹੀ ਬੈਠੀ ਸੀ।ਥੋੜੀ ਦੇਰ ਬਾਅਦ ਜੋਤੀ ਨਾਲ ਬਲਰਾਜ ਵੀ ਮੇਰੇ ਸਾਹਮਣੇ ਖੜੇ ਸਨ।

"ਪੂਨਮ ਕਿਵੇਂ ਹੋ ਤੁਸੀਂ?"

ਤੁਸੀਂ ਕਲੀਨਿਕ ਕਿਉਂ ਆਏ? ਮੈਂ ਥੋਨੂੰ ਕਿੰਨੀ ਵਾਰ ਮਨਾ ਕੀਤਾ।ਏਥੋਂ ਚਲੋਂ ਘਰ ਮੈਂ ਥੋੜੀ ਦੇਰ ਬਾਅਦ ਆਉਨਾ, ਤੇਰੇ ਕੋਲ।ਆ ਕੇ ਸਾਰੀ ਗੱਲ ਸਮਝਾਉਣਾ।ਉਹ ਰੁਕ-ਰੁਕ ਕੇ ਬੋਲ ਰਿਹਾ ਸੀ, ਅੜ-ਅੜ ਕੇ।ਪਲੀਜ਼ ਪੂਨਮ ਘਰ ਚਲੋ।"

ਹੁਣ ਮੇਰੇ ਕੋਲ ਕੋਈ ਵੀ ਸਵਾਲ ਬਾਕੀ ਨਹੀਂ ਸੀ ਬਚਿਆ ਪੁੱਛਣ ਲਈ।ਥੋੜੇ ਜਿਹੇ ਬੁੱਲ੍ਹ ਫਰਕੇ, "ਮੁਬਾਰਕ ਜੀ ਥੋਨੂੰ, ਤੇ ਤੇ..ਅੱਜ ਤੋਂ ਬਾਅਦ ਮੈਂ ਕਦੇ ਵੀ ਏਥੇ ਨਹੀਂ ਆਉਂਦੀ।" ਏਨਾ ਆਖ ਹੱਥ ਜੋੜ ਆਪਣੇ ਆਪ ਨੂੰ ਸੰਭਾਲਦੀ, ਉੱਥੋਂ ਉੱਠ ਖੜੀ ਹੋਈ। ਮੇਰੇ ਅੰਦਰੋਂ ਸਭ ਕੁਝ ਖਤਮ ਹੋ ਗਿਆ। ਕਿਸੇ ਭਿਆਨਕ ਤੂਫ਼ਾਨ ਦੀ ਆਮਦ ਮਗਰੋਂ ਮੱਚੀ ਤਬਾਹੀ ਵਾਂਗਰਾਂ। ਮੇਰਾ ਚਿਹਰਾ ਪੀਲਾ ਤੇ ਬੁੱਲ੍ਹ ਨੀਲੇ ਪੈ ਗਏ ਸਨ।ਉਹ ਹੋ ਗਿਆ ਸੀ ਜੋ ਸੁਪਨੇ ਵਿੱਚ ਵੀ ਵਾਪਰਨ ਦੀ ਉਮੀਦ ਨਹੀਂ ਸੀ।ਮੈਂ ਡਗਮਗਾਉਂਦੇ ਕਦਮਾਂ ਨੂੰ ਘਰ ਵੱਲ ਮੋੜਦੀ ਹਾਂ।ਘੋਰ ਨਿਰਾਸ਼ਾ ਦਾ ਕਹਿਰ ਮੱਚ ਗਿਆ ਮੇਰੇ ਅੰਦਰ।ਰਸਤੇ ਵਿੱਚ ਸਕੂਲ ਦੇ ਬੱਚੇ ਵੇਖ ਖਿਆਲ ਆਇਆ, ਰੌਬਿਨ ਨੂੰ ਤਾਂ ਮੈਂ ਸਕੂਲ਼ ਲੈਣ ਹੀ ਨਹੀਂ ਗਈ।ਸਕੂਟੀ ਸਕੂਲ ਵੱਲ ਮੋੜਦੀ ਹਾਂ। ਰੌਬਿਨ ਨੂੰ ਸਕੂਲ ਤੋਂ ਲੈ ਕੇ ਘਰ ਪਹੁੰਚਣ ਦਾ ਵੇਲਾ ਜਿਵੇਂ ਰੁਕ ਗਿਆ, ਕਈ ਵਰਿਆਂ ਦੇ ਫੈਲਾਅ ਵਰਗਾ। ਘਰ ਆਉਂਦੇ ਹੀ ਮੈਂ ਬਿਨਾ ਰੌਬਿਨ ਵੱਲ ਧਿਆਨ ਕੀਤੇ, ਆਪਣੇ ਕਮਰੇ 'ਚ ਬੈੱਡ ਤੇ ਮੂਧੇ ਮੂੰਹ ਡਿੱਗ ਪਈ। ਉੱਚੀ-ਉੱਚੀ ਧਾਹਾਂ ਮਾਰ ਕੇ ਰੋਂਦੀ ਰਹੀ ਸਿਰਹਾਣੇ 'ਚ ਮੂੰਹ ਦੇ ਕੇ।ਅਚਾਨਕ ਕੋਈ ਹੱਥ ਮੇਰੇ ਸਿਰ ਤੇ ਹੌਲੀ-ਹੌਲੀ ਫਿਰਨ ਲੱਗਾ ਵਾਲਾ 'ਚ ਉਂਗਲਾਂ ਦੀ ਛੋਹ ਪਾ ਕੇ, ਮੈਂ ਤ੍ਰਬਕ ਕੇ ਉੱਠਦੀ ਹਾਂ।ਸ਼ਾਇਦ ਮੈਂ ਗੇਟ ਬੰਦ ਕਰਨਾ ਭੁੱਲ ਗਈ ਸੀ।

"ਰਿਲੈਕਸ ਪੂਨਮ, ਰੀਲੈਕਸ ਪਲੀਜ਼, ਮੇਰੀ ਗੱਲ ਸੁਣੋਂ।" ਮੇਰੇ ਨੇੜ ਹੁੰਦੇ ਮੇਰੇ ਦੁਆਲੇ ਆਪਣੀ ਬਾਂਹ ਵਲਦਾ ਮੈਨੂੰ ਨੇੜੇ ਖਿੱਚਣ ਦੀ ਕੋਸ਼ਿਸ਼ ਕਰਦਾ ਬਲਰਾਜ ਬੋਲ ਰਿਹਾ ਸੀ।ਮੈਂ ਉਸਦਾ ਹੱਥ ਪਾਸੇ ਕਰ ਦੂਰ ਹਟ ਕੇ ਬੈਠ ਗਈ।ਉਸਨੇ ਵੀ ਆਪਣਾ ਹੱਥ ਪਿੱਛੇ ਖਿੱਚ ਲਿਆ।ਕੁਝ ਦੇਰ ਲਈ ਦੋਹਾਂ ਦਰਮਿਆਨ ਭਿਆਨਕ ਸਨਾਟਾ ਛਾ ਗਿਆ।ਰੌਬਿਨ ਵੀ ਸਹਿਮਿਆ ਜਿਹਾ ਖੜਾ ਬਲਰਾਜ ਦੀ ਬੁੱਕਲ ਵਿੱਚ ਵੜ ਕੇ ਬੈਠ ਗਿਆ। ਬਲਰਾਜ ਉਸਨੂੰ ਨਾਲ ਲਾਉਂਦਾ ਪਿਆਰ ਕਰਦਾ ਰਿਹਾ।ਫਿਰ ਬਲਰਾਜ ਜਕਦਾ ਜਕਦਾ ਕਹਿਣ ਲੱਗਾ, "ਪੂਨਮ ਸੌਰੀ, ਮੈਂ ਤੈਨੂੰ ਸਾਰੀ ਗੱਲ ਦੱਸਣਾ ਚਾਹੁੰਦਾ ਸੀ।ਪਰ ਮੇਰੀ ਤੇਰੇ ਸਾਹਮਣੇ ਆਉਣ ਦੀ, ਸੱਚਾਈ ਦੱਸਣ ਦੀ ਹਿੰਮਤ ਹੀ ਨਹੀਂ ਸੀ ਪੈਂਦੀ ਏਨੇ ਦਿਨਾਂ ਦੀ।ਉਸ ਫੈਸਲੇ ਵਾਲੇ ਦਿਨ ਮੇਰੀ ਵਾਈਫ ਤੇ ਉਸਦੇ ਪੇਰੇਂਟਸ ਸੁਭਾ ਹੀ ਮੇਰੇ ਘਰ ਆ ਗਏ।ਮੇਰੀ ਵਾਈਫ ਨੇ ਕੀਤੇ ਹਰ ਗਲਤ ਕੰਮ ਲਈ ਸੌਰੀ ਮੰਗੀ।ਉਸਨੇ ਬੇਟੀ ਦੀ ਲਾਈਫ ਬਾਰੇ ਸੋਚ ਕੇ ਕੇਸ ਵਾਪਿਸ ਲੈ ਲਿਆ ਤੇ ਅੱਗੇ ਤੋਂ ਅਜਿਹਾ ਨਾ ਕਰਨ ਦਾ ਵਾਅਦਾ ਵੀ ਕੀਤਾ।ਫਿਰ ਪੂਨਮ ਮੈਂ ਕੀ ਕਰਦਾ, ਤੁਸੀਂ ਦੱਸੋਂ? ਕਿਵੇਂ ਉਸ ਨੂੰ ਠੁਕਰਾ ਦਿੰਦਾ, ਜਦ ਉਹ ਨਿਉਂ ਕੇ ਘਰ ਵਾਪਿਸ ਆ ਗਈ।ਮੈਂ ਵੀ ਆਪਣੀ ਬੇਟੀ ਬਾਰੇ ਸੋਚ ਕੇ ਹੀ ਅਡਜਸਟਮੈਂਟ ਕਰਨ ਦਾ ਫੈਸਲਾ ਲਿਆ।ਸਾਰੇ ਰਿਸ਼ਤੇਦਾਰ ਤੇ ਮੇਰੇ ਪੇਰੇਂਟਸ ਵੀ ਇਹੀ ਚਾਹੁੰਦੇ ਸੀ।ਪੂਨਮ ਮੈਂ ਫਿਰ ਕੀ ਕਰਦਾ ਤੂੰ ਹੀ ਦੱਸ? ਮੈਂ ਤੇਰੇ ਨਾਲ ਧੋਖਾ ਨਹੀਂ ਕੀਤਾ ਪੂਨਮ ਮੈਂ ਅੱਜ ਵੀ ਤੈਨੂੰ ਓਨਾ ਹੀ ਪਿਆਰ ਕਰਦਾਂ ਤੇ ਮੈਂ ਚਾਹੁੰਨਾ ਇਹ ਰਿਸ਼ਤਾ ਆਪਣਾ ਇਵੇਂ ਹੀ ਬਣਿਆ ਰਹੇ, ਹਮੇਸ਼ਾ ਜ਼ਿੰਦਗੀ ਭਰ।"

ਉਹ ਇੱਕ ਬੈਗ ਮੇਰੇ ਵੱਲ ਵਧਾਉਂਦਾ ਮੇਰੇ ਬਿਨਾ ਕਿਸੇ ਜਵਾਬ ਦੀ ਉਡੀਕ ਤੋਂ ਫਿਰ ਬੋਲਣ ਲੱਗਾ, "ਪੂਨਮ ਤੇਰੇ ਕੋਲੋਂ ਜਿੰਨੀ ਵੀ ਰਕਮ ਮੈਂ ਫੜ੍ਹੀ ਸੀ, ਆਹ ਸੰਭਾਲੋ ਪਲੀਜ਼। ਤੇਰੇ ਸਾਰੇ ਪੈਸੇ ਵਾਪਿਸ ਕਰਾਂਗਾ, ਇੱਕ ਇੱਕ ਰੁਪਇਆ ਵਾਪਿਸ...।"

ਹੁਣ ਮੇਰੇ ਸਬਰ ਦਾ ਕੜ੍ਹ ਪਾਟ ਗਿਆ। ਮੇਰਾ ਗੱਚ ਫਿਰ ਭਰ ਆਇਆ, "ਮੈਨੂੰ ਕੋਈ ਵੀ ਦੁੱਖ ਨਹੀਂ ਕਿ ਤੇਰੀ ਵਾਈਫ਼ ਤੇ ਬੱਚੀ ਕਿਉਂ ਵਾਪਿਸ ਆਈਆਂ। ਮੈਂ ਖ਼ੁਸ਼ ਹਾਂ ਕੇ ਮੇਰਾ ਨਹੀਂ ਤਾਂ ਤੇਰਾ ਤਾਂ ਘਰ ਵਸਿਆ। ਭਾਵੇਂ ਕਿਸੇ ਹੋਰ ਨਾਲ ਹੀ ਸਹੀ। ਪਰ ਜੋ ਤੂੰ ਪੈਸਿਆਂ ਦੀ ਗੱਲ ਕਰਦਾਂ, ਪੈਸਿਆਂ ਦਾ ਹਿਸਾਬ-ਕਿਤਾਬ ਤਾਂ ਤੂੰ ਮੇਰੇ ਨਾਲ ਕਰ ਲਵੇਂਗਾ ਬਲਰਾਜ, ਮੇਰੀਆਂ ਭਾਵਨਾਵਾਂ ਦਾ, ਮੇਰਿਆਂ ਅਰਮਾਨਾਂ ਦਾ, ਤੇਰੇ ਨਾਲ ਸਜਾਏ ਸੁਪਨਿਆਂ ਦਾ, ਹਿਸਾਬ-ਕਿਤਾਬ ਮੇਰੇ ਨਾਲ ਕਿਵੇਂ ਕਰੇਂਗਾ? ਉਹ ਹਿਸਾਬ ਕਿਤਾਬ ਦੇ ਸਕਦਾ ਤਾਂ ਮੈਨੂੰ ਦੇ?"

ਮੇਰਾ ਚਿਹਰਾ ਭਖਣ ਲੱਗਾ। ਅੱਖਾਂ ਲਾਲ-ਸੁਰਖ ਹੋ ਗਈਆਂ। ਮੈਂ ਉੱਠ ਕੇ ਅਲਮਾਰੀ ਖੋਲ੍ਹਦੀ ਹਾਂ, ਇੱਕ ਇੱਕ ਚੀਜ਼ ਉਸਦੀ ਕੱਡ ਕੇ ਬੈੱਡ ਤੇ ਰੱਖਦੀ ਗਈ, "ਬਲਰਾਜ ਇਹ ਤੇਰਾ ਸਮਾਨ ਜੋ ਮੇਰੇ ਕੋਲ ਪਿਆ, ਮੈਨੂੰ ਹਮੇਸ਼ਾ ਚਿੜ੍ਹਾਏਗਾ, ਤੇਰੀ ਯਾਦ ਦੁਆਏਗਾ, ਪਲੀਜ਼ ਏਹਨੂੰ ਵੀ ਲੈਜਾ।"


ਉਹ ਉੱਠ ਕੇ ਫਿਰ ਮੇਰੇ ਕੋਲ ਹੁੰਦਾ ਹੈ, "ਪੂਨਮ, ਮੈਂ ਤੈਨੂੰ ਪਿਆਰ ਕਰਦਾ ਹਾਂ, ਤੂੰ ਇੰਝ ਨਾ ਕਰ, ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ, ਮੈਂ ਉਸੇ ਤਰ੍ਹਾਂ ਤੇਰੇ ਕੋਲ ਆਇਆ ਕਰਾਂਗਾ, ਜਿਵੇਂ ਪਹਿਲਾਂ ਆਉਂਦਾ ਸੀ, ਤੂੰ ਇਉਂ ਨਾ ਕਰ।" ਬਲਰਾਜ ਤਰਲੇ ਜਿਹੇ ਕੱਢਦਾ ਮੇਰੇ ਨੇੜੇ ਹੁੰਦਾ ਹੈ।

"ਨਹੀਂ ਨਹੀਂ ਕਦੇ ਨਹੀਂ ਬਲਰਾਜ, ਮੈਂ ਆਪਣੀ ਖੁਸੀਂ ਲਈ ਕਿਸੇ ਦਾ ਹੱਕ ਨਹੀਂ ਖੋਹ ਸਕਦੀ। ਮੈਂ ਚਾਹੁੰਨੀ ਆ ਤੂੰ ਆਪਣਾ ਸਾਰਾ ਧਿਆਨ ਆਪਣੀ ਫੈਮਲੀ ਨੂੰ ਦੇਵੇਂ। ਮੈਂ ਅੱਕ ਚੁੱਕੀ ਹਾਂ, ਇਹਨਾਂ ਅੱਧ-ਅਧੂਰੇ ਸਹਿਕਦੇ ਰਿਸ਼ਤਿਆਂ ਦੇ ਆਸਰੇ ਜਿਉਂ ਜਿਉਂ ਕੇ ਮੇਰਾ ਦਮ ਘੁੱਟਦਾ ਹੁਣ। ਮੈਂ ਸਚਾਈ ਦਾ ਸਾਹਮਣਾ ਕਰਨ ਦੀ ਹਿੰਮਤ ਕਰੂੰਗੀ। ਭਾਵੇਂ ਮੈਂ ਬੁਰੀ ਤਰ੍ਹਾਂ ਹੁਣ ਟੁੱਟ ਚੁੱਕੀ ਹਾਂ।

ਮੈਂ ਸਾਰਾ ਸਮਾਨ ਬੈਗ 'ਚ ਪਾ ਬਲਰਾਜ ਦੇ ਹੱਥ 'ਚ ਫੜ੍ਹਾ ਦਿੰਦੀ ਹਾਂ। ਉਹ ਅਣਮੰਨੇ ਜਿਹੇ ਮਨ ਨਾਲ ਮੇਰੇ ਹੱਥੋਂ ਬੈਗ ਫੜ੍ਹ ਉੱਠ ਖੜੋਂਦਾ ਹੈ। ਨੀਵੀਂ ਪਾਈ ਪੈਰ ਜਿਹੇ ਘਸੀਟਦਾ ਬਾਹਰ ਗੇਟ ਵੱਲ ਤੁਰ ਜਾਂਦਾ ਹੈ। ਮੈਂ ਵੀ ਪਿੱਛੇ-ਪਿੱਛੇ ਜਾਂਦੀ ਹਾਂ ਮੈਨੂੰ ਉਸਦੀ ਕਾਰ ਸਟਾਰਟ ਹੋਣ ਦੀ ਆਵਾਜ਼ ਸੁਣ ਰਹੀ ਹੈ। ਮੈਂ ਗੇਟ ਬੰਦ ਕਰਕੇ ਵਾਪਿਸ ਮੁੜ ਪੈਂਦੀ ਹਾਂ।

**ਸੰਪਰਕ- 99142-10315**

**'ਪਿੰਡ ਅਜੇ ਜਿਉਂਦਾ ਹੈ', 'ਨੇਰ੍ਹੇ ਦੇ ਵਾਸੀ', 'ਕਾਲ ਕਾਲਾਂਤਰ' ਕਹਾਣੀ ਸੰਗ੍ਰਹਿ ਤੇ 'ਜ਼ਲਾਲਤ' ਸਵੈ ਜੀਵਨੀ ਤੋਂ ਬਾਅਦ ਸਮਰੱਥ ਕਹਾਣੀਕਾਰ ਸਰੂਪ ਸਿਆਲਵੀ ਦਾ ਨਵਾਂ ਕਹਾਣੀ ਸੰਗ੍ਰਹਿ**




ਸਰੂਪ ਸਿਆਲਵੀ ਦੇ ਇਸ ਕਥਾ ਸੰਗ੍ਰਹਿ 'ਚਾਰ ਤੱਤ ਦਾ ਪੁਤਲਾ' ਦਾ ਪਾਠ ਕਰਦਿਆਂ ਇਹ ਅਹਿਸਾਸ ਬਾਰ ਬਾਰ ਹੁੰਦਾ ਹੈ ਕਿ ਸਮਾਜ ਨੂੰ ਇਕਹਿਰੇ ਰੂਪ 'ਚ ਨਹੀਂ ਸਗੋਂ ਉਸਦੇ ਅੰਤਰੀਵੀ ਜਟਿਲ ਸੰਬੰਧਾਂ ਵਿਚੋਂ ਗ੍ਰਹਿਣ ਕੀਤਿਆਂ ਹੀ ਉਸ ਪ੍ਰਤੀ ਬਾਹਰਮੁਖੀ ਸਮਝ ਤਿਆਰ ਕੀਤੀ ਜਾ ਸਕਦੀ ਹੈ।

**-ਡਾ. ਸਰਬਜੀਤ ਸਿੰਘ**

**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ, ਜਲੰਧਰ**
**ਮੁੱਲ : 200 ਰੁਪਏ, ਪੰਨੇ : 144**

## ਕਹਾਣੀ / ਖ਼ੂਨ ਦੇ ਰਿਸ਼ਤੇ / - ਜਸਵੀਰ ਕੌਰ ਭੱਲਮਾਜਰਾ

ਸਾਰੇ ਪਾਸੇ ਵਧਾਈਆਂ ਦਾ ਤਾਂਤਾ ਲੱਗਿਆ ਹੋਇਆ ਸੀ।

'ਚੰਗਾ ਭਾਈ ਕਬੀਲਦਾਰੀ ਸਿਮਟੀ।'' ਨੇੜੇ ਕੁਰਸੀ ਉੱਪਰ ਸੋਟੀ ਲੈ ਕੇ ਐਨਕਾਂ ਲਾਈ ਬੈਠੀ ਅੱਸੀ ਕੁ ਸਾਲਾਂ ਦੀ ਤਾਈ ਬਚਨੀ ਨੇ ਕਿਹਾ।

''ਆਹੋ... ਸਭ ਕੁਛ ਬਣ ਜਾਂਦਾ ਭਾਈ... ਇਹੀ ਜੀ ਕੋਈ ਗੱਲ ਨੀ... ਬੱਸ ਉਹਨੇ ਈ ਨੀ ਦੇਖਣਾ ਤੀ ਚੰਦਰੇ ਨਿਕਰਮੇ ਨੇ।'' ਜਸਪਾਲ ਦੀ ਸੱਸ ਬੀਰੋ ਨੇ ਤਾਈ ਬਚਨੀ ਨੂੰ ਜਵਾਬ ਦਿੱਤਾ।

''ਚੰਗਾ ਭੈਣ ਅਸੀਂ ਚਲਦੇ ਆਂ... ਸਵੇਰੇ ਲੱਕੀ ਨੂੰ ਕਹੂੰ ਗੇੜਾ ਮਾਰਜੂਗਾ ਇੱਕ ਵਾਰੀ ਆ ਕੇ... ਹੋਰ੍ਹ... ਨ੍ਹੇਰਾ ਹੁੰਦਾ।'' ਕਹਿ ਕੇ ਜਸਪਾਲ ਦਾ ਭਰਾ ਦਵਿੰਦਰ ਉੱਥੋਂ ਬਿਨਾਂ ਜਸਪਾਲ ਦਾ ਕੋਈ ਉੱਤਰ ਉਡੀਕੇ ਹੀ ਚਲਾ ਗਿਆ।

''ਚਾਈ ਛੋਟੀ ਕੁੜੀ ਕਹਿੰਦੇ ਵੱਡੀ ਅਫ਼ਸਰ ਬਣਗੀ ਹੈਅ...।'' ਬਚਨੀ ਨੇ ਫੇਰ ਜਸਪਾਲ ਦੀ ਸੱਸ ਨੂੰ ਪੁੱਛਿਆ। ਫੇਰ ਬਿਨਾਂ ਉੱਤਰ ਉਡੀਕੇ ਹੀ ਬੋਲੀ, ''ਲੈ ਭਾਈ ਕੁੜੀਆਂ ਦਾ ਕਾਹਦਾ ਮਾਣ ਆ... ਬਗਾਨੇ ਘਰ ਚਲੀਆਂ ਜਾਂਦੀਆਂ ਨੇ... ਰੱਬ ਕਿਤੇ ਭੁੱਲ ਜਾਂਦਾ... ਜੀਅ ਦੇ ਦਿੰਦਾ... ਉਹਦੀ ਵੀ ਜੱਗ ਤੇ ਸਾਂਝ ਬਣ ਜਾਣੀ ਤੀ... ਚਲ ਭੈਣੇ ਮਨ ਹੌਲਾ ਨਾ ਕਰਿਓ ਨਾਲ਼ੇ ਧੀਆਂ ਧਿਆਣੀਆਂ ਕੇੜ੍ਹਾ ਅੱਜ ਕੱਲ੍ਹ ਘੱਟ ਨੇ... ਮੁੰਡਿਆਂ ਦਾ ਤਾਂ ਨਾਓਂ ਈ ਆ... ਆ ਮੇਰੇ ਦੋਨੋ ਪੋਤੇ ਸਟੇਲੀਆ ਗਏ... ਅਖੇ ਅਸੀਂ ਹੁਣ ਮਸੀਂ ਪੱਕੇ ਹੋਏ ਆਂ... ਅਸੀਂ ਨੀਂ ਔਣਾ ਵਾਪਸ... ਜੇ ਲੋੜ ਆ ਤਾਂ ਤੁਸੀਂ ਖ਼ੁਦ ਆਜੋ... ਅਸੀਂ ਪੇਪਰ ਭੇਜ ਦਿੰਨੇ ਆਂ... ਅੰਮਾ ਅਸੀਂ ਤਾਂ ਵਿਆਹ ਵੀ ਏਧਰੇ ਕਰੌਣੇ ਨੇ... ਲੈ ਦੱਸ ਭੈਣ ਹੁਣ ਮੇਰੀਆਂ ਤਾਂ ਕਬਰਾਂ 'ਚ ਲੱਤਾਂ ਨੇ... ਨੂੰਹ ਮੇਰੀ 60 ਨੂੰ ਢੁੱਕੀ ਪਈ ਆ... ਓਦੇ ਗੋਡੇ ਅੱਡ ਦੁਖਦੇ ਨੇ... ਸਵੇਰੇ ਸਵੇਰੇ ਉੱਠ ਨੀ ਹੁੰਦਾ... ਮੁੰਡਾ ਮੇਰਾ ਊਂ ਗਠੀਏ ਨੇ ਖਾ ਲਿਆ... ਤੂੰਏ ਈ ਦੱਸ ਕੀ ਕਰਾਂ... ਨਾ ਹੀ ਮੈਂ ਜ੍ਹਾਜ ਚੜ੍ਹਨ ਜੋਗੀ ਨਾ ਈ ਮੇਰੇ ਮੁੰਡਾ ਨੂੰਹ... ਦੱਸ ਅਸੀਂ ਕਿਵੇਂ ਜਮਾਂਗੇ ਪਤੰਦਰਾਂ ਕੋਲ਼... ਹੁਣ ਬਹੂ ਨੂੰ ਕੀ ਸੁਖ ਦੋ ਦੋ ਮੁੰਡਿਆ ਦਾ। ਚੱਲ ਮੇਰੀ ਲੰਘਗੀ-ਲੰਘਾਗੀ ... ਕਦੇ ਮਿਲਗੀਆਂ ਕਦੇ ਪਕਾਲੀਆਂ... ਜੇ ਇੱਕ ਅੱਧੀ ਕੁੜੀ ਹੁੰਦੀ ਤਾਂ ਅੱਜ ਆ ਕੇ ਹਾਲ-ਚਾਲ ਪੁੱਛਦੀ... ਚਲ ਦਾਦੇ ਮਗ੍ਹੌਣੇ ਜਿੱਥੇ ਵੀ ਰਹਿਣ... ਰਹਿਣਗੇ ਤਾਂ ਮੇਰੇ ਈ ਪੋਤੇ।'' ਕਹਿਕੇ ਬਚਨੀ ਨੇ ਬੀਰੋ ਦੇ ਮੂੰਹ ਵੱਲ ਤੱਕਿਆ। ਸ਼ਾਇਦ ਉਸਨੂੰ ਉਮੀਦ ਸੀ ਕਿ ਬੀਰੋ ਉਸਦੀ ਗੱਲ ਦੀ ਹਾਮੀ ਭਰੇਗੀ ਪਰ ਬੀਰੋ ਪਤਾ ਨਹੀਂ ਕਿਹੜੀਆਂ ਸੋਚਾਂ ਵਿੱਚ ਡੁੱਬੀ ਹੋਈ ਸੀ। ਤਾਈ ਜੀ ਤੁਸੀਂ ਰੋਟੀ ਖਾ ਲਈ?'' ਜਸਪਾਲ ਨੇ ਬਚਨੀ ਨੂੰ ਪੁੱਛਿਆ। ''ਹਾਂ ਹਾਂ ਖਾਲੀ ਮੈਂ ਤਾਂ... ਤੇਰੀ ਬੇਬੇ ਨੇ ਵੀ ਖਾ ਲੀ...।'' ਬਚਨੀ ਨੇ ਕਿਹਾ।

ਇੱਕ ਇੱਕ ਕਰਕੇ ਸਾਰੇ ਰਿਸ਼ਤੇਦਾਰ ਜਾ ਰਹੇ ਸਨ। ਘਰ ਖਾਲੀ ਹੋ ਰਿਹਾ ਸੀ। ਜਸਪਾਲ ਭੱਜ ਨੱਠ ਕਰਦੀ ਸਮਾਨ ਦੀ ਸਾਂਭ-ਸੰਭਾਈ ਕਰਦੀ ਫਿਰ ਰਹੀ ਸੀ। ਅੰਦਰ ਸਹੁਰਿਆਂ ਤੋਂ ਆਈਆਂ ਉਸਦੀਆਂ ਦੋਵੇਂ ਨਣਦਾਂ, ਸੱਸ ਤੇ ਭਾਈ ਬਚਨੀ ਬੈਠੀਆਂ ਸਨ। ਬਾਕੀ ਸਭ ਰਿਸ਼ਤੇਦਾਰ ਜਾ ਚੁੱਕੇ ਸਨ। ਜਨਵਰੀ ਦੇ ਮਹੀਨੇ ਸੱਤ ਕੁ ਵਜੇ ਦਾ ਹਨੇਰਾ ਹੋ ਚੁੱਕਾ ਸੀ। ਜਸਪਾਲ ਸਾਂਭ ਸੰਭਾਈ ਕਰਕੇ ਫੋਨ ਤੇ ਟੈਂਟ ਵਾਲ਼ਿਆਂ ਦਾ, ਕੁਰਸੀਆਂ ਵਾਲ਼ਿਆਂ ਦਾ ਤੇ ਹੋਰ ਨਿੱਕ ਸੁੱਕ ਦਾ ਹਿਸਾਬ ਕਿਤਾਬ ਨਬੇੜ ਰਹੀ ਸੀ। ''ਇਹ ਬਹੂ ਨੇ ਵੀ ਕੋਈ ਦਿਨ ਸੁੱਖ ਦਾ ਨਹੀਂ ਦੇਖਿਆ ਬਿਚਾਰੀ ਨੇ।'' ਬਚਨੀ ਨੇ ਜਸਪਾਲ ਦੀ ਸੱਸ ਤੇ ਨਣਦਾਂ ਨੂੰ ਕਿਹਾ, ''ਲੈ ਕਿਉਂ ਏਨ੍ਹੇ ਤਾਂ ਸਾਰੀ ਜ਼ਿੰਦਗੀ ਮਰਜ਼ੀ ਦਾ ਖਾਇਆ ਹੰਢਾਇਆ ਮਰਿਆ ਤਾਂ ਸਾਡਾ, ਇਦ੍ਹਾ ਕੀ ਬੇਲਗਮੀ

ਘੋੜੀ ਵਾਂਗੂ ਜਿੱਧਰ ਜੀ ਕਰਦਾ ਤੁਰੀ ਜਾਂਦੀ... ਚੰਗਾ ਹੋ ਗਿਆ ਉਹ ਅੱਖਾਂ ਮੀਟ ਗਿਆ... ਏਦ੍ਹੇ ਲੱਛਣਾਂ ਨੇ ਤਾਂ ਉਂ ਵੀ ਉਦ੍ਹੀ ਜਾਨ ਲੈ ਲੈਣੀ ਤੀ...।" ਬੀਰੋ ਲੰਮੀ ਚੁੱਪੀ ਤੋੜਦਿਆਂ ਗਰਜ਼ੀ। ਜਸਪਾਲ ਸਭ ਕੁੱਝ ਸੁਣ ਕੇ ਵੀ ਅਣਸੁਣਿਆ ਕਰ ਰਹੀ ਸੀ। ਬੱਸ ਉਹ ਜਿਵੇਂ ਕਿਵੇਂ ਇਹ ਵਕਤ ਲੰਘਾਉਣਾ ਚਾਹੁੰਦੀ ਸੀ। "ਅਨੂਪ ਕਾਸ਼ ਤੂੰ ਅੱਜ ਮੇਰੇ ਨਾਲ਼ ਹੁੰਦਾ।" ਅੱਖਾਂ ਚੋਂ ਕਿਰਦੇ ਹੰਝੂਆਂ ਨੂੰ ਪੂੰਝਦੀ ਜਸਪਾਲ ਆਪਣੇ ਮਨ 'ਚ ਆਪਣੇ ਪਤੀ ਅਨੂਪ ਦੀਆਂ ਯਾਦਾਂ 'ਚ ਗੁਆਚ ਗਈ।

ਸੰਗਰੂਰ ਜਿਲ੍ਹੇ ਵਿੱਚ ਬਤੌਰ ਥਾਣੇਦਾਰ ਕੰਮ ਕਰਦੇ ਗੁਰਦੇਵ ਸਿੰਘ ਦੀ ਇਕਲੌਤੀ ਧੀ ਜਸਪਾਲ ਕੌਰ ਤਿੰਨ ਭਰਾਵਾਂ ਦੀ ਭੈਣ ਸੀ। ਸੰਗਰੂਰ ਤੋਂ ਹੀ ਬਾਰਵੀਂ ਕਰਕੇ, ਜੇ ਬੀ ਟੀ ਕਰਕੇ ਪਟਿਆਲੇ ਲਾਗੇ ਕਿਸੇ ਸਕੂਲ ਵਿੱਚ ਪ੍ਰਾਇਮਰੀ ਟੀਚਰ ਜਾ ਲੱਗੀ। ਪੱਚੀ ਕੁ ਸਾਲਾਂ ਦੀ ਉਮਰ ਵਿੱਚ ਉਸਦਾ ਵਿਆਹ ਪਟਿਆਲੇ ਤੋਂ ਉੱਤਰ ਵੱਲ ਤੀਹ ਕੁ ਕਿਲੋਮੀਟਰ ਵਸਦੇ ਇੱਕ ਪਿੰਡ ਵਿੱਚ ਹੋ ਗਿਆ। ਜਸਪਾਲ ਦਾ ਪਤੀ ਪੰਜਾਬ ਪੁਲਿਸ ਵਿਚ ਕੰਮ ਕਰਦਾ ਸੀ। ਦੋ ਭਰਾਵਾਂ ਤੋਂ ਅਤੇ ਦੋ ਭੈਣਾਂ ਤੋਂ ਛੋਟਾ ਅਨੂਪ ਸਿੰਘ ਬੇਹੱਦ ਸਾਊ ਤੇ ਈਮਾਨਦਾਰ ਸੀ। ਉਹ ਬੇਸ਼ੱਕ ਨਿਮਨ ਕਿਸਾਨੀ ਵਿੱਚ ਜੰਮਿਆ ਪਲਿਆ ਸੀ ਪਰ ਉਸ ਵਿੱਚ ਅਗਾਂਹ ਵਧੂ ਜੀਵਨ ਜਾਚ ਪ੍ਰਤੀ ਸੋਝੀ ਸੀ। ਜਸਪਾਲ ਨੂੰ ਜੀਵਨ-ਸਾਥਣ ਦੇ ਰੂਪ ਵਿਚ ਪਾ ਕੇ ਉਹ ਬੇਹੱਦ ਖ਼ੁਸ਼ ਸੀ ਕਿਉਂਕਿ ਉਸਨੂੰ ਜਿੰਨੇ ਵੀ ਰਿਸ਼ਤੇ ਆਉਂਦੇ ਉਹ ਘਰੇਲੂ ਕੁੜੀਆਂ ਦੇ ਹੀ ਆਉਂਦੇ। ਉਹ ਪੜ੍ਹੀ-ਲਿਖੀ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ। ਆਪਣੀ ਮਾਂ ਭੈਣਾਂ ਅਤੇ ਭਰਜਾਈਆਂ ਦੀ ਮੱਤ ਤੋਂ ਉਹ ਜਾਣੂ ਸੀ। ਜਿਸ ਕਰਕੇ ਉਸਨੇ ਸੋਚਿਆ ਸੀ ਕਿ ਜੇ ਵਿਆਹ ਕਰਵਾਂਵਾਗਾ ਤਾਂ ਪੜ੍ਹੀ ਲਿਖੀ ਕੁੜੀ ਨਾਲ ਹੀ ਭਾਵੇਂ ਸ਼ਕਲੋਂ ਜਿਹੋ ਜਿਹੀ ਮਰਜ਼ੀ ਹੋਵੇ। ਚੰਗੇ ਭਾਗਾਂ ਨੂੰ ਕਿਸੇ ਨੇ ਥਾਣੇਦਾਰ ਗੁਰਦੇਵ ਸਿੰਘ ਦੀ ਧੀ ਦੀ ਦੱਸ ਪਾਈ। ਉੱਧਰ ਗੁਰਦੇਵ ਸਿੰਘ ਨੂੰ ਵੀ ਕੋਈ ਪੜ੍ਹਿਆ ਲਿਖਿਆ ਨੌਕਰੀ ਕਰਦਾ ਮੁੰਡਾ ਲੱਭਣਾ ਮੁਸ਼ਕਿਲ ਹੋਇਆ ਪਿਆ ਸੀ। ਝੱਟ ਹੀ ਗੁਰਦੇਵ ਸਿੰਘ ਨੂੰ ਅਨੂਪ ਪਸੰਦ ਆ ਗਿਆ ਤੇ ਉਸਨੇ ਕੁੜੀ ਦੇਖਣ ਲਈ ਕਹਿ ਦਿੱਤਾ। ਜਸਪਾਲ ਰੰਗ-ਰੂਪ ਪੱਖੋਂ ਬਹੁਤ ਸੋਹਣੀ, ਸਲੀਕੇ ਵਾਲੀ ਮੁਟਿਆਰ ਸੀ। ਉਸਦੇ ਚਿਹਰੇ ਮੋਹਰੇ ਤੇ ਸ਼ਖ਼ਸੀਅਤ ਤੋਂ ਉਸਦੇ ਸ਼ਹਿਰ ਵਿੱਚ ਜੰਮੀ ਪਲੀ ਹੋਣ ਦਾ ਪਤਾ ਲਗਦਾ ਸੀ। ਉਸ ਵੇਲੇ ਜਸਪਾਲ ਪੱਚੀਆਂ ਦੀ ਤੇ ਅਨੂਪ ਸਤਾਈ ਸਾਲ ਦਾ ਸੀ। ਝੱਟ ਮੰਗਣੀ ਪੱਟ ਵਿਆਹ ਹੋ ਗਿਆ। ਜਸਪਾਲ ਨੇ ਆਪਣੇ ਪਿਤਾ ਨੂੰ ਪਿੰਡ ਵਿੱਚ ਅਤੇ ਅਨਪੜ੍ਹ ਪਰਿਵਾਰ ਵਿੱਚ ਵਿਆਹ ਦੇਣ ਦਾ ਪਹਿਲਾਂ ਤਾਂ ਬਹੁਤ ਨਿਹੋਰਾ ਕੀਤਾ ਪਰ ਛੇਤੀ ਹੀ ਅਨੂਪ ਦੇ ਪਿਆਰ ਨੇ ਉਸਦਾ ਦਿਲ ਜਿੱਤ ਲਿਆ। ਨਵੰਬਰ ਦੇ ਮਹੀਨੇ ਵਿੱਚ ਉਹਨਾਂ ਦਾ ਵਿਆਹ ਹੋ ਗਿਆ। ਸਰਦੀ ਇਕਦਮ ਉੱਤਰ ਆਈ ਸੀ। ਪਿੰਡ ਤੋਂ ਪਟਿਆਲੇ ਤੇ ਫਿਰ ਪਟਿਆਲੇ ਤੋਂ ਸਕੂਲ ਵਾਲੇ ਪਿੰਡ ਤੱਕ ਜਸਪਾਲ ਨੂੰ ਕਾਫ਼ੀ ਸਫ਼ਰ ਕਰਨਾ ਪੈਂਦਾ। ਵਿਆਹ ਤੋਂ ਪੰਜ ਕੁ ਮਹੀਨਿਆਂ ਬਾਅਦ ਜਦੋਂ ਜਸਪਾਲ ਨੂੰ ਪਤਾ ਲੱਗਾ ਕਿ ਉਹ ਮਾਂ ਬਣਨ ਵਾਲੀ ਹੈ ਤਾਂ ਅਨੂਪ ਨੇ ਉਸਦੇ ਲੰਬੇ ਸਫ਼ਰ ਨੂੰ ਦੇਖਦਿਆਂ ਪਟਿਆਲੇ ਸਿਫ਼ਟ ਕਰਨ ਦਾ ਫੈਸਲਾ ਕੀਤਾ। ਉਹ ਬੇਬੇ ਬਾਪੂ ਨੂੰ ਵੀ ਨਾਲ ਹੀ ਲਿਜਾਣਾ ਚਾਹੁੰਦਾ ਸੀ। ਉਸਦੀ ਇਸ ਗੱਲ ਨਾਲ ਜਿਵੇਂ ਘਰ ਵਿੱਚ ਭੁਚਾਲ ਆ ਗਿਆ। "ਕਾਕਾ ਅੱਗੇ ਕੇੜ੍ਹਾ ਲੋਕਾਂ ਦੇ ਜੁਆਕ ਨੀ ਜੰਮਦੇ ਜੋ ਤੇਰੇ ਜੰਮਣ ਲੱਗਿਆ... ਕੁਸ਼ ਨੀ ਹੁੰਦਾ ਇਹਨੂੰ। ਹਾਂ ਜੇ ਤੁਸੀਂ ਸਾਨੂੰ ਰੋਟੀ ਦੇਣ ਦੇ ਮਾਰੇ ਏਥੋਂ ਭੱਜਦੇ ਓ ਤਾਂ ਜਾਓ... ਏਥੇ ਆ ਕੇ ਪੈਰ ਨਾ ਪਾਇਓ।" ਬੀਰੋ ਨੇ ਬਿਨਾਂ ਕੋਈ ਗੱਲ ਸੁਣੇ ਸਮਝੇ ਆਪਣਾ ਫ਼ਤਵਾ ਸੁਣਾ ਦਿੱਤਾ ਸੀ। ਅਨੂਪ ਦੇ ਭਾਈਆਂ ਨੂੰ ਵੀ ਲਗਦਾ ਸੀ ਕਿ ਅਨੂਪ ਨੂੰ ਘਰ ਆ ਕੇ ਖੇਤੀ ਦੇ ਕੰਮ ਵਿੱਚ ਹੱਥ ਵਟਾਉਣਾ ਪੈਂਦਾ ਹੈ ਸ਼ਾਇਦ ਤਾਂ ਭੇਜਦਾ ਹੈ। ਉਸਦੀਆਂ ਭਰਜਾਈਆਂ ਜੋ ਅੰਦਰੋ ਅੰਦਰੀ ਜਸਪਾਲ ਦੇ ਜਾਣ ਤੇ ਖੁਸ਼ ਵੀ ਸੀ ਕਿਉਂਕਿ ਜਸਪਾਲ ਦੇ ਹੁੰਦਿਆਂ ਉਹ ਆਪਣੇ ਆਪ ਨੂੰ ਹੀਣਾ ਮਹਿਸੂਸ ਕਰਦੀਆਂ ਸਨ ਤੇ ਉਹ ਵੀ ਇਹੀ ਗੱਲ ਕਹਿ ਰਹੀਆਂ ਸਨ ਕਿ ਜਸਪਾਲ ਘਰੇ ਕੰਮ

ਕਰਾਉਣ ਦੀ ਮਾਰੀ ਜਾ ਰਹੀ ਹੈ। ਅੰਤ ਜਦੋਂ ਕਿਸੇ ਨੇ ਵੀ ਅਨੂਪ ਦੀ ਗੱਲ ਨਾ ਸਮਝੀ ਤਾਂ ਉਹ ਜਸਪਾਲ ਨੂੰ ਲੈ ਕੇ ਬਿਨਾਂ ਘਰੋਂ ਕੋਈ ਵੀ ਚੀਜ਼ ਵਸਤ ਚੁੱਕਿਆਂ ਪਟਿਆਲੇ ਚਲਾ ਗਿਆ।

ਕੁੱਝ ਜਸਪਾਲ ਵੱਲੋਂ ਵਿਆਹ ਤੋਂ ਪਹਿਲਾਂ ਜੋੜੇ ਪੈਸੇ ਤੇ ਕੁੱਝ ਅਨੂਪ ਨੇ ਆਪਣੇ ਦੋਸਤਾਂ ਕੋਲੋਂ ਫੜ ਕੇ ਪੈਸੇ ਇਕੱਠੇ ਕੀਤੇ। ਕਿਰਾਏ ਤੇ ਨਿੱਕਾ ਜਿਹਾ ਮਕਾਨ ਦੇਖਿਆ। ਘਰ ਦੀਆਂ ਜ਼ਰੂਰੀ ਚੀਜ਼ਾਂ ਖਰੀਦੀਆਂ ਤੇ ਰਹਿਣਾ ਸ਼ੁਰੂ ਕਰ ਦਿੱਤਾ। ਦੋਵੇਂ ਜੀਅ ਖੁਸ਼ ਸੀ ਤੇ ਆਪਣੇ ਘਰ ਆਉਣ ਵਾਲੇ ਬੱਚੇ ਦੀ ਬੇ ਸਬਰੀ ਨਾਲ ਉਡੀਕ ਕਰ ਰਹੇ ਸਨ। ਪਰ ਅੰਦਰੋਂ ਅੰਦਰੀ ਉਹਨਾਂ ਨੂੰ ਮਾਂ ਪਿਓ ਨਾਲ ਗੁੱਸੇ ਹੋ ਕੇ ਇੱਥੇ ਆਉਣ ਦਾ ਝੋਰਾ ਵੀ ਸੀ। ਲੇਕਿਨ ਅਨੂਪ ਹਰ ਘੜੀ ਜਸਪਾਲ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰਦਾ। ਉਹ ਇੱਕ ਦੋ ਵਾਰ ਪਿੰਡ ਗਏ ਤਾਂ ਕੋਈ ਉਹਨਾਂ ਨਾਲ ਨਾ ਬੋਲਿਆ। ਪਿਓ ਖੇਤਾਂ ਵਿੱਚ ਗਿਆ ਹੁੰਦਾ ਤੇ ਸੁਨੇਹਾ ਦੇਣ ਤੇ ਈ ਨਾ ਆਉਂਦਾ। ਭਰਾ ਆਪੋ ਆਪਣੇ ਕੰਮਾਂ 'ਚ ਰੁੱਝੇ ਹੁੰਦੇ। ਮਾਂ ਅਤੇ ਭਰਜਾਈਆਂ ਮੂੰਹ ਫੁਲਾ ਰੱਖਦੀਆਂ। 10 ਪੰਦਰਾਂ ਮਿੰਟ ਬੈਠ ਕੇ ਉਹ ਆ ਜਾਂਦੇ। ਕੁੱਝ ਅਰਸੇ ਬਾਅਦ ਉਹਨਾਂ ਦੇ ਘਰ ਧੀ ਦਾ ਜਨਮ ਹੋਇਆ। ਦੋਵੇਂ ਬਹੁਤ ਖੁਸ਼ ਸਨ। ਜਸਪਾਲ ਦੀ ਮਾਂ ਉਸ ਕੋਲ ਦੋ ਮਹੀਨੇ ਰਹੀ। ਸਭ ਰਿਸ਼ਤੇਦਾਰ ਆਏ ਪਰ ਅਨੂਪ ਦੇ ਪਿੰਡੋਂ ਉਸਦਾ ਪਿਓ ਹੀ ਆਇਆ। ਅਨੂਪ ਅਤੇ ਜਸਪਾਲ ਵੀ ਇਹ ਗੱਲ ਇੱਕ ਦੂਜੇ ਨਾਲ ਛੇੜਨ ਤੋਂ ਝਿਜਕਦੇ ਸਨ। ਮਾਂ ਦੇ ਚਲੇ ਜਾਣ ਤੋਂ ਬਾਅਦ ਜਸਪਾਲ ਨੇ ਆਪਣੇ ਪੇਕਿਆਂ ਤੋਂ ਇੱਕ ਬਜ਼ੁਰਗ ਔਰਤ ਕੁਝ ਸਮੇਂ ਲਈ ਮੰਗਵਾ ਲਈ ਜੋ ਉਸਦੀ ਬੇਟੀ ਰਿਤੂ ਦੀ ਦੇਖਭਾਲ ਕਰਦੀ ਜਦੋਂ ਜਸਪਾਲ ਸਕੂਲ ਹੁੰਦੀ। ਸਕੂਲ ਦਾ ਪੰਦਰਾਂ ਮਿੰਟ ਦਾ ਰਸਤਾ ਸੀ। ਜਦੋਂ ਕੋਈ ਸਮੱਸਿਆ ਹੁੰਦੀ ਉਦੋਂ ਹੀ ਜਸਪਾਲ ਸਕੂਲੋਂ ਆ ਜਾਂਦੀ। ਸਟਾਫ਼ ਵੀ ਉਸਨੂੰ ਪੂਰਾ ਸਹਿਯੋਗ ਦਿੰਦਾ। ਦਿਨ ਰਵਾਂ-ਰਵੀਂ ਬੀਤ ਰਹੇ ਸਨ।

ਇੱਕ ਦਿਨ ਜਸਪਾਲ ਨੇ ਹੌਸਲਾ ਕਰਕੇ ਅਨੂਪ ਨੂੰ ਕਿਹਾ ਕਿ ਆਪਾਂ ਨੂੰ ਰਿਤੂ ਨੂੰ ਲੈ ਕੇ ਪਿੰਡ ਜਾਣਾ ਚਾਹੀਦਾ ਹੈ। 'ਦੇਖੋਂ ਜੀ ਨੌਹਾਂ ਨਾਲੋਂ ਮਾਸ ਨੀਂ ਟੁੱਟਦਾ ਹੁੰਦਾ... ਨਾਲੇ ਰਿਤੂ ਨੂੰ ਦੇਖ ਕੇ ਉਨ੍ਹਾਂ ਦਾ ਹਰਖ ਦੂਰ ਹੋ ਜਾਵੇਗਾ... ਆਪਾਂ ਨੂੰ ਇੱਕ ਕੋਸ਼ਿਸ਼ ਜ਼ਰੂਰ ਕਰਨੀ ਚਾਹੀਦੀ ਆ... ਨਾਲੇ ਜੇ ਆਪਾਂ ਵੀ ਉਹਨਾਂ ਵਾਂਗ ਸੋਚਣ ਲੱਗ ਪਏ ਤਾਂ ਉਹਨਾਂ ਤੇ ਆਪਣੇ ਵਿਚਕਾਰ ਫੇਰ ਕੀ ਫਰਕ ਰਹਿ ਜਾਵੇਗਾ...?" ਜਸਪਾਲ ਦੀ ਗੱਲ ਤੇ ਅਨੂਪ ਨੇ ਫੁੱਲ ਚੜ੍ਹਾਏ। ਅਗਲੇ ਦਿਨ ਸਵੇਰੇ ਹੀ ਆਪੋ-ਆਪਣੇ ਕੰਮਾਂ ਤੋਂ ਛੁੱਟੀ ਲੈ ਕੇ ਉਹ ਨਈਂ ਖ਼ਰੀਦੀ ਕਾਰ ਵਿੱਚ ਪਿੰਡ ਚਲੇ ਗਏ। ਕਿਸੇ ਨੇ ਵੀ ਉਹਨਾਂ ਨੂੰ ਠੀਕ ਤਰ੍ਹਾਂ ਨਹੀਂ ਬੁਲਾਇਆ। ਜਸਪਾਲ ਨੇ ਰਿਤੂ ਨੂੰ ਬੀਰੋ ਦੀ ਗੋਦੀ ਧੱਕੇ ਨਾਲ ਹੀ ਫੜਾਉਂਦਿਆਂ ਕਿਹਾ, "ਬਈ ਅੱਜ ਤਾਂ ਕੁੜੀ ਖੁਸ਼ ਆ... ਦਾਦੀ ਦੀ ਗੋਦੀ 'ਚ ਆਗੀ ਭੋਰਾ ਨੀ ਰੋਈ... ਨਹੀਂ ਤਾਂ ਕਿਸੇ ਕੋਲ੍ਹ ਜਾਂਦੀ ਨੀਂ... ਬਾ ਬਾਈ ਬਾ... ਹਾ ਹਾ ਆ... ਦਾਦੀ ਮੰਮਾ ਕੋਲ ਚਲਾ ਗਿਆ ਮੇਰਾ ਬੱਚਾ...।"

ਪੁਚਕਾਰਦਿਆਂ ਜਸਪਾਲ ਨੇ ਕਿਹਾ। ਪਰ ਬੀਰੋ ਸੜੀ ਬਲੀ ਬੈਠੀ ਰਹੀ। ਅਨੂਪ ਸਥਿਤੀ ਨੂੰ ਭਾਂਪ ਗਿਆ। ਬੀਰੋ ਰਿਤੂ ਨੂੰ ਮੁੜ ਜਸਪਾਲ ਦੀ ਗੋਦੀ ਫੜਾ ਕੇ ਅੰਦਰੋਂ ਪੰਜਾਹ ਰੁਪਏ ਦਾ ਨੋਟ ਕੱਢ ਲਿਆਈ ਤੇ ਰਿਤੂ ਦੀ ਮਿਚੀ ਮੁੱਠੀ 'ਚ ਫੜਾ ਦਿੱਤਾ। ਅਨੂਪ ਦੀਆਂ ਭਰਜਾਈਆਂ ਉਹਨਾਂ ਕੋਲ ਆ ਕੇ ਜ਼ਰੂਰ ਬੈਠ ਗਈਆਂ ਪਰ ਸਤਿ ਸ੍ਰੀ ਅਕਾਲ ਤੋਂ ਇਲਾਵਾ ਕੋਈ ਗੱਲ ਸਾਂਝੀ ਨਾ ਕੀਤੀ। ਅੱਧੇ ਕੁ ਘੰਟੇ ਦੀ ਸਰਸਰੀ ਗੱਲਬਾਤ ਤੋਂ ਬਾਅਦ ਉਹ ਉੱਥੋਂ ਉੱਠ ਆਏ। ਉਠਦੇ ਉੱਠਦੇ ਉਹਨਾਂ ਦੋਹਾਂ ਨੇ ਹੀ ਬੇਬੇ ਤੇ ਭਰਜਾਈਆਂ ਨੂੰ ਕਹਿ ਦਿੱਤਾ ਕਿ ਐਤਵਾਰ ਨੂੰ ਨਵੇਂ ਘਰ ਦੀ ਚੱਠ ਆ। ਤੁਸੀਂ ਜ਼ਰੂਰ ਆਇਓ ਤੇ ਬਿਨਾਂ ਕੋਈ ਜਵਾਬ ਉਡੀਕਿਆਂ ਪੈਰੀਂ ਹੱਥ ਲਾ ਕੇ ਕਾਰ ਵਿੱਚ ਆ ਬੈਠੇ।

ਕਾਰ ਵਿੱਚ ਬੈਠਦਿਆਂ ਇੱਕ ਵਾਰ ਤਾਂ ਅਨੂਪ ਗੁੱਸੇ ਨਾਲ ਜਸਪਾਲ ਨੂੰ ਬੋਲਿਆ ਕਿ, "ਕੀ ਲੋੜ ਸੀ ਏਥੇ ਆਉਣ ਦੀ?" ਪਰ ਦੂਜੇ ਹੀ ਪਲ ਚੁੱਪ ਕਰ ਗਿਆ ਤੇ ਜਸਪਾਲ ਨੂੰ ਕਹਿਣ ਲੱਗਾ, "ਤੈਨੂੰ ਟੈਨਸ਼ਨ

ਲੈਣ ਦੀ ਲੋੜ ਨਹੀਂ... ਇਨ੍ਹਾਂ ਦਾ ਗੁੱਸਾ ਮੇਰੇ ਤੇ ਆ ਤੇਰੇ ਤੇ ਨੀਂ...।" ਚੌਂਠ ਤੇ ਅਨੂਪ ਦੇ ਮਾਂ ਬਾਪ ਆਏ ਪਰ ਭਰਾ ਭਾਬੀਆਂ ਨਹੀਂ ਆਏ। ਕਹਿੰਦੇ ਕੰਮ ਆ ਖੇਤਾਂ 'ਚ ਨਿਆਣੇ ਕੱਲੇ ਨੇ ਘਰੇ। ਜਸਪਾਲ ਤੇ ਅਨੂਪ ਦੋਵੇਂ ਖੁਸ਼ ਹੋਏ ਕਿ ਚਲੋ ਇਹਨਾਂ ਦੇ ਮੂਡ ਨੂੰ ਮੋੜਾ ਤਾਂ ਪਿਆ।

ਰਿਤੂ ਦੇ ਜਨਮ ਤੋਂ ਡੇਢ ਸਾਲ ਬਾਅਦ ਜਸਪਾਲ ਦੁਬਾਰਾ ਗਰਭਵਤੀ ਹੋ ਗਈ। ਜਦੋਂ ਅਨੂਪ ਨੇ ਪਿੰਡ ਜਾ ਕੇ ਦੱਸਿਆ ਤਾਂ ਉਸਦੀ ਮਾਂ ਨੇ ਸਾਫ਼ ਕਹਿ ਦਿੱਤਾ ਕਿ, "ਭਾਈ ਤੁਸੀਂ ਪਹਿਲਾਂ ਵੀ ਮੂੰਹ ਚੁੱਕ ਕੇ ਆਪਣੀ ਮਰਜ਼ੀ ਨਾਲ ਤੁਰਪੇ, ਮੈਂ ਦਵਾਈ ਖਵੌਣੀ ਤੀ ਉਹਨੂੰ ਹੁਣ ਵੀ ਕਿਤੇ ਉਹੀ ਕੁਸ਼ ਨਾ ਕਰਿਓ... ਉਨੂੰ ਏਥੇ ਲਿਆਈਂ... ਆਹੀ ਦਿਨੇ ਨੇ ਮੈਂ ਦਵਾਈ ਲਿਆ ਕੇ ਰੱਖੂੰ...।" ਚੰਗਾ ਬੇਬੇ ਕਹਿ ਕੇ ਅਨੂਪ ਉਥੋਂ ਆ ਗਿਆ। ਘਰ ਆ ਕੇ ਉਸਨੇ ਸਾਰੀ ਗੱਲ ਜਸਪਾਲ ਨੂੰ ਦੱਸੀ। ਨਾ ਚਾਹੁੰਦਿਆਂ ਵੀ ਉਸਨੇ ਦਵਾਈ ਖਾਣ ਲਈ ਹਾਂ ਕਰ ਦਿੱਤੀ। ਅਗਲੀ ਸਵੇਰ ਦੋਵੇਂ ਪਿੰਡ ਚਲੇ ਗਏ ਤੇ ਦਵਾਈ ਲੈ ਆਏ। ਬੀਰੋ ਨੇ ਜਸਪਾਲ ਨਾਲ ਕੋਈ ਵਧੀਆ ਸਲੂਕ ਨਹੀਂ ਕੀਤਾ ਬੱਸ ਏਨਾ ਹੀ ਕਿਹਾ ਕਿ ਸਵੇਰ ਖਾਲੀ ਪੇਟ ਲੈਣੀ ਆ। ਕੁਝ ਸਮੇਂ ਬਾਅਦ ਜਦੋਂ ਜਸਪਾਲ ਕੋਲ ਦੂਜੀ ਵੀ ਧੀ ਹੋ ਗਈ ਤਾਂ ਉਹ ਦੋਵੇਂ ਜੀਅ ਤਾਂ ਖੁਸ਼ ਸਨ ਪਰ ਉਸਦੀ ਬੇਬੇ ਪੂਰੀ ਤਰ੍ਹਾਂ ਨਿਰਾਸ਼ ਅਤੇ ਕ੍ਰੋਧ ਵਿੱਚ ਸੀ। ਜਸਪਾਲ ਨੂੰ ਉਹ ਪਹਿਲਾਂ ਹੀ ਬੁਲਾ ਕੇ ਰਾਜੀ ਨਹੀਂ ਸੀ ਹੁਣ ਤਾਂ ਜਿਵੇਂ ਉਸਦਾ ਜਸਪਾਲ ਨਾਲ ਉਮਰਾ ਦੇ ਵੈਰ ਪੈ ਚੁੱਕਿਆ ਸੀ। ਉਹ ਸਦਾ ਅਨੂਪ ਨੂੰ ਕਹਿੰਦੀ, "ਮੈਨੂੰ ਪਤਾ ਏਨ੍ਹੇ ਦਵਾਈ ਨੀ ਲਈ... ਤਾਂ ਈ ਕੁੜਾ ਆ ਗਈ ਫੇਰ।"

"ਨਹੀਂ ਬੇਬੇ ਦਵਾਈ ਏਨ੍ਹੇ ਮੇਰੇ ਸਾਹ੍ਮਣੇ ਲਈ ਸੀ, ਮੈਂ ਕੋਲ ਸੀ।" ਅਨੂਪ ਕਹਿੰਦਾ ਪਰ ਅਨੂਪ ਦੀ ਗੱਲ ਤੇ ਬੀਰੋ ਕੋਈ ਯਕੀਨ ਨਾ ਕਰਦੀ।

ਹੋਣੀ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ। ਛੋਟੀ ਧੀ ਅਨੂ ਦੇ ਜਨਮ ਤੋਂ ਤਿੰਨ ਮਹੀਨਿਆਂ ਬਾਅਦ ਪੁਲਿਸ ਸ਼ਟੇਸ਼ਨ ਤੋਂ ਘਰ ਨੂੰ ਆਉਂਦਿਆਂ ਅਨੂਪ ਦਾ ਭਿਆਨਿਕ ਐਕਸੀਡੈਂਟ ਹੋ ਗਿਆ ਤੇ ਉਸਦੀ ਮੌਕੇ ਤੇ ਹੀ ਮੌਤ ਹੋ ਗਈ। ਜਸਪਾਲ ਦੀ ਦੁਨੀਆ ਉੱਜੜ ਗਈ ਸੀ। ਅਨੂਪ ਦੇ ਪਿੰਡ ਵਿੱਚ ਸੋਗ ਪੈ ਗਿਆ ਸੀ। ਉਸਦੇ ਮਾਪੇ ਤੇ ਭਰਾ ਆਏ ਤੇ ਉਸਦੀ ਲਾਸ਼ ਨੂੰ ਪਿੰਡ ਲੈ ਗਏ। ਜਸਪਾਲ ਨੂੰ ਰੋਂਦੀ ਨੂੰ ਕਿਸੇ ਨੇ ਚੁੱਪ ਤੱਕ ਨਾ ਕਰਾਇਆ। ਉਸਦੇ ਪੇਕੇ ਤੇ ਕੁਲੀਗ ਹੀ ਉਸਨੂੰ ਹੌਸਲਾ ਦੇ ਰਹੇ ਸਨ। ਪਰ ਉਸਦੇ ਸਹੁਰਿਆਂ ਲਈ ਜਿਵੇਂ ਉਹੀ ਅਨੂਪ ਦੀ ਕਾਤਿਲ ਸੀ। ਉਸਦੇ ਭੋਗ ਤੱਕ ਜਸਪਾਲ ਪਿੰਡ ਹੀ ਰਹੀ। ਰਿਸ਼ਤੇਦਾਰ ਆਉਂਦੇ ਤੇ ਜਸਪਾਲ ਅਤੇ ਪਰਿਵਾਰ ਮੈਂਬਰਾਂ ਨੂੰ ਦਿਲਾਸਾ ਦੇ ਜਾਂਦੇ। ਜਸਪਾਲ ਦੇ ਪੇਕਿਆਂ ਤੋਂ ਵੀ ਕੋਈ ਨਾ ਕੋਈ ਆਉਂਦਾ ਰਹਿੰਦਾ। ਅਖੀਰ ਭੋਗ ਵਾਲੇ ਦਿਨ ਜਦੋਂ ਉਸਦੇ ਪੇਕਿਆਂ ਨੇ ਜਸਪਾਲ ਨੂੰ ਲੈ ਜਾਣ ਦੀ ਗੱਲ ਕੀਤੀ ਤਾਂ ਉਸਦੀ ਸੱਸ ਨੇ ਕਿਹਾ, "ਅਸੀਂ ਆਪਣੀਆਂ ਕੁੜੀਆਂ ਪਾਲ ਲਵਾਂਗੇ ਤੁਸੀਂ ਆਪਣੀ ਕੁੜੀ ਲੈ ਜੋ।" ਸਭ ਆਪੋ ਆਪਣੀ ਰਾਇ ਦੇ ਰਹੇ ਸਨ। ਜਸਪਾਲ ਚੁੱਪ ਸੀ। ਅਖੀਰ ਜਦੋਂ ਗੁਰਦੇਵ ਸਿੰਘ ਨੇ ਕਿਹਾ, "ਪਾਲੀ ਉੱਠ ਪੁੱਤ ਚਾਲੀਏ।" ਤਾਂ ਜਸਪਾਲ ਇਕਦਮ ਬੋਲੀ, "ਨਹੀਂ ਭਾਪਾ ਜੀ, ਮੈਂ ਕਿਤੇ ਨਹੀਂ ਜਾਵਾਂਗੀ, ਮੇਰਾ ਘਰ ਹੈ... ਮੇਰੇ ਬੱਚੇ ਨੇ... ਇਹਨਾਂ ਬੱਚੀਆਂ ਦਾ ਪਿਓ ਮਰਿਐ... ਮਾਂ ਤਾਂ ਜਿਊਂਦੀ ਆ... ਮੇਰੇ ਹੁੰਦਿਆਂ ਇਹ ਮਾਂ ਦੇ ਪਿਆਰ ਤੋਂ ਵੀ ਵਾਂਝੀਆਂ ਰਹਿਣਗੀਆਂ...? ਤੁਸੀਂ ਸਾਰਿਆਂ ਨੇ ਕਿਵੇਂ ਫੈਸਲਾ ਕਰ ਲਿਆ। ਇਨ੍ਹਾਂ ਤੋਂ ਮਾਂ ਖੋਹਣ ਦਾ, ਪਿਓ ਨੂੰ ਤਾਂ ਡਾਢਾ ਖੋਹ ਕੇ ਲੈ ਗਿਆ ਤੇ ਮਾਂ ਨੂੰ ਤੁਸੀਂ ਖੋਹਣ ਲੱਗੇ ਓ... ਨਹੀਂ ਮੇਰਾ ਘਰ ਆ ਪਟਿਆਲੇ... ਮੈਂ ਉਥੇ ਹੀ ਰਹਾਂਗੀ... ਮੈਂ ਓਥੇ ਹੀ ਜਾਵਾਂਗੀ... ਮੇਰੀਆਂ ਬੱਚੀਆਂ ਮੇਰੇ ਕੋਲ ਹੀ ਰਹਿਣਗੀਆਂ... ਜੇਕਰ ਤੁਹਾਡੇ ਦੋਹਾਂ ਧਿਰਾਂ ਵਿਚੋਂ ਕੋਈ ਮੇਰੇ ਨਾਲ ਰਹਿ ਸਕਦੈ ਤਾਂ ਠੀਕ ਐ ਨਹੀਂ ਤਾਂ ਮੈਂ ਕੱਲੀ ਆਪਣੀ ਤੇ ਆਪਣੀਆਂ ਬੱਚੀਆਂ ਦੀ ਰਿਫ਼ਜ਼ਾਤ ਕਰ ਸਕਦੀ ਆ।" ਕਹਿੰਦਿਆਂ ਜਸਪਾਲ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ। ਉਸ ਦਿਨ ਜਸਪਾਲ ਵਾਪਿਸ ਆਪਣੇ ਘਰ

ਬੱਚੀਆਂ ਨੂੰ ਲੈ ਕੇ ਆ ਗਈ। ਧੀ ਦੇ ਚੜ੍ਹਦੀ ਉਮਰੇ ਵਿਧਵਾ ਹੋ ਜਾਣ ਦਾ ਝੋਰਾ ਗੁਰਦੇਵ ਸਿੰਘ ਨੂੰ ਲੈ ਬੈਠਾ। ਅਨੂਪ ਦੀ ਮੌਤ ਤੋਂ ਸਾਲ ਬਾਅਦ ਹੀ ਦਿਲ ਦਾ ਦੌਰਾ ਪੈਣ ਨਾਲ ਗੁਰਦੇਵ ਸਿੰਘ ਦੀ ਵੀ ਮੌਤ ਹੋ ਗਈ। ਜਸਪਾਲ ਤੇ ਦੂਹਰਾ ਪਹਾੜ ਟੁੱਟ ਪਿਆ ਸੀ। ਅੱਗੇ ਤਾਂ ਥੋੜ੍ਹੇ ਦਿਨ ਬਾਅਦ ਹੀ ਉਸਦਾ ਪਿਓ ਆ ਜਾਂਦਾ ਤੇ ਕਈ ਕਈ ਦਿਨ ਰਹਿੰਦਾ। ਬੱਚੀਆਂ ਬਿਮਾਰ ਹੁੰਦੀਆਂ ਜਾਂ ਕੋਈ ਹੋਰ ਕੰਮ ਹੁੰਦਾ ਤਾਂ ਉਹਦਾ ਪਿਓ ਆ ਜਾਂਦਾ। ਕਦੇ ਕਦੇ ਮਾਂ ਵੀ ਕੁਝ ਦਿਨ ਕਟਾ ਜਾਂਦੀ। ਪਰ ਹੁਣ ਭਰਜਾਈਆਂ ਦੇ ਬੱਚੇ ਛੋਟੇ ਹੋਣ ਕਰਕੇ ਮਾਂ ਵੀ ਇਕੱਲੀ ਰਹਿ ਗਈ ਸੀ ਤੇ ਉਹ ਵੀ ਨਹੀਂ ਆ ਸਕਦੀ ਸੀ। ਜਸਪਾਲ ਹੌਸਲਾ ਕਰਕੇ ਜ਼ਿੰਦਗੀ ਦੀਆਂ ਕੰਡਿਆਲੀਆਂ ਰਾਹਾਂ ਤੇ ਤੁਰੀ ਜਾ ਰਹੀ ਸੀ। ਇਸ ਸਮੇਂ ਵਿੱਚ ਉਸਦੀ ਸਕੂਲ ਪੜ੍ਹਦੀ ਸਹੇਲੀ ਸਵਰਨ ਨੇ ਉਸਦਾ ਬਹੁਤ ਸਾਥ ਦਿੱਤਾ। ਉਹ ਵੀ ਪਟਿਆਲੇ ਹੀ ਰਹਿੰਦੀ ਸੀ। ਹਰ ਕੰਮ ਵਿੱਚ ਜਸਪਾਲ ਦੀ ਅੱਗੇ ਹੋ ਕੇ ਮਦਦ ਕਰਦੀ। ਉਸਨੂੰ ਸਦਾ ਹੌਸਲਾ ਦਿੰਦੀ। ਗੁਰਦੇਵ ਸਿੰਘ ਦੀ ਮੌਤ ਤੋਂ ਬਾਅਦ ਤਾਂ ਸਵਰਨ ਜਿਵੇਂ ਜਸਪਾਲ ਦਾ ਪਿਓ ਬਣ ਗਈ ਸੀ। ਪਰ ਫਿਰ ਵੀ ਜਸਪਾਲ ਸਵਰਨ ਦੇ ਪਤੀ ਤੋਂ ਝਿਜਕਦਿਆਂ ਸਵਰਨ ਨੂੰ ਕੋਈ ਕੰਮ ਨਹੀਂ ਕਹਿੰਦੀ ਸੀ। ਕਦੀ ਕਦੀ ਜਸਪਾਲ ਇਕੱਲੀ ਮਹਿਸੂਸ ਕਰਦੀ ਤਾਂ ਸਵਰਨ ਨੂੰ ਫੋਨ ਕਰ ਲੈਂਦੀ, "ਅੜੀਏ ਤੇਰਾ ਮੈਨੂੰ ਰੁੱਖ ਜਿੱਡਾ ਸਹਾਰਾ ਹੈ, ਤੂੰ ਨਾ ਹੁੰਦੀ ਤਾਂ ਮੇਰੇ 'ਚ ਸਮਾਜ ਨਾਲ ਬਲਕਿ ਆਪਣਿਆਂ ਨਾਲ ਹੀ ਲੜਨ ਦਾ ਹੌਸਲਾ ਨਹੀਂ ਸੀ ਪੈਣਾ... ਸਵੀ ਤੇਰਾ ਮੈਂ ਕਿੱਥੇ ਕਰਜ਼ਾ ਦਵਾਂਗੀ ਅੜੀਏ?"

"ਚੁੱਪ ਕਰ ਪਾਲੀ... ਕਿਹੋ ਜਹੀਆਂ ਗੱਲਾਂ ਕਰਦੀ ਐਂ... ਮੇਰਾ ਫ਼ਰਜ਼ ਆ ਜੇ ਰੱਬ ਨੇ ਮੁਸੀਬਤ ਪਾਈ ਆ ਤਾਂ ਅੱਪਾਂ ਰਲ ਕੇ ਨਜਿੱਠਾਂਗੇ... ਸਾਡੇ ਮੂੜ੍ਹ ਮੱਤ ਰਿਸ਼ਤੇ ਤਾਂ ਅਜੇ ਇਨ੍ਹਾਂ ਗੱਲਾਂ ਚੋਂ ਈ ਬਾਹਰ ਨੀਂ ਨਿਕਲ ਸਕੇ ਕਿ ਖ਼ੂਨ ਦੇ ਰਿਸ਼ਤੇ ਈ ਸਭ ਤੋਂ ਨੇੜਲੇ ਰਿਸ਼ਤੇ ਹੁੰਦੇ ਨੇ... ਮੈਂ ਇਨ੍ਹਾਂ ਨੂੰ ਚੀਕ ਚੀਕ ਕੇ ਕਹਿਣਾ ਚਾਹੁੰਨੀ ਆਂ ਕਿ ਖ਼ੂਨ ਦੇ ਰਿਸ਼ਤੇ ਹੀ ਬੰਦੇ ਦਾ ਖ਼ੂਨ ਪੀਂਦੇ ਨੇ ਅਜੇ ਬੇਗਾਨੇ ਰਿਸ਼ਤੇ ਫੇਰ ਵੀ ਕਿਤੇ ਨਾ ਕਿਤੇ ਨਾਲ ਖ਼ੜ੍ਹਦੇ ਨੇ... ਤੇਰੇ ਸਟਾਫ਼ ਨੇ ਤੇਰੀ ਐਨੀ ਮਦਦ ਕੀਤੀ ਦੱਸ ਕੇੜ੍ਹਾ ਖ਼ੂਨ ਦਾ ਰਿਸ਼ਤਾ ਸੀ ਤੇਰਾ ਉਨ੍ਹਾਂ ਨਾਲ ਤੇ ਆਹ ਬੱਚੀਆਂ ਰਿਤੂ ਤੇ ਅਨੂ... ਇਹਨਾਂ ਦਾ ਪਿਓ ਮਰਿਐ ਬਾਕੀ ਸਭ ਤਾਂ ਜਿਊਂਦੇ ਨੇ ਚਾਚੇ ਤਾਏ ਭੂਆਂ, ਦਾਦਾ ਦਾਦੀ ਪਰ ਸਭ ਕਿੱਥੇ ਨੇ? ਕਦੇ ਕੋਈ ਪੁੱਛਦੈ ਆ ਕੇ?"

ਚਲ ਛੱਡ ਕਲ ਮੈਂ ਆਵਾਂਗੀ ਤੇ ਆਪਾਂ ਚਾਹ ਪੀਵਾਂਗੇ। " ਕਹਿ ਕੇ ਸਵਰਨ ਨੇ ਫੋਨ ਰੱਖ ਦਿੱਤਾ।

"ਭਾਈ ਬਹੂ ਤੈਂ ਵੀ ਖਾ ਲਿਆ ਕੁਸ਼?" ਕਹਿੰਦਿਆਂ ਤਾਈ ਬਚਨੀ ਨੀਦੋਂ ਉੱਠੀ ਬਾਥਰੂਮ ਵੱਲ ਨੂੰ ਤੁਰੀ ਜਾ ਰਹੀ ਸੀ ਪਰ ਜਸਪਾਲ ਤਾਂ ਕਿਤੇ ਹੋਰ ਹੀ ਪਹੁੰਚੀ ਹੋਈ ਸੀ। ਬੱਸ ਫਿਰ ਕੀ ਸੀ ਰਿਤੂ ਅਨੂ ਪੜ੍ਹਨ ਲੱਗੀਆਂ। ਜਸਪਾਲ ਦੂਹਰੀ ਸ਼ਕਤੀ ਨਾਲ਼ ਕੰਮ ਕਰਦੀ। ਲੋਕਾਂ ਦੀਆਂ ਵਹਿਸ਼ੀ ਨਜ਼ਰਾਂ ਤੋਂ ਆਪਣੇ ਆਪ ਨੂੰ ਬਚਾਉਂਦੀ ਸ਼ੇਰਨੀ ਵਾਂਗ ਵਿਚਰਦੀ। ਹਰ ਕੰਮ ਆਪ ਕਰਦੀ। ਕਦੇ ਕਦਾਈਂ ਪੇਕਿਆਂ ਤੋਂ ਕੋਈ ਭਰਾ-ਭਰਜਾਈ ਗੇੜਾ ਮਾਰ ਜਾਂਦਾ ਪਰ ਸਭ ਆਪੋ ਆਪਣੀਆਂ ਕਬੀਲਦਾਰੀਆਂ 'ਚ ਰੁੱਝੇ ਹੋਏ ਸਨ। ਮਾਂ ਪਹਿਲਾਂ ਜਵਾਈ ਤੇ ਫਿਰ ਸਿਰ ਦੇ ਸਾਈਂ ਦੇ ਤੁਰ ਜਾਣ ਕਰਕੇ, ਕੁੱਝ ਬਿਰਧ ਹੋ ਜਾਣ ਕਰਕੇ ਮੰਜੇ ਨਾਲ ਲੱਗ ਕੇ ਰਹਿ ਗਈ ਸੀ। ਹੱਡੀਆਂ ਦੀ ਮੁੱਠ ਬਣ ਗਈ ਸੀ। ਪਰ ਫੇਰ ਵੀ ਜਸਪਾਲ ਦੀ ਪਿੱਠ ਪੇਕਿਆਂ ਵੱਲੋਂ ਸੌਖੀ ਸੀ। ਸਹੁਰਿਆਂ ਵੱਲੋਂ ਕਦੀ ਕਦੀ ਕੋਈ ਟਾਵਾਂ ਟਾਵਾਂ ਵਿਰਲਾ ਸ਼ਹਿਰ ਦਵਾਈ ਲੈਣ ਆਇਆ ਜਾਂ ਕੋਈ ਹੋਰ ਕੰਮ ਆਇਆ ਜਸਪਾਲ ਦੇ ਘਰ ਆ ਜਾਂਦਾ। ਉਹ ਹਰ ਇੱਕ ਨੂੰ ਵਧੀਆ ਮਿਲਦੀ। ਸੋਚਦੀ ਜਿੰਨਾ ਸੀਰ ਬਣਿਆ ਰਹੇ ਚੰਗਾ ਐ। ਕਦੇ ਕਦਾਈਂ ਦੋਵੇਂ ਧੀਆਂ ਨੂੰ ਤਿੱਥ ਤਿਉਹਾਰ ਨੂੰ ਕਾਰ ਤੇ ਲੈ ਕੇ ਪਿੰਡ ਵੀ ਗੇੜਾ ਮਾਰ ਆਉਂਦੀ ਪਰ ਉਸ ਪ੍ਰਤੀ ਅਤੇ ਉਸਦੀਆਂ ਧੀਆਂ ਪ੍ਰਤੀ ਕਿਸੇ ਦੇ ਸਲੂਕ ਵਿਚ ਬਹੁਤੀ ਤਬਦੀਲੀ ਨਹੀਂ ਸੀ ਆਈ। ਉਸਦਾ ਸਹੁਰਾ ਜ਼ਰੂਰ ਕਦੇ ਨਾ ਕਦੇ ਵਰ੍ਹੇ ਛਿਮਾਹੀ ਘੰਟੇ ਕੁ ਲਈ ਆ ਜਾਂਦਾ। ਜਸਪਾਲ

ਜ਼ਿੰਦਗੀ ਦੀਆਂ ਇਹਨਾਂ ਰਾਹਾਂ ਤੇ ਤੁਰਦਿਆਂ ਕਦੋਂ ਅਧੇੜ ਉਮਰ ਦੀ ਔਰਤ ਬਣ ਗਈ ਤੇ ਰਿਤੂ ਅਨੂ ਜਵਾਨ ਹੋ ਗਈਆਂ ਪਤਾ ਹੀ ਨਾ ਲੱਗਾ। ਰਿਤੂ ਤੇ ਅਨੂ ਦੋਵੇਂ ਮਾਂ ਵਰਗੀਆਂ ਹੀ ਸਿਆਣੀਆਂ, ਸਹਿਣਸ਼ੀਲ ਤੇ ਹੁਸ਼ਿਆਰ ਸਨ। ਅਨੂ ਦਾ ਆਈ. ਏ. ਐਸ. ਦਾ ਇਮਤਿਹਾਨ ਪਾਸ ਹੋ ਗਿਆ ਸੀ ਤੇ ਉਸਦੀ ਪੋਸਟਿੰਗ ਬੰਬੇ ਦੀ ਹੋ ਗਈ ਸੀ। ਉੱਥੇ ਹੀ ਦੱਖਣੀ ਭਾਰਤ ਦੇ ਇੱਕ ਵਧੀਆ ਘਰ ਦੇ ਆਈ ਏ ਐਸ ਮੁੰਡੇ ਨੂੰ ਉਹ ਪਸੰਦ ਆ ਗਈ। ਉਹ ਮੁੰਡਾ ਆਪਣੇ ਮਾਪਿਆਂ ਨੂੰ ਲੈ ਕੇ ਜਸਪਾਲ ਨੂੰ ਮਿਲਣ ਆ ਗਿਆ। ਲੜਕਾ ਕ੍ਰਿਸ਼ਨ ਤੇ ਉਸਦਾ ਪਰਿਵਾਰ ਸਾਦਾ ਵਿਆਹ ਕਰਨ ਦੇ ਹੱਕ 'ਚ ਸੀ। ਜਸਪਾਲ ਨੇ ਪੇਕੀਂ ਸਹੁਰੀਂ ਦੋਵੇਂ ਥਾਂ ਸੁਨੇਹਾ ਦਿੱਤਾ ਪੇਕਿਆਂ ਤੋਂ ਉਸਦੇ ਭਰਾ ਭਰਜਾਈਆ ਗਏ ਪਰ ਸਹੁਰਿਆਂ ਤੋਂ ਸਿਰਫ ਉਸਦੇ ਸੱਸ ਸਹੁਰਾ ਆਏ। ਉਹ ਵੀ ਆ ਕੇ ਬੁੜ ਬੁੜਾਉਣ ਲੱਗ ਪਏ, "ਪਤਾ ਨੀ ਕਿਹੜੀ ਜਾਤ ਆ... ਪੁੱਛਦੀ ਨੀ ਗਿਛਦੀ ਨੀ ਕਿਸੇ ਨੂੰ... ਹੁਣ ਸਾਨੂੰ ਕਾਨੂੰ ਸੁਨੇਹਾ ਦਿੱਤਾ, ਆਹੋ ਮੁੰਡੇ ਆਲਿਆਂ ਨੂੰ ਦਿਖੌਣਾ ਹੋਊ ਬੀ ਮੇਰੇ ਵੀ ਪਿੱਛੇ ਕੋਈ ਹੈਗਾ ਤਾਂ ਬੁਲੌਂਦੀ ਆ ਸਾਨੂੰ ਮਤਲਬ ਵਾਸਤੇ ...।" ਉਸਦੇ ਸਹੁਰੇ ਨੇ ਕਿਹਾ। ਕੋਰਟ ਵਿੱਚ ਅਨੂ ਦਾ ਵਿਆਹ ਕਰ ਦਿੱਤਾ। ਕੋਈ ਖਰਚਾ ਨਹੀਂ ਕੋਈ ਦਹੇਜ ਨਹੀਂ। ਦੋ ਸਾਲ ਹੋ ਗਏ ਵਿਆਹ ਨੂੰ ਸੁਖੀ ਵਸਦੀ ਆ ਅਨੂ। ਸਾਰਿਆਂ ਨੂੰ ਇਸ ਗੱਲ ਤੇ ਵੀ ਇਤਰਾਜ਼ ਸੀ ਕਿ ਛੋਟੀ ਦਾ ਵਿਆਹ ਕਿਉਂ ਕਰ ਦਿੱਤਾ ਪਹਿਲਾਂ। ਕੱਲ੍ਹ ਨੂੰ ਵੱਡੀ ਦਾ ਰਿਸ਼ਤਾ ਨੀਂ ਕਿਸੇ ਨੇ ਲੈਣਾ। ਪਰ ਜਸਪਾਲ ਆਪਣੀ ਤੋਰ ਤੁਰਦੀ ਗਈ। ਜਸਪਾਲ ਇੱਕ ਵੱਡੇ ਸਕੂਲ ਦੀ ਪ੍ਰਿੰਸੀਪਲ ਬਣ ਚੁੱਕੀ ਸੀ ਤੇ ਸ਼ਹਿਰ ਦੇ ਕਈ ਹੋਰ ਸਮਾਜਿਕ ਕੰਮਾਂ ਵਿਚ ਵੀ ਹਿੱਸਾ ਲੈਣ ਲੱਗ ਪਈ ਸੀ। ਇਲਾਕੇ ਵਿੱਚ ਉਸਦਾ ਨਾਂ ਸਤਿਕਾਰ ਨਾਲ ਲਿਆ ਜਾਣ ਲੱਗਾ ਸੀ। ਲੋਕ ਉਸਦੀ ਮਿਹਨਤ, ਸਿਰੜ ਤੇ ਸੰਘਰਸ਼ ਦੀ ਦਾਦ ਦਿੰਦੇ ਸਨ। ਵੱਡੀ ਧੀ ਰਿਤੂ ਨੇ ਬੀ ਡੀ ਐੱਸ ਕੀਤੀ ਸੀ। ਉਸਦੇ ਲਈ ਵਿਦੇਸ਼ੋਂ ਇੱਕ ਵਧੀਆ ਪਰਿਵਾਰ ਦਾ ਰਿਸ਼ਤਾ ਆਇਆ। ਮੁੰਡੇ ਵਾਲਿਆਂ ਬਾਰੇ ਜਸਪਾਲ ਪਤਾ ਕਰਾ ਕੇ ਆਪਣੀ ਤਸੱਲੀ ਕਰ ਚੁੱਕੀ ਸੀ। ਵਿਆਹ ਤੋਂ ਤੀਜੇ ਦਿਨ ਹੀ ਗੀਤੂ ਨੇ ਵਿਦੇਸ਼ ਚਲੇ ਜਾਣਾ ਸੀ। ਸੋ ਉਸਦੀ ਵੀ ਝੱਟ ਮੰਗਣੀ ਤੇ ਪੱਟ ਵਿਆਹ ਕਰਨਾ ਪਿਆ। ਜ਼ਮੀਨ ਵਿੱਚੋਂ ਜਸਪਾਲ ਨੇ ਸਹੁਰਿਆਂ ਤੋਂ ਕੁੱਝ ਨਹੀਂ ਲਿਆ ਸੀ। ਤੇ ਨਾ ਹੀ ਕਿਸੇ ਨੇ ਉਸਨੂੰ ਅਨੂਪ ਦੇ ਹਿੱਸੇ ਦੀ ਜ਼ਮੀਨ ਦੇਣ ਦੀ ਗੱਲ ਕੀਤੀ ਸੀ। ਉਸਨੇ ਆਪਣੀ ਤਨਖਾਹ ਵਿੱਚੋਂ ਹੀ ਮਕਾਨ ਦੀਆਂ ਕਿਸ਼ਤਾਂ ਉਤਾਰੀਆਂ ਸਨ ਤੇ ਤਨਖਾਹ ਚੋਂ ਹੀ ਬੱਚੀਆਂ ਦੀ ਪੜ੍ਹਾਈ, ਗੁਜ਼ਾਰਾ ਤੇ ਤਨਖਾਹ ਚੋਂ ਹੀ ਬੱਚੀਆਂ ਦੇ ਵਿਆਹ ਲਈ ਪੈਸੇ ਜੋੜੇ ਸਨ। ਰਿਤੂ ਦੇ ਵਿਆਹ ਦੀ ਗੱਲ ਚਲਦਿਆਂ ਹੀ ਅਨੂ ਤੇ ਉਸਦੇ ਪਤੀ ਨੇ ਜਸਪਾਲ ਨੂੰ ਆਪਣੇ ਕੋਲ ਆ ਕੇ ਰਹਿਣ ਲਈ ਕਹਿ ਦਿੱਤਾ ਸੀ। ਅਨੂ ਦਾ ਪਤੀ ਬਹੁਤ ਚੰਗਾ ਮੁੰਡਾ ਸੀ ਤੇ ਉਸਦੇ ਮਾਪੇ ਵੀ ਸ਼ਰੀਫ਼ ਸਨ ਜੋ ਉਸਦੇ ਪਿਤਾ ਦਾ ਵਿਦੇਸ਼ਾਂ ਵਿੱਚ ਬਿਜਨਸ ਹੋਣ ਕਰਕੇ ਜ਼ਿਆਦਾ ਤਰ ਵਿਦੇਸ਼ ਹੀ ਰਹਿੰਦੇ ਸਨ। ਜਸਪਾਲ ਬੱਚੀਆਂ ਦੇ ਵਿਆਹ ਕਰਕੇ ਸੁਰਖ਼ਰੂ ਹੋਣਾ ਚਾਹੁੰਦੀ ਸੀ। ਸੋ ਰਿਤੂ ਦੇ ਵਿਆਹ ਦਾ ਦਿਨ ਵੀ ਆ ਗਿਆ ਸੀ। ਵੈਸੇ ਜਸਪਾਲ ਨੇ ਪਹਿਲਾਂ ਤੋਂ ਹੀ ਮੁੱਢਲੀਆਂ ਤਿਆਰੀਆਂ ਕਰਕੇ ਰੱਖੀਆਂ ਹੋਣ ਕਰਕੇ ਉਸਨੂੰ ਕੋਈ ਦਿੱਕਤ ਨਹੀਂ ਆਈ ਸੀ। ਪਿਛਲੇ ਕੁੱਝ ਸਮੇਂ ਤੋਂ ਅਨੂਪ ਦੇ ਰਿਸ਼ਤੇਦਾਰ ਤੇ ਆਂਢੀ ਗੁਆਂਢੀ ਜਸਪਾਲ ਨਾਲ ਵਰਤਣ ਲੱਗ ਪਏ ਸਨ। ਇਹਦੇ ਪਿੱਛੇ ਦੋ ਕਾਰਨ ਸੀ। ਇੱਕ ਤਾਂ ਹਰ ਇੱਕ ਦੇ ਦੁਖਦੇ ਸੁਖਦੇ ਜਸਪਾਲ ਜਾਂਦੀ ਰਹੀ ਦੂਜਾ ਸਮੇਂ ਨਾਲ ਉਹਨਾਂ ਨੂੰ ਅਸਲ ਸਥਿਤੀਆਂ ਦਾ ਪਤਾ ਲੱਗ ਚੁੱਕਾ ਸੀ। ਇਸਦੀ ਕੰਨਸੋਅ ਜਸਪਾਲ ਦੇ ਸਹੁਰਿਆਂ ਨੂੰ ਵੀ ਪੈ ਗਈ ਸੀ ਜਿਸ ਕਰਕੇ ਉਹ ਅਜੇ ਵੀ ਜਸਪਾਲ ਤੇ ਉਸਦੇ ਘਰ ਅਤੇ ਉਸਦੀਆਂ ਬੱਚੀਆਂ ਤੇ ਦੂਜਿਆਂ ਸਾਹਮਣੇ ਆਪਣਾ ਹੱਕ ਜਤਾਉਂਦੇ ਸਨ। ਪਰ ਹੁਣ ਜਸਪਾਲ ਕਿਸੇ ਦੀ ਪਰਵਾਹ ਨਹੀਂ ਸੀ ਕਰਦੀ। ਜ਼ਿੰਦਗੀ ਦੀਆਂ ਥਪੇੜਾਂ ਨੇ ਉਸਨੂੰ ਬਹੁਤ ਮਜ਼ਬੂਤ ਬਣਾ ਦਿੱਤਾ ਸੀ। ਉਹ ਅਜੇ ਨੌਂਕਰੀ ਕਰਦੀ ਸੀ। ਬੇਸ਼ੱਕ ਰਿਟਾਇਰਮੈਂਟ ਦਾ ਸਮਾਂ ਨਹੀਂ ਸੀ ਪਰ ਉਸਦੀ ਲਗਨ ਨੂੰ ਦੇਖਦਿਆਂ ਸ਼ਹਿਰ

ਅਤੇ ਇਲਾਕੇ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਪ੍ਰਿੰਸੀਪਲ ਲੱਗਣ ਲਈ ਬੇਨਤੀ ਪੱਤਰ ਆ ਰਹੇ ਸਨ।

"ਸੌਂ ਜਾ ਭਾਈ ਹੁਣ... ਬਹੁਤ ਰਾਤ ਹੋ ਗਈ।" ਅਚਾਨਿਕ ਤਾਈ ਬਚਨੀ ਦੀ ਅਵਾਜ਼ ਜਸਪਾਲ ਕੇ ਕੰਨੀਂ ਪਈ। ਹਾਂ... ਅ...ਅ...ਤਾਈ ਜੀ...।" ਜਸਪਾਲ ਨੇ ਕਿਹਾ। ਇੱਕ ਡੂੰਘਾ ਹਉਕਾ ਭਰਿਆ ਤੇ ਬਿਨਾਂ ਟਾਈਮ ਦੇ ਪਰਿਵਾਹ ਕੀਤੇ ਸਵਰਨ ਨੂੰ ਫੋਨ ਮਿਲਾਇਆ, "ਸਵੀ... ਮੈਂ ਯਾਰ ਰੋਕ ਨਹੀਂ ਪਾਈ ਆਪਣੇ ਆਪ ਨੂੰ ... ਥੈਂਕਸ ...ਅੱਜ ਮੈਂ ਸੁਰਖ਼ਰੂ ਹੋ ਗਈ... ਸੱਚੀ ਸਵੀ ਤੂੰ ਮੈਨੂੰ ਸੰਭਾਲਿਆ... ਜਦੋਂ ਮੈਂ ਬਿੱਲਕੁੱਲ ਇਕੱਲੀ ਸੀ ਜਦ ਮੇਰਾ ਅਨੂਪ ਮੈਨੂੰ ਛੱਡ ਕੇ ਤੁਰ ਗਿਆ ਸੀ... ਉਦੋਂ ਤੂੰ ਮੈਨੂੰ ਰੱਬ ਬਣ ਕੇ ਬਹੁੜੀ ਸਵੀ... ਉਦੋਂ ਮੈਨੂੰ ਲਗਦਾ ਸੀ ਮੈਂ ਕੱਲੀ ਹਾਂ... ਅੱਜ ਦੀਆਂ ਨੂੰ ਸਹੁਰੀਂ ਭੇਜ ਕੇ ਵੀ ਮੈਂ ਕੱਲੀ ਮਹਿਸੂਸ ਨਹੀਂ ਕਰ ਰਹੀ... ਅੱਜ ਮੇਰੀ ਸਵੀ... ਮੇਰੀ ਰਿਤੂ... ਮੇਰੀ ਅਨੂ... ਮੇਰੇ ਸਵਾਈ... ਸਭ ਮੇਰੇ ਨਾਲ਼ ਨੇ... ਲੋਕ ਸਕੂਲ ਬੱਚੇ... ਸਟਾਫ਼... ਨੌਕਰੀ ਸਭ ਮੇਰੇ ਨਾਲ ਨੇ... ਦੇਖ ਸਵੀ ਅੱਜ ਜਿਹੜੇ ਲੋਕ ਮੈਨੂੰ ਕੱਲੀ ਛੱਡ ਗਏ ਸੀ ਮੇਰੇ ਕੋਲ ਖ਼ੁਦ ਆ ਰਹੇ ਨੇ ਤੇ ਮੈਂ ਮਾਣ ਨਾਲ ਆਪਣੇ ਘਰ ਬੈਠੀ ਹਾਂ। ਸੱਚੀਂ ਸਵੀ ਮੈਨੂੰ ਪ੍ਰਸੰਨਤਾ ਹੈ... ਤਸੱਲੀ ਹੈ, ਮੈਂ ਇਮਾਨਦਾਰ ਸੀ... ਸੱਚੀ ਸੀ ਤੇ ਸਭ ਮੇਰੇ ਨਾਲ ਨੇ... ਦੇਖ ਇਹ ਲੋਕ ਕਿੰਨੇ ਕੱਲੇ ਨੇ ਸਵੀ... ਮੇਰੇ ਵਰਗਾ ਖੁਸ਼ਕਿਸਮਤ ਕੌਣ ਹੈ, ਜਿਹਦੇ ਕੋਲ ਰੂਹ ਦੇ ਰਿਸ਼ਤੇ ਨੇ ਅੜੀਏ... ਤੇਰੇ ਵਰਗੇ ਅਨੂਪ ਵਰਗੇ... ਰਿਤੂ ਅਨੂ ਵਰਗੇ... ਮੇਰੇ ਜਵਾਈ ਵਰਗੇ... ਮੇਰੇ ਵਿਦਿਆਰਥੀਆਂ ਵਰਗੇ... ਮੈਂ ਇਕੱਲੀ ਨਹੀਂ ਹਾਂ... ਰੂਹ ਦੇ ਰਿਸ਼ਤੇ ਰੱਬ ਨੇ ਮੇਰੀ ਝੋਲੀ ਪਾਏ ਨੇ ਅੜੀਏ.. ਤੇ ਇਹ ਲੋਕ ਇਕੱਲੇ ਨੇ ਕਿਉਂਕਿ ਕਿਉਂਕਿ... ਇਹਨਾਂ ਕੋਲ ਸਿਰਫ ਖ਼ੂਨ ਦੇ ਰਿਸ਼ਤੇ ਨੇ... ਰੂਹ ਦੇ ਨਹੀਂ... ਤੇ ਸਵੀ ਤੂੰ ਕਹਿੰਦੀ ਸੀ ਨਾ ਖ਼ੂਨ ਦੇ ਰਿਸ਼ਤੇ ਖ਼ੂਨ ਪੀਂਦੇ ਨੇ... ਸੱਚੀਂ ਖ਼ੂਨ ਪੀਂਦੇ ਨੇ... ਸੱਚੀਂ ਖ਼ੂਨ ਪੀਂਦੇ ਨੇ...।" ਜਸਪਾਲ ਦੀਆਂ ਅੱਖਾਂ ਚੋਂ ਹੰਝੂ ਵਗਣ ਲਗਦੇ ਨੇ ਸਵੀ ਦੀ ਵੀ ਹੰਝੂ ਪੂੰਝਣ ਦੀ ਅਵਾਜ਼ ਫੋਨ 'ਚੋਂ ਸੁਣਾਈ ਦਿੰਦੀ ਹੈ। "ਚੰਗਾ ਪਾਲੀ ਰਾਤ ਬਹੁਤ ਹੋ ਗਈ ਆ... ਹੁਣ ਤੂੰ ਸੌਂ ਜਾ ਬਹੁਤ ਥੱਕੀ ਹੋਈ ਏਂ... ਮੈਂ ਸਵੇਰੇ ਆਵਾਂਗੀ ਤੇ ਆਪਾਂ ਚਾਹ ਪੀਵਾਂਗੇ।" ਕਹਿ ਕੇ ਸਵਰਨ ਫੋਨ ਰੱਖ ਦਿੰਦੀ ਹੈ।

**ਪਤਾ ਪੰਜਾਬੀ ਵਿਭਾਗ, ਯੂਨੀ. ਕਾਲਜ, ਮੂਨਕ (ਸੰਗਰੂਰ) ਮੋਬਾਇਲ-98157-32852**

ਕਹਾਣੀ ਧਾਰਾ

ਦਾ

## 'ਮੇਰੇ ਪੁਰਖੇ' ਵਿਸ਼ੇਸ਼ ਅੰਕ

ਅੰਕ–47 (ਅਕਤੂਬਰ–ਦਸੰਬਰ, 2017)

'ਕਹਾਣੀ ਧਾਰਾ' ਦਾ ਅਗਲਾ (ਅਕਤੂਬਰ–ਦਸੰਬਰ, 2017) ਵਿਸ਼ੇਸ਼ ਅੰਕ 'ਮੇਰੇ ਪੁਰਖੇ' ਹੋਵੇਗਾ। ਪੰਜਾਬੀ ਲੇਖਕ ਇਸ ਅੰਕ ਲਈ ਆਪਣੇ ਪੁਰਖਿਆ ਦੀ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਪਰਿਵਾਰਕ ਜ਼ਿੰਦਗੀ ਬਾਰੇ ਲਿਖ ਕੇ ਭੇਜ ਸਕਦੇ ਹਨ। ਰਚਨਾਵਾਂ ਅਗਸਤ,17 ਦੇ ਅੰਤ ਤੱਕ ਪਹੁੰਚ ਜਾਣੀਆਂ ਚਾਹੀਦੀਆਂ ਹਨ। ਇਹ ਇਸ ਸਾਲ ਦਾ ਲਗਾਤਾਰ ਤੀਜਾ ਅੰਕ ਹੋਵੇਗਾ। **-ਸੰਪਾਦਕ**

## ਕਹਾਣੀ / ਸਰਪਰਾਈਜ਼ / - ਸਿੰਮੀਪ੍ਰੀਤ ਕੌਰ

ਧੜਕਨ ਤੇਜ਼ ਹੋ ਗਈ ਸੀ ਮੇਰੀ ਅੰਗ-ਅੰਗ ਕੰਬ ਰਿਹਾ ਸੀ ਅੰਦਰ ਤਰਥੱਲੀ ਮੱਚੀ ਪਈ ਸੀ ਕਿਵੇਂ ਕਤਲ ਕਰਾਂ ? ਮਾਸੂਮ ਦਾ ? ਜਿਸਨੇ ਅਜੇ ਗਿਣਤੀ ਦੇ ਸਾਹ ਲਏ ਸਨ ਅਜੇ ਤਾਂ ਛੋਟੇ-ਛੋਟੇ ਅੰਗਾਂ ਨੇ ਕਰੂੰਬਲਾਂ ਕੱਢੀਆਂ ਨੇ ਸਕੈਨਿੰਗ ਕਰਦੀ ਹੋਈ ਮੈਂ ਕੰਬ ਰਹੀ ਸਾਂ ਮੈਂ ਕਿਸੇ ਡਰ ਨਾਲ। ਨਹੀਂ ਤਰਸ ਨਾਲ ਭਰੀ। ਨਹੀਂ ਪਾਪ।ਅਪਰਾਧ ਕਰਨ ਤੋਂ ਘਬਰਾ ਰਹੀ ।ਮੇਰੀ ਹਾਲਤ ਐਨੀ ਪਤਲੀ ਕਿਉਂ ਪੈਂਦੀ ਜਾ ਰਹੀ ਸੀ?

ਮੈਂ ਉਹੀ ਸਾਂ ਦਿਨ 'ਚ ਪਤਾ ਨਹੀਂ ਕਿੰਨੀਆਂ ਹੀ ਜ਼ਿੰਦਾਂ ਨੂੰ ਧਰਤੀ ਤੇ ਜੀ ਆਇਆਂ ਆਖਦੀ ਕਈ ਵੇਰ ਅਲਵਿਦਾ ਵੀ ਆਖਣਾ ਪੈਂਦਾ ਪਰ ਤਦ ਤਾਂ ਮੈਂ ਕਦੀ ਵੀ ਐਨੀ ਨਹੀਂ ਘਬਰਾਈ। ਨਾ ਐਨੀ ਸੋਚਾਂ ਵਿਚ ਪਈ ।ਦਿਲ ਤਾਂ ਕਰਦਾ ਸੀ ਸਕੈਨਿੰਗ ਕਰਨ ਦੀ ਕੀ ਲੋੜ ਐ? ਇੰਝ ਹੀ ਕੁਚਲ ਸੁੱਟ ਇਸ ਪਾਪ ਨੂੰ ।

"ਬਚਾ ਲੈ ਪ੍ਰੀਤ ਮੇਰੀ ਧੀ ਨੂੰ ਇਹੀ ਤਾਂ ਸਹਾਰਾ ਰਹਿ 'ਗੀ ਇਹ ਮੇਰੀ।"

ਅੰਟੀ ਮੇਰੇ ਅੱਗੇ ਹਾੜੇ ਕੱਢ ਰਹੀ ਸੀ ਮਾਂ ਦਾ ਖਾਰਾ ਪਾਣੀ ਮੇਰੇ ਤਪਦੇ ਤਨ 'ਤੇ ਪੈ ਰਿਹਾ ਸੀ ਪਰ ਮੇਰੀ ਅੰਦਰਲੀ ਅੱਗ ਨੂੰ ਠਾਰਨ ਤੋਂ ਅਸਮਰੱਥ ਸੀ ਮਨ ਪਸੀਜ ਗਿਆ ਸੀ ਮਾਂ ਦੇ ਤਰਲਿਆਂ ਅੱਗੇ ।

ਦਿਲ ਉਹਨੂੰ ਸਚਾਈ ਨੀਂ ਦੱਸਣਾ ਚਾਹੁੰਦਾ ਜਾਣਦੀ ਸਾਂ ਉਹਦੀ ਹਾਲਤ ਨੂੰ ਕੀ ਬਣੂ ਉਹਦਾ ਰਹਿ-ਰਹਿ ਕੇ ਗੁੱਸਾ ਤਾਂ ਸੁੱਖੀ ਤੇ ਆ ਰਿਹਾ ਸੀ ਮੈਨੂੰ ।ਜੀਅ ਕਰਦਾ ਨੋਚ ਲਵਾਂ ਡੈਣ ਨੂੰ ।ਕੀ-ਕੀ ਨੀਂ ਆ ਰਿਹਾ ਮੇਰੇ ਮਨ 'ਚ ਅੱਜ।

ਸਵੇਰੇ ਜਦ ਸੁੱਖੀ ਨੇ ਫੋਨ ਕੀਤਾ ਸੀ ਤਾਂ ਮੈਂ ਬਹੁਤਾ ਹੈਰਾਨ ਨੀਂ ਹੋਈ ਸੀ ।ਉਹ ਕੀ ਕੁਝ ਕਰ ਸਕਦੀ ਏ ਅੰਦਾਜ਼ਾ ਸੀ ਮੈਨੂੰ ਸੁੱਖੀ ਦੇ ਮੂੰਹੋਂ ਸਚਾਈ ਜਾਣ ਕੇ ਮੈਨੂੰ ਧਰਤੀ ਵਿਹਲ ਨੀਂ ਦੇ ਰਹੀ ਸੀ।

ਸੁੱਖੀ ਨੂੰ ਲੇਬਰ ਰੂਮ 'ਚ ਭੇਜ ਮੈਂ ਆਪਣੇ ਕਮਰੇ 'ਚ ਬੈਠੀ ਸੋਚਾਂ ਦੇ ਡੂੰਘੇ ਵਹਿਣ 'ਚ ਗੋਤੇ ਲਗਾ ਰਹੀ ਸ। ਟੇਬਲ ਕੈਲੰਡਰ ਵੱਲ ਵੇਖ ਤਰੀਕਾਂ ਮੇਰੇ ਜ਼ਿਹਨ 'ਚ ਘੁੰਮਣ ਲੱਗੀਆਂ।

ਪਟਿਆਲੇ ਰਹਿੰਦਿਆਂ ਬਣੀ ਸੀ ਮੇਰੀ ਦੋਸਤ ਸੁੱਖੀ ਇਕੋ ਕਮਰਾ ਪੀ. ਜੀ ਦਾ। ਮੈਂ ਆਪਣੇ ਹੌਸਪੀਟਲ ਦੀ ਪਰੈਕਟਿਸ 'ਚ ਬਿਜ਼ੀ ਸੁੱਖੀ ਯੂਨੀਵਰਸਿਟੀ 'ਚ ਐੱਮ. ਬੀ. ਏ ਦੀ ਸਟੂਡੈਂਟ ਦਿਨਾਂ 'ਚ ਗੂੜੀ ਦੋਸਤੀ ਪੈ ਗਈ ਸੀ ਨਿੱਤ-ਰੋਜ਼ ਦੇ ਬਦਲਵੇਂ ਪਹਿਰਨਾਂ ਦੀ ਸ਼ੌਕੀਨ।

'ਅੱਜ ਮੈਂ ਤੇਰਾ ਟੌਪ ਪਾ ਲਵਾਂ

'ਅੱਜ ਮੈਂ ਤੇਰੀ ਚੱਪਲ। ਨੇਲ-ਪੇਂਟ। ਜੀਨ। ਟੌਪ ਸੂਟ।

ਮੇਰੀ ਹਾਂ ਜਾਂ ਨਾਂਹ ਜਾਨਣ ਦੀ ਤਾਂ ਉਸ ਨੂੰ ਲੋੜ ਹੀ ਨਹੀਂ ਸੀ ਚੀਜ਼ ਪਹਿਨਦੀ ਮੇਰੀ ਤੇ ਬਾਏ-ਬਾਏ ਕਰਦੀ ਭੱਜ ਜਾਂਦੀ ਕਮਰੇ 'ਚੋਂ

"ਮੈਡਮ ! ਪੇਸ਼ੰਟ ਨੂੰ ਕੋਈ ਡਰਿੱਪ ਜਾਂ ਗੋਲੀ।" ਆਖਦੀ ਨਰਸ ਮੇਰਾ ਧਿਆਨ ਤੋੜਦੀ।

ਮੈਂ ਮਨ੍ਹਾਂ ਕਿਉਂ ਕਰ ਦਿੱਤਾ ਸੀ ਨਰਸ ਨੂੰ ਕੁਝ ਵੀ ਦੇਣ ਤੋਂ।ਜਾਣਦੀ ਸਾਂ ਗੋਲੀ ਦੇਣਾ ਬਣਦੈ ਆਪਣੇ ਆਪ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰਦੀ ਮੇਰੀਆਂ ਅੱਖਾਂ ਅੱਗੇ ਨਿੱਕੇ ਮਾਸੂਮ ਦੇ ਕੋਹਲ ਅੰਗ ਘੁੰਮ ਰਹੇ ਸਨ ਕੰਨਾਂ 'ਚ ਜਵਾਕ ਦੀਆਂ ਕਿਲਕਾਰੀਆਂ। ਸ਼ੋਰ ਮੇਰੇ ਕੰਨਾਂ ਤੋਂ ਸਹਿਣ ਨਹੀਂ ਹੋ ਰਿਹਾ।ਮੈਂ ਭੱਜ ਕੇ ਖਿੜਕੀ ਬੰਦ ਕਰ ਦਿੱਤੀ।

ਬਾਜ਼ਾਰ ਵਿਚ ਦੇਖਿਆ ਸੀ ਮੈਂ ਉਹਨੂੰ। ਹੈਰਾਨ ਕਰ ਦਿੱਤਾ ਜਵਾਬ ਦੇ ਕੇ ਉਹਨੇ ਮੈਨੂੰ

"ਪ੍ਰੀਤ ! ਇਹੀ ਸ਼ੌਕ ਨੇ ਮੇਰੇ ਫਰੈਂਡ ਬਣਾਓ ਵੱਧ ਤੋਂ ਵੱਧ ਤੇ ਐਸ਼ ਕਰੋ । ਬਸ ਗੇੜੀਆਂ ਮਾਰਨ ਦੀ ਸ਼ੌਕੀਨ ਆਂ ਉਹ ਭਾਵੇਂ ਕੋਈ ਵੀ ਹੋਵੇ ਆਪਾਂ ਤਾਂ ਸਵੇਰੇ ਤਿਆਰ ਹੋ ਕੇ ਇਨਕੁਆਰੀ ਤੇ ਜਾ ਕੇ ਰੁਕ ਜਾਈਦਾ। ਚਾਹ ਛਕ ਕੇ ਰੌਡੀਆਂ ਮਾਰਨ 'ਤੇ । ਐਸ਼ ਕਰੋ ਬੀਬਾ ਕੀ ਪਿਆ ਇਹਨਾਂ ਪੜਾਈਆਂ 'ਚ?"

ਦਿਨ-ਬ-ਦਿਨ ਉਹਦੇ ਰੰਗ-ਢੰਗ ਮੈਨੂੰ ਹੈਰਾਨ ਕਰਨ ਲੱਗੇ। ਦਿਨ ਭਰ ਦੀਆਂ ਮੌਜ-ਮਸਤੀਆਂ ਸੁਣਾਉਂਦੀ ।

"ਪ੍ਰੀਤ ਅੱਜ ਮੈਂ ਰਾਜਨ ਨਾਲ ਸੀ ਗੋਪਾਲਜ਼ ਵਾਲਿਆ ਦੇ ਗਈ ਸੀ ਤੈਨੂੰ ਪਤੈ ਉਹਨਾਂ ਦਾ ਤੂੰ ਜੇ ਨਹੀਂ ਗਈ ਤਾਂ ਮੈਂ ਲੈ ਕੇ ਚੱਲੂ ਉਥੇ।"

"ਅੱਜ ਮੈਂ ਬੱਬੂ ਨਾਲ ਜਾ ਰਹੀ ਆਂ ਮੂਵੀ ਦੇਖਣ ਉਮੈਕਸ 'ਚ ਚੱਲਣਾ ਤਾਂ ਦੇਖ ਲੈ ਮੈਂ ਵਿੱਕੀ ਨੂੰ ਫੋਨ ਕਰ ਦਿੰਨੀ ਆਂ ਤੈਨੂੰ ਲੈ ਚੱਲੂ ਉਹ।"

ਕੱਪੜਿਆਂ ਵਾਂਗ ਬਦਲਦੀ ਸੀ ਮੁਡਿਆਂ ਨੂੰ ਰੋਜ਼ ਬੈੱਡ ਭਰ ਦਿੰਦੀ ਕੱਪੜੇ ਖਿਲਾਰ-ਖਿਲਾਰ ਅੱਜ ਆਹ ਨੀਂ ਪਾਉਣਾ ਉਹ ਨੀਂ ਐਹ ਨੀਂ ਆਪਣੇ ਅਲਮਾਰੀ ਤੋਂ ਮੁੜ ਮੇਰੀ ਅਲਮਾਰੀ ਫਰੋਲ ਮਾਰਦੀ ।

"ਅੱਜ ਤਾਂ ਮੈਂ ਜੱਸੀ ਨੂੰ ਮਿਲਣੈ ਉਹਨੂੰ ਤਾਂ ਜੀਨ ਪਸੰਦ ਨੀਂ ਪੰਜਾਬੀ ਸੂਟ ਲਾਈਕ ਕਰਦੈ।"

"ਅੱਜ ਨੀਰਜ ਨੂੰ ਉਹਨੂੰ ਤਾਂ ਮੇਰਾ ਯੈਲੋ ਟੌਪ ਬੜਾ ਪਸੰਦ ਐ।"

ਮੈਚਿੰਗ ਚੱਪਲ ਹੇਅਰ ਬੈਂਡ ਪਿੰਨਸ ਇਹੀ ਤਾਂ ਸੀ ਉਸ ਦੀ ਰੋਜ਼ਾਨਾ ਸਟੱਡੀ ਦਾ ਰੁਟੀਨ।

"ਮੈਡਮ ! ਪੇਸ਼ੰਟ ਨੂੰ ਐਨੇਥੀਸੀਆ ਦੇ ਦੇਵਾਂ ਤੁਸੀ ਵੀ ਛੇਤੀ ਆ ਜਾਵੋ ਨਾਲ ਵਾਲੇ ਬੈੱਡ ਦਾ ਕੇਸ ਵੀ ਰੈਡੀ ਸਮਝੋ ਲੇਬਰ ਪੇਨ ਕਾਫ਼ੀ।"

"ਹਾਂ ! ਆਉਂਨੀ ਆਂ।" ਨਰਸ ਨੂੰ ਇਸ਼ਾਰੇ ਨਾਲ ਬਾਹਰ ਜਾਣ ਦਾ ਆਖ ਮੈਂ ਫੇਰ ਕਿਸੇ ਤੰਦ ਨੂੰ ਫੜ੍ਹਨ ਦੀ ਕੋਸ਼ਿਸ਼ ਕਰਨ ਲੱਗੀ।

"ਕਿਉਂ ਕਰਦੀ ਐ ਸੁੱਖੀ ਇਹ ਸਭ ਤੂੰ । ਤੈਨੂੰ ਪਤਾ ਨੀਂ ਇਹਨਾਂ ਮੁੰਡਿਆਂ ਦਾ। ਐਨਿਆਂ ਦੀ ਯਾਰੀ ਭਾਰੀ ਪਊ।"

ਬੜਾ ਸਮਝਾਉਂਦੀ ਮੈਂ ।

"ਡੋਂਟ ਵਰੀ ਯਰ ਲੈਟਸ ਇੰਨਜਆਏ ਚਾਰ ਦਿਨ ਦੀ ਲਾਈਫ ਐ। ਮੌਜ-ਮਸਤੀ ਮਾਰੋ।"

ਪਤਾ ਨੀਂ ਕਿਹੜੀ ਐਸ਼ ਕਰਦੀ ਸੀ ਉਹ।

ਸਵੇਰੇ ਨੌਂ ਵਜੇ ਮਸਾਂ ਉੱਠਦੀ ਸਿਰਹਾਣੇ ਪਿਆ ਫੋਨ ਦਾ ਅਲਾਰਮ ਸੱਤ ਵਜੇ ਤੋਂ ਵੱਜਣ ਲੱਗਦਾ।

ਰਿੰਗ ਵੱਜ ਰਹੀ ਸੀ ਸੁੱਖੀ ਘਰਾੜੇ ਮਾਰੀ ਜਾ ਰਹੀ ਸੀ ਮੈਂ ਚੁੱਕ ਲਿਆ ਫੋਨ ਉਸਦੇ ਪਾਪਾ ਬੋਲ ਰਹੇ ਸਨ। ਐਨੇ ਪਿਆਰ ਨਾਲ ਹਾਲ-ਚਾਲ ਪੁੱਛ ਰਹੇ ਸਨ ਸੁੱਖੀ ਦਾ । ਪੜ੍ਹਾਈ ਲਿਖਾਈ ਦਾ । ਮਨ ਕੀਤਾ ਕਿ ਸਾਰਾ ਕੁਝ ਦੱਸ ਦਿਆਂ ਸ਼ਾਇਦ ਸਮਝਾ ਸਕਣ ਸੁੱਖੀ ਨੂੰ ਘਰ ਲੈ ਜਾਣਗੇ ਸੁੱਖੀ ਨੂੰ ਵੈਸੇ ਵੀ ਸੁੱਖੀ ਇਥੇ ਕਿਹੜੀ ਪੜ੍ਹਾਈ ਕਰ ਰਹੀ ਸੀ।

ਪੀ. ਜੀ ਬੰਦ ਹੋਣ ਦੀ ਟਾਈਮਿੰਗ ਤੀਕ ਮਸਾਂ ਵਾਪਸ ਪਰਤਦੀ ।

"ਅੱਠ ਹਜ਼ਾਰ ਦੀ ਸ਼ੌਪਿੰਗ ਕਰ ਕੇ ਆਈ ਆਂ ਅੱਜ ਮੈਂ ਆ ਦੇਖ ਪ੍ਰੀਤ।"

"ਪਰ ਤੇਰੇ ਪਾਪਾ ਤਾਂ ਕਹਿ ਰਹੇ ਸੀ ਕਿ ਤੂੰ ਬੁਕਸ ਲੈਣੀਆਂ ਨੇ ।

"ਕਿਹੜੀਆਂ ਬੁਕਸ ਪ੍ਰੀਤ ਤੇਰੇ ਵਾਂਗੂੰ ਰਹਿ ਕੇ ਤਾਂ ਹੋ 'ਗੀ ਐਸ਼।"

ਮਨਿੰਦਰ ਕਈ ਦਿਨਾਂ ਤੋਂ ਆਖ ਰਿਹਾ ਸੀ ਮਿਲਣ ਨੂੰ ਮੈਨੂੰ ।ਮੇਰਾ ਹੀਆ ਨੀਂ ਪੈਂਦਾ ਸੀ ।ਐਨੀ ਦੂਰੋਂ ਆਊ ਨਾਲੇ ਘਰ ਦੇ ਕੀ ਸੋਚਣਗੇ? ਦੋ ਮਹੀਨੇ ਤਾਂ ਰਹਿ 'ਗੇ ਸੀ ਵਿਆਹ 'ਚ ।

"ਹੈਲੋ ਜੀਜੂ ਤੁਸੀ ਆ ਜਾਉ ਮਿਲਣ ਇਹਨੂੰ ਭੂਤਨੀ ਨੂੰ ਮੈਂ ਲੈ ਕੇ ਆਊ ।ਤੁਸੀਂ ਦੱਸੋ ਕਦੋਂ ਆਉਂਨੈ?" ਮੇਰ ਹੱਥੋਂ ਮੋਬਾਇਲ ਫੜ ਪਤਾ ਨੀਂ ਕਿਹੜੀਆਂ ਸਾਈਆਂ-ਵਧਾਈਆਂ ਲਗਾ ਲਈਆਂ ਸੀ ਉਸਨੇ ਮਨਿੰਦਰ ਨਾਲ ।

ਮਨਿੰਦਰ ਦੇ ਨੇੜੇ ਹੋ-ਹੋ ਗੱਲਾਂ ਕਰਨਾ ਸੈਲਫ਼ੀਆਂ ਲੈਣੀਆਂ। ਮਨਿੰਦਰ ਨਾਲ ਸਾਂਝੀ ਤਾੜੀ ਮਾਰ ਕੇ ਹੱਸਣਾ ਚੰਗਾ ਨੀਂ ਲੱਗ ਰਿਹਾ ਸੀ ਸੁੱਖੀ ਦਾ ਇਹ ਵਤੀਰਾ ਦੇਖ ਕੇ ਮੈਨੂੰ ।ਪਹਿਲੀ ਵੇਰ ਈ ਕਿੰਨੀ ਖੁੱਲ੍ਹ ਗਈ ਸੀ ਉਹ। ਤੇ ਮਨਿੰਦਰ ਵੀ ਮੇਰੇ ਤੋਂ ਹੱਟ ਕੇ ਉਹਦੇ ਨਾਲ ਵਧੇਰੇ ਗੱਲਾਂ 'ਚ ਮਸਤ ਸੀ ਕੋਲ ਬੈਠੀ ਮੈਂ ਆਪਣੇ ਆਪ ਨੂੰ ਬੇਵਕੂਫ ਲੱਗ ਰਹੀ ਸਾਂ

ਨਰਸ ਫਿਰ ਆ ਕੇ ਮੇਰਾ ਧਿਆਨ ਤੋੜ ਦਿੰਦੀ "ਮੈਡਮ !ਆਇਓ ਲੇਬਰ ਰੂਮ 'ਚ ਕੇਸ ਰੈਡੀ ਐ ਜੀ ਜਵਾਂ। ਤੁਸੀ ਦੂਜੇ ਪੇਸ਼ੰਟ ਬਾਰੇ ਵੀ ਅਜੇ ਕੁਝ ਦੱਸਿਆ ਨੀਂ।"

ਦੂਜੇ ਪੇਸ਼ੰਟ ਬਾਰੇ ਈ ਤਾਂ ਸੋਚਦੀ ਅਸਮਰੱਥ ਹੁੰਦੀ ਜਾ ਰਹੀ ਸਾਂ ਹਿੰਮਤ ਜਵਾਬ ਦਿੰਦੀ ਜਾ ਰਹੀ ਸੀ

ਪੁਠਾ ਲਮਕਾਏ ਜਵਾਕ ਦੀ ਪਿੱਠ ਤੇ ਮਾਰਦਿਆਂ ਮੇਰੇ ਸਾਹ ਸੂਤੇ ਜਾਂਦੇ ਨੇ ਜਿੰਨਾ ਚਿਰ ਬੱਚਾ ਰੋ ਨੀਂ ਪੈਂਦਾ ਅਕਸਰ ਮੇਰਾ ਇਹੀ ਹਾਲ ਹੁੰਦੈ ਕਦੇ-ਕਦੇ ਅਸਮਰੱਥ ਵੀ ਰਹਿ ਜਾਂਦੀ ਜਵਾਕ ਦੀ ਕਿਲਕਾਰੀ ਸੁਣਨ ਤੋਂ 'ਕੁਦਰਤ ਦੇ ਰੰਗ ਆਖ' ਕੁਰਸੀ ਤੇ ਬੈਠੀ ਲੰਮਾ ਸਾਹ ਲੈਂਦੀ ਆਪਾ ਮੁੜ ਇਕੱਤਰ ਕਰਦੀ ਕਿੰਨੀਆਂ ਹੀ ਜ਼ਿੰਦਾਂ ਨਾਲ ਰੋਜ਼ ਵਾਹ ਪੈਂਦਾ ਹੁਣ ਤਾਂ ਮੇਰੀ ਦੇਹੀ ਕੰਬੀ ਜਾ ਰਹੀ ਕਾਬੂ ਨੀਂ ਹੋ ਰਹੀ ਅੱਜ ਤੱਕ ਸਟਿਚਿੰਗ ਦਾ ਕੰਮ ਮੈਂ ਆਪ ਹੀ ਕਰਦੀ ਸਾਂ ਤੇ ਅੱਜ ਮੇਰੀ ਕੰਬਦੇ ਹੱਥੋਂ ਨੀਡਲ ਨਰਸ ਨੂੰ ਫੜਾ ਕੇ ਸੁੱਖੀ ਵੱਲ ਵਧੀ।

ਸੁੱਖੀ ਨੂੰ ਵੇਖ ਵਿਹੁ ਚੜ੍ਹਦੀ ਮੈਨੂ।ਉਹੀ ਜਿਸਨੂੰ ਬੜਾ ਪਿਆਰ ਵੀ ਕਰਦੀ ਤੇ ਸਮਝਾਉਂਦੀ ਵੀ "ਅੱਜ ਕਿਉਂ ? ਇਕ ਪਲ ਮੈਨੂੰ ਸੁੱਖੀ ਸ਼ੈਤਾਨ ਜਾਪਦੀ ਦਿਲ ਕਰਦਾ ਨੋਚ ਸੁੱਟਾਂ ਕਿੱਡੀ ਪਾਪਣ ਐ? ਬੇਦਰਦਣ। ਦੂਜੇ ਪਲ ਤਰਸ ਵੀ ਆ ਜਾਂਦਾ 'ਹੁਣ ਦਿੰਦੀ ਕਿਉਂ ਨੀਂ ਜਨਮ..?

ਮੈਂ ਹੀ ਅੜੀ ਸਾਂ ਸੱਚਾਈ ਨੂੰ ਜਾਨਣ ਲਈ ਤੇ ਹੁਣ ਸਭ ਕੁਝ ਜਾਣ ਕੇ ਸੋਚਦੀ ਹਾਂ ਕਿਉਂ ਜਾਨਣ ਦੀ ਕੋਸ਼ਿਸ਼ ਕੀਤੀ।

"ਉਸ ਖਸਮ ਨੂੰ ਵੀ ਬੁਲਾ ਇਥੇ ਫਿਰ ਐਬਰਸ਼ਨ ਕਰੂ ਮੈਂ।ਨਹੀਂ ਤਾਂ ਮੈਂ ਹੱਥ ਨੀਂ ਲਾਉਨਾ ਤੈਨੂੰ।"

ਉਹਦੀ ਮਾਂ ਨੂੰ ਹੌਂਸਲਾ ਦੇਣਾ ਮੇਰਾ ਧਰਮ ਸੀ "ਕੁਝ ਨੀਂ ਹੁੰਦਾ ਸੁੱਖੀ ਨੂੰ ਬਸ ਛੋਟਾ ਜਿਹਾ ਅਪਰੇਟ ਕਰਨੈ।" ਟੁੱਟੀ ਹੋਈ ਆਤਮਾ ਦੇ ਗਿਣਵੇਂ ਸਾਹ ਕਿਵੇਂ ਖਿੱਚ ਲੈਂਦੀ?

"ਐਧਰ ਆ ਪ੍ਰੀਤ ਤੈਨੂੰ ਮੈਂ ਫੋਟੋਆਂ ਦਿਖਾਵਾਂ ਅੱਜ ਮੈਂ ਬੀਅਰ ਪੀਤੀ ਮਨਰਾਜ ਨਾਲ ਦੇਖ ਮੈਂ ਸੈਲਫੀਆਂ ਲਈਆਂ।"

ਐਸੀਆਂ ਬੇਤੁਕੀਆਂ ਗੱਲਾਂ ਦੀ ਮੈਂ ਆਦੀ ਹੋ ਗਈ ਸਾਂ।ਸਮਝਾ ਕੇ ਵੇਖ ਲਿਆ ਸੀ ਮੈਂ ਉਹਨੂੰ ਉਸ ਦਿਨ ਮੈਂ ਪੱਕੀ ਧਾਰ ਲਈ ਸੀ ਮੈਂ ਇਹਦੇ ਘਰ ਫੋਨ ਕਰਨੈ। ਇਹਦੇ ਪਿਉ ਨੂੰ ਕੀ ਆਖੂ ਮੈਂ? ਰਾਤ ਨੂੰ ਉਹ ਕੋਲ ਸੀ।ਪਤਾ ਨੀਂ ਕਿਉਂ ਅਗਲੇ ਦਿਨ ਤੇ ਕੰਮ ਪਾ ਮੈਂ ਅਵੇਸਲੀ ਹੋ ਗਈ। ਕਦੇ ਕਦੇ ਲੱਗਦੈ ਮੈਂ ਦੇਰ ਕਰ ਦਿੱਤੀ ਸੁੱਖੀ ਘਰ ਫੋਨ ਕਰਨ ਤੋਂ ।

ਪਰ ਅਗਲੀ ਸਵੇਰ ਨੇ ਤਾਂ ਬੜਾ ਕੁਝ ਬਦਲ ਕੇ ਰੱਖ ਦਿੱਤਾ ਸੁੱਖੀ ਤਾਂ ਘਰਾੜੇ ਮਾਰਦੀ ਬੇਸੁਰਤ ਪਈ ਸੀ।

ਬੇਸੁਰਤ ਤਾਂ ਹੁਣ ਵੀ ਕਰਨਾ ਸੀ ਉਸ ਨੂੰ।ਪਰ ਮੈਂ ਐਨੇਥੀਸੀਆ ਨਹੀਂ ਦੇਣਾ ਚਾਹੁੰਦੀ ।ਉਹਨੂੰ ਵੀ ਕਿਸੇ ਪੀੜ ਦਾ ਅਹਿਸਾਸ ਹੋਵੇ।

ਮਸਾਂ ਮੈਂ ਉਹਨੂੰ ਉਠਾ ਕੇ ਚਾਹ ਪਿਆ ਕੇ ਖ਼ਬਰ ਸੁਣਾਈ ਸੀ 'ਤੇਰਾ ?. ਐੱਮ. ਜੀ ਸੌਂ ਗਿਆ ਸਦਾ ਦੀ ਨੀਂਦ। ਪਿਉ ਦਾ ਨੰਬਰ ਉਹਨੇ ਫੋਨ 'ਚ ਇਹੀ ਲਿਖ ਕੇ ਸੇਵ ਕੀਤਾ ਸੀ ? ਮਾਈ ਗਾਡ।

ਅੱਜ ਸੁੱਖੀ ਨੂੰ ਸਦਾ ਦੀ ਨੀਂਦ ਸੁਲਾ ਦੇਣ ਨੂੰ ਦਿਲ ਕੀਤਾ ਪਰ ਸਾਰਾ ਕਸੂਰ ਇਹਦਾ ਤਾਂ ਨੀਂ ਇਹਦਾ ਦੋਸ਼ੀ ਵੀ ਇਹਦੇ ਨਾਲ ਹੋਵੇ ਪਰ ਇਹੀ ਤਾਂ ਮੈਥੋਂ ਹੋ ਨੀਂ ਰਿਹਾ। ਜਾਣਦੀ ਹਾਂ ਐਬਰਸ਼ਨ ਕਰਨ ਦਾ ਵਕਤ ਨੀਂ ਸੁੱਖੀ ਦੀ ਜਾਨ ਨੂੰ ਖ਼ਤਰਾ ਏ ਪਰ ਹੋਰ ਕੋਈ ਹੱਲ ਵੀ ਤਾਂ ਨੀਂ ਮੇਰੇ ਕੋਲ।

ਓਦੋਂ ਤਾਂ ਸੁੱਖੀ ਸੰਭਾਲੀ ਨੀਂ ਜਾਂਦੀ ਸੀ ਮੇਰੇ ਕੋਲੋਂ ਦੰਦਲਾਂ ਭੰਨ-ਭੰਨ ਥੱਕ ਗਈ ਸਾਂ ਮੈਂ ਜਦ ਤੱਕ ਹੋਸ਼ ਆਈ ਉਹਨੂੰ ਉਹਦੇ ਹੱਥ ਤਾਂ ਰਾਖ ਈ ਆਈ ਸੀ ਜਾਂਦੀ ਵਾਰੀ ਮੂੰਹ ਵੀ ਨੀਂ ਵੇਖ ਸਕੀ ਸੀ ਉਹ ਆਪਣੇ ਪਿਉ ਦਾ।

ਯੂਨੀਵਰਸਿਟੀ ਤੋਂ ਉਹਦੀ ਇਕ ਫਰੈਂਡ ਨੇ ਉਹਦੇ ਲੈਕਚਰ ਸ਼ੌਟ ਦਾ ਸੁਨੇਹਾ ਲਗਾਇਆ ਸੀ ਮੈਨੂੰ ਉਹਦੇ ਘਰ ਜਾ ਕੇ ਮੈਂ ਉਹਨੂੰ ਲੈ ਕੇ ਆਈ ਸਾਂ। ਵਾਪਸ ਪਰਤੀ ਸੁੱਖੀ ਦੇ ਚਿਹਰੇ ਉੱਤੇ ਸਦਮੇ ਦੀ ਗਹਿਰੀ ਪਰਤ ਮੈਥੋਂ ਝੱਲ ਨੀਂ ਹੁੰਦੀ ਸੀ ਰੰਗ- ਢੰਗ ਮੈਨੂੰ ਚੰਗਾ ਨਹੀਂ ਲੱਗਦਾ। ਚੰਗਾ ਤਾਂ ਮੈਨੂੰ ਉਹਦਾ ਐਨਾ ਆਜ਼ਾਦ ਘੁੰਮਣਾ ਵੀ ਨੀਂ ਲੱਗਦਾ ਸੀ। ਹਫ਼ਤਾ ਬੀਤ ਗਿਆ ਸੀ ਯੂਨੀਵਰਸਿਟੀ ਤੋਂ ਬਿਨਾਂ ਹੋਰ ਕਿਤੇ ਨਾ ਜਾਂਦੀ ਨਾ ਹੀ ਕਮਰੇ 'ਚੋਂ ਬਾਹਰ ਨਿਕਲਦੀ। ਰੋਟੀ ਵੀ ਥਾਲੀ 'ਚ ਪਾ ਮੈਂ ਲੈ ਆਉਂਦੀ। ਪਰ ਮਸਾਂ ਖਵਾਉਂਦੀ ਉਹਨੂੰ ਬੜਾ ਸਮਝਾਉਂਦੀ ਮੈਂ ਉਹਨੂੰ।

"ਸੁੱਖੀ ! ਯਰ ਮਰਗਿਆਂ ਨਾਲ ਮਰਿਆ ਨੀਂ ਜਾਂਦਾ।"

ਉਹਦੀਆਂ ਪਿਛਲ਼ੀਆਂ ਜਮਾਤਾਂ ਦਾ ਰਿਕਾਰਡ ਦੇਖ ਦੰਗ ਰਹਿ ਗਈ ਸਾਂ ਇਹ ਉਹੀ ਸੁੱਖ ਹੈ ਜੋ ਟੌਪਰ ਰਹੀ ਹੋਵੇ ਤੇ ਹੁਣ।

ਹੁਣ ਜਦ ਉਹਨੂੰ ਹਸਾਉਣ ਦੀ ਕੋਸ਼ਿਸ਼ ਕਰਦੀ ਉਹ ਫਿਸ ਪੈਂਦੀ। ਕਿੰਨਾ ਚਿਰ ਮੈਂ ਉਹਨੂੰ ਚੁੱਪ ਕਰਾਉਂਦੀ ਰਹਿ ਜਾਂਦੀ। ਮੈਂ ਤਾਂ ਉਥੇ ਹੋਰ ਸਿਰਫ਼ ਇਕ ਹਫਤਾ ਹੋਰ ਰਹਿਣਾ ਸੀ। ਵਿਆਹ ਮੇਰੇ 'ਚ ਦਿਨ ਥੋੜ੍ਹੇ ਰਹਿ ਗਏ ਸਨ।

"ਸੁੱਖੀ ਮੇਰਾ ਦਿਲ ਨੀਂ ਕਰਦਾ ਤੈਨੂੰ ਇੰਝ ਛੱਡ ਕੇ ਜਾਣ ਨੂੰ ਯਰ ਸੰਭਲੀ ਦਾ ਹੁੰਦੈ ਤੁਰ ਗਿਐ ਨਾਲ ਸਭ ਕੁਝ ਨੀਂ ਤੁਰ ਜਾਂਦੈ ਤੇਰੇ ਕੋਲ ਤੇਰੀ ਮਾਂ ਏ ਉਹਦੇ ਬਾਰੇ ਸੋਚ।"

ਮੇਰੀ ਝੋਲੀ 'ਚ ਡਿੱਗ ਪਈ ਸੀ ਉਹ ਝੱਲੀ ਨੀਂ ਜਾਂਦੀ ਸੀ ਮੈਥੋਂ ਉਹ ਰੋਂਦੀ ਜਾਣਦੀ ਸਾਂ ਮਾਪਿਆਂ ਦਾ ਵਿਛੋੜੇ ਦਾ ਦਰਦ ਉਹ ਜਿਹੜੇ ਪਿਉ ਦੇ ਸਿਰ 'ਤੇ ਐਸ਼ ਕਰਦੀ ਸੀ ਪਿਆਰ ਵੀ ਸੀ ਉਹਦਾ ਆਪਣੇ ਪਾਪਾ ਨਾਲ ਬੜਾ।

"ਪ੍ਰੀਤ ! ਮੈਂ ਆਪਣੇ ਪਾਪਾ ਦੀ ਕਾਤਲ ਆਂ ਪਾਪਾ ! ਮੁੜ ਆਉ ਵਾਪਸ ਮੈਂ ਮੁੜ ਕੇ ਨੀਂ ਗਲਤੀ ਕਰਦੀ ।ਪਲੀਜ਼ ਪਾਪਾ।"

ਉਹਨੇ ਮੋਬਾਇਲ ਮੇਰੇ ਅੱਗੇ ਕਰ ਦਿੱਤਾ ਸੀ ਵੀਡਿ? ਤੇ ਫੋਟੋਆਂ ਦੇਖ ਦੰਗ ਰਹਿ ਗਈ ਸਾਂ ਮੈਂ ਨਿਊਡ ਸੁੱਖੀ। ਕਿਹੜਾ ਪਿਉ ਹੁੰਦਾ ਜੋ ਆਪਣੀ ਧੀ ਨੂੰ ਦੇਖ ਸਹਾਰ ਲੈਂਦਾ। ਹਰਟ ਅਟੈਕ ਦੇ ਦੌਰੇ ਨੇ ਸੁੱਖੀ ਨਾਲ ਗੱਲ ਕਰਨ ਦਾ ਮੌਕਾ ਈ ਨੀਂ ਦਿੱਤਾ ਸੀ ।

ਵਿਆਹ ਮੇਰੇ ਮਗਰੋਂ ਸੁੱਖੀ ਮੈਨੂੰ ਅੱਜ ਮਿਲੀ ਸੀ। ਸੱਚ ਤੋਂ ਪਰਦਾ ਚੁੱਕ ਕੇ ਮੇਰੇ 'ਤੇ ਅਹਿਸਾਨ ਕੀਤਾ ਸੀ ਜਾਂ ਮੈਨੂੰ ਨੰਗਿਆਂ ਕਰ ਆਪਣੀ ਕਿਸੇ ਜਿੱਤ ਦਾ । ਕਚੀਚੀ ਵੱਟ ਕੇ ਰਹਿ ਗਈ ਸਾਂ ਮੈਂ ਆਪਣਾ ਆਪ ਸਾੜਨ ਤੋਂ ਸਿਵਾ ਮੇਰੇ ਕੋਲਹੋਰ ਬਚਿਆ ਹੀ ਕੀ ਸੀ?

ਬਿਨਾਂ ਐਨੇਥੀਸੀਆ ਦਿੱਤਾ ਜੀਅ ਕਰਦਾ ਸੀ ਸੁੱਖੀ ਦੀਆਂ ਚੀਕਾਂ ਕਢਾ ਦਿਆਂ।

"ਫੇਰ ਭਲਾ ਮੈਨੂੰ ਸ਼ਾਂਤੀ ਮਿਲ ਜੂ, ਅੰਦਰ ਸਾਹ ਲੈਂਦੀ ਜਾਨ ਦੇ ਸਾਹ ਕਿੰਝ ਸੂਤ ਲਏਂਗੀ?"

ਬੱਸ ਇਹੀ ਤਾਂ ਸਮਝ ਨੀਂ ਆ ਰਿਹਾ ਮੈਨੂੰ ।

ਮਨਿੰਦਰ ਦੇ ਫੋਨ 'ਤੇ ਸੁੱਖੀ ਦਾ ਆਇਆ ਫੋਨ ਮੈਂ ਚੁੱਕ ਲਿਆ ਸੀ ਮਨਿੰਦਰ ਬਾਥਰੂਮ 'ਚ ਸੀ ਸੁੱਖੀ ਦੀ ਕੰਬਾਹਟੀ ਆਵਾਜ਼ ਨਾਲ ਮੈਂ ਥਿੜਕੀ ਜ਼ਰੂਰ ਸਾਂ ਪਰ ਮੈਂ ਆਪਣੇ ਆਪ ਨੂੰ ਕਿਸੇ ਸ਼ੱਕ ਦੇ ਘੇਰੇ ਵਿਚ ਨਹੀਂ ਬੰਨ੍ਹਣਾ ਚਾਹੁੰਦੀ ਸਾਂ ਮੈਂ ਮਾਮੂਲੀ ਗੱਲ ਜਾਣ ਟਾਲ ਦਿੱਤੀ।

"ਇਹ ਗੱਲ ਕਿਉਂ ਟਾਲੀ ?" ਇਹਦਾ ਅਹਿਸਾਸ ਤਾਂ ਅੱਜ ਹੋ ਰਿਹਾ ਸੀ ਮੈਨੂੰ ਭਰੋਸਾ ਵੀ ਤਾਂ ਸੀ ਮਨਿੰਦਰ ਮੇਰਾ ਦਸ ਸਾਲਾਂ ਬਾਅਦ ਹੋਣਾ ਸੀ ਬੱਚਾ ਉਸ ਦਿਨ ਮੇਰੇ ਪੇਸ਼ੰਟ ਦੇ । ਦਿਨੇ ਮੈਂ ਮਨਿੰਦਰ ਨੂੰ ਦੱਸ ਦਿੱਤਾ ਸੀ ਕਿ ਅੱਜ ਰਾਤ ਮੈਂ ਹੌਸਪੀਟਲ ਰੁਕਾਂਗੀ ਡਰਿੱਪ ਤੇ ਡਰਿੱਪ ਲਗਾ ਕੇ ਦੇਖ ਲਈ ਸੀ ਪੇਨ ਸਟਾਰਟ ਈ ਨੀਂ ਹੋ ਰਹੀ ਸੀ ਉਮੀਦ ਕਰਦੀ ਸਾਂ ਕਿ ਨਾਰਮਲ ਡਲਿਵਰੀ ਹੋ ਜਾਏ ਪੇਸ਼ੰਟ ਦੀ ਜਾਨ ਦੀ ਇਫਾਜ਼ਤ ਮੇਰਾ ਪਹਿਲਾਂ ਧਰਮ ਤੇ ਕਰਮ ਹੁੰਦਾ ਹੈ । ਮੈਂ ਕਿਸੇ ਹੋਰ ਦੇ ਭਰੋਸੇ ਤੇ ਨਹੀਂ ਰਹਿੰਦੀ। ਤੇ ਮਨਿੰਦਰ ਵਾਰ-ਵਾਰ ਫੋਨ ਕਰੀ ਜਾ ਰਿਹਾ ਸੀ।

"ਪ੍ਰੀਤ, ਕਦੋਂ ਤੀਕ ਆਉਣੈ ਘਰ? ਤੈਨੂੰ ਸਰਪਰਾਈਜ਼ ਦੇਣਾ।"

ਡਲਿਵਰੀ ਕੇਸ ਹੋਰ ਦੋ ਆ ਗਏ ਸਾਰੀ ਰਾਤ ਲੰਘ ਗਈ ਸੀ ਘਰ ਆਈ ਤਾਂ ਮਨਿੰਦਰ ਆਪਣੀ ਡਿਊਟੀ ਤੇ ਜਾ ਚੁੱਕਿਆ ਸੀ ਮੁੜ ਦੁਬਾਰਾ ਸਰਪਰਾਈਜ਼ ਪੁੱਛਣ ਦਾ ਵਕਤ ਈ ਨੀਂ ਮਿਲਿਆ ਸੀ

ਖ਼ੂਨ ਨਾਲ ਲੱਥ-ਪੱਥ ਲੋਥੜੇ ਡਸਟਬਿਨ 'ਚ ਪਏ ਸਨ ।

"ਆਪਣੇ ਖ਼ੂਨ ਦਾ ਕੌਣ ਕਤਲ ਕਰਦੈ?" ਮੇਰੀ ਆਤਮਾ ਮੈਨੂੰ ਪੁੱਛਦੀ ।

"ਡਾਕਟਰ ਜਸਪ੍ਰੀਤ ਕੌਰ।"

"ਕਾਤਲ।" ਤ ਮਨਿੰਦਰ ਨੇ ਫੋਨ ਕਰ ਕੇ ਬੁਲਾਇਆ ਸੀ ਪਰ ਮੈਨੂੰ ਨੀਂ ਪਤਾ ਸੀ ਕਿ ਤੂੰ ਉਸ ਰਾਤ ਘਰ ਨੀਂ ਹੋਣਾ ਸੱਚ! ਪ੍ਰੀਤ! ਮੈਂ ਤਾਂ ਤੇਰੇ ਘਰ ਤੈਨੂੰ ਮਿਲਣ ਆਈ ਸਾਂ ਤੇ ਤੂੰ ਉਸ ਦਿਨ ਮੈਂ ਤੇਰਾ ਬੈੱਡ-ਸ਼ੇਅਰ।"

ਹੋਰ ਮੈਨੂੰ ਕੁਝ ਜਾਨਣ ਦੀ ਲੋੜ ਨਹੀਂ ਸੀ।

ਸੁੱਖੀ ਨੇ ਮੇਰੀਆਂ ਪਰਤਾਂ ਫਰੋਲੀਆਂ ਸਨ ਮੇਰੀ ਖਿਦੋ ਵਿਚਲੀਆਂ ਲੀਰਾਂ ਮੇਰੇ ਉੱਤੇ ਹੱਸ ਰਹੀਆਂ ਸਨ ।

"ਪ੍ਰੀਤ, ਮੈਂ ਪਾਪਾ ਦੇ ਜਾਣ ਮਗਰੋਂ ਕਦੇ ਕਿਸੇ ਨੂੰ ਨਹੀਂ ਮਿਲੀ ਮਨਿੰਦਰ ਤੋਂ ਸਿਵਾ ਪਰ ਅਸੀਂ ਬਹੁਤੇ ਅਡਵਾਂਸ ਨੀਂ ਸੀ ਮੈਂ ਹੋਣਾ ਵੀ ਨੀਂ ਚਾਹੁੰਦੀ ਸਾਂ ਉਸ ਰਾ ਮੈਨੂੰ ਮਨਿੰਦਰ ਦਾ ਅੱਜ ਮਿਲਿਆ ਸੀ ਡਸਟਬਿਨ ਵਿਚ ਪਿਆ ਖ਼ੂਨ ਦਾ ਲੋਥੜਾ ਸਰਪਰਾਈਜ਼।

**ਸੰਪਰਕ-94784-20091**

## ਕਹਾਣੀ / ਸ.ਫਰ ਜਾਰੀ ਹੈ... / -ਸੰਦੀਪ ਚੀਮਾ

ਰੁਕਮਣੀ, ਮੇਰੀ ਪਤਨੀ ਜਿਸਨੂੰ ਅਸੀਂ ਜਿਆਦਾਤਰ ਮਨੀ ਹੀ ਕਹਿੰਨੇ ਆ, ਅੱਜ ਸਵੇਰ ਤੋਂ ਹੀ ਬੈਡ ਉਤੇ ਨਿਢਾਲ ਹੋਈ ਪਈ ਏ ।ਹੁਣ ਤਾਂ ਇਹਨੂੰ ਇਸ ਤਰ੍ਹਾਂ ਪਈ ਦੇਖਣ ਦੀ ਜਿਵੇਂ ਮੈਨੂੰ ਵੀ ਆਦਤ ਜਿਹੀ ਹੋ ਗਈ ਆ। ਪਿਛਲੇ ਦੋ ਕੁ ਮਹੀਨਿਆਂ ਤੋਂ ਇਹ ਹਰ ਤੀਜੇ-ਚੌਥੇ ਦਿਨ ਇਸੇ ਤਰ੍ਹਾਂ ਢਿੱਡ ਵਿੱਚ ਮੁੱਕੀਆਂ ਦੇ ਕੇ ਪੈ ਜਾਂਦੀ ਆ ਤੇ ਚੋਰੀ-ਚੋਰੀ ਰੋਂਦੀ ਵੀ ਏ। ਕਿਸੇ ਖ਼ਾਸ ਬਿਮਾਰੀ ਦਾ ਤਾਂ ਪਤਾ ਨਹੀਂ ਲੱਗਦਾ, ਬੱਸ ਬੀ.ਪੀ. ਕਾਫ਼ੀ ਘੱਟ ਜਾਂਦੈ, ਲੱਤਾਂ ਵਿੱਚ ਜਾਨ ਨਹੀਂ ਰਹਿੰਦੀ ਅਤੇ ਢਿੱਡ ਵਿੱਚ ਅੱਗ ਜਿਹੀ ਲੱਗ ਜਾਂਦੀ ਆ, ਜਿਵੇਂ ਇਹ ਦੱਸਦੀ ਆ ਤੇ ਮੈਨੂੰ ਪਤਾ ਏ ਕਿ ਇਹ ਸੱਚ ਬੋਲਦੀ ਆ। ਇਹਦੀ ਇਸ ਹਾਲਤ ਦਾ ਦੋਸ਼ੀ ਵੀ ਤਾਂ ਮੈਂ ਹੀ ਹਾਂ। ਇਹਦੀ ਇਹ ਬਿਮਾਰੀ 'ਜਨਮ ਅਸ਼ਟਮੀ' ਵਾਲੇ ਦਿਨ ਤੋਂ ਹੀ ਵਧੀ ਐ ਤੇ ਦੋ-ਢਾਈ ਮਹੀਨਿਆਂ ਵਿੱਚ ਹੀ ਇਹਦਾ ਸਰੀਰ ਕਿੰਨਾ ਕਮਜ਼ੋਰਹੋ ਗਿਆ ਏ। ਮੈਂ ਹੀ ਇਹਨੂੰ ਹੌਲੀ-ਹੌਲੀ ਖ਼ਤਮ ਕਰ ਰਿਹਾਂ ਪਰ ਦੋਸ਼ ਫਿਰ ਵੀ ਇਹਦੇ ਸਿਰ ਲਾਈ ਜਾਨਾਂ ਕਿ ਤੂੰ ਆਪਣੀ ਸਿਹਤ ਦਾ ਖ਼ਿਆਲ ਨੀ ਰੱਖਦੀ।

"ਮਨੀ ਕੀ ਗੱਲ ਦਰਦ ਹੁੰਦੈ? ਕਿਤੇ ਬੀ.ਪੀ. ਤਾਂ ਨੀਂ ਘੱਟ ਗਿਆ ਫੇਰ?"

"ਨਹੀਂ, ਬੱਸ ਠੀਕ ਆਂ, ਲੱਤਾਂ 'ਚ ਜਾਨ ਜੀ ਨੀ ਰਹੀ।"

"ਇੰਨੀ ਸਵੇਰੇ ਤਾਂ ਡਾਕਟਰ ਵੀ ਨੀ ਮਿਲਨਾਂ, ਤੇਰਾ ਬੀ.ਪੀ. ਘੱਟਿਆ ਹੋਣੈ?"

"ਕੋਈ ਨੀ ਪਾਣੀ 'ਚ ਲੂਣ ਪਾ ਕੇ ਪੀ ਲੈਨੀ ਆ।"

ਰਸੋਈ ਵਿੱਚ ਚੱਲੀ ਗਈ ਆ। ਮੈਨੂੰ ਵੀ ਹੁਣ ਨਹਾ-ਧੋ ਲੈਣਾ ਚਾਹੀਦੈ, ਭਾਵੇਂ ਅੱਜ ਐਤਵਾਰ ਦੀ ਛੁੱਟੀ ਆ ਪਰ ਨਹਾ ਕੇ ਦੁਕਾਨ 'ਤੇ ਪਾਪਾ ਕੋਲ਼ ਹੀ ਚਲਾ ਜਾਵਾਂਗਾ ਘਰ ਤਾਂ ਮਨੀ ਨੂੰ ਦੇਖ ਕੇ ਜੀਅ ਕਾਹਲ਼ਾ ਪਈ ਜਾਂਦੈ ਤੇ ਨਾਲੇ ਸਵੇਰ ਦੀਆਂ ਪੂਜਾ ਦੀਆਂ ਕਈ ਕਾਲਾਂ ਆ ਚੁੱਕੀਆਂ ਨੇ, ਛੁੱਟੀ ਕਰਕੇ ਮਿਲਣਾਂ ਚਾਹੁੰਦੀ ਹੋਣੀ ਏ ਪਰ ਮੈਂ ਇਸ ਰਿਸ਼ਤੇ ਤੋਂ ਤੰਗ ਆ ਚੁੱਕਾਂ, ਅੱਜ ਮਿਲ ਕੇ ਪੂਜਾ ਨੂੰ ਆਪਣੀ ਮਜਬੂਰੀ ਸਮਝਾ ਦੇਣੀ ਏ ਤੇ ਇਹ ਸਰਾਪਿਆ ਰਿਸ਼ਤਾ ਹਮੇਸ਼ਾ ਲਈ ਖ਼ਤਮ ਕਰ ਦੇਣਾ ਏ। ਮੈਂ ਇੱਥੇ ਖੰਨੇ ਕਾਲਜ ਵਿੱਚ ਐਡਹਾਕ ਬੇਸ ਉਤੇ ਅੰਗਰੇਜ਼ੀ ਲੈਕਚਰਾਰ ਹਾਂ ਅਤੇ ਰੇਲਵੇ ਰੋਡ ਉਤੇ ਸਾਡੀ ਕੀਟ ਨਾਸ਼ਕ ਦਵਾਈਆਂ ਦੀ ਦੁਕਾਨ ਆ,ਜਿੱਥੇ ਪਾਪਾ ਜੀ ਹਰ ਰੋਜ਼ ਬੈਠਦੇ ਨੇ ਤੇ ਇੱਕ ਨੌਕਰ ਰੱਖਿਆ ਹੋਇਐ ।ਸਾਡਾ ਸਾਰਾ ਪਰਿਵਾਰ-ਮੰਮੀ, ਪਾਪਾ, ਮਨੀ, ਮੇਰਾ ਤਿੰਨ ਕੁ ਸਾਲ ਦਾ ਬੇਟਾ ਰੌਬਿਨ ਸਭ ਵਧੀਆ ਨੇ, ਬੱਸ ਮੈਂ ਹੀ ਘਟੀਆ ਆ ਜੋ ਹੱਸਦੇ-ਖੇਡਦੇ ਪਰਿਵਾਰ ਨੂੰ ਉਜਾੜਨ 'ਤੇ ਤੁਲਿਆ ਹੋਇਆਂ ਪਰ ਮੈਂ ਵੀ ਮਜਬੂਰਆਂ। ...ਕੀ ਕਰਾਂ?. . . .??? ਚੱਲੋ ਹੁਣ ਨਹਾ ਲਵਾਂ। ਨਹਾਉਣ ਜਾਣ ਤੋਂ ਪਹਿਲਾਂ ਮੋਬਾਇਲ ਫੋਨ ਸਾਇਲੰਟ 'ਤੇ ਲਾ ਦਵਾਂ ਕਿਤੇ ਪਿੱਛੋਂ ਫੇਰ ਪੂਜਾ ਦੀ ਕਾਲ ਨਾ ਆ ਜੇ ਤੇ ਘਰ ਵਿੱਚ ਫੈਲੀ ਟੈਂਸ਼ਨ ਹੋਰ ਸਾਹ ਘੁੱਟਵੀਂ ਹੋ ਜਾਵੇ। "ਨਾਉਣ ਲੱਗੇ ਓਂ, ਕਿਤੇ ਜਾਣੈ? ਅੱਜ ਤਾਂ ਛੁੱਟੀ ਆ??. . ."

"ਨਹੀਂ ਜਾਣਾ ਕਿਥੇ ਆ, ਬੱਸ ਸੁਸਤੀ ਜੀ ਪਈ ਆ, ਮੈਂ ਕਹਿਨਾਂ ਨਹਾ-ਧੋ ਕੇ ਦੁਕਾਨ ਤੇ ਚਲਾ ਜਾਵਾਂ ਅੱਜ।"

ਮੈਨੂੰ ਪਤੈ ਹੁਣ ਇਹਨੇ ਕੁਛ ਨੀ ਬੋਲਣਾ ਪਰ ਫੇਰ ਵੀ ਇਹਦੀਆਂ ਮੋਟੀਆਂ-ਮੋਟੀਆਂ ਅੱਖਾਂ ਤਰਲਿਆਂ ਵਰਗੇ ਸਵਾਲ ਕਰਦੀਆਂ ਰਹਿੰਦੀਆਂ ਨੇ। ਕਦੇ-ਕਦੇ ਵਿਅੰਗ ਵੀ ਕਰਦੀਆਂ ਨੇ ਜਿਵੇਂ ਕਹਿੰਦੀਆਂ ਹੋਣ ਮੈਨੂੰ ਸਭ ਪਤੈ ਤੁਸੀਂ ਦੁਕਾਨ ਤੇ ਜਾ ਰਹੇ ਓਂ ਜਾ ਉਸ ਕੰਜਰੀ ਪੂਜਾ ਨੂੰ ਮਿਲਣ..

"ਮਨੀ ਮੇਰਾ ਸਾਬਣ ਤਾਂ ਦੇ ਜੀਂ. . .ਈਂ. . . . .।"

ਮੈਂ ਤਾਂ ਜਿਆਦਾਤਰ ਆਪਣੇ ਸਾਬਣ ਨਾਲ਼ ਹੀ ਨਹਾਉਨਾ, ਡਵ ਨਾਲ਼, ਪਰ ਮਨੀ ਨੂੰ ਪਤਾ ਨੀਂ ਕਿਉਂ ਲਿਰਿਲ ਸਾਬਣ ਬਹੁਤ ਪਸੰਦ ਆ ਤੇ ਉਹਦੀ ਖ਼ੁਸ਼ਬੋ। ਇਹਦੇ ਮੰਮੀ-ਪਾਪਾ ਤਾਂ ਜਿਵੇਂ ਬਰਾਂਡ ਅੰਬੇਸਡਰ ਹੋਣ ਲਿਰਿਲ ਸਾਬਣ ਦੇ, ਪੰਜ ਸਾਲ ਹੋ ਗਏ ਮੇਰੇ ਵਿਆਹ ਨੂੰ ਮੈਂ ਉਨ੍ਹਾਂ ਦੇ ਕਦੇ ਹੋਰ ਕੋਈ ਨਾਉਣ ਆਲ਼ੀ ਸਾਬਣ ਨੀਂ ਦੇਖੀ।

ਸਵੇਰ ਦੀ ਰੋਟੀ ਦੇ ਭਾਂਡੇ ਵਗੈਰਾ ਸਾਫ਼ ਕਰਕੇ ਇਹ ਫੇਰ ਬੈਡ ਤੇ ਲੰਮੀ ਪੈ ਗਈ ਆ। ਮੈਨੂੰ ਇਹਦੀ ਸਿਹਤ ਠੀਕ ਨੀ ਲੱਗਦੀ, ਰੰਗ ਅੱਗੇ ਨਾਲੋਂ ਕਿੰਨਾ ਫੱਕ ਜਿਹਾ ਹੋ ਗਿਐ, ਗੋਲ਼ ਗੋਭਲ਼ਾ ਜਿਹਾ ਚਿਹਰਾ ਚਿਪਕ ਗਿਐ,ਮੋਟੀਆਂ ਨਸ਼ੀਲੀਆਂ ਅੱਖਾਂ ਗਹਿਰੀਆਂ ਜਿਹੀਆਂ ਹੋ ਗਈਆਂ ਨੇ ਤੇ ਬਾਕੀ ਸਰੀਰ ਵੀ ਢਿੱਲਕ ਜਿਹਾ ਗਿਐ. . . . . ਤੇ ਮੈਂ ਇਹਦੇ ਸਾਹਮਣੇ ਖੜਾਂ ਇਹਦਾ ਅਪਰਾਧੀ ਪਰ ਸਜਾ ਦੇਣ ਦੀ ਥਾਂ ਇਹ ਹਰ ਵੇਲ਼ੇ ਮੇਰੀ ਫ਼ਿਕਰ ਕਰਦੀ ਰਹਿੰਦੀ ਆ, ਵਾਹ ! ਇਹ ਆ ਭਾਰਤੀ ਮਰਦ ਪ੍ਰਧਾਨ ਸਮਾਜ ਦੀ ਸਿਰਜੀ ਆਦਰਸ਼ ਔਰਤ। ਇਹਦੇ 'ਚ ਕੋਈ ਸ਼ੱਕ ਨੀ ਕਿ ਮਨੀ ਇੱਕ ਆਦਰਸ਼ ਪਤਨੀ ਆ, ਮੇਰੇ ਮੰਮੀ-ਪਾਪਾ ਨੂੰ ਆਪਣੇ ਮਾਂ-ਬਾਪ ਤੋਂ ਵੱਧ ਸਮਝਦੀ ਆ, ਮੇਰੇ ਮਕਾਨ ਨੂੰ ਇਹਨੇ ਘਰ ਬਣਾ ਦਿੱਤਾ, ਬਾਲ-ਗੋਪਾਲ ਵਰਗਾ ਰੌਬਿਨ ਦਿੱਤਾ ਜੋ ਹਰ ਸਮੇਂ ਹੱਸਦਾ ਰਹਿੰਦੈ, ਹੁਣ ਵੀ ਜਦੋਂ ਨਹਾ ਕੇ ਬਾਥਰੂਮ 'ਚੋਂ ਬਾਹਰ ਆਇਆਂ, ਹੱਥਾਂ 'ਚ ਬਰੀਕ ਪਕੌੜੀਆਂ ਵਾਲ਼ੀ ਕੌਲੀ ਫੜੀ ਹੱਸਦਾ-ਹੱਸਦਾ ਲੱਤਾਂ ਨੂੰ ਚਿੰਬੜ ਗਿਐ ਤੇ ਵਿਹੜੇ ਵਿੱਚ ਫਿਰ ਰਹੀ ਚਿੜੀ ਵੱਲ ਹੱਥ ਕਰਕੇ ਮੈਨੂੰ ਸਾਡੀ ਖੇਡ ਯਾਦ ਕਰਾਉਣ ਲੱਗਾ"ਪਾਪਾਤਿਰੀ. . . .ਪਾਪਾ. . . .. ਤਿਰੀ. . ." ਅਸੀਂ ਵਿਹਲੇ ਸਮੇਂ ਰਲ਼ ਕੇ ਚਿੜੀਆਂ ਫੜਦੇ ਆਂ।

"ਮਨੀ ਜੇ ਠੀਕ ਨੀਂ ਤਾਂ ਡਾਕਟਰ ਨੂੰ ਦਿਖਾ ਲੈਨੇ ਆਂ?"

"ਨਹੀਂ, ਕੋਈ ਨੀ, ਹੁਣ ਮੈਂ ਠੀਕ ਆ, ਤੁਸੀਂ ਬੱਸ ਆਪਣਾ ਤੌਲੀਆ ਧੁੱਪੇ ਪਾ ਦੋਂਗੇ? ਸਮੈਲ ਜੀ ਆਉਂਦੀ ਸੀ।"

ਮੈਂ ਹੁਣ ਹੋਰ ਕੀ ਕਹਾਂ? ਇਹ ਆਪਦੇ ਤੇ ਰਹਿਮ ਨੀਂ ਕਰਦੀ ਤਾਂ ਮੈਨੂੰ ਬਹੁਤ ਤਕਲੀਫ਼ ਹੁੰਦੀ ਏ। ਮੈਂ ਵੀ ਇਹਨੂੰ ਬਹੁਤ ਪਿਆਰ ਕਰਦਾਂ ਪਰ ਮੇਰੇ ਪਿਆਰ 'ਤੇ ਕੋਈ ਕੀ ਯਕੀਨ ਕਰੇ, ਮੈਂ ਤਾਂ ਹੁਣ ਤੱਕ ਪਤਾ ਨੀ ਕਿੰਨੇ ਕੁ ਪਿਆਰ ਕਰ ਚੁੱਕਾਂ, ਵਿਆਹ ਤੋਂ ਪਹਿਲਾਂ ਵੀ ਤੇ ਬਾਅਦ 'ਚ ਵੀ। ਰੱਬ ਨੇ ਥੋੜੀ ਜੀ ਸ਼ਕਲ ਸੋਹਣੀ ਦੇ ਤੀ ਤੇ ਆਪਾਂ ਵੀ ਇਹਦਾ ਪੂਰਾ ਫਾਇਦਾ ਉਠਾਇਐ। ਪੂਜਾ ਤੋਂ ਪਹਿਲਾਂ ਮੇਰਾ ਅਫੇਅਰ ਮੇਰੀ ਹੀ ਕੁਲੀਗ ਸਿੰਮੀ ਨਾਲ਼ ਸੀ, ਨਵੀਂ ਆਈ ਅੰਗਰੇਜ਼ੀ ਲੈਕਚਰਾਰ। ਕਾਲਜ 'ਚ ਉਹਦੇ ਨਾਲ਼ ਦਿਨ ਤੀਆਂ ਵਰਗੇ ਲੰਘਦੇ ਸੀ ਤੇ ਘਰੇ ਮਨੀ ਨਾਲ਼। ਉਦੋਂ ਮੇਰਾ ਵਿਆਹ ਤਾਜ਼ਾ-ਤਾਜ਼ਾ ਹੀ ਹੋਇਆ ਸੀ। ਦੋ ਕੁ ਸਾਲ ਵਧੀਆ ਅਫੇਅਰ ਚੱਲਿਆ। ਖ਼ਾਲੀ ਪੀਰੀਅਡ ਸਿੰਮੀ ਮੇਰੇ ਨਾਲ਼ ਲਿਟਰੇਚਰ ਉਤੇ ਗੱਲਾਂ ਕਰਦੀ ਰਹਿੰਦੀ ਤੇ ਜੇ ਕੋਈ ਕੋਲ਼ ਨਾ ਹੁੰਦਾ ਤਾਂ ਸਾਡੇ ਪਿਆਰ ਬਾਰੇ। ਕਈ ਵਾਰ ਅਸੀਂ ਬਾਹਰ ਇਕੱਲੇ ਵੀ ਮਿਲੇ ਤੇ ਸਾਰੀਆਂ ਹੱਦਾਂ ਵੀ ਟੱਪ ਗਏ ਪਰ ਬਾਅਦ 'ਚ ਮੈਂ ਹੀ ਇਸ ਰਿਲੇਸ਼ਨ ਤੋਂ ਅੱਕ ਗਿਆ। ਮੈਂ ਸੋਚਿਆ ਸੀ ਕਿ ਸਿੰਮੀ ਨੂੰ ਮੇਰੀ ਲਿਟਰੇਚਰ ਦੀ ਸਮਝ ਤੇ ਕਲਾ ਨਾਲ਼ ਪਿਆਰ ਏ ਪਰ ਨਹੀਂ. . . .। ਇੱਕ ਦਿਨ ਮੈਂ ਪੁੱਛਿਆ,

"ਸਿੰਮੀ, ਤੈਨੂੰ ਮੇਰੇ ਨਾਲ਼ ਪਿਆਰ ਕਿਵੇਂ ਹੋ ਗਿਆ ਮੈਰਿਡ ਬੰਦੇ ਨਾਲ਼?"

"ਤੁਸੀਂ ਸੋਹਣੇ ਬਹੁਤ ਲੱਗਦੇ ਓਂ, ਜਮਾਂ ਅਮਰਿੰਦਰ ਗਿੱਲ ਏ ਲੱਗਦੇ ਓਂ।"

ਬੁਜ ਦਿਮਾਗ, ਸੋਹਣਾ ਤਾਂ ਪੰਜਾਬੀ ਆਲ਼ਾ ਬਾਜਵਾ ਵੀ ਲੱਗਦੈ, ਮੇਰੇ ਨਾਲੋਂ ਵੀ ਵੱਧ, ਉਹਦੇ ਵੀ ਪਾ ਲਿਆ ਕਰ ਗਲ਼ 'ਚ ਬਾਹਾਂ। ਸਿੰਮੀ ਦਾ ਫੋਨ ਘਰ ਵੀ ਆ ਜਾਂਦਾ ਸੀ ਤੇ ਮਨੀ ਨੂੰ ਫੋਨ ਦਾ ਪਤਾ ਵੀ

ਲੱਗ ਗਿਆ ਸੀ ਪਰ ਮੈਂ ਮਨੀ ਨੂੰ ਸਮਝਾ ਲਿਆ ਸੀ ਤੇ ਵਾਅਦਾ ਕੀਤਾ ਸੀ ਕਿ ਇਹ ਰਿਲੇਸ਼ਨ ਛੇਤੀ ਹੀ ਖ਼ਤਮ ਕਰ ਦੇਵਾਂਗਾ ਤੇ ਰੱਬ ਵੱਲੋਂ ਹੀ ਮਹੀਨੇ ਕੁ ਬਾਅਦ ਸਿੰਮੀ ਦੀ ਮੈਰਿਜ ਹੋ ਗਈ ਤੇ ਉਹ ਨੌਕਰੀ ਛੱਡ ਗਈ ਪਰ ਮੇਰੇ ਮਨ ਦੀ ਭਟਕਣ ਫੇਰ ਵੀ ਸ਼ਾਂਤ ਨਾ ਹੋਈ। ਕਈ ਦਿਨ ਦੁਨੀਆ ਖ਼ਾਲੀ-ਖ਼ਾਲੀ ਜਿਹੀ ਲੱਗੀ ਜਿਵੇਂ ਕੁੱਝ ਗੁਆਚ ਗਿਆ ਹੋਵੇ, ਬੱਸ ਥੋੜੇ ਹੀ ਦਿਨ ਬਾਅਦ ਦਿਲ ਓਹ ਤਿੰਨ ਮਕਾਨ ਛੱਡ ਕੇ ਹਰੀ ਟੈਂਕੀ ਵਾਲ਼ੇ ਸਤਪਾਲ ਜੀ ਦੀ ਬੀ.ਟੈਕ. ਕਰਦੀ ਕੁੜੀ ਪੂਜਾ ’ਤੇ ਆ ਗਿਆ ਤੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇੱਕ ਦਿਨ ਮੇਰੇ ਫੋਨ ’ਤੇ ਪੂਜਾ ਦੀ ਕਾਲ ਆ ਗਈ, ਕਹਿੰਦੀ ਮੈਂ ਤਾਂ ਤੁਹਾਨੂੰ ਛੇ ਸਾਲ ਤੋਂ ਪਿਆਰ ਕਰਦੀ ਆਂ। ਮੈਂ ਪੁੱਛਿਆ ਕਿ ਨੰਬਰ ਕਿੱਥੋਂ ਲਿਐ? ਤਾਂ ਕਹਿੰਦੀ ਸਾਲ ਪਹਿਲਾਂ ਆਂਟੀ ਤੋਂ ਲਿਆ ਸੀ, ਸਿਲੇਬਸ ਪੁੱਛਣ ਦੇ ਬਹਾਨੇ, ਬੱਸ ਫੋਨ ਕਰਨ ਦੀ ਹਿੰਮਤ ਅੱਜ ਹੋਈ ਆ ਜਦੋਂ ਤੁਸੀਂ ਪਿਆਰ ਨਾਲ਼ ਦੇਖ਼ਣ ਲੱਗੇ ਓਂ।

ਹੁਣ ਤਾਂ ਬੱਸ ਜਦ ਵੀ ਪੂਜਾ ਦਾ ਨਾਂ ਯਾਦ ਆਉਂਦੈ, ’ਜਨਮਅਸ਼ਟਮੀ’ ਆਲ਼ਾ ਦਿਨ ਯਾਦ ਆ ਜਾਂਦੈ। ਹੁਣ ਵੀ ਸਵੇਰ ਤੋਂ ਅੱਠ ਮਿਸ ਕਾਲਾਂ ਆ ਚੁੱਕੀਆਂ ਨੇ ਪੂਜਾ ਦੀਆਂ, ਅੱਜ ਤਾਂ ਮੈਂ ਕਿਸੇ ਵੀ ਤਰਾਂ ਇਹ ਰਿਸ਼ਤਾ ਖ਼ਤਮ ਕਰ ਦੇਣਾ ਏ ਤੇ ਆਪਣੇ ਪਰਿਵਾਰ ਕੋਲ਼ ਮਨ ਤੋਂ ਵਾਪਿਸ ਮੁੜ ਆਉਣੈ ਜਿਹੜਾ ਮਨ ਪਤਾ ਨੀ ਕਿੰਨੀ ਦੂਰ ਨਿਕਲ ਚੁੱਕਾ ਏ, ਪਰ ਇਹਦੇ ਲਈ ਪੂਜਾ ਨੂੰ ਮਿਲਣਾ ਬਹੁਤ ਜਰੂਰੀ ਏ ਤੇ ਮੈਨੂੰ ਖ਼ੁਸ਼ੀ ਏ ਕਿ ਅੱਜ ਮੈਂ ਇੱਕ ਚੰਗਾ ਕੰਮ ਕਰਨ ਜ ਾਰਿਹਾਂ।

“ਤੌਲੀਆ ਤਾਂ ਮੈਂ ਤਾਰ ’ਤੇ ਪਾ ਆਇਆਂ, ਹੁਣ ਮੈਂ ਪਾਪਾ ਕੋਲ਼ ਦੁਕਾਨ ’ਤੇ ਜਾਵਾਂ।” ਮੈਂ ਮਨੀ ਦੇ ਵਾਲਾਂ ’ਤੇ ਹੱਥਫੇਰਦਿਆਂ ਕਿਹੈ, ਇਹਨੇ ਵਿਚਾਰੀ ਨੇ ਕੀ ਕਹਿਣੈ ਪਰ ਇਹਦੀਆਂ ਅੱਖਾਂ ਜਿਵੇਂ ਕਹਿੰਦੀਆਂ ਹੋਣ ਕਿ ਅੱਜ ਨਾ ਜਾਉਕਿਤੇ ਪਰ ਮੈਂ ਚੁੱਪ ਕਰਕੇ ਬਾਇਕ ਚੁੱਕ ਕੇ ਨਿਕਲ਼ ਪਿਆਂ।

ਇਹ ਸਾਹਮਣੇ ਖੰਨੇ ਦਾ ਮਸ਼ਹੂਰ ਰੇਲਵੇ ਰੋਡ ਹੈ, ਵੜਦਿਆਂ ਹੀ ਲੋਹੇ ਦੇ ਤਸਲੇ, ਚਾਕੂ, ਛੁਰੀਆਂ, ਸੰਗਲਾਂ ਦੇ ਹੋਕੇ ਸੁਣਦੇ ਨੇ, ਅੱਗੇ ਖੱਬੇ ਪਾਸੇ ਦਸ ਕੁ ਦੁਕਾਨਾਂ ਛੱਡ ਕੇ ਸਾਡੀ ਦੁਕਾਨ ਏ, ਇਹਦੇ ਨਾਲ਼ ਹੀ ਗੋਹ ਵਾਲ਼ਿਆਂ ਦੀ ਪੁਰਾਣੀ ਕਰਿਆਨੇ ਦੀ ਦੁਕਾਨ ਏ, ਗੋਹ ਦੇ ਲਾਲੇ ਨੇ, ਪਹਿਲਾਂ ਕਿਸ਼ੋਰੀ ਬਾਬਾ ਬੈਠਦਾ ਸੀ, ਹੁਣ ਰਮੇਸ਼ ਬੈਠਦੈ, ਇਹ ਵੀ ਪਿਉ ਵਰਗਾ ਹੀ ਬਣਦਾ ਜਾਂਦੈ ਗੋਲ਼-ਮਟੋਲ।ਮੈਨੂੰ ਵੀਹ ਸਾਲ ਹੋ ਗਏ ਦੇਖਦਿਆਂ ਇਹਨਾਂ ਦੀ ਦੁਕਾਨ ਉਸੇ ਤਰਾਂ ਈ ਏ, ਬਾਹਰ ਗੁੜ-ਸ਼ੱਕਰ ਦੀਆਂ ਖੁੱਲੀਆਂ ਬੋਰੀਆਂ ਵਿੱਚੋਂ ਉਠਦੀ ਮਿੱਠੀ ਖ਼ੁਸ਼ਬੋ, ਉਤੇ ਭਿਣ-ਭਿਣ ਕਰਦੀਆਂ ਭਰਿੰਡਾਂ ਤੇ ਭੂੰਡ, ਛੋਟਾ ਹੁੰਦਾ ਮੈਂ ਕਿੰਨਾ ਡਰਦਾ ਹੁੰਦਾ ਸੀ ਭਰਿੰਡਾਂ ਤੋਂ, ਦੁਕਾਨ ਦੇ ਅੰਦਰਲੀ ਦਾਲ਼ਾਂ, ਤੇਲਾਂ ਤੇ ਸਾਬਣਾਂ ਦੀ ਸੁਗੰਧ ਮੈਨੂੰ ਇੱਥੇ ਬਾਹਰ ਖੜੇ ਨੂੰ ਵੀ ਆ ਰਹੀ ਏ।ਬੱਸ ਇੰਨੇ ਸਾਲਾਂ ’ਚ ਇਹ ਬਦਲਿਆ ਏ ਕਿ ਦੁਕਾਨ ਦੇ ਅੱਗੇ ਸ਼ੀਸ਼ਾ ਲੱਗ ਗਿਐ ਤੇ ਟੈਲੀਫੋਨ ਵਰਤਣ ਲੱਗ ਪਏ ਨੇ।

“ਪਾਪਾ ਜੈਲਾ ਆਇਆ ਕਿ ਨਹੀਂ ਅੱਜ?”

“ਆਇਐ, ਉਤੇ ਨਵਾਂ ਸਟਾਕ ਟਿਕਾ ਰਿਹੈ, ਤੂੰ ਅੱਜ ਮਨੀ ਨੂੰ ਦਿਖਾ ਲੈਂਦਾ ਕਿਸੇ ਡਾਕਟਰ ਨੂੰ, ਮੈਨੂੰ ਤਾਂ ਪੀਲ਼ੀਆ ਹੋ ਗਿਆ ਲੱਗਦੈ, ਨਾਲ਼ੇ ਟੈਸਟ ਕਰਾ ਲਿਉ।”

“ਅੱਜ ਤਾਂ ਐਤਵਾਰ ਆ, ਅੱਧਾ ਬਜ਼ਾਰ ਬੰਦ ਹੋਊ, ਕੱਲ ਸ਼ਾਮ ਨੂੰ ਦੇਖਾਂਗੇ।”

ਮੈਂ ਉਤੇ ਸਟੋਰ ਵਿੱਚ ਬੈਠ ਕੇ ਪੂਜਾ ਨਾਲ਼ ਗੱਲ ਤਾਂ ਕਰ ਲਈ ਤੇ ਮਿਲਣ ਦਾ ਪ੍ਰੋਗਰਾਮ ਵੀ ਬਣਾ ਲਿਆ ਪਰ ਸਾਰਾ ਟਾਇਮ ਮੇਰਾ ਧਿਆਨ ਮਨੀ ਵਿੱਚ ਹੀ ਰਿਹੈ।ਜੈਲੇ ਨੂੰ ਮੈਂ ਹੇਠਾਂ ਭੇਜ ਦਿੱਤੈ,ਮੈਨੂੰ ਕਿਸੇ ਦੇ ਸਾਹਮਣੇ ਕੁੜੀ ਨਾਲ਼ ਗੱਲਾਂ ਕਰਨੀਆਂ ਹੋਛੀਆਂ ਜਿਹੀਆਂ ਲੱਗਦੀਆਂ ਨੇ।ਹੁਣ ਮੈਨੂੰ ਦੋ ਕੁ ਵਜੇ ਪੂਜਾ ਪੀਜ਼ਾ ਪੁਆਇੰਟ ’ਤੇ ਮਿਲੂ, ਉਨੀਂਦਰੇ ਮੈਂ ਇਹ ਸੋਚਦਾਂ ਕਿ ਇਹ ਰਿਸ਼ਤਾ ਖ਼ਤਮ ਕਿਵੇਂ ਕੀਤਾ

ਜਾਵੇ। ਚੱਲੋ ਵਿੱਕੀ ਦੀ ਦੁਕਾਨ 'ਤੇ ਬੈਠ ਕੇ ਸੋਚਦੇ ਆਂ, ਇੱਥੇ ਤਾਂ ਦਵਾਈਆਂ ਦੀ ਕੌੜੀ ਬੋਅ ਚੜਦੀ ਰਹਿੰਦੀ ਆ।

ਸ਼ਾਮ ਦੇ ਛੇ ਕੁ ਵੱਜ ਗਏ ਨੇ। ਮੈਂ ਪੂਜਾ ਨੂੰ ਮਿਲ ਕੇ ਹੁਣ ਇੱਥੇ ਮਾਡਲ ਟਾਊਨ ਤੋਂ ਬਾਹਰ ਸਾਡੀ ਮੋਟਰ 'ਤੇ ਬੈਠਾਂ, ਵੀਹ ਕੁ ਸਾਲ ਪਹਿਲਾਂ 4 ਕੁ ਕਿੱਲੇ ਖ਼ਰੀਦੇ ਸੀ, ਹੁਣ ਤਾਂ ਇਸ ਜ਼ਮੀਨ ਦਾ ਰੇਟ 40 ਗੁਣਾ ਵੱਧ ਗਿਆ ਹੋਣੈ, ਉਦੋਂ ਹੀ ਅਸੀਂ ਇਹ ਪਿੱਪਲ, ਬੋਹੜ, ਤੂਤ ਵਗੈਰਾ ਲਾਏ ਸੀ। ਅਕਤੂਬਰ ਦਾ ਮਹੀਨਾ ਏ, ਸ਼ਾਮ ਨੂੰ ਮੌਸਮ ਕੁੱਝ ਠੰਢਾ ਹੋ ਜਾਂਦੈ, ਹੁਣ ਤਾਂ ਟੀ-ਸ਼ਰਟਾਂ ਰੱਖ ਦੇਣੀਆ ਚਾਹੀਦੀਆਂ ਨੇ ਅਗਲੀਆਂ ਗਰਮੀਆਂ ਲਈ। ਉਸ ਦਿਨ ਵੀ ਮੈਂ ਇਹੀ ਟੀ-ਸ਼ਰਟ ਪਾਈ ਹੋਈ ਸੀ, 'ਟੌਮੀ' ਦੀ, 'ਜਨਮਅਸ਼ਟਮੀ' ਵਾਲ਼ੇ ਦਿਨ, ਜਿਸ ਦਿਨ ਤੋਂ ਮਨੀ ਮੁਰਝਾਉਣ ਲੱਗੀ ਆ।

ਮੈਨੂੰ ਉਸ ਦਿਨ ਕਾਲਜ ਤੋਂ 'ਜਨਮ ਅਸ਼ਟਮੀ' ਦੀ ਛੁੱਟੀ ਸੀ ਤੇ ਪੂਜਾ ਨੂੰ ਵੀ, ਮੰਮੀ-ਪਾਪਾ ਦੋ ਦਿਨ ਲਈ ਡੇਰੇ ਬਿਆਸ ਗਏ ਹੋਏ ਸੀ, ਰੌਬਿਨ ਨੂੰ ਬੁਖ਼ਾਰ ਦੇ ਨਾਲ਼ ਕਾਫੀ ਖ਼ੰਘ ਵੀ ਸੀ, ਮੈਂ ਬਿਮਾਰ ਹੋਣ ਦਾ ਬਹਾਨਾ ਕਰਕੇ ਮਨੀਨੂੰ ਰਿਕਸ਼ਾ ਕਰਕੇ ਡਾ. ਕਿਰਨ ਗੋਇਲ ਦੇ ਭੇਜ ਦਿੱਤਾ ਤੇ ਫੋਨ ਕਰਕੇ ਪੂਜਾ ਨੂੰ ਘਰ ਬੁਲਾ ਲਿਆ। ਉਸ ਤੋਂ ਬਾਅਦ ਤਾਂ ਬੱਸ ਮੈਨੂੰ ਉਹੀ ਸੀਨ ਯਾਦ ਆ ਜਦੋਂ ਬੈਡਰੂਮ ਦੇ ਦਰਵਾਜ਼ੇ 'ਤੇ ਮਨੀ ਬੁੱਤ ਬਣੀ ਖੜੀ ਸੀ ਤੇ ਰੌਬਿਨ ਅੱਗੇ ਖੜਾ ਖੰਘ ਰਿਹਾ ਸੀ, ਪੂਜਾ ਕੱਪੜੇ 'ਕੱਠੇ ਕਰਕੇ ਛੋਟੇ ਦਰਵਾਜ਼ੇ ਰਾਹੀਂ ਬਾਥਰੂਮ ਵੱਲ ਨੂੰ ਭੱਜੀ। ਮੈਨੂੰ ਇੱਕੋ ਸਮੇਂ ਮਨੀ,ਰੌਬਿਨ, ਪੂਜਾ ਸਭ ਤੇ ਤਰਸ ਆਇਆ। ਡਾਕਟਰ ਦਾ ਕਲੀਨਿਕ ਬੰਦ ਸੀ ਤੇ ਇਸ ਗੱਲ ਦਾ ਪਤਾ ਮਨੀ ਨੂੰ ਰਸਤੇ ਵਿੱਚ ਹੀ ਲੱਗ ਗਿਆ ਸੀ। ਉਸ ਪਲ਼ ਮੈਂ ਮਨ ਵਿੱਚ ਪੱਕੀ ਧਾਰ ਲਈ ਸੀ ਕਿ ਇੱਕ ਵਾਰ ਸਾਡਾ ਰਿਸ਼ਤਾ ਪਹਿਲਾਂ ਵਰਗਾ ਹੋ ਜਾਵੇ, ਮੈਂ ਮੁੜ ਕੇ ਇੱਕ ਆਦਰਸ਼ ਪਤੀ ਬਣ ਜਾਵਾਂਗਾ, ਮੈਂ ਇਹ ਗੱਲ ਮਨੀ ਨਾਲ਼ ਵੀ ਸਾਂਝੀ ਕੀਤੀ ਅਤੇ ਥੋੜੇ ਹੀ ਦਿਨਾਂ ਵਿੱਚ ਮਨੀ ਮੈਨੂੰ ਨੌਰਮਲ ਲੱਗਣ ਲੱਗੀ ਪਰ ਮੈਂ ਪੂਜਾ ਨਾਲੋਂ ਆਪਣਾ ਰਿਸ਼ਤਾ ਨਾ ਤੋੜ ਸਕਿਆ ਜਿਵੇਂ ਅੱਜ ਵੀ ਨਹੀਂ ਤੋੜ ਸਕਿਆ, ਪੂਜਾ ਕੋਲ਼ ਬੈਠਿਆਂ ਉਹਦੇ ਹੁਸਨ ਦੀ ਖ਼ੁਸ਼ਬੋ ਵਿੱਚ ਖ਼ੋ ਜਾਨਾਂ, ਮੈਂ ਪੂਜਾ ਨੂੰਪਿਆਰ ਨਹੀਂ ਕਰਦਾ ਪਰ ਫਿਰ ਵੀ ਉਹਨੂੰ ਦੁਖੀ ਨਹੀਂ ਕਰ ਸਕਦਾ, ਮਨੀ ਨੂੰ ਮੈਂ ਪਿਆਰ ਕਰਦਾਂ ਫਿਰ ਵੀ ਉਹਨੂੰ ਦੁਖੀ ਕਰ ਰਿਹਾਂ। ਕਦੇ-ਕਦੇ ਮੈਨੂੰ ਬਹੁਤ ਡਰ ਲੱਗਦੈ ਕਿ ਕਿਤੇ ਮਨੀ ਕੋਈ ਗਲਤ ਕਦਮ...??? ਮੈਨੂੰ ਹੁਣ ਘਰ ਮੁੜਨਾਂ ਚਾਹੀਦੈ, ਮੇਰੇ ਪਿੱਛੇ ਬੋਹੜ ਉਤੇ ਪੰਛੀ ਸਾਰਾ ਦਿਨ ਘੁੰਮ ਕੇ ਵਾਪਿਸ ਮੁੜ ਆਏ ਨੇ, ਇਸ ਤਰਾਂ ਦੀ ਵਾਪਸੀ ਕਿੰਨੀ ਖ਼ੁਸ਼ੀ ਦਿੰਦੀ ਏ...ਫ਼ੋਨ ਦੀ ਵੈਲ ਵੱਜੀ ਏ, ਘਰੋਂ ਮਨੀ ਦਾ ਈ ਏ।

"ਹੈਲੋ. . . . . . .।"

"ਕਿੱਥੇ ਓਂ, ਦੁਕਾਨ 'ਤੇ ਓਂ?"

"ਨਹੀਂ, ਮੋਟਰ 'ਤੇ ਬੈਠਾਂ, ਕਿਉਂ ਕੰਮ ਤੀ ਕੋਈ?"


"ਹਾਂ, ਮੁੜਦੇ ਹੋਏ ਬਜ਼ਾਰ 'ਚੋਂ....ਇੱਕ ਟਿੱਕੀ ਲਿਰਲ ਸਾਬਣ ਦੀ ਲਿਆ ਦੋਂਗੇ...ਪਲੀਜ਼...।"

ਹਾਏ! ਅੱਜ ਮਨੀ ਨੂੰ ਆਪਣੇ ਮੰਮੀ-ਪਾਪਾ ਦੀ ਬੜੀ ਯਾਦ ਆਈ ਹੋਣੀ ਆ, ਜਿਵੇਂ ਉਹਨੇ ਲਿਰਿਲ ਸਾਬਣ ਮੰਗਿਐ। ਮੈਂ ਬਹੁਤ ਘਟੀਆ ਪਤੀ ਆਂ, ਮੈਂ ਬਹੁਤ ਕੋਸ਼ਿਸ਼ ਕਰਦਾਂ ਇੱਕ ਆਦਰਸ਼ ਪਤੀ ਬਣਨ ਦੀ ਪਰ...। ਕਈ ਵਾਰ ਮੈਨੂੰ ਲੱਗਦੈ ਜਿਵੇਂ ਮੈਂ ਬਹੁਤ ਲੰਮੇ ਸਫ਼ਰ 'ਤੇ ਨਿਕਲਿਆਂ ਹਾਂ. ਸ਼ਾਇਦ ਸਾਹਮਣੇ ਦਿੱਸਹੱਦੇ 'ਤੇ ਦਿੱਸਦੇ ਸੂਰਜ ਤੱਕ ਪਹੁੰਚਣ ਲਈ. . . . . .ਪਰ ਡਰ ਲੱਗਦੈ ਕਿਤੇ ਪਹੁੰਚਣ ਤੋਂ ਪਹਿਲਾਂ ਹੀ ਸੂਰਜ ਡੁੱਬ ਨਾ ਜਾਵੇ...???

**ਪਿੰਡ-ਲਾਡਪੁਰ, ਤਹਿ.-ਅਮਲੋਹ (ਫਤਿਹਗੜ੍ਹ ਸਾਹਿਬ) ਸੰਪਰਕ-94634-76932**

# ''ਭੂ-ਹੇਰਵਾ ਪਤਾ ਨਹੀਂ ਕਿਹੜਾ ਗੁਨਾਹ ਹੈ ਜੋ ਪਰਵਾਸ ਭੋਗ ਰਿਹਾ ਲੇਖਕ ਕਰ ਨਹੀਂ ਸਕਦਾ''- ਮੇਜ਼ਰ ਮਾਂਗਟ

**ਸਵਾਲ: ਭਗਵੰਤ ਰਸੂਲਪੁਰੀ**




**? ਤੁਸੀਂ ਪਰਵਾਸੀ ਜੀਵਨ ਨੂੰ ਕਿਸ ਦ੍ਰਿਸ਼ਟੀ ਨਾਲ ਵੇਖਦੇ ਹੋ? ਆਪਣੀਆਂ ਕਹਾਣੀਆਂ ਦੇ ਹਵਾਲੇ ਨਾਲ ਗੱਲ ਕਰੋ।**

– ਮੇਰੇ ਲਈ ਪਰਵਾਸੀ ਜੀਵਨ ਸੰਘਰਸ਼ ਅਤੇ ਸੈਟਲਮੈਂਟ ਹੈ। ਅਸੀਂ ਚੰਗੀ ਆਰਥਿਕਤਾ ਲਈ ਏਥੇ ਆਏ ਸੀ, ਪਰ ਏਥੇ ਦੇ ਹੀ ਹੋ ਕੇ ਰਹਿ ਗਏ। ਏਥੇ ਰਹਿ ਜਾਣ ਲਈ ਜੋ ਸਾਨੂੰ ਦੁਸ਼ਵਾਰੀਆਂ ਝੱਲਣੀਆਂ ਪਈਆਂ, ਜਗਾ ਬਣਾਉਣੀ ਪਈ, ਇਹ ਹੀ ਸੈਟਲਮੈਂਟ ਹੈ। ਮੈਂ 1990 ਵਿੱਚ ਕੈਨੇਡਾ ਆਇਆ ਸੀ, ਕਾਰਨ ਇਹ ਸਨ ਕਿ ਪੰਜਾਬ ਵਿੱਚ ਪੜ੍ਹ ਕੇ ਨੌਕਰੀਆਂ ਨਹੀਂ ਸੀ ਮਿਲਦੀਆਂ, ਛੋਟੀ ਕਿਸਾਨੀ ਨੂੰ ਹੋਰ ਕੋਈ ਆਮਦਨ ਨਹੀਂ ਸੀ। ਕੀ ਕਰਦੇ? ਜਾਂ ਤਾਂ ਖਾੜਕੂਆਂ ਨਾਲ ਰਲ ਕੇ ਬੰਦੂਕਾਂ ਚੁੱਕ ਲੈਂਦੇ, ਲੁੱਟਾਂ ਖੋਹਾਂ ਕਰਦੇ ਤੇ ਮਰ ਜਾਂਦੇ। ਜਾਂ ਫੇਰ ਡੀਪ੍ਰੈਸ਼ਨ ਦਾ ਸ਼ਿਕਾਰ ਹੋ ਕਿਸੇ ਨਸ਼ੇ ਤੇ ਲੱਗ ਜਾਂਦੇ ਤਾਂ ਵੀ ਮਰ ਜਾਂਦੇ। ਤੇ ਆਖਰੀ ਰਸਤਾ ਰਹਿੰਦਾ ਸੀ ਮਿਹਨਤ ਕਰਕੇ, ਕੋਈ ਦਿਹਾੜੀ ਜੋਤਾ ਕਰਕੇ, ਪੇਟ ਪਾਲਣ ਦਾ ਉਹ ਅਗਲਿਆਂ ਕਰਨ ਨਹੀਂ ਸੀ ਦੇਣਾ। ਪੁਲੀਸ ਧੜਾ ਧੜ ਮੁੰਡੇ ਪਿੰਡਾਂ ਚੋ ਚੁੱਕ ਕੇ ਝੂਠੇ ਮੁਕਾਬਲੇ ਬਣਾ ਰਹੀ ਸੀ ਤਾਂ ਕਿ ਅਗਲਾ ਸਟਾਰ ਮਿਲ ਜਾਵੇ। ਸਾਡੇ ਵਰਗਿਆ ਲਈ ਜਾਨ ਬਚਾ ਕੇ ਭੱਜਣਾ ਤੇ ਰੋਜੀ ਰੋਟੀ ਦੀ ਤਲਾਸ਼ ਲਈ ਹਰ ਹੀਲਾ ਵਸੀਲਾ ਵਰਤਣਾ ਬਹੁਤ ਜ਼ਰੂਰੀ ਹੋ ਗਿਆ ਸੀ। ਤੇ ਪਰਵਾਸ ਸਾਡੇ ਲਈ ਤਾਂ ਇੱਕ ਸ਼ਰਨ ਸੀ ਤੇ ਨਵੇਂ ਜੀਵਨ ਦੀ ਸ਼ੁਰੂਆਤ ਸੀ। ਜਿਸ ਨੇ ਸਾਨੂੰ ਸੰਭਾਲਿਆ, ਰੋਜਗਾਰ ਅਤੇ ਸੁੱਖ ਸਹੂਲਤਾਂ ਦਿੱਤੀਆਂ। ਏਥੋਂ ਦੀ ਨਾਗਰਿਕਤਾ ਮਿਲਣ ਤੋਂ ਬਾਅਦ ਤਾਂ ਹੁਣ ਅਸੀਂ ਵੀ ਮਹਿਸੂਸ ਕਰਨ ਲੱਗ ਪਏ ਹਾਂ ਕਿ ਇਹ ਹੀ ਸਾਡਾ ਮੁਲਕ ਹੈ।

ਮੇਰੀ ਨਜਰ ਵਿੱਚ ਪਰਵਾਸੀ ਜੀਵਨ ਦੇ ਬਹੁਤ ਸਾਰੇ ਚੰਗੇ ਪੱਖ ਹਨ। ਮਾੜੇ ਵੀ ਹਨ ਜੋ ਬਹੁਤ ਬਰੀਕ ਨੇ ਜਿਨਾਂ ਨੂੰ ਮੈਂ ਬਹੁਤ ਸਾਰੀਆਂ ਕਹਾਣੀਆਂ ਵਿੱਚ ਫੜਿਆ ਹੈ। ਏਥੇ ਮਨੁੱਖਤਾ ਦੀ ਕਦਰ ਹੈ, ਔਰਤਾਂ ਨੂੰ ਬਰਾਬਰ ਦੇ ਹੱਕ ਨੇ, ਕਨੂੰਨ ਸਭ ਲਈ ਸਮਾਨ ਹੈ, ਜਾਤਾਂ ਪਾਤਾਂ ਵਿੱਚ ਵੰਡਿਆ ਸਮਾਜ ਨਹੀਂ, ਹਰ ਬਾਲਗ ਆਪਣੀ ਮਰਜੀ ਨਾਲ ਕਿਤੇ ਵੀ ਵਿਆਹ ਸ਼ਾਦੀ ਕਰਵਾ ਕੇ ਜੀਵਨ ਬਸਰ ਕਰ ਸਕਦਾ ਹੈ। ਹੋਰ ਤਾਂ ਹੋਰ ਏਥੇ ਜਾਨਵਰਾਂ ਲਈ ਵੀ ਹੱਕ ਨੇ। ਸੜਕ ਤੇ ਪੈਦਲ ਚੱਲਣ ਵਾਲਿਆਂ ਦੀ, ਵਿਦਿਆਰਥੀਆਂ ਦੀ ਤੇ ਸਮਾਜ ਨੂੰ ਇੱਕ ਸਿਸਟਮ ਅਤੇ ਨਿਯਮਾਂ ਵਿੱਚ ਚਲਾਉਣ ਦੀ ਸਰਕਾਰੀ ਜਿੰਮੇਵਾਰੀ ਪ੍ਰਸੰਸ਼ਾਯੋਗ ਹੈ। ਏਥੇ ਮਨਿਸਟਰ ਜਾਂ ਪੈਸੇ ਵਾਲੇ ਲੋਕਾਂ ਨੂੰ ਪਹਿਲ ਨਹੀਂ ਮਿਲਦੀ। ਕਿਰਤ ਦੀ ਕਦਰ ਹੈ ਤੇ ਸਾਰੇ ਕੰਮਾਂ ਨੂੰ ਸਤਿਕਾਰ ਦੀ ਨਜਰ ਨਾਲ ਵੇਖਿਆ ਜਾਂਦਾ ਹੈ।

ਜੋ ਮਾੜੇ ਪੱਖ ਹਨ ਉਹ ਇਹ ਕਿ ਸਾਡੇ ਕੋਲ ਸਹੂਲਤਾ ਬਹੁਤ ਨੇ ਪਰ ਉਨ੍ਹਾਂ ਨੂੰ ਮਾਨਣ ਦਾ ਸਮਾਂ ਨਹੀਂ।

ਜੀਵਨ ਇੱਕ ਮਸ਼ੀਨ ਦੀ ਤਰ੍ਹਾਂ ਹੈ।ਬੰਦੇ ਦਾ ਕੁਆਲਟੀ ਟਾਈਮ ਇਸੇ ਭੱਜ ਦੌੜ ਅਤੇ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਹੀ ਬੀਤ ਜਾਂਦਾ ਹੈ।ਬੰਦਾ ਕਰਜਈ ਹੀ ਜੰਮਦਾ ਹੈ ਤੇ ਕਰਜਈ ਹੀ ਮਰ ਜਾਂਦਾ ਹੈ। ਸੂਖਮ ਕਲਾਵਾਂ ਦੀ ਏਥੇ ਉਭਰਵੇਂ ਰੂਪ ਵਿੱਚ ਗੱਲ ਨਹੀਂ ਹੁੰਦੀ ਤੇ ਸਿਰਫ ਮੰਡੀ ਦਾ ਪ੍ਰਚਾਰ ਹੁੰਦਾ ਹੈ। ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀ ਹੈ ਪਰ ਪੈਸੇ ਦੀ ਹੈ।ਨਿੱਜ ਭਾਰੂ ਹੈ।ਸਮਾਜਿਕ ਜੀਵਨ ਜਾਂ ਕਦਰਾਂ ਕੀਮਤਾਂ ਦਾ ਕੋਈ ਲੈਣਾ ਦੇਣਾ ਨਹੀਂ।ਬੱਚਿਆਂ ਨਾਲ ਪੀੜੀ ਪਾੜਾ ਹੈ।ਲੁਕਵਾਂ ਨਸਲਵਾਦ ਵੀ ਹੈ।ਭੋਗ ਨੂੰ ਹੀ ਮੁੱਖ ਰੱਖਿਆ ਜਾਂਦਾ ਹੈ ਤੇ ਇਸੇ ਚੱਕਰ ਵਿੱਚ ਹਰ ਬੰਦਾ ਭੋਗਿਆ ਜਾਂਦਾ ਹੈ ਜੋ ਵਸਤੂ ਤੋਂ ਸਿਵਾਏ ਹੋਰ ਕੁੱਝ ਨਹੀਂ।ਅਗਲੀ ਪੀੜੀ ਬਰੇਨ ਵਾਸ਼ਡ ਹੈ ਜਿਹੋ ਜਿਹੇ ਸਿਸਟਮ ਚਾਹੁੰਦਾ ਹੈ।

ਮੇਰੀ ਸਭ ਤੋਂ ਪਹਿਲੀ ਕਿਤਾਬ ਨੂੰ ਛੱਡ ਕੇ ਬਾਅਦ ਵਿੱਚ ਜੋ ਪੰਜ ਕਿਤਾਬਾਂ ਆਈਆਂ ਨੇ, ਉਨ੍ਹਾਂ ਦੀਆਂ ਸਾਰੀਆਂ ਕਹਾਣੀਆਂ ਹੀ ਪਰਵਾਸੀ ਜੀਵਨ ਦੇ ਬਹੁਤ ਸਾਰੇ ਪੱਖਾਂ ਤੋਂ ਤਰਜਮਾਨੀ ਕਰਦੀਆਂ ਨੇ ਜੇ ਮੈਂ ਉਨ੍ਹਾਂ ਦਾ ਵਰਨਿਣ ਕਰਨ ਲੱਗ ਪਿਆ ਤਾਂ ਬਹੁਤ ਲੰਬਾ ਉੱਤਰ ਹੋ ਜਾਵੇਗਾ।ਲੇਕਿਨ ਇਹ ਪਰਵਾਸੀ ਜੀਵਨ ਮੇਰੇ ਬੱਚਿਆ ਦਾ ਨਹੀਂ ਉਨ੍ਹਾਂ ਦੀ ਇਹ ਜਨਮ ਭੂਮੀ ਭਵਿੱਖ ਤੇ ਕਰਮ ਭੂਮੀ ਵੀ ਹੈ।

**? ਤੁਹਾਡੀ ਕਥਾ ਸ਼ੈਲੀ ਦੇ ਉਭਰਵੇਂ ਲੱਛਣ ਕਿਹੜੇ ਹਨ।ਭਾਵ ਕਿ ਤੁਸੀਂ ਕਹਾਣੀ ਵਿਚ ਕਿਸ ਤਰ੍ਹਾਂ ਦੀ ਸ਼ੈਲੀ ਦੀ ਵਰਤੋਂ ਕਰਦੇ ਹੋ।**

ਮੇਰੀ ਕਥਾ ਸ਼ੈਲੀ ਦੇ ਉਭਰਵੇਂ ਲੱਛਣ ਹਨ, ਚੇਤਨਾ ਪ੍ਰਵਾਹ ਵਿੱਚ ਗੱਲ ਕਹਿਣਾ।ਮੇਰੀ ਕਹਾਣੀ, ਪਾਤਰਾਂ ਦੇ ਮਨੋਵਿਗਿਆਨ ਨੂੰ ਪਕੜਦੀ ਹੈ।ਸੋਚ ਜਿਵੇਂ ਕਦੇ ਅਗਾਂਹ ਕਦੇ ਪਿਛਾਂਹ ਜਾਂਦੀ ਹੈ ਤਾਂ ਮੈਂ ਫਲੈਸ਼ ਬੈਕ, ਬੂਮਰਿੰਗ ਵਿਧੀ, ਸੰਸਮਰਣ, ਚੇਤਨਾ ਅਤੇ ਵਰਤਮਾਨ ਵਰਤਾਰੇ ਨੂੰ ਵੀ ਪੇਸ਼ ਕਰਦਾ ਹਾਂ ਜਿਸ ਲਈ ਵਰਨਿਣ, ਸੰਵਾਦ ਅਤੇ ਸੋਚ ਜਾਂ ਸਭ ਉਹ ਵਿਧੀਆ ਵਰਤਦਾ ਹਾਂ ਜਿਸ ਨਾਲ ਮੈਂ ਆਪਣੀ ਕਥਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਹਿ ਸਕਾਂ।ਮੈਂ ਸਮਾਜਿਕ ਵਿਸ਼ੇ ਵਧੇਰੇ ਲੈਂਦਾ ਹਾਂ, ਤੇ ਮੇਰੇ ਪਾਤਰ ਆਮ ਜੀਵਨ ਨਾਲ ਜੁੜੇ ਹੁੰਦੇ ਨੇ।ਮੈਂ ਉਨਾਂ ਦੀ ਬੋਲੀ ਉਨ੍ਹਾਂ ਦੇ ਕਿੱਤੇ ਅਨੁਸਾਰ, ਯੋਗਤਾ, ਉਮਰ ਤੇ ਇਲਾਕੇ ਅਨੁਸਾਰ ਵਰਤਦਾ ਹਾਂ।ਮੇਰੀ ਭਾਸ਼ਾ ਸਰਲ ਤੇ ਆਮ ਪਾਠਕ ਦੇ ਸਮਝ ਪੈ ਜਾਣ ਵਾਲੀ ਹੁੰਦੀ ਹੈ।ਮੇਰੇ ਲਈ ਮੇਰੇ ਲੋਕ ਮਹੱਤਵਪੂਰਨ ਨੇ।ਮੈਂ ਆਪਣੇ ਲੋਕਾਂ ਲਈ ਅਤੇ ਆਮ ਪਾਠਕਾਂ ਲਈ ਲਿਖਦਾ ਹਾਂ।ਯੁਨੀਵਰਸਿਟੀਆਂ ਤੇ ਡਾਕਟਰ ਜਾਂ ਵਿਦਵਾਨ ਲੋਕ, ਜੋ ਨਵੇਂ ਨਵੇਂ ਵਾਦਾਂ ਦਾ ਅਤੇ ਸ਼ੈਲੀਆਂ ਦਾ ਪ੍ਰਚਾਰ ਕਰਦੇ ਨੇ ਮੈਂ ਉਨ੍ਹਾਂ ਨੂੰ ਬਹੁਤਾ ਧਿਆਨ ਵਿੱਚ ਨਹੀਂ ਰੱਖਦਾ ਹਾਂ ਤੇ ਨਾਂ ਹੀ ਇਸ ਨੂੰ ਕੋਈ ਬੰਦਿਸ਼ ਸਮਝਦਾ ਹਾਂ।ਸਹਿਜ ਆਵੇਸ਼ ਹੀ ਮੇਰੀ ਕਹਾਣੀ ਦੀ ਪਛਾਣ ਹੈ ਜੋ ਪਾਠਕ ਦੇ ਮਨ ਵਿੱਚ ਉਤਰ ਕੇ ਮੇਰਾ ਸੁਨੇਹਾ ਪਹੁੰਚਾ ਦੇਵੇ।ਇਹ ਆਧੁਨਿਕਤਾ, ਉਤਰ ਆਧੁਨਿਕਤਾ ਦੇ ਚੱਕਰਾਂ ਵਿੱਚ ਮੈਂ ਨਹੀਂ ਪੈਂਦਾ।ਬਾਕੀ ਇਹ ਦੇਖਣਾ ਅਲੋਚਕਾਂ ਦਾ ਕੰਮ ਹੈ ਕਿ ਮੇਰੀ ਕਿਹੜੀ ਸ਼ੈਲੀ ਹੈ ਜਾਂ ਕਿਹੜਾ ਉਭਰਵਾਂ ਲੱਛਣ ਹੈ।ਮੇਰਾ ਕੰਮ ਹੈ ਲਿਖਦੇ ਰਹਿਣਾ , ਜੋ ਮੈਂ ਕਰ ਰਿਹਾ ਹਾਂ।

**? ਭੂ ਹੇਰਵਾ ਅਤੇ ਰੁਦਨ ਤੁਹਾਡੀ ਕਹਾਣੀ ਵਿਚ ਕਿਸ ਤਰ੍ਹਾਂ ਆਉਂਦਾ ਹੈ।ਭਾਰਤੀ ਪੰਜਾਬ ਨੂੰ ਲੈ ਕੇ ਤੁਹਾਡੀ ਕਹਾਣੀ ਵਿਚ ਕਿੰਨਾ ਕੁ ਰੁਦਨ ਹੈ।**

ਭੂ-ਹੇਰਵਾ ਪਤਾ ਨਹੀਂ ਕਿਹੜਾ ਗੁਨਾਹ ਹੈ ਜੋ ਪਰਵਾਸ ਭੋਗ ਰਿਹਾ ਲੇਖਕ ਕਰ ਨਹੀਂ ਸਕਦਾ।ਭੂ-ਹੇਰਵੇ ਨੂੰ ਅਪਰਾਧ ਸਮਝਣ ਵਾਲੇ ਜਾਂ ਵੇਲਾ ਵਿਹਾ ਚੁੱਕਿਆ ਸਮਝਣ ਵਾਲੇ ਅਲੋਚਕ ਜਦੋਂ ਦੋ ਚਾਰ ਮਹੀਨੇ ਛੁੱਟੀਆਂ ਕੱਟਣ ਬਿਦੇਸ਼ ਆਉਂਦੇ ਹਨ ਤਾਂ ਆਪਣੇ ਘਰਾਂ ਨੂੰ, ਬੱਚਿਆਂ ਨੂੰ ਮਾਵਾਂ ਭੈਣਾਂ ਤੇ ਪਤਨੀ ਨੂੰ ਉਹ ਵੀ ਵੈਰਾਗ ਜਾਂਦੇ ਨੇ।ਉਨ੍ਹਾਂ ਨੂੰ ਆਪਣੇ ਘਰ ਖੇਤ ਤੇ ਨੌਕਰੀ ਵਾਲੇ ਥਾਂ ਜਾਂ ਦੋਸਤ ਯਾਦ ਆਉਣ ਲੱਗ ਪੈਂਦੇ ਨੇ।ਪਰ ਲੇਖਕ ਜੇ ਕਿਸੇ ਪਾਤਰ ਦੀ ਮਨੋਦਸ਼ਾ, ਜੋ ਅੱਧੀ ਉਮਰ ਹੰਢਾ ਕੇ ਪਰਵਾਸ ਭੋਗ ਰਿਹਾ ਹੈ,

ਤੇ ਆਪਣੇ ਘਰ, ਖੇਤ ਜਾਂ ਪਿੰਡ ਨੂੰ ਯਾਦ ਕਰ ਲੈਂਦਾ ਹੈ ਤਾਂ ਉਸ ਦੀ ਮਨੋ ਅਵੱਸਥਾ ਬਿਆਨਣ ਵਾਲੇ ਤੇ ਭੂ-ਹੇਰਵੇ ਦਾ ਠੱਪਾ ਲਗਾ ਦਿੱਤਾ ਜਾਂਦਾ ਹੈ। ਬਹੁਤੇ ਲੋਕ ਤਾਂ ਇਹ ਹੀ ਆਸ ਕਰਦੇ ਨੇ ਕਿ ਬਾਹਰ ਗਏ ਪਰਵਾਸੀ ਭਾਰਤੀ, ਉਨ੍ਹਾਂ ਲਈ ਤਾਂ ਫੰਡ ਦਿੰਦੇ ਰਹਿਣ, ਹਰ ਗੱਲ ਵਿੱਚ ਮੱਦਦ ਵੀ ਕਰਨ, ਸੜਕਾਂ ਬਣਾਉਣ, ਸਕੂਲ ਤੇ ਹਸਪਤਾਲ ਵੀ ਬਣਾਉਣ ਪਰ ਆਪਣੀ ਮਾਤ ਭੂਮੀ ਨੂੰ ਯਾਦ ਨਾ ਕਰਨ। ਜੇ ਪਿੱਛੇ ਰਹਿ ਕੇ ਜਿੰਦਗੀ ਦੇ ਪਲ ਨੂੰ ਯਾਦ ਕਰਨਾ ਹੀ ਭੂ-ਹੇਰਵਾ ਹੈ, ਤਾਂ ਇਹ ਗੁਨਾਹ ਮੇਰੇ ਪਾਤਰ ਵੀ ਕਰਦੇ ਨੇ। ਉਨ੍ਹਾਂ ਦਾ ਅਜੇ ਭਾਰਤੀਆਂ ਵਾਂਗ ਲਹੂ ਚਿੱਟਾ ਨਹੀਂ ਹੋਇਆ ਜੋ ਆਪਣੀ ਮਾਤ ਭੂਮੀ ਨੂੰ ਯਾਦ ਕਰਨ ਨਾਲ ਵੀ ਘਟੀਆ ਪਣ ਦੇ ਅਹਿਸਾਸ ਦਾ ਸ਼ਿਕਾਰ ਹੋ ਜਾਂਦੇ ਨੇ। ਨਾਲੇ ਕਹੀ ਜਾਂਦੇ ਨੇ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ ਨਾਲੇ ਲੇਖਕਾਂ ਨੂੰ ਕਸਟਮ ਮੇਡ ਕਹਾਣੀਆਂ ਲਿਖਣ ਲਈ ਮਜਬੂਰ ਕਰਦੇ ਨੇ। ਪਹਿਲੀ ਪੀੜ੍ਹੀ ਜਦੋਂ ਮੁੱਕ ਜਾਵੇਗੀ ਤਾਂ ਭੂ-ਹੇਰਵਾ ਵੀ ਆਪਣੇ ਆਪ ਮੁੱਕ ਜਾਵੇਗਾ। ਜੇ ਕੋਈ ਪਹਿਲੀ ਪੀੜ੍ਹੀ ਦੇ ਕਿਸੇ ਪਾਤਰ ਨੂੰ ਪਿੱਛੇ ਦੀ ਯਾਦ ਨਾਲ ਜੁੜਿਆ ਦਿਖਾ ਦਿੰਦਾ ਹੈ, ਤਾਂ ਇਹ ਯਥਾਰਥ ਹੈ ਕੋਈ ਪਛੜਿਆਪਣ ਨਹੀਂ। ਜੇ ਕੋਈ ਲੇਖਕ ਕਹੇ ਕਿ ਮੇਰੇ ਪਾਤਰ ਭੂ-ਹੇਰਵਾ ਨਹੀਂ ਕਰਦੇ ਤਾਂ ਉਹ ਝੂਠ ਬੋਲ ਰਿਹਾ ਹੋਵੇਗਾ। ਉਸ ਨੂੰ ਜ਼ਰੂਰ ਪੁੱਛਣਾ ਕਿ ਜਿਸ ਮੁਲਕ ਦੀ ਉਸ ਨੂੰ ਯਾਦ ਹੀ ਨਹੀਂ ਆਉਂਦੀ ਫੇਰ ਉਹ ਉਥੇ ਕੀ ਕਰਨ ਜਾਂਦਾ ਹੈ। ਬਾਕੀ ਰਹੀ ਰੁਦਨ ਦੀ ਗੱਲ ਮੈਂ ਤਾਂ ਅੱਜ ਤੱਕ ਕਿਸੇ ਪਰਵਾਸੀ ਲੇਖਕ ਦੀ ਰਚਨਾ ਵਿੱਚ ਰੁਦਨ ਵੇਖਿਆ ਨਹੀਂ ਕਿ ਹਾਏ ਮੈਂ ਕੈਨੇਡਾ ਆ ਕੇ ਲੁੱਟਿਆ ਪੱਟਿਆ ਗਿਆ। ਆਉਣਾ ਹੀ ਔਖਾ ਹੈ ਮੁੜਨਾ ਤਾਂ ਕੋਈ ਔਖਾ ਨਹੀਂ। ਮੇਰੇ ਪਾਤਰ ਕਿਸੇ ਵੀ ਕਹਾਣੀ ਵਿੱਚ ਇਸ ਤਰ੍ਹਾਂ ਦਾ ਰੁਦਨ ਨਹੀਂ ਕਰਦੇ। ਕੀ ਉਹ ਕਹਾਣੀਆਂ ਰੁਦਨ ਨਹੀਂ ਜਦੋਂ ਪੰਜਾਬ ਬੈਠਾ ਬੰਦਾ ਰੋਣੇ ਰੋਂਦਾ ਹੈ ਕਿ ਮੈਨੂੰ ਕਿਸੇ ਵੀ ਤਰੀਕੇ ਨਾਲ ਬਾਹਰ ਕੱਢੋ। ਇਸ ਤਰ੍ਹਾਂ ਦੀ ਰਿਹਾੜ ਕਈ ਪੰਜਾਬ ਵਿੱਚ ਲਿਖੀਆਂ ਕਹਾਣੀਆਂ ਵਿੱਚ ਮਿਲਦੀ ਹੈ, ਜਦੋਂ ਬੰਦਾ ਬਾਹਰ ਲਈ ਤਰਲੋ ਮੱਛੀ ਹੁੰਦਾ ਹੈ ਤੇ ਆਪਣੇ ਰੋਣੇ ਵੀ ਰੋਂਦਾ ਹੈ। ਮੇਰੀਆਂ ਕਹਾਣੀਆਂ ਵਿੱਚ ਭੂ-ਹੇਰਵਾ ਤਾਂ ਆ ਸਕਦਾ ਹੈ ਪਰ ਰੁਦਨ ਨਹੀਂ ਆਉਂਦਾ। ਅਸੀਂ ਤਾਂ ਮਸਾਂ ਉਸ ਕੁਰੱਪਟ ਸਿਸਟਮ ਤੋਂ ਖਹਿੜਾ ਛੁਡਾ ਕੇ ਆਏ ਹਾਂ ਤੇ ਇਨਸਾਨ ਦੀ ਜੂਨ ਭੋਗਣ ਲੱਗੇ ਹਾਂ, ਰੁਦਨ ਕਿਸ ਗੱਲ ਦਾ ਕਰਨਾ ਹੈ।

**? ਬਹੁਤੇ ਪਰਵਾਸੀ ਕਹਾਣੀਕਾਰ ਮਰ ਰਹੇ ਪੰਜਾਬੀ ਸਭਿਆਚਾਰ ਦੇ ਕੀਰਨੇ ਪਾ ਰਹੇ ਹਨ। ਪਰਵਾਸੀ ਲੋਕਾਂ ਦੀ ਕਨੇਡਾ ਵਿਚ ਜੰਮੀ ਨਵੀਂ ਪੀੜ੍ਹੀ, ਪੰਜਾਬੀ ਅਤੇ ਪੰਜਾਬੀ ਸਭਿਆਚਾਰ ਨਾਲੋਂ ਟੁੱਟ ਰਹੀ ਹੈ। ਇਸ ਸਾਰੇ ਵਰਤਾਰੇ ਨੂੰ ਤੁਸੀਂ ਆਪਣੀਆਂ ਕਹਾਣੀਆਂ ਵਿਚ ਕਿਸ ਤਰ੍ਹਾਂ ਲੈ ਕੇ ਆਂਦਾ ਹੈ।**

ਇਹ ਗੱਲ ਬਿਲਕੁੱਲ ਠੀਕ ਨਹੀਂ, ਪਤਾ ਨਹੀਂ ਕਿ ਤੁਸੀਂ ਬਹੁਤੇ ਪਰਵਾਸੀਆਂ ਬਾਰੇ ਇਹ ਅੰਕੜੇ ਕਿੱਥੋਂ ਲਏ ਨੇ। ਪਰਵਾਸੀ ਹੁਣ ਦੁਨੀਆਂ ਦੇ ਸਾਰੇ ਮੁਲਕਾਂ ਵਿੱਚ ਵਸਦੇ ਨੇ ਤੇ ਉਨ੍ਹਾਂ ਦੀ ਸੋਚ ਵੀ ਉਸ ਖਿੱਤੇ ਅਨੁਸਾਰ ਵੱਖੋ ਵੱਖਰੀ ਹੈ। ਮੇਰੀਆਂ ਕਹਾਣੀਆਂ ਕੈਨੇਡਾ ਵਿੱਚ ਵਸੇ ਪਰਵਾਸੀਆਂ ਬਾਰੇ ਹਨ, ਸੋ ਮੈਂ ਉਨ੍ਹਾਂ ਦੀ ਹੀ ਗੱਲ ਕਰਾਂਗਾ। ਸੱਭਿਆਚਾਰ ਤੁਸੀਂ ਕਿਸ ਨੂੰ ਸਮਝ ਰਹੇ ਹੋ? ਸੱਭਿਆਚਾਰ ਕੋਈ ਨਵਾਂ ਜਾਂ ਪੁਰਾਣਾ ਨਹੀਂ ਹੁੰਦਾ, ਸੱਭਿਆਚਾਰ ਲੋਕਯਾਨ ਦਾ ਨਿਰੰਤਰ ਵਹਿੰਦਾ ਦਰਿਆ ਹੈ। ਪੰਜਾਬੀ ਸੱਭਿਆਚਾਰ ਵਿੱਚ ਵਿਆਹ ਇੱਕ ਅਹਿਮ ਸੰਸਥਾ ਸੀ, ਇਸ ਨਾਲ ਜੁੜੇ ਹੋਏ ਸੁਹਾਗ, ਘੋੜੀਆਂ, ਸਿੱਠਣੀਆਂ ਸਨ, ਏਵੇਂ ਜੰਮਣ ਤੇ ਮਰਨ ਸਮੇਂ ਦੀਆਂ ਰੀਤਾਂ ਸਨ। ਪਰ ਪੂੰਜੀਵਾਦ ਦੇ ਦੈਂਤ ਨੇ ਇਹ ਸਭ ਕੁੱਝ ਡਕਾਰ ਲਿਆ। ਸਮਾਜ ਨੂੰ ਤੋੜਨਾ ਤੇ ਨਿੱਜ ਤੇ ਸੀਮਿਤ ਕਰ ਦੇਣਾ, ਕਾਰਪੋਰੇਟ ਜਗਤ ਦਾ ਮੁੱਖ ਖਾਸਾ ਹੈ। ਪਹਿਲਾਂ ਸੰਯੁਕਤ ਪਰਿਵਾਰ ਤੋੜੇ ਗਏ, ਫੇਰ ਧੀਆਂ ਪੁੱਤਰਾਂ ਦੇ ਮਨ ਵਿੱਚ ਇਹ ਬਿਠਾਇਆ ਗਿਆ ਕਿ ਮਾਪੇ ਤੁਹਾਡੇ ਪਰਿਵਾਰ ਦਾ ਹਿੱਸਾ ਨਹੀ ਜਾਂ ਤੁਸੀਂ ਉਨ੍ਹਾਂ ਨੂੰ ਛੱਡ ਕੇ ਕਿਤੇ ਹੋਰ ਜਾ ਵਸੋ ਤੇ ਜਾਂ ਫੇਰ ਉਨ੍ਹਾਂ ਨੂੰ ਬਿਰਧ ਆਸ਼ਰਮਾਂ ਵਿੱਚ ਭੇਜ ਦਿਉ। ਮੇਰੀ ਕਹਾਣੀ 'ਚੱਕਰਵਾਤ' ਇਸੇ ਹੋਣੀ ਦਾ ਬਿਆਨ ਕਰਦੀ ਹੈ। ਹੁਣ

ਤਾਂ ਪਰਿਵਾਰ ਦੀ ਆਖਰੀ ਯੂਨਿਟ ਪਤੀ ਪਤਨੀ ਦਾ ਰਿਸ਼ਤਾ ਵੀ ਹਮਲੇ ਅਧੀਨ ਹੈ। ਗੇਅ ਤੇ ਲੈਸਬੀਅਨ ਧੜਾ ਧੜ ਪੈਦਾ ਹੋ ਰਹੇ ਨੇ ਤੇ ਇਕੱਠੇ ਰਹਿ ਰਹੇ ਨੇ। ਵਿਆਹਾਂ ਦੀ ਕੀ ਲੋੜ ਹ? ਸੈਕਸ ਪੂਰਤੀ, ਹਵਸ ਮਿਟਾਉਣਾ ਹੀ, ਹੈ ਜੋ ਕਿਸੇ ਵੀ ਤਰੀਕੇ ਨਾਲ ਪੂਰੀ ਕੀਤੀ ਜਾ ਸਕਦੀ ਹੈ। ਕਾਰਪੋਰੇਟ ਜਗਤ ਏਹੋ ਸੋਚਦਾ ਹੈ। ਉਸਦਾ ਮੰਨਣਾ ਹੈ ਕਿ ਸੰਯੁਕਤ ਪਰਵਾਰ ਨੂੰ ਜਿੰਨੀਆਂ ਯੁਨਿਟਾਂ ਵਿੱਚ ਤੋੜਾਂਗੇ ਉਨੀ ਹੀ ਮੰਡੀ ਵੱਡੀ ਹੋਊ। ਜੇ ਪਹਿਲਾਂ ਦਸ ਮੈਂਬਰ ਇਕੱਠੇ ਰਹਿੰਦੇ ਸੀ ਇੱਕ ਕਾਰ ਇੱਕ ਟੀ ਵੀ ਤੇ ਇੱਕ ਫਰਿੱਜ ਨਾਲ ਸਾਰਦੇ ਹੁਣ ਉਹ ਦਸ ਦਸ ਖਰੀਦਣੇ। ਜਦੋਂ ਕੋਈ ਉਨ੍ਹਾਂ ਚਾਚੇ ਤਇਆਂ ਮਾਮਿਆਂ ਭੂਆਂ ਦੇ ਰਿਸ਼ਤਿਆਂ ਦੀ, ਚੰਗੇ ਸੰਸਕਾਰਾਂ ਦੀ ਗੱਲ ਕਰਦਾ ਹੈ ਤਾਂ ਪੂੰਜੀਵਾਦ ਦੇ ਨਵੇਂ ਨਵੇਂ ਘਨੇੜੇ ਚੜ੍ਹੇ ਮੌਡਰਨਵਾਦੀਆਂ ਨੂੰ ਬਹੁਤ ਤਕਲੀਫ ਹੁੰਦੀ ਹੈ ਤੇ ਉਹ ਲਿਖਤ ਵਿੱਚ ਆਈਆਂ ਚੰਗੀਆਂ ਕਦਰਾਂ ਕੀਮਤਾਂ, ਰਿਸ਼ਤਿਆਂ ਦਾ ਨਿੱਘ, ਜੈਵਿਕ ਖੇਤੀ, ਆਰਗੈਨਿਕ ਵਸਤਾ ਦੀ ਵਰਤੋਂ ਨੂੰ ਪਰਵਾਸੀਆਂ ਦਾ ਰੁਦਨ ਕਹਿ ਕੇ ਛਟਿਆਉਂਦੇ ਨੇ। ਦਸ ਦਸ ਸਾਲ ਦੀਆਂ ਕੁੜੀਆਂ ਮਾਵਾਂ ਬਣ ਰਹੀਆਂ ਨੇ, ਏਡਜ ਫੈਲ ਰਹੀ ਆ, ਮਾਪੇ ਰੁਲ ਰਹੇ ਨੇ, ਪਾਣੀ ਪ੍ਰਦੂਸ਼ਿਤ ਹੋ ਗਏ, ਲੋਕ ਜਹਿਰ ਖਾਅ ਪੀ ਰਹੇ ਨੇ ਤੇ ਕੈਂਸਰ ਨਾਲ ਮਰ ਰਹੇ ਨੇ ਪਰ ਕਾਰਪੋਰੇਟ ਜਗਤ ਦੇ ਭੌਂਪੂਆਂ ਨੂੰ ਇਹ ਕੁੱਝ ਵੀ ਨਜਰ ਨਹੀਂ ਆ ਰਿਹਾ। ਜੇ ਕੋਈ ਬੀਤੇ ਵੇਲੇ ਦੀ ਚੰਗਿਆਈ ਨੂੰ ਯਾਦ ਕਰ ਲਵੇ ਤਾਂ ਉਹ ਅਪਰਾਧੀ ਹੈ ਤੇ ਪਛੜਿਆ ਹੋਇਆ ਹੈ। ਅਜਿਹੇ ਵਿਰੋਧ ਕਰਨ ਵਾਲੇ ਅਚੇਤ ਹੀ ਪੂੰਜੀਵਾਦ ਦੇ ਹੱਕ ਵਿੱਚ ਭੁਗਤ ਜਾਂਦੇ ਨੇ। ਮੇਰੀ ਕਹਾਣੀ 'ਸਮਾਂਤਰ', 'ਮੋਮਬੱਤੀ', 'ਪਰਦੂਸ਼ਣ' ਤੇ 'ਟੂ ਇਨ ਵਨ' ਏਨਾਂ ਮਸਲਿਆਂ ਨੂੰ ਉਜਾਗਰ ਕਰਦੀਆਂ ਨੇ। ਇਹ ਨਵਾਂ ਸਿਸਟਮ ਜਿੱਥੇ ਕੁੜੀਆਂ ਗੁਜਾਰੇ ਲਈ ਜਿਸਮ ਫਰੋਸ਼ੀ ਨੂੰ ਵੀ ਜੌਬ ਵਾਂਗੂ ਕਰਨ ਲਈ ਮਜਬੂਰ ਹੋਣ, ਜਿੱਥੇ ਆਏ ਦਿਨ ਕਿਸਾਨ ਖੁਦਕਸ਼ੀਆਂ ਕਰ ਰਹੇ ਹੋਣ, ਜਿੱਥੇ ਵਿੱਦਿਆ ਦਾ ਢਾਂਚਾ ਨਿਗਰ ਰਿਹਾ ਹੋਵੇ। ਉਥੇ ਇਸ ਹਨੇਰੀ ਨਾਲ ਉਡਦੇ ਜਾ ਰਹੇ ਸਮਾਜ ਨੂੰ ਕੋਈ ਚੰਗੇ ਦਿਨਾਂ ਦਾ ਕੋਈ ਹਵਾਲਾ ਦੇ ਦੇਵੇ ਤਾਂ ਕੀ ਉਸ ਦਾ ਇਹ ਪੁਰਾਣੇ ਸੱਭਿਆਚਾਰ ਪ੍ਰਤੀ ਰੁਦਨ ਹੋ ਗਿਆ? ਜਦੋਂ ਕਿਸੇ ਦੇ ਮੁੰਡੇ ਗੇਅ ਬਣ ਜਾਣ ਅਤੇ ਕੁੜੀਆਂ ਵੇਸਵਾਪੁਣੇ ਦੇ ਰਸਤੇ ਪੈ ਜਾਣ, ਜਿੱਥੇ ਸਾਰੇ ਰਿਸ਼ਤੇ ਮਰ ਜਾਣ, ਪਿਉ ਹੀ ਧੀਆਂ ਦਾ ਬਲਾਤਕਾਰ ਕਰਨ ਲੱਗ ਪੈਣ, ਤੇ ਸਕੇ ਭੈਣ ਭਰਾ ਪਤੀ ਪਤਨੀ ਵਾਂਗ ਰਹਿਣ ਕੀ ਉਹ ਸਮਾਜ ਬਹੁਤ ਚੰਗਾ ਤੇ ਮੌਡਰਨ ਹੈ? ਜੇ ਹੈ ਤਾਂ ਮਾਰੋ ਇਸ ਗਲੋਬਲਾਈਜੇਸ਼ਨ ਦੇ ਸਮੁੰਦਰ ਵਿੱਚ ਛਾਲ ਦੇਖਿਉ ਕਿਤੇ ਪਿੱਛੇ ਨਾ ਰਹਿ ਜਾਇਉ। ਸਾਡਾ ਕੀ ਹੈ? ਅਸੀਂ ਤਾਂ ਅੱਗੇ ਖਤਰਾ ਦੇਖ ਕੇ ਹੋਕਾ ਦਈ ਜਾਣਾ ਹੈ। ਬਾਕੀ ਕੌਮਾਂ ਆਪਣੇ ਪੁਰਾਤਨ ਵਿਰਸੇ ਨੂੰ ਮਿਊਜੀਅਮਾਂ ਰਾਹੀ ਤੇ ਰਹੁ ਰੀਤਾਂ ਰਾਹੀਂ ਸਾਂਭਦੀਆਂ ਨੇ ਪਰ ਸਾਡੇ ਅਖੌਤੀ ਅਗਾਂਹਵਧੂ ਲੋਕ, ਜਿਨਾਂ ਨੂੰ ਸਮਾਜ ਦੇ ਨਾਂ ਤੋਂ ਹੀ ਨਫਰਤ ਹੈ ਇਸ ਨਵੀਨਤਾ ਦੇ ਖੂਹ ਵਿੱਚ ਛਾਲ ਮਾਰਨ ਲਈ ਕਾਹਲੇ ਪਏ ਹੋਏ ਨੇ। ਜਿੱਥੋਂ ਤੱਕ ਪਰਵਾਸੀਆਂ ਦੇ ਬੱਚਿਆਂ ਦੀ ਗੱਲ ਹੈ ਉਹ ਪੰਜਾਬ ਦੇ ਬੱਚਿਆਂ ਨਾਲੋਂ ਕਿਤੇ ਵੱਧ ਪੰਜਾਬੀ ਬੋਲੀ ,ਵਿਰਸੇ ਤੇ ਸੱਭਿਆਚਾਰ ਨਾਲ ਜੁੜੇ ਹੋਏ ਨੇ। ਪੰਜਾਬੀ ਤਾਂ ਆਪਣੇ ਨਿਆਣਿਆਂ ਨੂੰ ਪੰਜਾਬੀ ਸਕੂਲਾਂ ਦੇ ਨੇੜਿਉਂ ਵੀ ਨਹੀਂ ਲੰਘਣ ਦਿੰਦੇ। ਸੱਭਿਆਚਾਰ ਦਾ ਨਿਘਾਰ ਜਿਨਾਂ ਪੰਜਾਬ ਵਿੱਚ ਹੈ, ਹੋਰ ਕਿਤੇ ਨਹੀਂ। ਦੇਖ ਲਿਉ ਇੱਕ ਵੇਲਾ ਆਵੇਗਾ ਕਿ ਪੰਜਾਬ ਦੇ ਲੋਕਾ ਨੂੰ ਪੰਜਾਬੀ ਸਿਖਾਉਣ ਅਤੇ ਸੱਭਿਆਚਾਰ ਸਮਝਾਉਣ ਸਾਡੇ ਪਰਵਾਸੀਆਂ ਦੇ ਬੱਚੇ ਪੰਜਾਬ ਆਇਆ ਕਰਨਗੇ। ਸਾਡੇ ਬੱਚੇ ਤਾਂ ਜੁੜ ਰਹੇ ਨੇ ਤੇ ਪਰ ਪੰਜਾਬ ਵਾਸੀਆਂ ਦੇ ਬੱਚੇ ਸੱਭਿਆਚਾਰ ਨਾਲੋਂ ਟੁੱਟ ਕੇ ਬਹੁਤ ਦੂਰ ਜਾ ਚੁੱਕੇ ਨੇ। ਮੇਰੀਆਂ ਬਹੁਤ ਸਾਰੀਆਂ ਕਹਾਣੀਆਂ ਵਿੱਚ ਇਹ ਦੋਗਲੇਪਣ ਸਬੰਧੀ ਮਸਲੇ ਉਠਾਏ ਗਏ ਨੇ। ਭਗਤ ਸਿੰਘ ਭਾਰਤ ਤੇ ਭਤੀਜ ਇਸੇ ਗੱਲ ਤੇ ਕੇਂਦਰਿਤ ਹੈ। ਸਾਡੇ ਲੋਕ ਕਹਿੰਦੇ ਕੁੱਝ ਹੋਰ ਨੇ ਪਰ ਕਰਦੇ ਕੁੱਝ ਹੋਰ ਨੇ।

**? ਤੁਸੀਂ ਪਰਵਾਸੀ ਪੰਜਾਬੀਆਂ ਦੇ ਸਮਾਜਿਕ ਸੰਕਟਾਂ, ਆਰਥਿਕ ਸੰਕਟਾਂ, ਰਾਜਨੀਤਿਕ ਸੰਕਟਾਂ ਨੂੰ**

**ਆਪਣੇ ਗਲਪੀ ਬਿੰਬ 'ਚ ਕਿਸ ਤਰ੍ਹਾਂ ਢਾਲ ਰਹੇ ਹੋ।**

ਮੈਂ ਕੈਨੇਡਾ ਆ ਕੇ ਆਪਣੀ ਕਹਾਣੀ ਦੀ ਸ਼ੁਰੂਆਤ ਹੀ ਆਰਥਿਕ ਅਤੇ ਸਮਾਜਿਕ ਸੰਕਟਾਂ ਤੋਂ ਕੀਤੀ ਸੀ। ਇਨ੍ਹਾਂ ਵਿੱਚ ਮੰਦਵਾੜੇ ਦੀ ਦਹਿਸ਼ਤ, ਲੇਅ ਆਫ ਦਾ ਡਰ, ਰਿਸ਼ਤਿਆਂ ਦਾ ਟੁੱਟ ਜਾਣਾ ਜਾਂ ਅਨਜੋੜ ਰਿਸ਼ਤੇ ਮੇਰੀਆਂ ਕਹਾਣੀਆਂ ਦੇ ਵਿਸ਼ੇ ਬਣਦੇ ਰਹੇ ਨੇ। 'ਮੁਲੰਮਾਂ' ਕਹਾਣੀ ਦੀ ਰਾਣੀ, ਤੇ 'ਚਾਬੀ ਵਾਲੇ ਖਿਡੌਣੇ' ਦਾ ਬਚਨ ਸਿੰਘ ਇਹ ਸੰਤਾਪ ਭੁਗਤਦੇ ਨੇ। ਇਸ ਦੇ ਨਾਲ ਨਾਲ ਪੀੜੀ ਪਾੜਾ ਵੀ ਮੇਰੀਆਂ ਕਹਾਣੀਆਂ ਵਿੱਚ ਅਕਸਰ ਆਉਂਦਾ ਰਿਹਾ ਹੈ ਤੇ ਦੋ ਸੱਭਿਆਚਾਰਾਂ ਦਾ ਟਕਰਾ ਵੀ ।ਮੇਰੀਆਂ ਤਾਂ ਕੈਨੇਡਾ ਆ ਕੇ ਲਿਖੀਆਂ ਸਾਰੀਆਂ ਕਹਾਣੀਆਂ ਵੱਖੋ ਵੱਖਰੇ ਕੋਨਾਂ ਤੋਂ ਇਨ੍ਹਾਂ ਵਿਸ਼ਿਆਂ ਨੂੰ ਬਿਆਨਦੀਆਂ ਨੇ ਪਰ ਮੈ ਏਥੇ ਇਕੱਲੀ ਇਕੱਲੀ ਕਹਾਣੀ ਦੀ ਗੱਲ ਨਹੀਂ ਕਰ ਸਕਦਾ। ਹਾਂ ਜੇ ਤੁਸੀ ਕਿਸੇ ਕਹਾਣੀ ਵਿੱਚੋਂ ਇਸ ਮਸਲੇ ਸਬੰਧੀ ਕੋਈ ਨੁਕਤਾ ਚੁੱਕ ਕੇ ਗੱਲ ਕਰਦੇ, ਤਾਂ ਮੈਂ ਜ਼ਰੂਰ ਉਸਦਾ ਉੱਤਰ ਦਿੰਦਾ। ਇੱਕ ਗੱਲ ਮੈਂ ਜ਼ਰੂਰ ਕਹਿਣੀ ਚਾਹਾਂਗਾਂ ਕਿ ਜਿਨੀ ਦੇਰ ਪ੍ਰਸ਼ਨ ਕਰਤਾ ਵਲੋਂ ਲੇਖਕ ਨਾਲ ਸਬੰਧਤ ਸਾਰੀਆਂ ਕਹਾਣੀਆਂ ਪੜ੍ਹ ਕੇ ਉਨ੍ਹਾਂ ਦੇ ਅਧਾਰਿਤ ਗੱਲ ਨਹੀਂ ਕੀਤੀ ਜਾਂਦੀ ਤਾਂ ਸਹੀ ਪ੍ਰਸ਼ਨ ਪੁੱਛਣੇ ਬਹੁਤ ਮੁਸ਼ਕਿਲ ਨੇ ।ਹੁਣ ਲੇਖਕ ਆਪਣੀ ਲਿਖਤ ਬਾਰੇ ਸਾਰਾਂ ਕੁੱਝ ਆਪ ਹੀ ਕਿਵੇਂ ਦੱਸੇ? ਲੇਖਕ ਤਾਂ ਲਿਖ ਚੁੱਕਿਆ ਹੈ। ਜੋ ਉਹ ਨਹੀਂ ਕਹਿ ਸਕਿਆ ਜਾਂ ਜਿਸ ਨੁਕਤੇ ਤੋਂ ਗੱਲ ਨਹੀਂ ਕਰ ਸਕਿਆ ਜਾਂ ਕੋਈ ਲਿਖਤ ਵਿੱਚ ਧੁੰਦਲਾ ਪਣ ਹੈ, ਉਸ ਤੇ ਗੱਲ ਹੋ ਸਕਦੀ ਹੈ। ਜੇ ਮੈਂ ਹੀ ਸਾਰੀ ਗੱਲ ਕਰਨੀ ਹੈ ਤਾਂ ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ ਵਾਲੀ ਗੱਲ ਹੋਵੇਗੀ। ਏਥੇ ਮੈਂ ਆਪਣੀਆਂ ਛੇਅ ਕਹਾਣੀ ਪੁਸਤਕਾਂ ਨੂੰ ਇੱਕੋ ਉਤਰ ਵਿੱਚ ਨਹੀਂ ਸਮੇਟ ਸਕਦਾ। ਬੱਸ ਐਨਾ ਹੀ ਕਹਾਂਗਾ ਕਿ ਮੈਂ ਆਰਥਿਕ ,ਸਮਾਜਿਕ ਤੇ ਰਾਜਨੀਤਕ ਸੰਕਟਾਂ ਨੂੰ ਆਪਣੇ ਗਲਪੀ ਬਿੰਬ ਵਿੱਚ ਢਾਲਿਆ ਹੈ ਪਰ ਕਿਵੇਂ ਇਹ ਦੇਖਣਾ ਤੁਹਾਡਾ ਤੇ ਅਲੋਚਕਾਂ ਦਾ ਕੰਮ ਹੈ।

**? ਕਨੇਡਾ ਦੀ ਕਹਾਣੀ ਪਰਵਾਸੀ ਔਰਤ ਦੀ ਹੋਂਦ ਅਤੇ ਹੋਣੀ ਦੇ ਮਸਲਿਆਂ ਨੂੰ ਕਿਸ ਤਰ੍ਹਾਂ ਸੰਬੋਧਨ ਹੁੰਦੀ ਹੈ। ਕਹਾਣੀਆਂ ਦੇ ਹਵਾਲਿਆਂ ਨਾਲ ਦੱਸੋ।**

ਪਹਿਲੀ ਗੱਲ ਤਾਂ ਇਹ ਹੈ ਕਿ ਔਰਤ ਨੂੰ ਆਪਣੀ ਹੋਂਦ ਦਾ ਅਹਿਸਾਸ ਹੀ ਕੈਨੇਡਾ ਵਰਗੇ ਮੁਲਕ ਵਿੱਚ ਆ ਕੇ ਹੁੰਦਾ ਹੈ, ਜਿੱਥੇ ਉਸ ਦੇ ਹੱਕ ਮਰਦ ਦੇ ਬਰਾਬਰ ਹਨ। ਭਾਰਤ ਵਿੱਚ ਔਰਤ ਮਰਦ ਦੀ ਹੁਣ ਤੱਕ ਗੁਲਾਮ ਰਹੀ ਹੈ ਤੇ ਹੁਣ ਵੀ ਹੈ। ਮਨੂੰ ਸਿਮਰਤੀ ਵਿੱਚ ਉਸ ਨੂੰ ਪੈਰ ਦੀ ਜੁੱਤੀ ਤੱਕ ਕਿਹਾ ਗਿਆ ਹੈ ਅਤੇ ਭਾਰਤੀ ਮਰਦ ਦੇ ਇਹ ਚੀਜ ਸਭ ਤੋਂ ਫਿੱਟ ਬੈਠੀ ਹੋਈ ਹੈ। ਔਰਤ ਬੱਚੇ ਜੰਮੇ, ਘਰ ਦੀ ਸਾਫ ਸਫਾਈ ਕਰੇ, ਖਾਣਾ ਬਣਾਵੇ ਤੇ ਹੋਰ ਕੰਮ ਕਰੇ ਪਰ ਮਰਦ ਕਿਸੇ ਕੰਮ ਨੂੰ ਹੱਥ ਨਾ ਲਾਵੇ। ਹੋਰ ਤਾਂ ਹੋਰ ਘਰ ਦੇ ਸਾਰੇ ਅਹਿਮ ਫੈਸਲੇ, ਖਰੀਦੋ ਫਰੋਖਤ ਤੇ ਪੈਸਾ ਵੀ ਮਰਦ ਦੀ ਮਰਜੀ ਅਨੁਸਾਰ ਹੀ ਖਰਚ ਹੁੰਦਾ ਹੈ। ਔਰਤਾਂ ਅੱਜ ਵੀ ਭਾਰਤ ਵਿੱਚ ਆਜਾਦੀ ਨਾਲ ਨਹੀਂ ਜੀ ਸਕਦੀਆਂ। ਕਦੇ ਮਰਦ ਨਾਲ ਸਤੀ ਹੋਣਾ ਪੈਂਦਾ ਸੀ, ਆਪਣੀ ਮਰਜੀ ਨਾਲ ਘਰੋਂ ਬਾਹਰ ਜਾ ਆ ਨਹੀਂ ਸੀ ਸਕਦੀਆਂ। ਨੌਕਰੀ ਪੇਸ਼ਾਂ ਔਰਤਾਂ ਦੇ ਚੈਕ ਵੀ ਮਰਦ ਹੀ ਫੜਦੇ ਨੇ ਤੇ ਉਹ ਹੁਣ ਵੀ ਵਿਚਾਰੀ ਆਪਣੀ ਹੀ ਮਿਹਨਤ ਦੇ ਪੈਸੇ ਕਿਸੇ ਨਿੱਜੀ ਲੋੜ ਲਈ ਮਰਦ ਤੋਂ ਮੰਗ ਮੰਗ ਕੇ ਲੈਂਦੀ ਹੈ। ਔਰਤ ਦੀ ਬਰਾਬਰੀ ਦੀ ਗੱਲ ਤਾਂ ਸਾਰੇ ਧਰਮ ਕਰਦੇ ਨੇ ਪਰ ਕਈ ਧਰਮਾਂ ਵਿੱਚ ਔਰਤ ਖਾਸ ਥਾਵਾਂ ਤੇ ਅਗਵਾਈ ਹੀ ਨਹੀਂ ਕਰ ਸਕਦੀ, ਕੀਰਤਨ ਨਹੀਂ ਕਰ ਸਕਦੀ, ਮੰਦਿਰਾਂ ਵਿੱਚ ਦਾਖਲ ਨਹੀਂ ਹੋ ਸਕਦੀ। ਇਹ ਗੁਲਾਮ ਔਰਤ ਜਦੋਂ ਬਾਹਰਲੇ ਮੁਲਕਾਂ ਵਿੱਚ ਆ ਕੇ ਔਰਤ ਦੀ ਆਜਾਦੀ ਵੇਖਦੀ ਹੈ ਕਿ ਕਿਵੇਂ ਕਾਨੂੰਨ ਪਹਿਲ ਦੇ ਆਧਾਰ ਤੇ ਉਸ ਦੇ ਨਾਲ ਖੜਦਾ ਹੈ ਤਾਂ ਉਸ ਦੀਆਂ ਅੱਖਾਂ ਖੁੱਲ ਜਾਂਦੀਆਂ ਹਨ। ਪਰ ਭਾਰਤੀ ਮਰਦ ਆਪਣੀ ਉਸੇ ਮਾਨਸਿਕਤਾ ਨੂੰ ਏਥੇ ਆ ਕੇ ਵੀ ਨਹੀਂ ਛੱਡਦਾ। ਉਹ ਸੋਚਦਾ ਹੈ ਕਿ ਔਰਤ ਸਾਰੇ ਘਰ ਦੇ ਕੰਮ ਵੀ ਕਰੇ, ਬੱਚੇ ਵੀ ਪਾਲੇ, ਮਾਪਿਆਂ ਦੀ ਸੇਵਾ ਵੀ ਕਰੇ ਤੇ ਬਾਹਰ ਨੌਕਰੀ ਕਰ ਕੇ

ਚੈਕ ਵੀ ਲਿਆ ਕੇ ਉਸੇ ਨੂੰ ਦੇਵੇ। ਜਦੋਂ ਔਰਤ ਇਸ ਲੁੱਟ ਬਾਰੇ ਸਵਾਲ ਕਰਨ ਲੱਗ ਪਏ ਕਿ ਮੈਂ ਵੀ ਬਰਾਬਰ ਕੰਮ ਕਰਦੀ ਆਂ ਤੂੰ ਕਿਉਂ ਨਹੀਂ ਰੋਟੀ ਬਣਾ ਸਕਦਾ, ਤੂੰ ਕਿਉਂ ਨੀ ਕੱਪੜੇ ਜਾਂ ਭਾਡੇ ਧੋ ਸਕਦਾ। ਉਹ ਇਹ ਵੀ ਕਹਿ ਸਕਦੀ ਹੈ ਕਿ ਇਹ ਮੇਰੀ ਤਨਖਾਹ ਹੈ ਘਰ ਦੇ ਖਰਚੇ ਤੋਂ ਬਾਅਦ ਮੈਂ ਆਪਣੀ ਮਰਜੀ ਨਾਲ ਜਿੱਥੇ ਚਾਹਾਂ ਖਰਚਾਂਗੀ ਤਾਂ ਮਰਦ ਦਾ ਮਖੌਟਾ ਝੱਟ ਉੱਤਰ ਜਾਂਦਾ ਹੈ ਤੇ ਘਰ ਵਿੱਚ ਕਲੇਸ਼ ਪੈ ਜਾਂਦਾ ਹੈ। ਕੈਨੇਡਾ ਦੀ ਔਰਤ ਜਦੋਂ ਆਪਣੇ ਹੱਕਾਂ ਨੂੰ ਮਹਿਸੂਸ ਕਰਨ ਲੱਗ ਪੈਂਦੀ ਹੈ ਤਾਂ ਮਰਦ ਦੀ ਚੁੰਗਲ ਵਿੱਚੋਂ ਨਿੱਕਲ ਕੇ ਆਪਣੀ ਹੋਣੀ ਆਪ ਤਹਿ ਕਰਦੀ ਹੈ। ਉਸ ਲਈ ਪਤੀ ਪ੍ਰਮੇਸ਼ਰ ਨਹੀਂ ਬਲਕਿ ਬਰਾਬਰ ਦਾ ਸਾਥੀ ਅਤੇ ਜੀਵਨ ਦਾ ਅੱਧਾ ਭਾਗ ਹੈ। ਉਹ ਉਸ ਦੇ ਪਿੱਛੇ ਪਿੱਛੇ ਨਹੀਂ ਸਗੋਂ ਕਦਮ ਨਾਲ ਕਦਮ ਮੇਚ ਕੇ ਤੁਰਨਾ ਚਾਹੁੰਦੀ ਹੈ। ਮੈਂ ਪਰਵਾਸੀ ਔਰਤ ਦੇ ਹੱਕ ਵਿੱਚ ਹਮੇਸ਼ਾਂ ਆਪਣੀਆਂ ਕਹਾਣੀਆਂ ਰਾਹੀਂ ਆਵਾਜ ਬੁਲੰਦ ਕੀਤੀ ਹੈ। ਮੇਰੀਆਂ ਕਹਾਣੀਆਂ ਮੈਂ ਕ੍ਰਿਸਮਿਸ ਟ੍ਰੀ ਨਹੀਂ, ਗਰਮ ਹਵਾ ਦਾ ਬੁੱਲਾ, ਜਿੰਨ ਦੀ ਕੈਦ, ਮੈਂ ਏ ਟੀ ਐਮ ਨਹੀਂ ਤੇ ਕਈ ਹੋਰ ਕਹਾਣੀਆਂ ਔਰਤ ਦੀ ਹੋਂਦ ਅਤੇ ਬਰਾਬਾਰਤਾ ਦੇ ਸੰਘਰਸ਼ ਦੀਆਂ ਕਹਾਣੀਆਂ ਹਨ।

**? ਤੁਸੀਂ ਆਪਣੀ ਕਹਾਣੀ ਵਿਚ ਕਿਸ ਕਿਸਮ ਦੀਆਂ ਕਥਾ ਜੁਗਤਾਂ ਦੀ ਵਰਤੋਂ ਕਰਦੇ ਹੋ।**

ਕਹਾਣੀ ਲਿਖਣ ਲੱਗਿਆਂ ਮੈਂ ਪਹਿਲਾਂ ਤਹਿ ਨਹੀਂ ਕਰਦਾ ਕਿ ਏਥੇ ਕਿਹੜੀ ਜੁਗਤ ਵਰਤਣੀ ਹੈ। ਉਸ ਵਕਤ ਤਾਂ ਵਿਸ਼ਾ ਭਾਰੂ ਹੁੰਦਾ ਹੈ, ਜੋ ਲੰਬੇ ਸਮੇਂ ਦੇ ਮੰਥਨ ਬਾਅਦ ਲਿਖੇ ਜਾਣ ਲਈ ਸੰਭਾਲਣਾ ਮੁਸ਼ਕਲ ਹੋ ਰਿਹਾ ਹੁੰਦਾ ਹੈ। ਬੱਸ ਫੇਰ ਇੱਕ ਆਵੇਸ਼ ਜਾਂ ਧਾਰਾ ਬਹਿ ਤੁਰਦੀ ਹੈ ਤੇ ਮੈ ਇੱਕ ਵੇਗ ਵਿੱਚ ਕਹਾਣੀ ਕਹਿੰਦਾ ਚਲਾ ਜਾਂਦਾ ਹਾਂ। ਕਿਤੇ ਸੰਵਾਦ ਰਾਹੀਂ, ਕਿਤੇ ਮਨ ਬਚਨੀ ਰਾਹੀਂ, ਕਦੇ ਇਹ ਕਹਿਣ ਲਈ ਯਾਦਾਂ ਜਾਂ ਫਲੈਸ਼ਬੈਕ ਵਿਧੀ ਆ ਜਾਂਦੀ ਹੈ ਤੇ ਕਦੀ ਵਰਤਮਾਨ ਜਾਂ ਭਵਿੱਖ ਨੂੰ ਬਿਆਨਣ ਲਈ ਕੋਈ ਹੋਰ ਢੰਗ। ਜਦੋਂ ਕਹਾਣੀ ਪੂਰੀ ਲਿਖ ਹੋ ਜਾਂਦੀ ਹੈ ਤੇ ਕਿਤੇ ਪੜ੍ਹੀ ਜਾਂਦੀ ਹੈ ਤਾਂ ਅਲੋਚਕ ਜਾਂ ਪਾਠਕ ਇਨ੍ਹਾਂ ਜੁਗਤਾਂ ਦੀ ਸ਼ਨਾਖਤ ਕਰਦੇ ਰਹਿੰਦੇ ਨੇ। ਮੇਰੇ ਲਈ ਜ਼ਰੂਰੀ ਇਹ ਕਿ ਮੈਂ ਕਹਾਣੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਗੁੰਦਾਂ ਕਿ ਬੱਸ ਪਾਠਕ ਪੜ੍ਹਦਾ ਚਲਾ ਜਾਵੇ। ਅੱਗੇ ਕੀ ਹੋਇਆ ਜਾਨਣ ਲਈ ਉਤਾਵਲਾ ਰਹੇ ਤੇ ਉਸ ਨੂੰ ਜਾਪੇ ਕਿ ਕਹਾਣੀ ਉਸੇ ਨਾਲ ਵਾਪਰ ਰਹੀ ਹੈ। ਜਿਸ ਕਰਕੇ ਢੁਕਵੀ ਸ਼ਬਦਾਵਲੀ, ਢੁਕਵੇਂ ਦ੍ਰਿਸ਼ ਚਿਤਰਨ ਵੀ ਬਹੁਤ ਜਰੂਰੀ ਹੋ ਜਾਂਦੇ ਨੇ। ਮੈਂ ਕਹਾਣੀ ਦੀਆਂ ਜੁਗਤਾਂ ਨਾਲੋਂ ਉਸ ਨੂੰ ਸਮੁੱਚ ਵਿੱਚ ਵਧੇਰੇ ਵੇਖਦਾ ਹਾਂ ਤਾਂ ਕਿ ਪਾਠਕ ਨੂੰ ਇਹ ਬੱਝਵਾਂ ਪ੍ਰਭਾਵ ਦੇ ਸਕੇ।

**? ਤੁਸੀਂ ਆਪਣੀ ਕਹਾਣੀ ਵਿਚ ਪੂਰਬੀ ਅਤੇ ਪੱਛਮੀ ਸਮਾਜ ਦੀ ਡਾਇਲੈਕਟਸ ਨੂੰ ਪਕੜਿਆ ਹੈ? ਕਿਸ ਤਰ੍ਹਾਂ।**

ਜੀ ਬਿਲਕੁੱਲ। ਮੈਂ ਕੈਨੇਡਾ ਵਿੱਚ ਵਸੀ ਪਹਿਲੀ ਪੀੜ੍ਹੀ ਦਾ ਲੇਖਕ ਹਾਂ ਤੇ ਦੋ ਦੇਸ਼ਾਂ ਜਾਂ ਸੱਭਿਆਚਾਰਾਂ ਵਿਚਕਾਰਾਂ ਪੁਲ ਹਾਂ, ਇਸ ਕਰਕੇ ਮੇਰੇ ਪਾਤਰ ਪੂਰਬ ਤੇ ਪੱਛਮ ਨਾਲ ਜੁੜੇ ਹੋਏ ਹਨ। ਉਨ੍ਹਾਂ ਦੇ ਸੰਵਾਦ ਉਨ੍ਹਾਂ ਦੇ ਇਲਾਕੇ, ਵਿਦਿਆ, ਉਮਰ ਅਤੇ ਕਿੱਤੇ ਅਨੁਸਾਰ ਹੁੰਦੇ ਹਨ। ਮੇਰੇ ਗੋਰੇ ਪਾਤਰ ਅੰਗਰੇਜੀ ਬੋਲਦੇ ਹਨ, ਏਧਰ ਜੰਮੇ ਪਲੇ ਬੱਚੇ ਖਿਚੜੀ ਭਾਸ਼ਾ ਦਾ ਇਸਤੇਮਾਲ ਕਰਦੇ ਹਨ। ਕੁੱਝ ਬਜੁਰਗ ਅੰਗਰੇਜੀ ਨਾ ਆਉਣ ਕਾਰਨ ਸ਼ਬਦਾਂ ਦਾਂ ਕੁੱਝ ਹੋਰ ਹੀ ਬਣਾ ਦਿੰਦੇ ਹਨ ਜੋ ਕਿਸੇ ਵੀ ਭਾਸ਼ਾ ਦੇ ਸ਼ਬਦ ਨਹੀਂ ਹੁੰਦੇ। ਡਾਇਲੈਕਟਸ ਜਾਂ ਸੰਵਾਦ ਕਹਾਣੀ ਦੀ ਜਿੰਦ ਜਾਨ ਹੁੰਦੇ ਨੇ ਤੇ ਲੇਖਕ ਦੀ ਪਛਾਣ ਬਣਦੇ ਹਨ। ਮੇਰੀਆਂ ਕਹਾਣੀਆਂ ਮਨ ਮੌਸਮ ਦੀ ਰੰਗਤ, ਚੱਕਰਵਾਤ, ਪਲ ਪਲ ਮੌਤ, ਬੇਗਾਨੀਆਂ ਕੰਧਾ, ਕਠਪੁਤਲੀਆਂ , ਠੀਕਰੀਆਂ ਬਗੈਰਾਂ ਆਪਣੇ ਡਾਇਲੈਕਟਸ ਕਰਕੇ ਹੀ ਸਲਾਹੀਆਂ ਗਈਆਂ। ਮੈਂ ਕਹਿ ਸਕਦਾ ਹਾਂ ਮੈਂ ਸਮਾਜ ਦੇ ਜਿਸ ਵਰਗ ਚੋਂ ਪਾਤਰ ਲਏ ਨੇ ਉਸ ਦੀ ਡਾਇਲੈਕਟਸ ਨੂੰ ਵੀ ਪਕੜਿਆ ਹੈ।

**? ਨਸਲੀ ਵਿਤਕਰੇ, ਪੀੜ੍ਹੀ ਪਾੜਾ, ਔਰਤ-ਮਰਦ ਦੇ ਤਣਾਅ ਭਰੇ ਰਿਸ਼ਤੇ, ਪਰਵਾਸੀਆਂ ਦੇ ਦੋਹਰੇ ਮਾਪਦੰਡ ਦੀ ਜ਼ਿੰਦਗੀ, ਵਿਵਰਤ ਰਿਸ਼ਤਿਆਂ ਨਾਲ ਪ੍ਰਭਾਵਿਤ ਹੁੰਦੀ ਪਰਿਵਾਰਕ ਇਕਾਈ ਆਦਿ ਪੱਖਾਂ ਨੂੰ ਆਪਣੀਆਂ ਕਹਾਣੀਆਂ ਵਿਚ ਕਿਸ ਤਰ੍ਹਾਂ ਲੈਂਦੇ ਹੋ।**

ਮੈਨੂੰ ਇਹ ਤਾਂ ਪਤਾ ਨਹੀਂ ਕਿ ਮੈਂ ਕਿਸ ਤਰ੍ਹਾਂ ਉਪਰੋਕਤ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਲੈਂਦਾ ਹਾਂ, ਪਰ ਹਾਂ ਇਹ ਸਾਰੀਆਂ ਸਮੱਸਿਆਵਾਂ ਲੈਂਦਾ ਜ਼ਰੂਰ ਹਾਂ। ਨਸਲਵਾਦ ਤੇ ਵਿਤਕਰਾ, ਸਾਰੀ ਦੁਨੀਆਂ ਨਾਲੋਂ ਵੱਧ ਭਾਰਤ ਵਿੱਚ ਕਿਤੇ ਵੱਧ ਹੈ। ਮੈਂ ਪਹਿਲੀ ਕਹਾਣੀ ਜੋ ਕਿਤੇ ਨਹੀਂ ਛਪੀ ਇਸੇ ਬਾਰੇ ਲਿਖੀ ਸੀ। ਕਿਰਦਾਰ ਮੇਰੇ ਨਾਨਕੇ ਘਰ ਪੀੜ੍ਹੀ ਦਰ ਪੀੜ੍ਹੀ ਚਲੇ ਆ ਰਹੇ ਸਾਂਝੀ ਪਰਿਵਾਰ ਦਾ ਸੀ, ਜਿਸ ਦੀ ਕਮਾਈ ਤਾਂ ਸਭ ਖਾਂਦੇ ਪਰ ਉਸਦੀ ਛੋਹ ਨਾਲ ਕੋਈ ਕਿਵੇਂ ਭਿੱਟਿਆ ਜਾ ਸਕਦਾ ਸੀ? ਏਥੋਂ ਤੱਕ ਕਿ ਉਸਦੇ ਜੂਠੇ ਭਾਂਡੇ ਵੀ ਭੁੱਬਲ ਵਿੱਚ ਦੱਬ ਕੇ ਸੁੱਚੇ ਕੀਤੇ ਜਾਂਦੇ ਇਹ ਕਾਹਦੀ ਸਾਂਝ ਸੀ। ਮੈਂ ਇਸ ਤੋਂ ਵੱਡਾ ਵਿਤਕਰਾ ਤੇ ਨਸਲਵਾਦ ਦੁਨੀਆਂ ਚ ਹੋਰ ਕਿਤੇ ਨਹੀਂ ਵੇਖਿਆ।

ਮੇਰੀ ਕਹਾਣੀ 'ਤ੍ਰਿਸ਼ੰਕੂ' ਵੀ ਇਸੇ ਅਧਾਰ ਤੇ ਹੈ ਕਿ ਕੈਨੇਡਾ ਰਹਿੰਦਾ ਇੱਕ ਵਿਅਕਤੀ ਜੋ ਖੁਦ ਨਸਲਵਾਦ ਦਾ ਸ਼ਿਕਾਰ ਹੈ ਪਰ ਆਪਣੀ ਭਾਰਤ ਰਹਿੰਦੀ ਭੈਣ ਨੂੰ ਜਾਂ ਉਸਦੇ ਮਿੱਤਰ ਮੁੰਡੇ ਨੂੰ ਇਸ ਕਰਕੇ ਮਰਵਾ ਦੇਣਾ ਚਾਹੁੰਦਾ ਹੈ ਕਿ ਉਸਦੀ ਜਾਤ ਛੋਟੀ ਹੈ, ਜਿਸ ਨਾਲ ਉਨ੍ਹਾਂ ਦਾ ਸਮਾਜ ਵਿੱਚ ਨੱਕ ਵੱਢਿਆ ਜਾਵੇਗਾ। ਹਾਂਲਾਂਕਿ ਮੁੰਡਾ ਤੇ ਕੁੜੀ ਦੋਵੇਂ ਡਾਕਟਰ ਹਨ। ਅਜਿਹੇ ਦੋਗਲੇ ਸਿਰਫ ਪਰਵਾਸੀ ਨਹੀਂ, ਪੰਜਾਬ ਵਿੱਚ ਰਹਿੰਦੇ ਵੀ ਬਥੇਰੇ ਲੋਕ ਨੇ। ਜਿਨਾਂ ਦੀ ਕਹਿਣੀ ਤੇ ਕਰਨੀ ਵਿੱਚ ਜਮੀਨ ਅਸਮਾਨ ਦਾ ਫਰਕ ਹੈ। ਪਰ ਤੁਸੀਂ ਸਾਰੇ ਪਰਵਾਸੀਆਂ ਨੂੰ ਇੱਕੋ ਰੱਸੇ ਨਾ ਬੰਨੋ, ਚੰਗੇ ਮਾੜੇ ਬੰਦੇ ਹਰ ਥਾਂ ਹੁੰਦੇ ਨੇ। ਕਈ ਪਰਵਾਸੀ ਵੀ ਬਥੇਰੇ ਚੰਗੇ ਵੀ ਨੇ।

ਰਿਸ਼ਤਿਆਂ ਨੂੰ ਲੈ ਕੇ ਅਜੇ ਅਸੀਂ ਮਨੋਵਿਗਿਆਨਕ ਪੱਧਰ ਤੇ ਨਹੀਂ ਸਤਹੀ ਪੱਧਰ ਤੇ ਵਿਚਰਦੇ ਹਾਂ। ਕੁਦਰਤ ਦੇ ਨਿਯਮਾਂ ਅਨੁਸਾਰ ਰਿਸ਼ਤੇ ਮਨ ਸਿਰਜਦਾ ਹੈ ਸਮਾਜ ਨਹੀਂ। ਪਰ ਅਸੀਂ ਸਮਾਜ ਦੇ ਬਣਾਏ ਰਿਸ਼ਤੇ ਨੂੰ ਹੀ ਮਾਨਤਾ ਦਿੰਦੇ ਹਾਂ। ਅਸੀਂ ਪਤਨੀ ਨੂੰ ਪਸੰਦ ਵੀ ਨਹੀਂ ਕਰਦੇ, ਗਾਲਾਂ ਵੀ ਕੱਢੀ ਜਾਂਦੇ ਹਾਂ ਛੱਡਦੇ ਵੀ ਨਹੀਂ, ਤੇ ਸਰੀਰਕ ਭੁੱਖ ਵੀ ਉਸੇ ਨਾਲ ਪੂਰੀ ਕਰੀ ਜਾਂਦੇ ਹਾਂ। ਜਦ ਕਿ ਇਹ ਇੱਕ ਬਲਾਤਕਾਰ ਹੁੰਦਾ ਹੈ, ਜੋ ਪਤਨੀ ਦੀ ਮਰਜੀ ਤੋਂ ਬਗੈਰ ਹੁੰਦਾ ਹੈ। ਇਹ ਕੈਨੇਡਾ ਵਿੱਚ ਨਹੀਂ ਹੋ ਸਕਦਾ ਤੇ ਜੇਲ ਜਾਣਾ ਪੈ ਸਕਦਾ ਹੈ।

ਦੂਸਰੇ ਪਾਸੇ ਸਾਡਾ ਤਾਂ ਮਨ ਕਿਤੇ ਹੋਰ ਜੁੜਿਆ ਹੁੰਦਾ ਹੈ ਚੋਰੀ ਚੋਰੀ ਉਹ ਭੁਸ ਵੀ ਪੂਰਾ ਕਰੀ ਜਾਂਦੇ ਹਾਂ ਤੇ ਪਤੀ ਪਤਨੀ ਦਾ ਰਿਸ਼ਤਾ ਵੀ ਨਿਭਾਈ ਜਾਂਦੇ ਹਾਂ। ਜੇ ਨਹੀਂ ਫੜੇ ਜਾਂਦੇ ਤਾਂ ਸਾਧ ਬਣੇ ਰਹਿੰਦੇ ਹਾਂ ਜਿੱਥੇ ਸੱਚ ਉਜਾਗਰ ਹੋ ਜਾਵੇ ਤਾਂ ਸਮਾਜਿਕ ਰਿਸ਼ਤਾ ਢਹਿ ਢੇਰੀ ਵੀ ਹੋ ਜਾਂਦਾ ਹੈ। ਬਾਕੀ ਮੇਰੇ ਖਿਆਲ ਨਾਲ ਰਿਸ਼ਤਾ ਵਰਜਿਤ ਜਾਂ ਵਿਵਰਜਤ ਕੋਈ ਨਹੀਂ ਹੁੰਦਾ, ਰਿਸ਼ਤਾ ਤਾਂ ਰਿਸ਼ਤਾ ਹੈ। ਕੁਦਰਤ ਦੇ ਨਿਯਮ ਨੂੰ ਵੇਖੋ ਬਨਸਪਤੀ ਵਿੱਚ ਕਿਹੜੇ ਰਿਸ਼ਤੇ ਹੁੰਦੇ ਨੇ? ਕਦੇ ਪੌਦਿਆਂ ਦੇ ਵਿਆਹ ਹੁੰਦੇ ਨੇ? ਇਹ ਸਭ ਸਮਾਜ ਦੀ ਦੇਣ ਹੈ। ਵਿਆਹ ਸੰਸਥਾ ਆਪਣਾ ਸਮਾ ਗੁਆ ਚੁੱਕੀ ਹੈ ਤੇ ਇਹ ਰਿਸ਼ਤੇ ਨਰੜ ਬਣਦੇ ਜਾ ਰਹੇ ਨੇ। ਜਿਸ ਵਿੱਚ ਔਰਤ ਦੀ ਗੁਲਾਮੀ, ਮਰਦ ਦੀ ਹੈਂਕੜ ਤੇ ਅਣਚਾਹਿਆ ਜੀਵਨ ਹੈ। ਜਿਸ ਨੂੰ ਅਸੀਂ ਵਿਵਰਜਤ ਰਿਸ਼ਤੇ ਕਹਿ ਰਹੇ ਹਾਂ ਅੱਗੇ ਉਨ੍ਹਾਂ ਦਾ ਹੀ ਸਮਾਂ ਆ ਰਿਹਾ ਹੈ ਜਦੋਂ ਮਨੁੱਖ ਕਿਸੇ ਬੰਧਨ ਜਾਂ ਧਾਰਮਿਕ ਰਸਮ ਤੇ ਨਿਰਭਰ ਨਹੀਂ ਕਰੇਗਾ ਬਲਕਿ ਕਾਮਨ ਲਾਅ ਅਧੀਨ ਜਾਂ ਲਿਵ ਇਨ ਟੂਗੈਦਰ ਅਧੀਨ ਜੋ ਵੱਡੀ ਪੱਧਰ ਤੇ ਸ਼ੁਰੂ ਹੋ ਚੁੱਕੇ ਨੇ ਆਪਣੇ ਮਨ ਪਸੰਦ ਸਾਥ ਨਾਲ ਰਹੇਗਾ ਤੇ ਇਨ੍ਹਾਂ ਸਬੰਧਾਂ ਨੂੰ ਵਰਜਿਤ ਨਹੀਂ ਸਮਝਿਆ ਜਾਵੇਗਾ। ਜੇ ਅਸੀਂ ਆਪਣੀ ਦਕੀਆਨੂਸੀ ਸੋਚ ਨੂੰ ਹੀ ਠੋਸਦੇ ਰਹੇ ਤਾਂ ਸਮਲਿੰਗੀ ਸਬੰਧਾਂ

ਦਾ ਪਾਸਾਰ ਐਨਾ ਵਧ ਜਾਵੇਗਾ ਕਿ ਮਨੁੱਖ ਨੂੰ ਇਹ ਦੱਸਦਿਆਂ ਖੁਸ਼ੀ ਹੋਇਆ ਕਰੇਗੀ ਕਿ ਉਸਦੇ ਪੁੱਤਰ ਜਾਂ ਧੀ ਦੇ ਵਿਰੋਧੀ ਲਿੰਗ ਨਾਲ ਸਬੰਧ ਨੇ ਤੇ ਉਹ ਰਹਿ ਵੀ ਵਿਰੋਧੀ ਲਿੰਗ ਨਾਲ ਰਿਹਾ ਹੈ। ਮੇਰੀਆਂ ਕਹਾਣੀਆਂ, ਦਿਸ਼ਾ, ਪ੍ਰਦੂਸ਼ਣ, ਟੂ ਇਨ ਵੱਨ ਇਨ੍ਹਾਂ ਹੀ ਸਾਰੇ ਮਸਲਿਆਂ ਨੂੰ ਉਭਾਰਦੀਆਂ ਤੇ ਪੇਸ਼ ਕਰਦੀਆਂ ਨੇ।

**? ਮੁੱਢਲੀ ਕੈਨੇਡਾ ਕਹਾਣੀ ਆਰਥਿਕ ਔਰੜਾਂ, ਹੱਡ ਭੰਨਵੀ ਮੁਸ਼ੱਕਤ, ਬਿਗਾਨੀ ਭਾਸ਼ਾ-ਅੰਗਰੇਜ਼ੀ ਅਤੇ ਪੱਛਮੀ ਸਭਿਆਚਾਰ ਤੋਂ ਦੂਰੀ, ਮਿਲਾਪ ਨਾ ਬੈਠ ਸਕਣ ਦੀਆਂ ਸਮੱਸਿਆਵਾਂ, ਨਸਲੀ ਵਿਤਕਰੇ ਆਦਿ ਨਾਲ ਜੂਝਦੀ ਰਹੀ ਸੀ, ਹੁਣ ਕਿਸ ਤਰ੍ਹਾਂ ਦੇ ਵਿਸ਼ਿਆਂ ਦੇ ਸੰਕਟਾਂ ਨਾਲ ਜੂਝ ਰਹੀ ਹੈ।**


ਅਜੋਕੀ ਕਹਾਣੀ ਦੀਆਂ ਚਨੌਤੀਆਂ ਹੁਣ ਬਿਲਕੁੱਲ ਹੋਰ ਨੇ। ਸਾਡੇ ਬੱਚਿਆਂ ਲਈ ਹੁਣ ਭਾਰਤੀ ਸੱਭਿਆਚਾਰ, ਬੋਲੀ, ਜਾਂ ਵਿਆਹ ਵੀ ਸਮੱਸਿਆ ਨਹੀਂ ਰਹੇ। ਬੱਚਿਆਂ ਨੂੰ ਮਾਪਿਆਂ ਦੀਆਂ ਸਿੱਖਿਆਵਾਂ ਤੇ ਹੁਕਮ ਨਹੀਂ ਚਾਹੀਦੇ,ਉਹ ਆਪਣੇ ਰਾਹ ਆਪ ਤਲਾਸ਼ਣੇ ਚਾਹੁੰਦੇ ਹਨ। ਸਾਡੀ ਤੀਸਰੀ ਪੀੜ੍ਹੀ ਦੀਆਂ ਸਮੱਸਿਆਵਾਂ ਪਹਿਲੀ ਪੀੜ੍ਹੀ ਵਾਲੀਆਂ ਬਿਲਕੁੱਲ ਨਹੀਂ, ਹੁਣ ਤਾਂ ਸਗੋਂ ਮੁੱਖ ਧਾਰਾ ਵਿੱਚ ਸਮਾ ਜਾਣ ਲਈ ਭਾਰਤੀ ਰਹੁ ਰੀਤਾਂ ਵੱਡਾ ਅੜਿੱਕਾ ਬਣਦੀਆਂ ਹਨ। ਜੋ ਚੀਜਾਂ ਸਾਡੇ ਸੱਭਿਆਚਾਰ ਵਿੱਚ ਗੁਣ ਸਨ ਏਥੇ ਔਗਣ ਬਣ ਜਾਂਦੀਆਂ ਨੇ, ਉਨ੍ਹਾਂ ਤੇ ਮਨੋਵਿਗਿਆਨਕ ਤਰੀਕੇ ਨਾਲ ਗੱਲ ਕਰਨ ਦੀ ਜ਼ਰੂਰਤ ਹੈ। ਸਮਲਿੰਗੀ ਵਿਆਹ ਕੈਨੇਡਾ ਵਿੱਚ ਕਨੂੰਨੀ ਹਨ ਜੇ ਤੁਹਾਡਾ ਬੱਚਾ ਇਹ ਵਿਆਹ ਚੁਣਦਾ ਹੈ ਤਾਂ ਭਾਰਤ ਤੋਂ ਗਏ ਦਾਦਾ ਦਾਦੀ ਜਾਂ ਨਾਨਾ ਨਾਨੀ ਨੂੰ ਤੁਸੀਂ ਕਿਵੇਂ ਸਮਝਾ ਕੇ ਪਰਿਵਾਰ ਦਾ ਹਿੱਸਾ ਬਣਾਈ ਰੱਖਣਾ ਹੈ। ਜੇ ਲੜਕੀ ਮੁੰਡਿਆਂ ਦੇ ਬਰਾਬਰ ਹੱਕ ਮੰਗਦੀ ਹੈ, ਰਾਤ ਬਰਾਤੇ ਦੋਸਤਾਂ ਨਾਲ ਬਾਹਰ ਜਾਣਾ ਚਾਹੁੰਦੀ ਤੇ ਜਾਂ ਪਾਰਟੀਆਂ ਵਿੱਚ ਕਦੀ ਕਦਾਈ ਡਰਿੰਕ ਵੀ ਲੈ ਲੈਂਦੀ ਹੈ ਤਾਂ ਉਸਦੇ ਮਨੋਵਿਗਿਆਨ ਨੂੰ ਸਮਝਣਾ ਜ਼ਰੂਰੀ ਹੈ। ਉਸ ਦੇ ਮਿੱਤਰਾਂ ਵਿੱਚ ਮੁੰਡੇ ਕੁੜੀਆਂ ਦੋਵੇ ਸ਼ਾਮਲ ਹੋ ਸਕਦੇ ਨੇ। ਜੇ ਕੋਈ ਬੱਚਾ ਸਾਰੀ ਉਮਰ ਆਜਾਦ ਬਿਨਾਂ ਵਿਆਹ ਤੋਂ ਰਹਿਣਾ ਚਾਹੁੰਦਾ ਹੈ, ਤਾਂ ਤੁਸੀ ਜਬਰਦਸਤੀ ਕੁੱਝ ਵੀ ਉਸ ਤੇ ਠੋਸ ਨਹੀਂ ਸਕਦੇ। ਏਥੇ ਤੱਕ ਆਂਉਦਿਆਂ ਬੱਚਿਆਂ ਨੂੰ ਕਿਵੇ ਸੁਣਨਾ ਹੈ ਜਾਂ ਉਨ੍ਹਾਂ ਦੀ ਗੱਲ ਕਿਵੇਂ ਮੰਨਣੀ ਹੈ ਇਹ ਵੀ ਬਹੁਤ ਜ਼ਰੂਰੀ ਹੋ ਗਿਆ ਹੈ।

ਪੀੜ੍ਹੀ ਪਾੜਾ ਤੇ ਸੱਭਿਆਚਾਰਕ ਟਕਰਾਅ, ਮਾਨਸਿਕ ਉਲਝਣਾ, ਮਨੋਵਿਗਿਆਨ, ਦੂਸਰੀਆਂ ਕੌਮਾਂ ਦਾ ਪ੍ਰਭਾਵ, ਨੇੜਤਾ ਤੇ ਦੋਗਲੀ ਔਲਾਦ, ਦੂਹਰੇ ਮਾਪਦੰਡ, ਮਖੌਟਾਬਾਜੀ ਇਮਾਨਦਾਰੀ, ਸੱਚ ਨੂੰ ਸੱਚ ਕਹਿਣ ਦੀ ਤੇ ਸੁਣਨ ਦੀ ਜੁਰਰਤ ਅਜਿਹੇ ਸੈਂਕੜੇ ਵਿਸ਼ੇ ਅਜੋਕੀ ਕਹਾਣੀ ਵਿੱਚ ਆ ਰਹੇ ਨੇ। ਪਰ ਮੈਂ ਅਜੇ ਵੀ ਮਹਿਸੂਸ ਕਰਦਾ ਹਾਂ ਸਾਡੀਆਂ ਵਧੇਰੇ ਕਹਾਣੀਆਂ ਵਿੱਚ ਨਾਂ ਤਾਂ ਅਜੇ ਬੱਚਿਆਂ ਦੇ ਪੱਖ ਤੋਂ ਗੱਲ ਹੋ ਰਹੀ ਹੈ ਕਿ ਉਹ ਭਾਰਤ ਤੋਂ ਆਏ ਆਪਣੇ ਗਰੈਂਡ ਪੇਰੈਂਟਸ ਜਾਂ ਪਾਪਿਆਂ ਨੂੰ ਕਿਸ ਨਜਰਈਏ ਤੋਂ ਵੇਖਦੇ ਨੇ ਜਾਂ ਦੋ ਸੱਭਿਆਚਾਰਾਂ ਵਿੱਚ ਕਿਵੇਂ ਪਿਸਦੇ ਨੇ ਜਾਂ ਘਰ ਹੋਰ ਤੇ ਬਾਹਰ ਹੋਰ ਉਨ੍ਹਾਂ ਨੂੰ ਕਿਵੇਂ ਦੂਹਰਾ ਜੀਵਨ ਜੀਣਾ ਪੈਂਦਾ ਹੈ। ਇਸੇ ਪ੍ਰਕਾਰ ਅਜੇ ਦੂਸਰੀਆਂ ਕੌਮਾਂ ਦੀ ਆਵਾਜ ਵੀ ਪੰਜਾਬੀ ਕਹਾਣੀ ਵਿੱਚ ਨਹੀਂ ਉਭਰਨ ਲੱਗੀ, ਕਿ ਮੂਲ ਵਾਸੀ ਜਾਂ ਪ੍ਰਵਾਸੀ ਭਾਰਤੀ ਕੌਮ ਤੇ ਇਨ੍ਹਾਂ ਦੇ ਰਹਿਣ ਸਹਿਣ ਨੂੰ ਕਿਸ ਨਜਰਈਏ ਤੋਂ ਵੇਖਦੇ ਨੇ। ਪੜ੍ਹਾ ਦਰ ਪੜ੍ਹਾ ਇਹ ਸਾਰੇ ਵਿਸ਼ੇ ਆਉਣਗੇ। ਯੂ ਟਿਊਬ ਤੇ ਏਧਰਲੇ ਬੱਚਿਆਂ ਨੇ ਗੱਲ ਕਰਨੀ ਸ਼ੁਰੂ ਕਰ ਦਿੱਤੀ ਹੈ ਤੇ ਹੁਣ ਕਹਾਣੀ ਵਿੱਚ ਵੀ ਇਹ ਪ੍ਰਭਾਵ ਦੇਖਣ ਨੂੰ ਮਿਲਣਗੇ। ਸਮੇਂ ਦੇ ਨਾਲ ਨਾਲ ਸੰਕਟ ਅਤੇ ਚਨੌਤੀਆਂ ਬਦਲ ਜਾਂਦੇ ਨੇ। ਇਹ ਤਬਦੀਲੀ ਸੁਭਾਵਕ ਵਰਤਾਰਾ ਹੈ ਜੋ ਪੰਜਾਬੀ ਕਹਾਣੀ ਵਿੱਚ ਵੀ ਆ ਰਿਹਾ ਹੈ। ਮੇਰੀਆਂ ਕਹਾਣੀਆਂ ਪੈਂਡੂਲਮ, ਛੁਟਕਾਰਾ ਅਤੇ ਸੁਰਖ਼ੁਰੂ ਨੂੰ ਵੀ ਤੁਸੀਂ ਏਸੇ ਸੰਦਰਭ ਵਿੱਚ ਵੇਖ ਸਕਦੇ ਹੋ।

# "ਪਰਵਾਸੀ ਮਰਦ ਦੇ ਡਰਾਂ ਦੀਆਂ ਕਹਾਣੀਆਂ ਵੀ ਜਲਦ ਲਿਖੀਆਂ ਜਾਣਗੀਆਂ" - ਕੁਲਜੀਤ ਮਾਨ

**ਸਵਾਲ: ਭਗਵੰਤ ਰਸੂਲਪੁਰੀ**

**? ਤੁਸੀਂ ਪਰਵਾਸੀ ਜੀਵਨ ਨੂੰ ਕਿਸ ਦ੍ਰਿਸ਼ਟੀ ਨਾਲ ਵੇਖਦੇ ਹੋ? ਆਪਣੀਆਂ ਕਹਾਣੀਆਂ ਦੇ ਹਵਾਲੇ ਨਾਲ ਗੱਲ ਕਰੋ।**




- ਤੁਹਾਡੇ ਸਵਾਲ ਦੇ ਦੋ ਪੱਖ ਹਨ ਜੋ ਆਪਸ ਵਿਚ ਮੇਲ ਨਹੀਂ ਖਾਂਦੇ ਪਰ ਫਿਰ ਵੀ ਵਲ ਪਾ ਕੇ ਮਿਲ ਜਾਂਦੇ ਹਨ। ਪਹਿਲੀ ਗੱਲ ਕਿ ਪਰਵਾਸੀ ਜੀਵਨ ਨੂੰ ਕਿਸ ਦ੍ਰਿਸ਼ਟੀ ਨਾਲ ਵੇਖਦੇ ਹੋ? ਇਸ ਸੁਆਲ ਦੇ ਕਈ ਪੜਾਅ ਆਏ ਤੇ ਉਹ ਬਦਲਦੇ ਗਏ ਹੁਣ ਵੀ ਸਥਾਈ ਜੁਆਬ ਦਿੱਤਾ ਨਹੀਂ ਜਾ ਸਕਦਾ ਪਰ ਫੇਰ ਵੀ ਅੱਜ ਦੀ ਤਰੀਕ ਵਿਚ ਜੋ ਮਹਿਸੂਸ ਕਰਦਾ ਹਾਂ ਉਹ ਤੇ ਦਸ ਹੀ ਸਕਦਾ ਹਾਂ। ਮੇਰੀ ਦ੍ਰਿਸ਼ਟੀ ਯਕੀਨਨ ਬਾਕੀਆਂ ਨਾਲੋਂ ਭਿੰਨ ਹੋ ਸਕਦੀ ਹੈ ਤੇ ਇਸ ਭਿੰਨਤਾ ਨੇ ਹੀ ਮੈਨੂੰ ਕਹਾਣੀ ਲਿਖਣ ਲਾਇਆ ਹੈ। ਸ਼ਾਇਦ ਸਾਰਿਆਂ ਨੂੰ ਪਤਾ ਨਾ ਹੋਵੇ ਕਿ ਮੇਰਾ ਵੱਡਾ ਬੇਟਾ ਜਨਮ ਤੋਂ ਹੀ ਦਰਵੇਸ਼ ਹੈ, ਸੁਣਦਾ ਵੀ ਨਹੀਂ ਤੇ ਬੋਲ ਵੀ ਨਹੀਂ ਸਕਦਾ। ਇਹਦੇ ਕਰਕੇ ਸਮਾਜਿਕ ਪਰਿਵਾਰਕ ਤੇ ਪਰੰਪਰਾਗਤ ਜੀਵਨ-ਸ਼ੈਲੀ ਦੇ ਸ਼ੋਸ਼ਣ ਦਾ ਸ਼ਿਕਾਰ ਵੀ ਹੋਇਆ ਹਾਂ ਤੇ ਤੇਰਾਂ ਸਾਲ ਤੱਕ ਇਹ ਹੀ ਸੋਚਦਾ ਰਿਹਾ ਕਿ ਵਾਪਸ ਚਲੇ ਜਾਣਾ ਹੈ। ਜਦੋਂ ਵਾਪਸ ਜਾਣ ਦੀ ਘੜੀ ਆਈ ਤਾਂ ਨਹੀਂ ਗਿਆ, ਕਿਉਂਕਿ ਮੇਰੇ ਵੱਸ ਵਿਚ ਹੀ ਨਹੀਂ ਸੀ।

ਮੇਰੀਆਂ ਕਹਾਣੀਆਂ ਦਾ ਮੂਲ ਸਰੋਤ ਵੀ ਇਹੋ ਹੈ। ਪੈਤਰਿਕ, ਮੈਤਰਿਕ ਤੇ ਸਹੁਰੇ ਸਾਰਿਆਂ ਦਾ ਮੇਰੇ ਪ੍ਰਤੀ ਨਜ਼ਰੀਆਂ ਮੈਨੂੰ ਕਹਾਣੀਕਾਰ ਬਣਾ ਗਿਆ। ਨਵੀਆਂ ਸਥਿਤੀਆਂ ਨਾਲ ਸਿਝਣ ਲਈ ਮੇਰੇ ਨਜ਼ਰੀਏ ਨੂੰ ਸਮਝਿਆ ਹੀ ਨਹੀਂ ਗਿਆ ਤੇ ਕਹਾਣੀ ਰਾਹੀ, ਆਪਣਾ ਨਜ਼ਰੀਆ ਪੇਸ਼ ਕਰਨ ਦੀ ਕੋਸ਼ਿਸ਼ ਨਾਲ ਹੀ ਪੰਜਾਬੀ ਕਹਾਣੀ ਦੇ ਪਰਿਵਾਰ ਨਾਲ ਜੁੜ ਗਿਆ, ਬਾਕੀ ਡਿਟੇਲ ਕਿਤੇ ਫੇਰ ਸਹੀ।

**? ਤੁਹਾਡੀ ਕਥਾ ਸ਼ੈਲੀ ਦੇ ਉਭਰਵੇਂ ਲੱਛਣ ਕਿਹੜੇ ਹਨ। ਭਾਵ ਕਿ ਤੁਸੀਂ ਕਹਾਣੀ ਵਿਚ ਕਿਸ ਤਰ੍ਹਾਂ ਦੀ ਸ਼ੈਲੀ ਦੀ ਵਰਤੋਂ ਕਰਦੇ ਹੋ।**

- ਜੀ ਪਹਿਲਾਂ ਮੈਂ ਪਾਤਰ ਵਿਚ ਲਿਖਦਾ ਸਾਂ ਤੇ ਇਹੋ ਅੱਜ ਵੀ ਸੌਖੀ ਲਗਦੀ ਹੈ। ਹੁਣ ਮੈਂ

ਪਾਤਰ ਵਿਚ ਨਹੀਂ ਲਿਖਦਾ, ਇਸ ਦੇ ਕੁਝ ਕਾਰਨ ਹਨ। ਪਹਿਲਾ ਕਾਰਨ ਇਹ ਹੈ ਕਿ ਇਸ ਸ਼ੈਲੀ ਵਿਚ ਲੇਖਕ ਤੇ ਰਚਨਾ ਆਪਸ ਵਿਚ ਬਝੀਆਂ ਰਹਿੰਦੀਆਂ ਹਨ ਤੇ ਪਾਠਕ ਕਹਾਣੀ ਵਿਚੋਂ ਲੇਖਕ ਦੀ ਤਲਾਸ਼ ਕਰਦਾ ਰਹਿੰਦਾ ਹੈ। ਇਸਦੇ ਕੁਝ ਤਲਖ ਤਜ਼ਰਬੇ ਵੀ ਹੰਢਾਏ ਹਨ। ਇਸ ਲਈ ਇਸ ਸ਼ੈਲੀ ਨੂੰ ਮੇਰੇ ਵੱਲੋਂ ਤਿਲਾਂਜਲੀ ਹੀ ਹੈ। ਇੱਕ ਉਦਾਹਰਣ ਵੀ ਦੇਣੀ ਚਾਹਾਂਗਾ, ਚਲੋਂ ਛਡੋ ਉਦਾਹਰਣ ਵੀ ਕਿਤੇ ਫੇਰ ਸਹੀ। ਕਹਿਣ ਦਾ ਮਤਲਬ ਫਰੋਲਾ ਫਰਾਲੀ ਕਹਾਣੀ ਦੀ ਨਹੀਂ ਲੇਖਕ ਦੀ ਹੋ ਜਾਂਦੀ ਹੈ। ਜਸਟ ਪੁਜੀਸ਼ਨ ਜਿਸ ਨੂੰ ਅਸੀਂ ਸਮੀਪਤਾ ਵੀ ਕਹਿ ਲੈਂਦੇ ਹਾਂ ਇਹ ਮੇਰਾ ਵਧੀਆਂ ਤਰੀਕਾ ਹੈ ਕਿਸੇ ਵੀ ਮੁੱਦੇ ਨੂੰ ਉਭਾਰਨ ਲਈ। ਇਸਦੀ ਮਿਸਾਲ ਵੀ ਦੇਣੀ ਚਾਹਾਂਗਾ।

ਮਾਨਸਿਕ ਤੌਰ ਤੇ ਪਤੀ ਪਤਨੀ ਦੇ ਰਿਸ਼ਤੇ ਨੂੰ ਰੂਹ ਨਾਲ ਵਿਖਾਉਣ ਲਈ ਮੈਂ ਪਤਨੀ ਦੀ ਮਾਰਕੁੱਟ ਇੱਕ ਦੋ ਜਗਾਵਾਂ ਤੋਂ ਵਿਖਾਈ ਜਿਸ ਵਿਚ ਪਤਨੀ ਇਹ ਜ਼ੁਲਮ ਸਹਿ ਕੇ ਵੀ ਪਤੀ ਦੀ ਬਾਹਰੀ ਨਿਰਾਸ਼ਾ ਨੂੰ ਸਮਝਦੀ ਹੈ ਪਰ ਕਈ ਲੇਖਕਾਂ ਨੂੰ ਇਹ ਹਜ਼ਮ ਨਹੀਂ ਹੋਈ। ਪਾਠਕ ਕਿਸੇ ਦਾ ਵੀ ਕੋਈ ਸੁਆਲ ਨਹੀਂ ਆਇਆ ਪਰ ਟਰਾਂਟੋ ਦੇ ਕੁਝ ਲੇਖਕਾਂ ਦੇ ਸੁਆਲਾਂ ਤੋਂ ਇੰਝ ਲਗਦਾ ਸੀ ਕਿ ਜਾਂ ਤਾਂ ਮੈਂ ਆਪਣੀ ਪਤਨੀ ਨਾਲ ਮਾਰਕੁਟ ਕਰਦਾ ਹਾਂ ਜਾਂ ਮੇਰੀ ਮਾਂ ਦੀ ਮਾਰਕੁੱਟ ਹੁੰਦੀ ਸੀ ਜਦ ਕਿ ਇਸਦਾ ਮੇਰੀ ਨਿੱਜੀ ਜ਼ਿੰਦਗੀ ਨਾਲ ਦੂਰ ਦਾ ਵੀ ਵਾਸਤਾ ਨਹੀਂ।

**? ਭੂ ਹੇਰਵਾ ਅਤੇ ਰੁਦਨ ਤੁਹਾਡੀ ਕਹਾਣੀ ਵਿਚ ਕਿਸ ਤਰ੍ਹਾਂ ਆਉਂਦਾ ਹੈ। ਭਾਰਤੀ ਪੰਜਾਬ ਨੂੰ ਲੈ ਕੇ ਤੁਹਾਡੀ ਕਹਾਣੀ ਵਿਚ ਕਿੰਨਾ ਕੁ ਰੁਦਨ ਹੈ।**

- ਭੂ ਹੇਰਵਾ ਨਾਮ ਦੀ ਕੋਈ ਚੀਜ਼ ਅੱਜ ਨਹੀਂ ਰਹੀ। ਇਹ ਦਹਾਕੇ ਪਹਿਲਾਂ ਦੀ ਗੱਲ ਹੈ। ਬਾਕੀ ਵੀ ਇੰਝ ਹੀ ਹੋਣਗੇ ਪਰ ਟਰਾਂਟੋ ਤੇ ਆਸ ਪਾਸ ਦਾ ਇਲਾਕਾ ਪੰਜਾਬ ਹੀ ਹੈ। ਇਸ ਪੰਜਾਬ ਕੋਲ ਕਲਚਰ ਵੀ ਹੈ ਤੇ ਬੋਲੀ ਵੀ। ਇਹ ਵੀ ਸਚਾਈ ਹੈ ਕਿ ਕਲਚਰ ਤੇ ਬੋਲੀ ਅਸੀਂ ਆਪਣੀ ਅਗਲੀ ਪੀੜ੍ਹੀ ਤੱਕ ਤਬਦੀਲ ਨਹੀਂ ਕਰ ਸਕੇ। ਉਸਦੇ ਹੋਰ ਕਾਰਣ ਤੇ ਵੱਡਾ ਵਿਸ਼ਾ ਹੈ। ਭਾਰਤੀ ਪੰਜਾਬ ਬਾਰੇ ਅਸੀਂ ਚਿੰਤਤ ਹਾਂ ਪਰ ਰੁਦਨ ਨਹੀਂ ਹੈ।

ਪੰਜਾਬ ਜਿਵੇਂ ਦਾ ਸੀ ਉਂਝ ਦਾ ਨਹੀਂ ਰਿਹਾ। ਇਹ ਨਹੀਂ ਕਿ ਪੰਜਾਬ ਵਿਚ ਤਰੁਟੀਆਂ ਨਹੀਂ ਸਨ ਪਰ ਹੁਣ ਅੱਜ ਦੀ ਤਰੀਕ ਵਿਚ ਪਰਵਾਸੀ ਪੰਜਾਬੀ ਤੇ ਖਾਸ ਕਰਕੇ ਲੇਖਕ ਵਰਗ, ਇਸ ਪ੍ਰਤੀ ਬਹੁਤ ਸੰਵੇਦਨਸ਼ੀਲ ਹੈ। ਫਿਕਰ ਹੈ ਕਿ ਇਹ ਹੋਰ ਰਸਤਾਲ ਵਲ ਖਿਸਕ ਰਿਹਾ ਹੈ ਦਿਨੋ ਦਿਨ।

ਦੁਖ ਇਹ ਵੀ ਹੈ ਕਿ ਜਿਨ੍ਹਾਂ ਲੋਕਾਂ ਤੋਂ ਆਸ ਸੀ ਉਹ ਵੀ ਇਸ ਲਾਇਨ ਵਿਚ ਲੱਗੇ ਹੋਏ ਹਨ ਤੇ ਵਿਅਕਤੀਗਤ ਸੋਚ ਤੇ ਠੀਕਰੀ ਪਹਿਰਾ ਦੇ ਰਹੇ ਹਨ। ਇਸ ਨੂੰ ਸਰਵਾਈਵਲ ਨਜ਼ਰੀਏ ਤੋਂ ਵੀ ਵੇਖੀਏ ਤੇ ਸਮਝ ਨਹੀਂ ਆਉਂਦੀ। ਬਸ ਇਹੋ ਸਮਝ ਲਵੋ, ਅਸੂਲਪ੍ਰਸਤੀ ਮੁਕਦੀ ਜਾਂਦੀ ਹੈ ਤੇ ਇਹੋ ਫਿਕਰ ਹੈ, ਇਸਨੂੰ ਭੂ ਹੇਰਵਾ ਤੇ ਰੁਦਨ ਕਹਿਣਾ ਬਿਲਕੁਲ ਹੀ ਵਿਪਰੀਤ ਦਿਸ਼ਾ ਹੈ। ਐਸਾ ਮਾਹੌਲ ਤੇ ਸਗੋਂ ਹੋਰ ਵੀ ਲੋਕੇਲ ਨਾਲ ਜੋੜਦਾ ਹੈ।

**? ਬਹੁਤੇ ਪਰਵਾਸੀ ਕਹਾਣੀਕਾਰ ਮਰ ਰਹੇ ਪੰਜਾਬੀ ਸਭਿਆਚਾਰ ਦੇ ਕੀਰਨੇ ਪਾ ਰਹੇ ਹਨ। ਪਰਵਾਸੀ ਲੋਕਾਂ ਦੀ ਕਨੇਡਾ ਵਿਚ ਜੰਮੀ ਨਵੀਂ ਪੀੜ੍ਹੀ, ਪੰਜਾਬੀ ਅਤੇ ਪੰਜਾਬੀ ਸਭਿਆਚਾਰ ਨਾਲੋਂ ਟੁੱਟ ਰਹੀ ਹੈ। ਇਸ ਸਾਰੇ ਵਰਤਾਰੇ ਨੂੰ ਤੁਸੀਂ ਆਪਣੀਆਂ ਕਹਾਣੀਆਂ ਵਿਚ ਕਿਸ ਤਰ੍ਹਾਂ ਲੈ ਕੇ ਆਂਦਾ ਹੈ।**

- ਜੇ ਤੁਸੀਂ ਮੇਰੀਆਂ ਹੁਣ ਦੀਆਂ ਕੁਝ ਕਹਾਣੀਆਂ ਪੜ੍ਹੀਆਂ ਹੋਣ ਤਾਂ ਉਹ ਇਸੇ ਵਿਸ਼ੇ ਤੇ ਹਨ। ਲੂਣ ਦੀ ਡਲੀ ਤੇ 'ਡਾਇਵੋਰਸ ਪਾਰਟੀ' ਤੇ ' ਵਿਸ਼ਕੰਨਿਆ' ਪਰ ਅਫਸੋਸ ਹੈ ਕਿ ਕੁਝ

ਪੰਜਾਬੀ ਦੇ ਧਨੰਤਰ ਆਲੋਚਕ ਇਨ੍ਹਾਂ ਵਿਸ਼ਿਆਂ ਨਾਲ ਸਬੰਧਿਤ ਕਹਾਣੀਆਂ ਨੂੰ ਅੱਖੋ ਓਹਲੇ ਕਰਨ ਵਿਚ ਦਿਲਚਸਪੀ ਪਤਾ ਨਹੀਂ ਕਿਉਂ ਰੱਖਦੇ ਹਨ?

ਨਵੀਂ ਜੰਮੀ ਪੀੜ੍ਹੀ ਬਿਲਕੁੱਲ ਟੁੱਟ ਰਹੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਾਰਣ ਵੀ ਸਪਸ਼ਟ ਹੈ। ਇਹ ਸਪਸ਼ਟਤਾ ਨਾਲ ਮੈਂ ਆਪਣੀ ਕਹਾਣੀ 'ਡਰਨੇ ਦੀ ਮੌਤ' ਪੇਸ਼ ਕੀਤਾ ਹੈ। ਹੁਣ ਉਹ ਸਮਾਂ ਨਹੀਂ ਰਹਿ ਗਿਆ ਕਿ ਦਾਦਾ ਆਪਣੀ ਪੋਤੀ ਕੋਲੋਂ ਕਿਸੇ ਮਰਿਆਦਾ ਦੀ ਆਸ ਰੱਖੇਗਾ ਤੇ ਉਸ ਮਰਿਆ ਦਾ ਦੇ ਭੰਗ ਹੋਣ ਤੇ ਆਪਣੇ ਪੁੱਤ ਤੇ ਨੌਂਹ ਤੋਂ ਇੱਕ ਜੰਗ ਦੀ ਉਮੀਦ ਰਖੇਗਾ। ਉਹ ਸਮਾਂ ਗੁਜ਼ਰ ਗਿਆ ਹੈ। ਉਸ ਦੀ ਆਸ ਵੀ ਖਤਮ ਹੋ ਗਈ ਹੈ। ਜੇ ਅਜੇ ਵੀ ਕੋਈ ਲੇਖਕ ਅੱਖਾਂ ਤੇ ਪੱਟੀ ਬੰਨ੍ਹ ਕੇ ਲਿਖਦਾ ਹੈ ਤਾਂ ਵਕਤ ਬਰਬਾਦ ਕਰ ਰਿਹਾ ਹੈ।

**? ਤੁਸੀਂ ਪਰਵਾਸੀ ਪੰਜਾਬੀਆਂ ਦੇ ਸਮਾਜਿਕ ਸੰਕਟਾਂ, ਆਰਥਿਕ ਸੰਕਟਾਂ, ਰਾਜਨੀਤਿਕ ਸੰਕਟਾਂ ਨੂੰ ਆਪਣੇ ਗਲਪੀ ਬਿੰਬ 'ਚ ਕਿਸ ਤਰ੍ਹਾਂ ਢਾਲ ਰਹੇ ਹੋ।**

-ਪਿਉਂਦ ਵਾਲੀ ਗੱਲ ਹੈ। ਕੁਝ ਨਵਾਂ ਪੁੰਗਰਨਾ ਹੈ ਇਹੋ ਹੀ ਵਰਤਾਰਾ ਹੈ। ਕੁਦਰਤ ਵੀ ਇੰਝ ਹੀ ਕਰਦੀ ਹੈ, ਹੁਣ ਮਾਨਸਿਕ ਦਿਸ਼ਾ ਦੀ ਗੱਲ ਕਰਨ ਨਾਲੋਂ ਜੇ ਯਥਾਰਥ ਨੂੰ ਸਮਝਿਆ ਜਾਵੇ ਤਾਂ ਬੇਹਤਰ ਹੈ। ਜੋ ਪੰਜਾਬੀ ਅਚੇਤ ਨੂੰ ਲੈ ਕੇ ਗੱਲ ਨੂੰ ਅੱਗੇ ਵਧਾਇਆ ਜਾਵੇ ਤਾਂ ਇਹ ਕਿਧਰੇ ਵੀ ਨਹੀਂ ਜਾਵੇਗੀ। ਹੁਣ ਗੱਲ ਤੇ ਪਰਵਾਸ ਕਰਕੇ ਆਏ ਪੰਜਾਬੀ ਨੂੰ ਸਮਝਣ ਦੀ ਹੈ। ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਦੀ ਗੁੰਜਾਇਸ਼ ਹੀ ਨਹੀਂ ਹੈ। ਇਹ ਕੋਈ ਧਾਰਮਿਕ ਸਮਾਜਿਕ ਜਾਂ ਆਰਥਿਕ ਯੁੱਧ ਨਹੀਂ ਹੈ। ਕੈਨੇਡਾ ਵਿਚ ਰਚੀਆਂ ਕਈ ਕਹਾਣੀਆਂ ਵਿਚੋਂ ਇਹ ਝਲਕਾਰਾ ਪੈਂਦਾ ਹੈ ਤੇ ਅਫਸੋਸ ਵੀ ਹੁੰਦਾ ਹੈ ਕਿ ਜੇ ਲੇਖਕ ਵਰਗ ਹੀ ਸਮਸਿਆਵਾਂ ਨੂੰ ਸਮਝ ਨਹੀਂ ਰਿਹਾ ਤਾਂ ਉਹ ਰਾਹ ਦਸੇਰਾ ਕਿਵੇਂ ਬਣੇਗਾ। ਗੱਲ ਸ਼ਕਤੀ ਵਿਖਾਉਣ ਦੀ ਨਹੀਂ ਸਗੋਂ ਉਨ੍ਹਾਂ ਛੋਟੀਆਂ ਗੱਲਾਂ ਨੂੰ ਸਮਝਣ ਦੀ ਹੈ ਜੋ ਰੋਜ਼ਮਰਾ ਦੀ ਜ਼ਿੰਦਗੀ ਵਿਚ ਸਾਡੇ ਅਚੇਤ ਨੂੰ ਪ੍ਰਭਾਵਿਤ ਕਰਦੀਆਂ ਹਨ। ਜਿਤਨੀ ਟੁੱਟ ਭੱਜ ਅੱਜ ਦੇ ਦੌਰ ਵਿਚ ਹੋ ਰਹੀ ਹੈ ਇਤਨੀ ਪਹਿਲਾਂ ਸੀ ਤੇ ਨਾ ਹੀ ਅੱਗੇ ਰਹਿਣੀ ਹੈ। ਸ਼ਾਇਦ ਇਹ ਡਾਇਸਪੋਰਾ ਹੈ ਜਦੋਂ ਨਵੇਂ ਸਮਾਜ ਦੀ ਨੁਹਾਰ ਬਣ ਰਹੀ ਹੈ। ਧੜਾਧੜ ਲਿਖਣ ਨਾਲੋਂ ਸਮਝਣ ਦੀ ਵਧ ਲੋੜ ਹੈ। ਮਸਲਨ ਵੈਸਟ ਇੰਡੀਅਨ ਸਾਡੇ ਹੀ ਹਨ, ਬਸਤੀਵਾਦ ਵੇਲੇ ਅੰਗਰੇਜ਼ ਨੇ ਇਹ ਮਜ਼ਦੂਰ ਇੰਡੀਆ ਤੋਂ ਹੀ ਲਿਆਂਦੇ ਸਨ। ਇਹ ਬਹੁਤੇ ਉਹ ਸਨ ਜੋ ਭਾਰਤ ਵਿਚ ਆਰਥਿਕ ਤੌਰ ਤੇ ਥੁੜੇ ਹੋਏ ਸਨ। ਉਨ੍ਹਾਂ ਨੂੰ ਪੂੰਜੀਪਤੀ ਸਮਾਜ ਦੀਆਂ ਸੁਧਾਰਵਾਦੀ ਸਹੂਲਤਾਂ ਮਿਲੀਆਂ। ਮਸਲਨ ਰਹਿਣ ਲਈ ਕੁਆਟਰ, ਹਸਪਤਾਲ, ਸਕੂਲ, ਤੇ ਇੰਜ ਦੀਆਂ ਕੁਝ ਹੋਰ ਸਹੂਲਤਾਂ। ਇੰਝ ਹੀ ਇਨ੍ਹਾਂ ਲੋਕਾਂ ਨਾਲ ਸਾਡਾ ਰਾਬਤਾ ਬਣ ਨਹੀਂ ਸਕਿਆ, ਕਾਰਨ ਬਹੁਤ ਸੰਗੀਨ ਹਨ ਜਿਨ੍ਹਾਂ ਦਾ ਜ਼ਿਕਰ ਕਰਨਾ ਬਣਦਾ ਹੈ। ਇਹ ਵਰਤਾਰੇ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਹਨ, ਹੁਣ ਕਿਹੜਾ ਲੇਖਕ ਇਨ੍ਹਾਂ ਨੂੰ ਸਮੇਟਦਾ ਹੈ ਤੇ ਕਲਾ ਵਿਚ ਢਾਲਦਾ ਹੈ ਇਹ ਤੇ ਆਪੋ ਆਪਣੀ ਯਥਾਰਥ ਸ਼ਕਤੀ ਤੇ ਨਿਰਭਰ ਕਰਦਾ ਹੈ। ਮੈਂ ਵੀ ਬਿੰਬ ਉਸਾਰ ਹੀ ਰਿਹਾ ਹਾਂ।

**? ਕਨੇਡਾ ਦੀ ਕਹਾਣੀ ਪਰਵਾਸੀ ਔਰਤ ਦੀ ਹੋਂਦ ਅਤੇ ਹੋਣੀ ਦੇ ਮਸਲਿਆਂ ਨੂੰ ਕਿਸ ਤਰ੍ਹਾਂ ਸੰਬੋਧਨ ਹੁੰਦੀ ਹੈ। ਕਹਾਣੀਆਂ ਦੇ ਹਵਾਲਿਆਂ ਨਾਲ ਦੱਸੋ।**

- ਪਰਵਾਸੀ ਔਰਤ ਦੀ ਹੋਂਦ ਬਾਰੇ ਸਭ ਤੋਂ ਵਧ ਕਹਾਣੀ ਲਿਖੀ ਜਾ ਰਹੀ ਹੈ। ਇਹ ਬਹੁਤ ਹੀ ਪੇਚੀਦਾ ਮਸਲਾ ਹੈ। ਤਕਰੀਬਨ ਹਰ ਸੰਜੀਦਾ ਕਹਾਣੀ ਵਿਚ ਇਸਦਾ ਜ਼ਿਕਰ ਹੈ। ਪਰਵਾਸੀ ਔਰਤ, ਪਰਵਾਸੀ ਮਰਦ ਨਾਲੋਂ ਵੱਧ ਪੀੜਤ ਹੈ। ਇਸਦੇ ਕਈ ਕਾਰਣ ਹਨ ਜੋ ਕਹਾਣੀਆਂ ਵਿਚ

ਆ ਰਹੇ ਹਨ। ਕਿਤੇ ਕਾਰਣ ਇਹ ਹੈ ਕਿ ਉਹ ਵਧ ਪੜ੍ਹੀ ਲਿਖੀ, ਸੁਚਾਰੂ, ਖਾਨਦਾਨੀ ਪਰ ਕੈਨੇਡਾ ਡਾਕਟਰ ਕਰਕੇ ਵਿਆਹ ਹਾਣ ਦਾ ਨਹੀਂ ਹੋਇਆ ਤੇ ਬਾਅਦ ਵਿਚ ਉਹ ਸਾਰੀ ਉਮਰ ਦਾ ਰੋਗ ਲੱਗ ਗਿਆ। ਕਿਤੇ ਉਹ ਸੰਯੁਕਤ ਪਰਿਵਾਰ ਦਾ ਬੋਲਟ ਹੈ ਤੇ ਵਿਆਹ ਇਸ ਮਸ਼ੀਨੀ ਅਨੁਸਾਰ ਹੋ ਗਿਆ ਤੇ ਸਾਰੀ ਜ਼ਿੰਦਗੀ ਬੋਝ ਬਣ ਗਿਆ। ਯਕੀਨ ਕਰੋ, ਹੁਣ ਪਰਵਾਸੀ ਔਰਤ ਨੇ ਪੱਕੇ ਪੈਰੀਂ ਇਸਦੇ ਹੱਲ ਵੱਲ ਕਦਮ ਵਧਾ ਲਏ ਹਨ ਕਈ ਵਾਰੀ ਤੇ ਪਰਵਾਸੀ ਮਰਦ ਵੀ ਡਰਨ ਲੱਗ ਪਿਆ ਹੈ। ਜੇ ਇਹੋ ਹਾਲਤ ਰਹੇ ਤਾਂ ਪਰਵਾਸੀ ਮਰਦ ਦੇ ਡਰਾਂ ਦੀਆਂ ਕਹਾਣੀਆਂ ਵੀ ਜਲਦ ਲਿਖੀਆਂ ਜਾਣਗੀਆਂ। ਕਹਾਣੀਆਂ ਦੇ ਹਵਾਲੇ ਨਾਲ ਗੱਲ ਕਰਨ ਦੀ ਜ਼ਿੰਮੇਵਾਰੀ ਆਲੋਚਕਾ ਦੀ ਹੈ।

**? ਤੁਸੀਂ ਆਪਣੀ ਕਹਾਣੀ ਵਿਚ ਕਿਸ ਕਿਸਮ ਦੀਆਂ ਕਥਾ ਜੁਗਤਾਂ ਦੀ ਵਰਤੋਂ ਕਰਦੇ ਹੋ।**

- ਇਹ ਤੇ ਤੁਸੀਂ ਹੀ ਦੱਸੋ, ਮੈਂ ਆਪਣੇ ਮੂੰਹੋਂ ਮੀਆਂ ਮਿਠੂ ਕਿਵੇਂ ਬਣਾ?

**? ਤੁਸੀਂ ਆਪਣੀ ਕਹਾਣੀ ਵਿਚ ਪੂਰਬੀ ਅਤੇ ਪੱਛਮੀ ਸਮਾਜ ਦੀ ਡਾਇਲੈਕਟਸ ਨੂੰ ਪਕੜਿਆ ਹੈ? ਕਿਸ ਤਰ੍ਹਾਂ।**

- ਜੀ ਕੋਸ਼ਿਸ਼ ਕੀਤੀ ਹੈ ਤੇ ਕਰ ਰਿਹਾ ਹਾਂ ਤੇ ਸਮਝਦਾ ਹਾਂ ਕਿ ਇੱਕ ਪਰਵਾਸੀ ਲੇਖਕ ਜੋ ਪੰਜਾਬੀ ਹੈ ਤੇ ਰਹਿ ਰਿਹਾ ਹੈ ਟਰਾਂਟੋ ਵਿਚ, ਉਸਦਾ ਇਹ ਫਰਜ਼ ਵੀ ਹੈ ਨਹੀਂ ਤੇ ਛਡ ਦੇਵੇ ਕਹਾਣੀ ਲਿਖਣੀ। ਇਸ ਸੰਦਰਭ ਵਿਚ ਵਿਚ ਕਹਾਣੀਆਂ ਵੀ ਲਿਖੀਆਂ ਹਨ ਪਰ ਫੇਰ ਕਹਿੰਦੇ ਹਾਂ ਜਿਤਨਾ ਚਿਰ ਪੰਜਾਬ ਦਾ ਚੇਤਨ ਫਿਕਰਮੰਦ ਆਲੋਚਕ ਆਪਣਾ ਫਰਜ਼ ਨਹੀਂ ਪਹਿਚਾਣਦਾ, ਉਤਨਾ ਚਿਰ ਇਧਰ ਦੇ ਲੇਖਕਾਂ ਦੀ ਮੇਹਨਤ ਅਜਾਈ ਹੀ ਜਾਵੇਗੀ। ਮੇਰੀ ਕਹਾਣੀ 'ਡਰਨੇ ਦੀ ਮੌਤ' ਇਸ ਵਿਸ਼ੇ ਤੇ ਪੜ੍ਹੀ ਜਾ ਸਕਦੀ ਹੈ।

**? ਨਸਲੀ ਵਿਤਕਰੇ, ਪੀੜ੍ਹੀ ਪਾੜਾ, ਔਰਤ-ਮਰਦ ਦੇ ਤਣਾਅ ਭਰੇ ਰਿਸ਼ਤੇ, ਪਰਵਾਸੀਆਂ ਦੇ ਦੋਹਰੇ ਮਾਪਦੰਡ ਦੀ ਜ਼ਿੰਦਗੀ, ਵਿਵਰਜਤ ਰਿਸ਼ਤਿਆਂ ਨਾਲ ਪ੍ਰਭਾਵਿਤ ਹੁੰਦੀ ਪਰਿਵਾਰਕ ਇਕਾਈ ਆਦਿ ਪੱਖਾਂ ਨੂੰ ਆਪਣੀਆਂ ਕਹਾਣੀਆਂ ਵਿਚ ਕਿਸ ਤਰ੍ਹਾਂ ਲੈਂਦੇ ਹੋ।**


- ਹਾ ਹਾ ਹਾ.... ਪਹਿਲਾਂ ਆਪਣਾ ਸੁਆਲ ਦਰੁਸਤ ਕਰੋ। ਜੁਆਬ ਵੀ ਤੁਹਾਨੂੰ ਪਤਾ ਹੈ।

**? ਮੁੱਢਲੀ ਕੈਨੇਡਾ ਕਹਾਣੀ ਆਰਥਿਕ ਔਰੜਾਂ, ਹੱਡ ਭੰਨਵੀ ਮੁਸ਼ਕੱਤ, ਬਿਗਾਨੀ ਭਾਸ਼ਾ-ਅੰਗਰੇਜ਼ੀ ਅਤੇ ਪੱਛਮੀ ਸਭਿਆਚਾਰ ਤੋਂ ਦੂਰੀ, ਮਿਲਾਪ ਨਾ ਬੈਠ ਸਕਣ ਦੀਆਂ ਸਮੱਸਿਆਵਾਂ, ਨਸਲੀ ਵਿਤਕਰੇ ਆਦਿ ਨਾਲ ਜੂਝਦੀ ਰਹੀ ਸੀ, ਹੁਣ ਕਿਸ ਤਰ੍ਹਾਂ ਦੇ ਵਿਸ਼ਿਆਂ ਦੇ ਸੰਕਟਾਂ ਨਾਲ ਜੂਝ ਰਹੀ ਹੈ।**

-ਮੁੱਢਲੀ ਕਹਾਣੀ ਦਾ ਮੁੱਢ ਕਦੋਂ ਮਿਥਿਆ ਜਾਵੇ ਇਹ ਵੀ ਸੋਚਣ ਵਾਲੀ ਗੱਲ ਹੈ। ਆਰਥਿਕ ਔਕੜਾਂ ਦਾ ਵਿਸ਼ਾ ਤੇ ਰਹੇਗਾ ਪਰ ਹੱਢ ਤੋੜਵੀ ਮੁਸ਼ਕਤ ਵਾਲੀ ਗੱਲ ਹੁਣ ਨਹੀਂ ਰਹੀ। ਮੀਗੋਗਲਾਸਗੋ ਵਾਂਗ ਭਾਸ਼ਾ ਦੀ ਸਮਸਿਆ ਵੀ ਕੋਈ ਨਹੀਂ ਸਾਡੇ ਗੋਰੇ ਫੋਰਮੈਨ ਪੰਜਾਬੀ ਸਿਖ ਗਏ ਹਨ। ਨਸਲੀ ਵਿਤਕਰੇ ਦੀ ਗੱਲ ਥੋੜੀ ਲੰਬੀ ਹੈ। ਨਸਲੀ ਵਿਤਕਰਾ ਦੋ ਤਰ੍ਹਾਂ ਦਾ ਹੈ। ਇੱਕ ਦਿਸਦਾ ਹੈ ਦੂਜਾ ਦਿਸਦਾ ਨਹੀਂ। ਜੋ ਦਿਸਦਾ ਹੈ ਉਹ ਤੇ ਹੁਣ ਨਹੀਂ ਰਿਹਾ ਪਰ ਅਸੀਂ ਝਲਿਆ ਜ਼ਰੂਰ ਹੈ। ਜੋ ਦਿਸਦਾ ਨਹੀਂ ਉਹ ਹੁਣ ਵੀ ਹੈ ਤੇ ਸ਼ਾਇਦ ਅਜੇ ਕੁਝ ਹੋਰ ਰਹੇਗਾ। ਸਾਡੀ ਪੀੜ੍ਹੀ ਜੁਆਨ ਹੋ ਚੁੱਕੀ ਹੈ ਉਸਦੇ ਸਾਥੀ ਗੋਰੇ ਜੁਆਨ ਹੋ ਚੁੱਕੇ ਹਨ ਉਹ ਜਾਗਰੁਕ ਹਨ। ਵਿਤਕਰਾ ਜੋ ਦਿਸਦਾ ਨਹੀਂ ਉਹ ਇੰਝ ਹੈ ਕਿ ਕਿ ਸਰਕਾਰੀ ਨੌਕਰੀ, ਅਫਸਰੀ, ਤੇ ਹੋਰ ਇਹੋ ਜਿਹੀਆਂ ਗੱਲਾਂ ਵਿਚ ਅਜੇ ਪੁਰਾਣਾ ਗੋਰਾ ਜਿੰਦਾ ਹੈ ਪਰ ਬੁੜਾ ਹੋ ਰਿਹਾ ਹੈ, ਸ਼ਾਇਦ ਜਲਦ ਹੀ ਕੀਰਤਨ ਸੋਹਲਾ ਪੜ੍ਹਿਆ ਜਾਵੇਗਾ।

**ਆਲੋਚਨਾ ਲੇਖ**

# ਬੇਵਤਨੀ, ਬੇਗਾਨਗੀ ਤੇ ਬੇਅਰਾਮੀ ਨਾਲ ਜੂਝਦੇ ਲੋਕਾਂ ਦਾ ਕਥਾ ਬਿਰਤਾਂਤ : ਕੋਡ ਬਲੂ / - ਡਾ. ਸੰਤੋਖ ਸਿੰਘ




**'ਕੋਡ ਬਲੂ' ਕਹਾਣੀਕਾਰ ਪਰਵੇਜ਼ ਸੰਧੂ**
**ਪ੍ਰਕਾਸ਼ਕ: ਸਵੀਨਾ ਪਬਲੀਕੇਸ਼ਨ, ਲੁਧਿਆਣਾ**
**ਮੁੱਲ 200/- , ਪੰਨੇ: 116**

1947 ਦੀ ਭਾਰਤ ਵੰਡ ਤੋਂ ਬਾਅਦ ਪੰਜਾਬ ਦੀ ਜੋ ਉਹ ਦਸ਼ਾ ਬਣੀ ਉਸ ਵਿਚੋਂ ਬਹੁਤ ਸਾਰੇ ਨਵੇਂ ਦ੍ਰਿਸ਼ ਸਾਹਮਣੇ ਆਏ। ਖੇਤੀਯੋਗ ਉਪਜਾਊ ਜ਼ਮੀਨ ਦਾ ਵੱਡਾ ਹਿੱਸਾ ਪੱਛਮੀ ਪੰਜਾਬ ਵਿਚ ਚਲੇ ਜਾਣ ਨਾਲ ਪੂਰਬੀ ਪੰਜਾਬ ਦੀ ਆਰਥਿਕ ਸ਼ਕਤੀ ਘਟੀ। ਘੱਟ ਜ਼ਮੀਨ ਵਿਚੋਂ ਵੱਧ ਉਤਪਾਦਨ ਦੀ ਤਾਂਘ ਉਪਜੀ। ਪੰਜਾਬ ਦੀ ਮੁੜ ਵੰਡ ਤੇ ਹਰੇ ਇਨਕਲਾਬ ਦੀ ਨਾਲੋ-ਨਾਲ ਵਰਤਾਰਿਆਂ ਦੇ ਪੰਜਾਬ ਨੂੰ ਨਵੇਂ ਆਧਾਰਾਂ ਤੇ ਪਾਸਾਰਾਂ ਵੱਲ ਮੋੜਿਆ। ਇਕ ਪਾਸੇ ਮੱਧਲੀ ਕਿਸਾਨੀ ਰਾਜਨੀਤੀ ਵਿਚ ਸਰਗਰਮ ਹੋਈ ਤੇ ਦੂਜੇ ਪਾਸੇ ਉੱਚ ਤੇ ਮੱਧਲੀ ਕਿਸਾਨੀ ਦਾ ਵੱਡਾ ਹਿੱਸਾ ਪਰਵਾਸ ਲਈ ਸਰਗਰਮ ਹੋਇਆ। ਕੁਝ ਅਮੀਰ ਲੋਕ ਅਮੀਰ ਹੋਣ ਲਈ ਪਰਵਾਸ ਧਾਰਨ ਕਰ ਗਏ ਤੇ ਕੁਝ ਘਰ ਦੀ ਗਰੀਬੀ ਨੂੰ ਖ਼ਤਮ ਕਰਨ ਲਈ ਵਿਦੇਸ਼ਾਂ ਵਿਚ ਚਲੇ ਗਏ। ਪਰ ਇਸ ਸਾਰੇ ਦੀ ਮੂਲ ਚੂਲ ਆਰਥਿਕਤਾ ਦੇ ਪੱਧਰ ਨੂੰ ਉਪਰ ਚੁੱਕਣਾ ਤੇ ਸਮਾਜਿਕ ਸੁਰੱਖਿਆ ਸੀ। ਇਸ ਤਰ੍ਹਾਂ ਪਰਵਾਸ ਧਾਰਨ ਕਰ ਗਏ ਲੋਕਾਂ ਦੀ ਇਹ ਦੂਜੀ ਤੇ ਤੀਜੀ ਪੀੜ੍ਹੀ ਚਲ ਰਹੀ ਹੈ ਜਿੰਨ੍ਹਾਂ ਦਾ ਪੀੜ੍ਹੀਦਾਰ ਅਵਚੇਤਨ ਸਾਡੇ ਸਾਹਿਤ ਵਿਚ ਪੇਸ਼ ਹੁੰਦਾ ਨਜ਼ਰ ਆ ਰਿਹਾ ਹੈ।

ਪਰਵਾਸੀ ਸਾਹਿਤ ਬਾਰੇ ਇਕ ਗੱਲ ਬਹੁਤ ਰੋਚਕ ਹੈ ਕਿ ਬਿਗਾਨੇ ਦੇਸ਼ਾਂ ਪਹੁੰਚ ਕੇ ਲੋਕਾਂ ਦੀ ਪਹੁੰਚ ਤਾਂ ਉਥੋਂ ਦੀ ਆਰਥਿਕ-ਰਾਜਨੀਤੀ ਹੀ ਤਹਿ ਕਰਦੀ ਹੈ ਪਰੰਤੂ ਉੱਥੇ ਪਹੁੰਚਣ ਲਈ ਪੰਜਾਬੀ ਲੋਕਾਂ ਦਾ ਕਿਰਦਾਰ ਉਭਰ ਆਇਆ ਹੈ। ਅੰਬੈਸੀ ਦੀਆਂ ਯੋਗਤਾਵਾਂ ਨੂੰ ਪੂਰਾ ਕਰਦਿਆਂ ਪੰਜਾਬੀ ਲੋਕ ਪੰਜਾਬੀ ਕਹਾਉਣ ਤੋਂ ਅਯੋਗ ਹੋ ਰਹੇ ਹਨ। ਇਹ ਸਥਿਤੀ ਬਹੁਤ ਚਿੰਤਾਜਨਕ ਹੀ ਨਹੀਂ ਸਗੋਂ ਚਿੰਤਨਯੋਗ ਹੈ ਕਿਉਂਕਿ ਇਹ ਸਾਨੂੰ ਤਹਿ ਕਰਨਾ ਪਵੇਗਾ ਕਿ ਅਸੀਂ ਵਿਕਾਸ ਦੀ ਕੀਮਤ ਆਪਣੇ ਆਦਰਸ਼ਾਂ ਨੂੰ ਖ਼ਤਮ ਕਰਕੇ ਹੀ ਦੇਣੀ ਹੈ? ਪੰਜਾਬੀ ਕਹਾਣੀ ਨੇ ਇਸ ਨੂੰ ਬੜੀ ਸ਼ਿੱਦਤ ਨਾਲ ਫੜਿਆ ਹੈ ਇਸ ਤੇ ਵਿਚਾਰ ਕਰਨ ਦੀ ਬਹੁਤ ਜ਼ਰੂਰਤ ਹੈ।

ਪਰਵੇਜ਼ ਸੰਧੂ ਦਾ ਕਥਾ ਸੰਗ੍ਰਹਿ 'ਕੋਡ ਬਲੂ' ਮਨੁੱਖੀ ਇਛਾਵਾਂ, ਤਮੰਨਾਵਾਂ ਵਿੱਚੋਂ ਉਸ ਅੰਦਰ ਪਸਰ ਰਹੀ ਬਹੁਪਰਤੀ ਮੌਤ ਨੂੰ ਪੇਸ਼ ਕਰਦਾ ਹੈ ਜਿਹੜਾ ਕੇਵਲ ਅਮਰੀਕਾ ਦੀ ਧਰਤੀ 'ਤੇ ਨਹੀਂ ਸਗੋਂ ਸਾਰੇ ਸੰਸਾਰ ਦੀ ਮਾਨਸਿਕਤਾ 'ਤੇ ਪੂਰੀ ਤਰ੍ਹਾਂ ਭਾਰੂ ਹੈ। ਇਕ ਪਾਸੇ ਉਹ ਪੀੜ੍ਹੀ ਹੈ ਜਿਹੜੀ

ਆਪਣੇ ਆਰਥਿਕ ਵਸੀਲਿਆਂ ਲਈ ਜੂਝ ਰਹੀ ਹੈ, ਪਰਿਵਾਰਿਕ ਸਬੰਧਾਂ 'ਚ ਸੰਘਰਸ਼ ਕਰ ਰਹੀ ਹੈ ਦੂਜੇ ਪਾਸੇ ਉਹ ਪੀੜ੍ਹੀ ਹੈ ਜਿਹੜੀ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਗੁਜ਼ਾਰ ਚੁੱਕੀ ਹੈ ਤੇ ਆਪਣੇ ਬੱਚਿਆਂ ਕੋਲ ਸਤਿਕਾਰ ਦੀ ਮੰਗ ਕਰ ਰਹੀ ਹੈ ਜਾਂ ਵਾਪਸ ਪਰਤਣ ਲਈ ਕੋਸ਼ਿਸ਼ ਕਰ ਰਹੀ ਹੈ। ਦੂਜੀ ਦੁਖ ਵਾਲੀ ਗੱਲ ਇਹ ਹੈ ਕਿ ਮਨੁੱਖੀ ਰਿਸ਼ਤਿਆਂ ਵਿਚ ਕਿਤੇ ਵੀ ਕੋਈ ਸੁਹਿਰਦਾ ਨਹੀਂ ਰਹਿ ਗਈ। ਰਿਸ਼ਤਿਆਂ ਅੰਦਰਲਾ ਨਿਭਾਓ ਵਸਤੂ ਵਰਤਣ ਵਾਂਗ ਦਿਖਾਈ ਦਿੰਦਾ ਹੈ। ਕੁਦਰਤ ਵਿਰੋਧੀ ਫੈਸਲੇ ਲੈ ਕੇ ਆਦਮੀ ਖੁਦ ਹੀ ਆਪਣੇ ਜਾਲ ਵਿਚ ਫਸ ਰਿਹਾ ਹੈ।

ਪਰਵੇਜ਼ ਸੰਧੂ ਦੀਆਂ ਕਹਾਣੀਆਂ ਵਿਚਲੇ ਪਰਿਵਾਰਕ ਸੰਕਟ ਬਹੁਤ ਸੰਕਟਾਂ ਬਾਰੇ ਇਸ਼ਾਰਾ ਕਰਦੇ ਹਨ। ਆਪਣੀਆਂ ਸੋਚੀਆਂ ਮੰਜ਼ਿਲਾਂ 'ਤੇ ਪਹੁੰਚ ਕੇ ਵੀ ਲੋਕ ਖੁਸ਼ ਨਹੀਂ ਹਨ। ਇਸ ਦਾ ਕੀ ਕਾਰਨ ਹੈ? ਕਹਾਣੀ 'ਮਾਂ' ਵਿਚਲੀ 'ਮਾਂ' ਜਗੀਰੂ ਸਮਾਜ ਵਿਚੋਂ ਨਿਕਲ ਕੇ ਅਤਿ ਆਧੁਨਿਕ ਸਮੇਂ ਵਿਚ ਰਹਿ ਰਹੀ ਹੈ। ਸਾਰੀਆਂ ਸੁਖ ਸਹੂਲਤਾਂ ਹਾਜ਼ਰ ਹਨ ਪਰ 'ਮਾਂ' ਪਿੰਡ ਪਰਤਣਾ ਚਾਹੁੰਦੀ ਹੈ। ਪਿੰਡ ਪਰਤਣ ਦੀ ਇੱਛਾ ਦਾ ਆਧਾਰ ਕੀ ਹੈ? ਇਸਦਾ ਉੱਤਰ ਇਹੀ ਬਣਦਾ ਹੈ ਕਿ ਵਿਅਕਤੀ ਨੂੰ ਕੇਵਲ ਧਨ, ਸੁਖ ਸਹੂਲਤਾਂ ਹੀ ਨਹੀਂ ਚਾਹੀਦੀਆਂ, ਉਸਨੂੰ ਸਮਾਜਿਕ ਸਨਮਾਨ ਮਿਲਣਾ ਚਾਹੀਦਾ ਹੈ। ਪਰ ਇਥੇ ਸਮਾਜਿਕ ਸੁਰੱਖਿਆ ਹੀ ਮਿਲ ਰਹੀ ਹੈ, ਜੋ ਕਾਨੂੰਨੀ ਹੈ। ਸਨਮਾਨ ਸਭਿਆਚਾਰਕ ਮਸਲਾ ਹੈ ਜਿਹੜਾ ਕਿਰਦਾਰ ਦੇ ਮੁੱਲ ਨਾਲ ਜੁੜਿਆ ਹੈ ਤੇ ਅਨੁਭਵ ਰਾਹੀਂ ਸਫ਼ਰ ਕਰਦਾ ਹੈ। ਇਸਦੇ ਨਾਲ ਹੀ 'ਮਾਂ' ਦੇ ਕਿਰਦਾਰ ਰਾਹੀਂ ਸਾਡੇ ਜਗੀਰੂ ਢਾਂਚੇ ਅੰਦਰਲੇ 'ਮਰਦ ਦੇ ਦਾਬੇ' ਦੀ ਪਹਿਚਾਣ ਹੁੰਦੀ ਹੈ। ਸਾਡੇ ਸਮਾਜ ਵਿਚ ਮਰਦ ਦੇ ਦਾਬੇ ਬਾਰੇ ਔਰਤਾਂ ਵੱਧ ਦੱਸ ਸਕਦੀਆਂ ਹਨ। ਇਹ ਵਿਸ਼ਲੇਸ਼ਣ ਅਧੀਨ ਲਿਆਂਦਾ ਤੇ ਗਲਪ ਵਿਚ ਪਰਿਵਰਤਿਤ ਹੋਇਆ ਦਾਬਾ ਭਾਰਤੀ ਸਮਾਜ ਅੰਦਰਲੇ ਮਰਦਾਵੇਂ ਖਾਸਿਆਂ ਨੂੰ ਸਪੱਸ਼ਟ ਕਰਨ ਵਿਚ ਮਦਦ ਕਰਦਾ ਹੈ। ਇਸ ਲਈ ਔਰਤਾਂ ਨੂੰ ਵੱਧ ਤੋਂ ਵੱਧ ਸਾਹਿਤ ਸਿਰਜਣਾ ਕਰਨੀ ਚਾਹੀਦੀ ਹੈ। ਇਥੋਂ ਔਰਤ ਦੀ ਸਥਿਤੀ ਹੋਰ ਵੀ ਸਪਸ਼ਟ ਹੋ ਜਾਵੇਗੀ ਕਿ ਜੇਕਰ ਔਰਤ ਆਰਥਿਕ ਤੌਰ 'ਤੇ ਸੰਪੰਨ ਵੀ ਹੋ ਜਾਂਦੀ ਹੈ ਤਾਂ ਉਸਦੀ ਸਮਾਜਿਕ ਸਥਿਤੀ ਕਿਉਂ ਨਹੀਂ ਬਦਲਦੀ। ਪੱਛਮੀ ਮੁਲਕਾਂ ਨੇ ਆਪਣੀ ਔਰਤ ਨੂੰ ਅਜ਼ਾਦੀ ਦੇਣ ਦਾ ਨਵਾਂ ਤਰੀਕਾ ਇਹ ਲੱਭ ਲਿਆ ਹੈ ਕਿ ਉਹ ਜਦੋਂ ਚਾਹੇ ਮਰਦ ਨੂੰ ਬਦਲ ਸਕਦੀ ਹੈ। ਇਥੇ ਆ ਕੇ ਮਰਦ ਅੰਦਰਲੇ ਔਰਤ ਵਿਰੋਧੀ ਤੱਤਾਂ ਨੂੰ ਬਦਲਣ ਦੀ ਕੋਸ਼ਿਸ਼ ਖ਼ਤਮ ਹੋ ਜਾਂਦੀ ਹੈ। ਔਰਤ ਤੇ ਮਰਦ ਆਪਣੇ ਦਰਦਾਂ ਦੇ ਇਲਾਜ ਪ੍ਰਬੰਧ ਬਦਲ ਨਹੀਂ ਸਕਦੇ ਸਗੋਂ ਔਰਤ ਮਰਦ ਬਦਲਕੇ ਕਰਦੇ ਹਨ। ਇਹ ਤ੍ਰਾਸਦਿਕ ਸਥਿਤੀ ਹੈ।

ਪਰਵੇਜ਼ ਸੰਧੂ ਕਹਾਣੀ ਰਾਹੀਂ ਇਹਨਾਂ ਵਰਤਾਰਿਆਂ ਨੂੰ ਵਿਭਿੰਨ ਪਾਸਾਰਾ ਰਾਹੀਂ ਪੇਸ਼ ਕਰਦੀ ਹੈ। ਕਿਤੇ ਇਕ ਮਰਦ ਔਰਤ ਨੂੰ ਪਿਛਾਂਹ ਕਰ ਰਿਹਾ ਹੈ ਅਤੇ ਕਿਤੇ ਔਰਤ ਮਰਦ ਨੂੰ। ਇਹ ਅਜਿਹੀ ਕਸ਼ਮਕਸ਼ ਹੈ ਜਿਸ ਦਾ ਕੋਈ ਵੀ ਅੰਤਿਮ ਹੱਲ ਨਹੀਂ ਹੈ। ਕਹਾਣੀਆਂ ਵਿਚ ਬੜੀ ਖ਼ੂਬਸੂਰਤ ਗੱਲ ਇਹ ਉਭਰਦੀ ਹੈ ਕਿ ਸਾਵੇਂ ਸਬੰਧ ਨਾ ਹੋਣ ਦੀ ਸੂਰਤ ਵਿਚ ਵੀ ਕੋਈ ਵਿਅਕਤੀ ਕਿਸੇ ਨੂੰ ਵਸਤੂਆਂ ਦੀਆਂ ਥੁੜ੍ਹਾ ਨਹੀਂ ਆਉਣ ਦਿੰਦਾ ਪਰ ਕਿਸੇ ਦੇ ਮਾਨਸਿਕ ਸਕੂਨ ਲਈ ਖੁਦ ਨੂੰ ਤੰਗ ਨਹੀਂ ਕਰਦਾ। ਇਥੇ ਕੁਰਬਾਨੀ ਦੇ ਅਰਥ ਉਹ ਨਹੀਂ ਜਿਹੜੇ ਪੰਜਾਬ ਵਿਚ ਹਨ।

ਪਰਵੇਜ਼ ਸੰਧੂ ਦੀਆਂ ਬਹੁਤੀਆਂ ਕਹਾਣੀਆਂ ਰਿਸ਼ਤਿਆਂ ਦੀ ਟੁੱਟ ਭੱਜ ਨਾਲ ਸਬੰਧਤ ਹਨ। ਇਸ ਸਬੰਧੀ ਉਸ ਦੀ ਕਹਾਣੀ 'ਟੁਕੜੇ' ਹੈ ਜਿਸ ਵਿਚ ਇਕ ਔਰਤ ਤੇ ਮਰਦ ਆਪਣੇ ਪਹਿਲੇ ਪਤੀ ਤੇ ਪਤਨੀ ਨੂੰ ਛੱਡ ਕੇ ਇਕੱਠੇ ਰਹਿ ਰਹੇ ਹਨ। ਦੋਵੇਂ ਜਿਸਮਾਨੀ ਤੌਰ 'ਤੇ ਭਾਵੇਂ ਇਕੱਠੇ

ਰਹਿੰਦੇ ਹਨ ਪਰੰਤੂ ਮਾਨਸਿਕ ਤੌਰ 'ਤੇ ਅਲੱਗ-ਅਲੱਗ ਰਹਿ ਰਹੇ ਹਨ। ਪਿਛਲੀਆਂ ਯਾਦਾਂ ਤੇ ਵਰਤਮਾਨ ਸੰਕਟ ਆਪਸ ਵਿਚ ਉਲਝੇ ਪਏ ਹਨ। ਇਸ ਕਹਾਣੀ ਦੀ 'ਮੈਂ' ਪਾਤਰ ਘਰ ਬੈਠੀ ਆਪਣੇ ਪਤੀ ਦੀ ਉਡੀਕ ਕਰ ਰਹੀ ਹੈ ਜਿਹੜਾ ਆਪਣੀ ਧੀ ਦਾ ਮੰਗਣਾ ਕਰਨ ਕਿਸੇ ਹੋਰ ਘਰ ਗਿਆ ਹੋਇਆ ਹੈ। ਇਹ ਖੰਡਿਤ ਮਾਨਸਿਕਤਾ ਰਿਸ਼ਤਿਆਂ ਨੂੰ ਪੂਰੀ ਤਰ੍ਹਾਂ ਉਸਾਰਨ ਦੇ ਯੋਗ ਨਹੀਂ ਰਹੀ ਹੈ। ਇਹ ਟੁਕੜਿਆਂ ਦੀ ਚੇਤਨਾ ਹੈ ਤੇ ਸਮੁੱਚਾ ਜੀਵਨ ਬੁਰੀ ਤਰ੍ਹਾਂ ਪੀੜਤ ਹੈ। ਘਰਾਂ ਅੰਦਰ ਦੋ ਵਿਅਕਤੀ ਵੀ ਇੱਕ ਦੂਜੇ ਨਾਲ ਰਹਿਣ ਨੂੰ ਤਿਆਰ ਨਹੀਂ ਹਨ। ਇਸੇ ਤਰ੍ਹਾਂ ਦੀ ਕਹਾਣੀ 'ਲੰਚ ਬਾਕਸ' ਹੈ ਜਿਸ ਵਿਚ ਇੱਕ ਵਿਅਕਤੀ ਆਪਣੀ ਪਤਨੀ ਤੋਂ ਤਲਾਕ ਲੈਣਾ ਚਾਹੁੰਦਾ ਹੈ ਪਰ ਬੱਚੀ ਦੇ ਬਚਪਨ ਰੁਲ ਜਾਣ ਦੀ ਚਿੰਤਾ ਕਰਕੇ ਅਜਿਹਾ ਨਹੀਂ ਕਰਦਾ। ਪਰ ਬੱਚੀ ਉਸਦੀ ਮਾਨਸਿਕਤਾ ਨੂੰ ਸਮਝ ਰਹੀ ਹੈ ਤੇ ਉਸ ਨੂੰ ਪਤਾ ਹੈ ਕਿ ਉਸਦੇ ਮਾਤਾ-ਪਿਤਾ ਦਾ ਹੁਣ ਤਲਾਕ ਹੋਵੇਗਾ।

'ਡੈਡ ਆਰ ਯੂ ਗੋਨਾ ਲੀਵ ਮਾਮ ਟੂ... ਡੈਡ ਤੁਸੀਂ ਵੀ ਮਾਮ ਨੂੰ ਡਾਈਵੋਰਸ ਕਰੋਗੇ... ਯੂ ਨੋਅ ਡੈਡ... ਐਮਿਲੀ ਇੱਕ ਦਿਨ ਬਹੁਤ ਰੋਂਦੀ ਸੀ... ਸੀ ਵਾਜ਼ ਕਰਾਇੰਗ... ਫੇਰ ਮੇਰੀ ਟੀਚਰ ਨੇ ਕਿਹਾ ਐਮਿਲੀ ਰੋ ਨਾ... ਡਾਈਵੋਰਸ ਇਜ਼ ਬੈਟਰ ਦੈਨ ਫਾਈਟਿੰਗ...।'

(ਪੰਨਾ 53)

ਉਹ ਅਗਲੇ ਫੈਸਲੇ ਵੀ ਸੁਣਾਉਂਦੀ ਹੈ ਕਿ ਤਲਾਕ ਤੋਂ ਬਾਅਦ ਉਹ ਅਲੱਗ ਅਲੱਗ ਦਿਨ ਮੰਮੀ, ਪਾਪਾ ਦੇ ਘਰ ਤੋਂ ਲੰਚ ਬਾਕਸ ਲਿਆ ਕਰੇਗੀ। ਮੰਮੀ ਕੋਲੋਂ ਰੈਡ ਲੰਚ ਬਾਕਸ ਤੇ ਪਾਪਾ ਦੇ ਘਰ ਤੋਂ ਪਿੰਕ ਲੰਚ ਬਾਕਸ।

ਪੰਜਾਬੀਆਂ ਨੇ ਪਰਵਾਸ ਨੂੰ ਇਕ ਵਖਰੇ ਹੀ ਰੂਪ ਵਿਚ ਗ੍ਰਹਿਣ ਕੀਤਾ ਹੋਇਆ ਹੈ, ਇਹਨਾਂ ਵਿਚ ਸਭ ਤੋਂ ਵੱਧ ਸ਼ੋਸ਼ਣ ਲੜਕੀਆਂ ਦਾ ਹੋਇਆ ਹੈ। ਪੰਜਾਬੀ ਬੰਦੇ ਬਾਹਰ ਜਾਣ ਦੀ ਇੱਛਾ ਲੜਕੀਆਂ ਜਾਂ ਔਰਤਾਂ ਰਾਹੀਂ ਪੂਰੀ ਹੋ ਰਹੀ ਹੈ। ਫਿਰ ਇਹੀ ਔਰਤਾਂ ਸ਼ੋਸ਼ਨ ਦਾ ਸ਼ਿਕਾਰ ਹੁੰਦੀਆਂ ਹਨ। 'ਜੋੜੀਆਂ ਜਗ ਥੋੜੀਆਂ ਨਰੜ ਬਥੇਰੇ' ਕਹਿ ਕਿ ਜੋੜੀਆਂ ਨੂੰ ਤਰਜੀਹ ਦੇਣ ਵਾਲੇ ਪੰਜਾਬੀ 'ਨਰੜ' ਕਿਰਿਆ ਦੀ ਹੀ ਭਾਲ ਵਿਚ ਹਨ। ਇਹ ਨਰੜ ਉਹਨਾਂ ਦੇ ਦੁੱਖਾਂ ਦਾ ਕਾਰਨ ਬਣ ਰਿਹਾ ਹੈ। ਦੂਜੇ ਪਾਸੇ ਔਰਤਾਂ ਆਪਣੀਆਂ ਘਰੇਲੂ ਸਮੱਸਿਆਵਾਂ ਕਾਰਨ ਸਮਝੌਤੇ ਵੀ ਕਰ ਰਹੀਆਂ ਹਨ। ਕਹਾਣੀ 'ਬਲੀ' ਵਿਚ ਜੀਜੀ ਚਾਰ ਬੱਚਿਆਂ ਦੇ ਪਿਓ ਨਾਲ ਡੋਲੀ ਚੜਦੀ ਹੈ ਤੇ ਉਸਦਾ ਭਰਾ ਵਿਦੇਸ਼ੀ ਔਰਤ ਨਾਲ ਵਿਆਹ ਕਰਕੇ ਪਰਿਵਾਰ ਨੂੰ ਤਿਆਗ ਰਿਹਾ ਹੈ। ਇਕ ਹੋਰ ਗੱਲ ਵਾਪਰ ਰਹੀ ਹੈ ਕਿ ਪਰਿਵਾਰਾਂ ਨੂੰ ਸੰਯੋਜਤ ਕਰਦੇ ਕਰਦੇ ਜੀਵਨ ਵਿਚ ਹੋਰ ਵਿਗਾੜ ਆ ਰਹੇ ਹਨ ਜਿੰਨਾ ਰਾਹੀਂ ਜੀਵਨ ਅਸਹਿਜ ਹੋ ਰਿਹਾ ਹੈ। ਇਸੇ ਤਰ੍ਹਾਂ ਦੀ ਕਹਾਣੀ 'ਸੱਧਰਾਂ ਦੇ ਸਿੱਕੇ' ਹੈ ਜਿਸ ਵਿਚ ਸਾਰਾ ਪਰਿਵਾਰ ਇਸ ਗੱਲ ਕਰਕੇ ਦੁਖੀ ਹੋ ਰਿਹਾ ਹੈ ਕਿ ਉਹਨਾਂ ਦੇ ਪੁੱਤਰ ਨੇ ਆਪਣੀ ਮਰਜ਼ੀ ਦਾ ਵਿਆਹ ਕਰਵਾ ਲਿਆ ਹੈ। ਵਿਦੇਸ਼ਾਂ 'ਚ ਬੈਠੇ ਪੰਜਾਬੀ ਲੋਕਾਂ ਨੂੰ ਇਹ ਵਹਿਮ ਹੈ ਕਿ ਉਹ ਆਪਣੀ ਆਰਥਿਕਤਾ ਦੇ ਵਿਕਾਸ ਲਈ ਸਾਧਨ ਤਾਂ ਇਥੋਂ ਦੇ ਵਰਤਣ ਪਰ ਸਭਿਆਚਾਰ ਪੰਜਾਬੀ ਬਚਾਉਣ। ਇਹ ਸੰਭਵ ਨਹੀਂ ਹੈ। ਇਸੇ ਵਿਚੋਂ ਹੀ ਦੁੱਖ ਪੈਦਾ ਹੋ ਰਿਹਾ ਹੈ।

ਪਰਵੇਜ਼ ਸੰਧੂ ਨੇ ਪੱਛਮੀ ਜੀਵਨ ਤੇ ਪੰਜਾਬੀ ਜੀਵਨ ਅੰਦਰਲੀ ਮਾਨਸਿਕਤਾ ਨੂੰ ਆਧਾਰ ਬਣਾ ਕੇ ਵੀ ਕਹਾਣੀਆਂ ਸਿਰਜੀਆਂ ਹਨ ਜਿਹਨਾਂ ਵਿਚ ਇਕ ਔਰਤ ਆਪਣੇ ਆਲੇ-ਦੁਆਲੇ ਤੋਂ ਸਮਝਦੀ ਹੋਈ ਵਿਹਾਰਕਤਾ ਰਾਹੀਂ ਫੈਸਲਾ ਲੈਂਦੀ ਹੈ। ਕਹਾਣੀ 'ਮਰਦ ਦੀ ਜੁੱਤੀ' ਵਿੱਚ ਛਿੰਦੀ

ਅਜਿਹੀ ਔਰਤ ਹੈ ਜਿਹੜੀ ਮਰਦ ਦੀ ਲੋੜ ਅਨੁਸਾਰ ਫੈਸਲੇ ਲੈਂਦੀ ਹੈ ਕਿ ਜੇ ਔਰਤ ਨੇ ਫਿਰ ਅੱਗੇ ਮਰਦ ਦਾ ਹੀ ਸਹਾਰਾ ਲੈਣਾ ਹੈ ਤਾਂ ਕੋਲ ਰਹਿੰਦੇ ਆਦਮੀ ਨੂੰ ਹੀ ਕਿਉਂ ਛੱਡਿਆ ਜਾਵੇ। ਕਿਉਂਕਿ ਮਰਦ ਔਰਤ ਦੇ ਸਬੰਧਾਂ ਵਿਚਲੀ ਖਟਾਸ ਵਿਸ਼ੇਸ਼ ਹਾਲਤਾਂ ਦੀ ਉਪਜ ਹੈ। ਜੇ ਹਾਲਤਾਂ ਬਦਲਦੀਆਂ ਜਾਣ ਤਾਂ ਹੀ ਔਰਤ ਮਰਦ ਦੇ ਸਬੰਧ ਠੀਕ ਹੋ ਸਕਦੇ ਹਨ। ਇਸ ਤੋਂ ਬਿਨਾ ਇਹ ਇੱਕ ਅਜਿਹਾ ਵਿਕਲਪ ਹੈ ਜਿਸ ਦੀਆਂ ਅਨੰਤ ਲੜੀਆਂ ਬਣ ਜਾਂਦੀਆਂ ਹਨ। 'ਕਪਾਹ ਦੀਆਂ ਢੇਰੀਆਂ' ਮੂਲ ਰੂਪ ਵਿਚ ਭਾਵੇਂ ਕਹਾਣੀ ਦੇ ਪ੍ਰਤਿਮਾਨ ਤਾਂ ਪੂਰੇ ਨਹੀਂ ਕਰਦੀ ਪਰ ਫਿਰ ਵੀ ਇਹ ਦਲਿਤ ਜੀਵਨ ਤੇ ਉੱਚ ਜਾਤੀ ਜੀਵਨ ਦੇ ਵਖਰੇਵਿਆਂ, ਵਿਰੋਧਾਂ ਨੂੰ ਔਰਤ ਪਾਤਰਾਂ ਦੀ ਮਾਨਸਿਕਤਾ ਰਾਹੀਂ ਪੇਸ਼ ਕਰਦੀ ਹੈ। ਇਹ ਇੱਕ 'ਯਾਦਾਂ' ਵਾਂਗ ਲਗਦੀ ਹੈ ਜਿਹੜੀ ਪਰਵਾਸ ਧਾਰਨ ਕਰਨ ਉਪਰੰਤ ਪਿੰਡ ਦੀ ਯਾਤਰਾ ਦੌਰਾਨ ਨਿਕਲੀਆਂ ਹਨ।

'ਸ਼ੀਸ਼ਿਆ ਵਾਲਾ ਸੰਦੂਕ' ਇਕ ਬੰਤ ਕੌਰ ਨਾਂ ਦੀ ਔਰਤ ਦੀ ਜੀਵਨੀ ਮੂਲਕ ਕਹਾਣੀ ਹੈ ਇਹ ਕਹਾਣੀ ਉਸ ਔਰਤ ਦੀ ਤਰਜ਼ਮਾਨੀ ਕਰਦੀ ਹੈ ਜਿਸਨੇ ਆਪਣੀ ਊਰਜਾ ਨੂੰ ਲੋਕ ਹਿੱਤਾਂ ਲਈ ਵਰਤਿਆ ਹੈ। ਆਮ ਕਰਕੇ ਦਾਨੀ ਮਰਦ ਮੰਨੇ ਜਾਂਦੇ ਹਨ ਪਰੰਤੂ ਬੰਤ ਕੌਰ ਔਰਤ ਹੋ ਕੇ ਪਿੰਡ ਦੇ ਲੋਕਾਂ ਦੀ ਸੇਵਾ ਕਰਦੀ ਹੈ। ਦਰਅਸਲ ਇਹ ਪਰਵੇਜ਼ ਸੰਧੂ ਦਾ ਔਰਤ ਦੇ ਵਿਭਿੰਨ ਚਰਿੱਤਰਾਂ ਨੂੰ ਪੇਸ਼ ਕਰਨ ਦੀ ਤਾਂਘ ਵਿਚੋਂ ਨਿਕਲੀ ਹੋਈ ਹੈ। 'ਔਰਤ ਬਹੁਤ ਚੰਗੀ ਵੀ ਹੋ ਸਕਦੀ ਹੈ' ਇਹ ਉਸਦੇ ਅਵਚੇਤਨ ਵਿਚ ਕੰਮ ਕਰਦੀ ਧਾਰਨਾ ਹੈ ਕਿਉਂਕਿ ਪੰਜਾਬੀ ਸਮਾਜ ਨੇ 365 ਚਰਿੱਤਰ ਔਰਤ ਲਈ ਘੜੇ ਹਨ, ਉਹਨਾਂ ਨੂੰ ਤੋੜਦੀ ਨਜ਼ਰ ਆਉਂਦੀ ਹੈ।

ਪਰਵੇਜ਼ ਸੰਧੂ ਦੀਆਂ ਕਹਾਣੀਆਂ ਵਿਚ ਪਰਿੰਦੇ ਕਿਸੇ ਨਾ ਕਿਸੇ ਰੂਪ ਵਿਚ ਸ਼ਾਮਿਲ ਹਨ। ਸ਼ਾਇਦ ਇਹ ਪੂਰੀ ਪਰਵਾਸੀ ਕਹਾਣੀ ਵਿਚ ਵੀ ਮੌਜੂਦ ਹੋਣ। ਇਸ ਦਾ ਕਾਰਨ ਇਹ ਹੈ ਕਿ ਲਿਖ ਰਹੇ ਹਰ ਵਿਅਕਤੀ ਦੇ ਅਵਚੇਤਨ ਵਿਚ ਇਹ ਗੱਲ ਵਸੀ ਹੋਈ ਹੈ ਕਿ ਇਹ ਦੇਸ਼ ਸਾਡਾ ਨਹੀਂ ਅਸੀਂ ਤਾਂ ਪਰਿੰਦਿਆਂ ਵਾਂਗ ਚੋਗ ਚੁਗਣ ਆਏ ਹਾਂ। ਚੋਗ ਹੀ ਦੁੱਖ ਬਣ ਗਿਆ ਹੈ। ਇਹ ਦੁੱਖ ਸਾਰੀਆਂ ਕਹਾਣੀਆਂ ਵਿਚ ਮਾਨਵੀ ਰਿਸ਼ਤਿਆਂ ਵਿਚੋਂ ਦਿਖਾਈ ਦੇ ਰਿਹਾ ਹੈ।

ਇਹਨਾਂ ਕਹਾਣੀਆਂ ਵਿਚ 'ਕੋਡ ਬਲੂ' ਵੀ ਫੈਲਿਆ ਹੋਇਆ ਹੈ। ਇਹ ਮੌਤ ਦਾ ਚਿੰਤਨ ਹਰ ਕਹਾਣੀ ਵਿਚ ਵਿਚਰਿਆ ਹੈ। ਇਹ ਜਿਸਮਾਨੀ ਤੇ ਮਾਨਸਿਕ ਮੌਤ ਦਾ ਵੀ ਚਿਹਨ ਬਣਿਆ ਹੈ। ਕੋਡ ਬਲੂ ਵਿਚ ਜਿੱਥੇ ਮੈਂ ਪਾਤਰ ਦੀ ਧੀ ਬਹੁਤ ਸਾਰੇ ਸੁਪਨਿਆਂ ਨੂੰ ਆਪਣੇ ਨਾਲ ਲੈ ਕੇ ਮਰ ਰਹੀ ਹੈ ਉਸੇ ਤਰ੍ਹਾਂ ਲੋਕ ਵੀ ਮਾਨਸਿਕ ਤੌਰ 'ਤੇ ਲਗਾਤਾਰ ਮਰ ਰਹੇ ਹਨ। ਉਹ ਯਥਾਰਥ ਤੋਂ ਇੰਨੇ ਭੱਜ ਰਹੇ ਹਨ ਕਿ ਉਹ ਗ਼ੈਰ ਕੁਦਰਤੀ ਵੀ ਹੋ ਰਹੇ ਹਨ। 'ਸ਼ੌਕਣ' ਵਰਗੀਆਂ ਕਹਾਣੀਆਂ ਅਜਿਹੇ ਹੀ ਸੰਕਟਾਂ ਵਿਚੋਂ ਨਿਕਲਦੀਆਂ ਹਨ ਜਿੱਥੇ ਇਕ ਮਰਦ ਮਰਦ ਨਾਲ ਸਬੰਧ ਬਣਾਉਂਦਾ ਹੈ।


ਸੋ ਸਮੁੱਚੇ ਰੂਪ ਵਿਚ ਇਹ ਕਹਾਣੀਆਂ ਅਡਵਾਂਸ ਅਕਾਨਮੀ ਤੇ ਪਿੱਛੜੀ ਅਕਾਨਮੀ ਵਿਚ ਰਹਿ ਰਹੇ ਲੋਕਾਂ ਦੀਆਂ ਮਾਨਸਿਕ ਗੁੰਝਲਾਂ, ਵਿਰੋਧਾਂ, ਤਣਾਵਾਂ, ਗਮੀਆਂ ਨੂੰ ਜਿਥੇ ਤੁਲਨਾਤਮਕ ਰੂਪ ਵਿਚ ਪੇਸ਼ ਕਰਦੀਆਂ ਹਨ ਉੱਥੇ ਔਰਤ ਸੰਵੇਦਨਾ ਨੂੰ ਬੜੀ ਸ਼ਿੱਦਤ ਨਾਲ ਸਾਹਮਣੇ ਲਿਆਉਂਦੀਆਂ ਹਨ।

**ਸੰਪਰਕ**-88725-11179, 99151-2868

**ਆਲੋਚਨਾ ਲੇਖ**

# ਮਾਨਵੀ ਰਿਸ਼ਤਿਆਂ ਦਾ ਸੰਕਟ : ਬਾਹਰੋਂ ਆਇਆ ਆਦਮੀ

**- ਡਾ. ਪ੍ਰਗਟ ਸਿੰਘ**




**'ਬਾਹਲੋਂ ਆਇਆ ਆਦਮੀ'**
**ਕਹਾਣੀਕਾਰ: ਅਮਰਜੀਤ ਚਾਹਲ**
**ਪ੍ਰਕਾਸ਼ਕ: ਤਰਕ ਭਾਰਤੀ**
**ਪ੍ਰਕਾਸ਼ਕ, ਬਰਨਾਲਾ**
**ਮੁੱਲ 150/- , ਪੰਨੇ: 80**

ਕਿਸੇ ਇੱਕ ਭੂਗੋਲਿਕ ਖਿੱਤੇ ਤੋਂ ਦੂਜੇ ਭੂਗੋਲਿਕ ਖਿੱਤੇ ਵਿੱਚ ਮਨੁੱਖ ਦਾ ਪ੍ਰਵੇਸ਼ ਬਹੁਤਾ ਆਪਣੀ ਮਰਜ਼ੀ ਨਾਲ ਹੁੰਦਾ ਹੈ ਪਰ ਇਹ ਮਰਜ਼ੀ ਬਹੁਤੀ ਵਾਰ ਆਨੰਦ ਦਾਇਕ ਅਤੇ ਸੁਖਾਵੀਂ ਨਹੀਂ ਹੁੰਦੀ ਕਿਉਂਕਿ ਆਪਣੀ ਮਿੱਟੀ ਅਤੇ ਪਰਿਵਾਰਕ ਮੋਹ ਦੀਆਂ ਤੰਦਾਂ 'ਚ ਬੱਝਿਆ ਮਨੁੱਖ ਵਿਦੇਸ਼ ਜਾਣਾ ਨਹੀਂ ਚਾਹੁੰਦਾ ਪਰ ਘਰ ਦੀ ਮਾੜੀ ਆਰਥਿਕ ਹਾਲਤ ਉਸ ਨੂੰ ਵਿਦੇਸ਼ ਜਾਣ ਲਈ ਮਜ਼ਬੂਰ ਕਰਦੀ ਹੈ। ਪੰਜਾਬੀਆਂ ਦੀ ਪਹਿਲੀ ਪੀੜ੍ਹੀ ਦੇ ਵਿਦੇਸ਼ ਜਾਣ ਦਾ ਕਾਰਨ ਵੀ ਮੰਦੀ ਆਰਥਿਕ ਸਥਿਤੀ ਬਣਦੀ ਹੈ। ਬਦਲਦੇ ਸਮੇਂ ਅਨੁਸਾਰ ਵਿਦੇਸ਼ ਜਾਣ ਦੇ ਭਾਵੇਂ ਅਨੇਕਾਂ ਨਵੇਂ ਕਾਰਨ ਪੈਦਾ ਹੋ ਗਏ ਹਨ ਪਰ ਮੂਲ ਭੂਤ ਕਾਰਨ ਮੰਦੀ ਆਰਿਥਿਕ ਸਥਿਤੀ ਹੀ ਹੈ। ਪ੍ਰਵਾਸ ਦੌਰਾਨ ਇਹ ਵਿਅਕਤੀ ਅਨੇਕਾਂ ਸਮੱਸਿਆਵਾਂ ਨੂੰ ਮੁਖ਼ਾਤਿਬ ਹੁੰਦੇ ਹਨ ਜਿਵੇਂ :- ਭੂ-ਹੇਰਵਾ, ਆਪਣੀਆਂ ਕਦਰਾਂ-ਕੀਮਤਾਂ ਪ੍ਰਤੀ ਲਗਾਵ, ਨਵੀਂ ਜੀਵਨ ਸ਼ੈਲੀ ਨੂੰ ਲੈ ਕੇ ਵਿਰੋਧਾਭਾਸ, ਓਪਰਾਪਨ, ਨਸਲੀ ਵਿਤਕਰਾ, ਵਿਦੇਸ਼ੀ ਭਾਸ਼ਾ ਪ੍ਰਤੀ ਅਣਜਾਣਤਾ ਆਦਿ। ਅਨੇਕਾਂ ਪ੍ਰਵਾਸੀ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿੱਚ ਇਹਨਾਂ ਮਨੁੱਖੀ ਵਿਗੋਚਿਆ, ਸਾਂਝਾਂ, ਸਮੱਸਿਆਵਾਂ ਨੂੰ ਆਪਣੀਆਂ ਰਚਨਾਵਾਂ ਵਿੱਚ ਪ੍ਰੋਣ ਦਾ ਯਤਨ ਕੀਤਾ ਹੈ। ਖਾਸ ਤੌਰ ਤੇ ਪ੍ਰਵਾਸੀ ਪੰਜਾਬੀ ਕਥਾਕਾਰਾਂ ਨੇ। ਅੱਜ ਅਨੇਕਾਂ ਹੀ ਪ੍ਰਵਾਸੀ ਪੰਜਾਬੀ ਕਥਾਕਾਰ ਆਪਣੀ ਸਿਰਜਣ ਸਮਰੱਥਾ, ਪ੍ਰਤਿਭਾ ਅਤੇ ਕਲਾ ਦੇ ਦਮ ਤੇ ਇੱਥੇ ਲਿਖੀ ਜਾ ਰਹੀ ਕਹਾਣੀ ਦੇ ਬਰਾਬਰ ਦਮ ਮੇਚਣ ਲੱਗੇ ਹਨ। ਪ੍ਰਵਾਸੀ ਪੰਜਾਬੀ ਸਾਹਿਤ ਖਾਸ ਕਰਕੇ ਕਹਾਣੀ ਨੇ ਇੱਕ ਲੰਮਾ ਇਤਿਹਾਸਕ ਸਫ਼ਰ ਤਹਿ ਕੀਤਾ ਹੈ। ਬਦਲਦੇ ਸਮੇਂ/ਸਮਾਜ ਅਨੁਸਾਰ ਬਦਲਦੀਆਂ ਪ੍ਰਸਥਿਤੀਆਂ, ਸਮੱਸਿਆਵਾਂ ਨੂੰ ਪ੍ਰਵਾਸੀ ਪੰਜਾਬੀ ਕਹਾਣੀ ਨੇ ਬਾਖ਼ੂਬੀ ਆਪਣੇ ਕਲੇਵਰ ਵਿੱਚ ਲਿਆ ਹੈ। ਮੁੱਢਲੇ ਪੜਾਅ ਵਿੱਚ ਵਿਦੇਸ਼ ਗਏ ਵਿਅਕਤੀਆਂ ਦੀਆਂ ਮੂਲ ਸਮੱਸਿਆਵਾਂ 'ਚ ਭੂ-ਹੇਰਵਾ, ਆਪਣੀ ਸੱਭਿਅਤਾ, ਸੰਸਕ੍ਰਿਤੀ ਪ੍ਰਤੀ ਪਿਆਰ ਉੱਭਰ ਕੇ ਸਾਹਮਣੇ ਆਉਂਦਾ ਹੈ ਪਰ ਪ੍ਰਵਾਸ ਦੇ ਇਸ ਲੰਮੇ ਇਤਿਹਾਸਕ ਸਫ਼ਰ ਦੌਰਾਨ ਨਿਰੰਤਰ ਬਦਲਦੀਆਂ ਰਾਸ਼ਟਰੀ, ਅੰਤਰਰਾਸ਼ਟਰੀ ਪ੍ਰਸਥਿਤੀਆਂ ਦਾ ਪ੍ਰਭਾਵ ਇਹਨਾਂ ਪ੍ਰਵਾਸ ਕੀਤੇ ਗਏ ਲੋਕਾਂ ਦੀਆਂ ਲੋੜਾਂ, ਥੁੜਾਂ, ਮੁਸ਼ਕਿਲਾਂ, ਸੋਚ, ਸਭਿਆਚਾਰ ਉੱਪਰ ਗਹਿਰਾ ਪ੍ਰਭਾਵ ਦਿਖਾਈ ਦਿੰਦਾ ਹੈ। ਪ੍ਰਵਾਸੀ ਪੰਜਾਬੀ ਕਹਾਣੀ ਇਹਨਾਂ ਅਨੇਕਾਂ ਨਵੀਆਂ ਸਮੱਸਿਆਵਾਂ ਦੇ ਸਨਮੁੱਖ ਹੋ ਕੇ ਨਿਰੰਤਰ ਵਿਗਸ ਰਹੀ ਹੈ।

ਪ੍ਰਵਾਸੀ ਪੰਜਾਬੀ ਕਹਾਣੀ ਦੀ ਗੱਲ ਕਰਦਿਆਂ ਕਈ ਨਾਮਵਰ ਸਾਹਿਤਕਾਰਾਂ/ਕਹਾਣੀਕਾਰਾਂ ਦੇ

ਨਾਂ ਉੱਭਰਦੇ ਹਨ। ਜਿਨ੍ਹਾ ਨੇ ਪ੍ਰਵਾਸੀ ਪੰਜਾਬੀ ਕਹਾਣੀ ਨੂੰ ਮਾਣ ਬਖਸ਼ਿਆ। ਇਹਨਾਂ ਕਹਾਣੀਕਾਰਾਂ 'ਚ ਇੱਕ ਅਣਗੌਲਿਆ ਪਰ ਪ੍ਰਤੀਨਿੱਧ ਹਸਤਾਖ਼ਰ ਅਮਰਜੀਤ ਚਾਹਲ ਹੈ। ਜਿਸ ਨੇ ਕੈਨੇਡਾ ਦੀ ਧਰਤੀ ਤੇ ਲੰਮਾ ਸਮਾਂ ਰਹਿੰਦਿਆਂ ਉੱਥੋਂ ਦੀਆਂ ਸਮਾਜ-ਸੱਭਿਆਚਾਰ ਬਣਤਰਾਂ ਨੂੰ ਸਮਝਿਆ ਹੈ। ਵਿਦੇਸ਼ ਆਏ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਸਮਝਦਿਆਂ ਸਾਹਿਤ ਦੀ ਵਿਧਾ ਕਹਾਣੀ ਰਾਹੀਂ ਉਜਾਗਰ ਕਰਦਿਆਂ ਸਮੁੱਚੇ ਪੰਜਾਬੀ ਪਾਠਕਾਂ ਦੇ ਸਨਮੁੱਖ ਕੀਤਾ ਹੈ। "ਬਾਹਰੋਂ ਆਇਆ ਆਦਮੀ" (2016) ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਵੱਲੋਂ ਛਾਪਿਆ ਅਮਰਜੀਤ ਚਾਹਲ ਦਾ ਨਵਾਂ ਕਹਾਣੀ ਸੰਗ੍ਰਹਿ ਹੈ। ਇਸ ਵਿੱਚ ਕੁੱਲ ਗਿਆਰਾਂ ਕਹਾਣੀਆਂ ਸ਼ਾਮਿਲ ਹਨ। ਇਹਨਾਂ ਕਹਾਣੀਆਂ ਦਾ ਸਿਰਜਨ ਸਮਾਂ ਭਾਵੇਂ 35-36 ਵਰ੍ਹੇ ਪਹਿਲਾਂ ਦਾ ਹੈ ਪਰ ਇਸ ਵਿੱਚ ਪੇਸ਼ ਸਮਾਜਕ ਸਰੋਕਾਰ ਅਜੋਕੇ ਸਮੇਂ ਵਿੱਚ ਵੀ ਉਨੇ ਹੀ ਮਹੱਤਵ ਪੂਰਣ ਹਨ ਜੋ ਚਾਰ ਦਹਾਕੇ ਪਹਿਲਾਂ ਸਨ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਜ਼ਮੀਰ' ਕੈਨੇਡਾ ਤੋਂ ਪਰਤੇ ਨੌਜਵਾਨ ਜੋਗਿੰਦਰ ਦੀ ਕਹਾਣੀ ਹੈ। ਕਹਾਣੀ ਵਿਚਲੀ ਗੁਆਂਢਣ ਤਾਈ ਕਿਸ਼ਨੀ ਜੋਗਿੰਦਰ ਤੋਂ ਆਪਣੇ ਮੁੰਡੇ ਨੂੰ ਰਿਸ਼ਤਾ ਕਰਵਾਉਣ ਦੀ ਆਸ ਲਾਈ ਬੈਠੀ ਹੈ। ਤਾਈ ਦੀ ਨਜ਼ਰ ਵਿੱਚ ਵਿਦੇਸ਼ੋਂ ਵਾਪਸ ਆਇਆ ਵਿਅਕਤੀ ਵਿਆਹ ਵਰਗੇ ਅਨੇਕਾਂ ਮਸਲਿਆਂ ਦਾ ਆਸਾਨੀ ਨਾਲ ਹੱਲ ਕਰ ਸਕਦਾ ਹੈ। ਜੋਗਿੰਦਰ ਗਰੀਬ ਤਾਈ ਦੇ ਮੁੰਡੇ ਨੂੰ ਰਿਸ਼ਤਾ ਕਰਵਾਉਣ ਤੋਂ ਕੰਨੀ ਕਤਰਾਉਂਦਾ ਹੈ ਕਿਉਂਕਿ ਉਸਦੀ ਸੋਚ ਅਨੁਸਾਰ ਰਿਸ਼ਤਾ ਕਰਵਾਉਣਾ ਕਿਸੇ ਨੌਜਵਾਨ/ਮੁਟਿਆਰ ਦੀਆਂ ਨਿੱਜੀ ਸਧਰਾਂ ਦਾ ਕਤਲ ਹੈ। ਅਜਿਹੀ ਸੋਚ ਦਾ ਮਾਲਕ ਜੋਗਿੰਦਰ ਆਪਣੀ ਘਰ ਵਾਲੀ ਦੇ ਦਬਾਓ ਹੇਠ ਆਪਣੇ ਨੌਕਰੀ ਪੇਸ਼ਾ ਸਾਲੇ ਨੂੰ ਰਿਸ਼ਤਾ ਕਰਵਾ ਕੈਨੇਡਾ ਮੰਗਵਾਉਣ ਲਈ ਮਜ਼ਬੂਰ ਹੋ ਜਾਂਦਾ ਹੈ। ਵਿਅਕਤੀ ਦੀ ਆਪਣੀ ਗੌਰਵਮਈ ਨਿੱਜੀ ਸੋਚ ਉੱਪਰ ਕਰੀਬੀ ਰਿਸ਼ਤਿਆਂ ਦੇ ਜੰਜਾਲ ਕਿਸ ਤਰ੍ਹਾਂ ਹਾਵੀ ਹੁੰਦੇ ਹਨ ਅਤੇ ਵਿਅਕਤੀ ਕਿਵੇਂ ਚੌਰਾਹੇ ਵਿੱਚ ਖੜਾ ਠੱਗਿਆ ਗਿਆ ਮਹਿਸੂਸ ਕਰਦਾ ਦੋਹਰੀ ਮਾਨਸਿਕਤਾ ਦਾ ਸ਼ਿਕਾਰ ਹੁੰਦਾ ਹੈ; ਉਸ ਦੀ ਉੱਤਮ ਮਿਸਾਲ ਜ਼ਮੀਰ ਕਹਾਣੀ ਹੈ।

'ਦੋ ਰਫਲਾਂ ਦਾ ਕਰਾਸ' ਵਿਦੇਸ਼ ਰਹਿੰਦੇ ਪੰਜਾਬੀਆਂ ਦੀ ਨਸਲੀ ਵਿਤਕਰੇ ਦੇ ਸ਼ਿਕਾਰ ਦੀ ਸੰਕਟਮਈ ਸਥਿਤੀ, ਵਿਖੰਡਤ ਮਾਨਸਿਕਤਾ ਅਤੇ ਆਪਣੀ ਅਸਲੀਅਤ ਨੂੰ ਆਪਣਿਆਂ ਕੋਲੋਂ ਛੁਪਾ ਕੇ ਆਪਣੇ ਆਪ ਨੂੰ ਅਖੌਤੀ ਅਗਾਂਹਵਧੂ ਅਖਵਾਉਣ ਦੀ ਚਾਹਤ ਦਾ ਪ੍ਰਗਟਾਵਾ ਕਰਦੀ ਕਹਾਣੀ ਹੈ। ਕਹਾਣੀ ਵਿਚਲਾ ਗੁਰਪ੍ਰੀਤ ਆਪਣੀ ਪਤਨੀ ਦੇ ਅਨਪੜ੍ਹ ਗੁਆਂਢਣ ਰੇਸ਼ਮਾ ਨਾਲ ਸੰਬੰਧਾਂ ਤੋਂ ਨਾਖੁਸ਼ ਹੈ। ਉਸਦੇ ਨਿਮਨ ਲਿਖਤ ਬੋਲ ਉਸਦੀ ਮੁਖੌਟਾਧਾਰੀ ਸੋਚ ਨੂੰ ਇੰਝ ਬਿਆਨ ਕਰਦੇ ਹਨ। "ਉਸ ਨੇ ਬੜੀ ਮਾਣਮੱਤੀ ਨਫਰਤ ਨਾਲ ਕਿਹਾ, "ਮੈਂ ਇਨ੍ਹਾਂ ਲੋਕਾਂ ਦੀ ਕੋਈ ਗੱਲ ਨਹੀਂ ਸੁਣਨੀ ਚਾਹੁੰਦਾ। ਇਹ ਜਾਹਲ ਲੋਕ ਹਨ- ਨਿਰੇ ਡੰਗਰ। ਆਪਣੀ ਸੁਸਾਇਟੀ ਇੱਥੇ ਇਨ੍ਹਾਂ ਲੋਕਾਂ ਕਾਰਨ ਹੀ ਬਦਨਾਮ ਹੋਈ ਹੋਈ ਹੈ।"[1] ਗੁਰਪ੍ਰੀਤ ਪੰਜਾਬ 'ਚ ਬਿਤਾਏ ਬਚਪਨ ਸਮੇਂ ਜਿਸ ਮਲੰਗੀ ਜੀਵਨ ਲਈ ਤਰਸਦਾ ਰਿਹਾ, ਉਹ ਵਿਦੇਸ਼ ਆ ਉੱਚ ਨੌਕਰੀ ਦੀ ਹਾਉਮੈ ਅਧੀਨ ਆਪਣੇ ਹਮਵਤਨ ਗਰੀਬ, ਅਨਪੜ੍ਹਾਂ ਦੇ ਮਲੰਗੀ ਜੀਵਨ ਨੂੰ ਨਫ਼ਰਤ ਕਰਦਾ ਹੈ। ਉਸ ਦੀ ਨਫ਼ਰਤ ਇੱਥੋਂ ਤੱਕ ਵੱਧ ਜਾਂਦੀ ਹੈ ਕਿ ਉਹ ਆਪਣੀ ਪਤਨੀ ਦੇ ਗੁਆਂਡਣ ਰੇਸ਼ਮਾ ਨਾਲ ਸਾਂਝ/ਪਿਆਰ ਨੂੰ ਵੀ ਨਫ਼ਰਤ ਕਰਨ ਲੱਗਦਾ ਹੈ ਪਰ ਹਲਾਤਾਂ ਦਾ ਸਿਤਮ ਇਹ ਹੈ ਕਿ ਇਹ ਆਪਣੇ ਲੋਕ ਹੀ ਉਸ ਦੇ ਕੰਮ ਆਉਂਦੇ ਹਨ ਜਦੋਂ ਕੁੱਝ ਨੌਜਵਾਨ ਗੋਰੇ ਨਸਲੀ ਵਿਤਕਰੇ ਤਹਿਤ ਰਾਤ ਸਮੇਂ ਉਸ ਦੇ ਘਰ ਉਪਰ ਹੱਲਾ ਬੋਲ ਦਿੰਦੇ ਹਨ, ਤਾਂ ਰੇਸ਼ਮਾ ਦਾ ਅਨਪੜ ਘਰ ਵਾਲਾ ਹੀ ਉਸ ਦੀ ਮੱਦਦ ਲਈ ਬਹੁੜਦਾ ਹੈ। ਕਹਾਣੀ ਵਿਦੇਸ਼ ਗਏ ਵਿਅਕਤੀਆਂ ਦੁਆਰਾ ਆਪਣੀ

ਅਸਲ ਪਹਿਚਾਣ ਛੁਪਾਕੇ ਮੋਖਟਾਧਾਰੀ, ਅਖੌਤੀ ਅਗਾਂਹਵਧੂ ਜੀਵਨ-ਜਾਂਚ ਵਾਲੀ ਸੋਚ ਦੇ ਦਰਸ਼ਨ ਕਰਵਾਉਂਦੀ ਹੈ ਉੱਥੇ ਭਰਾਤਰੀ ਭਾਵ, ਸਾਂਝ ਭਿਆਲੀ ਤੇ ਆਪਣਿਆਂ ਦੇ ਕੰਮ ਆਉਣ ਦੀ ਲੋਚਾ ਨੂੰ ਵੀ ਉਭਾਰਦੀ ਹੈ।

ਪਰਿਵਾਰਕ ਨਿੱਘ ਦੀ ਅਣਹੋਂਦ ਤੇ ਅਨਪੜ੍ਹਤਾ ਦੀ ਮਾਰ ਦੀ ਸ਼ਿਕਾਰ ਪ੍ਰਵਾਸੀ ਪੰਜਾਬੀ ਔਰਤ ਮਾਨਸਿਕ ਸੰਤਾਪ ਕਿਸ ਤਰਾਂ ਹੰਢਾਉਂਦੀ ਹੈ। 'ਕੋਈ ਇੱਕ ਪੰਜਾਬੀ ਡਾਕਟਰ' ਕਹਾਣੀ ਉਸ ਦੀ ਉੱਤਮ ਮਿਸਾਲ ਹੈ। ਸੋਮਾ ਪਦਾਰਥਕ ਸੁਖ ਸਹੂਲਤਾਂ ਦੀ ਬਹੁਤਾਤ ਦੇ ਹੁੰਦਿਆਂ ਵੀ ਪ੍ਰੇਸ਼ਾਨ ਹੈ। ਇਸ ਦਾ ਪਹਿਲਾ ਕਾਰਣ ਪਤੀ ਦਾ ਨੌਕਰੀ ਪੇਸ਼ ਹੋਣਾ ਤੇ ਇਕੱਲਤਾ ਹੰਢਾਉਣਾ ਤੇ ਉੱਪਰੋਂ ਅਨਪੜ ਪਤੀ ਦੇ ਕਾਰਨ ਅੰਗਰੇਜ਼ ਡਾਕਟਰ ਕੋਲ ਜਾ ਕੇ ਆਪਣੀ ਔਲਾਦ ਪ੍ਰਾਪਤੀ ਦੀ ਇੱਛਾ ਦੱਸਣ ਤੋਂ ਵਾਂਝੇ ਰਹਿ ਜਾਣਾ ਹੈ। ਬੇ ਔਲਾਦ ਹੋਣ ਦਾ ਦੁੱਖ ਵੀ ਅਨਪੜਤਾ ਦੇ ਭੇਟ ਚੜ੍ਹਦਾ ਦਿਖਾਈ ਦਿੰਦਾ ਹੈ। ਪਹਿਲੀ ਪੀੜ੍ਹੀ ਦੀਆਂ ਅਨਪੜ ਪ੍ਰਵਾਸੀ ਪੰਜਾਬੀ ਔਰਤਾਂ ਨੂੰ ਅਜਿਹੀਆਂ ਅਨੇਕਾਂ ਸਮੱਸਿਆਵਾਂ ਦਰਪੇਸ਼ ਆਈਆਂ। ਲੇਖਕ ਉਸ ਪੀੜੀ ਦੀਆਂ ਔਰਤਾਂ ਦੀ ਹਿਰਦੇ ਵੇਧਕ ਤ੍ਰਾਸਦਿਕ ਸਥਿਤੀ ਬਿਆਨ ਕਰਨ ਵਿੱਚ ਕਾਮਯਾਬ ਰਿਹਾ ਹੈ। ਜੋ ਸਭ ਕੁੱਝ ਹੁੰਦੇ ਹੋਏ ਵੀ ਕੱਖੋਂ ਹੌਲੇ ਮਹਿਸੂਸ ਕਰਦੀ ਹੈ।

ਦੋ ਦੇਸ਼ਾਂ 'ਚ ਸੱਭਿਆਚਾਰਕ ਵਖਰੇਵੇਂ ਹੋਣੇ ਤਾਂ ਲਗਭਗ ਲਾਜ਼ਮੀ ਹਨ। ਉੱਥੇ ਦੋ ਦੇਸ਼ਾਂ ਦੇ ਬਸ਼ਿੰਦਿਆਂ ਦੇ ਕਦਰ-ਕੀਮਤ ਪ੍ਰਬੰਧ, ਜੀਵਨ ਜਾਂਚ, ਸਮਝ, ਵਿਵਹਾਰ ਵਿੱਚ ਵੀ ਢੇਰ ਅੰਤਰ ਹੁੰਦਾ ਹੈ। ਜਿਵੇਂ ਪੂਰਵੀ ਜੀਵਨ ਪ੍ਰਬੰਧ ਦੇ ਮੁਕਾਬਲੇ ਪੱਛਮੀ ਜੀਵਨ ਪ੍ਰਬੰਧ ਵਿਚਲਾ ਪੀੜੀ-ਪਾੜਾ ਅਤੇ ਜੀਵਨ ਸ਼ੈਲੀ ਵਧੇਰੇ ਅੰਤਰ ਵਾਲੀ ਦਿਖਾਈ ਦਿੰਦੀ ਹੈ। 'ਅਹਿਸਾਸ' ਕਹਾਣੀ ਰਾਹੀਂ ਪੱਛਮ ਵਿੱਚ ਪ੍ਰਵਾਸ ਕਰ ਗਏ ਬਜ਼ੁਰਗ ਅਤੇ ਉਹਨਾ ਦੀ ਔਲਾਦ ਤੇ ਪੁੱਤ ਪੋਤਰੀਆਂ ਦੀ ਸੋਚ ਵਿੱਚਲੀ ਵੱਖਰਤਾ ਕਾਰਨ ਪੈਦਾ ਹੁੰਦੇ ਤਨਾਅ ਦੇ ਕਈ ਗੰਭੀਰ ਪਹਿਲੂ ਛੋਹੇ ਗਏ ਹਨ। 'ਅਜ਼ਾਦੀ ਦਾ ਦਿਨ' ਕਹਾਣੀ ਧਾਰਮਿਕ ਪਾਖੰਡਵਾਦ ਦਾ ਚਿਹਰਾ ਬੇਨਕਾਬ ਕਰਦੀ ਵਜ਼ਨਦਾਰ ਕਹਾਣੀ ਹੈ। ਲੇਖਕ ਪ੍ਰਧਾਨ ਜੀ ਦੇ ਪਾਤਰ ਰਾਹੀਂ ਸਥਿਤੀਆਂ ਦੀ ਵਚਿੱਤਰਤਾ ਦੇ ਕਈ ਰੰਗ ਆਮ ਪਾਠਕ ਸਾਹਮਣੇ ਲਿਆਉਂਦਾ ਹੈ। ਕਹਾਣੀ ਦੀ ਅਹਿਮੀਅਤ ਇਸ ਕਰਕੇ ਹੋਰ ਜਿਆਦਾ ਬਣ ਜਾਂਦੀ ਹੈ ਕਿ ਧਾਰਮਿਕ ਪਾਖੰਡ ਤੇ ਫਰੇਬ ਦਾ ਸ਼ਿਕਾਰ ਸਾਡੇ ਵਰਗੇ ਬਹੁਗਿਣਤੀ ਅਨਪੜ ਮੁਲਕ 'ਚ ਹੀ ਨਹੀਂ ਹੋ ਰਹੇ ਸਗੋਂ ਅਸੀਂ ਅਗਾਂਹਵਧੂ ਦੇਸ਼ਾਂ ਵਿੱਚ ਵੀ ਰਹਿੰਦੇ ਅਕਸਰ ਇਹਨਾਂ ਅਖੌਤੀ ਧਾਰਮਿਕ ਅਡੰਬਰੀ ਲੋਕਾਂ ਦੀਆਂ ਲੂੰਬੜਚਾਲਾਂ ਦਾ ਸ਼ਿਕਾਰ ਹੋ ਰਹੇ ਹਨ। ਲੇਖਕ ਅਜਿਹੇ ਪਾਖੰਡੀ ਵਿਅਕਤੀਆਂ ਦੇ ਦੋਹਰੇ ਕਿਰਦਾਰ ਦੀ ਪਰਦਾਪੋਸ਼ੀ ਨੂੰ ਬੇਨਕਾਬ ਕਰਦਾ ਸਾਡੀ ਸੀਮਤ ਸੋਚ, ਸਮਝ ਅਤੇ ਤਾਰਕਿਕ ਲਹਿਜ਼ੇ ਤੋਂ ਮੁਕਤ ਸੋਚ ਦਾ ਪ੍ਰਗਟਾਵਾ ਕਰਦਾ ਹੈ।

ਧਰਮ ਇੱਕ ਅਜਿਹਾ ਵਰਤਾਰਾ ਹੈ ਜਿਸ ਦੇ ਨਾਮ ਉੱਪਰ ਆਮ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਅਕਸਰ ਹੀ ਕੁੱਝ ਵਿਅਕਤੀ ਆਪਣੇ ਮੁਫਾਦਾਂ ਦੀ ਪੂਰਤੀ ਕਰਦੇ ਹਨ। ਅਜਿਹੇ ਵਿਅਕਤੀ ਧਰਤੀ/ਦੁਨੀਆਂ ਦੇ ਲਗਭਗ ਹਰ ਕੋਨੇ 'ਚ ਮਿਲ ਜਾਂਦੇ ਹਨ। ਵਿਦੇਸ਼ ਵਿੱਚ ਰਹਿੰਦੇ ਕਾਫੀ ਪੰਜਾਬੀ ਲੋਕ ਧਰਮ ਦੀ ਸੱਚੀ ਰੂਹ ਤੋਂ ਕੋਹਾਂ ਦੂਰ ਅਖੌਤੀ ਢਕਵੰਜਾ ਦਾ ਸ਼ਿਕਾਰ ਹੋ ਰਹੇ ਹਨ।

ਰਿਸ਼ਤਿਆਂ ਦੀ ਬਦਲਦੀ ਵਿਆਕਰਣ, ਔਰਤ/ਮਰਦ ਮਨ ਦੀਆਂ ਵਿਭਿੰਨ ਤੈਹਾਂ ਨੂੰ ਕਿਸ ਤਰ੍ਹਾਂ ਅਸਰ ਅੰਦਾਜ਼ ਕਰਦੀ ਹੈ ਉਸਦਾ ਉਤਮ ਨਮੂਨਾ 'ਸੋਨ ਚਿੜੀ ਜਾਂ ਮੱਖੀ' ਕਹਾਣੀ ਹੈ। ਪੱਛਮੀ ਸਮਾਜ-ਸਭਿਆਚਾਰ ਦਾ ਬਣਤਰੀ ਢਾਂਚਾ ਪੂਰਬੀ ਸਿਸਟਮ ਤੋਂ ਵੱਖਰਾ ਹੈ। ਪੱਛਮੀ ਜੀਵਨ ਜਾਂਚ ਅਜ਼ਾਦੀ ਅਤੇ ਸਰੀਰਕ ਸੰਬੰਧਾਂ ਵਿੱਚ ਕਾਫੀ ਹੱਦ ਤੱਕ ਖੁੱਲਾ ਨੂੰ ਮਾਨਤਾ ਦਿੰਦੀ ਹੈ। ਸਾਡੇ ਪੂਰਬੀ ਲੋਕ ਵਿਦੇਸ਼

ਜਾ ਕੇ ਸਰੀਰਕ ਸੰਬੰਧਾਂ ਵਿਚਲੀ ਅਜ਼ਾਦੀ ਦਾ ਨਜ਼ਾਇਜ ਫਾਇਦਾ ਉਠਾਉਂਦੇ ਆਪਣੇ ਹੀ ਜੀਵਨ ਸਾਥੀ (ਔਰਤ) ਨੂੰ ਮਾਨਸਿਕ ਪ੍ਰੇਸ਼ਾਨੀ ਵੱਲ ਧੱਕ ਦਿੰਦੇ ਹਨ। ਕਹਾਣੀ ਵਿਚਲੀ ਸਮਿੰਦਰ ਦਾ ਆਪਣੇ ਪਤੀ ਨਾਲ ਘਰੇਲੂ ਝਗੜਾ ਵੀ ਉਸ ਦੇ ਪਤੀ ਦੇ ਹੋਰ ਔਰਤ ਨਾਲ ਸਰੀਰਕ ਸੰਬੰਧ ਬਣਦੇ ਹਨ। ਘਰੇਲੂ ਕਲੇਸ਼ ਦੇ ਚਲਦਿਆਂ, ਸਮਿੰਦਰ ਦਾ ਪਤੀ ਉਸ ਨੂੰ ਘਰ ਤੋਂ ਦਰਕਿਨਾਰ ਕਰ ਦਿੰਦਾ ਹੈ। ਉਹ ਦਰ-ਦਰ ਦੀਆਂ ਠੋਕਰਾਂ ਖਾਂਦੀ ਇੰਦਰ ਤੇ ਰਜ਼ਨੀ ਦੇ ਘਰ ਕਿਰਾਏ ਤੇ ਰਹਿਣ ਲਈ ਮਜ਼ਬੂਰ ਹੋ ਜਾਂਦੀ ਹੈ। ਸਮਿੰਦਰ ਦੀ ਖੂਬਸੂਰਤ ਭਰ ਜੁਆਨੀ ਵਾਲੀ ਦੇਹ ਜਿੱਥੇ ਆਪਣੇ ਪਤੀ ਤੋਂ ਬਦਲਾ ਲੈਣ ਲਈ ਉਤਾਵਲੀ ਹੈ। ਉੱਥੇ ਰਜ਼ਨੀ ਦੀ ਵੀ ਆਪਣੇ ਪਤੀ ਉੱਪਰ ਸ਼ੱਕ ਦੀ ਸੂਈ ਘੁੰਮਣ ਲੱਗਦੀ ਹੈ। ਉੱਹ ਇੱਕ ਸੁਪਨੇ ਰਾਹੀਂ ਸ਼ਮਿੰਦਰ ਨੂੰ ਇੱਕ ਮੱਖੀ ਤਸੱਵਰ ਕਰਦੀ ਹੈ ਜੋ ਇੰਦਰ ਦੇ ਇਰਦ ਗਿਰਦ ਘੁੰਮ ਰਹੀ ਹੈ ਤੇ ਉਸ ਦੀ ਪਰਿਵਾਰਕ ਜ਼ਿੰਦਗੀ ਨੂੰ ਤਹਿਸ ਨਹਿਸ ਕਰ ਸਕਦੀ ਹੈ। ਇਸ ਕਹਾਣੀ ਦੀ ਅਹਿਮੀਅਤ ਔਰਤ ਮਨ ਦੇ ਵਿਭਿੰਨ ਪਹਿਲੂਆਂ ਨੂੰ ਖੂਬਸੂਰਤ ਅਤੇ ਮਨੋਵਿਗਿਆਨਕ ਨਜ਼ਰੀਏ ਤੋਂ ਪੇਸ਼ ਕਰਨ ਵਿੱਚ ਨਿਹਿਤ ਹੈ ਜਿਵੇਂ:- ਔਰਤ 'ਚ ਬਦਲਾ ਲੈਣ ਦੀ ਭਾਵਨਾ, ਆਪਣੇ ਨਿੱਜੀ ਰਿਸ਼ਤੇ ਵਿੱਚ ਸ਼ੱਕ ਦੀ ਗੁੰਜਾਇਸ਼ ਅਤੇ ਪਤੀ ਪਤਨੀ ਦੇ ਰਿਸ਼ਤੇ 'ਚ ਕਬਜ਼ੇ ਦੀ ਭਾਵਨਾ ਆਦਿ।

'ਆਖਰੀ ਦਿਨ' ਕਹਾਣੀ ਸਰਦੂਲ ਸਿੰਘ ਵਰਗੇ ਇਕੱਲੇ ਇਨਸਾਨ/ਪਾਤਰ ਦੀ ਕਹਾਣੀ ਨਾ ਹੋਕੇ ਉਹਨਾਂ ਅਨੇਕਾਂ ਪਾਤਰਾਂ ਦੀ ਕਹਾਣੀ ਹੈ ਜੋ ਪਰਵਾਸ ਦੌਰਾਨ ਆਖਰੀ ਉਮਰੇ ਦੁਖਾਂਤ ਭੋਗਦੇ ਹਨ। ਕਹਾਣੀ ਪੂੰਜੀਵਾਦੀ ਪ੍ਰਬੰਧ ਅਧੀਨ ਨਵੀਂ ਪੀੜ੍ਹੀ ਦੀ ਪੈਸੇ ਦੇ ਪਿੱਛਲੱਗ ਵਾਲੀ ਸੋਚ ਕਾਰਨ ਪੁਰਾਣੀ ਪੀੜ੍ਹੀ ਦੀ ਗੌਣ ਅਤੇ ਤ੍ਰਾਸਦਿਕ ਹੁੰਦੀ ਸਥਿਤੀ ਨੂੰ ਬਿਆਨ ਕਰਦੀ ਹੈ। ਪਰਵਾਸ ਦੌਰਾਨ ਆਪਣੀ ਔਲਾਦ ਦੀ ਅਧੀਨਗੀ ਇਹਨਾਂ ਪਾਤਰਾਂ ਨੂੰ ਕਿਸ ਤਰ੍ਹਾਂ ਪਲ-ਪਲ ਮਾਰਦੀ ਹੈ। ਉਸ ਦੀ ਉੱਤਮ ਮਿਸਾਲ ਸਰਦੂਲ ਸਿੰਘ ਵਰਗੇ ਪਾਤਰ ਹਨ। ਜਿਨ੍ਹਾ ਵਿਅਕਤੀਆਂ ਨੇ ਜ਼ਿੰਦਗੀ ਦੇ ਕਈ ਦਹਾਕੇ ਅਣਖ ਇੱਜ਼ਤ ਅਤੇ ਟੌਰ ਨਾਲ ਬਿਤਾਏ ਹੋਣ ਜਦੋਂ ਉਹਨਾਂ ਵਿਅਕਤੀਆਂ ਨਾਲ ਪ੍ਰਵਾਸ ਦੌਰਾਨ ਆਖਰੀ ਉਮਰੇ ਉਹਨਾਂ ਦੀ ਔਲਾਦ ਹੀ ਪਰਾਇਆ ਵਰਗਾ ਵਿਵਹਾਰ ਕਰਦੀ ਹੈ ਤਾਂ ਉਹ ਧੁਰ ਅੰਦਰੋਂ ਟੁੱਟ ਜਾਂਦੇ ਹਨ। ਕਹਾਣੀਕਾਰ ਦੋ ਪੀੜ੍ਹੀਆਂ ਦੇ ਵਿਅਕਤੀਆਂ ਦੀ ਸੋਚ ਵਿਚਲੇ ਵਖਰੇਵੇਂ ਅਤੇ ਪਰੰਪਰਾਗਤ ਕਦਰ-ਕੀਮਤ ਪ੍ਰਬੰਧ ਦੀਆਂ ਪ੍ਰਵਾਸ ਦੌਰਾਨ ਉੱਡ ਰਹੀਆਂ ਧੱਜੀਆਂ ਨੂੰ ਬਾਖ਼ੂਬੀ ਬਿਆਨ ਕਰਦਾ ਹੈ। ਕਹਾਣੀਕਾਰ ਇਸ ਨਵੇਂ ਪ੍ਰਵਾਸੀ ਸਮਾਜਕ ਸਿਸਟਮ ਵਿੱਚ ਬਜ਼ੁਰਗ ਜੋੜਿਆਂ ਦੀ ਬਦ ਤੋਂ ਬਦੱਤਰ ਹੁੰਦੀ ਹਾਲਤ ਨੂੰ ਮੁਖ਼ਾਤਬ ਹੁੰਦਾ ਕਈ ਸਵਾਲ ਖੜੇ ਕਰਦਾ ਹੈ।

'ਮੁੱਖੜਾ ਚੰਨ ਵਰਗਾ' ਕਹਾਣੀ ਪ੍ਰਵਾਸ ਕਰਨ ਦੇ ਮੂਲ ਕਾਰਨਾਂ ਦੀ ਨਿਸ਼ਾਨਦੇਹੀ ਕਰਦੀ ਕਹਾਣੀ ਹੈ। ਉੱਥੇ ਮਰਦ ਮੈਂਬਰਾਂ ਦੁਆਰਾ ਵਿਦੇਸ਼ ਜਾਣ ਕਾਰਨ ਪਿੱਛੇ ਰਹਿ ਗਏ ਪਰਿਵਾਰਕ ਮੈਂਬਰਾਂ ਖਾਸ ਤੌਰ ਤੇ ਔਰਤਾਂ ਦੀ ਜ਼ਿੰਦਗੀ ਦੇ ਵਿਭਿੰਨ ਪਹਿਲੂਆਂ ਨੂੰ ਪੇਸ਼ ਕਰਦੀ ਕਹਾਣੀ ਹੈ। ਪੰਜਾਬ ਦੀ ਨੌਜਵਾਨ ਪੀੜ੍ਹੀ ਕਿਸਾਨੀ ਤੇ ਥੁੜਾਂ ਮਾਰੀ ਜ਼ਿੰਦਗੀ ਤੋਂ ਅਵਾਜ਼ਾਰ ਹੋ ਪ੍ਰਵਾਸ ਦਾ ਰੁੱਖ ਕਰਦੀ ਹੈ। ਬਿਹਤਰ ਜ਼ਿੰਦਗੀ ਦੇ ਸੁਪਨੇ ਸੰਜੋਈ ਘਰ ਤੋਂ ਦੂਰ ਜਾਣ ਸਮੇਂ ਇਹਨਾਂ ਦੇ ਮਨ ਵਿੱਚ ਸੁਨਹਿਰੀ ਭਵਿੱਖ ਦੇ ਸੁਪਨੇ ਤਾਂ ਹਨ ਪਰ ਪਿੱਛੇ ਰਹਿ ਗਏ ਪਰਿਵਾਰਕ ਮੈਂਬਰਾਂ (ਔਰਤਾਂ) ਦੀ ਸਥਿਤੀ ਤੋਂ ਅਣਜਾਣ ਦਿਖਾਈ ਦਿੰਦੇ ਹਨ। ਕਹਾਣੀ ਵਿਚਲਾ ਜਸਜੀਤ ਅਤੇ ਪਹਿਲਾਂ ਉਸ ਦਾ ਪਿਉ ਬਹੁਤਾ ਸਮਾਂ ਘਰ ਤੋਂ ਦੂਰ ਵਿਦੇਸ਼ ਰਹਿੰਦੇ ਹਨ। ਪ੍ਰਵਾਸ ਦੌਰਾਨ ਜਸਜੀਤ ਦਾ ਪਿਉ ਮਿਹਨਤ ਦੇ ਬਲਬੂਤੇ ਆਪਣੇ ਦੇਸ਼ ਆ ਕੇ ਬਹੁਤ ਜ਼ਮੀਨ ਤਾਂ ਖਰੀਦ ਲੈਂਦਾ ਹੈ ਪਰ ਇਸ ਲੰਮੇ ਅਰਸੇ ਦੌਰਾਨ ਆਪਣੀ ਪਤਨੀ (ਬੇਜੀ) ਨਾਲ ਸਾਂਝ ਤੋਂ ਕੋਹਾਂ ਦੂਰ ਰਹਿੰਦਾ ਹੈ। ਹੁਣ ਬਾਪ ਦੇ ਨਕਸ਼ੇ ਕਦਮਾਂ ਤੇ ਚੱਲਦਾ ਜਸਜੀਤ ਵਿਦੇਸ਼ੋਂ ਆਇਆ ਹੋਰ ਜ਼ਮੀਨ

ਖਰੀਦਦਾ ਹੈ, ਪਰ ਮਾਂ ਦੇ ਨਿਮਨਲਿਖਤ ਬੋਲ ਪ੍ਰਸਥਿਤੀਆਂ ਦੀ ਭਿਆਨਕਤਾ/ਵਿਕਰਾਲਤਾ ਬਾਰੇ ਸੱਚ ਉਜਾਗਰ ਕਰ ਜਾਂਦੇ ਹਨ। "ਜ਼ਮੀਨਾ ਤਾਂ ਖਸਮਾਂ ਨੂੰ ਖਾਣੀਆਂ ਇੱਥੇ ਹੀ ਰਹਿਣੀਆਂ, ਜਦ ਵਾਹੁਣੀਆਂ ਹੋਣਗੀਆਂ ਉਦੋਂ ਖਰੀਦ ਲਇਉ ਆਪਣੇ ਬਾਪ ਵੱਲ ਈ ਵੇਖ ਸਾਰੀ ਉਮਰ ਬਾਹਰ ਕੱਢ ਲਈ।" ਉਸ ਦਾ ਬਾਪੂ ਬਹੁਤ ਚਿਰ ਹੋਇਆਂ ਬਾਹਰ ਚਲਾ ਗਿਆ ਸੀ। ਉਹ ਜਦ ਵੀ ਪਰਤਿਆ ਸੀ, ਉਸ ਜ਼ਮੀਨ ਖਰੀਦੀ ਸੀ। ਜਿਸ ਨੂੰ ਹੁਣ ਤੱਕ ਬਿਗਾਨੇ ਵਾਹ ਰਹੇ ਸਨ।"[2] ਉਪਰੋਕਤ ਵਾਰਤਾਲਾਪ ਮਰਦ ਸਾਥ ਤੋਂ ਬਗੈਰ ਇਕੱਲਤਾ ਹੰਢਾਉਂਦੀ ਔਰਤ ਦੀ ਜ਼ਿੰਦਗੀ ਦੇ ਇੱਕ ਉਸ ਹਨੇਰੇ ਕੋਨੇ ਨੂੰ ਬਿਆਨਦੇ ਹਨ। ਜਿੱਥੇ ਆਰਥਿਕ ਸਮੱਸਿਆਵਾਂ ਦੇ ਝੰਬੇ ਮਰਦ ਵਿਦੇਸ਼ ਤਾਂ ਚਲੇ ਜਾਂਦੇ ਹਨ ਪਰ ਪਤੀ-ਪਤਨੀ ਦੀ ਆਪਸੀ ਸਾਂਝ ਤੋਂ ਦੂਰੀ ਦੋਵਾਂ ਧਿਰਾਂ ਲਈ ਨਵੇਂ ਰਿਸ਼ਤੇ (ਨਜਾਇਜ਼) ਸਿਰਜਣ ਅਤੇ ਉਸ ਤੋਂ ਪੈਦਾ ਹੋਈ ਬਦਹਵਾਸੀ, ਬੇਇਜ਼ਤੀ ਅਤੇ ਮਾਨਸਿਕ ਤ੍ਰਾਸਦੀ ਨੂੰ ਪੇਸ਼ ਕਰਦੇ ਹਨ।

ਬਹੁ-ਗਿਣਤੀ ਪਰਵਾਸੀ ਵਿਅਕਤੀਆਂ ਦੀ ਜ਼ਿੰਦਗੀ ਦਾ ਇੱਕ ਹੋਰ ਅਹਿਮ ਪਹਿਲੂ ਨਵੇਂ ਰਿਸ਼ਤੇ (ਵਿਆਹ) ਸਿਰਜਣ ਸਮੇਂ ਕੀਤੀ ਜਾਂਦੀ ਸੌਦੇਬਾਜ਼ੀ, ਬੇਇਮਾਨੀ, ਢੌਂਗ ਆਦਿ ਦਾ ਵਰਤਾਰਾ ਵੀ ਹੈ। ਪਰਵਾਸੀ ਵਿਅਕਤੀ ਜਿੱਥੇ ਆਪਣੀ ਔਲਾਦ ਦਾ ਮੁੱਲ ਪਾਉਣਾ ਲੋਚਦੇ ਹਨ। ਉੱਥੇ ਵਿਦੇਸ਼ ਜਾਣ ਦੇ ਚਾਹਵਾਨ ਵਿਅਕਤੀ ਆਪਣੀਆਂ ਧੀਆਂ ਦਾ ਰਿਸ਼ਤਾ ਅਕਸਰ ਹੀ ਘੱਟ ਪੜ੍ਹੇ ਲਿਖੇ ਵੱਡੀ ਉਮਰ ਦੇ ਵਿਦੇਸ਼ੀ ਸਿਟੀਜਨਸ਼ਿਪ ਲੋਕਾਂ ਨਾਲ ਕਰ ਦਿੰਦੇ ਹਨ। ਕੁੱਝ ਅਜਿਹਾ ਹੀ ਪਿਆਰਾ ਸਿੰਘ ਕਰਦਾ ਹੈ। ਜਦੋਂ ਉਹ ਆਪਣੇ ਪੁੱਤਰ ਲਈ ਕੁੜੀ ਦੇਖਦਾ ਬੇਸ਼ਰਮੀ ਦੀ ਹੱਦ ਨੂੰ ਪਹੁੰਚਿਆ ਹੋਇਆ, ਨਿੱਜੀ ਮੁਫਾਦਾਂ ਅਤੇ ਲਾਲਚੀ ਬਿਰਤੀ ਦਾ ਇਨਸਾਨ ਹੋ ਨਿਬੜਦਾ ਹੈ। ਪਰ ਇਸ ਲਾਲਚੀ ਬਿਰਤੀ ਦਾ ਨਤੀਜਾ ਵੀ ਉਸ ਨੂੰ ਭੁਗਤਣਾ ਪੈਂਦਾ ਹੈ। ਜਦੋਂ ਉਸ ਦੇ ਪੁੱਤ ਦਾ ਜੱਥੇਦਾਰ ਦੀ ਕੁੜੀ ਨਾਲ ਰਿਸ਼ਤਾ ਤਾਂ ਤੈਅ ਹੋ ਜਾਂਦਾ ਹੈ ਪਰ ਜੱਥੇਦਾਰ ਦਾ ਰੋਅਬ ਅਤੇ ਧਮਕੀ ਭਰਿਆ ਵਤੀਰਾ ਉਸ ਨੂੰ ਪ੍ਰੇਸ਼ਾਨ ਕਰਦਾ ਹੈ। ਕਹਾਣੀਕਾਰ ਇਸ ਮਸਲੇ ਬਾਰੇ ਭਾਵੇਂ ਕਾਫੀ ਸਮਾਂ ਪਹਿਲਾਂ ਕਹਾਣੀ ਰਚਦਾ ਹੈ। ਪਰ ਇਹ ਮਸਲਾ ਅੱਜ ਵੀ ਜਿਉਂ ਦਾ ਤਿਉਂ ਬਰਕਰਾਰ ਹੈ।

'ਬਾਹਰੋਂ ਆਇਆ ਆਦਮੀ' ਕਹਾਣੀ ਵਿਦੇਸ਼ੋਂ ਆਏ ਵਿਅਕਤੀਆਂ ਪ੍ਰਤੀ ਸਾਡੇ ਲੋਕਾਂ ਦੀ ਸੋਚ, ਸਮਝ ਬਾਰੇ ਚਾਨਣਾ ਪਾਉਂਦੀ ਕਹਾਣੀ ਹੈ। ਸੁਖਵਿੰਦਰ ਨਾਂ ਦਾ ਪਾਤਰ ਘਰ ਦੀਆਂ ਆਰਥਕ ਮਜਬੂਰੀਆਂ 'ਚ ਗ੍ਰਸਿਆ ਨਾ ਚਾਅ ਕੇ ਵੀ ਵਿਦੇਸ਼ ਚਲਾ ਜਾਂਦਾ ਹੈ। ਉਸ ਦੇ ਘਰ ਵਾਪਸ ਪਰਤਣ ਤੇ ਘਰ-ਪਰਿਵਾਰ, ਰਿਸ਼ਤੇਦਾਰ ਅਤੇ ਆਲੇ-ਦੁਆਲੇ ਦੇ ਸਾਰੇ ਵਿਅਕਤੀ ਉਸ ਤੋਂ ਲੋੜੋਂ ਵੱਧ ਆਸਾਂ ਲਾ ਬੈਠਦੇ ਹਨ। ਹਰ ਕੋਈ ਇਸ ਤਰ੍ਹਾਂ ਸੋਚਦਾ ਹੈ ਕਿ ਵਿਦੇਸ਼ ਵਿੱਚ ਉਹ ਐਸ਼ੋ ਆਰਾਮ ਵਾਲੀ ਜ਼ਿੰਦਗੀ ਬਤੀਤ ਕਰਦਾ, ਅੰਨੀ ਕਮਾਈ ਕਰਦਾ ਹੈ। ਜੋ ਸੱਚਾਈ ਤੋਂ ਕੋਹਾਂ ਦੂਰ ਹੈ। ਅਸਲ ਵਿੱਚ ਪ੍ਰਵਾਸੀ ਵਿਅਕਤੀ ਆਪਣੀ ਅਸਲ ਜ਼ਿੰਦਗੀ 'ਚ ਮਾਨਸਿਕ ਸੰਤਾਪ ਭੋਗਦੇ ਹਨ ਉਥੇ ਲੋਕਾਂ ਦਾ ਉਸ ਪ੍ਰਤੀ ਲੋਟੂ ਨਜ਼ਰੀਆ ਵੀ ਸਾਡੇ ਸਾਹਮਣੇ ਆਉਂਦਾ ਹੈ।

ਉਪਰੋਕਤ ਕਹਾਣੀ ਸੰਗ੍ਰਹਿ ਨੂੰ ਪੜਨ ਉਪਰੰਤ ਇਸ ਗੱਲ ਦਾ ਗਹਿਰਾ ਅਹਿਸਾਸ ਹੁੰਦਾ ਹੈ ਕਿ ਲੇਖਕ ਵਿਦੇਸ਼ ਗਈ ਪਹਿਲੀ ਪੀੜ੍ਹੀ ਦੀਆਂ ਲੋੜਾਂ, ਥੁੜਾਂ, ਉਮੰਗਾਂ, ਸੋਚ, ਸਮਝ, ਇਛਾਵਾਂ ਅਤੇ ਉਹਨਾਂ ਪ੍ਰਤੀ ਆਪਣੀ ਧਰਤੀ (ਪੰਜਾਬ) ਦੇ ਲੋਕਾਂ ਦੀ ਸੋਚ ਨੂੰ ਸੰਜੀਦਗੀ ਨਾਲ ਬਿਆਨ ਕਰਦਾ ਹੈ। ਅਜੋਕੇ ਦੌਰ ਵਿੱਚ ਇਹਨਾਂ ਸਮੱਸਿਆਵਾਂ ਦੇ ਕਈ ਨਵੇਂ ਬਾਰੀਕ ਪਹਿਲੂ ਵੀ ਉੱਭਰ ਕੇ ਸਾਹਮਣੇ ਆਏ ਹਨ। ਪ੍ਰੰਤੂ ਕੁੱਝ ਪਹਿਲੂ ਉਹ ਵੀ ਹਨ ਜੋ ਪਹਿਲੀ ਪ੍ਰਵਾਸੀ ਪੀੜੀ ਤੇ ਅਜੋਕੀ ਪੀੜੀ ਵੀ ਲਗਾਤਾਰ ਹੰਢਾ ਰਹੀ ਹੈ। ਅੱਜ ਵੀ ਵਿਦੇਸ਼ ਜਾਣ ਦੀ ਲਾਲਸਾ ਦਾ ਮੂਲਭੂਤ ਕਾਰਨ ਆਰਥਿਕ ਪੇਤਲਾਪਣ ਹੈ।

ਅੱਜ ਵੀ ਵਿਦੇਸ਼ੋਂ ਆਏ ਵਿਅਕਤੀਆਂ ਪ੍ਰਤੀ ਸਾਡੇ ਸਮਾਜ ਦੀ ਸੋਚ ਉਸੇ ਤਰ੍ਹਾਂ ਦੀ ਹੀ ਹੈ। ਜੋ ਕਈ ਦਹਾਕੇ ਪਹਿਲਾਂ ਸੀ। ਕਹਾਣੀਕਾਰ ਪੱਛਮੀ ਜੀਵਨ ਮੁੱਲਾਂ ਨੂੰ ਗ੍ਰਹਿਣ ਕਰਦੀ ਨੌਜਵਾਨ ਪੀੜ੍ਹੀ ਦੇ ਆਪਹੁਦਰੇਪਨ, ਵਧੇਰੇ ਪੈਸੇ ਕਮਾਉਣ ਦੀ ਚਾਹਤ ਵਾਲੀ ਸੋਚ, ਪੀੜ੍ਹੀ ਪਾੜੇ ਦੇ ਕਾਰਨ ਪੁਰਾਣੀ ਪੀੜ੍ਹੀ ਦੀ ਤ੍ਰਾਸਦਿਕ ਸਥਿਤੀ, ਟੁੱਟ ਰਹੇ ਪਰਿਵਾਰ, ਟੁੱਟ ਰਹੀਆਂ ਸਾਂਝਾਂ ਅਤੇ ਭਰਾਤਰੀ ਭਾਵ ਦੇ ਹੋ ਰਹੇ ਅੰਤ ਨੂੰ ਬਾਖ਼ੂਬੀ ਬਿਆਨ ਕਰਦਾ ਹੈ। ਉਥੇ ਪ੍ਰਵਾਸ ਦੌਰਾਨ ਗ੍ਰਹਿਣ ਕੀਤੀਆਂ ਕਈ ਮਾਨਸਿਕ ਗੁੰਝਲਾਂ ਅਤੇ ਇਸ ਤੋਂ ਉਤਪੰਨ ਹੋਈਆਂ ਸਮੱਸਿਆਵਾਂ ਦੇ ਕਈ ਨਵੇਂ ਪਹਿਲੂ ਵੀ ਦ੍ਰਿਸ਼ਟੀਗੋਚਰ ਕਰਦਾ ਹੈ। ਕਹਾਣੀਕਾਰ ਕਈ ਅਜਿਹੇ ਪਹਿਲੂਆਂ ਅਤੇ ਸਮੱਸਿਆਵਾਂ ਨੂੰ ਵੀ ਮੁਖ਼ਾਤਿਬ ਹੁੰਦਾ ਹੈ ਜੋ ਸਮੇਂ ਤੋਂ ਪਾਰ ਵਿਚਰਦੀਆਂ ਦਿਖਾਈ ਦਿੰਦੀਆਂ ਹਨ। ਅੱਜ ਵੀ ਵਿਦੇਸ਼ੀ ਬੁੜੇ ਲਾੜਿਆਂ ਲਈ ਲੋਕ ਆਪਣੀਆਂ ਭਰ ਮੁਟਿਆਰ ਧੀਆਂ ਦੇ ਰਿਸ਼ਤੇ ਕਰਦੇ ਹਨ, ਇਸ ਪਿੱਛੇ ਕੰਮ ਕਰਦੀ ਲਾਲਸਾ ਤਾਂ ਜੱਗ ਜਾਹਰ ਹੈ। ਸੋ ਕਿਹਾ ਜਾ ਸਕਦਾ ਹੈ ਕਿ ਇਹਨਾਂ  ਕਹਾਣੀਆਂ ਦੇ ਵਿਸ਼ੇ ਤੇ ਰਚਨਾ ਕਾਲ ਕਈ ਦਹਾਕੇ ਪਹਿਲਾਂ ਦੇ ਹੁੰਦੇ ਹੋਇਆਂ ਵੀ ਆਪਣੀ ਅਹਿਮੀਅਤ ਗੁਆਚਣ ਦੀ ਥਾਂ ਅੱਜ ਵੀ ਤਰਕਸੰਗਤ ਹਨ। ਗੁੰਝਲਦਾਰ ਮੁਹਾਵਰੇ ਤੋਂ ਮੁਕਤ ਸਹਿਜ ਬਿਰਤਾਤ ਤੇ ਸੰਕੇਤਕ ਸ਼ੈਲੀ 'ਚ ਬੁਣੀਆਂ/ਰਚੀਆਂ ਇਹ ਕਹਾਣੀਆਂ ਹਰ ਪਾਠਕ ਵਰਗ ਦੀ ਸੋਚ ਸਮਝ ਤੱਕ ਰਸਾਈ ਕਰਦੀਆਂ ਦਿਖਾਈ ਦਿੰਦੀਆਂ ਹਨ।

**ਹਵਾਲੇ ਅਤੇ ਟਿੱਪਣੀਆਂ**

1. ਅਮਰਜੀਤ ਚਾਹਲ, ਬਾਹਰੋਂ ਆਇਆ ਆਦਮੀ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2016, ਪੰਨਾ-19

2. ਉਹੀ- ਪੰਨਾ- 61

**ਸੰਪਰਕ-94638-74394, 98729-90954**

**'ਕਹਾਣੀ ਧਾਰਾ' ਬਾਰੇ ਜਾਣਕਾਰੀ**

| | |
|---|---|
| 1. ਪ੍ਰਕਾਸ਼ਨ ਸਥਾਨ | ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈ-ਮਾਸਿਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਭਗਵੰਤ ਰਸੂਲਪੁਰੀ |
| 4. ਕੌਮੀਅਤ | ਭਾਰਤੀ |
| 5. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| 6. ਸੰਪਾਦਕ | ਭਗਵੰਤ ਰਸੂਲਪੁਰੀ |
| 7. ਕੌਮੀਅਤ | ਭਾਰਤੀ |
| 8. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ। |

ਮੈਂ ਭਗਵੰਤ ਰਸੂਲਪੁਰੀ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਮਿਤੀ. 2 ਜੁਲਾਈ, 2017 ਦਸਤਖਤ

ਭਗਵੰਤ ਰਸੂਲਪੁਰੀ, ਪ੍ਰਕਾਸ਼ਕ

**ਆਲੋਚਨਾ ਲੇਖ**

# ਕਾਰਪੋਰਟ ਸੱਤਾ ਤੋਂ ਉਪਜੇ ਸਭਿਆਚਾਰਕ ਸੰਕਟਾਂ ਦੇ ਬਿਰਤਾਂਤ- ਥੈਂਕਸ ਏ ਲੌਟ ਪੁੱਤਰਾ /- ਪ੍ਰੋ. ਜੇ ਬੀ ਸੇਖੋਂ




**'ਥੈਂਕਸ ਏ ਲੌਟ ਪੁੱਤਰਾ'**
**ਕਹਾਣੀਕਾਰ: ਕੇਸਰਾ ਰਾਮ**
**ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**
**ਮੁੱਲ 250/- , ਪੰਨੇ: 158**

ਕੇਸਰਾ ਰਾਮ ਸਮਕਾਲੀ ਪੰਜਾਬੀ ਕਹਾਣੀ ਵਿਚ ਵੱਖਰੀ ਪਛਾਣ ਵਾਲਾ ਕਥਾਕਾਰ ਹੈ। ਉਸਦੀ ਕਹਾਣੀ ਨੇ ਵਿਸ਼ਵੀਕਰਣ ਅਤੇ ਕਾਰਪੋਰੇਟ ਸਮੇਂ ਦੀ ਖੰਡਿਤ ਪੰਜਾਬੀ ਸੰਵੇਦਨਾ ਨੂੰ ਨਵੇਂ ਸੁਹਜ ਬੋਧ ਨਾਲ ਰੂਪਮਾਨ ਕੀਤਾ ਹੈ। ਵਰਤਮਾਨ ਦੌਰ ਦੇ ਬਹੁਪਾਸਾਰੀ ਸੰਕਟਾਂ ਉੱਤੇ ਰੁਦਨ ਕਰਨ ਨਾਲੋਂ ਉਸਦਾ ਕਥਾ ਬਿਰਤਾਂਤ ਇਸ ਪ੍ਰਤੀ ਸੰਵਾਦ ਦੀਆਂ ਸੰਭਾਵਨਾਵਾਂ ਪੈਦਾ ਕਰਦਾ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਪੰਜਾਬੀ ਸਮਾਜ ਜਿਸ ਕਿਸਮ ਦੀਆਂ ਬੇਤਰਤੀਬੀਆਂ ਅਤੇ ਵਿਸੰਗਤੀਆਂ ਵਿਚੋਂ ਗੁਜ਼ਰ ਰਿਹਾ ਹੈ ਪੰਜਾਬੀ ਕਹਾਣੀ ਨੇ ਇਨ੍ਹਾਂ ਸਮਿਆਂ ਦੀ ਬਹੁਪਾਸਾਰੀ ਹਿੱਲਜੁੱਲ ਨੂੰ ਕਲਾਤਮਿਕਤਾ ਨਾਲ ਪੇਸ਼ ਕੀਤਾ ਹੈ। ਕੇਸਰਾ ਰਾਮ ਵੀ ਉਨ੍ਹਾਂ ਕਥਾਕਾਰਾਂ ਵਿਚੋਂ ਹੈ ਜਿਨ੍ਹਾਂ ਕੋਲ ਵਰਤਮਾਨ ਦੇ ਜਟਿਲ ਵਸਤੂ-ਯਥਾਰਥ ਦੀ ਪਿੱਠਭੂਮੀ ਦਾ ਭੇਤ ਹੈ। ਇਸ ਭੇਤ ਨੂੰ ਉਨ੍ਹਾਂ ਨੇ ਜਟਿਲ ਕਥਾ ਜੁਗਤਾਂ ਦੁਆਰਾ ਹੀ ਰੂਪਮਾਨ ਕੀਤਾ ਹੈ। ਲੇਖਕ ਦੀ ਸਮੁੱਚੀ ਕਥਾਕਾਰੀ ਵਿਚ ਸਮਕਾਲ ਦੀ ਅਨੈਤਿਕਾ,ਪਦਾਰਥਵਾਦੀ ਰੁਝਾਨ,ਰਿਸ਼ਤਿਆਂ ਦਾ ਸੰਕਟ,ਪੀੜ੍ਹੀ ਪਾੜ੍ਹਾ ਅਤੇ ਹੋਰ ਕਈ ਸਭਿਆਚਾਰਕ-ਸਮਾਜਿਕ ਸੰਕਟ ਬਿਰਤਾਂਤ ਦੀ ਵਿਸ਼ੇਸ਼ ਸ਼ਿਲਪਕਾਰੀ ਦੁਆਰਾ ਪ੍ਰਸਤੁਤ ਹੋਏ ਹਨ। ਲੇਖਕ ਸਮਕਾਲ ਦੇ ਜਟਿਲ ਅਤੇ ਪੀਡੇ ਸਮਾਜਿਕ,ਮਾਨਸਿਕ ਯਥਾਰਥ ਨੂੰ ਸਹਿਜ- ਸਧਾਰਣ ਬਿਰਤਾਂਤਕਾਰੀ ਵਿਚ ਪੇਸ਼ ਨਹੀਂ ਕਰਦਾ ਸਗੋਂ ਭਾਸ਼ਾਈ ਸੁਹਜ ,ਪਾਤਰ ਚਿਤਰਣ ਅਤੇ ਬਿਰਤਾਂਤਕ ਜੁਗਤਾਂ ਪੱਖੋਂ ਖਰ੍ਹਵੇ,ਟੁੱਟਵੇਂ ਅਤੇ ਬੇਤਰਤੀਬੇ ਕਥਾ ਪ੍ਰਸੰਗ ਉਲੀਕਦਾ ਹੈ। ਪੇਚੀਦੇ ਵਸਤੂ-ਜਗਤ ਦੇ ਗਲਪੀ ਰੂਪਾਂਤਰਣ ਲਈ ਉਸਦੀ ਕਥਾ ਦੀ ਰੂਪ-ਰਚਨਾ ਜਿਸ ਕਿਸਮ ਦੀ ਚੀੜ੍ਹੀ ਅਤੇ ਜਟਿਲ ਬਿਰਤਾਂਤਕਾਰੀ ਦੇ ਦ੍ਰਿਸ਼ ਪੇਸ਼ ਕਰਦੀ ਹੈ ਇਹ ਵੱਖਰੇ ਸੰਵਾਦ ਦਾ ਵਿਸ਼ਾ ਹੈ। ਕੇਸਰਾ ਰਾਮ ਦੀ ਕਥਾ ਦ੍ਰਿਸ਼ਟੀ ਵਰਤਮਾਨ ਤੋਂ ਅਸੰਤੁਸ਼ਟ ਅਤੇ ਨਾਬਰੀ ਵਾਲੀ ਹੈ। ਉਹ ਖਪਤ ਸਭਿਆਚਾਰ ਅਤੇ ਬਾਜ਼ਾਰ ਦੀ ਵਰਤਮਾਨ ਚਕਾਚੌਂਧ ਤੋਂ ਭੈ ਭੀਤ ਹੋਏ ਮਨੁੱਖ ਦੀ ਖਿੰਡੀ-ਪੁੰਡੀ ਮਾਨਸਿਕਤਾ ਨੂੰ ਦ੍ਰਿਸ਼ਟਮਾਨ ਕਰਦਾ ਹੈ। ਉਸਦੇ ਕਥਾ ਪਾਤਰ ਬੇਚੈਨ ਅਤੇ ਮਾਨਸਿਕ ਜੱਕੋਤੱਕੀ ਵਾਲੇ ਹਨ ਜਿਹੜੇ ਸਮਕਾਲ ਦੀਆਂ ਗੜਬੜੀਆਂ ਦੇ ਸ਼ਿਕਾਰ ਹਨ। ਪਾਤਰਾਂ ਦੀ ਬੇਚੈਨੀ,ਤਣਾਅ ਅਤੇ ਦਵੰਦ ਉਸਦੇ ਕਥਾ-ਸੰਚਾਰ ਦਾ ਅਹਿਮ ਪਹਿਲੂ ਹੈ। ਚੌਗਿਰਦੇ ਵਿਚ ਵਾਪਰਦੇ ਗੈਰ ਮਾਨਵੀ ਵਰਤਾਰੇ,ਟੁੱਟਦੇ ਜੀਵਨ ਮੁੱਲ,ਖਿੰਡਦੇ ਰਿਸ਼ਤੇ,ਸੰਵੇਦਨ ਹੀਣ ਜ਼ਿੰਦਗੀ ਅਤੇ ਸਮਾਜਿਕ ਸਹਿਹੋਂਦ ਦੀਆਂ ਤਿੜਕਾਂ ਦੇ ਬਿਰਤਾਂਤ

ਕੇਸਰਾ ਰਾਮ ਦੀ ਕਥਾ-ਸਿਰਜਣਾ ਦੇ ਕੇਂਦਰ ਹਨ।ਉਸਦੀਆਂ ਕੁਝ ਕਹਾਣੀਆਂ ਸੰਚਾਰ ਦੀਆਂ ਸਮੱਸਿਆਵਾਂ ਨਾਲ ਜੂਝਣ ਦੇ ਬਾਵਜੂਦ ਰਵਾਇਤੀ ਕਿਸਮ ਦੀ ਕਥਾ ਬਣਤਰ ਤੋਂ ਭਿੰਨ ਰਹਿ ਕੇ ਚੌਥੇ ਪੜਾਅ ਦੀ ਕਹਾਣੀ ਧਾਰਾ ਦੇ ਵੱਖਰੇ ਪੋਚ ਦਾ ਪ੍ਰਗਟਾਵਾ ਕਰਦੀਆਂ ਹਨ।

ਕੇਸਰਾ ਰਾਮ ' ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ' ( 2004) 'ਪੁਲਸੀਆ ਕਿਉਂ ਮਾਰਦਾ ਹੈ ' ( 2006) 'ਬੁਲਬੁਲਿਆਂ ਦੀ ਕਾਸ਼ਤ' ( 2012 ) ਅਤੇ ਵਿਚਾਰਅਧੀਨ ਪੁਸਤਕ 'ਥੈਂਕਸ ਏ ਲੌਟ ਪੁੱਤਰਾ ' (2016) ਦੁਆਰਾ ਕਹਾਣੀ ਸਿਰਜਣਾ ਦੇ ਖੇਤਰ ਵਿਚ ਲਗਾਤਾਰ ਹਾਜ਼ਰੀ ਲਗਾ ਕੇ ਚੌਥੇ ਪੜਾਅ ਦੀ ਕਹਾਣੀ ਦਾ ਅਹਿਮ ਹਸਤਾਖ਼ਰ ਬਣਿਆ ਹੈ। ਵਿਚਾਰਅਧੀਨ ਪੁਸਤਕ ਵਿਚ ਲੇਖਕ ਦੀਆਂ ਅੱਠ ਕਹਾਣੀਆਂ ਦਰਜ ਹਨ ਜਿਨ੍ਹਾਂ ਦੁਆਰਾ ਲੇਖਕ ਨੇ ਸਮਕਾਲੀ ਮਨੁੱਖ ਦੀ ਮਾਨਸਿਕ ਉਧੇੜਬੁਣ,ਟੁੱਟ-ਭੱਜ ਅਤੇ ਤਣਾਅ ਨੂੰ ਪੇਸ਼ ਕਰਦਿਆਂ ਇਸਦੇ ਪਿਛੋਕੜ ਵਿਚਲੇ ਖਪਤ ਸਭਿਆਚਾਰ ਅਤੇ ਬਾਜ਼ਾਰੀਕਰਣ ਦੀਆਂ ਅਲਾਮਤਾਂ ਫੜਨ ਦਾ ਯਤਨ ਕੀਤਾ ਹੈ। ਇਨ੍ਹਾਂ ਕਹਾਣੀਆ ਦਾ ਸਾਂਝਾ ਸੂਤਰ ਵਰਤਮਾਨ ਉਪਭੋਗੀ ਸਭਿਆਚਾਰ ਵਿਚ ਪੰਜਾਬੀ ਮਨੁੱਖ ਦੀ ਗੁਆਚਦੀ ਜਾ ਰਹੀ ਮਾਨਵਵਾਦੀ ਸ਼ਨਾਖ਼ਤ ਦਾ ਗਲਪੀ ਦ੍ਰਿਸ਼ ਪੇਸ਼ ਕਰਨਾ ਹੈ।ਪੰਜਾਬੀ ਬੰਦਾ ਜਿਸ ਕਿਸਮ ਦੇ ਸੰਸਕ੍ਰਿਤਕ ਮੁੱਲਾਂ, ਸਦਾਚਾਰ , ਨੈਤਿਕਤਾ ਅਤੇ ਇਖਲਾਕ ਕਰਕੇ ਜਾਣਿਆ ਜਾਂਦਾ ਸੀ ਉਹ ਬੰਦਾ ਅੱਜ ਖੰਡਿਤ ਜ਼ਿੰਦਗੀ ਭੋਗ ਰਿਹਾ ਹੈ।ਬਾਜ਼ਾਰ ਦੀ ਚਕਾਚੌਂਧ ਅਤੇ ਅਖੌਤੀ ਵਿਕਾਸ ਦੀ ਲਿਸ਼ਕ ਨੇ ਉਸਦੀਆਂ ਅੱਖਾਂ ਚੁੰਧਿਆ ਦਿੱਤੀਆਂ ਹਨ।ਇਸ ਦੌਰ ਵਿਚਲੀਆਂ ਸਮਾਜਿਕ-ਮਾਨਸਿਕ ਟੁੱਟ-ਭੱਜ ਦੀਆਂ ਗੁੰਜਾਂ ਫੜਨ ਲਈ ਕੇਸਰਾ ਰਾਮ ਦੀ ਕਹਾਣੀ ਦਾ ਬਿਰਤਾਂਤਕ-ਸੰਗਠਨ ਵਿਸ਼ੇਸ਼ ਸੰਵਾਦ ਦੀ ਮੰਗ ਕਰਦਾ ਹੈ।ਉਨ੍ਹਾਂ ਸਭ ਦਾ ਵਿਸਫੋਟ ਅੱਜ ਦੇ ਨਵ-ਪੂੰਜੀਵਾਦ ਯੁੱਗ ਵਿਚ ਹੋਇਆ ਹੈ। ਇਸ ਵਰਤਾਰੇ ਨੂੰ ਗਲਪੀ ਛੋਹਾਂ ਦੇ ਕੇ ਕਹਾਣੀਕਾਰ ਨੇ ਡੂੰਘਾ ਸੰਵਾਦ ਛੇੜਨ ਦਾ ਯਤਨ ਕੀਤਾ ਹੈ।

ਇਸ ਸੰਗ੍ਰਹਿ ਦੀ ਕਹਾਣੀ 'ਖੁਸ਼ਬੂ-ਖੁਸ਼ਬੂ' ਵਰਤਮਾਨ ਦੌਰ ਦੇ ਮਾਨਵੀ ਰਿਸ਼ਤਿਆਂ ਦੇ ਕੁਦਰਤੀ ਫੁੱਲਾਂ ਵਿਚੋਂ ਗਾਇਬ ਹੋ ਰਹੀ ਖੁਸ਼ਬੂ ਦਾ ਬਿਰਤਾਂਤ ਹੈ।ਵੈਲੇਨਟਾਇਨ ਦਿਵਸ ਮਨਾਉਂਦੀ ਨਵੀਂ ਪੀੜ੍ਹੀ ਦੁਆਰਾ ਕਾਗਜ਼ੀ ਫੁੱਲਾਂ ਦਾ ਲੈਣ-ਦੇਣ ਇਸ ਬਿਰਤਾਂਤ ਦਾ ਠੋਸ ਮੈਟਾਫਰ ਹੈ ਜਿਸ ਦੁਆਰਾ ਕਥਾਕਾਰ ਰਿਸ਼ਤਿਆਂ ਵਿਚੋਂ ਖਤਮ ਹੋਈ ਸੰਵੇਦਨਾ ਦੇ ਕਈ ਦ੍ਰਿਸ਼ ਉਲੀਕਦਾ ਹੈ।ਕਥਾ ਦਾ ਮੁੱਖ ਪਾਤਰ ਸ਼ਿੰਗਾਰਾ ਸਿੰਘ ਅਧੇੜ ਉਮਰ ਵਾਲਾ ਹੈ ਜੋ ਕਿ ਨਵੀਂ ਪੀੜ੍ਹੀ ਦੇ ਇਸ ਵਰਤਾਰੇ ਤੋਂ ਅਸਹਿਜਤਾ ਮਹਿਸੂਸ ਕਰਦਾ ਹੈ।ਉਸਨੂੰ ਫੁੱਲਾਂ ਦੀਆਂ ਹਾਈਬ੍ਰਿਡ ਕਿਸਮਾਂ ਵਾਂਗ ਪੂੰਜੀ ਕੇਂਦਰਿਤ ਰਿਸ਼ਤੇ ਵੀ ਮੁੱਲ ਵਿਹੀਣ ਜਾਪਦੇ ਹਨ ਜਿਨ੍ਹਾਂ ਵਿਚ ਬਣਾਉਟੀ ਕਿਸਮ ਦੀ ਤੜਕ-ਭੜਕ ਤਾਂ ਹੈ ਪਰ ਸੰਵੇਦਨਾ ਤੇ ਸਹਿਹੋਂਦ ਵਾਲੀ ਕੁਦਰਤੀ ਖੁਸ਼ਬੂ ਨਹੀਂ ਹੈ।ਸ਼ਿੰਗਾਰਾ ਸਿੰਘ ਨੂੰ ਇਸੇ ਮਾਨਸਿਕ ਕਸ਼ਮਕਸ਼ ਵਿਚ ਦੇਖ ਕੇ ਨਵੀਂ ਪੀੜ੍ਹੀ ਵਲੋਂ ਉਸਨੂੰ 'ਮਾਨਸਿਕ ਰੋਗੀ' ਐਲਾਨ ਦੇਣਾ ਪੀੜ੍ਹੀ-ਪਾੜ੍ਹੇ ਦੇ ਨਵੇਂ ਸੰਕਟਾਂ ਨੂੰ ਵੀ ਪ੍ਰਗਟਾਉਂਦਾ ਹੈ।ਸਥਿਤੀਆਂ ਦੀ ਗਹਿਰ ਇਹ ਵੀ ਹੈ ਕਿ ਪ੍ਰਗਤੀਸ਼ੀਲ ਕਿਸਾਨ ਵਜੋਂ ਇਲਾਕੇ ਵਿਚ ਭੱਲ ਰੱਖਣ ਵਾਲਾ ਕਿਸਾਨ ਸ਼ਿੰਗਾਰਾ ਸਿੰਘ ਆਪਣੇ ਪੁੱਤਰ ਜਸ਼ਨ ਵਲੋਂ ਕੀਤੇ ਮਨਮਰਜ਼ੀ ਦੇ ਵਿਆਹ ਕਰਕੇ ਇੰਨਾ ਦੁਖੀ ਨਹੀਂ ਹੁੰਦਾ ਜਿੰਨਾ ਨਵੀਂ ਪੀੜ੍ਹੀ ਦੇ ਨਿਜਮੁਖੀ ਵਿਵਹਾਰ ਅਤੇ ਪਰਿਵਾਰਕ ਸਰੋਕਾਰਾਂ ਤੋਂ ਹੋਈ ਬੇਗਾਨਗੀ ਤੋਂ ਹੁੰਦਾ ਹੈ।ਪੂੰਜੀਵਾਦੀ ਦੇ ਨਵੇਂ ਵਿਸਤਾਰ ਵਾਲੇ ਇਸ ਦੌਰ ਅੰਦਰ ਰਿਸ਼ਤਿਆਂ ਦੀ ਖਿੰਡ-ਪੁੰਡ ਦਾ ਵੱਖਰਾ ਪਾਸਾਰ ਪੇਸ਼ ਕਰਦੀ ਰਚਨਾ ਕਿਤਾਬ ਦੇ ਸਿਰਲੇਖ ਵਾਲੀ ਕਹਾਣੀ ' ਥੈਂਕਸ ਏ ਲੌਟ ਪੁੱਤਰਾ' ਹੈ।ਇਸ

ਵਿਚ ਵਰਤਮਾਨ ਦੇ ਪਦਾਰਥਵਾਦੀ ਸਮਾਜ ਵਿਚ ਤੇਜ਼ ਰਫ਼ਤਾਰ ਜ਼ਿੰਦਗੀ ਦਾ ਕਰੂਰ ਸੱਚ ਉਭਾਰਿਆ ਹੈ ਜਿਸ ਵਿਚ ਪੂੰਜੀ ਦੇ ਵਹਿਣ ਵਿਚ ਵਹਿੰਦੇ ਜਾ ਰਹੇ ਅਮਰੀਕਾ ਵਸਦੇ ਪੁੱਤਰ ਕੋਲ ਭਾਰਤ ਰਹਿੰਦੇ ਮਾਂ-ਬਾਪ ਨਾਲ ਦੁੱਖ-ਸੁੱਖ ਸਾਂਝੇ ਕਰਨ ਲਈ ਸਮਾਂ ਨਹੀਂ ਤੇ ਪੁੱਤਰ ਦਾ ਘਰ ਪੁੱਜਣ ਸਬੰਧੀ ਆਇਆ ਅਚਨਚੇਤ ਫੋਨ ਮਾਂ-ਬਾਪ ਲਈ 'ਖੁਸ਼ੀ ਤੇ ਸਕੂਨ' ਦਾ ਸਬੱਬ ਬਣਦਾ ਹੈ। ਇਸ ਕਹਾਣੀ ਦਾ ਇਕ ਸਿਰਾ ਵਰਤਮਾਨ ਦੀ ਨੱਠ-ਭੱਜ ਵਾਲੀ 'ਵਿਕਸਤ' ਜ਼ਿੰਦਗੀ ਦੌਰਾਨ ਰਿਸ਼ਤਿਆਂ 'ਤੇ ਪਸਰੇ ਸੰਕਟਾਂ ਨੂੰ ਰੂਪਮਾਨ ਕਰਦਾ ਹੈ ਜਦ ਕਿ ਦੂਜਾ ਪਹਿਲੂ ਭੂਤਕਾਲ ਨੂੰ ਸਿਮਰਦਾ ਹੈ ਜਦੋਂ ਲੋਕਾਂ ਇੰਨੇ ' ਪਛੜੇ' ਹੁੰਦੇ ਸਨ ਕਿ ਇਕ ਦੂਜੇ ਦੇ ਸੁੱਖਾਂ-ਦੁੱਖਾਂ ਦੇ ਹਮੇਸ਼ਾਂ ਸ਼ਰੀਕ ਬਣਦੇ ਸਨ। ਇਨ੍ਹਾਂ ਦੋਵੇਂ ਕਹਾਣੀਆਂ ਵਿਚ ਲੇਖਕ ਦਾ ਭੂਤਕਾਲ ਪ੍ਰਤੀ ਨਮਸਕਾਰ ਅਤੇ ਵਰਤਮਾਨ ਪ੍ਰਤੀ ਤ੍ਰਿਸਕਾਰ ਵਾਲੀ ਕਥਾ ਦ੍ਰਿਸ਼ਟੀ ਸੰਚਾਰਤ ਹੁੰਦੀ ਹੈ। ਸ਼ਿੰਗਾਰਾ ਸਿੰਘ ( ਖੁਸ਼ਬੂ-ਖੁਸ਼ਬੂ) ਅਤੇ ਉਤਮ ਪੁਰਖੀ ਪਾਤਰ (ਥੈਂਕਸ ਏ ਲੌਟ ਪੁੱਤਰਾ) ਇਕੋ ਵਿਚਾਰਕ ਪੁਜੀਸ਼ਨ ਵਾਲੇ ਹਨ । ਸ਼ਿੰਗਾਰਾ ਸਿੰਘ ਦਾ ਜਿਗਰੀ ਯਾਰ ਜਾਗਰ ਸ਼ਿੰਗਾਰਾ ਸਿੰਘ ਦੀਆਂ 'ਅੱਲ ਵਲੱਲੀਆਂ' ਦੇ ਪ੍ਰਸੰਗ ਵਿਚ ਕਹਿੰਦਾ ਹੈ -

" ਕੀ ਲੈਣੇ ਯਾਰ ਤੈਂ ਫੁੱਲਾਂ,ਤਿਤਲੀਆਂ,ਚੰਨ,ਤਾਰਿਆਂ,ਬੱਦਲਾਂ,ਬਾਰਿਸ਼ਾਂ,ਪਿਆਰ ਮੁਹੱਬਤ ਜਾਂ ਭਲਿਆਂ ਵੇਲਿਆਂ ਦੀਆਂ ਗੱਲਾਂ ਤੋਂ ? ਰੁੜ੍ਹਨ ਦੇ ਜਿਵੇਂ ਰੁੜ੍ਹੀ ਜਾਂਦੀ ਐ ਗੱਡੀ ।"[1]

ਇਸ ਕਹਾਣੀ ਦੇ ਉੱਤਮ ਪੁਰਖੀ ਪਿਤਾ ਪਾਤਰ ਦੇ ਮਨੋਬਚਨੀ ਵਾਲੇ ਬੋਲ ਇਸ ਦੌਰ ਦੀ ਸ਼ੋਸ਼ਲ ਮੀਡੀਆ ਦੇ ਵਹਿਣ ਵਿਚ ਰਿਸ਼ਤਿਆਂ ਦੇ ਵੀ ਵਹਿ ਜਾਣ ਦਾ ਬਿਰਤਾਂਤ ਪੇਸ਼ ਕਰਦੇ ਹਨ। ਕਹਾਣੀ ਵਿਚ ਸੋਸ਼ਲ ਮੀਡੀਆ ਦੀ 'ਸਮਾਜਿਕਤਾ' ਪਿਉ-ਪੁੱਤਰ ਦੇ ਰਿਸ਼ਤੇ ਨੂੰ ਵੀ 'ਸਟੇਟਸ ' 'ਲਾਈਕ' ਅਤੇ 'ਕੁਮੈਂਟ' ਵਾਲੇ ਪ੍ਰਪੰਚ ਵਿਚੋਂ ਪਛਾਣਦੀ ਹੈ—

"ਬੇਟਾ ਫੇਸਬੁੱਕ 'ਤੇ ਵੀ ਮੇਰੀ ਫਰੈਂਡ ਲਿਸਟ ਵਿਚ ਹੈ। ਮੈਂ ਫੇਸਬੁੱਕ ਦੂਏ-ਚੌਥੇ ਤਾਂ ਜ਼ਰੂਰ, ਸਿਰਫ਼ ਇਸੇ ਲਈ ਖੋਲ੍ਹ ਕੇ ਦੇਖ ਲੈਂਦਾ ,ਜੇ ਬੇਟੇ ਨੇ ਕੋਈ ਸਟੇਟਸ ਪਾਇਆ ਹੋਵੇ ਤਾਂ ਮੈਂ ਲਾਇਕ ਕਰ ਦਿਆਂ। ਪਰ ਉਹਨੂੰ ਸੋਸ਼ਲ ਸਾਇਟਸ ਵਿਜ਼ਿਟ ਕਰਨ ਲਈ ਵੀ ਫੁਰਸਤ ਕਿੱਥੇ ? ਮੈਂ ਸੋਚਦਾ ," ਬੰਦਾ ਜਦ ਖ਼ੁਦ ਸੋਸ਼ਲ ਨਾ ਰਿਹਾ, ਸੋਸ਼ਲ ਸਾਇਟਸ ਈਜਾਦ ਕਰ ਲਈਆਂ।"[2.]

ਲੇਖਕ ਦੀਆਂ ਹੋਰ ਕਹਾਣੀਆਂ ਵਾਂਗ ਇਹ ਕਹਾਣੀ ਵੀ ਆਪਣੇ ਗਲਪੀ ਪ੍ਰਬੰਧ ਵਿਚ ਪੁਰਾਤਨ ਦੀ ਉੱਚਤਾ ਅਤੇ ਨਵੇਂ ਦੀ ਵਿਰੋਧਤਾ ਦੀ ਕਥਾ ਦ੍ਰਿਸ਼ਟੀ ਉਸਾਰਦੀ ਹੈ। ਲੇਖਕ ਕਥਾ ਪਾਤਰਾਂ ਦੀ ਅਧੇੜ ਮਨੋਭੂਮੀ 'ਤੇ ਉਨ੍ਹਾਂ ਦੇ ਅਵਚੇਤਨ ਦੀ ਇਕ ਤੰਦ ਪੁਰਾਤਨ ਜੀਵਨ ਮੁੱਲਾਂ ਅਤੇ ਕਦਰਾਂ ਕੀਮਤਾਂ ਨਾਲ ਜੋੜੀ ਰੱਖਦਾ ਹੈ ਜਦ ਕਿ ਦੂਜਾ ਸਿਰਾ ਨਵੀਨ ਜੀਵਨ ਸ਼ੈਲੀ 'ਚੋਂ ਉਪਜਦੇ ਅਲਗਾਓ ਅਤੇ ਹੀਣ ਬੋਧ ਨਾਲ ਜੋੜਦਾ ਹੈ। ਇਨ੍ਹਾਂ ਸਥਿਤੀਆਂ ਨੂੰ ਸੰਵਾਦ ਨਾਲੋਂ ਵਿਰੋਧ ਦੇ ਧਰਾਤਲ 'ਤੇ ਉਸਾਰਨਾ ਇਨ੍ਹਾਂ ਕਹਾਣੀਆਂ ਦੀ ਮੂਲ ਰਚਨਾ-ਰੂੜ੍ਹੀ ਹੈ। ਪੁਰਾਤਨ ਸਮੇਂ ਦੀ ਵਡਿਆਈ ਕਰਨ ਲਈ ਲੇਖਕ ਨਿੱਕੀਆਂ ਨਿੱਕੀਆਂ ਸਿਮ੍ਰਤੀਆਂ, ਘਟਨਾਵਾਂ ਅਤੇ ਜੀਵਨ ਪ੍ਰਸੰਗਾਂ ਦੀ ਵਰਤੋਂ ਕਰਦਾ ਹੈ।

ਇਸ ਸੰਗ੍ਰਹਿ ਦੀਆਂ ਹੋਰ ਕਹਾਣੀਆਂ ਵਿਚ ਸੂਚਨਾ-ਸੰਚਾਰ ਤਕਨੀਕਾਂ ਦੇ ਅੰਨ੍ਹੇ ਪ੍ਰਭਾਵ,ਮੀਡੀਆ ਦੀ ਗੈਰ ਜ਼ਿੰਮੇਵਾਰੀ,ਨੰਗੇਜ਼ਵਾਦ,ਔਰਤਾਂ ਪ੍ਰਤੀ ਕਾਮੁਕਤਾ ਭਰਿਆ ਮਰਦ ਨਜ਼ਰੀਆ,ਸਾਈਬਰ ਕਾਨੂੰਨਾਂ

ਦੀ ਦੁਰਵਰਤੋਂ ਅਤੇ ਬਲਾਤਕਾਰ ਦੇ ਮੁੱਦੇ 'ਤੇ ਬਣਾਏ ਕਾਹਲੇ ਕਾਨੂੰਨਾਂ ਜਿਹੇ ਗੰਭੀਰ ਮੁੱਦੇ ਪੇਸ਼ ਹੋਏ ਹਨ। ਦਿੱਲੀ ਬਲਾਤਕਾਰ ਕਾਂਡ ਸਮੇਤ ਦੇਸ਼ ਵਿਚ ਥਾਂ-ਥਾਂ ਹੁੰਦੀਆਂ ਬਲਾਤਕਾਰ ਤੇ ਛੇੜਛਾੜ ਦੀਆਂ ਘਟਨਾਵਾਂ ਵਿਚੋਂ ਉਪਜਦੇ ਸੰਤਾਪ ਅਤੇ ਅਸੁਰੱਖਿਅਤ ਮਾਹੌਲ ਦਾ ਲੇਖਕ ਨੇ ਯਥਾਰਥਵਾਦੀ ਚਿਤਰਣ ਕੀਤਾ ਹੈ।' ਬੀਮਾਰ ਆਦਮੀ' ਕਹਾਣੀ ਵਰਤਮਾਨ ਮਨੁੱਖ ਦੀ ਉਸ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਹੈ ਜਿਸ ਉੱਤੇ ਸੋਸ਼ਲ ਮੀਡੀਆ ਅਤੇ ਪੋਰਨ ਵੈਬਸਾਇਟਾਂ ਨੇ ਇੰਨਾ ਪ੍ਰਭਾਵ ਪਾ ਦਿੱਤਾ ਹੈ ਕਿ ਉਸਨੂੰ ਰਿਸ਼ਤਿਆਂ ਵਿਚ ਪਿਆਰ ਦੀ ਥਾਂ ਹਵਸ ਦਿਸਦੀ ਹੈ। ਦਿੱਲੀ ਦੇ ਦਾਮਨੀ ਬਲਾਤਕਾਰ ਕਾਂਡ ਦਾ ਗਲਪੀ ਪ੍ਰਤੀਕਰਮ ਸਿਰਜਦੀ ਇਹ ਕਹਾਣੀ 'ਬਲਾਤਕਾਰ' ਸ਼ਬਦ ਨੂੰ ਅਰਥ ਵਿਸਥਾਰ ਦਿੰਦੀ ਹੈ। ਜਿਸ ਤਹਿਤ ਸਰੀਰਕ ਬਲਾਤਕਾਰ ਤੋਂ ਬਾਅਦ ਭਾਰਤੀ ਕਾਨੂੰਨ ਅਤੇ ਸਮਾਜਿਕ ਪ੍ਰਬੰਧ ਜਿਸ ਕਿਸਮ ਦਾ ਮਾਨਸਿਕ ਬਲਾਤਕਾਰ ਪੀੜਤ ਲੜਕੀ ਨਾਲ ਕਰਦਾ ਹੈ ਉਸਦਾ ਘਿਣਾਉਣਾ ਰੂਪ ਕਹਾਣੀ ਨੂੰ ਦੁਖਾਂਤਕ ਬਣਾ ਦਿੰਦਾ ਹੈ।

ਕਹਾਣੀ ਵਿਚ ਦਾਮਿਨੀ ਨਾਂ ਦੀ ਮੱਧਵਰਗੀ ਲੜਕੀ ਨਾਲ ਹੋਏ ਬਲਾਤਕਾਰ ਪਿਛੋਂ ਸੂਬੇ ਦੇ ਦਫ਼ਤਰਾਂ,ਡਾਕਟਰੀ ਅਮਲੇ,ਪੁਲੀਸ ਵਿਵਸਥਾ ਅਤੇ ਹੱਟੀਆਂ ਭੱਠੀਆਂ 'ਤੇ ਪੀੜਤ ਲੜਕੀ ਦੀ ਤਾਰ ਤਾਰ ਹੁੰਦੀ ਇੱਜ਼ਤ ਨੂੰ ਲੇਖਕ ਨੇ ਨਿੱਕੇ ਨਿੱਕੇ ਕਥਾ ਪ੍ਰਸੰਗਾਂ ਵਿਚ ਪੇਸ਼ ਕੀਤਾ ਹੈ। ਪਾਤਰਾਂ ਦਾ ਵਾਰਤਾਲਾਪ ਇਨ੍ਹਾਂ ਸਥਿਤੀਆਂ ਦਾ ਸੰਕੇਤਕ ਰੂਪ ਪੇਸ਼ ਕਰਦੀ ਹੈ-

" ਡਾਕਟਰ ਉਸ ਲੜਕੀ ਨੂੰ ਚੈੱਕ ਕਰਨ ਲੱਗੀ ਤਾਂ ਪਤੈ, ਉਸਨੇ ਹੋਵਾਂ ਹੱਥਾਂ ਨਾਲ ਆਪਣੀ ਕਮੀਜ਼ ਪਾੜ ਦਿੱਤੀ ਤੇ ਚੀਕ ਪਈ, ਲਓ, ਕਰ ਲਓ ਮੁਆਇਨਾ ।"[3.]

ਲੇਖਕ ਨੇ ਸਮਾਜ ਦੇ ਵੱਖ ਵੱਖ ਵਰਗਾਂ ਦੇ ਪਾਤਰਾਂ ਵਲੋਂ ਬਲਾਤਕਾਰ ਦੀਆਂ ਘਟਨਾਵਾਂ ਸਬੰਧੀ ਦਿੱਤੇ ਵੱਖੋ-ਵੱਖਰੇ ਪ੍ਰਤੀਕਰਮ ਦਰਜ ਕੀਤੇ ਹਨ। ਦਾਮਿਨੀ ਕਾਂਡ ਤੋਂ ਬਾਅਦ ਦੇਸ਼ ਵਿਚ ਪੀੜਤ ਲੜਕੀ ਦੇ ਹੱਕ ਵਿਚ ਉੱਠੀਆਂ ਗੂੰਜ਼ਾਂ ਅਤੇ ਸਿਸਟਮ ਖਿਲਾਫ਼ ਰੋਹ ਕਹਾਣੀ ਨੂੰ ਅਖਬਾਰੀ ਰਿਪੋਰਟਿੰਗ ਦੇ ਪੱਧਰ 'ਤੇ ਵੀ ਲੈ ਜਾਂਦਾ ਹੈ ਪਰ ਕਹਾਣੀ ਦੀ ਉਦੇਸ਼ ਭਾਵਨਾ ਦਾ ਸੱਚ ਕਥਾ-ਚਿੰਤਨ ਵਿਚ ਰਮਿਆ ਰਹਿੰਦਾ ਹੈ। ਕਹਾਣੀ ਵਿਚ ਲੇਖਕ ਜਗਦੀਸ਼ ਨਾ ਦੇ ਪਾਤਰ ਦੁਆਰਾ ਮੂੰਹ ਬੋਲੀ ਭੈਣ ਦਾਮਿਨੀ ਨਾਲ ਜਿਨਸੀ ਸਬੰਧ ਕਾਇਮ ਕਰਨ ਦੇ ਉੱਠਦੇ ਉਬਾਲ ਨੂੰ ਦਾਮਿਨੀ ਦਾ ਵਿਦਰੋਹੀ ਸੁਭਾਅ ਠੰਡਾ ਕਰ ਦਿੰਦਾ ਹੈ।

ਅਜਿਹੇ ਮੁੱਦਿਆਂ ਨੂੰ ਦੁਹਰਾਅ ਦੇ ਕੇ ਸੰਗ੍ਰਹਿ ਦੀਆਂ ਤਿੰਨ ਹੋਰ ਕਹਾਣੀਆਂ 'ਸ਼ਾਕਾਹਾਰੀ' , 'ਮੁਰਗੇ' ਅਤੇ 'ਐਲ ਓ ਐਲ' ਵਿਚ ਪੇਸ਼ ਕੀਤਾ ਹੈ। ਇਨ੍ਹਾਂ ਕਹਾਣੀਆਂ ਵਿਚ ਲੇਖਕ ਨੇ ਸਮਾਜ ਵਿਚ ਕਾਮੁਕਤਾ ਦੇ ਵੱਧਦੇ ਵਿਹਾਰ, ਜਿਨਸੀ ਰੁਚੀਆਂ ਅਤੇ ਅਵੈੜ ਸਬੰਧਾਂ ਦੇ ਪਿੱਛੇ ਸੂਚਨਾ ਦੀ 'ਵਿਸ਼ਵ ਕ੍ਰਾਂਤੀ' ਦੇ ਵਰਤਮਾਨ ਅਮਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਬਲਾਤਕਾਰ ਵਿਰੋਧੀ ਕਾਨੂੰਨ ਅਤੇ ਮਹਿਲਾ ਹਰਾਸਮੈਂਟ ਕਾਨੂੰਨ ਨੂੰ ਸੰਵਾਦ ਦਾ ਨਵਾਂ ਧਰਾਤਲ ਦਿੱਤਾ ਹੈ ਇਸ ਨਾਲ ਇਨ੍ਹਾਂ ਕਹਾਣੀਆਂ ਦਾ ਗਲਪੀ ਪਰਿਪੇਖ ਚਿੰਤਨ ਅਧਾਰਿਤ ਬਣਦਾ ਹੈ। ਇਹ ਚਿੰਤਨ ਕਹਾਣੀਆਂ ਦੇ ਕੇਂਦਰੀ ਪਾਤਰਾਂ ਦੀਆਂ ਮਨਬਚਨੀਆਂ,ਬੜਬੋਲੇ ਉਚਾਰ ਅਤੇ ਸਵੈ-ਸੰਵਾਦ ਦੀਆਂ ਗਲਪੀ-ਜੁਗਤਾਂ ਵਿਚੋਂ ਉਸਰਦਾ ਹੈ। ਕਹਾਣੀ 'ਸ਼ਾਕਾਹਾਰੀ' ਵਿਚਲਾ ਮੁੱਖ ਪਾਤਰ ਰਾਕੇਸ਼ ਇੰਨੀ ਬੇਗਾਨਗੀ ਅਤੇ ਆਤਮ ਗਿਲਾਨੀ ਭਰੇ ਅਹਿਸਾਸ

ਵਿਚੋਂ ਗੁਜ਼ਰਦਾ ਹੈ ਕਿ ਦਫ਼ਤਰ ਵਿਚ ਕੰਮ ਕਰਦੀ ਆਪਣੀ ਸਹਿਯੋਗੀ ਕੁੜੀ ਨਾਲ ਸਧਾਰਣ ਮਜ਼ਾਕ ਨੂੰ ਵੀ ਯੌਨ ਸ਼ੋਸ਼ਣ ਦਾ ਨਾਮ ਦੇਣ ਵਾਲੇ ਨਵੇਂ ਕਾਨੂੰਨਾਂ ਬਾਰੇ ਚਿੰਤਤ ਹੈ। ਉਸਦੀ ਚਿੰਤਾ ਕਥਾ ਦੀ ਰਚਨਾਵੀਂ-ਵਿਉਂਤ ਦਾ ਆਧਾਰ ਸੂਤਰ ਬਣੀ ਰਹਿੰਦੀ ਹੈ। ਰਾਕੇਸ਼ ਦੀ ਸੰਵੇਦਨਸ਼ੀਲਤਾ ਬੀਤੇ ਸਮੇਂ ਅਤੇ ਮੌਜੂਦਾ ਸਮੇਂ ਦੀਆਂ ਵਿਰੋਧੀ ਸਥਿਤੀਆਂ ਵਿਚ ਲਟਕਦੀ ਤਣਾਅ ਦੀ ਸਿਖ਼ਰ ਹੰਢਾਉਂਦੀ ਹੈ-

" ਕੀ ਸੱਚਮੁੱਚ ਉਹ ਜ਼ਮਾਨਾ ਹੁਣ ਨਹੀਂ ਰਿਹਾ... ? ਰਾਕੇਸ਼ ਹਾਲੇ ਵੀ ਸੋਚ ਰਿਹਾ ਸੀ , " ਉਹ ਕਹਿ ਰਹੀ ਸੀ ਕਿਸੇ ਨਾਲ ਮਜ਼ਾਕ ਮਜ਼ੂਕ ਨਾ ਕਰਿਆ ਕਰੋ,ਫਸ ਸਕਦੇਓਂ ... ਸਰਕਾਰ ਕਹਿੰਦੀ ਐ,ਕਿਸੇ 'ਤੇ ਵਿਸ਼ਵਾਸ ਨਹੀਂ ਕਰਨਾ,ਲੁੱਟੇ ਜਾ ਸਕਦੇਓਂ... ਕਿਸੇ ਤੋਂ ਕੋਈ ਚੀਜ਼ ਲੈ ਕੇ ਨਹੀਂ ਖਾਣੀ, ਜ਼ਹਿਰ ਹੋ ਸਕਦੈ ... ਆਸ ਪਾਸ ਪਈ ਕੋਈ ਚੀਜ਼ ਬੰਬ ਹੋ ਸਕਦੀ ਐ...ਪਿਆਰ ਨਾਲ ਬੋਲਣ ਵਾਲਾ ਆਂਕਲ ਦੁਰਾਚਾਰੀ ਹੋ ਸਕਦੈ... ਨਿੱਕੇ-ਨਿੱਕੇ ਬੱਚਿਆਂ ਤੱਕ ਨੂੰ ਵੀ ਸਾਵਧਾਨ ਕਰ ਦਿਓ ... ਯਾਰ ਮੈਂ ਤਾਂ ਪਾਗਲ ਹੋਜੂੰ... ।"[4.]

ਲੇਖਕ ਨੂੰ ਦਫ਼ਤਰੀ ਕਲਚਰ ਦੀ ਪੁਰਾਣੀ ਸਹਿਹੋਂਦ,ਮਿਲਵਰਤਨ ਤੇ ਦੁੱਖ-ਸੁੱਖ ਵੰਡਣ ਵਾਲੀ ਭਾਵਨਾ ਵੀ ਯੌਨ ਸ਼ੋਸ਼ਣ ਕਾਨੂੰਨਾਂ ਦੀ ਭੇਟ ਚੜ੍ਹਦੀ ਨਜ਼ਰ ਆਉਂਦੀ ਹੈ ਜਿਨ੍ਹਾਂ ਕਾਨੂੰਨਾਂ ਨੇ ਮਨੁੱਖ ਨੂੰ ਸੁਰੱਖਿਅਤ ਘੱਟ ਅਤੇ ਸ਼ੱਕੀ,ਅਸੁੱਖਿਅਤ ਤੇ ਬੇਗਾਨਾਗੀ ਭਰਿਆ ਜ਼ਿਆਦਾ ਕੀਤਾ ਹੈ। ਕੇਸਰਾ ਰਾਮ ਨੇ ਇਨ੍ਹਾਂ ਕਹਾਣੀਆਂ ਵਿਚ ਭਾਰਤੀ ਕਾਨੂੰਨ ਵਿਵਸਥਾ ਦੀਆਂ ਪੇਚੀਦਗੀਆਂ ਦਾ ਵਰਨਣ ਕਰਦਿਆਂ ਉਸ ਭ੍ਰਿਸ਼ਟ ਮਾਨਸਿਕਤਾ ਦਾ ਪਰਦਾ ਚਾਕ ਕੀਤਾ ਹੈ ਜਿਸ ਅਧੀਨ ਕਾਨੂੰਨ ਪੈਸੇ ਦੀ ਰਖੇਲ ਬਣ ਜਾਂਦਾ ਹੈ ਅਤੇ ਗਰੀਬ ਵਰਗ ਦੇ ਲੋਕਾਂ ਦਾ ਕਾਨੂੰਨ ਤੇ ਜਮਹੂਰੀਅਤ ਤੋਂ ਵਿਸ਼ਵਾਸ ਉੱਠ ਜਾਂਦਾ ਹੈ, ਅਜਿਹੀ ਸਥਿਤੀ ਵਿਚ ਕਿਸੇ ਲੋੜਵੰਦ ਦੀ ਮਦਦ ਕਰਨਾ ਵੀ ਗੁਨਾਹਗਾਰ ਹੋਣਾ ਸਿੱਧ ਹੋ ਜਾਂਦਾ ਹੈ ।'ਮੁਰਗੇ' ਕਹਾਣੀ ਵਿਚ ਬਲਾਤਕਾਰ ਦੀ ਸ਼ਿਕਾਰ ਕੁੜੀ ਦੀ ਜਾਨ ਬਚਾਉਣ ਵਾਲੇ ਦੋ ਲੜਕੇ ਪੁਲੀਸ ਪ੍ਰਬੰਧ ਵਿਚ ਅਜਿਹਾ ਤਫ਼ਤੀਸ਼ੀ ਮਾਹੌਲ ਹੰਢਾਉਂਦੇ ਹਨ ਕਿ ਉਨ੍ਹਾਂ ਦੀ ਹਾਲਤ 'ਕਸਾਈਆਂ' ਕੋਲ ਫਸੇ 'ਮੁਰਗਿਆਂ' ਵਰਗੀ ਹੋ ਜਾਂਦੀ ਹੈ। ਇਹ ਕਹਾਣੀ ਦਿੱਲੀ ਵਰਗੇ ਸ਼ਹਿਰ ਦੀ ਬਿਰਤਾਂਤਕ ਲੋਕੇਲ 'ਤੇ ਉਸਰਦੀ ਹੈ ਜਿੱਥੇ ਉਤਮ ਪੁਰਖੀ ਪਾਤਰ ਅਤੇ ਉਸਦਾ ਦੋਸਤ ਸਈਅਦ ਬਲਾਤਕਾਰ ਦੀ ਸ਼ਿਕਾਰ ਕੁੜੀ ਦੀ ਮਦਦ ਲਈ ਅੱਗੇ ਆਉਂਦੇ ਹਨ ਪਰ ਪੁਲੀਸ ਵਿਵਸਥਾ ਦਾ ਭ੍ਰਿਸ਼ਟ ਕਿਰਦਾਰ ਅਤੇ ਕਰੂਰਤਾ ਉਨ੍ਹਾਂ ਲਈ ਬਿਖਮ ਹਾਲਾਤ ਪੈਦਾ ਕਰ ਦਿੰਦੀ ਹੈ। ਕਹਾਣੀ ਦੀ ਵਿਸ਼ੇਸ਼ਤਾ ਇਨ੍ਹਾਂ ਪਾਤਰਾਂ ਦੇ ਸਿਦਕ ਅਤੇ ਸੰਘਰਸ਼ ਨੂੰ ਪੇਸ਼ ਕਰਨ ਵਿਚ ਹੈ ਜਿਸਦੇ ਬਲਬੂਤੇ ਉਹ ਆਮ ਆਦਮੀ ਦੀ ਤਾਕਤ ਦਾ ਪ੍ਰਗਟਾਵਾ ਕਰਦੇ ਪ੍ਰਬੰਧ ਦੀ ਕਰੂਰਤਾ ਨਾਲ ਭਿੜਦੇ ਹਨ। ਲੇਖਕ ਨੇ ਕਹਾਣੀ ਦੀ ਬਿਰਤਾਂਤਕ ਸੰਘਣਤਾ ਦੁਆਰਾ ਬਲਾਤਕਾਰ ਦੇ ਵਿਸ਼ੇ ਅਤੇ ਕਾਨੂੰਨ ਦੀ ਚੋਰ ਮੋਰੀਆਂ ਨੂੰ ਲੈ ਕੇ ਉਸ ਸਮੁੱਚੇ ਨੈਟਵਰਕ ਨੂੰ ਫੜਿਆ ਹੈ ਜਿਹੜਾ ਕਿਸੇ ਨਾ ਕਿਸੇ ਪੱਧਰ 'ਤੇ ਮਨੁੱਖ ਦੀ ਸਹਿਜਤਾ ਖੋਹ ਰਿਹਾ ਹੈ ਅਤੇ ਉਸਨੂੰ ਮਾਨਸਿਕ-ਸਮਾਜਿਕ ਤੌਰ 'ਤੇ ਅਲੱਗ-ਥਲੱਗ ਕਰ ਰਿਹਾ ਹੈ। ਇਸ ਨੈਟਵਰਕ ਵਿਚ ਇੰਟਰਨਿਟ ਦੀ ਦੁਰਵਰਤੋਂ,ਸੋਸ਼ਲ ਮੀਡੀਆ ਦੀ ਮਾਨਵੀ ਜ਼ਿੰਦਗੀ ਵਿਚ ਬੇਲੋੜੀ ਦਖ਼ਲਅੰਦਾਜ਼ੀ,ਨੌਜਵਾਨ ਪੀੜ੍ਹੀ ਦੀ ਦਿਸ਼ਾਹੀਣਤਾ,ਧਾਰਮਿਕ ਫਿਰਕਾਪ੍ਰਸਤੀ ਅਤੇ ਔਰਤ ਪ੍ਰਤੀ ਪੁਰਸ਼ ਪ੍ਰਧਾਨ ਸਮਾਜ ਦਾ ਦੁਜੈਲਾ ਨਜ਼ਰੀਆ ਆਦਿ ਪਹਿਲੂ ਵੀ ਪਾਤਰਾਂ ਦੀ ਮਨੋਭੂਮੀ 'ਤੇ ਚੱਲਦੀ ਫਿਲਮੀ ਰੀਲ ਵਾਂਗ ਦਿਖਾਏ ਗਏ ਹਨ। ਸ਼ੋਸ਼ਲ ਮੀਡੀਆ ਦੀ ਸਮਾਜਿਕ ਖੇਤਰ ਵਿਚ ਹੋ ਰਹੀ ਨਾਪੱਖੀ ਦਖ਼ਲਅੰਦਾਜ਼ੀ ਦਾ ਵਿਲੱਖਣ ਬਿਰਤਾਂਤ ਸੰਗ੍ਰਹਿ ਦੀ ਕਹਾਣੀ ' ਐਲ ਓ ਐਲ' ਵਿਚ ਪੇਸ਼ ਹੈ। ਕਹਾਣੀ ਵਿਚ ਘੁਮੱਕੜ ਲੇਖਕ ਦਵਿੰਦਰ ਸਤਿਆਰਥੀ ਦਾ ਕਲਪਿਤ

ਪਾਤਰ ਸਿਰਜ ਕੇ ਲੇਖਕ ਮਹਿਲਾ ਹਰਾਸਮੈਂਟ ਕਾਨੂੰਨ ਦੀਆਂ ਝੂਠੀਆਂ ਧਾਰਾਵਾਂ ਤਹਿਤ ਉਸਦੀ ਗ੍ਰਿਫਤਾਰੀ ਦਿਖਾਉਂਦਾ ਹੈ ਜਿਸ 'ਤੇ ਸ਼ੋਸ਼ਲ ਮੀਡੀਆ ਠਹਾਕੇ ਮਾਰਦਾ ਹੈ ਅਤੇ ਇਲੈਕਟ੍ਰੋਨਿਸਕ ਮੀਡੀਆ ਇਸਨੂੰ ਸਨਸਨੀਖੇਜ਼ ਬਣਾ ਕੇ ਮਨਘੜਤ ਖ਼ਬਰਾਂ ਪੇਸ਼ ਕਰਦਾ ਹੈ। ਲੋਕਧਾਰਾ ਅਤੇ ਸਭਿਆਚਾਰ ਦੀ ਵੰਨਸੁਵੰਨਤਾ ਸਾਂਭਣ ਵਾਲੇ ਦਵਿੰਦਰ ਸਤਿਆਰਥੀ ਦੀ ਪਾਤਰ ਸਿਰਜਣਾ ਲੇਖਕ ਦੀ ਉਸ ਗਲਪੀ ਰਮਜ਼ ਦਾ ਪ੍ਰਗਟਾਵਾ ਹੈ ਜਿਸ ਦੁਆਰਾ ਅੱਜ ਦੇ ਵਿਸ਼ਵੀਕਰਣ ਤੇ ਸੂਚਨਾ ਸੰਚਾਰ ਦੇ 'ਵਿਕਾਸ ਯੁਗ ' ਵਿਚ ਸੰਸਕ੍ਰਿਤਕ ਮੁੱਲਾਂ ਅਤੇ ਕੀਮਤ ਪ੍ਰਬੰਧ 'ਤੇ ਪਸਰੇ ਸੰਕਟਾਂ ਨੂੰ ਪੇਸ਼ ਕਰਨਾ ਹੈ। ਸਤਿਆਰਥੀ ਦੀ ਘੁਮੱਕੜ ਲੇਖਣੀ ਅਤੇ ਲੋਕ ਸਾਹਿਤ ਸੰਕਲਨ ਕਰਨ ਲਈ ਪ੍ਰਤੀਬੱਧਤਾ ਉਦੋਂ ਸੰਕਟਮਈ ਹੋ ਜਾਂਦੀ ਹੈ ਜਦੋਂ ਉਸਨੂੰ ਵਰਤਮਾਨ ਦੌਰ ਵਿਚ ਸੋਸ਼ਲ ਮੀਡੀਆ ਉੱਤੇ 'ਪੌਰਾਣ ਪਾਤਰ' ਬਣਾ ਕੇ ਅਤੇ ਇਲੈਕਟ੍ਰੋਨਿਕ ਮੀਡੀਆ ਉੱਤੇ ਬਦ ਪਾਤਰ ਬਣਾ ਕੇ ਚਿਤਰਤ ਕਰ ਦਿੱਤਾ ਜਾਂਦਾ ਹੈ। 'ਐਲ ਓ ਐਲ' ਸੋਸ਼ਲ ਮੀਡੀਆ ਦਾ ਉਹ ਸੂਤਰਿਕ ਸ਼ਬਦ ਹੈ ਜਿਸ ਦੁਆਰਾ ਨਕਲੀ ਠਹਾਕਾ ਮਾਰ ਕੇ ਬੇਆਵਾਜ਼ ਹਾਸਾ ਹੱਸਿਆ ਜਾਂਦਾ ਹੈ। ਇਹ ਠਹਾਕਾ ਸਤਿਆਰਥੀ ਦੀ ਰਵਾਇਤੀ ਰਹਿਣੀ-ਬਹਿਣੀ ਦੇ ਪ੍ਰਤੀਕਰਮ ਵਿਚ ਪੇਸ਼ ਕਰਕੇ ਲੇਖਕ ਨੇ ਪੀੜ੍ਹੀ ਪਾੜ੍ਹੇ ਦੇ ਨਵੇਂ ਸੰਕਟਾਂ ਨੂੰ ਰੂਪਮਾਨ ਕੀਤਾ ਹੈ। ਲੇਖਕ ਦਾ ਕਥਾ ਚਿੰਤਨ ਸਮਕਾਲ ਦੀ ਸੰਵੇਦਨ ਹੀਣਤਾ ,ਗੈਰ ਜ਼ਿੰਮੇਵਾਰੀ ਅਤੇ ਜੀਵਨ ਮੁੱਲਾਂ ਦੀ ਗਿਰਾਵਟ ਨੂੰ ਕੇਂਦਰੀ ਪਾਤਰ ਦੀਆਂ ਵਿਚਲਿਤ ਮਨੋ-ਬਣਤਰਾਂ ਦੇ ਪ੍ਰਸੰਗ ਵਿਚ ਉਲੀਕਦਾ ਹੈ।

ਪੁਸਤਕ ਦੀਆਂ ਕਹਾਣੀਆਂ 'ਕੁਰੁਕਸ਼ੇਤਰ ਦਾ ਯੁੱਧ' ਅਤੇ ' ਲੱਕੜਹਾਰੇ ਦੀ ਜਿੱਤ ' ਦੁਆਰਾ ਲੇਖਕ ਨੇ ਆਰਥਿਕ-ਸਮਾਜਿਕ ਵਿਤਕਰੇ ਭੋਗਦੇ ਕਿਰਤੀ ਲੋਕਾਂ 'ਤੇ ਕਾਬਜ਼ ਸਰਮਾਏਦਾਰੀ ਸੱਤਾ ਦਾ ਦਮਨਕਾਰੀ ਰੂਪ ਪੇਸ਼ ਕਰਕੇ ਆਪਣੀ ਤਰੱਕੀ ਪਸੰਦ ਕਥਾ ਦ੍ਰਿਸ਼ਟੀ ਦਾ ਸੰਚਾਰ ਕੀਤਾ ਹੈ। 'ਕੁਰੁਕਸ਼ੇਤਰ ਦਾ ਯੁੱਧ' ਕਹਾਣੀ ਵਿਚ ਇਕ ਕਾਮਰੇਡ ਪਾਤਰ ਆਪਣੇ ਅਮੀਰ ਦੋਸਤ ਦੇ ਲੜਕੇ ਵਲੋਂ ਕੀਤੇ ਕਾਰ ਐਕਸੀਡੈਂਟ ਵਿਚ ਮਾਰੇ ਗਰੀਬ ਮਜ਼ਦੂਰ ਦਾ ਪੱਖ ਪੂਰਦਾ ਹੈ ਅਤੇ ਅਜਿਹੀ ਦੋਸਤੀ ਨੂੰ ਤਿਲਾਂਜ਼ਲੀ ਦਿੰਦਾ ਹੈ। ਪਰ ਇਸ ਤੋਂ ਪਹਿਲਾਂ ਉਹ ਦੋਸਤੀ ਅਤੇ ਫਰਜ਼ ਦੇ ਜਿਸ ਦਵੰਦ ਵਿਚੋਂ ਗੁਜ਼ਰਦਾ ਹੈ ਉਹ ਇਸ ਕਹਾਣੀ ਦੀ ਅਹਿਮ ਪ੍ਰਾਪਤੀ ਹੈ । ਇਹ ਦਵੰਦ ਸਮੁੱਚੀ ਕਹਾਣੀ ਦੇ ਆਰ ਪਾਰ ਫੈਲਿਆ ਹੋਇਆ ਹੈ। ਬਨਵਾਰੀ ਮਜ਼ਦੂਰ ਐਕਸੀਡੈਂਟ ਵਿਚ ਮਰੇ ਆਪਣੇ ਪੁੱਤਰ ਦੀ ਮੌਤ ਦਾ ਮੁੱਲ ਮੁਆਵਜ਼ਾ ਲੈ ਕੇ ਵੱਟਣਾ ਨਹੀਂ ਚਾਹੁੰਦਾ। ਕਹਾਣੀ ਦਾ ਉਤਮ ਪੁਰਖੀ ਕਾਮਰੇਡ ਬਿਰਤਾਂਤਕਾਰ ਦੋਸ਼ੀ ਧਿਰ ( ਆਪਣੇ ਦੋਸਤ ਜਸਵਿੰਦਰ) ਨੂੰ ਮਨਾ ਕੇ ਬਨਵਾਰੀ ਦੀ ਉਸ ਮੰਗ ਨੂੰ ਪ੍ਰਵਾਨ ਕਰਵਾ ਲੈਂਦਾ ਹੈ ਜਿਸ ਵਿਚ ਅਗਲੇ ਦੋ ਸਾਲਾਂ ਦੌਰਾਨ ਜਸਵਿੰਦਰ ਦਾ ਦੋਸ਼ੀ ਪੁੱਤਰ ਜੋ ਵੀ ਕਮਾਏਗਾ ਉਹ ਬਨਵਾਰੀ ਨੂੰ ਅਦਾ ਕਰੇਗਾ। ਇਸ ਕਹਾਣੀ ਵਿਚ ਸਰਮਾਏਦਾਰੀ ਦੀ ਧੌਂਸ ਨੂੰ ਕਿਰਤੀ ਲੋਕਾਂ ਦੀ ਸਿਦਕ ਅੱਗੇ ਟੁੱਟਦੀ ਦਿਖਾ ਕੇ ਲੇਖਕ ਨੇ ਕਮਿਉਨਿਸਟ ਚਿੰਤਨ ਨੂੰ ਵੀ ਇਕ ਦਿਸ਼ਾ ਦੇਣ ਦਾ ਸੰਕਤਕ ਯਤਨ ਕੀਤਾ ਹੈ। ਵਰਤਮਾਨ ਦੀ ਕੁਝ ਕਹਾਣੀ ਕਮਿਉਨਿਸਟ ਕਿਰਦਾਰ ਨੂੰ ਨਾਪੱਖੀ ਲਹਿਜ਼ਾ ਦੇ ਕੇ ਵਿਉਂਤ ਰਹੀ ਹੈ ਜਦ ਕਿ ਕੁਝ ਕਥਾ ਚਿੰਤਨ ਕਮਿਉਨਿਸਟ ਲਹਿਰ ਦਾ ਮੁਲਾਂਕਣੀ-ਸੰਦਰਭ ਉਲੀਕ ਰਿਹਾ ਹੈ। ਕੇਸਰਾ ਰਾਮ ਕਾਮਰੇਡ ਪਾਤਰ ਦੀ ਵਿਚਾਰਧਾਰਕ ਪ੍ਰਤੀਬੱਧਤਾ ਨੂੰ ਜ਼ਿਉਂਦੀ ਰੱਖਕੇ ਪ੍ਰਗਤੀਵਾਦ ਦੀ ਨਵੀਂ ਰੁੱਤ ਵਾਲੀ ਕਹਾਣੀ ਦਾ ਵਾਹਕ ਬਣਦਾ ਹੈ। ਪਰ ਇਸ ਦੁਆਰਾ ਲੇਖਕ ਕਮਿਉਨਿਸਟ ਜਥੇਬੰਦੀਆਂ 'ਤੇ ਪ੍ਰਸ਼ਨਚਿੰਨ ਲਗਾਉਂਦਾ 'ਆਮ ਆਦਮੀ ' ਦੀ ਪ੍ਰਗਤੀਵਾਦੀ ਵਿਚਾਰਧਾਰਾ ਦੀ ਪੈਰ੍ਹਵਾਈ ਕਰ ਜਾਂਦਾ ਹੈ। ਕਹਾਣੀ 'ਲੱਕੜਹਾਰੇ ਦੀ ਜਿੱਤ ' ਵਿਚ ਕਾਰਪੋਰੇਟ ਸੈਕਟਰ ਵਲੋਂ ਜਲ, ਜ਼ਮੀਨ ਅਤੇ ਜੰਗਲ ਨੂੰ ਸਰਮਾਏਦਾਰੀ ਮੁਨਾਫੇ ਲਈ

ਤਬਾਹ ਕਰਨ ਦੀਆਂ ਸਾਜ਼ਿਸ਼ਾਂ ਦਾ ਬਿਰਤਾਂਤ ਹੈ ਜਿਸਨੂੰ ਲੱਕੜਹਾਰਾ ਅਤੇ ਜਲ ਦੇਵਤਾ ਦੀ ਦੰਤ ਕਥਾ ਦੇ ਵਰਤਮਾਨ ਪ੍ਰਸੰਗਾਂ ਵਿਚ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਵਿਚ ਕੁਦਰਤੀ ਸਰੋਤਾਂ ਨੂੰ ਸੋਨੇ ਦੀ ਕੁਹਾੜੀ ਦੇ ਰੂਪਕ ਨਾਲ ਤੁਲਨਾ ਕੇ ਲੇਖਕ ਨੇ ਇਨ੍ਹਾਂ ਸਾਧਨਾਂ ਉੱਤੇ ਕਿਰਤੀ ਤੇ ਮਿਹਨਤੀ ਲੋਕਾਂ ਦੇ ਹੱਕ ਦੀ ਗੱਲ ਕੀਤੀ ਹੈ। ਕੇਸਰਾ ਰਾਮ ਦੀਆਂ ਕਹਾਣੀਆਂ ਟੁੱਟਵੀਂ-ਬਿਰਤਾਂਤਕਾਰੀ,ਪਾਤਰਾਂ ਦੇ ਅੰਤਰਮੁਖੀ ਵਿਹਾਰ,ਮਾਨਸਿਕ ਗੁੰਝਲਾਂ ਸਮੇਤ 'ਬੇਤਰਤੀਬੇ' ਸ਼ਿਲਪ ਵਾਲੇ ਲੱਛਣਾਂ ਵਾਲੀਆਂ ਹਨ ਉਸਦੀਆਂ ਕਥਾ-ਸਿਰਜਣਕਾਰੀ ਦੀਆਂ ਜੁਗਤਾਂ ਮਨੋਵਿਸ਼ਲੇਸ਼ਣੀ ਹਨ। ਬਿਰਤਾਂਤ ਦਾ ਸਮੁੱਚਾ ਪਾਸਾਰ ਪਾਤਰਾਂ ਦੀ ਮਨੋਭੂਮੀ 'ਤੇ ਰਹਿੰਦਾ ਹੈ। ਦੂਹਰਾਅ ਭਰੀਆਂ ਘਟਨਾਵਾਂ ਨਾਲ ਉਸਦੀ ਕਹਾਣੀ ਪਾਠਕਾਂ ਨੂੰ ਕਈ ਵਾਰ ਉਤੇਜ਼ਿਤ ਕਰਨ ਦੀ ਥਾਂ ਪੂਰਬ ਨਿਸ਼ਚਿਤ ਅਰਥਕਾਰੀ ਵੱਲ ਤੋਰ ਦਿੰਦੀ ਹੈ। ਕੇਸਰਾ ਰਾਮ ਦੀ ਚਿੰਤਨ ਪ੍ਰਧਾਨ ਕਹਾਣੀ ਕਾਰਪੋਰਟ ਸੱਤਾ ਤੋਂ ਉਪਜੇ ਸਮਾਜਿਕ-ਸਭਿਆਚਾਰਕ ਸੰਕਟਾਂ ਦੀ ਬਿਰਤਾਂਤਕਾਰੀ ਹੈ। ਉਸਦੀ ਕਹਾਣੀ ਦੇ ਨਵੀਨ ਸ਼ੈਲੀਗਤ ਤਜ਼ਰਬੇ ਨਵੀਨ ਭਾਵ ਬੋਧ ਦੇ ਪਾਠਕਾਂ ਨੂੰ ਆਕਰਸ਼ਿਤ ਕਰਦੇ ਹਨ ਪਰ ਕਈ ਵਾਰ ਕਥਾ ਸੰਚਾਰ ਲਈ ਰੁਕਾਵਟ ਵੀ ਬਣਦੇ ਹਨ । ਇਹ ਸੰਕਟ ਨਵੀਂ ਕਹਾਣੀ ਦਾ ਵਿਆਪਕ ਸੰਕਟ ਵੀ ਹੈ। ਨੋਜਵਾਨ ਲੇਖਕਾਂ ਨੇ ਚੌਥੇ ਪੜਾਅ ਦੀ ਕਹਾਣੀ ਵਿਚ ਵਿਸ਼ਵੀਕਰਣ ਤੇ ਕਾਰਪੋਰੇਟ ਸੈਕਟਰ ਦੀ ਚੜਤ ਤੋਂ ਉਪਜਦੇ ਸਭਿਆਚਾਰਕ ਸੰਕਟਾਂ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ ਹੈ ਪਰ ਵਰਤਮਾਨ ਵਿਚ ਕਹਾਣੀ ਸਿਰਜਣ ਪ੍ਰਤੀ ਲੇਖਕਾਂ ਦੀ ਇਕਾਗਰਤਾ ਵੀ ਕਿਤੇ ਨਾ ਕਿਤੇ ਖੰਡਿਤ ਵੀ ਹੋਈ ਹੈ । ਇਹ ਮੁੱਦੇ ਹੋਰ ਸੰਵਾਦ ਦੀ ਮੰਗ ਵਿਚ ਹਨ। ਕੇਸਰਾ ਰਾਮ ਇਸ ਕਿਤਾਬ ਲਈ ਵਧਾਈ ਦਾ ਪਾਤਰ ਹੈ।

**ਹਵਾਲੇ ਅਤੇ ਟਿੱਪਣੀਆਂ-**

1. ਕੇਸਰਾ ਰਾਮ, ਥੈਂਕਸ ਏ ਲੌਟ ਪੁੱਤਰਾ,ਨਵਯੁਗ ਪਬਲਿਸ਼ਰਜ਼,ਨਵੀਂ ਦਿੱਲੀ ਪੰਨਾ 16.

2. ਉਹੀ , ਪੰਨਾ 46.

3. ਉਹੀ , ਪੰਨਾ 98.

4. ਉਹੀ , ਪੰਨਾ 22.

**ਪਤਾ-ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ. 94175-86028**

**ਪਾਠਕਾਂ ਦੇ ਧਿਆਨ ਹਿੱਤ**

'ਕਹਾਣੀ ਧਾਰਾ' ਦੇ ਜਿਨ੍ਹਾਂ ਪਾਠਕਾਂ ਦੇ ਚੰਦੇ ਨਹੀਂ ਪਹੁੰਚੇ ਉਨ੍ਹਾਂ ਦਾ ਪਰਚ ਇਸ ਅੰਕ ਤੋਂ ਬੰਦ ਕੀਤਾ ਜਾ ਰਹਾ ਹੈ। ਵਾਰ ਵਾਰ ਸੂਚਿਤ ਕਰਨ ਦੇ ਬਾਵਜੂਦ ਵੀ ਪਾਠਕ ਆਲਸ ਕਰੀ ਜਾ ਰਹੇ ਹਨ।

-ਸੰਪਾਦਕ

**ਆਲੋਚਨਾ ਲੇਖ**

# ਮਾਨਸਿਕ ਤੇ ਸਮਾਜਿਕ ਦਵੰਦ ਨੂੰ ਚਿਤਰਦੀਆਂ ਕਹਾਣੀਆਂ : ਕੋਈ ਤਾਂ ਹੈ.../- ਡਾ. ਸੁਖਪਾਲ ਕੌਰ ਸਮਰਾਲਾ

ਰਘੁਬੀਰ ਸਿੰਘ ਮਾਨ ਪੰਜਾਬੀ ਕਹਾਣੀ ਦਾ ਸਮੱਰਥ ਕਹਾਣੀਕਾਰ ਹੈ। ਉਸ ਦੀਆ ਕਹਾਣੀਆਂ ਦੇ ਵਿਸ਼ੇ ਭਾਵੇਂ ਅਸਲੋਂ ਨਿਵੇਕਲੇ ਨਹੀ ਹਨ ਪਰ ਉਹਨਾਂ ਦੀ ਪੇਸ਼ਕਾਰੀ ਜ਼ਰੂਰ ਨਿਵੇਕਲੇ ਢੰਗ ਦੀ ਹੈ। ਆਪਣੀਆਂ ਕਹਾਣੀਆਂ ਦੇ ਬਹੁਤੇ ਵਿਸ਼ਿਆਂ ਵਿੱਚ ਉਸਨੇ ਅਜੋਕੇ ਸਮਾਜ ਦੀਆਂ ਉਹਨਾਂ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ ਜਿਹੜੀਆ ਅਖੌਤੀ ਆਧੁਨਿਕ ਕਹੇ ਜਾਣ ਵਾਲੇ ਸਮਾਜ ਨੂੰ ਅੰਦਰੋਂ ਅੰਦਰੀਂ ਘੁਣ ਵਾਂਗ ਖਾ ਰਹੀਆ ਹਨ।ਦੇਸ ,ਪਰਦੇਸ,ਪਿੰਡ,ਘਰ,ਪਰਿਵਾਰ ਦੀਆਂ ਸਮੱਸਿਆਵਾਂ ਅਤੇ ਜੀਵਨ ਸ਼ੈਲੀ ਦੇ ਨਾਲ ਨਾਲ ਉਹ ਮਨੁੱਖ ਦੇ ਮਾਨਸਿਕ ਅਤੇ ਸਮਾਜਕ ਦਵੰਦਾ ਨੂੰ ਵੀ ਬਾਖੂਬੀ ਚਿਤਰਦਾ ਹੈ।




'ਕੋਈ ਤਾਂ ਹੈ' ਕਹਾਣੀਕਾਰ: ਰਘਬੀਰ ਸਿੰਘ ਮਾਨ
ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਕ, ਲੁਧਿਆਣਾ
ਮੁੱਲ 150/- , ਪੰਨੇ: 112

ਛੇ ਕਹਾਣੀਆਂ ਨਾਲ ਸਜੇ ਇਸ ਕਹਾਣੀ ਸੰਗ੍ਰਹਿ ਵਿੱਚ ਕਹਾਣੀ 'ਖਾਨ ਟੀ ਸਟਾਲ' ਵਿਅਕਤੀ ਦੀ ਦਵੰਦਾਤਮਕ ਸਥਿਤੀ ਨੂੰ ਪੇਸ਼ ਕਰਦੀ ਹੈ। ਇਹ ਅਸਲ ਵਿੱਚ ਇਦ ਅਤੇ ਈਗੋ ਦੇ ਟਕਰਾਅ ਦੀ ਕਹਾਣੀ ਹੈ। ਇਦ ਆਪਣੇ ਅਮੋੜ ਸੁਭਾਅ ਕਾਰਨ ਹਰ ਹਾਲ ਵਿੱਚ ਜ਼ਜ਼ਬਿਆਂ ਦੀ ਪੂਰਤੀ ਚਾਹੁੰਦੀ ਹੈ,ਦੂਸਰੇ ਪਾਸੇ ਈਗੋ ਹਮੇਸ਼ਾ ਸਮਾਜਕ ਸੰਤੁਲਨ ਪ੍ਰਤੀ ਯਤਨਸ਼ੀਲ ਰਹਿੰਦੀ ਹੈ। ਕਹਾਣੀ ਵਿਚ ' ਮੈ'ਪਾਤਰ ਦੇ ਅਵਚੇਤਨ ਵਿੱਚ ਵਸੀਆ ਇੱਛਾਵਾਂ ਹਮੇਸ਼ਾ ਆਪਣੀ ਪੂਰਤੀ ਲਈ ਯਤਨਸ਼ੀਲ ਰਹਿੰਦੀਆਂ ਹਨ। ਆਪਣੇ ਦੋਸਤ ਦੇ ਘਰ ਜਾਂਦਿਆਂ ਬਸ ਸਫਰ ਦੇ ਦੌਰਾਨ ਵਾਪਰੀ ਘਟਨਾ ਉਸ ਨੂੰ ਇਕ ਅਜਿਹੀ ਸਥਿਤੀ ਵਿੱਚ ਪਹੁੰਚਾ ਦਿੰਦੀ ਹੈ ਜਿੱਥੇ ਉਹ ਆਪਣੀਆ ਹੀ ਨਜ਼ਰਾਂ ਵਿੱਚ ਹੀਣ ਮਹਿਸੂਸ ਕਰਦਾ ਹੈ। ਬੱਸ ਸਫ਼ਰ ਦੌਰਾਨ ਨਾਲ ਸੀਟ ਤੇ ਬੈਠੀ ਸਵਾਰੀ ਵਿੱਚੋਂ 'ਮੈ' ਪਾਤਰ ਆਪਣੇ ਅਚੇਤਨ ਵਿੱਚ ਵਸ ਰਹੀ ਪ੍ਰੇਮਿਕਾ ਰਾਜੀ ਦੀ ਸੰਗਤ ਦਾ ਮਾਣਿਆ ਲੁਤਫ ਦੁਬਾਰਾ ਜੀਉਣਾ ਚਾਹੁੰਦਾ ਹੈ। ਇਹ ਕਾਮ ਜ਼ਜ਼ਬਾ ਉਸ ਤੇ ਇਸ ਕਦਰ ਹਾਵੀ ਹੁੰਦਾ ਹੈ ਕਿ ਉਸ ਦੀ ਇਦ ਬੇਪਰਵਾਹੀ ਹੋ ਕੇ ਉਸ ਦਾ ਸਾਥ ਮਾਨਣਾ ਚਾਹੁੰਦੀ ਹੈ:

'ਮੇਰੇ ਅੰਦਰਲੀ ਸੁਰਤ ਉਸ ਦੇ ਜਿਸਮ ਤੇ ਰੀਂਘਣ ਲੱਗੀ। ਉਸ ਤੀਵੀਂ ਦੇ ਜਿਸਮ ਦੀ ਸਪਰਸ਼ ਨਾਲ ਕਿਸੇ ਸਮੇਂ ਸਿਖਰ ਦੁਪਹਿਰਾਂ ਵਰਗੀ ਅੱਗ ਜਿਹੀ ਮੇਰੀ ਉਮਰ ਚੇਤੇ ਵਿੱਚ ਮੱਚਣ ਲੱਗ ਪਈ ਸੀ। ਮੈਂ ਇਸ ਸਫ਼ਰ ਵਿੱਚ ਉਸ ਔਰਤ ਦੇ ਗਦਰਾਏ ਅੰਗਾਂ ਦਾ ਮੁੱਲ ਵੱਟ ਲੈਣ ਦੀ ਲੋਚਾ ਨਾਲ ਨਸ਼ਿਆ ਗਿਆ ਸੀ।'[1]

ਮਨ ਹੀ ਮਨ ਉਹ ਉਸ ਨਾਲ ਗੱਲ ਕਰਨ ਲਈ ਆਪਣੇ ਆਪ ਨੂੰ ਤਿਆਰ ਕਰਦਾ ਹੈ ਪਰ ਉਸਦੀ ਈਗੋ ਉਸ ਨੂੰ ਕਿਸੇ ਵੀ ਅਜਿਹੀ ਘਟਨਾ ਤੋਂ ਸੁਚੇਤ ਕਰਦੀ ਵੀ ਪ੍ਰਤੀਤ ਹੁੰਦੀ ਹੈ ਪਰ ਉਸਦੀ ਈਗੋ ਆਪਣੀ ਜ਼ਿੱਦ ਤੇ ਅੜੀ ਰਹਿੰਦੀ ਹੈ

'ਬੱਸ ਵਿਚਲੀ ਹਵਾ ਵੀ ਮੈਨੂੰ ਮੇਰੀਆ ਚੁਗਲੀਆਂ ਕਰਦੀ ਲੱਗੀ। ਫਿਰ ਵੀ ਕਿਸੇ ਖਤਰਨਾਕ ਭਾਣੇ ਦੇ ਵਾਪਰਨ ਦੀ ਪ੍ਰਵਾਹ ਨਾ ਕਰਦੀ ਹੋਈ, ਮੇਰੀ ਅੰਦਰਲੀ ਕਾਮੁਕ ਸੋਚ ਮੇਰੇ ਮਨ ਤੇ ਭਾਰੂ ਹੋਈ ਪਈ ਸੀ।'[2]

ਪਲ ਪਲ ਲੰਘਦੇ ਵਕਤ ਨਾਲ ਉਸ ਦੀ ਇਹ ਇੱਛਾ ਉਸ ਤੇ ਹੋਰ ਭਾਰੂ ਹੁੰਦੀ ਜਾਂਦੀ ਹੈ ਪਰ ਅਚਾਨਕ ਉਸ ਸਵਾਰੀ ਦੇ ਚਿਹਰੇ ਦਾ ਸੱਚ ਉਸ ਨੂੰ ਇਸ ਕਦਰ ਝੰਜੋੜ ਦਿੰਦਾ ਹੈ ਕਿ ਉਹ ਖੁਦ ਨੂੰ ਅਰਸ਼ ਤੋਂ ਫਰਸ਼ ਤੇ ਆਇਆ ਮਹਿਸੂਸ ਕਰਦਾ ਹੈ। ਕਲਪਨਾ ਤੋਂ ਸੱਚ ਤੱਕ ਦਾ ਸਫ਼ਰ ਤੈਅ ਕਰਦਾ ਉਹ ਸੱਚ ਦਾ ਸਾਹਮਣਾ ਕਰਨ ਲਈ ਤਿਆਰ ਨਹੀ ਹੁੰਦਾ ਤੇ ਚਲਦੀ ਬੱਸ ਵਿੱਚੋਂ ਛਾਲ ਮਾਰਨ ਲਈ ਤਿਆਰ ਹੋ ਜਾਂਦਾਂ ਹੈ। ਆਪਣੇ ਦੋਸਤ ਨਾਲ ਉਸ ਸੰਧੂਰੀ ਚੁੰਨੀ ਵਾਲੀ ਨਾਲ ਗੱਲਾਂ ਕਰਦਿਆ ਦੇਖ ਕੇ ਉਹ ਦੋਸਤ ਨੂੰ ਬਿਨਾ ਮਿਲੇ ਹੀ ਵਾਪਸ ਚਲਾ ਜਾਦਾ ਹੈ ਕਿਉਂਕਿ ਉਸਦੀ ਈਗੋ ਇਸ ਗੱਲ ਨੂੰ ਬਰਦਾਸ਼ਤ ਨਹੀ ਕਰ ਸਕਦੀ ਕਿ ਉਹ ਸ਼ਰਮਿੰਦਗੀ ਦਾ ਅਹਿਸਾਸ ਹੰਢਾਵੇ।

ਪਿਤਰਕੀ ਸਮਾਜਕ ਸੰਰਚਨਾ ਵਿੱਚ ਪੁੱਤਰਾਂ ਦੇ ਮਾਪੇ ਹੋਣਾ ਮਾਣ ਵਾਲੀ ਗੱਲ ਸਮਝੀ ਜਾਦੀ ਹੈ। ਪਰ ਰਿਸ਼ਤਿਆਂ ਦੇ ਬਦਲਦੇ ਸਮੀਕਰਨਾਂ ਅਤੇ ਬਦਲਦੀਆਂ ਭਵਿੱਖੀ ਸੰਭਾਵਨਾਵਾ ਕਾਰਨ ਇਹ ਮਾਣ ਕਿਸ ਪ੍ਰਕਾਰ ਤ੍ਰਿਸਕਾਰ ਵਿੱਚ ਬਦਲ ਜਾਦਾ ਹੈ ਇਸ ਨੂੰ ਕਹਾਣੀ 'ਫਿਕਰ' ਵਿੱਚ ਦਰਸਾਇਆ ਗਿਆ ਹੈ। ਕਹਾਣੀ ਦਾ ਮੁੱਖ ਪਾਤਰ ਚਾਚਾ ਆਪਣੀ ਜ਼ਿੰਦਗੀ ਆਪਣੀ ਪਤਨੀ ਤੇ ਪੁੱਤਰਾ ਨਾਲ ਗੁਜ਼ਾਰਦਾ ਹੈ। ਉਹਨਾਂ ਨੂੰ ਇਸ ਗੱਲ ਦਾ ਬਹੁਤ ਮਾਣ ਮਹਿਸੂਸ ਹੁੰਦਾ ਹੈ ਕਿ ਉਹ ਪੁੱਤਰਾਂ ਦੇ ਮਾਪੇ ਹਨ ਅਤੇ ਉਹਨਾ ਦੇ ਘਰ ਕੋਈ ਧੀ ਨਹੀ। ਇਸ ਕਰਕੇ ਆਪਣੀ ਨੂੰਹ ਦੇ ਕੁੜੀ ਹੋਣ ਤੇ ਉਹ ਉਸ ਨੂੰ ਤ੍ਰਿਸਕਾਰਦੇ ਹੋਏ ਕਹਿੰਦੇ ਹਨ:

'ਤੂੰ ਪੱਥਰ ਜੰਮ ਕੇ ਸਾਰੇ ਪਿੰਡ 'ਚ ਸਾਡਾ ਨੱਕ ਵੱਢ ਕੇ ਰੱਖ ਦਿਤੈ।'ਕਈ ਦਿਨ ਤੱਕ ਘਰ ਵਿੱਚ ਸੋਗ ਪਸਰਿਆ ਰਿਹਾ।'[3]

ਸਮੇਂ ਦੇ ਨਾਲ ਚਾਚੇ ਦੇ ਮੁੰਡਿਆਂ ਨੇ ਆਪਣਾ ਰੰਗ ਦਿਖਾਉਂਦਿਆ ਉਸ ਦੀ ਪ੍ਰਵਾਹ ਕਰਨੀ ਛੱਡ ਦਿੱਤੀ। ਕੋਈ ਵੀ ਚਾਚੇ ਦੇ ਅੰਦਰ ਦੀ ਪੀੜ ਦੀ ਥਾਹ ਨਹੀ ਪਾ ਸਕਦਾ ਸੀ। ਪੁੱਤਾ ਦੇ ਵਿਵਹਾਰ ਅਤੇ ਚਾਚੀ ਦੇ ਵਿਛੋੜੇ ਨੇ ਉਸ ਨੂੰ ਜੀਉਂਦੇ ਜੀਅ ਹੀ ਮਾਰ ਦਿੱਤਾ ਸੀ। ਉਹ ਪਛਤਾਵੇ ਦੀ ਪੀੜ ਨਾਲ ਕੁਰਲਾਉਂਦਾ ਹੈ:

'ਇਹਨਾਂ ਨਾਲੋਂ ਮੇਰੇ ਘਰ ਇੱਕ ਧੀ ਜੰਮ ਪੈਂਦੀ ... ਮੈਂ ਆਪਣੇ ਦਿਲ ਦਾ ਦੁੱਖ ਉਹਦੇ ਨਾਲ ਸਾਂਝਾਂ ਕਰਦੈ। ਧੀ ਮੇਰਾ ਦੁੱਖ ਵੰਡਾਉਂਦੀ... ਮੈਂ ਦੋ ਦਿਨ ਓਹਦੇ ਘਰ ਜਾ ਕੇ ਰਹਿ ਲੈਂਦਾ, ਮੈਨੂੰ ਤੇਰੀ ਚਾਚੀ ਦਾ ਵਿਗੋਚਾ ਭੁੱਲ ਜਾਦਾ। 'ਚਾਚਾ ਰੋਣ ਰੋਣ ਕਰ ਰਿਹਾ ਸੀ।'[4]

ਚਾਚਾ ਆਪਣੇ ਭਵਿੱਖ ਨੂੰ ਲੈ ਕੇ ਚਿੰਤਿਤ ਸੀ। ਧੀ ਦੀ ਅਣਹੋਂਦ ਅਤੇ ਆਪਣੀ ਪੋਤੀ ਨੂੰ ਖੁਦ ਦੁਆਰਾ ਦੁਰਕਾਰੇ ਜਾਣ ਦਾ ਪਛਤਾਵਾ ਉਸ ਦੀਆਂ ਅੱਖਾਂ ਵਿੱਚੋਂ ਸਾਫ਼ ਨਜ਼ਰ ਆਓਂਦਾ ਹੈ। ਇਹ ਦੇਖ ਕੇ ਮੈ ਪਾਤਰ ਵੀ ਆਪਣੇ ਭਵਿੱਖ ਲਈ ਫਿਕਰਮੰਦ ਜਾਪਦਾ ਹੈ ਕਿਉਂਕਿ ਉਹ ਵੀ ਦੋ ਪੁੱਤਰਾ ਦਾ ਹੀ ਬਾਪ ਸੀ।

'ਮੈਨੂੰ ਜਿਊਣਾ ਆਉਂਦਾ' ਹਿੰਮਤ ਤੇ ਵਿਸ਼ਵਾਸ਼ ਨਾਲ ਭਰੀ ਔਰਤ ਦੀ ਕਹਾਣੀ ਹੈ ਜੋ ਆਪਣੀ ਲਾਇਕ ਧੀ ਦੀ ਮੌਤ ਤੋਂ ਬਾਅਦ ਇਕੱਲੀ ਹੀ ਪਿੰਡ ਵਿੱਚ ਜ਼ਿੰਦਗੀ ਜਿਉਂਦੀ ਹੈ ਕਿ ਉਸਦੇ ਪੁੱਤਰਾ ਦੀ ਜ਼ਿੰਦਗੀ ਵਿੱਚ ਉਸ ਲਈ ਕੋਈ ਥਾਂ ਨਹੀ ਸੀ। ਆਪਣੀ ਧੀ ਦੀ ਸਹੇਲੀ ਕੰਮੋਂ ਨਾਲ ਗੱਲਾਂ ਕਰਦਿਆਂ ਉਸ ਦੇ ਚੇਤੇ ਵਿੱਚ ਆਪਣੇ ਪੁੱਤਰ ਅਤੇ ਉਹਨਾਂ ਦੇ ਬੱਚੇ ਆਉਂਦੇ ਹਨ ਜਿਨ੍ਹਾਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਮਾਂ ਲਈ ਵਿਹਲ ਨਹੀ ਸੀ। ਕੰਮੋਂ ਦੀ ਪੁੱਤਰ ਪ੍ਰਾਪਤੀ ਦੀ ਇੱਛਾ ਉਸ ਨੂੰ ਇਕ ਮ੍ਰਿਗਤ੍ਰਿਸ਼ਨਾ ਵਾਂਗ ਜਾਪਦੀ ਹੈ ਜਿਸ ਦਾ ਸੱਚ ਉਹ ਕੰਮੋ ਨੂੰ ਦਿਖਾਉਦੀ ਹੈ:

'ਮੇਰੇ ਵੱਲ ਵੇਖ ਦੋ ਪੁੱਤਾਂ ਦੀ ਮਾਂ ਆਂ ਮੈਂ... ਫੇਅ ਵੀ ਕੱਲੀ ਕੈਰ੍ਹੀ ਵੀਰਾਨ ਘਰ 'ਚ ਬੈਠੀ ਐਂ... ਸੁੰਨੇ

ਘਰ ਦੀਆਂ ਭਾਂ-ਭਾਂ ਕਰਦੀਆਂ ਕੰਧਾਂ ਖਾਣ ਨੂੰ ਆਉਂਦੀਆਂ... ਪਰ ਮੈਂ ਜਿਉ ਰਹੀ ਆਂ...।[5]

ਆਪਣੇ ਧੀ ਦੇ ਛੁੱਟੇ ਸਾਥ ਕਾਰਨ ਕੁਲਬੀਰ ਨਿਰਾਸ਼ ਤਾ ਹੁੰਦੀ ਹੈ ਪਰ ਆਪਣੇ ਪਿਤਾ ਦੀ ਦਿੱਤੀ ਜੀਵਨ ਜਾਚ ਉਸ ਨੂੰ ਡੋਲਣ ਤੋਂ ਬਚਾਉਂਦੀ ਹੈ ਅਤੇ ਆਪਣੇ ਪੁੱਤਰਾਂ ਦੇ ਨਿਰਮੋਹੇ ਵਿਵਹਾਰ ਦੇ ਬਾਵਜੂਦ ਉਹ ਹੌਂਸਲੇ ਨਾਲ ਜਿਊਦੀ ਹੈ।

'ਕੁੜਮਣੀਆਂ' ਕਹਾਣੀ ਨਵੇਂ ਸਮਾਜਕ ਸਰੋਕਾਰਾਂ ਨਾਲ ਜੁੜੀ ਹੋਈ ਹੈ।ਕਹਾਣੀ ਜਿੱਥੇ ਸਦੀਆਂ ਤੋਂ ਸਮਾਜ ਨੂੰ ਘੁਣ ਵਾਂਗ ਖਾ ਰਹੀ ਜਾਤੀ ਪ੍ਰਥਾ ਦੇ ਟੈਬੂ ਨੂੰ ਤੋੜਦੀ ਨਜ਼ਰ ਆਉਂਦੀ ਹੈ ਉਥੇ ਹੀ ਇਹ ਅਜੋਕੇ ਪੰਜਾਬੀ ਸਮਾਜ ਵਿੱਚ ਪੈਦਾ ਹੋ ਰਹੀਆ ਨਵੀਆਂ ਸਮਾਜਕ ਸਮੱਸਿਆਵਾਂ ਦੇ ਸੰਦਰਭ ਵਿੱਚ ਵੀ ਗੱਲ ਕਰਦੀ ਹੈ।ਵਿਦੇਸ਼ੋ ਆਈ ਗੁਰਨਾਜ਼ ਆਪਣੇ ਬੱਚਿਆਂ ਨਾਲ ਪਿੰਡ ਆਪਣੇ ਭਰਾ ਨੂੰ ਮਿਲਣ ਆਉਂਦੀ ਹੈ। ਪੰਜਾਬ ਆ ਕੇ ਇਥੋ ਦੀਆਂ ਬਦਲੀਆਂ ਸਮਾਜਕ ਸਥਿਤੀਆਂ ਨੂੰ ਦੇਖ ਕੇ ਉਹ ਬਹੁਤ ਪਰੇਸ਼ਾਨ ਹੁੰਦੀ ਹੈ। ਆਪਣੀ ਔਲਾਦ ਖਾਸ ਕਰਕੇ ਪੁੱਤਰਾਂ ਵੱਲੋ ਕੀਤੀ ਜਾ ਰਹੀ ਬੇਕਦਰੀ ਦਾ ਸੰਤਾਪ ਭੋਗ ਰਹੇ ਬਜ਼ੁਰਗ, ਨਸ਼ਿਆਂ ਵਿੱਚ ਗਰਕੇ ਨੌਜੁਆਨ ,ਲੋਭ ਲਾਲਚ ਵਿੱਚ ਡੁੱਬੇ ਲੋਕ ਦੇਖ ਕੇ ਉਹ ਬੇਚੈਨੀ ਮਹਿਸੂਸ ਕਰਦੀ ਹੈ। ਉਸ ਦੇ ਅਚੇਤ ਮਨ ਵਿੱਚ ਉਹੀ ਸਮਾਜਕ ਕਦਰਾਂ ਕੀਮਤਾਂ ਵਾਲਾ ਪੰਜਾਬ ਵਸ ਰਿਹਾ ਹੈ।ਉਸਦੀ ਇਸ ਬੇਚੈਨੀ ਨੂੰ ਉਦੋਂ ਕੁਝ ਸਕੂਨ ਮਿਲਦਾ ਹੈ ਜਦ ਉਹ ਆਪਣੀ ਬਚਪਨ ਦੀ ਸਹੇਲੀ ਜੋ ਕਿ ਸਮਾਜਕ ਤੌਰ ਤੇ ਨੀਵੀਂ ਜਾਤ ਨਾਲ ਸੰਬੰਧ ਰੱਖਦੀ ਹੈ, ਨੂੰ ਮਿਲਣ ਜਾਂਦੀ ਹੈ।ਉਸਦੇ ਘਰ ਜਾ ਉਹ ਉਸਦੇ ਬੱਚਿਆ ਦੀ ਲਿਆਕਤ ਅਤੇ ਉਸਦੀ ਜੀਵਨ ਜਾਚ ਤੋਂ ਪ੍ਰਭਾਵਿਤ ਹੋ ਜਾਤ ਬਰਾਦਰੀ ਦੀ ਹਊਮੇ ਤੋਂ ਉਪਰ ਉਠ ਕੇ ਆਪਣੇ ਪੁੱਤਰ ਦਾ ਰਿਸ਼ਤਾ ਉਸ ਦੀ ਬੇਟੀ ਨਾਲ ਕਰਨਾ ਤੈਅ ਕਰਦੀ ਹੈ ਅਤੇ ਕਹਿੰਦੀ ਹੈ:

"ਜੇ ਤੁਸੀ ਆਜ਼ਾਦੀ ਨਾਲ ਜਿਊਣਾ ਚਾਹੁੰਦੇ ਹੋ ਤਾਂ ਲੋਕਾ ਦੀ ਪ੍ਰਵਾਹ ਕਰਨੀ ਛੱਡਣੀ ਪਵੇਗੀ..।"... ਬੱਚੇ ਸਾਡੇ..ਜ਼ਿੰਦਗੀ ਸਾਡੀ... ਭਜਨੋ ਮੇਰੀਏ ਭੈਣੇ... ਜ਼ਮਾਨਾ ਬੜਾ ਅੱਗੇ ਲੰਘ ਚੁੱਕਿਐ...।ਲੋਕ ਜ਼ਾਤ ਜੂਤ ਨਹੀ ਕੈਰੀਅਰ ਵੇਖਦੇ ਆ...।"[6]

ਦੋਵੇ ਸਹੇਲੀਆਂ ਆਪਣੇ ਰਿਸ਼ਤੇ ਨੂੰ 'ਕੁੜਮਣੀਆਂ' ਦੇ ਰਿਸ਼ਤੇ ਵਿੱਚ ਬੰਨ ਕੇ ਪ੍ਰੰਪਰਕ ਸਮਾਜਕ ਰਵਾਇਤਾ ਨੂੰ ਤੋੜਦਿਆ ਇੱਕ ਨਵਾਂ ਸਮਾਜ ਸਿਰਜਣ ਦੀਆਂ ਇਛੁੱਕ ਪ੍ਰਤੀਤ ਹੁੰਦੀਆ ਹਨ। ਜਿੱਥੇ ਰਿਸ਼ਤਿਆ ਦਾ ਅਧਾਰ ਜਾਤ ਪਾਤ ਨਹੀ ਸਗੋ ਬੌਧਿਕ ਅਤੇ ਸਮਾਜਕ ਪੱਧਰ ਦੀ ਇਕਸਾਰਤਾ ਹੋਵੇ।

ਅਣਖ ਦੀ ਖਾਤਰ ਕੀਤੇ ਜਾਦੇ ਕਤਲ ਪੰਜਾਬੀ ਸਮਾਜ ਦੇ ਮੱਥੇ ਤੇ ਕਲੰਕ ਦੀ ਤਰਾਂ ਹਨ।ਇਸ ਵਿਸ਼ੇ ਦੀ ਗੱਲ ਕਰਦੀ ਕਹਾਣੀ 'ਸਮਾਂ ਤੁਰਦਾ ਹੈ' ਹੈ।ਆਪਣੀ ਜਾਤੀ ਹਉਮੇਂ ਨੂੰ ਸੰਤੁਸ਼ਟ ਕਰਨ ਲਈ ਕੀਤੇ ਜਾਂਦੇ ਇਹਨਾਂ ਕਤਲਾਂ ਵਿੱਚ ਨਾ ਸਿਰਫ ਸਰੀਰਿਕ ਰੂਪ ਵਿੱਚ ਇੱਕ ਵਿਅਕਤੀ ਦਾ ਕਤਲ ਹੁੰਦਾ ਹੈ, ਸਗੋਂ ਮਾਨਸਕ ਤੇ ਸਮਾਜਕ ਰੂਪ ਵਿੱਚ ਉਸ ਨਾਲ ਜੁੜਿਆ ਹਰ ਵਿਅਕਤੀ ਤੇ ਹਰ ਰਿਸ਼ਤਾ ਵੀ ਕਤਲ ਹੋ ਜਾਂਦਾ ਹੈ।ਕਹਾਣੀ ਵਿੱਚ ਦਰਸ਼ਨ ਸਿੰਘ ਦੀ ਹੋਣਹਾਰ ਧੀ ਸਿਰਫ ਇਸ ਲਈ ਉਸਦੇ ਪਿਤਾ ਤੇ ਭਰਾਵਾਂ ਵੱਲੋਂ ਕਤਲ ਕਰ ਦਿੱਤੀ ਜਾਂਦੀ ਹੈ ਕਿਉਂਕਿ ਉਹ ਆਪਣੇ ਜੀਵਨ ਸਾਥੀ ਵਜੋਂ ਜਾਤ ਬਾਹਰੇ ਨੀਵੀਂ ਜਾਤ ਦੇ ਮੁੰਡੇ ਦਾ ਸਾਥ ਚੁਣਦੀ ਹੈ।ਉਹ ਆਪਣੇ ਭਵਿੱਖ ਦਾ ਫੈਸਲਾ ਕਰਦੀ ਹੋਈ ਕਹਿੰਦੀ ਹੈ:

"ਮੈਂ ਆਪਣੇ ਭਵਿੱਖ ਦੀ ਖੁਦ ਜਿੰਮੇਵਾਰ ਆਂ...।ਵਿਆਹ ਦੇ ਸੰਬੰਧ ਵਿੱਚ ਤਹਾਨੂੰ ਟੈਨਸ਼ਨ ਲੈਣ ਦੀ ਜ਼ਰੂਰਤ ਨਹੀ...।ਮੇਰੀ ਨਜ਼ਰ ਵਿੱਚ ਇਕ ਮੁੰਡਾ ਹੈ।"[7]

ਪਰ ਉਸਦੇ ਅਖੌਤੀ ਉੱਚ ਜਾਤੀ ਦੇ ਪਰਿਵਾਰ ਨੂੰ ਇਹ ਗੱਲ ਮਨਜ਼ੂਰ ਨਹੀ ਹੁੰਦੀ ਅਤੇ ਉਹ ਉਸ ਨੂੰ ਮਾਰ ਮੁਕਾਉਂਦੇ ਹਨ।ਆਧੁਨਿਕ ਕਹੇ ਜਾਣ ਵਾਲੇ ਇਸ ਸਮਾਜ ਅੰਦਰ ਵੀ ਜਾਤੀ ਪ੍ਰਥਾ ਦੇ ਇਸ ਟੈਬੂ ਨੂੰ ਤੋੜਨਾ ਆਸਾਨ ਨਹੀ ਅਤੇ ਅੱਜ ਵੀ ਬਹੁਤ ਸਾਰੀਆਂ ਜੋੜੀਆਂ ਇਸ ਦੀ ਬਲੀ ਚੜਦੀਆਂ ਹਨ ਅਤੇ

ਪਰਿਵਾਰ ਇਸ ਦੀ ਭੇਟ ਚੜ ਖਤਮ ਹੋ ਜਾਂਦੇ ਹਨ।


ਕਹਾਣੀ 'ਕੋਈ ਤਾਂ ਹੈ' ਹਨੇਰੇ ਵਿੱਚ ਚਾਨਣ ਦੀ ਇੱਕ ਲੀਕ ਸਮਾਨ ਹੈ। ਪਿਤਰਕੀ ਸਮਾਜਿਕ ਸੰਰਚਨਾ ਦੀਆਂ ਵਾਰਸ ਸੱਸਾਂ ਆਪਣੀਆਂ ਨੂੰਹਾਂ ਦਾ ਜੀਣਾ ਇਸ ਲਈ ਹਰਾਮ ਕਰ ਦਿੰਦੀਆਂ ਹਨ ਕਿ ਉਹ ਧੀ ਨੂੰ ਜਨਮ ਨਾ ਦੇ ਕੇ ਪੁੱਤਾਂ ਦੀਆਂ ਮਾਵਾਂ ਈ ਬਣਨ। ਪਰ ਪਿਛਲੀ ਉਮਰੇ ਪੁੱਤਾਂ ਦੇ ਦਿੱਤੇ ਦਰਦ ਉਹਨਾਂ ਦੇ ਚੇਤਿਆਂ ਵਿੱਚ ਅਣਜੰਮੀਆਂ ਧੀਆਂ ਦੇ ਦਰਦ ਨੂੰ ਉਭਾਰ ਦਿੰਦੇ ਹਨ। ਅਮਰ ਕੌਰ ਵੀ ਆਪਣੀ ਸੱਸ ਦੀ ਸਤਾਈ ਹੋਈ, ਆਪਣੀ ਧੀ ਨੂੰ ਕੁੱਖ ਵਿੱਚ ਕਤਲ ਕਰਾ ਤਿੰਨ ਪੁੱਤਰਾਂ ਦੀ ਮਾਂ ਬਣਦੀ ਹੈ। ਪਰ ਬੁਢਾਪੇ ਵਿੱਚ ਉਸਦੇ ਪੁੱਤਰਾਂ ਅਤੇ ਨੂੰਹਾਂ ਦਾ ਸਲੂਕ ਉਸ ਨੂੰ ਆਪਣੀ ਭੈਣ ਕੋਲ ਜਾ ਕੇ ਰਹਿਣ ਲਈ ਮਜ਼ਬੂਰ ਕਰ ਦਿੰਦਾ ਹੈ। ਉਸਦੀ ਭੈਣ ਦੀ ਨੂੰਹ ਦਾ ਪਿਆਰ ਤੇ ਸਤਿਕਾਰ ਉਸਨੂੰ ਇਹ ਅਹਿਸਾਸ ਕਰਾਉਂਦਾ ਹੈ ਕਿ ਕੋਈ ਤਾਂ ਹੈ ਜੋ ਉਸ ਲਈ ਸੋਚਦਾ ਹੈ। ਦੂਸਰੇ ਪਾਸੇ ਜਦੋਂ ਉਸਦੀ ਭੈਣ ਆਪਣੀ ਨੂੰਹ ਨੂੰ ਗਰਭ ਟੈਸਟ ਕਰਾਉਣ ਲਈ ਜ਼ੋਰ ਪਾਉਂਦੀ ਹੈ ਤਾਂ ਅਮਰ ਕੌਰ ਉਸ ਨੂੰ ਆਪਣੀ ਉਦਾਹਰਨ ਦਿੰਦੀ ਹੈ ਕਿ ਉਹ ਪੁੱਤਾਂ ਦੀ ਮਾਂ ਹੋ ਕੇ ਕਿਹੜੇ ਸੁੱਖ ਭੋਗ ਰਹੀ ਹੈ, ਇਸ ਲਈ ਉਹ ਸਿਰਫ ਆਪਣੀ ਨੂੰਹ ਅਤੇ ਬੱਚੇ ਦੀ ਸਲਾਮਤੀ ਮੰਗੇ ਨਾ ਕਿ ਕੁਝ ਹੋਰ ਕਿਉਂਕਿ ਉਸਦੀ ਨੂੰਹ ਵੀ ਇਕ ਧੀ ਹੀ ਹੈ ਜੋ ਓਹਨਾਂ ਨੂੰ ਏਨਾ ਪਿਆਰ ਅਤੇ ਸਤਿਕਾਰ ਦਿੰਦੀ ਹੈ।

ਇਸ ਪ੍ਰਕਾਰ ਦੇ ਅਜੋਕੇ ਸਮਾਜਕ ਵਰਤਾਰਿਆਂ ਨਾਲ ਜੁੜੀਆਂ ਇਹ ਕਹਾਣੀਆਂ ਜੀਵਨ ਸੱਚ ਨੂੰ ਬਾਖੂਬੀ ਪੇਸ਼ ਕਰਦੀਆਂ ਹਨ।

**ਹਵਾਲੇ ਅਤੇ ਟਿੱਪਣੀਆਂ**


1. ਰਘਬੀਰ ਸਿੰਘ ਮਾਨ,ਕੋਈ ਤਾਂ ਹੈੜ,ਪੰਨਾ-10
2. ਓਹੀ-,ਪੰਨਾ-12
3. ਓਹੀ-,ਪੰਨਾ-28
4. ਉਹੀ-,ਪੰਨਾ-35
5. ਉਹੀ-,ਪੰਨਾ-41
6. ਉਹੀ-,ਪੰਨਾ-67
7. ਉਹੀ-,ਪੰਨਾ-76


**ਪਤਾ-ਲੈਕ. ਸ. ਸ. ਸ. ਸ (ਕੰ) ਸਮਰਾਲਾ**



ਆਲੋਚਨਾ ਲੇਖ

# ਪੰਜਾਬ ਦੀਆਂ ਪ੍ਰਮੁੱਖ ਸੰਪ੍ਰਦਾਵਾਂ ਦਾ ਇਤਿਹਾਸਕ ਪਰਿਪੇਖ

- ਜਮੀਤ ਕੌਰ

ਧਰਮ ਮਨੁੱਖ ਦੀ ਗੌਰਵਮਈ ਸਿਰਜਨ ਪ੍ਰਕਿਰਿਆ ਹੈ। ਧਰਮ ਅਤੇ ਮਨੁੱਖ ਦਾ ਆਪਸੀ ਰਿਸ਼ਤਾ ਮੱਧ-ਕਾਲ ਤੋਂ ਲੈ ਕੇ ਅਜੋਕੇ ਸਮੇਂ ਤੱਕ ਬਹੁਤ ਡੂੰਘਾ ਰਿਹਾ ਹੈ ਤੇ ਹਮੇਸ਼ਾਂ ਰਹੇਗਾ ਕਿਉਂਕਿ ਧਰਮ ਤੋਂ ਬਿਨਾਂ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀ ਕੀਤੀ ਜਾ ਸਕਦੀ। ਇਸੇ ਲਈ ਸਮੇਂ-ਸਮੇਂ ਤੇ ਗੁਰੂਆਂ, ਸੰਤਾਂ ਅਤੇ ਮਹਾਂਪੁਰਖਾਂ ਨੇ ਅਵਤਾਰ ਧਾਰਿਆ ਅਤੇ ਮਨੁੱਖ ਨੂੰ ਸਹੀ ਜੀਵਨ ਜਿਊਣ ਦੀ ਅਤੇ ਮਨੁੱਖੀ ਜੀਵਨ ਦਾ ਅਸਲ ਮਨੋਰਥ ਕੀ ਹੈ, ਇਸ ਗੱਲ ਦੀ ਸੋਝੀ ਦਿੱਤੀ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਜਦੋਂ ਤੋਂ ਸ਼੍ਰਿਸ਼ਟੀ ਦੀ ਸਿਰਜਨਾ ਹੋਈ ਹੈ ਉਦੋਂ ਤੋਂ ਗੁਰੂਆਂ, ਪੀਰਾਂ ਅਤੇ ਮਹਾਂਪੁਰਖਾਂ ਦਾ ਸਮਾਜ ਦੀ ਉਸਾਰੀ ਵਿੱਚ ਅਤੇ ਮਨੁੱਖੀ ਬੌਧਿਕਤਾ ਵਿੱਚ ਬਹੁਮੁੱਲਾ ਯੋਗਦਾਨ ਰਿਹਾ ਹੈ। ਇਸੇ ਲਈ ਇਹ ਭਾਰਤੀ ਅਧਿਆਤਮਵਾਦ ਦੀ ਖਿੱਚ ਦਾ ਕੇਂਦਰ ਰਹੇ ਹਨ। ਮਹਾਂਪੁਰਖਾਂ ਦਾ ਜੀਵਨ ਪਵਿੱਤਰ, ਸਦਾਚਾਰਕ ਅਤੇ ਨਿਰਮਲ ਹੁੰਦਾ ਹੈ। ਪਰ-ਉਪਕਾਰ ਦਾ ਸੰਦੇਸ਼ ਤਾਂ ਇਨ੍ਹਾਂ ਦੀ ਜੀਵਨ ਸ਼ੈਲੀ ਹੈ ਪ੍ਰੰਤੂ ਨਾਲ ਹੀ ਅਧਿਆਤਮਕਤਾ ਦੇ ਪ੍ਰਚਾਰ ਰਾਹੀਂ ਸਮੁੱਚੀ ਮਨੁੱਖਤਾ ਨੂੰ ਸੱਚ ਦੇ ਮਾਰਗ ਤੇ ਚੱਲਣਾ ਵੀ ਸਿਖਾਉਂਦੇ ਹਨ। ਮਹਾਂਪੁਰਖ ਨਿੰਦਾ, ਚੁਗਲੀ ਤੇ ਮਾਇਆ ਦੇ ਅਨੇਕਾਂ ਰੂਪਾਂ ਤੋਂ ਦੂਰ ਹੁੰਦੇ ਹਨ। ਜੀਵਾਂ ਦੀ ਭਲਾਈ ਬਾਰੇ ਸੋਚਣਾ, ਮਨੁੱਖਤਾ ਨੂੰ ਕੁਰਾਹੇ ਜਾਣ ਤੋਂ ਰੋਕਣਾ, ਪ੍ਰਮਾਤਮਾ ਦੀ ਹੋਂਦ ਬਾਰੇ ਜਾਣਕਾਰੀ ਦੇਣਾ ਅਤੇ ਮਨੁੱਖੀ ਜੀਵਨ ਨੂੰ ਸਫਲ ਬਣਾਉਣਾ ਹੀ ਮਹਾਂਪੁਰਖਾਂ ਦਾ ਜੀਵਨ ਉਦੇਸ਼ ਹੁੰਦਾ ਹੈ। ਇਸ ਲਈ ਸਮੇਂ-ਸਮੇਂ ਸਿਰ ਵੱਖ-ਵੱਖ ਧਾਰਮਿਕ ਲਹਿਰਾਂ, ਧਾਰਾਵਾਂ ਅਤੇ ਸੰਪ੍ਰਦਾਵਾਂ ਹੋਂਦ ਵਿੱਚ ਆਈਆਂ।

ਸੰਪ੍ਰਦਾਵਾਂ ਕਿਸੇ ਵੀ ਧਰਮ ਦੇ ਅਜਿਹੇ ਚੇਤਨਾ ਕੇਂਦਰ ਹੁੰਦੇ ਹਨ ਜਿਨ੍ਹਾਂ ਉਪਰ ਵਿਸ਼ੇਸ਼ ਮਨੁੱਖੀ ਤਬਕਾ ਬਹੁਤ ਫਖਰ ਮਹਿਸੂਸ ਕਰਦਾ ਹੈ। ਧਾਰਮਿਕ ਸੰਪ੍ਰਦਾਵਾਂ ਤੋਂ ਬਿਨਾਂ ਕਿਸੇ ਵੀ ਧਰਮ ਦਾ ਵਿਕਾਸ ਹੋਣਾ ਅਸੰਭਵ ਹੈ। ਕਿਸੇ ਵੀ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਸੰਪ੍ਰਦਾਵਾਂ ਦਾ ਹਮੇਸ਼ਾਂ ਹੀ ਵੱਡਾ ਯੋਗਦਾਨ ਰਿਹਾ ਹੈ। ਕਿਸੇ ਵੀ ਧਰਮ ਵਿੱਚ ਅਨੇਕਾਂ ਸੰਪ੍ਰਦਾਵਾਂ ਹੋ ਸਕਦੀਆਂ ਹਨ। ਇਸੇ ਲਈ ਮੁੱਢ ਤੋਂ ਹੀ ਹਿੰਦੁਸਤਾਨ ਵੱਖ-ਵੱਖ ਸੰਪ੍ਰਦਾਵਾ ਦਾ ਧੁਰਾ ਰਿਹਾ ਹੈ। ਉੱਤਰੀ ਭਾਰਤ ਦੀਆਂ ਸੰਪ੍ਰਦਾਵਾਂ ਵਿੱਚ ਵੱਖ-ਵੱਖ ਸੰਪ੍ਰਦਾਵਾਂ ਦਾ ਵਿਸ਼ੇਸ਼ ਸਥਾਨ ਰਿਹਾ ਹੈ ਜਿਵੇਂ ਸੂਫੀ ਮੱਤ ਸੰਪ੍ਰਦਾਇ, ਉਦਾਸੀ ਸੰਪ੍ਰਦਾਇ, ਸੇਵਾ ਪੰਥੀਆਂ ਸੰਪ੍ਰਦਾਇ, ਨਿਹੰਗ ਸੰਪ੍ਰਦਾਇ ਤੇ ਨਾਮਧਾਰੀ ਸੰਪ੍ਰਦਾਇ ਆਦਿ। ਭਾਵੇਂ ਗੁਰੂ ਨਾਨਕ ਦੇਵ ਜੀ ਦੁਆਰਾ ਮਿਸ਼ਨ ਨੂੰ ਅੱਗੇ ਤੋਰਨ ਦਾ ਕਾਰਜ ਉਨ੍ਹਾਂ ਦੁਆਰਾ ਸਥਾਪਿਤ ਉਤਰਾਧਿਕਾਰੀ ਹੀ ਕਰਦੇ ਰਹੇ ਸਨ ਪਰ ਨਾਲ ਹੀ ਉਨ੍ਹਾਂ ਵਿਅਕਤੀਆਂ ਦਾ ਵੀ ਸਤਿਕਾਰ ਕੀਤਾ ਗਿਆ ਜਿਨ੍ਹਾਂ ਨੇ ਧਰਮ ਪ੍ਰਸਾਰ ਦੇ ਇਸ ਕਾਰਜ ਵਿੱਚ ਆਪਣੇ-ਆਪ ਵਿੱਚ ਸਮਰਪਤ ਕੀਤਾ। ਨਿਰਮਲਿਆਂ, ਉਦਾਸੀਆਂ, ਸੇਵਾ ਪੰਥੀਆਂ, ਨਿਹੰਗਾਂ ਤੇ ਨਾਮਧਾਰੀਆਂ ਨੂੰ ਇਸੇ ਸ਼੍ਰੇਣੀ ਵਿੱਚ ਵੇਖਿਆ ਜਾ ਸਕਦਾ ਹੈ।

ਸੂਫੀ ਮੱਤ ਇਸਲਾਮੀ ਚਿੰਤਨ ਦਾ ਅਧਿਆਤਮਕ ਅੰਗ ਹੈ। ਇਸਲਾਮੀ ਜਗਤ ਵਿੱਚ ਸੂਫੀ ਜਾਂ ਵਲੀ-ਅਲਾਹਾ ਨੂੰ ਅਤਿ ਉੱਚਤਮ ਅਤੇ ਸਤਿਕਾਰ ਭਰਿਆ ਸਥਾਨ ਦਿੱਤਾ ਗਿਆ ਹੈ ਕਿਉਂਕਿ ਸੂਫੀ ਉਹ ਵਿਅਕਤੀ ਹੁੰਦਾ ਹੈ ਜੋ ਤਮਾਮ ਦੁਨੀਆਂ ਦੀਆਂ ਬੁਰਾਈਆਂ ਤੋਂ ਪਾਕ ਹੋਵੇ ਤੇ ਰੱਬ ਦੇ ਨੇੜੇ ਹੋਵੇ। ਇਸ ਲਈ ਸੂਫੀ ਮੱਤ ਦੇ ਵਿਕਾਸ ਵਿੱਚ ਸੂਫੀ ਸੰਪ੍ਰਦਾਵਾਂ ਨੇ ਧਰਮ ਕਾਰਜ ਵਿੱਚ ਮਹੱਤਵਪੂਰਣ ਰੋਲ ਅਦਾ ਕੀਤਾ ਹੈ। ਪੰਜਾਬ ਤੇ ਪੰਜਾਬੀ ਸਹਿਤ ਵਿੱਚ ਪ੍ਰਮੁੱਖ ਰੂਪ ਵਿੱਚ ਚਾਰ ਸੂਫੀ ਸੰਪ੍ਰਦਾਵਾਂ ਕਾਦਰੀ, ਚਿਸ਼ਤੀ, ਨਕਸਬੰਦੀ ਅਤੇ ਸੋਹਰਵਰਦੀ ਦਾ ਵਿਸ਼ੇਸ਼, ਵਿਲੱਖਣ ਤੇ ਮਹੱਤਵਪੂਰਣ ਸਥਾਨ ਹੈ।

ਉਦਾਸੀ ਸੰਪ੍ਰਦਾਇ ਸਿੱਖ ਧਰਮ ਦਾ ਇੱਕ ਅਟੁੱਟ ਅੰਗ ਹੈ। ਸਿੱਖ ਧਰਮ ਦੇ ਪ੍ਰਚਾਰ ਅਤੇ ਗੁਰਧਾਮਾਂ ਦੀ ਸੇਵਾ-ਸੰਭਾਲ ਵਿੱਚ ਉਦਾਸੀ ਸੰਪ੍ਰਦਾਇ ਦੇ ਸੰਤਾਂ ਨੇ ਵਡਮੁੱਲਾ ਯੋਗਦਾਨ ਪਾਇਆ ਹੈ। ਇਨ੍ਹਾਂ ਦੀ ਘਾਲਣਾ ਸਦਕਾ ਹੀ ਔਖੇ ਸਮੇਂ ਵਿੱਚ ਵੀ ਸਿੱਖੀ ਵਿਕਾਸ ਮੁੱਖੀ ਦਿਸ਼ਾ ਵੱਲ ਨਿਰੰਤਰ ਚੱਲਦੀ ਰਹੀ ਹੈ। ਇਸ ਸੰਪ੍ਰਦਾਇ ਦਾ ਸਬੰਧ ਗੁਰੂ ਨਾਨਕ ਦੇਵ ਜੀ ਨਾਲ ਜੋੜਿਆ ਜਾਂਦਾ ਹੈ ਤੇ ਖਾਸ ਕਰਕੇ ਉਨਾਂ ਦੇ ਪੁੱਤਰ ਬਾਬਾ ਸ੍ਰੀ ਚੰਦ ਤੋਂ ਮੰਨਿਆ ਜਾਂਦਾ ਹੈ।

ਸੇਵਾ ਪੰਥੀ ਸੰਪ੍ਰਦਾਇ ਉਹ ਸੰਪ੍ਰਦਾਇ ਹੈ ਜਿਸ ਉਪਰ ਗੁਰੂ ਗੋਬਿੰਦ ਸਿੰਘ ਜੀ ਦੀ ਅਪਾਰ ਬਖਸ਼ਿਸ਼ ਹੋਈ ਸੀ। ਭਾਈ ਕਨ੍ਹੱਈਆ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਸੇਵਾ ਕਰਦੇ ਸਨ ਜਿਨ੍ਹਾਂ ਦੀ ਸੇਵਾ ਦੇ ਫਲ ਸਰੂਪ ਸੇਵਾ ਪੰਥੀ ਸੰਪ੍ਰਦਾਇ ਹੋਂਦ ਵਿੱਚ ਆਈ। ਆਨੰਦਪੁਰ ਸਾਹਿਬ ਵਿਖੇ ਜਦੋਂ ਮੁਗਲ ਤੇ ਪਹਾੜੀ ਰਾਜਿਆਂ ਦੀ ਫੌਜ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਘੇਰ ਲਿਆ ਤੇ ਬੜੇ ਘਮਸਾਨ ਦਾ ਯੁੱਧ ਹੋਇਆ। ਭਾਈ ਕਨ੍ਹੱਈਆ ਜੀ ਸਤਲੁੱਜ ਦਰਿਆ ਤੇ ਪੁੱਜ ਜਾਂਦੇ, ਪਾਣੀ ਦੀਆਂ ਮਸਕਾਂ ਭਰ ਕੇ ਲਿਆਂਦੇ ਤੇ ਬਿਨ੍ਹਾਂ ਕਿਸੇ ਭੇਦ-ਭਾਵ ਦੇ ਹਿੰਦੂ ਤੇ ਮੁਸਲਮਾਨ, ਸਾਰੇ ਜ਼ਖਮੀਆਂ ਦੀ ਪਾਣੀ ਨਾਲ ਸੇਵਾ ਕਰਦੇ। ਲੋਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਪਾਸ ਭਾਈ ਕਨ੍ਹੱਈਆ ਜੀ ਦੀ ਸ਼ਿਕਾਇਤ ਕੀਤੀ। ਗੁਰੂ ਗੋਬਿੰਦ ਸਿੰਘ ਜੀ ਵਲੋਂ ਇਸ ਦਾ ਕਾਰਨ ਪੁੱਛਣ ਤੇ ਭਾਈ ਕਨ੍ਹੱਈਆ ਜੀ ਨੇ ਇਹ ਜੁਵਾਬ ਦਿੱਤਾ ਕਿ ਮੈਨੂੰ ਤਾਂ ਸਭ ਵਿੱਚ ਪ੍ਰਮਾਤਮਾ ਦਿਖਾਈ ਦੇ ਰਿਹਾ ਹੈ ਕਿਉਂਕਿ ਆਪ ਦਾ ਵੀ ਇਹ ਹੀ ਉਪਦੇਸ਼ ਹੈ। ਭਾਈ ਜੀ ਦਾ ਉੱਤਰ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾਂ ਭਾਈ ਸਿੱਖ। ਘਨਯਾ ਰਾਮ ਬ੍ਰਹਮ ਗਿਆਨੀ ਸੱਚਾ ਸੰਤ ਸਮਦਰਸੀ ਹੈਂ ਤੇ ਨਾਲ ਹੀ ਸਤਿਗੁਰਾਂ ਨੇ ਪ੍ਰਸੰਨ ਹੋ ਕੇ ਭਾਈ ਕਨ੍ਹੱਈਆ ਨੂੰ ਸੇਵਾ ਦੀ ਬਖਸ਼ਿਸ਼ ਕਰ ਦਿੱਤੀ।

ਨਿਹੰਗ ਸਿੰਘ ਸੰਪ੍ਰਦਾਇ ਦਾ ਅਠਾਰਵੀਂ ਸਦੀ ਵਿੱਚ ਸਿੱਖ ਧਰਮ ਵਿੱਚ ਬਹੁਤ ਮਹੱਤਵਪੂਰਣ ਯੋਗਦਾਨ ਰਿਹਾ ਹੈ ਕਿਉਂਕਿ ਸਿੱਖਾਂ ਤੇ ਮੁਗਲਾਂ ਦੇ ਸੰਘਰਸ਼ ਵਿੱਚ ਇਨ੍ਹਾਂ ਮਰਜੀਵੜਿਆਂ ਨੇ ਸੀਸ ਤਲੀ ਤੇ ਧਰ ਕੇ ਧਰਮ ਦੀ ਖਾਤਰ ਬਹੁਤ ਭਾਰੀਆਂ ਕੁਰਬਾਨੀਆਂ ਦਿੱਤੀਆਂ। ਨਿਹੰਗ ਸਿੰਘਾਂ ਨੂੰ ਪ੍ਰੀਭਾਸ਼ਿਤ ਕਰਦੇ ਹੋਏ ਇਹ ਵਿਚਾਰ ਪੇਸ਼ ਕੀਤਾ ਜਾਂਦਾ ਹੈ ਕਿ ਇਹ ਲੋਕ ਅਜਿੱਤ, ਅਦਿੱਖ ਤੇ ਬੜੇ ਸੂਰਵੀਰ ਮੰਨੇ ਗਏ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਨਿਹੰਗ ਸ਼ਬਦ ਸੰਸਕ੍ਰਿਤ ਸ਼ਬਦ ਨੇਹ-ਸੰਖ ਦਾ ਵਿਕਰਿਤ ਰੂਪ ਹੈ, ਜਿਸ ਦਾ ਅਰਥ ਹੈ- ਨਿਰਲੇਪ, ਬੇਪ੍ਰਵਾਹ, ਆਤਮਗਿਆਨੀ, ਦਵੰਦ ਦਾ ਤਿਆਗੀ, ਜੋ ਆਪਣੇ ਪਾਸ ਕੁਝ ਨਾ ਰੱਖੇ, ਰੋਗ-ਸੋਗ ਤੋਂ ਬੇਪ੍ਰਵਾਹ, ਵੰਡ ਕੇ ਛਕਣ ਵਾਲਾ, ਸੱਚਾ, ਸੁੱਚਾ, ਸ਼ੁੱਧ ਆਦਿ।

ਨਾਮਧਾਰੀ ਸੰਪ੍ਰਦਾਇ ਵੀ ਸਿੱਖ ਧਰਮ ਦੀ ਬਾਕੀ ਸੰਪ੍ਰਦਾਵਾਂ ਵਾਂਗ ਇੱਕ ਧਾਰਮਿਕ ਸੰਪ੍ਰਦਾ ਹੈ। ਚਾਹੇ ਇਹ ਸੰਪ੍ਰਦਾ ਆਪਣੀ ਜੀਵਨ ਜਾਂਚ ਕਰਕੇ ਨਿਆਰਾ ਭੇਸ ਰੱਖਦੀ ਹੈ ਪਰ ਫਿਰ ਵੀ ਇਸ ਨੂੰ ਗੈਰ-ਸਿੱਖ ਸੰਪ੍ਰਦਾਇ ਨਹੀਂ ਕਿਹਾ ਜਾ ਸਕਦਾ। ਨਾਮਧਾਰੀ ਸੰਪ੍ਰਦਾਇ ਉਨੀਵੀਂ ਸਦੀ ਦੇ ਦੂਜੇ ਅੱਧ ਵਿੱਚ ਉਸ ਵੇਲੇ ਪੈਦਾ ਹੋਈ ਜਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਢਹਿ-ਢੇਰੀ ਹੋ ਰਿਹਾ ਸੀ ਤੇ ਹਿੰਦੁਸਤਾਨ ਵਿੱਚ ਅੰਗਰੇਜ਼ਾਂ ਦਾ ਰਾਜ ਸਥਾਪਿਤ ਹੋ ਰਿਹਾ ਸੀ। ਜਦੋਂ ਅੰਗਰੇਜ਼ ਪੰਜਾਬ ਉਪਰ ਕਾਬਜ਼ ਹੋਏ ਤਾਂ ਉਨ੍ਹਾਂ ਨੇ ਆਪਣੀ ਕੂਟ-ਨੀਤੀ ਰਾਹੀਂ ਹੋਰ ਧਰਮਾਂ ਵਾਂਗ ਸਿੱਖੀ ਨੂੰ ਵੀ ਢਾਹ ਲਾਉਣੀ ਸ਼ੁਰੂ ਕਰ ਦਿਤੀ ਤੇ ਈਸਾਈ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਸ਼ੁਰੂ ਕਰ ਦਿੱਤਾ। ਉਸ ਸਮੇਂ ਅਜਿਹੇ ਸੱਚੇ ਸੁੱਚੇ ਆਚਰਣ ਵਾਲੇ ਯੁੱਗ ਪੁਰਸ਼ ਸਾਹਮਣੇ ਆਏ ਜਿਨ੍ਹਾਂ ਨੂੰ ਬਾਬਾ ਰਾਮ ਸਿੰਘ ਕਿਹਾ ਗਿਆ। ਨਾਮਧਾਰੀ ਸੰਪ੍ਰਦਾ ਦਾ ਆਰੰਭ ਭਾਵੇਂ ਬਾਬਾ ਬਾਲਕ ਸਿੰਘ ਜੀ ਦੇ ਰੂਹਾਨੀ ਉਪਦੇਸ਼ ਤੇ ਤੇਜੱਸਵੀ ਪ੍ਰਭਾਵ ਨਾਲ ਹੋਇਆ ਪਰ ਇਸ ਲਹਿਰ ਨੂੰ ਮੂਲ ਰੂਪ ਵਿੱਚ ਵਿਕਸਤ ਬਾਬਾ ਰਾਮ ਸਿੰਘ ਜੀ ਨੇ ਕੀਤਾ। 1857 ਵਿੱਚ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੀ ਸਖਸ਼ੀ ਅੰਮ੍ਰਿਤ ਦੀ ਦਾਤ ਨੂੰ ਸੰਚਾਰਤ ਕੀਤਾ ਤੇ ਧਰਮ ਕਾਰਜ ਨੂੰ ਨੇਪਰੇ ਚਾੜ੍ਹਣ ਦਾ ਪ੍ਰਣ ਲਿਆ ਤੇ ਭੈਣੀ ਸਾਹਿਬ ਵਿਖੇ ਧਰਮ ਪ੍ਰਚਾਰ

ਆਰੰਭ ਕੀਤਾ। ਇਉਂ ਨਾਮਧਾਰੀ ਸੰਪ੍ਰਦਾ ਇੱਕ ਲਹਿਰ ਦੇ ਰੂਪ ਵਿੱਚ ਸਾਹਮਣੇ ਆਈ।

ਭਾਵੇਂ ਸਿੱਖ ਧਰਮ ਦੇ ਇਤਿਹਾਸ ਵਿਚ ਸਮੇਂ-ਸਮੇਂ ਵੱਖ-ਵੱਖ ਸੰਪ੍ਰਦਾਵਾਂ ਸਾਹਮਣੇ ਆਈਆਂ ਤੇ ਆਪਣੇ-ਆਪਣੇ ਖੇਤਰ ਵਿੱਚ ਕਾਰਜਸ਼ੀਲ ਰਹੀਆਂ ਹਨ ਪਰ ਇਨ੍ਹਾਂ ਵਿਚੋਂ ਸਭ ਤੋਂ ਨਵੇਕਲਾ ਸਥਾਨ ਨਿਰਮਲ ਸੰਪ੍ਰਦਾਇ ਦਾ ਹੈ। ਜਿਸ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਹੋਇਆ। ਭਾਈ ਗੁਰਦਾਸ ਵੀ ਆਪਣੀ ਬਾਣੀ ਵਿੱਚ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਇਸ ਸੰਪ੍ਰਦਾ ਦੇ ਪ੍ਰਵਰਤਕ ਸ੍ਰੀ ਗੁਰੂ ਲਾਨਕ ਦੇਵ ਜੀ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ:-

**''ਮਾਰਿਆ ਸਿੱਕਾ ਜਗਤਿ ਵਿੱਚ, ਨਾਨਕ ਨਿਰਮਲ ਪੰਥ ਚਲਾਇਆ''**

(ਭਾ: ਗੁਰ 1/45, ਪੰਨਾ 1409)

ਜਨਮ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦੇ ਦਰ ਤੋਂ ਨਾਮ ਦੀ ਪ੍ਰਾਪਤੀ ਕਰਕੇ ਵੇਈਂ ਨਦੀ ਵਿਚੋਂ ਬਾਹਰ ਪ੍ਰਗਟ ਹੋਏ ਤਾਂ ਗੁਰੂ ਜੀ ਦਾ ਅਨਨਯ ਭਗਤ ਸਿੱਖ ਭਾਈ ਭਾਗੀਰਥ ਸ਼ਰਧਾ ਪੂਰਵਕ ਤਿੰਨ ਦਿਨ ਤੋਂ ਸਤਿਗੁਰੂ ਦੇ ਦਰਸ਼ਨਾਂ ਲਈ ਇਕਾਗਰਚਿਤ ਨਦੀ ਕਿਨਾਰੇ ਖੜ੍ਹਾ ਰਿਹਾ। ਉਸ ਦੀ ਸ਼ਰਧਾ ਅਤੇ ਭਗਤੀ ਦੇਖ ਕੇ ਸਤਿਗੁਰੂ ਜੀ ਨੇ ਉਸ ਨੂੰ ਮੂਲ-ਮੰਤਰ ਤੇ ਨਿਰਮਲ ਭੇਖ ਦੇ ਕੇ ਨਿਵਾਜਿਆ। ਇੰਜ ਭਾਈ ਭਾਗੀਰਥ ਪਹਿਲੇ ਨਿਰਮਲ ਸੰਤ ਹੋਏ ਹਨ। ਇਸੇ ਕਰਕੇ ਸਿੱਖ ਇਤਿਹਾਸ ਵਿਚ ਇਹ ਪ੍ਰਵਾਨਿਤ ਹੈ ਕਿ ਨਿਰਮਲ ਸੰਪ੍ਰਦਾਇ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੋਇਆ ਜੋ ਦਸਮ ਗੁਰੂ ਗੋਬਿੰਦ ਸਿੰਘ ਜੀ ਤੱਕ ਵਿਧੀ-ਬਧ ਦਸਾਂ ਗੁਰੂਆਂ ਦੀ ਆਗਿਆ ਅਨੁਸਾਰ ਦੇਸ਼ ਦੇ ਵਿਭਿੰਨ ਹਿੱਸਿਆਂ ਵਿੱਚ ਧਰਮ ਪਚਾਰ ਕਰਦੇ ਰਹੇ। ਇਤਿਹਾਸਕਾਰਾਂ ਨੇ ਨਿਰਮਲ ਸ਼ਬਦ ਨੂੰ ਇੰਝ ਪ੍ਰਭਾਸ਼ਿਤ ਕੀਤਾ ਹੈ:-

**ਅਵਿਦਿਆ, ਮੈਲ ਰਹਿਤ, ਨਿਰਮਲ ਧਰਮ, ਖਾਲਸਾ ਧਰਮ, ਸਿੱਖ ਧਰਮ,**

**ਨਿਰਮਲ ਪੰਥ ਸਿੱਖ ਸੰਪਰਦਾਇ ਅਹਿਨਿਸ ਨਵਤਨ ਨਿਰਮਲਾ ਮੈਲ ਨ ਕਬਹੁ ਹੋਇ**

ਸਿੱਖ ਧਰਮ ਧਾਰਨ ਵਾਲਾ ਗੁਰੂ ਨਾਨਕ ਦਾ ਸਿੱਖ ਸਾਧ ਸੰਗ ਹੋਏ ਲਿਰਮਲਾ ਨਾਨਕ ਪ੍ਰਭ ਕੇ ਰੰਗ, ਸ਼ਬਦ ਰਤੇ ਸੋ ਲਿਰਮਲੇ ਦੁਨੀਆਂ ਦੇ ਪ੍ਰਮੁੱਖ ਧਰਮਾਂ ਵਿਚੋਂ ਸਿੱਖ ਧਰਮ ਨੂੰ ਸਭ ਤੋਂ ਨਵੀਨ ਤੇ ਤਰਕ-ਸੰਗਤ ਧਰਮ ਹੋਣ ਦਾ ਮਾਣ ਹਾਸਲ ਹੈ, ਬਿਨ੍ਹਾਂ ਭੇਦ-ਭਾਵ ਸਰਬੱਤ ਦਾ ਭਲਾ ਮੰਨਣ ਵਾਲਾ ਧਰਮ। ਇਸੇ ਲਈ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਪੰਡਤ ਰਘੂਨਾਥ ਨੇ ਸਿੱਖਾਂ ਨੂੰ ਇਹ ਕਹਿ ਕੇ ਸੰਸਕ੍ਰਿਤ ਪੜ੍ਹਾਉਣ ਤੋਂ ਹਿਨਕਾਰ ਕਰ ਦਿੱਤਾ ਕਿ ਸਿੱਖ ਨੀਵੀਂ ਜਾਤੀ ਵਿੱਚੋਂ ਹਨ, ਬ੍ਰਹਮਣ ਜਾਂ ਕਸ਼ੱਤਰੀ ਨਹੀਂ, ਇਸ ਵਾਸਤੇ ਸਿੱਖ ਦੇਵ ਭਾਸ਼ਾ ਪੜ੍ਹਣ ਦੇ ਅਧਿਕਾਰੀ ਨਹੀਂ ਹਨ। ਇਸ ਤੇ ਗੁਰੂ ਜੀ ਨੇ 1686 ਵਿੱਚ ਵਿਸ਼ੇਸ਼ ਸਮਾਗਮ ਰਾਹੀਂ ਸੰਗਤ ਨੂੰ ਇਕੱਤਰ ਕੀਤਾ ਤੇ ਪੰਜ ਸਿੱਖ ਸੰਤ ਕਰਮ ਸਿੰਘ ਜੀ, ਸੰਤ ਗੰਢਾ ਸਿੰਘ ਜੀ, ਸੰਤ ਵੀਰ ਸਿੰਘ ਜੀ, ਸੰਤ ਸੈਣਾ ਸਿੰਘ ਜੀ ਅਤੇ ਸੰਤ ਰਾਮ ਸਿੰਘ ਜੀ ਨੂੰ ਸੰਸਕ੍ਰਿਤ ਪੜ੍ਹਣ ਵਾਸਤੇ ਕਾਸ਼ੀ ਭੇਜ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਵਿੱਚੋਂ ਜਿੰਨੀ ਮਹੱਤਤਾ ਪੰਜ ਪਿਆਰਿਆਂ ਦੀ ਸਾਜਨਾ ਦੀ ਹੈ ਉਨ੍ਹੀ ਮਹੱਤਤਾ ਇਨ੍ਹਾਂ ਪੰਜ ਸਿੱਖਾਂ ਨੂੰ ਕਾਸ਼ੀ ਭੇਜਣ ਦੀ ਹੈ। ਇੰਜ ਉਤਰੀ ਭਾਰਤ ਦੀਆਂ ਸਾਰੀਆਂ ਸੰਪ੍ਰਦਾਵਾਂ ਵਿਚੋਂ ਨਿਰਮਲ ਸੰਪ੍ਰਦਾਇ ਸਿੱਖ ਧਰਮ ਦੀ ਪ੍ਰਸਿੱਧ ਸੰਪ੍ਰਦਾਇ ਹੈ।

ਸਮੇਂ ਦੇ ਬੀਤਣ ਨਾਲ ਪੰਜਾਬ ਵਿੱਚ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਤੋਂ ਪ੍ਰਭਾਵਿਤ ਹੋ ਕੇ ਮਹਾਰਾਜਾ ਪਟਿਆਲਾ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਅਤੇ ਵੱਖ-ਵੱਖ ਪੱਖਾਂ ਤੇ ਵਿਚਾਰ ਕਰਨ ਲਈ ਨਿਰਮਲੇ ਸੰਤਾਂ ਨੂੰ ਪਟਿਆਲੇ ਆਉਣ ਦਾ ਸੱਦਾ ਦਿੱਤਾ, ਗੱਲ-ਬਾਤ ਕਰਨ ਉਪਰੰਤ ਧਰਮ ਕਾਰਜ ਨੂੰ ਪ੍ਰਫੁੱਲਤ ਕਰਨ ਲਈ ਪਟਿਆਲੇ ਵਿਖੇ ਹੀ ਤੋਪਖਾਨਾ **ਰੋਡ** ਤੇ ਇੱਕ ਵੱਡੀ ਹਵੇਲੀ ਸੌਂਪ ਦਿੱਤੀ ਅਤੇ ਧਰਮ-ਧਜਾ ਨਾਂ ਰੱਖ ਕੇ ਧਾਰਮਿਕ ਵਿੱਦਿਆ ਕੇਂਦਰ ਸਥਾਪਤ ਕਰ ਦਿੱਤਾ। ਪੰਜਾਬ ਵਿੱਚ ਨਿਰਮਲੇ

ਵਿਦਵਾਨਾਂ ਲਈ ਇਹ ਪਹਿਲਾ ਸਥਾਈ ਠਿਕਾਣਾ ਬਣਿਆ। ਇਸ ਤੋਂ ਬਾਅਦ ਮਹਾਰਾਜਾ ਜੀ ਨਾਭਾ ਤੇ ਫਰੀਦਕੋਟ ਨੇ ਆਪੋ-ਆਪਣੀਆਂ ਰਿਆਸਤਾਂ ਵਿੱਚ ਕੁਝ ਪਿੰਡਾਂ ਦੀ ਜ਼ਮੀਨ ਧਰਮ-ਧਜਾ ਦੇ ਲਾਮ ਲਗਵਾ ਦਿੱਤੀ। ਇਹ ਜਾਗੀਰਾਂ ਆਮਦਨੀ ਦਾ ਸਾਧਨ ਬਣੀਆਂ ਅਤੇ ਧਰਮ ਦੇ ਵਿਕਾਸ ਕਾਰਜ ਵਿੱਚ ਵੀ ਸਹਾਈ ਹੋਈਆਂ।

ਵੀਹਵੀਂ ਸਦੀ ਦੇ ਆਰੰਭ ਵਿੱਚ ਸਿੱਖ ਕੌਮ ਦੀ ਵਾਗ-ਡੋਰ ਰਾਜਨੀਤਿਕ ਆਗੂਆਂ ਨੇ ਸੰਭਾਲ ਲਈ ਅਤੇ ਇਸ ਸੰਪ੍ਰਦਾਇ ਨੂੰ ਸਿੱਖ ਧਰਮ ਨਾਲੋਂ ਨਿਖੇੜ ਕੇ ਵੱਖ ਕਰ ਦਿੱਤਾ ਗਿਆ ਅਤੇ ਗੁਰਦੁਆਰਿਆਂ ਵਿੱਚ ਪ੍ਰਚਾਰ ਕਰਨ ਤੋਂ ਵਰਜਿਤ ਕਰ ਦਿਤਾ। ਨਤੀਜਾ ਇਹ ਹੋਇਆ ਕਿ ਇਨ੍ਹਾਂ ਨੇ ਹਰਿਦੁਆਰ ਅਤੇ ਪਟਿਆਲਾ ਵਿਖੇ ਸਥਾਪਿਤ ਕੇਂਦਰਾਂ ਤੋਂ ਧਰਮ-ਪ੍ਰਚਾਰ ਆਰੰਭ ਕਰ ਦਿੱਤਾ। ਇਨ੍ਹਾਂ ਦੀ ਵਿਚਾਰਧਾਰਾ, ਵਿੱਦਿਆ ਅਤੇ ਅਧਿਐਨ ਨੂੰ ਮੁੱਖ ਰੱਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨੇ ਸਿੱਖ-ਮੱਤ ਦੇ ਸਿਧਾਂਤਾਂ ਨੂੰ ਹੀ ਆਪਣੀ ਸੰਪ੍ਰਦਾਇ ਦੇ ਮੂਲ ਸਿਧਾਂਤ ਸਵੀਕਾਰ ਕਰਕੇ ਉਨ੍ਹਾਂ ਦੀ ਵਿਆਖਿਆ ਵੇਦਾਂਤ ਅਨੁਸਾਰ ਕੀਤੀ ਹੈ। ਨਿਰਮਲ ਸੰਪ੍ਰਦਾਇ ਦੇ ਮਹੰਤ ਗਣੇਸਾ ਸਿੰਘ ਅਨੁਸਾਰ 17 ਸੰਪ੍ਰਦਾਇ ਮਨੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਪੰਜਾਬ ਵਿੱਚ ਸਥਿਤ ਇਸ ਪ੍ਰਕਾਰ ਹਨ:-

ਠੀਕਰੀਵਾਲਾ (**ਪੰਜਾਬ**) **ਖਡੂਰ ਸਾਹਿਬ, ਮੁਕਤਸਰ, ਡਰੋਲੀ ਭਾਈ, ਬਰਨਾਲਾ, ਨਿਰਮਲ ਕੁਟੀਆ ਜੋਹਲਾ (ਜਲੰਧਰ) ਆਦਿ।** ਇਸੇ ਹੀ ਸੰਪ੍ਰਦਾਇ ਦੇ ਮਹੰਤ ਦਿਆਲ ਸਿੰਘ ਨੇ ਨਿਰਮਲ **ਪੰਥ ਦਰਸ਼ਨ** ਵਿੱਚ ਸੰਪ੍ਰਦਾਇ ਦੇ ਕੇਂਦਰਾਂ ਦੀ ਗਿਣਤੀ 33 ਦੱਸੀ ਹੈ ਜਿਨ੍ਹਾਂ ਵਿਚੋਂ ਪੰਜਾਬ ਵਿੱਚ ਪ੍ਰਮੁੱਖ ਕੇਦਰ ਇਸ ਪ੍ਰਕਾਰ ਹਨ:-

**ਬਰਨਾਲਾ, ਡਰੋਲੀ, ਮੁਕਤ-ਸਰੀਨ, ਜਲਾਲ, ਸੇਖਵਾਂ ਦੋਦਾ, ਠੀਕਰੀਵਾਲਾ, ਦੋਧਰ ਆਦਿ।**

ਭਾਰਤੀ ਸਾਹਿਤ ਦਰਸ਼ਨ ਵਿੱਚ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦਾ ਇੱਕ ਨਿਵੇਕਲਾ ਅਤੇ ਮਹੱਤਵਪੂਰਣ ਸਥਾਨ ਹਨ ਪਰ ਜੇਕਰ ਸਾਹਿਤ ਦੇ ਇਤਿਹਾਸ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਦਵਾਨਾਂ ਨੂੰ ਕੇਵਲ ਸੰਸਕ੍ਰਿਤ, ਹਿੰਦੀ ਤੇ ਬ੍ਰਜੀ ਦੇ ਸਾਹਿਤਕਾਰ ਹੀ ਪ੍ਰਵਾਨ ਕੀਤਾ ਗਿਆ ਹੈ। ਇਨ੍ਹਾਂ ਦੁਆਰਾ ਰਚਿਤ ਪੰਜਾਬੀ ਸਾਹਿਤ ਕੋਈ ਬਹੁਤ ਮਹੱਤਵਪੂਰਨ ਦਰਜਾ ਹਾਸਲ ਨਹੀਂ ਕਰ ਸਕਿਆ ਤੇ ਅੱਜ ਤੱਕ ਅਣਗੌਲਿਆ ਹੀ ਰਿਹਾ ਹੈ।

**ਪਤਾ-ਐਸੋ. ਪ੍ਰੋ. ਪੰਜਾਬੀ ਵਿਭਾਗ, ਪੀ. ਜੀ. ਸਰਕਾਰੀ ਕਾਲਜ (ਲੜਕੀਆਂ), ਸੈਕਟਰ-11, ਚੰਡੀਗੜ੍ਹ।**

**ਸਹਾਇਕ ਪੁਸਤਕਾਂ**

1. ਸਰਬਜਿੰਦਰ ਸਿੰਘ, (ਡਾ.) (ਸੰਪਾ:), ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਭਾਗ ਪਹਿਲਾ), ਯੂਨੀਵਰਸਿਟੀ, ਪਟਿਆਲਾ।
2. ਕਾਨ੍ਹ ਸਿੰਘ, (ਭਾਈ), ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ।
3. ਗਿਆਨ ਸਿੰਘ (ਗਿਆਨੀ), ਨਿਰਮਲ ਪੰਥ ਪ੍ਰਦੀਪਕਾ, ਭਾਸ਼ਾ ਵਿਭਾਗ, ਪਟਿਆਲਾ।
4. ਮਨਮੋਹਨ ਸਿੰਘ, ਸੂਫੀ ਮਤ ਤੇ ਧਾਰਮਿਕ ਲਹਿਰਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
5. ਉਦਾਸੀ ਸੰਪ੍ਰਦਾਇ ਅਤੇ ਸਿੱਖ ਪੰਥ, ਗੋਬਿੰਦ ਸਦਨ ਇੰਸਟੀਚਿਊਟ ਫਾਰ ਐਡਵਾਸ ਸਟੱਡੀਜ਼ ਇਨ ਕੰਪਰੇਟਿਵ ਰਿਲੀਜਨ, ਨਵੀਂ ਦਿੱਲੀ।

## ਮੇਰਾ ਸਟੱਡੀ ਟੇਬਲ/- ਭਗਵੰਤ ਰਸੂਲਪੁਰੀ


ਆਪਣੇ ਸਟੱਡੀ ਟੇਬਲ ਉੱਤੇ ਮੈਂ ਆਪਣੀ ਖਰੀਦੀ ਹੋਈ ਕਿਤਾਬ, ਮੈਗਜ਼ੀਨ ਜਾਂ ਕਿਸੇ ਅਖ਼ਬਾਰ ਦੀ ਕਟਿੰਗ ਰੱਖਦਾ ਰਹਿੰਦਾ ਹਾਂ। ਕਹਾਣੀ ਧਾਰਾ ਦੇ ਰੀਵਿਊ ਲਈ ਜਿਹੜੀਆਂ ਪੁਸਤਕਾਂ ਆਉਂਦੀਆਂ ਹਨ। ਉਹ ਵੀ ਪਹਿਲਾਂ ਮੇਰੇ ਸਟੱਡੀ ਟੇਬਲ ਉੱਤੇ ਪਹੁੰਚਦੀਆਂ ਹਨ। ਇਨ੍ਹਾਂ ਕਿਤਾਬਾਂ ਵਿਚੋਂ ਜਿਹੜੀਆਂ ਉਤਮ ਦਰਜੇ ਦੀਆਂ ਪੁਸਤਕਾਂ ਹੁੰਦੀਆਂ ਹਨ ਜਿਨ੍ਹਾਂ ਤੇ ਮੈਂ ਪਰਚੇ 'ਕਹਾਣੀ ਧਾਰਾ' ਲਈ ਲੇਖ ਲਿਖਵਾਉਂਣੇ ਹੁੰਦੇ ਹਨ ਉਹ ਵੱਖਰੀਆਂ ਕੱਢ ਲੈਂਦਾ ਹਾਂ, ਜਿਨ੍ਹਾਂ ਦੇ ਛੋਟੇ ਰੀਵਿਊ ਕਰਨੇ ਹੁੰਦੇ ਹਨ, ਉਹ ਵੱਖਰੀਆਂ ਕਰ ਲੈਂਦਾ ਹਾਂ। ਕੁੱਝ ਕਿਤਾਬਾਂ ਉਹ ਵੀ ਹੁੰਦੀਆਂ ਹਨ ਜਿਨ੍ਹਾਂ ਨੂੰ ਨਜ਼ਰ ਅੰਦਾਜ਼ ਕਰਨਾ ਹੁੰਦਾ ਹੈ, ਜਿਨ੍ਹਾਂ ਬਾਰੇ ਚੁੱਪ ਹੀ ਰਹਿਣਾ ਹੁੰਦਾ ਹੈ ਉਹ ਵੀ ਪਈਆਂ ਰਹਿੰਦੀਆਂ ਹਨ। ਕੁਝ ਮੈਗਜ਼ੀਨ ਹੁੰਦੇ ਹਨ ਜਿਨ੍ਹਾਂ ਨੂੰ ਹੌਲੀ ਹੌਲੀ ਪੜ੍ਹਨਾ ਹੁੰਦਾ ਹੈ। ਕੁੱਝ ਕਿਤਾਬਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਵਾਰ ਵਾਰ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਪੜ੍ਹਨ ਨੂੰ ਮਨ ਨਹੀਂ ਕਰਦਾ, ਉਹ ਕਿਤਾਬਾਂ ਸਟੱਡੀ ਟੇਬਰ ਤੋਂ ਤਿਲਕ ਕੇ ਅੱਖਾਂ ਤੋਂ ਦੂਰ ਚਲੇ ਜਾਂਦੀਆਂ ਹਨ। ਅਗਲੇ ਪੰਨਿਆਂ ਤੇ ਮੈਂ ਜਿਨ੍ਹਾਂ ਪੁਸਤਕਾਂ ਅਤੇ ਕੁੱਝ ਮੈਗਜ਼ੀਨਾ ਦਾ ਜ਼ਿਕਰ ਕਰ ਰਿਹਾ ਹਾਂ ਜਿਨ੍ਹਾਂ ਨੂੰ ਸਮੇਂ ਸਮੇਂ ਟੁਕੜਿਆਂ ਵਿਚ ਪੜ੍ਹਿਆ ਮੇਰੇ ਮਨ ਵਿਚ ਜੋ ਵਿਚਾਰ ਵੀ ਚੇਤੇ ਰਹੇ ਉਹ ਹੀ ਲਿਖ ਰਿਹਾ ਹਾਂ। ਬਾਕੀ ਰਹਿ ਗਈਆਂ ਪੁਸਤਕਾਂ ਦਾ ਜ਼ਿਕਰ ਇਸੇ ਕਾਲਮ ਵਿਚ ਅਗਲੇ ਅੰਕ ਵਿਚ ਕਰਾਗਾ।





**ਗੁਰਦਾਸ ਰਾਮ ਆਲਮ ਦਾ 'ਮੇਰਾ ਜੀਵਨ ਪੰਧ'** ਕੁਝ ਕਿਤਾਬਾਂ ਤੁਹਾਨੂੰ ਮੱਲੋ ਮੱਲੀ ਆਪਣੇ ਵੱਲ ਖਿੱਚ ਲੈਂਦੀਆਂ ਹਨ। ਤੁਸੀਂ ਬਾਕੀ ਕਿਤਾਬਾਂ ਵਿਚਕਾਰ ਹੀ ਪੜ੍ਹਨੀਆਂ ਛੱਡ ਕੇ ਉਸ ਕਿਤਾਬ ਨੂੰ ਪੜ੍ਹਨ ਲੱਗ ਪੈਂਦੇ ਹਨ। ਪਿੱਛੇ ਜਿਹੇ ਸਵੈ ਜੀਵਨੀ ਮੂਲਕ ਲਿਖਤਾਂ ਵਾਲੀ ਗੁਰਦਾਸ ਰਾਮ ਆਲਮ ਦੀ ਕਿਤਾਬ 'ਮੇਰਾ ਜੀਵਨ ਪੰਧ' ਮਿਲੀ। ਜਿਸ ਨੂੰ ਸੋਹਣ ਸਹਿਜਲ ਨੇ ਸੰਪਾਦਤ ਕੀਤਾ ਹੈ। ਸੋਹਣ ਨੂੰ ਇਸ ਗੱਲ ਦੀ ਬਹੁਤ ਵਧਾਈ ਦਿੰਦਾ ਹਾਂ ਕਿ ਉਸ ਨੇ ਲੋਕ ਕਵੀ ਆਲਮ ਦੀਆਂ ਹਨੇਰੇ ਵਿਚ ਪਈਆਂ ਲਿਖਤਾਂ ਨੂੰ ਲੱਭ ਕੇ ਪੁਸਤਕ ਦਾ ਰੂਪ ਦੇ ਦਿੱਤਾ ਹੈ। ਆਲਮ ਦੀਆਂ ਇਹ ਲਿਖਤਾਂ, ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣ ਕੇ ਉਭਰੀ 'ਜਨਤਕ ਲਹਿਰ' ਵਿਚ ਕਿਸੇ ਸਮੇਂ ਲੜੀਵਾਰ ਛਪਦੀਆਂ ਰਹੀਆਂ ਸਨ। ਮੈਨੂੰ ਇਨ੍ਹਾਂ ਲਿਖਤਾਂ ਬਾਰੇ ਪਹਿਲਾਂ ਪਤਾ ਸੀ। ਪਰ ਇਸ ਦੇ ਸਰੋਤ ਲੱਭ ਨਹੀਂ ਸੀ ਰਹੇ। ਆਪਣੇ ਸਵੈ ਜੀਵਨੀਮੂਲਕ ਅਨੁਭਵਾਂ ਵਿਚ ਆਲਮ ਨੇ ਅੱਜ ਤੋਂ ਤਕਰੀਬਨ ਸੌ ਸਾਲ ਪਹਿਲਾਂ ਦੇ ਦਲਿਤਾਂ ਦੀ ਸਮਾਜਿਕ ਇਤਿਹਾਸਕਾਰੀ ਕੀਤੀ ਹੈ। ਆਪਣੇ ਦਲਿਤ ਸਮਾਜ ਨੂੰ ਚੇਤਨ ਕਰਨ ਦੇ ਨਿੱਕੇ ਨਿੱਕੇ ਸੰਘਰਸ਼, ਸਮਾਜ ਵਿਚ ਸਥਿਤੀ, ਆਪਣੇ ਆਪਣੇ ਗੁਰਬਤ ਦੇ ਦਿਨ ਦਾ ਜ਼ਿਕਰ ਬੜਾ ਬੇਬਾਕੀ ਨਾਲ ਕੀਤਾ ਹੈ। ਆਲਮ ਦਲਿਤ ਲਹਿਰਾਂ ਅਤੇ ਦੁਆਬੇ ਦੇ ਦਲਿਤ ਅਦੀਬਾਂ ਪ੍ਰਤੀ, ਲੇਖਕਾਂ ਪ੍ਰਤੀ ਅਤੇ ਸਮਾਜ ਪ੍ਰਤੀ ਪਏ ਹੋਏ ਬਹੁਤ ਸਾਰੇ ਧੁੰਦਲਕੇ

ਦੂਰ ਕਰਦਾ ਹੈ। ਉਸ ਵੇਲੇ ਆਲਮ ਵਰਗੇ ਹੋਰ ਅਦੀਬ ਜਿਨ੍ਹਾਂ ਵਿਚੋਂ ਮੰਗੂ ਰਾਮ ਮੁੱਗੋਵਾਲੀਆਂ ਤੇ ਪੰਡਤ ਬਖ਼ਸ਼ੀ ਰਾਮ ਪ੍ਰਮੁੱਖ ਸਨ ਪ੍ਰਮੁੱਖ ਸਨ ਸਮਾਜ ਨੂੰ ਚੇਤਨ ਤੇ ਸੰਗਠਤ ਕਰਨ ਲਈ ਹਰ ਯਤਨ ਕਰ ਰਹੇ ਸਨ।


**ਨਿਰੰਜਣ ਬੋਹੇ ਦੇ ਹਿੱਸੇ ਦਾ ਅਦਬੀ ਸੱਚ** ਬੋਹਾ ਦੀ ਇਹ ਕਿਤਾਬ ਮੇਰੇ ਸਟੱਡੀ ਟੇਬਲ ਦੇ ਕਾਫੀ ਦੇਰ ਦੀ ਪਈ ਹੋਈ ਹੈ। ਇਸ ਕਿਤਾਬ ਨੂੰ ਬਿਲਕੁੱਲ ਨਜ਼ਰ ਅੰਦਾਜ਼ ਨਹੀਂ ਕਰ ਸਕਦਾ ਸਾਂ। ਕਿਉਂਕਿ ਇਸ ਪੁਸਤਕ ਵਿਚ ਬੋਹਾ ਨੇ ਸਾਹਿਤ, ਲੇਖਕ, ਸਾਹਿਤ ਸਭਾਵਾਂ, ਸਾਹਿਤਕ ਗੋਸ਼ਟੀਆਂ ਅਤੇ ਹੋਰ ਬਹੁਤ ਸਾਰੇ ਸਾਹਿਤਕ ਮਸਲਿਆਂ ਉੱਤੇ ਬੜਾ ਬੇਬਾਕ ਹੋ ਕੇ ਲਿਖਿਆ ਹੈ। ਇਹ ਕਿਤਾਬ ਮੈਂ ਟੁਕੜਿਆਂ ਵਿਚ ਪੜ੍ਹੀ ਹੈ। ਪਰ ਪੂਰੀ ਪੜ੍ਹੀ ਬਗੈਰ ਛੱਡ ਨਾ ਸਕਿਆ। ਬੋਹਾ ਦਾ ਸਾਹਿਤਕ ਵਰਤਾਰੇ ਪ੍ਰਤੀ ਆਲੋਚਨਾਤਮਕ ਨਜ਼ਰੀਆਂ ਹੀ ਉਸ ਦੀ ਰਚਨਾ ਨੂੰ ਮੁੱਲਵਾਨ ਬਣਾਉਂਦਾ ਹੈ। ਪੰਜਾਬੀ ਸਾਹਿਤ ਵਿਚ ਇਸ ਕਿਸਮ ਦਾ ਗੰਧਲਾਪਨ ਫੈਲ ਗਿਆ ਹੈ ਕਿ ਬਹੁਤ ਸਾਰੇ ਲੇਖਕ, ਪਾਠਕ ਥਰਡ ਡਿਗਰੀ ਨਾਲ ਪੁਸਤਕਾਂ ਦੀ ਤਰੀਫ਼, ਰਚਨਾਵਾਂ ਦੀ ਬੱਲੇ ਬੱਲੇ, ਮਾੜਾ ਲਿਖਣ ਵਾਲੇ ਲੇਖਕਾਂ ਨੂੰ ਵੰਝ ਤੇ ਚੜ੍ਹਾਉਂਦੇ ਹਨ ਕਿ ਲੇਖਕ ਐਸਾ ਭਰਮ ਜ਼ਾਲ ਵਿਚ ਫਸਦਾ ਜਾਂਦਾ ਹੈ ਕਿ ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ। ਇਨ੍ਹਾਂ ਲੇਖਾਂ ਵਿਚ ਬਹੁਤ ਸਾਰੇ ਪ੍ਰਸੰਗ ਲੇਖਕ ਸਹਿਜ ਸੁਭਾ ਹੀ ਅਚੇਤ ਰੂਪ ਵਿਚ ਲਿਖ ਗਿਆ ਹੈ ਜਿਹੜੇ ਤਿੱਖੀ ਛੁਰੀ ਵਰਗਾ ਕੱਟ ਲਾਉਂਦੇ ਹਨ। ਪੰਜਾਬੀ ਸਾਹਿਤਕ ਗੋਸ਼ਟੀਆਂ ਦਾ ਵਰਤਾਰਾ ਦੇ ਅਨੇਕਾਂ ਪਸਾਰ ਪੁਸਤਕ ਵਿਚੋਂ ਪੜ੍ਹਨ ਨੂੰ ਲੱਭਦੇ ਹਨ। ਸਾਹਿਤਕ ਗੋਸ਼ਟੀਆਂ ਵਿਚ ਧੱਕੇ ਨਾਲ ਸਟੇਜ ਤੇ ਬੋਲਣ ਵਾਲਿਆਂ ਬਾਰੇ ਪੁਸਤਕ ਵਿਚ ਕਿਰਪਾਲ ਕਜ਼ਾਕ ਦਾ ਲਤੀਫਾ ਏਥੇ ਦੇਣਾ ਜ਼ਰੂਰੀ ਸਮਝਦਾ ਹਾਂ। ਜਿਸ ਨੇ ਕਿਤਾਬ ਪੜ੍ਹੀ ਵੀ ਨਹੀਂ ਹੁੰਦੀ, "ਕੋਈ ਵਿਅਕਤੀ ਆਟਾ ਪਿਹਾਉਣ ਜਾਣ ਵੇਲੇ ਆਪਣੇ ਇਕ ਲੇਖਕ ਦੋਸਤ ਨੂੰ ਵੀ ਆਪਣੇ ਨਾਲ ਲੈ ਗਿਆ। ਜਦੋਂ ਚੱਕੀ ਵਾਲਾ ਆਟਾ ਤੋਲ ਰਿਹਾ ਸੀ ਤਾਂ ਨਾਲ ਆਇਆ ਲੇਖਕ ਉਸ ਨੂੰ ਰੋਹਬ ਨਾਲ ਬੋਲਿਆ ਕਿ ਉਹ ਆਟਾ ਰੋਲ ਰੋਲ ਕੇ ਪਾਵੇ। ਚੱਕੀ ਵਾਲੇ ਨੂੰ ਲੇਖਕ ਦੀ ਗੱਲ ਸਮਝ ਨਾ ਆਈ, ਕਿਉਂ ਕਿ ਉਸ ਦੀ ਵੀਹ ਸਾਲਾਂ ਦੀ ਦੁਕਾਨਦਾਰੀ ਦੌਰਾਨ ਕਿਸੇ ਵੀ ਗ੍ਰਾਹਕ ਨੇ ਅਜਿਹੀ ਸਿਫਾਰਸ਼ ਨਹੀਂ ਸੀ ਕੀਤੀ। ਜਦੋਂ ਚੱਕੀ ਮਾਲਕ ਨੇ ਬੜੀ ਨਿਮਰਤਾ ਨਾਲ ਉਸ ਲੇਖਕ ਤੋਂ ਆਟਾ ਰੋਲ ਕੇ ਪਾਉਣ ਦਾ ਮਤਲਬ ਪੁੱਛਿਆ ਤਾਂ ਲੇਖਕ ਬੜੇ ਸਹਿਜ ਨਾਲ ਬੋਲਿਆ ਕਿ ਮਤਲਬ ਮੁਤਲੁਬ ਦਾ ਮੈਨੂੰ ਵੀ ਪਤਾ ਨਹੀਂ ਪਰ ਜੇ ਮੈਂ ਆਪਣੇ ਦੋਸਤ ਨਾਲ ਆਇਆ ਹਾਂ ਤਾਂ ਕੋਈ ਰਾਇ ਦੇਣ ਦਾ ਮੇਰਾ ਵੀ ਫਰਜ਼ ਬਣਦਾ ਹੈ। ਇਸ ਤਰ੍ਹਾਂ ਦੇ ਅਜਿਹੇ ਬੁਲਾਰੇ ਆਪਣੀ ਹੋਂਦ ਜਤਾਉਣ ਲਈ ਕਈ ਵਾਰ ਸਾਹਿਤਕ ਸਟੇਜਾਂ ਤੇ ਇਸ ਤਰ੍ਹਾਂ ਦੇ ਵੀ ਵਿਖਿਆਨ ਵੀ ਕਰ ਜਾਂਦੇ ਹਨ ਜਿਸ ਦਾ ਕੋਈ ਅਰਥ ਹੀ ਨਹੀਂ ਹੁੰਦਾ। ਸੋ ਬੋਹਾ ਨੇ ਆਪਣੀ ਪੁਸਤਕ ਵਿਚ ਜਿਸ ਤਰ੍ਹਾਂ ਦੇ ਮਸਲੇ ਉਭਾਰੇ ਹਨ ਉਹ ਚਿੰਤਾਜਨਕ ਹਨ। ਉਹ ਫਰਜ਼ੀ ਸਾਹਿਤਕ ਕਾਰਜਾਂ ਤੇ ਲੇਖਕਾਂ ਤੇ ਤਰਕ ਨਾਲ ਡੈਂਟ ਪਾਉਂਦੇ ਹਨ।



**ਜਸਪਾਲ ਮਾਨਖੇੜਾ ਦਾ ਚੂਰ-ਭੂਰ** ਮਾਲਵੇ ਖੇਤਰ ਵਿਚ ਰਹਿਣ ਵਾਲੇ ਜਸਪਾਲ ਪੰਜਾਬੀ ਦਾ ਬਹੁਤ ਚੰਗੀਆਂ ਕਹਾਣੀਆਂ ਲਿਖਣ ਵਾਲਾ ਕਹਾਣੀਕਾਰ ਹੈ। ਆਪਣੇ ਸਟੱਡੀ ਟੇਬਰ ਤੇ ਪਈ ਇਸ




ਕਿਤਾਬ ਨੂੰ ਮੈਂ ਨਜ਼ਰ ਅੰਦਾਜ਼ ਨਾ ਕਰ ਸਕਿਆ। ਇਹ ਕਿਤਾਬ ਵੀ ਸਾਹਿਤ ਨਾਲ ਸਬੰਧਤ ਮਸਲਿਆਂ ਦੀ ਗੱਲ ਕਰਦੀ ਹੈ। ਕਿਤਾਬ ਵਿਚ ਉਹ ਆਪਣੇ ਬਚਪਨ ਦੇ ਉਨ੍ਹਾਂ ਸਾਥੀਆਂ ਦਾ ਜ਼ਿਕਰ ਕਰਦਾ ਹੈ ਜਿਹੜੇ ਉਸ ਦੇ ਮੁਢਲੇ ਸਕੂਲ ਵਿਚ ਸਾਥੀ ਰਹੇ ਸਨ। ਲੇਖਕ ਲਿਖਣ ਵਿਚ ਭਾਵੇਂ ਕਾਹਲੀ ਕਰਦਾ ਹੈ ਥੋੜੇ ਪੰਨਿਆਂ ਵਿਚ ਸਾਰਾ ਕੁੱਝ ਸਮੇਟ ਦਿੰਦਾ ਹੈ ਪਰ ਰੌਚਿਕ ਲੱਗਦੇ ਹਨ। ਬਦਲ ਰਹੇ ਆਪਣੇ ਪਿੰਡ ਬਾਰੇ ਵਿਸਥਾਰ ਨਾਲ ਲਿਖਦਾ ਹੈ। ਮਾਨਖੇੜੇ ਦੇ ਸਵੈ ਜੀਵਨੀ ਮੂਲਕ ਵੇਰਵੇ ਬੜੇ ਦਿਲਚਸਪ ਹਨ। ਪੁਸਤਕ ਦੇ ਅਗਲੇ ਭਾਗ ਵਿਚ ਜਸਪਾਲ ਨੇ ਆਪਣੇ ਕਹਾਣੀ ਦੇ ਸਿਰਜਣਾ ਦੇ ਪਲਾਂ ਨੂੰ ਲਿਖਿਆ ਹੈ। ਪਾਤਰਾਂ ਦਾ ਵਿਹਾਰ ਕਹਾਣੀਆਂ ਵਿਚ ਕਿਸ ਤਰ੍ਹਾਂ ਬਦਲਦਾ ਹੈ ਅਤੇ ਉਹ ਆਪਣੀ ਦ੍ਰਿਸ਼ਟੀ ਨਾਲ ਪਾਤਰ ਕਿਵੇਂ ਘੜਦਾ ਹੈ ਇਹ ਬਰੀਕ ਵੇਰਵੇ ਦਿਲਚਸਪ ਹਨ। ਕਿਤਾਬ ਵਿਚ ਜਸਪਾਲ ਆਪਣੇ ਕੁੱਝ ਗੂੜੇ ਸਾਹਿਤਕ ਮਿੱਤਰਾਂ ਬਾਰੇ ਵੀ ਲਿਖਦਾ ਹੈ।





**ਬਾਬਾ ਭਗਤ ਸਿੰਘ ਬਿਲਗਾ ਦਾ ਸਿਮਰਤੀ ਗ੍ਰੰਥ** ਅਕਸਰ ਹੀ ਦੇਸ਼ ਭਗਤ ਹਾਲ ਵਿਚ ਬਾਬਾ ਭਗਤ ਸਿੰਘ ਬਿਲਗਾ ਦੀਆਂ ਗੱਲਾਂ ਸੁਣਨ ਦਾ ਮੌਕਾ ਮਿਲਦਾ ਰਹਿੰਦਾ ਸੀ। ਉਹ ਦੇਸ਼ ਪ੍ਰਤੀ ਬਹੁਤ ਚਿੰਤਤ ਰਹਿੰਦੇ ਸਨ। ਸਮਕਾਲੀ ਰਾਜਨੀਤੀ ਤੇ ਤਿੱਖੇ ਵਿਅੰਗ ਕਰਦੇ ਸਨ। ਦਲਿਤ ਵਿਹੜਿਆਂ ਬਾਰੇ ਹਮੇਸ਼ਾ ਫ਼ਿਕਰਮੰਦ ਰਹਿੰਦੇ ਸਨ। ਗੋਪਾਲ ਸਿੰਘ ਬੁੱਟਰ ਨੇ ਬਾਬਾ ਜੀ ਬਾਰੇ ਵਿਸ਼ਾਲ ਅਕਾਰ ਦਾ ਗ੍ਰੰਥ ਤਿਆਰ ਕਰਕੇ ਬੜਾ ਵੱਡਾ ਕਾਰਜ ਪੂਰਾ ਕੀਤਾ ਹੈ। 375 ਪੰਨਿਆ ਵਿਚ ਫੈਲਿਆ ਬਾਬਾ ਜੀ ਦਾ ਜੀਵਨ ਪੜ੍ਹਨ ਨੂੰ ਮਿਲਦਾ ਹੈ। ਬਹੁਤ ਸਾਰੇ ਅਦੀਬਾਂ ਤੇ ਲੇਖਕਾਂ ਨੇ ਬਾਬਾ ਜੀ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਪੂਰੇ ਗ੍ਰੰਥ ਵਿਚ ਬਾਬਾ ਭਗਤ ਸਿੰਘ ਬਿਲਗਾ ਦਾ ਬਤੌਰ ਮਨੁੱਖ ਦੇ ਤੌਰ ਤੇ ਵੱਡਾ ਕੱਦ ਉਭਰ ਕੇ ਸਾਡੇ ਸਾਹਮਣੇ ਆਉਂਦਾ ਹੈ। 60 ਤੋਂ ਉਪਰ ਲੇਖਾਂ ਵਿਚ ਹਰ ਲੇਖਕ ਨੇ ਬਾਬੇ ਦੀ ਉੱਚੀ ਸੁੱਚੀ ਸਖ਼ਸ਼ੀਅਤ ਸਬੰਧੀ ਮੁੱਲਵਾਨ ਵਿਚਾਰ ਪੇਸ਼ ਕੀਤੇ ਹਨ। ਵੱਖ ਵੱਖ ਲੇਖ ਪੜ੍ਹਦਿਆਂ ਇੰਝ ਲੱਗਦਾ ਹੈ ਕਿ ਬਾਬਾ ਬਿਲਗਾ ਬਾਰੇ ਬਹੁਤੇ ਸਰੋਤ ਉਨ੍ਹਾਂ ਵੱਲੋਂ ਛਪੀਆਂ ਪੁਸਤਕਾਂ ਵਿਚੋਂ ਲਏ ਗਏ ਹਨ। ਗ੍ਰੰਥ ਪੜ੍ਹ ਕੇ ਬਾਬਾ ਬਿਲਗਾ ਦੀ ਸਮੁੱਚੀ ਜ਼ਿੰਦਗੀ ਅਤੇ ਉਨ੍ਹਾਂ ਦੇ ਕਾਰਜ ਸਾਡੇ ਸਾਹਮਣੇ ਆ ਜਾਂਦੇ ਹਨ। ਗੋਪਾਲ ਬੁੱਟਰ ਹੁਰਾਂ ਨੇ ਵੱਡ ਅਕਾਰੀ ਗ੍ਰੰਥ ਨੂੰ ਬੜੀ ਮਿਹਨਤ ਨਾਲ ਤਿਆਰ ਕੀਤਾ ਹੈ। ਉਹ ਇਸ ਗੱਲ ਲਈ ਵਧਾਈ ਦੇ ਪਾਤਰ ਹਨ। ਨਵੀਂ ਪੀੜ੍ਹੀ ਲਈ ਬਾਬਾ ਜੀ ਨੂੰ ਸਮਝਣ ਲਈ ਇਹ ਗ੍ਰੰਥ ਬਹੁਤ ਅਹਿਮ ਦਸਤਾਵੇਜ਼ ਦਾ ਕਾਰਜ਼ ਕਰੇਗਾ।

**ਬਲਦੇਵ 'ਬੱਦਨ' ਦੀ ਕਲਮ ਨਾਲ ਪ੍ਰਤੀਬੱਧਤਾ**-ਇਸ ਵਿਚ ਕੋਈ ਸ਼ੱਕ ਨਹੀਂ ਪੁਸਤਕ ਕਲਚਰ ਪੈਦਾ ਕਰਨ ਵਾਲੇ ਭਾਰਤ ਸਰਕਾਰ ਦੇ ਇਕੋ ਇਕ ਅਦਾਰੇ ਵਿਚ ਉੱਚੇ ਅਹੁਦੇ ਤੇ ਬੈਠ ਕੇ ਡਾ. ਬਲਦੇਵ ਸਿੰਘ 'ਬੱਦਨ' ਨੇ ਪੰਜਾਬੀ ਸਾਹਿਤ ਲਈ ਬਹੁਤ ਵੱਡਾ ਕਾਰਜ ਕੀਤਾ। ਇਸ ਦੇ ਨਾਲ ਨਾਲ ਉਹ ਆਪਣੇ ਨਿੱਜੀ ਖੋਜ ਕਾਰਜ, ਸੰਪਾਦਨਾਂ ਦੇ ਕੰਮ ਵੀ ਕਰਦਾ ਰਿਹਾ। ਪਿਛਲੇ ਸਮੇਂ ਵਿਚ ਆਈਆਂ ਉਸ ਦੀਆਂ ਦੋ ਤਿੰਨ ਪੁਸਤਕਾਂ ਨੇ ਮੇਰਾ ਧਿਆਨ ਖਿੱਚਿਆਂ ਹੈ। ਇਨ੍ਹਾਂ ਪੁਸਤਕਾਂ ਵਿਚ ਡਾ. ਸਿੰਗਲ ਦਾ ਯੋਗਦਾਨ ਹੈ। ਦੋ ਭਗਤ ਜੱਲ੍ਹਣ ਤੇ ਸਧਨਾ ਹੋਏ ਹਨ। ਉਨ੍ਹਾਂ ਦੀ ਬਾਣੀ ਅਤੇ ਜੀਵਨ ਤੇ ਕੇਂਦਰਤ ਉਸ ਦੀਆਂ ਦੋ ਪੁਸਤਕਾਂ ਬਹੁਤ ਅਹਿਮ ਮੰਨੀਆਂ ਗਈਆਂ ਹਨ। ਸਧਨਾ ਭਗਤ ਦਾ ਇਸ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਭਗਤਾਂ ਦੀ ਬਾਣੀ ਦੀ ਦਰਜ ਕੀਤੀ ਗਈ ਹੈ ਜਿਹੜੀ ਬਾਣੀ ਉਨ੍ਹਾਂ ਦੀ ਵਿਚਾਰਧਾਰਾ ਦੇ ਅਨੁਕੂਲ ਸੀ। ਸੋ ਸਧਨਾ ਦੀ ਅਤੇ ਜੱਲ੍ਹਣ ਦੀ ਬਾਣੀ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਡਾ. 'ਬੱਦਨ' ਦੀ ਇਕ ਹੋਰ ਅਨੁਵਾਦ ਪੁਸਤਕ 'ਸਵਾਮੀ ਵਿਵੇਕਾਨੰਦ ਦੀ ਬਾਣੀ, ਚਾਹ ਯੋਗ ਅਤੇ ਸ੍ਰੇਸ਼ਟ ਕਹਾਣੀਆਂ' ਹੈ। ਜਿਸ ਵਿਚ ਵਿਵੇਕਾਨੰਦ ਨੇ ਜਿਹੜੀਆਂ ਕਹਾਣੀਆਂ ਪੇਸ਼ ਕੀਤੀਆਂ ਹਨ ਉਹ ਵੱਖ-ਵੱਖ ਧਾਰਮਿਕ ਗ੍ਰੰਥਾਂ ਦੇ ਸਰੋਤਾਂ ਤੋਂ ਲਈਆਂ ਹਨ। ਉਨ੍ਹਾਂ ਕਹਾਣੀਆਂ ਵਿਚ ਉੱਚ ਜੀਵਨ ਅਚਾਰ ਹੈ। ਅੰਤ ਵਿਚ ਕਰਮ ਯੋਗ, ਭਗਤੀ ਯੋਗ, ਰਾਜ ਯੋਗ ਅਤੇ ਗਿਆਨ ਯੋਗ ਬਾਰੇ ਪੜ੍ਹਦਿਆਂ ਵਿਵੇਕਾਨੰਦ ਦੀ ਵਿਚਾਰਧਾਰਾ ਦਾ ਗਿਆਨ ਹੁੰਦਾ ਹੈ। ਇਹ ਲਿਖਤ ਰੋਮਾਂ ਰੋਲਾ ਦੀਆਂ ਹਨ। ਇਨ੍ਹਾਂ ਦੇ ਨਾਲ ਮੈਂ ਡਾ. ਬੱਦਨ ਵੱਲੋਂ ਅਨੁਵਾਦ ਕੀਤਾ ਗਿਆ ਡੀ. ਐਚ. ਲਾਰੈਂਸ ਦਾ ਨਾਵਲ ਲੇਡੀ ਚੈਟਰਲੀ ਦਾ ਪ੍ਰੇਮੀ' ਵੀ ਪੜ੍ਹ ਗਿਆ। ਇਸ ਤੋਂ ਪਹਿਲਾਂ ਮੈਂ ਲਾਰੈਂਸ ਦਾ 'ਦ ਫਾਸਟ ਲੈਡੀ ਚੈਟਰਲੇ'ਸ ਲਵਰ' ਹਿੰਦੀ ਅਨੁਵਾਦ ਵੀ ਪੜ੍ਹਿਆ ਸੀ। ਜਿਸ ਵਿਚੋਂ ਕੋਰਟ ਦੇ ਹੁਕਮਾਂ ਤੋਂ ਬਾਅਦ ਅਸ਼ਲੀਲ ਸਮਝੇ ਗਏ ਪ੍ਰਸੰਗ ਹਟਾ ਦਿੱਤੇ ਸਨ। ਕਿਸੇ ਸਮੇਂ ਵਿਵਾਦਾ ਵਿਚ ਘਿਰਿਆ ਰਿਹਾ ਨਾਵਲ ਮਨੁੱਖ ਦੀਆਂ ਅਤ੍ਰਿਪਿਤ ਖਾਹਸਾਂ ਦਾ ਪ੍ਰਗਟਾਵਾ ਕਰਦਾ ਹੈ।





**ਡਾ. ਜਵਾਹਰ ਧੀਰ ਦੀਆਂ ਜੀਵਨ ਦੀਆਂ ਯਾਦਾਂ** ਪਿਛਲੇ ਦਿਨ੍ਹਾਂ ਵਿਚ ਡਾ. ਜਵਾਹਰ ਧੀਰ ਦੀ ਕਿਤਾਬ ਮੇਰੇ ਟੇਬਲ ਤੇ ਪਹੁੰਚੀ। ਧੀਰ ਦੀ ਕੋਈ ਵੀ ਰਚਨਾ ਮੈਂ ਪਹਿਲਾਂ ਨਹੀਂ ਪੜ੍ਹੀ ਸੀ। ਅਚਾਨਿਕ ਕਿਤਾਬ ਚੁੱਕੀ ਤੇ ਪੜ੍ਹਨ ਲੱਗਾ। ਮੇਰੀ ਕਿਤਾਬ ਵਿਚ ਰੁਚੀ ਪੈਦਾ ਹੋਣ ਲੱਗ ਪਈ। ਆਤਮ




ਕਥਾ ਵਰਗੀਆਂ ਯਾਦਾਂ ਦੇ ਟੁਕੜੇ ਮੈਂ ਤਿੰਨ ਚਾਰ ਪੜ੍ਹ ਗਿਆ। ਅਖਬਾਰਾਂ ਵਿਚ ਮਿਡਲ ਛਾਪਣ ਦੀ ਆਪਣੀ ਪ੍ਰੰਪਰਾ ਰਹੀ ਹੈ। ਇਹ ਟੁਕੜੇ ਵੀ ਆਖਬਾਰੀ ਸਪੇਸ ਨੂੰ ਧਿਆਨ ਵਿਚ ਰੱਖ ਕੇ ਲਿਖੇ ਗਏ ਸਨ। ਜੇਕਰ ਧੀਰ ਨੇ ਉਂਝ ਹੀ ਸਵੈ ਜੀਵਨੀ ਲਿਖਣੀ ਹੁੰਦੀ ਤਾਂ ਲੇਖਾਂ ਦੀ ਸ਼ਕਲ ਹੋਰ ਹੋਣੀ ਸੀ ਅਤੇ ਉਸ ਨੇ ਖੁੱਲ੍ਹਾਂ ਵੀ ਲੈ ਲੈਣੀਆਂ ਸਨ। ਪਰ ਧੀਰ ਨੇ ਇਨ੍ਹਾਂ ਟੁਕੜਿਆਂ ਵਿਚ ਕਹਾਣੀ ਵਰਗੀ ਇਕ ਮਰੋੜੀ ਹੈ। ਜਿਹੜੀ ਉਹ ਲੇਖ ਦੇ ਅੰਤ ਵਿਚ ਖੋਹਲਦਾ ਹੈ। ਜਿਹੜੀ ਮਰੋੜੀ ਲੇਖ ਨੂੰ ਦਿਲਚਸਪ ਬਣਾ ਦਿੰਦੀ ਹੈ। ਪਹਿਲਾਂ ਲੇਖ 'ਕਿੱਥੇ ਗਏ ਉਹ ਬਚਪਨ ਦੇ ਦਿਨ' ਵਿਚ ਪੜ੍ਹਾਉਣ ਵਾਲੇ ਅਧਿਆਪਕ ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।ਆਪਣੇ ਡਾਕਟਰੀ ਦੇ ਅਨੁਭਵ ਵੀ ਉਹ ਸਾਂਝੇ ਕਰਦਾ ਹੋਇਆ ਲੋਕਾਂ ਦੇ ਵਤੀਰੇ ਬਾਰੇ ਲਿਖਦਾ ਹੈ। ਸਮੁੱਚੀ ਪੁਸਤਕ ਵਿਚ ਇਕ ਪਾਤਰ ਵਜੋਂ ਧੀਰ ਬਹੁਤ ਉੱਚਾ ਸੁੱਚਾ ਤੇ ਸਿਆਣਾ ਤੇ ਹਰ ਪੱਖ ਤੋਂ ਸੰਪੂਰਨ ਵਿਅਕਤੀ ਉਭਰਦਾ ਹੈ। ਧੀਰ ਨੇ ਨਿੱਕੇ ਨਿੱਕੇ ਟੁਕੜਿਆਂ ਵਿਚ ਸਮਾਜ ਦੇ ਹਰ ਪੱਖ ਨੂੰ ਪੇਸ਼ ਕੀਤਾ ਹੈ। ਚਾਹੇ ਉਹ ਪੁਲਿਸ ਤੰਤਰ ਹੋਵੇ, ਚਾਹੇ ਜਾਹਲੀ ਡਿਗਰੀ ਦਾ ਮਸਲਾ ਹੋਵੇ ਜਾਂ ਅਦਾਲਤਾਂ ਦੀ ਕਾਰਵਾਈ। ਅਸਲ ਵਿਚ ਇਹ ਧੀਰ ਦੀ ਕਹਾਣੀ ਨਹੀਂ ਬਲਕਿ ਭਾਰਤੀ ਬੰਦੇ ਦੀ ਕਹਾਣੀ ਹੈ ਜਿਹੜਾ ਨਿੱਤ ਦਿਨ ਸਮਾਜ ਦੇ ਮਸਲਿਆਂ ਨਾਲ ਦੋ ਚਾਰ ਹੁੰਦਾ ਹੈ।

ਕਿਤਾਬ ਦਿਲਚਸਪ ਹੈ ਜਿਹੜੀ ਪੜ੍ਹੀ ਜਾਂਦੀ ਹੈ। ਇਸ ਕਿਤਾਬ ਲਈ ਮੈਂ ਧੀਰ ਨੂੰ ਵਧਾਈ ਦਿੰਦਾ ਹਾਂ।





**ਬਲਬੀਰ ਪਰਵਾਨਾ ਦਾ ਪਿੰਡ ਦਾ ਦਰਦ**

ਪਹਿਲਾਂ ਪਹਿਲ ਬਲਬੀਰ ਪਰਵਾਨਾ ਦੀ ਕਵਿਤਾ ਦਾ ਮੈਂ ਪਾਠਕ ਸਾਂ, ਫਿਰ ਕਹਾਣੀ ਪੜ੍ਹਨ ਲੱਗਾ, ਉਪਰੰਤ ਉਸ ਦੇ ਹਰ ਸਾਲ ਛਪਦੇ ਨਵੇਂ ਨਾਵਲ ਦਾ ਪਾਠਕ ਬਣ ਗਿਆ। ਭਾਵੇਂ ਉਸ ਦੀ ਪਛਾਣ ਹੁਣ ਨਾਵਲਕਾਰ ਦੇ ਤੌਰ ਤੇ ਗੂੜ੍ਹੀ ਹੋਈ ਹੈ। ਪਰ ਉਸ ਨੇ ਪਹਿਲਾਂ ਪਹਿਲ ਅਨੇਕਾਂ ਮਿੰਨੀ ਕਹਾਣੀਆਂ ਵੀ ਲਿਖੀਆਂ ਸਨ। ਜਿਸ ਨੂੰ ਇਕ ਪੁਸਤਕ ਵਿਚ ਉਸ ਨੇ 'ਪਿੰਡ ਦੇ ਦਰਦ' ਨਾਂ ਹੇਠ ਇਕੱਠੀਆਂ ਕੀਤੀਆਂ ਹਨ। ਇਨ੍ਹਾਂ ਮਿੰਨੀ ਕਹਾਣੀਆਂ ਨੂੰ ਮੈਂ ਐਵੇਂ ਪੜ੍ਹਨ ਲੱਗ ਪਿਆ। ਇਨ੍ਹਾਂ ਕਹਾਣੀਆਂ ਵਿਚ ਪੇਸ਼ ਪਿੰਡ ਦੀ ਜ਼ਿੰਦਗੀ ਅਤੇ ਮਨੁੱਖੀ ਮਨ ਦੇ ਵਿਹਾਰ ਨੂੰ ਮੈਨੂੰ ਨੇੜੇ ਹੋ ਕੇ ਵੇਖਣ ਦਾ ਮੌਕਾ ਮਿਲਿਆ। 'ਕਿਸਾਨ ਤੇ ਉਹਦੀ ਬੀਵੀ' ਜਾਂ 'ਰੋਟੀ' ਪੜ੍ਹਦਿਆਂ ਇੰਝ ਲੱਗਾ ਜਿਵੇਂ ਉਹਦੇ ਨਾਵਲ ਦਾ ਕੋਈ ਕਾਂਡ ਪੜ੍ਹ ਰਿਹਾ ਹੋਵਾ। ਉਹਦੀਆਂ ਕਹਾਣੀਆਂ ਦੀ ਇਹ ਖੂਬੀ ਵੇਖਣ ਨੂੰ ਮਿਲੀ ਕਿ ਉਹ ਇਕ ਦ੍ਰਿਸ਼ ਪਾਠਕ ਦੇ ਮਨ ਵਿਚ ਉਸਾਰ ਦਿੰਦਾ ਹੈ। ਆਰਥਿਕ ਤੌਰ ਤੇ ਨਪੀੜੇ ਹੋਏ ਲੋਕਾਂ ਦੀ ਗਾਥਾ ਵਿਚ ਪਿਸਦੇ ਰਿਸ਼ਤੇ, ਸੱਧਰਾਂ ਅਤੇ ਸੁਪਨਿਆਂ ਨੂੰ ਬਲਬੀਰ ਨੇ ਇਨ੍ਹਾਂ ਮਿੰਨੀ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਇਸ ਵਿਧਾ ਦੀ ਆਪਣੀ ਵੱਖਰੀ ਪਛਾਣ ਤੇ ਹੋਂਦ ਹੈ। ਪਰਵਾਨਾ ਨੇ ਆਪਣੀਆਂ ਸਾਰੀਆਂ ਮਿੰਨੀ ਕਹਾਣੀਆਂ ਨੂੰ ਇਕੱਠੀਆਂ ਕਰਕੇ ਇਹ ਮੰਨਿਆ ਹੈ ਕਿ ਮੈਂ ਪਹਿਲਾਂ ਮਿੰਨੀ ਕਹਾਣੀਆਂ ਲਿਖਦਾ ਰਿਹਾ ਹਾਂ ਨਹੀਂ ਤਾਂ ਚਾਰ ਚਾਰ ਮਿੰਨੀ ਕਹਾਣੀਆਂ ਦੀ ਕਿਤਾਬਾਂ ਛਪਵਾਉਣ ਵਾਲੇ ਲੇਖਕ ਇਸ ਗੱਲ ਨੂੰ ਮੰਨਦੇ ਨਹੀਂ ਕਿ ਅਸੀਂ ਵੀ ਕਦੇ ਮਿੰਨੀ ਕਹਾਣੀਆਂ ਲਿਖਦੇ ਰਹੇ ਹਾਂ।





**ਪਹਾੜਾਂ ਤੋਂ ਪਾਰ ਪਹੁੰਚਿਆ ਕਮਲਜੀਤ ਥਾਬਲਕੇ** ਨਵਾਂ ਜ਼ਮਾਨਾ ਵਿਖੇ ਜਦੋਂ ਜਾਈਏ ਤਾਂ ਅਕਸਰ ਹੀ ਬੜੇ ਪਿਆਰ ਨਾਲ ਕਮਲਜੀਤ ਮਿਲਦਾ ਹੈ। ਇਸੇ ਨਾਂ ਹੇਠ ਨਵਾਂ ਜ਼ਮਾਨਾਂ ਵਿਚ ਸਫ਼ਰਨਾਮੇ ਦੀਆਂ ਕੁੱਝ ਕਿਸ਼ਤਾ ਪੜ੍ਹੀਆਂ। ਪਤਾ ਲੱਗਾ ਕਿ ਇਹ ਮੁੰਡਾ ਹੀ ਘੁਮੰਤਰੂ ਬਿਰਤੀ ਵਾਲਾ ਹੈ। ਇਕ ਦਿਨ ਕਮਰਜੀਤ ਨੇ ਆਪਣੇ ਸਫ਼ਰਨਾਮੇ ਦੀ ਕਿਤਾਬ ਮੈਨੂੰ ਫੜਾ ਦਿੱਤੀ। ਖ਼ੂਬਸੂਰਤ ਕਿਤਾਬ ਵੇਖ ਦੇ ਮਨ ਖੁਸ਼ ਹੋ ਗਿਆ। ਭਾਰਤ ਦੀਆਂ ਇਤਿਹਾਸਕ ਇਮਾਰਤਾਂ ਨੂੰ ਜਾਨਣ, ਪਹਾੜਾਂ ਨੂੰ ਸਮਝਣ ਅਤੇ ਕੁਦਰਤ ਦੇ ਖ਼ੂਬਸੂਰਤ ਨਜ਼ਾਰੇ ਅੱਖੀ ਵੇਖਣ ਦੀ ਇੱਛਾ ਨੇ ਕਮਲਜੀਤ ਨੂੰ ਸਫ਼ਰ ਤੇ ਤੋਰ ਦਿੱਤਾ। ਉਸ ਦੀ ਲਿਖਤ ਨੂੰ ਪੜ੍ਹ ਦੇ ਲੱਗਾ ਕਿ ਉਹ ਪਹਾੜਾਂ, ਇਮਾਰਤਾਂ ਨੂੰ ਟਾਇਮ ਪਾਸ ਕਰਨ ਲਈ ਵੇਖਣ ਨਹੀਂ ਜਾਂਦਾ ਬਲਕਿ ਉਸ ਨਾਲ ਬਹੁਤ ਨੇੜੇ ਹੋ ਕੇ ਜੁੜ ਕੇ ਉਨ੍ਹਾਂ ਦੀ ਧੜਕਣ ਮਹਿਸੂਸ ਵੀ ਕਰਦਾ ਹੈ। ਤੁਹਾਨੂੰ ਐਂ ਲੱਗਦਾ ਹੈ ਕਿ ਜਿਵੇਂ ਤੁਸੀਂ ਕਮਲਜੀਤ ਦੀ ਉਂਗਲੀ ਫੜ੍ਹ ਕੇ ਨਾਲ ਨਾਲ ਤੁਰ ਰਹੇ ਹੋ। ਉਸ ਦੇ ਸਫ਼ਰ ਦੇ ਬਿਰਤਾਂਤ ਵਿਚ ਬਹੁਤ ਗਹਿਰਾ ਪੈਸ਼ਨ ਹੈ। ਲਗਾਓ ਹੈ। ਜਿਹੜਾ ਤੁਹਾਨੂੰ ਪੜ੍ਹਨ ਲਈ ਪ੍ਰੇਰਨਾ ਦੇਣ ਉਪਰੰਤ ਉਨ੍ਹਾਂ ਸਥਾਨਾ ਨੂੰ ਵੇਖਣ ਦੀ ਪ੍ਰੇਰਨਾ ਵੀ ਦਿੰਦਾ ਹੈ। ਆਪਣੇ ਸਫ਼ਰ ਵਾਲੇ ਬਿਰਤਾਂਤ ਵਿਚ ਉਹ ਅੰਕੜੇ ਦੇਣ ਵਿਚ ਵੀ ਯਕੀਨ ਨਹੀਂ ਰੱਖਦਾ। ਉਹ ਯਥਾਰਥਵਾਦੀ ਗਲਪੀ ਫ਼ਿਕਸਨ ਘੜਦਾ ਹੈ। ਉਹਦੇ ਬਿਰਤਾਂਤ ਰਾਹੀਂ ਮੈਂ ਕੁਦਰਤ ਨੂੰ ਸਮਝਿਆ ਹੈ। ਕਮਲਜੀਤ ਫ਼ਿਕਰੇ ਵਿਚ ਜਦੋਂ ਲੇਹ ਦੀ ਕੱਚੀ ਧੁੱਪ ਦਾ ਜ਼ਿਕਰ ਕਰਦਾ ਹੈ ਤਾਂ ਪਾਠਕ ਨੂੰ ਠੰਡ ਲੱਗਣ ਲੱਗ ਪੈਂਦੀ ਹੈ। ਮਜੇ ਦੀ ਗੱਲ ਇਹ ਹੈ ਕਿ ਸਫ਼ਰ ਤੇ ਕਮਲਜੀਤ ਇਕੱਲਾ ਹੀ ਨਿਕਲਦਾ ਹੈ। ਲੇਹ ਦੇ ਸਫ਼ਰ ਤੇ ਉਹ ਇਕੱਲਾ ਹੀ ਦਿੱਲੀ ਤੋਂ ਜਹਾਜ਼ ਫੜ ਕੇ ਪਹੁੰਚ ਜਾਂਦਾ ਹੈ। ਉਹ ਕੱਚੀ ਬਰਫ਼ ਤੇ ਰੱਖੇ ਪੈਰ ਦਾ ਦ੍ਰਿਸ਼ ਬੜਾ ਕਮਾਲ ਦਾ ਚਿਤਰਦਾ ਹੈ। ਕਿਵੇਂ ਜਦੋਂ ਪੈਰ ਰੱਖ ਹੁੰਦਾ ਹੈ ਤਾਂ ਕੱਚੀ ਬਰਫ਼ ਵਿਚ ਕਿਵੇਂ ਤਰੇੜਾਂ ਪੈਣ ਲੱਗਦੀਆਂ ਹਨ। ਪੁਸਤਕ ਵਿਚ ਭਾਵੇਂ ਇਕ ਵੀ ਸਫ਼ਰ ਦੀ ਤਸਵੀਰ ਨਹੀਂ ਪਰ ਉਹ ਬ੍ਰਿਤਾਂਤ ਵਿਚ ਥਾਂ ਥਾਂ ਫੋਟੋਗ੍ਰਾਫੀ ਕਰਦਾ ਜਾਂਦਾ ਹੈ। ਤੁਹਾਡੇ ਮਨ ਵਿਚ ਯਾਤਰਾਂ ਦੀਆਂ ਫੋਟੋ ਬਣਨ ਲੱਗਦੀਆਂ ਹਨ।




**ਗੁਰਮੀਤ ਹਯਾਤਪੁਰੀ ਦਾ ਅੰਮ੍ਰਿਤ ਕੁੰਡ** ਗੁਰਮੀਤ ਹਯਾਤਪੁਰੀ ਨੇ ਮੈਂ ਕਾਫੀ ਦੇਰ ਤੋਂ ਜਾਣਦਾ ਹਾਂ। ਉਹ ਦੀ ਪਛਾਣ ਇਕ ਕਵੀ ਦੇ ਤੌਰ ਤੇ ਹੈ। ਫਿਰ ਉਹ ਕਿਸੇ ਤਰੀਕੇ ਨੇ ਅਮਰੀਕਾ ਚਲਾ ਗਿਆ। ਉੱਥੇ ਪੱਕਾ ਹੋ ਗਿਆ। ਤੇ ਪਿੱਛੇ ਜਿਹੇ ਪੰਜਾਬ ਆਇਆ। ਜਲੰਧਰ ਮਿਲਿਆ ਤੇ ਉਸ ਨੇ ਆਪਣੀਆਂ ਕਹਾਣੀਆਂ ਦੀ ਪੁਸਤਕ ਮੈਨੂੰ ਦਿੱਤੀ। ਮੇਰੇ ਟੇਬਲ ਤੇ ਪਿਛਲੇ ਤਿੰਨ ਕੁ ਮਹੀਨੇ ਤੋਂ ਨੁਕਰੇ ਲੱਗੀ ਪਈ ਹੋਈ ਸੀ।

ਅਚਾਨਿਕ ਚੁੱਕ ਲਈ ਇਹ ਸੋਚ ਕਿ ਕਿਸ ਤਰ੍ਹਾਂ ਦੀਆਂ ਕਹਾਣੀਆਂ ਕਿਤਾਬ ਵਿਚ ਹਨ। ਸੋਚਿਆ ਜੇ ਚੰਗੀਆਂ ਹੋਣਗੀਆਂ ਤਾਂ ਪੜ੍ਹੀਆਂ ਜਾਣਗੀਆਂ ਨਹੀਂ ਤਾਂ ਟੇਬਲ ਤੋਂ ਥੱਲੇ ਕਰ ਦੇਵਾਂਗਾਂ। ਪਰ ਜਦੋਂ ਮੈਂ ਉਸ ਦੀ ਪਹਿਲੀ ਕਹਾਣੀ 'ਫ਼ਿਕਰਾਂ ਦਾ ਭਾਰ' ਪੜ੍ਹੀ ਤਾਂ ਪੂਰੀ ਪੜ੍ਹ ਗਿਆ। ਇਹ ਕਹਾਣੀ ਨਿਘਰਦੀ ਜਾ ਰਹੀ ਕਿਸਾਨੀ ਦੇ ਦਰਦ ਨੂੰ ਪੇਸ਼ ਕਰਦੀ ਹੈ ਜਿਸ ਤੋਂ ਦੁਖੀ ਹੋ ਕੇ ਕਿਸਾਨ ਆਤਮਹੱਤਿਆ ਵੱਲ ਤੁਰਦੇ ਹਨ। ਕਹਾਣੀ ਵਿਚ ਇਕ ਅਹਿਮ ਨੁਕਤਾ ਪੇਸ਼ ਕੀਤਾ ਗਿਆ ਹੈ ਕਿ ਕਿਵੇਂ ਡਿਸਟਲਰੀ ਦਾ ਮਾਲਕ ਇਕ ਕੁਵਿੰਟਲ ਗੰਨੇ ਤੋਂ ਪਹਿਲਾਂ ਵੀਹ ਕਿਲੋਂ ਖੰਡ ਕੱਢਦਾ ਹੈ ਫਿਰ ਬਾਕੀ ਸ਼ੀਰੇ ਤੋਂ ਪੰਜਾਹ ਬੋਤਲਾਂ ਸ਼ਰਾਬ ਦੀਆਂ ਕੱਢ ਕੇ ਮੁਨਾਫਾ ਕਮਾਉਂਦੇ ਤੇ ਗੰਨੇ ਨੂੰ ਬੀਜਣ ਵਾਲਾ ਕਿਸਾਨ ਭੁੱਖਾ ਮਰਦਾ ਹੈ, ਉਹਦੇ ਘਰ ਦੋ ਡੰਗ ਦੀ ਰੋਟੀ ਵੀ ਜੁੜਦੀ ਨਹੀਂ। ਗੁਰਮੀਤ ਦਾ ਬਤੌਰ ਕਹਾਣੀਕਾਰ ਦੇ ਤੌਰ ਭਾਵੇਂ ਕਿਧਰੇ ਜ਼ਿਕਰ ਨਹੀਂ ਹੁੰਦਾ ਪਰ ਉਸ ਕੋਲ ਕਹਾਣੀ ਕਹਿਣ ਦੀ ਜੁਗਤ ਹੈ। ਇਨ੍ਹਾਂ ਕਹਾਣੀਆਂ ਦਾ ਅੰਗਰੇਜ਼ੀ ਅਨੁਵਾਦ ਵੀ ਕਿਤਾਬ ਦੇ ਅੱਧ ਵਿਚ ਫੈਲਿਆ ਹੋਇਆ ਹੈ।





## ਓਮ ਪ੍ਰਕਾਸ਼ ਵਾਲਮੀਕੀ ਦੀ 'ਜੂਠ'

ਭਾਰਤੀ ਦਲਿਤ ਸਮਾਜ ਦੀ ਸਮਾਜਿਕ ਇਤਿਹਾਸਕਾਰੀ ਦੀ ਸਟੀਕ ਝਲਕ ਦਲਿਤਾਂ ਲੇਖਕਾਂ ਵੱਲੋਂ ਲਿਖੀਆਂ ਸਵੈ-ਜੀਵਨੀਆਂ ਰਹੀਆਂ ਮਿਲਦੀ ਹੈ। ਮਰਾਠੀ ਭਾਸ਼ਾ ਵਿਚ ਇਸ ਦੀ ਠੋਸ ਪ੍ਰੰਪਰਾ ਰਹੀ ਹੈ। ਜਿਨ੍ਹਾਂ ਰਾਹੀ ਅਸੀਂ ਜਾਤ ਪਾਤ ਵਿਚ ਜਕੜੇ ਭਾਰਤੀ ਸਮਾਜ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਹਿੰਦੀ ਵਿਚ ਦਲਿਤ ਸਵੈ ਜੀਵਨੀ ਦਾ ਮੁੱਢ ਓਮ ਪ੍ਰਕਾਸ਼ ਵਾਲਮੀਕੀ ਦੀ ਸਵੈ-ਜੀਵਨੀ 'ਜੂਠਨ' ਤੋਂ ਬੱਝਦਾ ਹੈ। ਜਿਹੜੀ ਕਿ 1994 ਵਿਚ ਹਿੰਦੀ ਵਿਚ ਛਪਣ ਨਾਲ ਇਕ ਦਮ ਚਰਚਾ ਦਾ ਕੇਂਦਰ ਬਣ ਜਾਂਦੀ ਹੈ। ਪੁਸਤਕ ਰੂਪ ਵਿਚ 1997 ਵਿਚ ਛਪਦੀ ਹੈ। ਉਪਰੰਤ ਹਿੰਦੀ ਦਲਿਤ ਸਾਹਿਤ ਵਿਚ ਵਾਲਮੀਕੀ ਦਾ ਨਾਂ ਪ੍ਰਸਿੱਧ ਹੁੰਦਾ ਹੈ। ਉਸ ਨੇ ਆਪਣੀਆਂ ਕਵਿਤਾਵਾਂ ਤੇ ਕਹਾਣੀਆਂ ਰਾਹੀਂ ਹਿੰਦੀ ਖੇਤਰ ਵਿਚ ਦਲਿਤ ਮਨੁੱਖੀ ਦੀ ਹੋਣੀ ਨੂੰ ਸਾਹਿਤ ਦੀ ਮੁੱਖ ਧਾਰਾ 'ਚ ਲਿਆਂਦਾ। ਰਿਟਾਇਰ ਹੋਣ ਉਪਰੰਤ ਉਹ 17 ਨਵੰਬਰ, 2013 ਨੂੰ ਵਿਛੋੜਾ ਦੇ ਗਏ। 'ਜੂਠ' ਦਾ ਦੂਜਾ ਭਾਗ ਉਨ੍ਹਾਂ ਦੇ ਵਿਛੋੜੇ ਤੋਂ ਬਾਅਦ 2015 'ਚ ਛਪਦਾ ਹੈ। ਇਸ ਦਾ ਪੰਜਾਬੀ ਅਨੁਵਾਦ ਚੰਗਾ ਉਪਰਾਲਾ ਹੈ। ਉਸ ਦਾ ਪਹਿਲਾ ਭਾਗ ਵੀ ਪੰਜਾਬੀ ਪਾਠਕ ਪੜ੍ਹ ਚੁੱਕੇ ਹਨ।

ਸਵੈ-ਜੀਵਨੀ ਦੇ ਦੂਜੇ ਭਾਗ ਵਿਚ ਉਸ ਨੇ ਆਪਣੀ ਨੌਕਰੀ ਦੌਰਾਨ ਹੁੰਦੇ ਜਾਤੀ ਵਿਤਕਰਿਆਂ ਨੂੰ ਅਧਾਰ ਬਣਾ ਦੇ ਪੜ੍ਹੇ ਲਿਖੇ ਉੱਚ ਵਰਗ ਦੇ ਮਨ੍ਹਾਂ ਅੰਦਰ ਪਈਆਂ ਜਾਤ ਦੀਆਂ ਵਿਆਪਕ ਜੜ੍ਹਾਂ ਨੂੰ ਪਾਠਕਾਂ ਸਨਮੁੱਖ ਰੱਖਿਆ ਹੈ। ਚੇਤੇ ਰਹੇ 'ਜਨ-1' ਵਿਚ ਵਾਲਮੀਕੀ ਦੇ ਬਚਪਨ, ਪਹਿਲੀ ਜਮਾਤ ਦੇ ਦਾਖਲੇ ਤੋਂ ਲੈ ਕੇ ਉੱਚ ਸਿੱਖਿਆ, ਨੌਕਰੀ ਅਤੇ ਫਿਰ 1985 'ਚ ਮਹਾਰਾਸ਼ਟਰ ਬਦਲੀ ਹੋਣ ਤੱਕ ਦੀ ਯਾਤਰਾ ਹੈ। ਪਹਿਲੇ ਭਾਗ ਨੂੰ ਪੜ੍ਹਨ ਵਾਲੇ ਪਾਠਕ ਜਾਣਦੇ ਹੋਣਗੇ ਕਿ ਓਮ ਪ੍ਰਕਾਸ਼ ਦਾ ਬਚਪਨ ਕਿੰਨਾ ਕਰੂਰ, ਸ਼ੋਸ਼ਣ ਅਤੇ ਅਣਮਨੁੱਖੀ ਸਥਿਤੀਆਂ ਵਿਚ ਬੀਤਿਆਂ ਹੋਵੇਗਾ। ਬਚਪਨ ਵਿਚ ਕਿਵੇਂ

ਉਹ ਲੋਕਾਂ ਦੀ ਜੂਠ ਉੱਤੇ ਗੁਜ਼ਾਰਾ ਕਰਦਾ ਰਿਹਾ। ਕਿਵੇਂ ਉਸ ਨੂੰ ਨਫ਼ਰਤ ਤੇ ਪੀੜ੍ਹਾ ਸਹਿਣੀ ਪਈ। ਇਹ ਨਫ਼ਰਤ ਕੇਵਲ ਨੌਕਰੀ, ਸਕੂਲ ਤੇ ਕਾਲਜ ਵਿਚ ਹੀ ਨਹੀਂ ਬਲਕਿ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਵਿਚ ਵੀ ਵੇਖਣ ਨੂੰ ਮਿਲਦੀ ਹੈ। ਵਾਲਮੀਕੀ ਸਮਾਜ ਨੂੰ ਭੂਗੋਲਿਕ ਪੱਧਰ ਤੇ ਉਸ ਥਾਂ ਤੇ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ ਜਿੱਥੇ ਪੂਰੇ ਪਿੰਡ ਦੀ ਗੰਦਗੀ ਜਮਾਂ ਹੁੰਦੀ ਹੈ। ਅਜਿਹੇ ਵਾਤਾਵਰਣ ਵਿਚ ਵਾਲਮੀਕੀ ਪੜ੍ਹਿਆ, ਨੌਕਰੀ ਤੇ ਲੱਗਾ। ਤੇ ਹਿੰਦੀ ਸਾਹਿਤ ਵਿਚ ਆਪਣੀਆਂ ਲਿਖਤਾਂ ਨਾਲ ਪ੍ਰਸਿੱਧ ਹੋਇਆ। ਸਵੈ ਜੀਵਨੀ ਦੇ ਦੂਜੇ ਭਾਗ ਵਿਚ ਲੇਖਕ ਆਪਣੇ ਜੀਵਨ ਅਨੁਭਵਾ ਰਾਹੀ ਪੜ੍ਹੇ ਲਿਖੇ, ਨੌਕਰੀ ਕਰਦੇ ਕਥਿਤ ਉੱਚ ਜਾਤੀ ਦੇ ਸੱਭਿਅਕ ਲੋਕਾਂ ਦੀ ਬੀਮਾਰ ਮਾਨਸਿਕਤਾ ਬੜੀ ਸਹਿਜਤਾ ਨਾਲ ਉਜਾਗਰ ਕਰਦਾ ਹੈ। ਇਸ ਵਿਚ ਉਹ ਜਾਤ ਪਾਤ ਦੀਆਂ ਜੜ੍ਹਾਂ ਨੂੰ ਨੰਗਿਆ ਕਰਦਾ ਹੈ।

## ਸਵਰਾਜਬੀਰ ਦਾ 'ਹੱਕ'




ਸਵਰਾਜਬੀਰ ਦੇ ਨਾਟਕਾਂ ਦਾ ਮੈਂ ਪਾਠਕ ਵੀ ਹਾਂ ਤੇ ਦਰਸ਼ਕ ਵੀ। ਉਸ ਦੇ ਅਨੇਕਾਂ ਨਾਟਕ ਮੈਂ ਪਹਿਲਾਂ ਵੇਖੇ ਤੇ ਫਿਰ ਪੜ੍ਹੇ। ਸਾਡੇ ਸਮਿਆਂ ਦਾ ਉਹ ਵਿਚਾਰਧਾਰਕ ਪ੍ਰਤੀਬੱਧਤਾ ਵਾਲਾ ਨਾਟਕਕਾਰ ਹੈ। ਸਵਰਾਜਬੀਰ ਦਾ ਨਵਾਂ ਨਾਟਕ ਮਨੁੱਖੀ ਹੱਕਾਂ ਦੀ ਗੱਲ ਕਰਦਾ ਹੈ। ਜਿਸ ਵਿਚ ਉਸ ਨੇ ਬੀਰਾ, ਬਚਨਾ ਤੇ ਨਿੱਕੂ ਰਾਹੀਂ 1947 ਦੀ ਵੰਡ ਸਮੇਂ ਪੰਜਾਬ ਦੀ ਸਮਾਜਿਕ ਤਸਵੀਰ ਪੇਸ਼ ਕੀਤੀ ਹੈ। ਨਾਟਕ ਅਮ੍ਰਿਤਸਰ ਦੇ ਪੇਂਡੂ ਬਾਗ਼ ਤੋਂ ਸ਼ੁਰੂ ਹੁੰਦਾ ਹੈ। ਬੀਰਾ ਬਾਗ਼ ਦਾ ਠੇਕਾ 25 ਸਾਲਾਂ ਤੋਂ ਲੈ ਰਿਹਾ ਹੈ ਦੂਜੇ ਪਾਸੇ ਨਿੱਕੂ ਬਾਗ਼ ਦਾ ਮਾਲਕ ਹੈ। ਉਸ ਅਨੁਸਾਰ ਬਾਗ਼ ਤੇ ਉਸ ਦਾ ਹੱਕ ਵੱਧ ਹੈ। ਬੀਰੇ ਤੇ ਨਿੱਕੂ ਵਿਚਕਾਰ ਠੇਕੇ ਦੀ ਰਕਮ ਤੋਂ ਵਿਵਾਦ ਸ਼ੁਰੂ ਹੁੰਦਾ ਹੈ। ਬੀਰੇ ਦਾ ਛੋਟਾ ਭਰਾ ਨਿੱਕੂ ਦੀ ਸੰਗਤ ਦਾ ਬੰਦਾ ਹੈ। ਉਹ ਹਰ ਗਲਤ ਕੰਮ ਕਰਦਾ ਹੈ।

ਇਸ ਨਾਟਕ ਦੀਆਂ ਜੜ੍ਹਾਂ ਬਾਗ਼ਾਂ ਦੇ ਮਾਲਿਕਾਂ, ਰਾਖਿਆਂ, ਤੋੜਵਵਾਇਆਂ, ਨਸ਼ੇਖੋਰਾਂ, ਮੁਜ਼ਰਮਾਂ ਅਤੇ ਉਨ੍ਹਾਂ ਦੀ ਜ਼ਿੰਦਗੀ ਨਾਲ ਜੁੜੇ ਹੋਰ ਲੋਕਾਂ ਦੇ ਹੱਕਾਂ ਦੀ ਗੱਲ ਕਰਦਾ ਹੈ। ਨਾਟਕਕਾਰ ਇਹ ਮੁੱਦੇ ਵੀ ਉਭਾਰ ਰਿਹਾ ਹੈ ਕਿ ਕਿਵੇਂ ਸ਼ਹਿਰ ਪਿੰਡ ਦੇ ਬਾਗ਼ਾਂ ਨੂੰ ਨਿਗਲ ਰਿਹਾ ਹੈ। ਪੰਜਾਬੀ ਸਮਾਜ ਵਿਚ ਵੱਧ ਰਹੇ ਲਾਲਚ, ਅਪਰਾਧ ਦੀ ਗੱਲ ਕਰਦਾ ਇਹ ਸਵਰਾਜਬੀਰ ਦਾ ਸਫ਼ਲ ਨਾਟਕ ਹੈ।

## ਨਿਰਮਲ ਜਸਵਾਲ ਦੀਆਂ 'ਨਜ਼ਾਕਤਾਂ'

ਚਰਚਿਤ ਕਹਾਣੀਕਾਰ ਨਿਰਮਲ ਜਸਵਾਲ ਵੱਲੋਂ ਲਿਖੀਆਂ ਯਾਦਾਂ ਦੀ ਇਹ ਪੁਸਤਕ ਦਿਲਚਸਪ ਹੋਣ ਕਾਰਨ ਮੈਂ ਥੋੜੇ ਸਮੇਂ ਵਿਚ ਪੜ੍ਹ ਗਿਆ। ਉਸ ਨੇ ਆਪਣੀ ਇਸ ਪੁਸਤਕ ਵਿਚ ਹੱਡੀ ਹੰਡਾਏ ਬਿਰਤਾਂਤ, ਯਾਦਾਂ, ਪ੍ਰਸੰਗਾਂ, ਘਟਨਾਵਾਂ, ਆਪਣੀਆਂ ਕਹਾਣੀਆਂ ਦੇ ਪਾਤਰਾਂ ਬਾਰੇ ਗੱਲਾਂ, ਲੇਖਕਾਂ ਨਾਲ ਬਿਤਾਏ ਪ੍ਰਸੰਗਾ ਤੇ ਲੇਖਕਾਂ ਦੀਆਂ ਮੁਲਾਕਾਤਾਂ ਨੂੰ ਇਸ ਕਿਤਾਬ ਵਿਚ ਸੰਕਲਤ ਕੀਤਾ ਹੈ। ਇਨ੍ਹਾਂ ਸਾਰੇ ਪ੍ਰਸੰਗਾ ਨੂੰ ਪੜ੍ਹਦਿਆਂ ਨਿਰਮਲ ਦਾ ਨਾਰੀਵਾਦੀ ਦ੍ਰਿਸ਼ਟੀਕੋਣ ਸਾਫ਼ ਝਲਕਦਾ ਹੈ। ਪੰਜਾਬੀ ਸਮਾਜ ਵਿਚ ਨਾਰੀ ਦਾ ਰੁਤਾਬਾ, ਨਾਰੀ ਦਾ ਅਜ਼ਾਦ ਅਸਤਿਤਵ, ਮਰਦ ਦਾ ਨਾਰੀ ਪ੍ਰਤੀ ਦ੍ਰਿਸ਼ਟੀਕੋਣ ਆਦਿ ਸਭ ਪ੍ਰਸੰਗਾ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਪ੍ਰਸੰਗਾ ਨੂੰ ਪੇਸ਼ ਕਰਦਿਆਂ ਉਹ ਕਿਸੇ ਤਰ੍ਹਾਂ

ਦੀ ਉਚੇਚ ਤੇ ਉਹਲਾ ਨਹੀਂ ਰੱਖਦੀ। ਜਿੱਥੇ ਨਿਰਮਲ ਨੇ ਮਰਦ ਦੀ ਔਰਤ ਪ੍ਰਤੀ ਉਲਾਰ ਬਿਰਤੀ ਨੂੰ ਪੇਸ਼ ਕੀਤਾ ਹੈ, ਉਥੇ ਔਰਤ ਦਾ ਸੋਹਣੀ ਦਿਖਣ, ਤੇ ਜਵਾਨ ਮਰਦਾ ਪ੍ਰਤੀ ਖਿੱਚ ਨੂੰ ਵੀ ਪੇਸ਼ ਕੀਤਾ ਹੈ। ਆਪਣੀ ਧਾਰਨਾ ਨੂੰ ਸਪੱਸ਼ਟ ਕਰਨ ਲਈ ਉਹ ਨਿੱਕੇ ਨਿੱਕੇ ਪ੍ਰਸੰਗਾ ਦੀ ਵਰਤੋ ਕਰਦੀ ਹੈ। 'ਸੱਚੋ-ਸੱਚੀ', 'ਇਹ ਉਮਰ ਨਹੀਂ ਅੱਗ ਦਾ ਦਰਿਆ ਹੈ', 'ਸ਼ਿਕਾਰਣਾਂ', 'ਮੇਰੇ ਪਿਆਰ ਦੇ ਰੰਗ', ਆਦਿ ਲੇਖਾਂ ਵਿਚ ਠਰਕੀ ਲੇਖਕਾਂ ਤੇ ਮਰਦਾ ਦੀ ਔਰਤ ਪ੍ਰਤੀ ਖਿੱਚ ਨੂੰ ਅਤੇ ਨਾਰੀ ਨਜ਼ਰੀਏ ਰਾਹੀ ਪੇਸ਼ ਕੀਤਾ ਹੈ। ਅਗਲੇ ਕੁਝ ਲੇਖਾਂ ਵਿਚ ਨਿਰਮਲ ਨੇ ਆਪਣੀਆਂ ਕਹਾਣੀਆਂ ਦੇ ਪਾਤਰਾਂ ਬਾਰੇ, ਸਿਰਜਣ ਪ੍ਰਕਿਰਿਆ ਬਾਰੇ ਖੁੱਲ੍ਹ ਕੇ ਲਿਖਿਆ ਹੈ। ਅੰਤ ਵਿਚ ਪ੍ਰੇਮ ਪ੍ਰਕਾਸ਼, ਸੁਖਵੰਤ ਕੌਰ ਮਾਨ, ਲੋਕੇਂਦਰ, ਬਲਬੀਰ ਕੌਰ ਸੰਘੇੜਾ, ਕੇਹਰ ਸ਼ਰੀਫ ਆਦਿ ਦੇ ਸ਼ਬਦ ਚਿੱਤਰ ਲਿਖੇ ਹਨ। ਪੁਸਤਕ ਦੇ ਸਾਰੇ ਬਿਰਤਾਂਤ ਵਿਚ ਔਰਤ ਦੀਆਂ ਦੱਬੀਆਂ ਖ਼ਹਿਸ਼ਾ ਨੂੰ ਉਸ ਨੇ ਬੇਬਾਕ ਤਰੀਕੇ ਨਾਲ ਪੇਸ਼ ਨਹੀਂ ਕੀਤਾ ਜਿਸ ਤਰ੍ਹਾਂ ਮਰਦਾਂ ਨੂੰ ਲਾਲ਼ਾ ਸੁੱਟਦੇ ਪੇਸ਼ ਕੀਤਾ ਹੈ।





**'ਰਾਗ' ਦਾ ਅਹਿਸਾਸ** ਰਾਗ ਨੇ ਬੜੇ ਜੋਰ ਸ਼ੋਰ ਨਾਲ ਪੰਜਾਬੀ ਸਾਹਿਤ ਵਿਚ ਦਸਤਕ ਦਿੱਤੀ ਹੈ। ਮੈਨੂੰ ਚੇਤੇ ਹੈ ਕਿ ਜਦੋਂ ਮੈਂ 'ਕਹਾਣੀ ਧਾਰਾ' ਆਰੰਭ ਕੀਤਾ ਸੀ ਤਾਂ ਉਸ ਵੇਲੇ ਜਦੋਂ ਮੈਂ ਰਾਮ ਸਰੂਪ ਅਣਖੀ ਨੂੰ ਆਪਣਾ ਮੈਗਜ਼ੀਨ ਭੇਜਿਆ ਸੀ ਤਾਂ ਉਹਨੇ ਮੈਨੂੰ ਫੋਨ ਤੇ ਵਧਾਈ ਦਿੱਤੀ ਸੀ ਕਿ ਪੰਜਾਬੀ ਸਾਹਿਤ ਵਿਚ ਜਿੰਨੇ ਵੀ ਮੈਗਜ਼ੀਨ ਨਿਕਲਣ ਇਹ ਚੰਗਾ ਉਦਮ ਹੈ। ਪੰਜਾਬੀ ਵਿਚ ਬਹੁਤ ਕਹਾਣੀਕਾਰ ਹਨ। ਜਿਨ੍ਹਾਂ ਨੂੰ ਉਤਸ਼ਾਹ ਦੇਣ ਦੀ ਲੋੜ ਹੈ। ਇਨ੍ਹਾਂ ਵਿਚੋਂ ਹੀ ਕੁੱਝ ਚੰਗੇ ਕਹਾਣੀਕਾਰ ਵਜੋਂ ਵੀ ਸਥਾਪਤ ਹੋਣਗੇ। ਚੇਤੇ ਰਹੇ ਅਣਖੀ ਦਾ ਮੈਗਜ਼ੀਨ 'ਕਹਾਣੀ ਪੰਜਾਬ' ਉਸ ਵੇਲੇ ਚਰਚਿਤ ਮੈਗਜ਼ੀਨ ਬਣ ਗਿਆ ਸੀ। ਸੋ ਰਾਗ ਦੀ ਆਮਦ ਦਾ ਮੈਂ ਸਵਾਗਤ ਕਰਦਾ ਹਾਂ। ਇਸ ਲਈ ਵੀ ਕਿ ਇੰਦਰਜੀਤ ਸਿੰਘ ਪੁਰੇਵਾਲ,ਧਰਮਿੰਦਰ ਸਿੰਘ ਔਲਖ, ਅਜੈ ਤਨਵੀਰ ਤੇ ਉਹਦੀ ਟੀਮ ਸਾਹਿਤਕ ਕਾਰਜ ਲਈ ਪੂਰੀ ਦਿਆਨਤਦਾਰੀ ਨਾਲ ਲੱਗੇ ਹੋਏ ਹਨ। ਵੱਡੇ ਬਜਟ ਦਾ ਮੈਗਜ਼ੀਨ ਸ਼ੁਰੂ ਕਰਨਾ ਗੁੱਲੀ ਡੰਡੇ ਵਾਲੀ ਖੇਡ ਨਹੀਂ ਹੈ। ਰਾਗ ਨੇ ਆਪਣੇ ਦੂਜੇ ਅੰਕ ਨਾਲ ਹੀ ਇਹ ਅਹਿਸਾਸ ਕਰਵਾ ਦਿੱਤਾ ਹੈ ਕਿ ਇਹ ਪਰਚਾ ਸਾਹਿਤਕ ਪੱਤਰਕਾਰੀ ਵਿਚ ਨਿਰਪੱਖਤਾ ਨਾ ਨਿਤਰਿਆ ਹੈ। ਪਹਿਲਾ ਅੰਕ ਪੜ੍ਹਦਿਆਂ ਮੇਰੇ ਮਨ ਵਿਚ ਕੁੱਝ ਸ਼ੰਕੇ ਜ਼ਰੂਰ ਉਪਜੇ ਸਨ। ਰਾਗ ਹਰ ਵਿਧਾ ਦੇ ਲੇਖਕਾਂ ਨਾਲ ਜੁੜਿਆ ਹੈ। ਇਸ ਪਰਚੇ ਵਿਚ ਸਾਹਿਤ ਦੀ ਹਰ ਵਿਧਾ ਨੂੰ ਪੂਰੀ ਸਪੇਸ ਮਿਲੀ ਹੈ। ਇਸ ਨਾਲ ਵੱਧ ਪਾਠਕ ਜੁੜਨਗੇ। ਅਜਮੇਰ ਸਿੱਧੂ ਸਾਹਿਜ ਰਹਿਣ ਵਾਲਾ ਤੇ ਸਭ ਨਾਲ ਇਕ ਸੁਰ ਵਿਚ ਰਹਿਣ ਵਾਲਾ ਲੇਖਕ ਤਾਂ ਹੈ ਹੀ ਹੁਣ




ਸੰਪਾਦਕ ਵੀ ਸਿੱਧ ਹੋਵੇਗਾ। ਮੈਂ ਉਮੀਦ ਕਰਦਾ ਹਾਂ ਕਿ 'ਰਾਗ' ਲੰਮੀ ਰੇਸ ਦਾ ਘੋੜਾ ਬਣੇ ਤੇ ਸਾਹਿਤ ਵਿਚ ਜੋ ਚੰਗਾ ਹੋ ਰਿਹਾ ਹੈ ਉਸ ਦੀ ਤਰੀਫ ਵੀ ਕਰੇ ਅਤੇ ਜੋ ਗੰਧਲਾਪਨ ਹੈ ਉਸ ਉੱਤੇ ਵੀ ਉਂਗਲ ਰੱਖੇਗਾ। 'ਰਾਗ' ਵਿਚ ਕੁੱਝ ਲਿਖਤਾ ਬਹੁਤ ਹੀ ਕਮਾਲ ਦੀਆਂ ਹਨ।

**ਕਾਲੀ ਦੀ ਗੂੜੀ 'ਲਕੀਰ'** ਦੇਸ ਰਾਜ ਕਾਲੀ ਸਾਹਿਤਕ ਪੱਤਰਕਾਰੀ ਦੀਆਂ ਜੁਗਤਾਂ ਦਾ ਮਾਹਰ ਸੰਪਾਦਕ ਹੈ। ਉਸ ਨੇ 'ਲਕੀਰ' ਰਾਹੀਂ ਸਾਹਿਤਕ ਮੁੱਦਿਆਂ ਦੇ ਗੰਭੀਰ ਟਿੱਪਣੀਆਂ ਕਰਕੇ ਸਾਹਿਤਕ ਹਲਕਿਆਂ ਵਿਚ ਸੰਵਾਦ ਤੋਰਿਆ ਹੈ। ਇਹ ਸੰਵਾਦ ਲਿਖਤਾ ਘੱਟ ਹੁੰਦਾ ਹੈ ਪਰ ਜਿੱਥੇ ਚਾਰ ਲੇਖਕ ਮਿੱਤਰ ਜੁੜਦੇ ਹਨ ਉਥੇ ਵੱਧ ਹੁੰਦਾ ਹੈ। ਕਿਉਂਕਿ ਸਾਰੇ ਲੇਖਕ ਕਿਸੇ ਦੀ ਧਿਰ ਬਣ ਕੇ ਉਸ ਦੇ ਹੱਕ ਜਾਂ ਵਿਰੋਧ ਵਿਚ ਲਿਖਣ ਤੋਂ ਬਹੁਤ ਤ੍ਰਬਕਦੇ ਹਨ। ਸਾਹਿਤਕ ਪੱਤਰਕਾਰੀ ਦਾ ਇਹ ਧਰਮ ਹੁੰਦਾ ਹੈ ਕਿ ਉਹ ਸਾਹਿਤ ਵਿਚ ਜੋ ਗਲਤ ਹੋ ਰਿਹਾ ਹੈ, ਉਸ 'ਤੇ ਕਿੰਤੂ ਕਰੇ ਤੇ ਜੋ ਚੰਗਾ ਹੋ ਰਿਹਾ ਉਸ ਦੀ ਤਰੀਫ਼ ਵੀ ਕਰੇ। ਇਹ ਨਹੀਂ ਬਈ ਕਵਿਤਾ ਕਹਾਣੀ ਛਾਪ ਦਿੱਤੀ ਤਾਂ ਕਾਰਜ ਪੂਰਾ ਹੋ ਗਿਆ। ਕਾਲੀ ਨੇ 'ਲਕੀਰ' ਦੇ ਕਵਿਤਾ ਅਤੇ ਕਹਾਣੀ ਅੰਕ ਪ੍ਰਕਾਸ਼ਤ ਕਰਕੇ ਸੰਵਾਦ ਤੋਰਿਆ ਹੈ। ਕਾਲੀ ਨੇ ਆਪਣੀ ਸੰਪਾਦਕੀ ਵਿਚ ਉਨ੍ਹਾਂ ਮੁੱਦਿਆਂ ਤੇ ਤਿੱਖਾ ਲਿਖਿਆ ਹੈ ਜਿਸ ਨੂੰ ਲਿਖਣ ਲਈ ਪਰਚਿਆਂ ਦੇ ਸੰਪਾਦਕ ਤ੍ਰਬਕਦੇ ਤੇ ਡਰਦੇ ਹਨ।




**ਸੂਝਵਾਨ ਅਦੀਬਾਂ ਦੀ ਵਿਉਂਤਕਾਰੀ 'ਵਾਹਗਾ'** ਚਰਨਜੀਤ ਸੋਹਲ, ਸੁਖਚੈਨ ਢਿੱਲੋਂ ਨੇ ਆਪਣੇ ਕੁੱਝ ਸੂਝਵਾਨ ਮਿੱਤਰਾਂ ਨਾਲ ਰਲ ਕੇ ਮਾਝੇ ਤੋਂ 'ਵਾਹਗਾ' ਨਾਂ ਦਾ ਗੰਭੀਰ ਕਿਸਮ ਦਾ ਪਰਚਾ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ ਹੈ। ਹੁਣ ਤੱਕ ਉਸ ਦੇ ਚਾਰ ਅੰਕ ਪ੍ਰਕਾਸ਼ਤ ਹੋ ਚੁੱਕੇ ਹਨ। ਵਾਹਗਾ ਦੇ ਚਾਰੇ ਅੰਕਾਂ ਦੇ ਮੈਟਰ ਵੱਲ ਨਿਗਾ ਮਾਰਨ ਤੇ ਪਤਾ ਲੱਗਦਾ ਹੈ ਕਿ ਇਹ ਪਰਚਾ ਗੰਭੀਰ ਚਿੰਤਨੀ ਸੁਰ ਦਾ ਪਰਚਾ ਹੈ। ਜਿਸ ਵਿਚ ਸਮਾਜ ਵਿਗਿਆਨੀ, ਇਤਿਹਾਸਕਾਰ, ਰਾਜਨੀਤੀ ਸ਼ਾਸਤਰ ਦੇ ਗਿਆਤਾ ਦੇ ਮੁੱਲਵਾਨ ਲੇਖ ਛਪੇ ਹਨ। ਅਜਿਹੀ ਪਰਚਿਆਂ ਦੀ ਪੰਜਾਬੀ ਵਿਚ ਬਹੁਤ ਲੋੜ ਹੈ। ਤਸਕੀਨ ਦੇ ਦੋ ਲੇਖ 'ਜੇ ਸਿਰ ਦਿੱਤਿਆ ਹੱਕ ਹਾਸਿਲ ਹੋਵੇ ਬਾਹੂ' ਤੇ 'ਸਤਾਲਿਨ ਦਾ ਲੈਨਿਨਵਾਦ' ਲੇਖ ਸੰਵਾਦ ਤੋਰਨ ਵਾਲੇ ਗੰਭੀਰ ਲੇਖ ਹਨ। 'ਵਾਹਗਾ' ਪਿੱਛੇ ਸਵਰਾਜਬੀਰ ਦੀ ਸਲਾਹਕਾਰੀ ਦ੍ਰਿਸ਼ਟੀ ਵੀ ਅਹਿਮ ਕਾਰਜ ਨਿਭਾ ਰਹੀ ਹੈ। ਬੁੱਧੀਜੀਵੀ ਵਰਗ ਵਿਚ ਪਰਚਾ ਛੇਤੀ ਹੀ ਹਰਮਨ ਪਿਆਰਾ ਬਣ ਗਿਆ ਹੈ।




(**ਥਾਂ ਦੀ ਘਾਟ ਕਾਰਨ ਖ਼ਤ ਪ੍ਰਕਾਸ਼ਤ ਨਹੀਂ ਕੀਤੇ ਜਾ ਸਕੇ।**)